# ਸ੍ਰੀ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦਾ ਯੁੱਗ

## 23ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ

ਸੰਪਾਦਕ

ਡਾ. ਜਸਬੀਰ ਕੌਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਸ੍ਰੀ ਗੁਰੂ ਅਰਜਨ ਦੇਵ
# ਅਤੇ ਉਨ੍ਹਾਂ ਦਾ ਯੁੱਗ

## 23ਵੀਂ ਅੰਤਰਰਾਸ਼ਟਰੀ
## ਪੰਜਾਬੀ ਵਿਕਾਸ ਕਾਨਫਰੰਸ

(14-16 ਦਸੰਬਰ, 2006)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦਾ ਯੁੱਗ

# 23ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ

(14-16 ਦਸੰਬਰ, 2006)

ਸੰਪਾਦਕ
ਡਾ. ਜਸਬੀਰ ਕੌਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

# GURU ARJAN DEV ATE UHNA DA YUG

(23rd International Punjabi Development Conference)
(14-16 December, 2006)

*Edited by*
DR. JASBIR KAUR
Sr. Lecturer
Department of Development of Punjabi Language
Punjabi University, Patiala

ISBN 81-302-0151-8

2008
ਕਾਪੀਆਂ: 550
ਮੁੱਲ : 200.00

Laser Type Setting: Rahul Computers, Patiala. Ph.: 0175-5008675

ਡਾ. ਐਸ. ਐਸ. ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ
ਪ੍ਰਕਾਸ਼ਿਤ ਕੀਤੀ ਅਤੇ ਮੈਸ: ਪਰਲ ਬੁਕਸ ਪ੍ਰਾਈਵੇਟ ਲਿਮਟਿਡ, ਪਟਿਆਲਾ ਵਿਖੇ ਛਪੀ।

Sri Satguru Jagjit Singh Ji Elibrary NamdhariElibrary@gmail.com

## ਵਿਭਾਗੀ ਸ਼ਬਦ

'ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦਾ ਯੁੱਗ' ਨਾਮੀ ਇਹ ਪੁਸਤਕ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ 14-16 ਦਸੰਬਰ ਨੂੰ ਕਰਵਾਈ ਗਈ 23ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਦੀ ਸੰਪੂਰਨ ਕਾਰਵਾਈ ਦਾ ਸੰਪਾਦਿਤ ਰੂਪ ਹੈ। 2006 ਦਾ ਵਰ੍ਹਾ ਜਿਹੜਾ ਵਿਸ਼ਵ ਦੇ ਇਤਿਹਾਸ ਦੀ ਇਕ ਲਾਸਾਨੀ ਸ਼ਖ਼ਸੀਅਤ, ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਮਰਨ ਤੇ ਚਿਤਵਨ ਦਾ ਅਵਸਰ ਲੈ ਕੇ ਆਇਆ, ਨੂੰ ਸਮੁੱਚੀ ਲੋਕਾਈ ਨੇ ਅਥਾਹ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸ ਮਹਾਨ ਪ੍ਰਤਿਭਾ ਦੇ ਲਾਸਾਨੀ ਸੁਨੇਹੇ ਨੂੰ ਸਮੁੱਚੀ ਮਨੁੱਖਤਾ ਸਨਮੁੱਖ ਰੱਖਣ ਲਈ ਆਪਣੀ ਵਿਉਂਤਬੰਦੀ ਵਿਚ ਅਨੇਕਾਂ ਅਜਿਹੇ ਪ੍ਰੋਗਰਾਮ ਉਲੀਕੇ ਜਿਹੜੇ ਗੁਰੂ ਅਰਜਨ ਦੀ ਬਹੁਪੱਖੀ ਪ੍ਰਤਿਭਾ ਅਤੇ ਉਨ੍ਹਾਂ ਦੇ ਇਤਿਹਾਸਕ ਰੋਲ ਨੂੰ ਸਨਮੁੱਖ ਲਿਆਉਂਦੇ ਸਨ।

ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਆਪਣੀ 23ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਇਸ ਲਾਸਾਨੀ ਸ਼ਖ਼ਸੀਅਤ ਨੂੰ ਸਮਰਪਿਤ ਕਰਦਿਆਂ ਆਪਣੀ ਕਾਨਫਰੰਸ ਦਾ ਥੀਮ 'ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦਾ ਯੁੱਗ' ਰੱਖਿਆ। ਇਸ ਕਾਨਫਰੰਸ ਦਾ ਮੰਤਵ ਯੁੱਗ ਪੁਰਸ਼ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਦੇ ਵਿਭਿੰਨ ਪੱਖਾਂ ਅਤੇ ਇਤਿਹਾਸਕ ਰੋਲਾਂ ਨੂੰ ਸਨਮੁੱਖ ਲਿਆਉਣਾ ਸੀ। ਗੁਰੂ ਅਰਜਨ ਬਾਰੇ ਪ੍ਰਾਪਤ ਸਾਰੇ ਅੰਦਰੂਨੀ ਅਤੇ ਬਾਹਰਲੇ ਸ੍ਰੋਤਾਂ ਨੂੰ, ਸਾਰੀਆਂ ਅੰਤਰਦ੍ਰਿਸ਼ਟੀਆਂ ਤੇ ਸਾਰੀਆਂ ਸਮਝਾਂ ਨੂੰ ਇਕ ਮੰਚ ਉੱਤੇ ਵਿਚਾਰਨ ਦਾ ਮੰਤਵ ਇਹ ਸੀ ਕਿ ਗੁਰੂ ਅਰਜਨ ਦੀ ਸ਼ਖ਼ਸੀਅਤ, ਪ੍ਰਤਿਭਾ ਅਤੇ ਉਨ੍ਹਾਂ ਵੱਲੋਂ ਕੀਤੇ ਮਹਾਨ ਕਾਰਜਾਂ ਦੇ ਚਿਰਸਥਾਈ ਅਤੇ ਯੁੱਗ ਪਲਟਾਊ ਮਹੱਤਵ ਨੂੰ ਉਜਾਗਰ ਕੀਤਾ ਜਾ ਸਕੇ। ਗੁਰੂ ਅਰਜਨ ਦੀ ਬਹੁਪੱਖੀ ਸ਼ਖ਼ਸੀਅਤ ਜਿਸ ਨੇ ਇਕ ਦਾਰਸ਼ਨਿਕ ਵਜੋਂ ਸਿੱਖ ਧਰਮ ਅਤੇ ਦਰਸ਼ਨ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ, ਜਿਨ੍ਹਾਂ ਦੀ ਦਿਬ ਦ੍ਰਿਸ਼ਟੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਸਮੁੱਚੀ ਲੋਕਾਈ ਨੂੰ ਇਕ ਰੂਹਾਨੀ ਸੁਨੇਹਾ ਦਿੱਤਾ, ਜਿਨ੍ਹਾਂ ਨੇ ਭਵਨਾਂ, ਸ਼ਹਿਰਾਂ, ਖੂਹਾਂ, ਬਾਉਲੀਆਂ, ਹਸਪਤਾਲਾਂ ਵਰਗੇ ਸਥਾਨਾਂ ਦਾ ਨਿਰਮਾਣ ਕਰਕੇ ਭਾਈਚਾਰੇ ਨੂੰ ਇਕ ਸਮਾਜਕ ਗਰਿਮਾ ਵਾਲੀ ਅਤੇ ਪਰਸਪਰ ਰਵਾਦਾਰੀ ਵਾਲੀ ਜੀਵਨ-ਜਾਚ ਸਿਖਾਈ, ਜਿਹੜੇ ਤਖ਼ਤ ਤੇ ਬੈਠੇ 'ਸੱਚੇ ਪਾਤਸ਼ਾਹ' ਲੱਗਦੇ ਸਨ ਅਤੇ ਸ਼ਹਾਦਤ ਦਾ ਜਾਮ ਪੀਂਦਿਆਂ ਜਿਹੜੇ ਸਨਿਮਰਤਾ, ਸਹਿਣਸ਼ੀਲਤਾ ਅਤੇ ਦ੍ਰਿੜ੍ਹਤਾ ਦਾ ਅਕੱਟ ਪ੍ਰਮਾਣ ਬਣੇ, ਦੀ ਆਭਾ ਨੂੰ ਇਕ ਮੰਚ 'ਤੇ ਵਿਚਾਰਨਾ ਸੱਚ-ਮੁੱਚ ਬੜਾ ਯੋਗ ਸੀ। ਇਸ ਕਾਨਫਰੰਸ ਵਿਚ ਇਤਿਹਾਸਕ, ਦਾਰਸ਼ਨਿਕ, ਸਮਾਜਿਕ, ਕਲਾਤਮਕ ਅਤੇ ਸਾਹਿਤਕ ਦ੍ਰਿਸ਼ਟੀ ਤੋਂ 25 ਪੇਪਰ ਆਮੰਤ੍ਰਿਤ ਕੀਤੇ ਗਏ। ਸਾਡੇ ਲਈ ਇਹ ਮਾਣ ਵਾਲੀ ਗੱਲ ਸੀ ਕਿ ਵਿਭਾਗ ਨੇ ਜਿੰਨੀ ਦਿਲਚਸਪੀ ਨਾਲ ਇਹ ਵਿਸ਼ਾ ਚੁਣਿਆ ਸੀ, ਉਸ ਤੋਂ ਕਿਤੇ ਵਧੇਰੇ ਦੂਰ-ਅੰਦੇਸ਼ੀ ਨਾਲ ਵਿਦਵਾਨਾਂ, ਚਿੰਤਕਾਂ ਅਤੇ ਸਰੋਤਿਆਂ ਨੇ ਆਪਣੀ

Sri Satguru Jagjit Singh Ji Elibrary NamdhariElibrary@gmail.com

ਸ਼ਮੂਲੀਅਤ ਨਾਲ ਇਸਨੂੰ ਵਿਚਾਰਿਆ। ਇਕ ਕਿਸਮ ਨਾਲ ਇਸ ਕਾਨਫਰੰਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਦੇ ਯੁੱਗ ਵਿਚ ਰੱਖ ਕੇ ਇਕ ਵਾਰ ਦੁਬਾਰਾ ਪੜ੍ਹਿਆ, ਵੇਖਿਆ ਤੇ ਵਿਚਾਰਿਆ ਗਿਆ। ਗੁਰੂ ਅਰਜਨ ਦੀ ਆਪਣੀ ਬਾਣੀ ਤੋਂ ਇਲਾਵਾ ਫ਼ਾਰਸੀ, ਗੁਰਮੁਖੀ, ਪਾਰਸੀ, ਅੰਗਰੇਜ਼ੀ ਵਿਚ ਉਨ੍ਹਾਂ ਬਾਰੇ ਲਿਖੇ ਸਾਰੇ ਸ੍ਰੋਤਾਂ ਨੂੰ ਵੀ ਦੁਬਾਰਾ ਪੜ੍ਹਿਆ ਗਿਆ। ਇਸ ਪੜ੍ਹਤ ਵੇਲੇ ਵਿਦਵਾਨਾਂ ਨੇ ਕਿਸੇ ਇਕ ਅਨੁਸ਼ਾਸਨ ਦੀ ਸੀਮਿਤ ਸਿੱਕੇ ਬੰਦ ਪਹੁੰਚ ਦੀ ਥਾਂ ਬਹੁਤ ਸਾਰੀਆਂ ਅੰਤਰਦ੍ਰਿਸ਼ਟੀਆਂ ਨੂੰ ਕੋ-ਰਿਲੇਟ ਕੀਤਾ। ਇਸੇ ਕਰਕੇ ਵਿਚਾਰ-ਵਟਾਂਦਰੇ ਦੌਰਾਨ ਸਾਹਿਤਕਾਰਾਂ, ਚਿੰਤਕਾਂ, ਦਾਰਸ਼ਨਿਕਾਂ, ਇਤਿਹਾਸਕਾਰਾਂ ਅਤੇ ਗੁਰਮਤਿ ਚਿੰਤਨ ਵਿਚ ਦਿਲਚਸਪੀ ਰੱਖਣ ਵਾਲੇ ਜਗਿਆਸੂਆਂ ਨੇ ਇਹ ਗੱਲ ਨਿਰਸੰਕੋਚ ਪ੍ਰਵਾਨੀ ਕਿ ਇਹ ਕਾਨਫਰੰਸ ਗੁਰੂ ਅਰਜਨ ਦੀ ਆਭਾ ਨੂੰ ਉਨ੍ਹਾਂ ਦੇ ਸਹੀ ਪਰਿਪੇਖ ਵਿਚ ਵਿਚਾਰਨ ਵਿਚ ਅੰਤਾਂ ਦੀ ਕਾਮਯਾਬ ਰਹੀ।

ਇਸ ਕਾਨਫਰੰਸ ਵਿਚ ਦਿੱਤੇ ਗਏ ਮੁੱਖ ਭਾਸ਼ਣ, ਪ੍ਰਧਾਨਗੀ ਭਾਸ਼ਣ, ਖੋਜ-ਪੱਤਰ, ਖੋਜ-ਪੱਤਰਾਂ ਉੱਪਰ ਹੋਏ ਵਿਚਾਰ-ਵਟਾਂਦਰੇ ਅਤੇ ਹੋਰ ਮੌਕਿਆਂ 'ਤੇ ਪੇਸ਼ ਕੀਤੇ ਗਏ ਵਿਚਾਰਾਂ ਨੂੰ ਜਿਉਂ ਦਾ ਤਿਉਂ ਸੰਕਲਿਤ ਕੀਤਾ ਗਿਆ ਹੈ ਤਾਂ ਕਿ ਕਾਨਫਰੰਸ ਨੂੰ ਜੀਵੰਤ ਰੂਪ ਵਿਚ ਸਾਂਭਿਆ ਜਾ ਸਕੇ। ਸੰਪਾਦਨ ਦਾ ਇਹ ਕਾਰਜ ਵਿਭਾਗ ਦੇ ਅਧਿਆਪਕ ਡਾ. ਜਸਬੀਰ ਕੌਰ ਨੇ ਸਾਰੇ ਸਟਾਫ਼ ਦੀ ਸਹਾਇਤਾ ਨਾਲ ਸੰਪੰਨ ਕੀਤਾ ਹੈ। ਆਸ ਹੈ ਕਿ ਕਾਨਫਰੰਸ ਦੀ ਇਹ ਪ੍ਰੋਸੀਡਿੰਗ ਵਿਸ਼ੇ ਵਿਚ ਦਿਲਚਸਪੀ ਰੱਖਣ ਵਾਲੇ ਖੋਜਾਰਥੀਆਂ, ਵਿਦਿਆਰਥੀਆਂ ਅਤੇ ਵਿਦਵਾਨਾਂ ਲਈ ਲਾਹੇਵੰਦ ਸਾਬਤ ਹੋਵੇਗੀ।

ਪੰਜਾਬੀ ਭਾਸ਼ਾ ਵਿਕਾਸ ਵਿਭਾਗ — ਧਨਵੰਤ ਕੌਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ। — ਮੁਖੀ

Sri Satguru Jagjit Singh Ji Elibrary NamdhariElibrary@gmail.com

# ਵਿਸ਼ੇ-ਸੂਚੀ


| | | |
|---|---|---|
| ਵਿਭਾਗੀ ਸ਼ਬਦ | *ਡਾ. ਧਨਵੰਤ ਕੌਰ*<br>ਪ੍ਰੋਫ਼ੈਸਰ ਅਤੇ ਮੁਖੀ<br>ਪੰਜਾਬੀ ਭਾਸ਼ਾ ਵਿਕਾਸ ਵਿਭਾਗ,<br>ਪੰਜਾਬੀ ਯੂਨੀਵਰਸਿਟੀ, ਪਟਿਆਲਾ। | (v) |
| **ਉਦਘਾਟਨੀ ਸੈਸ਼ਨ** | | |
| ਸਵਾਗਤੀ ਸ਼ਬਦ | *ਡਾ. ਸੁੱਚਾ ਸਿੰਘ ਗਿੱਲ*<br>ਡੀਨ, ਅਕਾਦਮਿਕ ਮਾਮਲੇ | 1 |
| ਕਾਨਫਰੰਸ :<br>ਇੱਕ ਜਾਣ ਪਛਾਣ | *ਡਾ. ਧਨਵੰਤ ਕੌਰ*<br>ਪ੍ਰੋਫ਼ੈਸਰ ਅਤੇ ਮੁਖੀ | 4 |
| ਭਾਈ ਲਖਸ਼ਵੀਰ ਸਿੰਘ ਜੀ<br>ਨਾਭਵੀ ਨਾਲ ਜਾਣ ਪਛਾਣ | ਪ੍ਰੋ. ਹਰਪਾਲ ਸਿੰਘ ਪੰਨੂ | 8 |
| ਉਦਘਾਟਨੀ ਸ਼ਬਦ | *ਭਾਈ ਲਖਸ਼ਵੀਰ ਜੀ ਨਾਭਵੀ, ਸ਼ਿਮਲਾ* | 13 |
| ਮੁੱਖ ਭਾਸ਼ਣ | *ਡਾ. ਜਗਤਾਰ ਸਿੰਘ ਗਰੇਵਾਲ*<br>ਆਜੀਵਨ ਫ਼ੈਲੋ<br>ਪੰਜਾਬੀ ਭਾਸ਼ਾ ਵਿਕਾਸ ਵਿਭਾਗ<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | 21 |
| ਪ੍ਰਧਾਨਗੀ ਭਾਸ਼ਣ | *ਸਰਦਾਰ ਸਵਰਨ ਸਿੰਘ ਬੋਪਾਰਾਏ*<br>ਸਾਬਕਾ ਵਾਈਸ-ਚਾਂਸਲਰ,<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | 35 |
| ਧੰਨਵਾਦੀ ਸ਼ਬਦ | *ਡਾ. ਪਰਮ ਬਖ਼ਸ਼ੀਸ਼ ਸਿੰਘ*<br>ਸਾਬਕਾ ਰਜਿਸਟਰਾਰ,<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | 41 |


Sri Satguru Jagjit Singh Ji Elibrary NamdhariElibrary@gmail.com

**ਉਦਘਾਟਨੀ ਸੈਸ਼ਨ**

| | | |
|---|---|---|
| ਗੁਰੂ ਅਰਜਨ ਦੇਵ ਤੋਂ ਪਹਿਲਾਂ ਸਿੱਖ ਧਰਮ ਦਾ ਮੁਹਾਂਦਰਾ | *ਡਾ. ਜੋਧ ਸਿੰਘ* | 45 |
| ਗੁਰੂ ਅਰਜਨ ਦੇਵ: ਇਤਿਹਾਸ ਦ੍ਰਿਸ਼ਟਾ ਵਜੋਂ | *ਡਾ. ਸੁਤਿੰਦਰ ਸਿੰਘ ਨੂਰ* | 64 |
| ਬਾਰਾਹਮਾਹਾ ਮਾਝ ਅਤੇ ਲੋਕ ਮਾਨਸਿਕਤਾ | *ਡਾ. ਕਰਨੈਲ ਸਿੰਘ ਥਿੰਦ* | 70 |
| ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਰਾਜਨੀਤਿਕ ਕਾਰਨ | *ਡਾ. ਕਿਰਪਾਲ ਸਿੰਘ* | 76 |
| ਪ੍ਰਧਾਨਗੀ ਭਾਸ਼ਣ | *ਭਾਈ ਅਸ਼ੋਕ ਸਿੰਘ ਬਾਗੜੀਆਂ* | 83 |

**ਦੂਜਾ ਅਕਾਦਮਿਕ ਸੈਸ਼ਨ**

| | | |
|---|---|---|
| ਗੁਰੂ ਅਰਜਨ ਦੇਵ ਦੀ ਸੰਪਾਦਨ ਦ੍ਰਿਸ਼ਟੀ | *ਡਾ. ਗੁਰਦੇਵ ਸਿੰਘ* | 89 |
| ਗੁਰੂ ਅਰਜਨ ਦੇਵ ਨਾਲ ਸਬੰਧਿਤ ਮੁੱਖ ਸਰੋਤ- ਪਰਿਚੈ ਤੇ ਇਤਿਹਾਸਿਕ ਮੁਲਾਂਕਣ | *ਡਾ. ਜੀ. ਐਸ. ਨਈਅਰ* | 95 |
| ਗੁਰੂ ਅਰਜਨ ਦੇਵ ਜੀ ਦੀ ਸੰਪਾਦਨ-ਪ੍ਰਤਿਭਾ | *ਡਾ. ਧਰਮ ਸਿੰਘ* | 111 |
| ਸੁਖਮਨੀ ਸਾਹਿਬ ਦਾ ਅਧਿਐਨ | *ਡਾ. ਐਨ. ਮੁਥੂ ਮੋਹਨ* | 119 |
| ਵਿਚਾਰ-ਵਟਾਂਦਰਾ | | 127 |
| ਖੋਜ-ਪੱਤਰ ਲੇਖਕਾਂ ਵੱਲੋਂ ਸਪੱਸ਼ਟੀਕਰਨ | | 133 |
| ਪ੍ਰਧਾਨਗੀ ਭਾਸ਼ਣ | *ਪ੍ਰੋ. ਰਤਨ ਸਿੰਘ ਜੱਗੀ* | 136 |

**ਤੀਜਾ ਅਕਾਦਮਿਕ ਸੈਸ਼ਨ**

| | | |
|---|---|---|
| ਗੁਰੂ ਅਰਜਨ ਸਾਹਿਬ ਦੀ ਪਾਤਸ਼ਾਹੀ ਸਮੇਂ ਸਿਆਸੀ ਹਾਲਾਤ | *ਡਾ. ਸੁਰਜੀਤ ਹਾਂਸ* | 143 |
| ਗੁਰੂ ਅਰਜਨ ਦੇਵ: ਸਮਕਾਲੀਆਂ ਦੀ ਨਜ਼ਰ ਵਿਚ | *ਡਾ. ਬਲਵੰਤ ਸਿੰਘ ਢਿੱਲੋਂ* | 152 |
| ਗੁਰੂ ਅਰਜਨ ਦੇਵ ਅਤੇ ਮੁਗਲ ਸਲਤਨਤ | *ਪ੍ਰੋ. ਹਰਕਿਸ਼ਨ ਮਹਿਤਾ* | 161 |


Sri Satguru Jagjit Singh Ji Elibrary NamdhariElibrary@gmail.com

| | | |
|---|---|---|
| ਵਿਚਾਰ-ਵਟਾਂਦਰਾ | | 168 |
| ਖੋਜ-ਪੱਤਰ ਲੇਖਕਾਂ ਵੱਲੋਂ ਸਪੱਸ਼ਟੀਕਰਨ | | 170 |
| ਪ੍ਰਧਾਨਗੀ ਭਾਸ਼ਣ | *ਡਾ. ਜਗਬੀਰ ਸਿੰਘ* | 172 |
| **ਚੌਥਾ ਅਕਾਦਮਿਕ ਸੈਸ਼ਨ** | | |
| ਗੁਰੂ ਅਰਜਨ ਦੇਵ ਦੀ ਵਿਰਾਸਤ | *ਡਾ. ਨਾਜਰ ਸਿੰਘ* | 177 |
| ਗੁਰੂ ਅਰਜਨ ਦੇਵ ਜੀ: ਸ਼ਬਦ-ਸਰੂਪ | *ਪ੍ਰੋ. ਪਰਮਜੀਤ ਸਿੰਘ ਸਿੱਧੂ ਅਤੇ ਪ੍ਰੋ. ਨਵਦੀਪ ਸਿੰਘ* | 181 |
| ਗੁਰਮਤਿ ਸੰਗੀਤ ਦੀ ਸਥਾਪਨਾ: ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੇ ਸੰਦਰਭ ਵਿਚ | *ਡਾ. ਗੁਰਨਾਮ ਸਿੰਘ* | 191 |
| ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਸੰਚਾਰ-ਸਿਧਾਂਤ | *ਡਾ. ਜਗਜੀਤ ਸਿੰਘ* | 198 |
| ਗੁਰੂ ਅਰਜਨ ਦੇਵ ਬਾਣੀ ਵਿਚਲੇ ਇਤਿਹਾਸਕ ਮਿਥਿਹਾਸਕ ਹਵਾਲਿਆਂ ਦੀ ਸਾਰਥਕਤਾ | *ਡਾ. ਮਨਜੀਤ ਸਿੰਘ* | 209 |
| ਵਿਚਾਰ ਵਟਾਂਦਰਾ | | 218 |
| ਖੋਜ-ਪੱਤਰ ਲੇਖਕਾਂ ਵਲੋਂ ਸਪਸ਼ਟੀਕਰਨ | | 224 |
| ਪ੍ਰਧਾਨਗੀ ਭਾਸ਼ਣ | *ਪ੍ਰੋ. ਬਲਕਾਰ ਸਿੰਘ* | 227 |
| **ਪੰਜਵਾਂ ਅਕਾਦਮਿਕ ਸੈਸ਼ਨ** | | |
| ਗੁਰੂ ਅਰਜਨ ਦੇਵ ਜੀ | *ਡਾ. ਮਾਨ ਸਿੰਘ ਨਿਰੰਕਾਰੀ* | 233 |
| ਗੁਰੂ ਅਰਜਨ ਬਾਣੀ ਦਾ ਸਭਿਆਚਾਰ ਪਰਿਪੇਖ | *ਡਾ. ਜਗਬੀਰ ਸਿੰਘ* | 240 |
| ✓ ਗੁਰੂ ਅਰਜਨ ਦੇਵ ਦੀ ਸੰਸਾਰ ਦੀ ਭਵਨ ਨਿਰਮਾਣ ਕਲਾ ਨੂੰ ਦੇਣ | *ਡਾ. ਐਸ. ਐਸ. ਭੱਟੀ* | 248 |
| ਸਿੱਖ ਧਰਮ ਵਿਚ ਬਹਾਦਰ | *ਡਾ. ਗੁਰਦਰਸ਼ਨ ਸਿੰਘ ਢਿੱਲੋਂ* | 268 |
| ਕੁੱਝ ਸ਼ਬਦ | *ਪ੍ਰੋ. ਸਈਅਦ ਅਹਿਮਦ* | 274 |
| ਵਿਚਾਰ ਵਟਾਂਦਰਾ | | 277 |
| ਖੋਜ-ਪੱਤਰ ਲੇਖਕਾਂ ਵੱਲੋਂ ਸਪੱਸ਼ਟੀਕਰਨ | | 279 |
| ਪ੍ਰਧਾਨਗੀ ਭਾਸ਼ਣ | *ਡਾ. ਸੁਤਿੰਦਰ ਸਿੰਘ ਨੂਰ* | 283 |


Sri Satguru Jagjit Singh Ji Elibrary NamdhariElibrary@gmail.com

ਵਿਦਾਇਗੀ ਸੈਸ਼ਨ


| | | |
|---|---|---|
| ਸਵਾਗਤੀ ਸ਼ਬਦ | *ਸਰਦਾਰ ਸਵਰਨ ਸਿੰਘ ਬੋਪਾਰਾਏ*<br>ਸਾਬਕਾ ਵਾਈਸ-ਚਾਂਸਲਰ,<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | 287 |
| ਕਾਨਫਰੰਸ ਬਾਰੇ | *ਡਾ. ਧਨਵੰਤ ਕੌਰ*<br>ਪ੍ਰੋਫੈਸਰ ਅਤੇ ਮੁਖੀ<br>ਪੰਜਾਬੀ ਭਾਸ਼ਾ ਵਿਕਾਸ ਵਿਭਾਗ,<br>ਪੰਜਾਬੀ ਯੂਨੀਵਰਸਿਟੀ, ਪਟਿਆਲਾ। | 290 |
| ਕਾਨਫਰੰਸ ਬਾਰੇ ਰਿਪੋਰਟ | *ਡਾ. ਜੋਧ ਸਿੰਘ*<br>ਇਨਸਾਈਕਲੋਪੀਡੀਆ ਆਫ਼ ਸਿਖਿਇਜ਼ਮ<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | 293 |
| 23ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ: ਕੁਝ ਧਾਰਨਾਵਾਂ<br>1. ਡਾ. ਹਰਕਿਸ਼ਨ ਸਿੰਘ ਮਹਿਤਾ<br>2. ਸ਼੍ਰੀ ਨਦੀਮ ਪਰਮਾਰ, ਕੈਨੇਡਾ | | 298 |
| ਪ੍ਰਧਾਨਗੀ ਸ਼ਬਦ | *ਸ਼੍ਰੀ ਸੁਦਰਸ਼ਨ ਅਗਰਵਾਲ*<br>ਗਵਰਨਰ, ਉੱਤਰਾਂਚਲ | 301 |
| ਧੰਨਵਾਦ | *ਡਾ. ਸੁੱਚਾ ਸਿੰਘ ਗਿੱਲ*<br>ਡੀਨ, ਅਕਾਦਮਿਕ ਮਾਮਲੇ<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | 308 |


Sri Satguru Jagjit Singh Ji Elibrary NamdhariElibrary@gmail.com

## ਸਵਾਗਤੀ ਸ਼ਬਦ

***ਡਾ. ਸੁੱਚਾ ਸਿੰਘ ਗਿੱਲ****

ਉਦਘਾਟਨੀ ਸਮਾਰੋਹ ਦੇ ਪ੍ਰਧਾਨ ਪਰਮ ਸਤਿਕਾਰਯੋਗ ਸ੍ਰੀ ਸਵਰਨ ਸਿੰਘ ਜੀ ਬੋਪਾਰਾਏ, ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੱਜ ਦੇ ਮੁੱਖ ਮਹਿਮਾਨ ਭਾਈ ਲਕਸ਼ਵੀਰ ਸਿੰਘ ਜੀ ਨਾਭਵੀ, ਆਨਰੇਰੀ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਨਯੋਗ ਪ੍ਰੋ. ਜਗਤਾਰ ਸਿੰਘ ਜੀ ਗਰੇਵਾਲ ਡਾਇਰੈਕਟਰ, ਵਿਸ਼ਵ ਪੰਜਾਬੀ ਸੈਂਟਰ, ਡਾ. ਪਰਮ ਬਖ਼ਸ਼ੀਸ਼ ਸਿੰਘ, ਰਜਿਸਟਰਾਰ, ਡਾ. ਧਨਵੰਤ ਕੌਰ ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, 23ਵੀਂ ਅੰਤਰ ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਲਈ ਦੇਸ਼ ਵਿਦੇਸ਼ ਤੋਂ ਆਏ ਵਿਦਵਾਨ, ਡੈਲੀਗੇਟ, ਅਧਿਆਪਕ, ਵਿਦਿਆਰਥੀ, ਟੀ.ਵੀ. ਅਤੇ ਅਖ਼ਬਾਰ ਤੋਂ ਆਏ ਪੱਤਰਕਾਰ ਭੈਣੋਂ ਤੇ ਭਰਾਵੋ !

ਮੇਰੇ ਵਾਸਤੇ ਇਹ ਬਹੁਤ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਮੈਂ ਆਪ ਸਭ ਨੂੰ ਜੀ ਆਇਆਂ, ਖੁਸ਼ਆਮਦੀਦ ਕਹਾਂ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬੀ ਭਾਸ਼ਾ, ਸਾਹਿਤ ਸਭਿਆਚਾਰ ਦੇ ਵਿਕਾਸ ਲਈ 1962 ਵਿਚ ਸਥਾਪਿਤ ਕੀਤੀ ਗਈ ਪਰ ਸ਼ੁਰੂ ਤੋਂ ਇਸ ਕਾਰਜ ਦੇ ਨਾਲ-ਨਾਲ ਅੰਗਰੇਜ਼ੀ, ਸਮਾਜਿਕ ਵਿਗਿਆਨ, ਸਾਇੰਸ ਦੇ ਵਿਸ਼ਿਆਂ ਦੀ ਪੜ੍ਹਾਈ ਅਤੇ ਖੋਜਾਂ ਦਾ ਕੰਮ ਵੀ ਅਰੰਭਿਆ ਗਿਆ। ਅੱਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮੁੱਖ ਕੈਂਪਸ ਦੇ 55 ਅਧਿਆਪਨ ਅਤੇ ਖੋਜ ਵਿਭਾਗ ਹਨ।

ਇਸ ਤੋਂ ਇਲਾਵਾ 10 ਨੇਬਰਹੁਡ ਕੈਂਪਸ ਹਨ। ਇਸ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਾਡੇ ਸੂਬੇ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੈ ਅਤੇ ਪੇਂਡੂ ਬੱਚਿਆਂ ਲਈ ਪ੍ਰੋਫੈਸ਼ਨਲ ਵਿਦਿਆ ਵਿਚ ਇਸ ਨੇ ਆਪਣਾ ਨਾਂ ਇਕ ਮਾਡਲ ਦੇ ਤੌਰ ਤੇ ਦੁਨੀਆਂ ਵਿਚ ਸਥਾਪਿਤ ਕੀਤਾ ਹੈ। ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਨਾਲ ਵਚਨਬੱਧਤਾ ਦਾ ਇਕ ਪ੍ਰਤੀਕ ਹੈ। ਇਸ ਕਾਰਜ ਵਾਸਤੇ ਇਹ ਮਾਡਲ ਨੋਡਲ ਏਜੰਸੀ ਦਾ ਕੰਮ ਕਰਦਾ ਹੈ। ਇਹ ਵਿਭਾਗ ਟ੍ਰਾਂਸਲੇਸ਼ਨ ਵਿਭਾਗ ਤੋਂ ਅੱਗੇ ਵਧ ਕੇ ਪੰਜਾਬੀ ਵਿਕਾਸ ਬਣ ਗਿਆ ਹੈ। ਪੰਜਾਬੀ ਵਿਚ ਗਿਆਨ ਅਤੇ ਵਿਗਿਆਨ ਵਿਚ ਮੌਲਿਕ ਪੁਸਤਕਾਂ ਲਿਖਾਉਣਾ ਅਤੇ ਛਾਪਣਾ ਅਤੇ ਪੰਜਾਬੀ ਦੇ ਵਿਕਾਸ ਲਈ ਉਪਰਾਲੇ ਕਰਨਾ ਇਸ ਦੇ ਮੁੱਖ ਉਦੇਸ਼ ਹਨ।

ਨੋਬਲ ਪੁਰਸਕਾਰ ਜੇਤੂਆਂ ਦੀਆਂ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਤੇ ਇਸ ਤੋਂ

---

* ਡੀਨ, ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਦਿਲਾਵਾ ਸਿਰਮੌਰ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਨਾ ਇਸ ਵਿਭਾਗ ਦੀ ਕਾਰਜ ਸੂਚੀ ਵਿੱਚ ਸ਼ਾਮਲ ਹਨ। ਇਸ ਵਿਭਾਗ ਵੱਲੋਂ ਪ੍ਰਤੀਨਿਧ ਪੰਜਾਬੀ ਰਚਨਾਵਾਂ ਨੂੰ ਦੂਜੀਆਂ ਭਾਰਤੀ ਭਾਸ਼ਾਵਾਂ ਜਿਵੇਂ ਬੰਗਾਲੀ, ਮਰਾਠੀ, ਤਾਮਿਲ ਵਿੱਚ ਅਨੁਵਾਦ ਕੀਤਾ ਗਿਆ ਹੈ। ਵਿਭਾਗ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ 'ਮਹਾਨ ਕੋਸ਼' ਦੇ ਅਨੁਵਾਦ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਅਤੇ ਇਸ ਦੀ ਪਹਿਲੀ ਸੈਂਚੀ ਮੁੱਖ ਮੰਤਰੀ ਸਾਹਿਬ ਵੱਲੋਂ ਰਿਲੀਜ਼ ਕੀਤੀ ਗਈ। ਇਹ ਕਾਨਫ਼ਰੰਸ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਇਕ ਉਪਰਾਲੇ ਵਜੋਂ ਹਰ ਸਾਲ ਕਰਵਾਈ ਜਾਂਦੀ ਹੈ। 23ਵੀਂ ਅੰਤਰ ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਸ਼ਖ਼ਸੀਅਤ ਤੇ ਉਹਨਾਂ ਦੇ ਯੁੱਗ ਬਾਰੇ ਆਯੋਜਿਤ ਕੀਤੀ ਗਈ ਹੈ। ਇਸ ਵਿੱਚ ਵਿਦਵਾਨ ਅਧਿਆਪਕ ਅਤੇ ਖੋਜੀ ਜਾਣਕਾਰੀ ਭਰਪੂਰ ਪੇਪਰ ਪੇਸ਼ ਕਰਨਗੇ ਤੇ ਇਹਨਾਂ ਉਪਰ ਡੂੰਘਾ ਵਿਚਾਰ ਵਟਾਂਦਰਾ ਹੋਣ ਦੀ ਆਸ ਹੈ।

ਗੁਰੂ ਸਾਹਿਬ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਇਕ ਵੱਡਮੁਲਾ ਕਾਰਜ ਕੀਤਾ ਗਿਆ। ਇਸ ਵਿਚ ਹਿੰਦੁਸਤਾਨ ਦੇ ਵੱਖੋ-ਵਖਰੇ ਫ਼ਿਰਕਿਆਂ ਧਰਮਾਂ, ਜਾਤਾਂ ਅਤੇ ਇਲਾਕਿਆਂ ਤੋਂ ਸਾਧਾਂ-ਸੰਤਾਂ ਅਤੇ ਮਹਾਪੁਰਖਾਂ ਵੱਲੋਂ ਰਚਿਤ ਬਾਣੀ ਨੂੰ ਸ਼ਾਮਲ ਕੀਤਾ ਗਿਆ। ਇਸ ਵਿੱਚ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਗਈ ਹੈ ਅਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦਿਤਾ ਗਿਆ ਹੈ। ਇਸ ਮਹਾਨ ਗ੍ਰੰਥ ਦੀ ਦ੍ਰਿਸ਼ਟੀ ਵਿਸ਼ਵਵਿਆਪੀ ਹੈ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤਾ। ਇਹ ਉਹ ਸਥਾਨ ਹੈ ਜਿਸ ਦੇ ਚਾਰ ਦਰਵਾਜ਼ੇ ਇਸ ਗੱਲ ਦਾ ਪ੍ਰਤੀਕ ਹਨ ਕਿ ਹਰੇਕ ਮਨੁੱਖ ਬਿਨਾਂ ਕਿਸੇ ਧਰਮ, ਜਾਤ-ਪਾਤ, ਰੰਗ ਅਤੇ ਲਿੰਗ ਦੇ ਵਿਤਕਰੇ ਤੋਂ ਉੱਪਰ ਹੋ ਕੇ ਅਰਦਾਸ ਕਰ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇੱਕ ਅਦੁੱਤੀ ਕੁਰਬਾਨੀ, ਸਬਰ ਸੰਤੋਖ ਅਤੇ ਨਿਮਰਤਾ ਦੀ ਅਨੋਖੀ ਮਿਸਾਲ ਹੈ। ਗੁਰੂ ਸਾਹਿਬ ਇਕ ਕਵੀ ਹੋਣ ਦੇ ਨਾਲ-ਨਾਲ ਸੰਗੀਤਕਾਰ ਅਤੇ ਰੂਹਾਨੀਅਤ ਦੀ ਵਿਲੱਖਣ ਸ਼ਖ਼ਸੀਅਤ ਦੇ ਵੀ ਮਾਲਕ ਸਨ। 23ਵੀਂ ਅੰਤਰ ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਚੌਥੀ ਸ਼ਤਾਬਦੀ ਨੂੰ ਸਮਰਪਿਤ ਹੈ।

ਇਸ ਕਾਨਫ਼ਰੰਸ ਦਾ ਉਦਘਾਟਨ ਮਾਨਯੋਗ ਭਾਈ ਲਕਸ਼ਵੀਰ ਸਿੰਘ ਜੀ ਨਾਭਵੀ ਕਰ ਰਹੇ ਹਨ। ਭਾਈ ਸਾਹਿਬ ਫ਼ਾਰਸੀ ਦੇ ਵਿਦਵਾਨ ਹਨ ਅਤੇ ਇਹਨਾਂ ਵੱਲੋਂ ਜਪੁਜੀ ਸਾਹਿਬ ਦਾ ਅਨੁਵਾਦ ਫਾਰਸੀ ਭਾਸ਼ਾ ਵਿਚ ਕੀਤਾ ਗਿਆ ਹੈ, ਜਿਸ ਨੂੰ ਕਾਫ਼ੀ ਮਾਨਤਾ ਪ੍ਰਾਪਤ ਹੋਈ ਹੈ। ਇਹਨਾਂ ਦੀ "ਛੁਪੇ ਰਹਿਣ ਦੀ ਚਾਹ" ਦੇ ਬਾਵਜੂਦ ਵੀ ਸਾਡੇ ਵਾਈਸ-ਚਾਂਸਲਰ ਸਾਹਿਬ ਬੋਪਾਰਾਏ ਜੀ ਦੀ ਪਾਰਖੂ ਅੱਖ ਨੇ ਇਸ ਅਨਮੋਲ ਸ਼ਖ਼ਸੀਅਤ ਨੂੰ ਆਖਰ ਲੱਭ ਲਿਆ। ਮੈਨੂੰ ਇਹ ਦੱਸਣ ਵਿਚ ਬਹੁਤ ਹੀ ਮਾਣ ਮਹਿਸੂਸ ਹੋ ਰਿਹਾ ਹੈ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਇਹਨਾਂ ਨੂੰ ਆਨਰੇਰੀ ਪ੍ਰੋਫ਼ੈਸਰ ਨਿਯੁਕਤ ਕਰਕੇ ਇਹਨਾਂ ਦੀ ਅਕਾਦਮਿਕ ਪ੍ਰਤਿਭਾ ਨੂੰ ਪਛਾਣਿਆ ਗਿਆ ਹੈ।

Sri Satguru Jagjit Singh Ji Elibrary NamdhariElibrary@gmail.com

ਪ੍ਰਸਿੱਧ ਇਤਿਹਾਸਕਾਰ ਪ੍ਰੋ. ਜੇ.ਐਸ. ਗਰੇਵਾਲ ਕਾਨਫ਼ਰੰਸ ਦੇ ਵਿਸ਼ੇ ਉੱਪਰ ਵਿਦਵਤਾ ਭਰਪੂਰ ਕੁੰਜੀਵਤ ਭਾਸ਼ਣ ਦੇਣਗੇ ਜੋ ਕਾਨਫ਼ਰੰਸ ਦੌਰਾਨ ਇੱਕ (ਕੇਂਦਰੀ ਨੁਕਤਾ) ਰਹੇਗਾ। ਮੈਨੂੰ ਆਸ ਹੈ ਕਿ ਆਪ ਸਭ ਦੀ ਕਾਨਫਰੰਸ ਵਿੱਚ ਸ਼ਮੂਲੀਅਤ ਇਸ ਕਾਰਜ ਨੂੰ ਨੇਪਰੇ ਚਾੜ੍ਹਣ ਵਾਸਤੇ ਇਕ ਵੱਡਮੁਲਾ ਯੋਗਦਾਨ ਪਾਵੇਗੀ। ਮੈਂ ਆਪ ਸਭ ਨੂੰ ਆਪਣੇ ਵੱਲੋਂ ਅਤੇ ਯੂਨੀਵਰਸਿਟੀ ਵੱਲੋਂ ਜੀ ਆਇਆਂ ਕਹਿੰਦਾ ਹਾਂ।

ਭਾਵੇਂ ਸਾਰੇ ਪ੍ਰਬੰਧਾਂ ਵਿੱਚ ਕੁਝ ਖ਼ਾਮੀਆਂ ਰਹਿ ਗਈਆਂ ਹੋਣਗੀਆਂ ਪਰ ਸਾਡੇ ਵੱਲੋਂ ਇਸ ਠੰਢੇ ਮੌਸਮ ਵਿੱਚ ਆਪ ਜੀ ਦਾ ਨਿੱਘਾ ਸਵਾਗਤ ਹੈ। ਮੈਨੂੰ ਪੂਰਨ ਆਸ ਹੈ ਕਿ ਆਪ ਇਸ ਤਿੰਨ ਰੋਜ਼ਾ ਕਾਨਫ਼ਰੰਸ ਦੌਰਾਨ ਵਿਦਵਾਨਾਂ ਦੇ ਪੇਪਰ ਸੁਣਨ ਦੇ ਨਾਲ-ਨਾਲ ਸਾਡੀ ਪ੍ਰਹੁਣਾਚਾਰੀ ਦਾ ਨਿੱਘਾ ਆਨੰਦ ਮਾਣੋਗੇ।

ਇਕ ਵਾਰ ਫੇਰ ਆਪ ਸਭ ਦਾ ਸਾਡੀ ਯੂਨੀਵਰਸਿਟੀ ਵਿੱਚ ਪਹੁੰਚਣ ਤੇ ਨਿੱਘਾ ਸਵਾਗਤ ਹੈ।

ਧੰਨਵਾਦ

Sri Satguru Jagjit Singh Ji Elibrary NamdhariElibrary@gmail.com

# ਕਾਨਫਰੰਸ : ਇੱਕ ਜਾਣ-ਪਛਾਣ

ਡਾ. ਧਨਵੰਤ ਕੌਰ*

ਪੰਜਾਬੀ ਵਿਕਾਸ ਕਾਨਫਰੰਸ ਪੰਜਾਬੀ ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮਾਂ ਦਾ ਇਕ ਅਨਿੱਖੜ ਅੰਗ ਬਣ ਚੁੱਕੀ ਹੈ। 1982 ਤੋਂ ਲਗਾਤਾਰ ਅਸੀਂ ਇਸ ਕਾਨਫਰੰਸ ਦਾ ਆਯੋਜਨ ਕਰਦੇ ਆ ਰਹੇ ਹਾਂ। ਹੋਰ ਅਕਾਦਮਿਕ ਪ੍ਰੋਗਰਾਮਾਂ ਅਤੇ ਕੁਝ ਸਰਗਰਮੀਆਂ ਦੇ ਨਾਲ-ਨਾਲ ਅਸੀਂ ਆਪਣੇ ਦਾਨਿਸ਼ਵਰਾਂ ਦਾ ਧਿਆਨ ਹਮੇਸ਼ਾਂ ਵਰਤਮਾਨ ਦੇ ਬਹੁਤ ਹੀ ਸੰਜੀਦਾ ਪ੍ਰਸ਼ਨਾਂ ਅਤੇ ਭਵਿੱਖ ਦੀਆਂ ਚੁਣੌਤੀਆਂ ਦੇ ਉਤੇ ਕੇਂਦਰਿਤ ਕਰਦੇ ਹਾਂ। ਆਪਣੇ ਮਾਣਯੋਗ ਇਤਿਹਾਸਕਾਰਾਂ, ਸਾਹਿਤਕਾਰਾਂ, ਚਿੰਤਕਾਂ, ਸਮਾਜ ਵਿਗਿਆਨੀਆਂ, ਬੁਧੀਜੀਵੀਆਂ ਤੇ ਵਿਦਿਆਰਥੀਆਂ ਦੀ ਮਦਦ ਨਾਲ ਅਸੀਂ ਇਸ ਮੰਚ ਉਤੇ ਵਿਚਾਰ ਮੰਥਨ ਕਰਨ ਦੀ ਯੋਜਨਾ ਬਣਾਉਂਦੇ ਹਾਂ। ਇਨ੍ਹਾਂ ਮੰਥਨਾਂ ਵਿਚੋਂ ਨਿਕਲੀਆਂ ਇਨ੍ਹਾਂ ਸੋਝੀਆਂ ਨੂੰ ਵਰਤਮਾਨ 'ਚ ਸੇਧ ਪ੍ਰਦਾਨ ਕਰਨ ਲਈ ਵਰਤਦੇ ਹਾਂ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪਿਛਲੀਆਂ ਦੋ ਕਾਨਫਰੰਸਾਂ ਜਿਨ੍ਹਾਂ ਦਾ ਵਿਸ਼ਾ ਸਮਕਾਲੀ ਪੰਜਾਬੀ ਸਮਾਜ, ਪੰਜਾਬੀ ਡਾਇਸਪੋਰਾ ਰਿਹਾ ਤੁਹਾਡੇ ਚੇਤਿਆਂ ਵਿਚ ਅਜੇ ਵੀ ਏਨਾ ਤਰੋਤਾਜ਼ਾ ਹੈ ਕਿ ਗਾਹੇ-ਬਗਾਹੇ ਉਸਦਾ ਜ਼ਿਕਰ ਹੁੰਦਾ ਰਹਿੰਦਾ ਹੈ। ਸਾਨੂੰ ਇਸ ਗੱਲ ਦਾ ਪਤਾ ਹੈ ਕਿ ਤੁਹਾਡੇ ਰੋਸ਼ਨ ਦਿਮਾਗਾਂ ਵਿਚ ਅਸੀਂ ਜੋ ਕੁਝ ਵੀ ਰਜਿਸਟਰ ਕਰਾਂਗੇ ਉਹ ਸਮੁੱਚੇ ਸਮਾਜ ਵਿਚ ਇੱਕ ਅੰਤਰ ਸੋਝੀ ਬਣਕੇ ਚੱਲਦਾ ਰਹੇਗਾ ਅਤੇ ਪੰਜਾਬ ਦੇ ਇਤਿਹਾਸ, ਪੰਜਾਬ ਦੇ ਸਮਾਜ, ਪੰਜਾਬ ਦੇ ਸਾਹਿਤ ਅਤੇ ਸਭਿਆਚਾਰ ਅਤੇ ਵਰਤਮਾਨ ਨੂੰ ਤੁਹਾਡੀ ਅਗਵਾਈ ਦੀ ਬਹੁਤ ਸਖਤ ਜ਼ਰੂਰਤ ਹੈ। ਅਸੀਂ ਆਪਣੇ ਵਰਤਮਾਨ ਜਾਂ ਭਵਿੱਖ ਦੀਆਂ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨ ਲਈ ਉਨ੍ਹਾਂ ਬਾਰੇ ਸਮਝ ਬਣਾਉਣ ਲਈ ਹੀ ਵਰਣਨਯੋਗ ਹੰਭਲੇ ਹੀ ਨਹੀਂ ਮਾਰੇ, ਅਸੀਂ ਹਮੇਸ਼ਾਂ ਆਪਣੀ ਪ੍ਰਤਿਭਾਵਾਂ ਨੂੰ, ਆਪਣੇ ਇਤਿਹਾਸਿਕ ਅਵਸਰਾਂ ਨੂੰ ਵੀ ਸਵੈ-ਪਛਾਣ ਦੇ ਅਵਸਰ ਬਣਾ ਕੇ ਠੋਸ ਅਕਾਦਮਿਕ ਸਰਗਰਮੀਆਂ ਵਿਚ ਤਬਦੀਲ ਕੀਤਾ ਹੈ। ਅਸੀਂ ਹਰ ਸ਼ਤਾਬਦੀ ਨੂੰ ਉਸ ਦੇ ਅਕਾਦਮਿਕ ਮਹੱਤਵ ਸਮੇਤ ਤੁਹਾਡੇ ਸਾਹਮਣੇ ਲਿਆਂਦਾ ਹੈ ਅਤੇ 2006 ਦਾ ਵਰ੍ਹਾ ਜਿਹੜਾ ਕਿ ਵਿਸ਼ਵ ਦੇ ਇਤਿਹਾਸ ਵਿਚ ਇਕ ਲਾਸਾਨੀ ਸਖਸ਼ੀਅਤ ਦੀ ਅਦੁੱਤੀ ਸ਼ਹਾਦਤ ਨੂੰ ਸਿਮਰਨ ਤੇ ਚਿਤਵਨ ਦਾ ਅਵਸਰ ਲੈ ਕੇ ਆਇਆ ਗੁਰੂ ਅਰਜਨ ਦੀ ਉਹ ਪ੍ਰਤਿਭਾ, ਜਿਸ ਨੇ ਸੱਚੇ-ਸੁੱਚੇ ਮਾਨਵ ਸਮਾਜ ਕਲਿਆਣ ਦੇ ਸੁਨੇਹੇ ਨੂੰ ਧਰਮਾਂ, ਜਾਤਾਂ, ਨਸਲਾਂ, ਭਾਸ਼ਾਵਾਂ ਦੇ ਭਿੰਨ-ਭੇਦ ਤੋਂ ਉਪਰ ਉੱਠ ਕੇ ਸਮੁੱਚੀ ਮਾਨਵਤਾ ਲਈ ਵਰਤਿਆ, ਸਮੁੱਚੀ ਮਾਨਵਤਾ ਲਈ ਇਕੱਠਾ ਕੀਤਾ।

---

* ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਸਾਨੂੰ ਗੁਰੂ ਗ੍ਰੰਥ ਸਾਹਿਬ ਵਰਗਾ ਇਕ ਅਜਿਹਾ ਗ੍ਰੰਥ ਦਿੱਤਾ ਜਿਸ ਤੇ ਸਮੁੱਚੀ ਮਨੁੱਖਤਾ ਮਾਣ ਕਰ ਸਕਦੀ ਹੈ। ਉਨ੍ਹਾਂ ਨੇ ਸਾਨੂੰ ਇਕ ਸਵੈ-ਮਾਣਾਂ ਵਾਲਾ ਇਕ ਸਮਾਜਕ ਗਰਿਮਾ ਵਾਲੀ ਅਤੇ ਪਰਸਪਰ ਰਵਾਦਾਰੀ ਵਾਲੀ ਇਕ ਸੰਪੂਰਨ ਜੀਵਨ-ਜਾਚ ਦਿੱਤੀ ਤੇ ਸਭ ਤੋਂ ਵੱਧ ਆਪਣੀ ਸ਼ਹਾਦਤ ਦੇ ਨਾਲ ਮਨੁੱਖੀ ਵਿਚਾਰ ਸੰਸਕ੍ਰਿਤੀ ਦੇ ਇਤਿਹਾਸ ਵਿਚ ਇਕ ਅਜਿਹੀ ਮਿਸਾਲ ਕਾਇਮ ਕੀਤੀ ਜਿਸਦਾ ਕੋਈ ਸਾਨੀ ਨਹੀਂ। ਸ਼ਾਂਤੀ ਅਤੇ ਸਨਿਮਰਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੇ ਆਪਣੇ ਵੇਲਿਆਂ ਦੇ ਜ਼ੁਲਮ ਅੱਗੇ ਆਪਣਾ ਸੀਸ ਦਿੱਤਾ ਉਸ ਦੀ ਕੋਈ ਮਿਸਾਲ ਇਤਿਹਾਸ ਵਿਚ ਉਸ ਤੋਂ ਪਹਿਲਾਂ ਨਹੀਂ ਮਿਲਦੀ। 43 ਸਾਲ ਦੇ ਸੀਮਤ ਜਿਹੇ ਜੀਵਨ ਅਰਸੇ ਦੇ ਦੌਰਾਨ ਇਸ ਯੁੱਗ ਪੁਰਸ਼ ਨੇ ਇਤਿਹਾਸ ਦਰਸ਼ਨ, ਧਰਮ, ਸਾਹਿਤ, ਸਮਾਜ, ਸਭਿਆਚਾਰ ਤੇ ਕਲਾ ਨੂੰ ਜੋ ਯੋਗਦਾਨ ਦਿੱਤਾ ਅਤੇ ਆਪਣੀ ਸ਼ਹਾਦਤ ਦੇ ਨਾਲ ਸਨਿਮਰਤਾ ਤੇ ਦ੍ਰਿੜ੍ਹਤਾ ਦਾ ਜਿਹੜਾ ਬਿੰਬ ਦੁਨੀਆਂ ਸਾਹਮਣੇ ਰੱਖਿਆ ਉਸ ਨੂੰ ਆਪਣੇ ਚੇਤਿਆਂ ਵਿਚ ਮੁੜ ਤਰੋਤਾਜ਼ਾ ਕਰਨ ਲਈ ਅਸੀਂ ਆਪਣੀ ਇਸ ਕਾਨਫਰੰਸ ਦਾ ਥੀਮ 'ਗੁਰੂ ਅਰਜਨ ਦੇਵ ਤੇ ਉਨ੍ਹਾਂ ਦਾ ਯੁੱਗ' ਰੱਖਿਆ ਹੈ। ਸਾਨੂੰ ਲੱਗਦਾ ਹੈ ਕਿ ਆਪਣੀ ਅੰਦਰਲੀ ਉਸ ਸਚਾਈ ਨੂੰ ਮੁਖਾਤਿਬ ਹੋਣਾ ਬਹੁਤ ਜ਼ਰੂਰੀ ਹੈ ਜਿਹੜੀ ਨਿੱਕੇ-ਨਿੱਕੇ ਲੋਭਾਂ, ਲਾਲਚਾਂ, ਸਾੜਿਆਂ, ਵਖਰੇਵਿਆਂ ਦੇ ਵਿਚ ਦਮ ਤੋੜ ਦਿੰਦੀ ਹੈ ਤੇ ਜਿਹੜੀ ਬਹੁਤ ਵਾਰ ਸਾਨੂੰ ਆਪਣੇ ਸਨਮੁੱਖ ਹੋਣ ਦਾ ਤੇ ਸਿਰ ਝੁੱਕਣ ਦਾ ਮੌਕਾ ਹੀ ਨਹੀਂ ਦਿੰਦੀ। ਸਾਡੀ ਇਹ ਕਾਨਫਰੰਸ ਇਸੇ ਮਨੋਰਥ ਨੂੰ ਲੈ ਕੇ ਗੁਰੂ ਅਰਜਨ ਦੇਵ ਵਰਗੇ ਯੁੱਗ ਪੁਰਖ ਨੂੰ ਸਿਮਰਦੀ ਤੇ ਚਿਤਵਦੀ ਹੈ। ਸਾਡਾ ਮੰਤਵ ਉਨ੍ਹਾਂ ਵੱਲੋਂ ਆਪਣੇ ਸਮਿਆਂ ਵਿਚ ਨਿਭਾਏ ਇਤਿਹਾਸਿਕ ਫੈਸਲਾਕੁਨ ਰੋਲ ਨੂੰ ਪਛਾਨਣਾ ਵੀ ਹੈ ਅਤੇ ਉਨ੍ਹਾਂ ਦੇ ਜੀਵਨ ਦੇ ਸਮੁੱਚੀ ਪੰਜਾਬ ਦੀ ਰਾਸ਼ਟਰੀਅਤਾ ਤੇ ਪ੍ਰਭਾਵ ਨੂੰ ਨਵੇਂ ਸਿਰਿਓਂ ਮੰਥਨ ਕਰਨਾ ਵੀ ਹੈ। ਸਾਨੂੰ ਇਸ ਗੱਲ ਦਾ ਅਥਾਹ ਮਾਣ ਹੈ ਕਿ ਇਸ ਕਾਨਫਰੰਸ ਦੇ ਉਦਘਾਟਨ ਲਈ ਭਾਈ ਲਕਸ਼ਬੀਰ ਸਿੰਘ ਨਾਭਵੀ ਵਰਗੀ ਦਾਨਸ਼ਵੰਦ ਸਖਸ਼ੀਅਤ ਸਾਡੇ ਵਿਚ ਹੈ ਜਿਸ ਨੇ ਗੁਰੂ ਸਾਹਿਬਾ ਦੀ ਕੀਰਤੀ ਅਤੇ ਸਿਫਤ ਸਲਾਹ ਨੂੰ ਮੁਕਤ ਮਨ ਅਤੇ ਅਨਿੱਨ ਸ਼ਰਧਾ ਦੇ ਨਾਲ ਫਾਰਸੀ ਜ਼ਬਾਨ ਵਿਚ ਗਾਇਆ ਹੈ। ਭਾਈ ਲਕਸ਼ਬੀਰ ਜੀ ਜਿਨ੍ਹਾਂ ਨੂੰ ਭਾਈ ਵੀਰ ਸਿੰਘ ਦੇ ਅਨਿੱਨ ਦੋਸਤ ਹੋਣ ਦਾ ਮਾਣ ਹੈ ਜਿਨ੍ਹਾਂ ਨੂੰ ਭਾਈ ਵੀਰ ਸਿੰਘ ਜੀ 'ਕਵੀ ਜੀ' ਕਹਿੰਦੇ ਹੁੰਦੇ ਸਨ ਅਤੇ ਜਿਨ੍ਹਾਂ ਦੀਆਂ ਕਵਿਤਾਵਾਂ ਖਾਲਸਾ ਸਮਾਚਾਰ ਵਿਚ, ਪਰਸ਼ੀਅਨ ਵਿਚੋਂ ਗੁਰਮੁਖੀ ਵਿਚ ਲਿਪੀਅੰਤਰ ਹੋ ਕੇ ਅਤੇ ਮਹਾਂ ਸਿੰਘ ਵੱਲੋਂ ਪੰਜਾਬੀ ਵਿਚ ਅਨੁਵਾਦ ਕਰਕੇ ਛਾਪੀਆਂ ਜਾਂਦੀਆਂ ਸਨ। ਉਹ ਆਪਣੇ ਸਮੇਂ ਦੇ ਬਹੁਤ ਵੱਡੇ ਲੋਕ-ਪ੍ਰਿਯ ਕਵੀ ਰਹੇ, ਉਹ ਸਾਡੇ ਵਿਚ ਹਨ। ਕਵੀ ਜੀ ਦਾ ਲਕਬ ਇਨ੍ਹਾਂ ਨੂੰ ਭਾਈ ਵੀਰ ਸਿੰਘ ਜੀ ਨੇ ਦਿੱਤਾ ਸੀ ਪਰ ਭਾਈ ਵੀਰ ਸਿੰਘ ਜੀ ਦੇ ਸਾਰੇ ਆਦਰਸ਼ਾਂ ਨੂੰ ਇਹਨਾਂ ਆਪਣੀ ਜ਼ਿੰਦਗੀ ਵਿਚ ਜਜ਼ਬ ਕੀਤਾ ਹੋਇਆ ਹੈ। ਚੰਬਲ ਦੀਆਂ ਪਹਾੜੀਆਂ ਵਿਚ ਇਹ ਇਕ ਕੁਟੀਆ ਵਿਚ ਬੈਠੇ ਅਨਿਨ ਭਗਤੀ ਵਿਚ ਲੀਨ ਹਨ ਅਤੇ ਬਹੁਤ ਹੀ ਖੁਸ਼ਖ਼ਤ ਸ਼ਬਦਾਂ ਵਿਚ ਲਿਖੇ ਵੀਹ ਪੱਚੀ ਦੀਵਾਨ ਇਨ੍ਹਾਂ ਨੇ ਆਪਣੇ ਮੰਦਰ ਦੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅਰਪਿਤ ਕੀਤੇ ਹੋਏ ਹਨ। 1969 ਵਿਚ ਇਨ੍ਹਾਂ ਨੇ ਜਿਹੜਾ ਜਪੁਜੀ ਸਾਹਿਬ ਦਾ ਤਰਜ਼ਮਾ ਫਾਰਸੀ ਦੇ ਵਿਚ ਕੀਤਾ 'ਮੁਨਾਜਾਤੇ ਬਾਮਦਾਦਿ' ਈਰਾਨ ਵਿਚ ਬੜਾ ਪ੍ਰਸਿੱਧ ਹੋਇਆ ਅਤੇ ਇਸੇ ਪੁਸਤਕ ਦੇ ਸਿਰ ਤੇ ਇਨ੍ਹਾਂ ਨੇ ਪੂਰੇ ਦੇਸ਼ ਵਿਚ ਨਾਮਣਾ ਖੱਟਿਆ

Sri Satguru Jagjit Singh Ji Elibrary NamdhariElibrary@gmail.com

ਤੇ ਹੁਣ ਸਾਨੂੰ ਆਸ ਹੈ ਕਿ ਵਾਈਸ-ਚਾਂਸਲਰ ਸਾਹਿਬ ਤੇ ਜਿਹੜਾ ਇਨ੍ਹਾਂ ਦਾ ਵਿਸ਼ਵਾਸ ਹੈ, ਉਸ ਕਰਕੇ ਇਨ੍ਹਾਂ ਦੇ ਹੋਰ ਵੀ ਮੌਲਿਕ ਖਜ਼ਾਨੇ ਸਾਨੂੰ ਪੜ੍ਹਨ ਨੂੰ ਮਿਲਣਗੇ। ਉਨ੍ਹਾਂ ਨੇ ਹੀ ਭਾਈ ਸਾਹਿਬ ਨੂੰ ਖੋਜਿਆ ਹੈ ਤੇ ਉਨ੍ਹਾਂ ਦੇ ਮਾਣ ਵਜੋਂ ਹੀ ਉਹ ਅੱਜ ਸਾਡੇ ਵਿਚ ਹਨ।

ਇਸ ਕਾਨਫ਼ਰੰਸ ਨੂੰ ਅਸੀਂ ਪੰਜ ਅਕਾਦਮਿਕ ਸੈਸ਼ਨਾਂ ਵਿਚ ਵਿਉਂਤਿਆ ਹੈ। ਉਦਘਾਟਨੀ ਸੈਸ਼ਨ ਵਿਚ ਪੇਸ਼ ਕੀਤੇ ਜਾ ਰਹੇ ਕੁੰਜੀਵਤ ਭਾਸ਼ਣ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਜਿੰਨੇ ਵੀ ਮਹੱਤਵਪੂਰਨ ਪਹਿਲੂ ਹਨ ਉਹ ਕੇਂਦਰੀ ਰੂਪ ਵਿਚ, ਮੁਢਲੇ ਰੂਪ ਵਿਚ ਵਿਚਾਰੇ ਜਾਣੇ ਹਨ। ਸਾਡੀ ਅਗਲੀ ਬਹਿਸ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਭਿੰਨ ਨੁਕਤਿਆਂ ਉਤੇ ਕੇਂਦਰਿਤ ਰਹੇਗੀ। ਇਸ ਕਾਨਫਰੰਸ ਦਾ ਕੁੰਜੀਵਤ ਭਾਸ਼ਣ ਦੇਣ ਲਈ ਸਹਿਮਤ ਹੋਏ ਉਘੇ ਇਤਿਹਾਸਕਾਰ ਡਾ. ਜੇ. ਐਸ. ਗਰੇਵਾਲ ਸਾਹਿਬ ਦੇ ਅਸੀਂ ਧੰਨਵਾਦੀ ਹਾਂ। ਅਸੀਂ ਉਦਘਾਟਨੀ ਸੈਸ਼ਨ ਵਿਚ ਤੁਹਾਡੀ ਹਾਜ਼ਰੀ ਵਿਚ ਇਕ ਦੋ ਬਹੁਤ ਹੀ ਖੁਸ਼ਗਵਾਰ ਰਸਮਾਂ ਵੀ ਅਦਾ ਕਰਨਾ ਚਾਹੁੰਦੇ ਹਾਂ। ਪਹਿਲੀ ਰਸਮ ਭਾਈ ਲਕਸ਼ਵੀਰ ਸਿੰਘ ਜੀ ਨੂੰ ਆਨਰੇਰੀ ਪ੍ਰੋ. ਦੀ ਉਪਾਧੀ ਦੇਣ ਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਸਟੈਚੂਅਸ ਦੀ ਵਿਵਸਥਾ ਮੁਤਾਬਕ ਅਸੀਂ ਭਾਈ ਸਾਹਿਬ ਨੂੰ ਧਰਮ ਅਧਿਐਨ ਵਿਭਾਗ ਵਿਚ ਆਨਰੇਰੀ ਪ੍ਰੋ. ਦੀ ਉਪਾਧੀ ਦੇ ਰਹੇ ਹਾਂ। ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਹਰਪਾਲ ਸਿੰਘ ਪੰਨੂ ਭਾਈ ਸਾਹਿਬ ਦੀ ਜਾਣ-ਪਛਾਣ ਕਰਾਉਣਗੇ ਤੇ ਉਨ੍ਹਾਂ ਲਈ ਲਿਖਿਆ ਮਾਨ ਪੱਤਰ ਪੇਸ਼ ਕਰਨਗੇ।

ਇਸ ਮੁਬਾਰਕ ਕੰਮ ਤੋਂ ਬਾਅਦ ਅਸੀਂ ਦੂਸਰੀ ਰਸਮ ਸੰਨ 2006 ਵਿਚ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਲਿਖੀਆਂ ਪੁਸਤਕਾਂ ਨੂੰ ਰਿਲੀਜ਼ ਕਰਾਂਗੇ। ਇਸ ਸਾਲ ਵਿਚ ਸਾਡੀਆਂ 71 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਹਵਾਲਾ ਸਮੱਗਰੀ ਦੇ ਖੇਤਰ ਵਿਚ 5 ਕੋਸ਼ ਪ੍ਰਕਾਸ਼ਿਤ ਕੀਤੇ ਹਨ। ਮਹਾਨ ਕੋਸ਼ ਦੇ ਅੰਗਰੇਜ਼ੀ ਅਨੁਵਾਦ ਦਾ ਪਹਿਲਾ ਭਾਗ ਉਹ ਦੋ ਸਾਲ ਰਿਕਾਰਡ ਸਮੇਂ ਵਿਚ ਤਿਆਰ ਹੋਇਆ ਹੈ ਅਤੇ 30 ਨਵੰਬਰ 2006 ਨੂੰ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਰਿਲੀਜ਼ ਕੀਤਾ ਹੈ। ਦੂਸਰਾ ਕੋਸ਼ ਇਸੇ ਖੇਤਰ ਵਿਚ ਕੋਸ਼ੀਅਨ ਐਂਡ ਸੰਸਕ੍ਰਿਤ: ਏ ਕੋਮਨ ਹੇਰੀਟੇਜ਼ ਆਫ ਵਰਲਡ ਪ੍ਰੋ. ਜੀ. ਐਸ. ਰਿਆਲ ਦਾ, ਦੂਜਾ ਹੈ ਪੰਜਾਬੀ ਜੰਗਨਾਮਾ, ਸਾਹਿਤ ਸੰਦਰਭ ਕੋਸ਼ ਡਾ. ਗੁਰਦੇਵ ਸਿੰਘ ਸਿੱਧੂ ਦਾ ਤੇ ਤੀਜਾ ਹੈ ਵਾਤਾਵਰਨ ਵਿਸ਼ਾ ਕੋਸ਼ ਜਿਹੜਾ ਕਿ ਡਾ. ਸੁਰਜੀਤ ਸਿੰਘ ਢਿਲੋਂ ਤੇ ਡਾ. ਬਲਜੀਤ ਕੌਰ ਹੋਰਾਂ ਨੇ ਤਿਆਰ ਕੀਤਾ। ਨੋਬਲ ਪ੍ਰਾਇਜ਼ ਵਿਨਰ ਕਿਤਾਬਾਂ ਜਿਹੜੀਆਂ ਕਿ ਅਸੀਂ ਅਨੁਵਾਦ ਕਰਾਉਣੀਆਂ ਸ਼ੁਰੂ ਕੀਤੀਆਂ ਸਨ, ਦੀ ਲੜੀ ਵਿਚ ਹੀ ਅੱਜ ਅਸੀਂ ਬੋਰਿਸ ਲਿਓਨਿਦਵਿਕ ਪਾਸਤਰਵਾਨ ਦਾ ਨਾਵਲ ਡਾ. ਜ਼ਿਵਾਗੋ ਰਿਲੀਜ਼ ਕਰਾਂਗੇ। ਆਪਣੇ ਪ੍ਰਤੀਨਿਧ ਚਿੰਤਕਾਂ, ਸਾਹਿਤਕਾਰਾਂ ਦੀਆਂ ਸੰਪੂਰਨ ਰਚਨਾਵਾਂ ਅਸੀਂ ਛਾਪਦੇ ਹਾਂ ਤੇ ਇਸੇ ਲੜੀ ਅਧੀਨ ਅਸੀਂ ਆਪਣੇ ਯੂਨੀਵਰਸਿਟੀ ਦੇ ਮਾਣਯੋਗ ਗੌਰਵ ਪ੍ਰੋ. ਗੁਲਵੰਤ ਸਿੰਘ ਦੀ ਰਚਨਾਵਲੀ ਸਮੁਚੇ ਰੂਪ ਵਿਚ ਅੱਜ ਅਸੀਂ ਰਿਲੀਜ਼ ਕਰਾਂਗੇ। ਸੈਕਸ਼ਪੀਅਰ ਦੀ ਸਮੁੱਚੀ ਰਚਨਾ ਨੂੰ ਅਨੁਵਾਦ ਕਰਾਉਣ ਦਾ ਜਿਹੜਾ ਅਸੀਂ ਬੀੜਾ ਚੁੱਕਿਆ ਸੀ ਉਹਦੇ ਵਿਚ ਅਸੀਂ ਅੱਜ ਚਾਰ ਨਾਟਕ ਹੋਰ ਰਿਲੀਜ਼ ਕਰਾਂਗੇ ਜਿਹੜੇ ਸੁਰਜੀਤ ਹਾਂਸ ਜੀ ਨੇ ਅਨੁਵਾਦ ਕੀਤੇ ਹਨ। ਪ੍ਰੋ. ਪ੍ਰੀਤਮ ਸਿੰਘ ਹੁਰਾਂ ਨੇ ਸਾਨੂੰ ਇਕ ਅਡੋਮੈਂਟ ਫੰਡ ਸਕੀਮ ਦਿੱਤੀ ਸੀ ਉਸ ਸਕੀਮ ਦੇ ਅਧੀਨ ਅਸੀਂ ਪੰਜਾਬੀ ਨੂੰ ਵਿਧੀਵਤ

Sri Satguru Jagjit Singh Ji Elibrary NamdhariElibrary@gmail.com

ਪੜ੍ਹਾਉਣ ਦੀ ਜੋ ਸਕੀਮ ਤਿਆਰ ਕੀਤੀ ਹੈ ਉਸਦੇ ਅਧੀਨ ਅਸੀਂ ਪਹਿਲੀ ਕਿਤਾਬ ਤਿਆਰ ਕਰਵਾਈ ਹੈ, 'ਪਹਿਲੀ ਜਮਾਤ ਨੂੰ ਪੰਜਾਬੀ ਕਿਵੇਂ ਪੜ੍ਹਾਈਏ' ਇਹ ਕਿਤਾਬ ਵੀ ਅੱਜ ਇਥੋਂ ਰਿਲੀਜ਼ ਹੋ ਰਹੀ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਦਾ ਜਾਇਜ਼ਾ ਇਹ ਪੁਸਤਕ ਸਾਨੂੰ ਪੰਜਾਬੀ ਸਾਹਿਤ ਦੇ ਨਾਲ ਨਿਰੰਤਰ ਵਾਬਸਤਾ ਰਹਿਣ ਵਾਲੇ ਵਿਦਵਾਨ ਡਾ. ਕਰਨੈਲ ਸਿੰਘ ਥਿੰਦ ਹੋਰਾਂ ਤਿਆਰ ਕਰਕੇ ਦਿੱਤੀ ਹੈ। ਇਸ ਦੇ ਨਾਲ ਹੀ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਸ਼ੇਰ ਸ਼ਾਹ ਤੇ ਉਸਦਾ ਸਮਾਂ, ਦੱਖਣੀ ਭਾਰਤ ਦਾ ਇਤਿਹਾਸ, ਦਾ ਸਿਖਜ਼ ਇਨ ਦਾ ਟ੍ਰਾਂਸਫਰ ਆਫ਼ ਪਾਵਰ ਰਿਲੀਜ਼ ਕਰਾਂਗੇ। ਸਮਾਜ ਕਾਰਜ ਦੇ ਨਾਲ ਸੰਬੰਧਿਤ ਦੋ ਪੁਸਤਕਾਂ ਹਨ, ਸੋਸ਼ਲ ਵਰਕ ਦੀਆਂ ਵਿਧੀਆਂ ਅਤੇ ਸਮਾਜ ਕਾਰਜ, ਐਜੂਕੇਸ਼ਨ ਨਾਲ ਸੰਬੰਧਿਤ ਪੰਜ ਪੁਸਤਕਾਂ, ਕਾਨੂੰਨ ਦੇ ਵਿਸ਼ੇ ਨਾਲ ਸੰਬੰਧਿਤ ਦੋ ਪੁਸਤਕਾਂ, ਰਾਜਨੀਤੀ ਵਿਗਿਆਨ, ਸੰਗੀਤ ਦੇ ਵਿਸ਼ੇ ਨਾਲ, ਵਿਗਿਆਨ ਦੇ ਵਿਸ਼ੇ ਨਾਲ ਕਿਤਾਬਾਂ ਅੱਜ ਅਸੀਂ ਰਿਲੀਜ਼ ਕਰਾਂਗੇ। ਸਮਾਜਿਕ ਵਿਗਿਆਨ ਪੱਤ੍ਰਿਕਾ ਦਾ 53ਵਾਂ ਅੰਕ ਗੁਰੂ ਅਰਜਨ ਤੇ ਉਨ੍ਹਾਂ ਹੀ ਸ਼ਹਾਦਤ ਵਿਸ਼ੇ ਉਤੇ ਵਿਸ਼ੇਸ਼ ਅੰਕ ਵਜੋਂ ਉਲੀਕਿਆ ਗਿਆ ਸੀ। ਉਹ ਵਿਸ਼ੇਸ਼ ਅੰਕ ਅਸੀਂ ਇਤਿਹਾਸ ਵਿਭਾਗ ਦੇ ਮੁਖੀ ਡਾ. ਜਸਪਾਲ ਕੌਰ ਜੀ ਦੀ ਮਦਦ ਨਾਲ ਸੰਪਾਦਤ ਕੀਤਾ ਹੈ, ਉਹ ਵੀ ਰਿਲੀਜ਼ ਕੀਤਾ ਜਾਵੇਗਾ।

ਸਾਡੇ ਮਾਣਯੋਗ ਵਾਈਸ-ਚਾਂਸਲਰ ਸ. ਸਵਰਨ ਸਿੰਘ ਜੀ ਬੋਪਾਰਾਏ ਦੀਆਂ ਦੂਰ-ਅੰਦੇਸ਼ੀਆਂ ਤੇ ਪਹਿਲ-ਕਦਮੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੰਜਾਬੀ ਸਮਾਜ ਵਿਚ ਹੀ ਨਹੀਂ ਵਿਸ਼ਵ ਦੇ ਵਿਚ ਨਿਵੇਕਲੀ ਪਹਿਚਾਣ ਦਿਵਾਈ ਹੈ। ਪੰਜਾਬੀ ਭਾਸ਼ਾ ਨੂੰ ਅਮੀਰ ਬਣਾਉਣ ਲਈ ਜਿਥੇ ਉਹ ਬਹੁਤ ਸਾਰੇ ਨਵੇਂ ਸ਼ਬਦ ਖੁਲ੍ਹੇ ਮਨ ਨਾਲ ਅਪਣਾਉਣ ਦੀ ਹਾਮੀ ਭਰਦੇ ਹਨ ਉਥੇ ਅਸੰਭਵ ਸ਼ਬਦ ਉਤੇ ਪੱਕੀ ਸਿਆਹੀ ਫੇਰ ਕੇ ਉਸਨੂੰ ਮਿਟਾ ਦੇਣਾ ਚਾਹੁੰਦੇ ਹਨ। ਜਿਸ ਕੰਮ ਨਾਲ ਵੀ ਜਿਸ ਕਿਸੇ ਅਸੰਭਵ ਲਗਾਇਆ ਉਸੇ ਨੂੰ ਹੀ ਉਨ੍ਹਾਂ ਨੇ ਇਕ ਮੁੱਖ ਚੁਣੌਤੀ ਵਜੋਂ ਲਿਆ ਤੇ ਆਪਣੀ ਫ਼ੈਕਲਟੀ ਦੀ ਸਮਰਥਾ ਵਿਚ ਉਨ੍ਹਾਂ ਇੰਨਾ ਵਿਸ਼ਵਾਸ ਭਰ ਦਿੱਤਾ, ਉਨ੍ਹਾਂ ਦਾ ਹੌਸਲਾ ਇੰਨਾ ਬੁਲੰਦ ਕਰ ਦਿੱਤਾ ਕਿ ਉਹ ਸਭ ਤੋਂ ਪਹਿਲਾਂ ਉਹੀ ਕੰਮ ਮੁਕੰਮਲ ਕਰਨਾ ਚਾਹੁੰਦੇ ਹਨ। ਹਰ ਬੰਦਾ ਆਪਣਾ ਯੋਗਦਾਨ ਇਸ ਯੂਨੀਵਰਸਿਟੀ ਨੂੰ ਦੇ ਰਿਹਾ ਹੈ। ਯੂਨੀਵਰਸਿਟੀ ਦੇ ਵਿਕਾਸ ਦੀ ਜਿਹੜੀ ਦਿਸ਼ਾ ਹੈ ਉਹ ਇਸ ਦੀ ਸ਼ੋਭਾ ਨੂੰ ਵਧਾ ਰਹੀ ਹੈ। ਯੂਨੀਵਰਸਿਟੀ ਦੇ ਕਾਰਜ ਬਹੁਪੱਖੀ ਤੇ ਬਹੁਦਿਸ਼ਾਵੀਂ ਨੇ, ਪਰ ਵਿਕਾਸ ਹਮੇਸ਼ਾਂ ਉਨ੍ਹਾਂ ਦੀ ਤਰਜੀਹ ਰਿਹਾ ਹੈ ਇਸ ਦਾ ਮੂੰਹੋਂ ਬੋਲਦੇ ਪ੍ਰਮਾਣ ਅੱਜ ਤੁਹਾਡੇ ਸਾਹਮਣੇ ਹਨ।

Sri Satguru Jagjit Singh Ji Elibrary NamdhariElibrary@gmail.com

## ਭਾਈ ਲਕਸ਼ਵੀਰ ਸਿੰਘ ਜੀ ਨਾਲ ਜਾਣ ਪਛਾਣ

*ਪ੍ਰੋ. ਹਰਪਾਲ ਸਿੰਘ ਪੰਨੂ**

ਸਤਿਕਾਰਯੋਗ ਭਾਈ ਲਕਸ਼ਵੀਰ ਸਿੰਘ ਜੀ ਨਾਮਧਾਰੀ, ਵਾਈਸ-ਚਾਂਸਲਰ ਬੋਪਾਰਾਏ ਸਾਹਿਬ, ਡਾ. ਜਗਤਾਰ ਸਿੰਘ ਗਰੇਵਾਲ ਜੀ, ਡਾ. ਸੁੱਚਾ ਸਿੰਘ ਗਿੱਲ, ਡੀਨ ਅਕਾਦਮਿਕ ਮਾਮਲੇ, ਡਾ. ਪਰਮ ਬਖ਼ਸ਼ੀਸ਼ ਸਿੰਘ, ਭੈਣ ਧਨਵੰਤ ਕੌਰ, ਦੋਸਤੋ ਤੇ ਵਿਦਿਆਰਥੀਓ,

ਭਾਈ ਲਕਸ਼ਵੀਰ ਸਿੰਘ ਆਪਣੇ ਵਿਚੋਂ ਬਹੁਤਿਆਂ ਨੇ ਸੁਣਿਆ ਨਹੀਂ ਹੋਇਆ ਸੀ। ਤਕਰੀਬਨ ਸਾਲ-ਸਵਾ ਸਾਲ ਪਹਿਲਾਂ ਬੋਪਾਰਾਏ ਸਾਹਿਬ ਨਾਲ ਮੁਲਾਕਾਤ ਹੋਈ, ਉਹ ਕਹਿਣ ਲੱਗੇ, "ਇਕ ਨਾਂ ਸੁਣਿਆ ਹੈ, ਭਾਈ ਲਕਸ਼ਵੀਰ ਸਿੰਘ?" ਮੈਂ ਜਵਾਬ ਨਾਂਹ ਵਿਚ ਦਿਤਾ। ਕਹਿੰਦੇ, "ਉਹਨਾਂ ਦਾ ਗ੍ਰੰਥ ਆਇਆ ਹੈ ਆਪਣੇ ਪਾਸ, ਆਪਾਂ ਗੁਰਮੁਖੀ ਵਿਚ ਅਨੁਵਾਦ ਕਰਕੇ ਉਸਨੂੰ ਯੂਨੀਵਰਸਿਟੀ ਵੱਲੋਂ ਛਾਪੀਏ? ਬੜੀ ਤਾਰੀਫ਼ ਸੁਣੀ ਹੈ।" ਮੈਂ ਕਿਹਾ, "ਜੀ ਪਹਿਲਾਂ ਆਪਾਂ ਪਰਖ ਕਰਾਂਗੇ। ਯੂਨੀਵਰਸਿਟੀ ਦੇ ਵਿਚ ਇਸ ਕੰਮ ਦੇ ਪਾਰਖੂ ਮੈਨੂੰ ਜੀ.ਐਸ. ਰਿਆਲ ਲੱਗੇ। ਗ੍ਰੰਥ ਨੂੰ ਮੈਂ ਰਿਆਲ ਜੀ ਪਾਸ ਲੈ ਗਿਆ। ਉਨ੍ਹਾਂ ਨੂੰ ਇਹ ਨਹੀਂ ਦੱਸਿਆ ਕਿ ਗ੍ਰੰਥ ਕੀਹਨੇ ਦਿਤਾ ਹੈ ਅਤੇ ਕੀਹਦੀ ਰਚਨਾ ਹੈ। ਛੇ-ਸਤ ਦਿਨਾਂ ਤੋਂ ਬਾਅਦ ਰਿਆਲ ਸਾਹਿਬ ਪਾਸ ਮੈਂ ਗਿਆ। ਮਨ ਵਿਚ ਫੈਸਲਾ ਕਰ ਲਿਆ ਸੀ ਕਿ ਮੈਂ ਉਨ੍ਹਾਂ ਨੂੰ ਪੁਛਾਂਗਾ ਨਹੀਂ ਕਿ ਕਿਹੋ ਜਿਹਾ ਲਗਿਆ ਗ੍ਰੰਥ ਪੜ੍ਹ-ਵੇਖ ਕੇ? ਅਤੇ ਜੇਕਰ ਰਿਆਲ ਸਾਹਿਬ ਨੇ ਖੁਦ ਜ਼ਿਕਰ ਹੀ ਨਾ ਕੀਤਾ ਗ੍ਰੰਥ ਦਾ ਤਾਂ ਸਮਝ ਲਵਾਂਗੇ ਕਿ ਕੰਮ ਦਾ ਨਹੀਂ ਹੈ। ਰਿਆਲ ਸਾਹਿਬ ਮੇਰੇ ਵੱਲੋਂ 'ਸਤਿਸ੍ਰੀ ਅਕਾਲ' ਸੁਣਨ ਤੋਂ ਬਾਅਦ ਪਹਿਲਾਂ ਹੀ ਬੋਲ ਪਏ, "ਇਹ ਸ਼ਾਇਰ ਅਤੇ ਇਸ ਸ਼ਾਇਰ ਦੀ ਨਜ਼ਮ ਆਮ ਨਹੀਂ ਹੈ, ਮੁੱਦਤਾਂ ਬਾਅਦ ਆਪਾਂ ਸ਼ੇਖ ਸਾਅਦੀ ਦੀ ਬੰਦਗੀ ਵਾਲੀ ਥਾਂ ਉਪਰ ਪੁੱਜੇ। ਮੈਂ ਕਿਸੇ ਬਾਣੀ ਦਾ ਪਾਠ ਇੱਕੋ ਵਾਰੀ ਨਹੀਂ ਕੀਤਾ ਜਿਵੇਂ ਤੁਸੀਂ ਨਿਤਨੇਮੀ ਕਰਦੇ ਹੋ। ਮੈਂ ਤਾਂ ਇੱਕ ਵਾਕ ਉਤੇ ਅੜ ਜਾਂਦਾ ਹਾਂ, ਇਕ-ਇਕ ਸ਼ਬਦ ਉਤੇ ਕਈ-ਕਈ ਦਿਨ ਲਾ ਦਿੰਦਾ ਹਾਂ। ਇਹ ਸ਼ਾਇਰੀ ਹੈ, ਜੀਹਦੀ ਫਾਰਸੀ ਹਿੰਦੁਸਤਾਨੀ ਫਾਰਸੀ ਨਹੀਂ, ਈਰਾਨ ਦਾ ਮਖਮਲ ਹੈ। ਅਸੀਂ ਇਹਨੂੰ ਈਰਾਨੀ ਮਖ਼ਮਲ ਆਖਦੇ ਹਾਂ।"

ਮੈਂ ਕਿਹਾ, "ਜੀ ਫੇਰ ਤੁਸੀਂ ਲਿਖ ਦਿਓ, ਜੋ ਕੁਝ ਤੁਹਾਡੇ ਮਨ ਵਿਚ ਆਇਆ ਹੈ।" ਰਿਆਲ ਸਾਹਿਬ ਦੀ ਰਿਪੋਰਟ ਪ੍ਰਾਪਤ ਹੋਈ। ਫਿਰ ਬਿਨਾਂ ਕਿਸੇ ਰਿਪੋਰਟ ਦੇ ਹਵਾਲੇ ਦੇ ਅਸੀਂ ਫ਼ਾਰਸੀ ਵਿਭਾਗ ਦੇ ਮੁਖੀ ਪ੍ਰੋ. ਤਾਰਿਕ ਕਿਫਾਇਤ ਉਲਾ ਸਾਹਿਬ ਪਾਸ ਇਹ ਕਿਤਾਬ ਲੈ ਗਏ ਤੇ ਮੈਂ ਕਿਹਾ, "ਇਹ ਦੇਖੋ, ਇਹ ਕਿਤਾਬ ਆਪਣੇ ਹੱਥ ਲੱਗੀ ਹੈ। ਕਿਸ ਤਰ੍ਹਾਂ ਦੀ ਹੈ ਭਲਾ?"

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਤੀਸਰੇ ਦਿਨ ਉਨ੍ਹਾਂ ਵੱਲੋਂ ਉੱਤਰ ਸੀ, "ਈਰਾਨ ਦਾ ਰੇਸ਼ਮ ਹੈ, ਇਹ ਹਿੰਦੁਸਤਾਨੀ ਫ਼ਾਰਸੀ ਨਹੀਂ ਹੈ।" ਦੂਜੀ ਥਾਂ ਉਪਰ, 'ਮਖਮਲ' ਸ਼ਬਦ ਸੁਣਨ ਤੋਂ ਬਾਅਦ 'ਰੇਸ਼ਮ' ਸ਼ਬਦ ਤਾਰਿਕ ਕਿਫਾਇਤ ਉੱਲਾ ਸਾਹਿਬ ਤੋਂ ਸੁਣਿਆਂ। ਫੇਰ ਇਹਨਾਂ ਨੂੰ ਬੇਨਤੀ ਕੀਤੀ ਕਿ ਆਪਾਂ ਇਹਨੂੰ ਛਾਪਣਾ ਹੈ ਤੇ ਤੁਸੀਂ ਮਦਦ ਕਰੋਗੇ? ਕਹਿਣ ਲੱਗੇ ਕਿ ਖਾਲਸ ਬੰਦਗੀ ਹੋਵੇਗੀ ਆਪਣੀ, ਜੇ ਆਪਾਂ ਇਹ ਸੇਵਾ ਕਰਾਂਗੇ।

ਛੇ ਮਹੀਨਿਆਂ ਵਿਚ ਤਿਆਰ ਹੋ ਜਾਣ ਉਪਰੰਤ, ਇਹ ਪਰਖਣ ਲਈ ਕਿ ਇਹਦੇ ਤਿਆਰ ਰੂਪ ਵਿਚ ਕੁਝ ਨੁਕਸ ਤਾਂ ਨਹੀਂ, ਅਸੀਂ ਇਸ ਗ੍ਰੰਥ ਦੇ ਰਚੇਤਾ ਨਾਲ ਤਾਲਮੇਲ ਲਈ, ਭਾਈ ਸਾਹਿਬ ਦਾ ਸਿਰਨਾਵਾਂ ਜਾਂ ਫ਼ੋਨ ਨੰਬਰ ਲੱਭਣ ਲੱਗੇ। 1969 ਵਿੱਚ 500 ਸਾਲਾ ਜਨਮ-ਸ਼ਤਾਬਦੀ (ਗੁਰੂ ਨਾਨਕ ਦੇਵ ਜੀ) ਦੇ ਸਮੇਂ ਇਹ ਗ੍ਰੰਥ ਛਪਿਆ ਸੀ, ਉਸ ਸਿਰਨਾਵੇਂ ਉਪਰ 1969 ਵਾਲਾ ਪਤਾ ਸੀ, "ਲਕਸ਼ਵੀਰ ਸਿੰਘ ਮੁਜ਼ਤਰ ਨਾਭਵੀ, ਵੀਰ ਨਿਵਾਸ, ਸ਼ਿਮਲਾ ਹਿੱਲਜ, ਚੈਲ।"

ਅਸੀਂ ਉਪਰੋਕਤ ਪਤੇ ਉੱਪਰ 'ਵੀਰ ਨਿਵਾਸ' ਚੈਲ ਵੱਲ ਖ਼ਤ ਪਾ ਦਿਤਾ। ਤਕਰੀਬਨ ਇੱਕ ਮਹੀਨੇ ਤੋਂ ਬਾਅਦ ਜਵਾਬ ਆਇਆ ਜੋ ਬਹੁਤ ਕੰਬਦੇ ਹੱਥਾਂ ਨਾਲ ਲਿਖਿਆ ਖ਼ਤ ਸੀ, ਕਿ ਜਿਹੜਾ ਮੇਰਾ ਖਜ਼ਾਨਾ ਹੈ, ਮੇਰੇ ਪਾਸ ਸੰਭਾਲਿਆ ਪਿਆ ਹੈ..... ਹਾਲੇ ਨਾ ਆਓ, ਅੱਖ ਦਾ ਓਪਰੇਸ਼ਨ ਕਰਵਾਇਆ ਹੈ, ਤਬੀਅਤ ਠੀਕ ਨਹੀਂ......ਰਤਾ ਕੁ ਰੁਕ ਕੇ ਆਇਓ। ਇਹਨਾਂ ਦੇ ਛੋਟੇ ਬੇਟੇ ਕ੍ਰਿਸ਼ਨਵੀਰ ਜੀ (ਪਿਛੇ ਬੈਠੇ ਹਨ) ਤੋਂ ਫ਼ੋਨ ਰਾਹੀਂ ਉੱਥੇ ਜਾਣ ਦਾ ਸੱਦਾ ਪ੍ਰਾਪਤ ਹੋਇਆ। ਭਾਈ ਸਾਹਿਬ ਬਹੁਤ ਸਤਿਕਾਰ ਨਾਲ ਮਿਲੇ, ਸਹਿਜੇ-ਸਹਿਜੇ ਗੱਲਾਂ ਸ਼ੁਰੂ ਹੋਈਆਂ। ਮੈਂ ਪੁੱਛਿਆ, ਜੀ 'ਮੁਨਾਜਾਤਿ ਬਾਮਦਾਦੀ' ਦੀ ਟਾਈਪ ਕਾਪੀ ਲੈਕੇ ਆਏ ਹਾਂ। ਇਸ ਵਿਚ ਕਿਤੇ ਗਲਤੀਆਂ ਨਾ ਰਹਿ ਜਾਣ, ਦਰੁਸਤ ਕਰਨਾ ਸ਼ੁਰੂ ਕਰੀਏ? ਬੋਲੇ- "ਨਾਂਹ, ਅਜ ਨਹੀਂ, ਅੱਜ ਇਸ ਦੇ ਕਰਤਾ ਬਾਰੇ ਤੁਹਾਨੂੰ ਦੱਸਾਂਗਾ। ਕੱਲ੍ਹ ਨੂੰ ਕੰਮ ਸ਼ੁਰੂ ਕਰਾਂਗੇ। ਕੱਲ੍ਹ ਨੂੰ ਵੀ ਸ਼ੁਰੂ ਕਰਾਂਗੇ ਜੇ ਦਿਲ ਕੀਤਾ" ਨਹੀਂ ਤਾਂ ਕੱਲ੍ਹ ਨੂੰ ਵੀ ਨਹੀਂ। ਮੈਂ ਕਦੀ ਕਾਹਲੀ ਨਹੀਂ ਕੀਤੀ ਜ਼ਿੰਦਗੀ ਵਿਚ। ਸਾਦਾ ਸਬਰ ਸੰਤੋਖ ਦਾ ਜੀਵਨ ਬਿਤਾਇਆ। ਅਸੀਂ ਕਾੜ੍ਹਨੀ ਦਾ ਦੁੱਧ ਪੀਤਾ। ਦੁੱਧ ਹੌਲੀ-ਹੌਲੀ ਅੱਗ ਤੋਂ ਸੇਕ ਲੈਂਦਾ-ਲੈਂਦਾ ਉਸਦਾ ਗੁਲਾਬੀ ਰੰਗ ਵੀ ਲੈ ਲੈਂਦਾ ਹੈ, ਉਸ ਵਿਚ ਮਿਠਾਸ ਆ ਜਾਂਦੀ ਹੈ। ਕਦੀ ਗੈਸ ਉਪਰ ਦੁੱਧ ਦਾ ਰੰਗ ਗੁਲਾਬੀ ਹੋਇਆ? ਖ਼ੂਨ ਸੁਫ਼ਨੇ ਲੈਂਦਾ ਰਹਿੰਦਾ ਹੈ, ਮੈਂ ਕਦੀ ਦੁੱਧ ਬਣਾਂ। ਬਣ ਤਾਂ ਜਾਂਦਾ ਹੈ ਇਕ ਦਿਨ ਪਰ ਅਰਸਾ ਲੰਮਾ ਚਾਹੀਦਾ ਹੈ। ਧੀ ਜੰਮਦੀ ਹੈ। ਖੇਡਦੀ-ਖੇਡਦੀ ਜੁਆਨ ਹੁੰਦੀ ਹੈ, ਫਿਰ ਉਸ ਲਈ ਵਰ ਲੱਭਦੇ ਹਾਂ, ਫਿਰ ਉਸ ਦੇ ਸੰਤਾਨ ਪੈਦਾ ਹੁੰਦੀ ਹੈ। ਖ਼ੂਨ ਦਾ ਇਕ ਹਿੱਸਾ ਉਦੋਂ ਦੁੱਧ ਬਣਦਾ ਹੈ। ਸਾਡੀ ਲਿਖਤ ਵਿਚ, ਸਾਡੇ ਬੋਲਾਂ ਵਿਚ, ਨਫ਼ਾਸਤ ਲੰਮੀ ਰਿਆਜ਼ ਤੋਂ ਬਾਅਦ ਆਈ।"

"ਅਮੀਰ ਖੁਸਰੋ ਫਖ਼ਰ ਨਾਲ ਆਖਦਾ ਹੈ ਕਿ ਉਸ ਨੇ ਦੁੱਧ-ਦੰਦਾਂ ਨਾਲ ਨਜ਼ਮ ਰਚੀ। ਮੇਰੇ ਨਾਲ ਇਹੋ ਵਾਪਰਿਆ। ਅੱਠਵੀਂ ਜਮਾਤ ਵਿਚ ਮੈਂ ਦਸਮ ਪਾਤਸ਼ਾਹ ਹਜ਼ੂਰ ਦੇ ਕਸੀਦੇ ਫ਼ਾਰਸੀ ਜ਼ਬਾਨ ਵਿਚ ਲਿਖਣ ਲੱਗਿਆ ਸਾਂ। ਕਲਗੀ ਤੋਂ ਲੈ ਕੇ ਜੋੜਿਆਂ ਤੱਕ ਦੇ ਕਸੀਦੇ ਲਿਖੇ। ਕਸੀਦਾ ਪੂਰਾ ਕਰਕੇ ਅਰਦਾਸ ਕਰਦਾ, 'ਮਹਾਰਾਜ ਫ਼ਾਰਸੀ ਦੀ ਨਜ਼ਮ ਦਿਉ ਮੈਨੂੰ। ਉਨੀ ਤਾਂ ਮੈਂ ਨਹੀਂ ਮੰਗਦਾ ਜਿੰਨੀ ਤੁਸੀਂ ਭਾਈ ਨੰਦ ਲਾਲ ਜੀ ਨੂੰ ਦਿਤੀ ਸੀ, ਪਰ ਏਸ ਮੰਗਤੇ ਨੂੰ

Sri Satguru Jagjit Singh Ji Elibrary NamdhariElibrary@gmail.com

ਕੁਝ ਤਾਂ ਦਿਉ ਜੀ।' ਇਸ ਬੁੱਢੇ ਨੂੰ ਬਚਪਨ ਵਿਚ ਚੰਗੀ ਤਰ੍ਹਾਂ ਮੰਗਣਾ ਆ ਗਿਆ ਸੀ। ਮਹਾਰਾਜ ਏਨੇ ਮਿਹਰਬਾਨ ਹੋਏ ਕਿ ਫ਼ਾਰਸੀ ਦੀ ਨਜ਼ਮ ਤਾਂ ਦਿਤੀ ਹੀ, ਅਰਬੀ ਜ਼ਬਾਨ ਰੁੰਗੇ ਵਿਚ ਐਵੇਂ ਸੁੱਟ ਦਿੱਤੀ, ਮੇਰੀ ਝੋਲੀ ਵਿਚ। ਕੋਈ ਮੁਸ਼ਕਲ ਨਹੀਂ ਆਈ ਕਦੀ। ਤਾਰਿਕ ਸਾਹਿਬ! ਕਿੰਨਾ ਕੁ ਹਿਫਜ਼ (ਯਾਦ) ਹੈ ਪਾਕਿ ਕੁਰਾਨ?"

ਤਾਰਿਕ ਨੇ ਕਿਹਾ, "ਜੀ ਬਸ ਨਮਾਜ਼ ਵਾਲੀਆਂ ਆਇਤਾਂ ਯਾਦ ਹਨ।" ਕਿਹਾ, "ਸੁਣਾਓ ਕੋਈ ਆਇਤ। ਤਾਰਿਕ ਨੇ ਅੱਖਾਂ ਬੰਦ ਕੀਤੀਆਂ, ਥੋੜ੍ਹੇ ਸਮੇਂ ਬਾਅਦ ਇਕ ਆਇਤ ਉਚਾਰੀ। ਭਾਈ ਸਾਹਿਬ ਨੇ ਕਿਹਾ- "ਗੁਸਤਾਖ਼ੀ ਕਿਉਂ ਕੀਤੀ?" ਪਹਿਲਾਂ ਬਿਸਮਿੱਲਾ ਕਿਉਂ ਨਹੀਂ ਪੜ੍ਹਿਆ?" ਤਾਰਿਕ ਨੇ ਕਿਹਾ- "ਜੀ ਦਿਲ ਵਿਚ ਪਹਿਲਾਂ ਬਿਸਮਿੱਲਾ ਪੜ੍ਹਿਆ ਸੀ। ਤੁਹਾਡਾ ਹੁਕਮ ਆਇਤ ਸੁਨਾਉਣ ਦਾ ਸੀ, ਸੋ ਬਸ ਆਇਤ ਸੁਣਾਈ।"

"ਤੁਹਾਡੇ ਉਚਾਰਨ ਵਿਚ ਦੋ ਨੁਕਸ ਹਨ। ਦੱਸਾਂ?"

"ਦੱਸੋ ਜੀ।"

ਨੁਕਸ ਦੱਸ ਕੇ ਕਹਿਣ ਲੱਗੇ, "ਜੇ ਮੇਰੇ ਤੇ ਸ਼ੱਕ ਹੈ ਤਾਂ ਇਮਾਮ ਗਜ਼ਾਲੀ ਦਾ ਗ੍ਰੰਥ ਦਿਖਾਵਾਂ? ਪੂਰਾ ਦਫ਼ਤਰ ਪਿਆ ਹੈ ਇਮਾਮ ਸਾਹਿਬ ਦਾ ਮੇਰੇ ਪਾਸ।" ਤਾਰਿਕ ਸਾਹਿਬ ਨੇ ਕਿਹਾ- ਕੋਈ ਵਿਵਾਦ ਨਹੀਂ ਜੀ। ਤੁਸੀਂ ਠੀਕ ਹੋ ਮੈਂ ਗਲਤ। ਅੱਗੇ ਨੂੰ ਠੀਕ ਉਚਾਰਨ ਕਰਾਂਗਾ।"

ਹਉਕਾ ਲੈਕੇ ਬੋਲੇ- "ਏਨਾ ਪਾਠ ਕੀਤਾ ਸੀ ਮੈਂ ਕੁਰਾਨ ਦਾ ਕਿ ਸਾਰਾ ਯਾਦ ਹੋ ਗਿਆ ਸੀ ਜ਼ਬਾਨੀ।"

ਅਸੀਂ ਕੁਝ ਸ਼ਿਅਰਾਂ ਉਪਰ ਨਿਸ਼ਾਨੀਆਂ ਲਾਈਆਂ ਹੋਈਆਂ ਸਨ ਜਿਨ੍ਹਾਂ ਦੇ ਵਜ਼ਨ ਵਿਚ ਸਾਨੂੰ ਨੁਕਸ ਲੱਗਾ ਸੀ। ਵਜ਼ਨ ਪਰਖਣ ਲਈ ਫ਼ਾਰਸੀ ਜ਼ਬਾਨ ਸਿਖਣੀ ਜ਼ਰੂਰੀ ਨਹੀਂ। ਇਹ ਸ਼ਿਅਰ ਦੇਖੋ :

*ਕਮਾਲਿ ਕਰਾਮਾਤ ਕਾਯਮ ਕਰੀਮ।*
*ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੁਨ ਰਹੀਮ।*

ਜ਼ਫਰਨਾਮੇ ਦਾ ਇਹ ਸ਼ਿਅਰ ਗੁਰਮੁਖੀ ਅੱਖਰਾਂ ਵਿਚ ਪੜ੍ਹਦਿਆਂ ਵੀ ਪਤਾ ਲੱਗ ਜਾਂਦਾ ਹੈ ਕਿ ਸੌ ਫੀਸਦੀ ਦਰੁੱਸਤ ਵਜ਼ਨ ਹੈ। ਭਾਈ ਸਾਹਿਬ ਨੂੰ ਅਸੀਂ ਕਿਹਾ "ਜੀ ਇਹ ਜਿਹੜੇ ਨਿਸ਼ਾਨੀਆਂ ਵਾਲੇ ਸ਼ਿਅਰ ਹਨ ਇਹ ਸਾਡੇ ਤੋਂ ਠੀਕ ਤਰ੍ਹਾਂ ਪੜ੍ਹੇ ਨਹੀਂ ਗਏ। ਤੁਸੀਂ ਪੜ੍ਹ ਕੇ ਸੁਣਾਉ।" ਹੱਸ ਪਏ। ਕਿਹਾ "ਸਿਧੀ ਤਰ੍ਹਾਂ ਕਿਉਂ ਨਹੀਂ ਕਹਿੰਦੇ ਭਾਈਓ, ਕਿ ਵਜ਼ਨ ਵਿਚ ਨੁਕਸ ਹੈ? ਕਿਤੇ ਕਿਤੇ ਕੋਈ ਕਾਫੀਆ ਅੜ ਜਾਂਦਾ। ਦੇਰ ਤੱਕ ਮਿਹਨਤ ਕਰਦਾ। ਵਜ਼ਨ ਠੀਕ ਕਰ ਲੈਂਦਾ ਤਾਂ ਖ਼ਿਆਲ ਵਿਚ ਵਿਘਨ ਪੈ ਜਾਂਦਾ। ਜਦੋਂ ਵਜ਼ਨ ਅਤੇ ਖ਼ਿਆਲ ਆਪਸ ਵਿਚ ਟਕਰਾਉਣ ਲਗਦੇ ਤਾਂ ਖ਼ਿਆਲ ਨੂੰ ਬਚਾਉਣ ਲਈ ਮੈਂ ਵਜ਼ਨ ਦਾ ਖ਼ੂਨ ਕਰ ਦਿੰਦਾ। ਖ਼ਿਆਲ ਵੱਡਾ ਹੈ ਮੇਰੇ ਲਈ ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦਾ ਖ਼ਿਆਲ ਹੈ।"

"ਠੀਕ ਹੈ। ਹੁਣ ਇਕ ਵਾਰ ਫੇਰ ਠੀਕ ਕਰਨ ਦਾ ਯਤਨ ਕਰਾਂਗਾ। ਬਹੁਤ ਅਰਸਾ ਪਹਿਲਾਂ 1932 ਵਿਚ ਮੈਂ ਆਗਰੇ ਗਿਆ। ਕਾਰੀਗਰ ਤਾਜ ਮਹਿਲ ਦੇ ਮਾਡਲ ਘੜੀ ਜਾ ਰਹੇ ਸਨ, ਵੇਚੀ ਜਾ ਰਹੇ ਸਨ। ਮੈਨੂੰ ਇਕ ਮਾਡਲ ਪਸੰਦ ਆਇਆ। ਕੀਮਤ ਪੁੱਛੀ ਤਾਂ ਕਾਰੀਗਰ ਨੇ

Sri Satguru Jagjit Singh Ji Elibrary NamdhariElibrary@gmail.com

ਕਿਹਾ- ਇਕ ਰੁਪਿਆ। ਉਦੋਂ ਇਕ ਰੁਪਈਆ ਬਹੁਤ ਵੱਡੀ ਰਕਮ ਹੋਇਆ ਕਰਦੀ ਸੀ। ਮੈਂ ਪਹਿਲਾਂ ਅੱਠ ਆਨੇ ਕਿਹਾ, ਫਿਰ ਬਾਰਾਂ ਆਨੇ। ਕਾਰੀਗਰ ਬੋਲਿਆ, "ਜੀ 15 ਆਨਿਆਂ ਦਾ ਵੀ ਨਹੀਂ ਦਿਆਂਗਾ ਕਿਉਂਕਿ ਸੋਲਾਂ ਆਨੇ ਖਰੀ ਚੀਜ਼ ਹੈ।" ਮੈਂ ਦੇਖਿਆ ਇਕ ਮਾਡਲ ਵਿਚ ਤਰੇੜ ਆਈ ਹੋਈ ਸੀ ਬਰੀਕ ਜਿਹੀ। ਉਹ ਦਿਖਾਉਂਦਿਆਂ ਮੈਂ ਕਿਹਾ ਇਹ ਤਾਂ ਬਾਰਾਂ ਆਨਿਆਂ ਦਾ ਦੇ ਦਿਉ ਕਿਉਂਕਿ ਤਰੇੜ ਆਈ ਹੋਈ ਐ। ਕਾਰੀਗਰ ਨੇ ਧਿਆਨ ਨਾਲ ਦੇਖਿਆ, ਫੇਰ ਦੇਖਿਆ ਤੇ ਠਾਹ ਕਰਕੇ ਸਾਹਮਣੇ ਪਈ ਚਟਾਨ ਉਪਰ ਮਾਰ ਕੇ ਕੰਕਰ ਕੰਕਰ ਕਰ ਦਿਤਾ, ਬੋਲਿਆ ਮਾਫ਼ ਕਰਨਾ ਜੀ। ਗੁਸਤਾਖ਼ੀ ਹੋ ਗਈ ਕਿਸੇ ਕਾਰੀਗਰ ਤੋਂ। ਅਸੀਂ ਨੁਕਸ ਵਾਲਾ ਮਾਲ ਨਹੀਂ ਵੇਚਦੇ।"

ਭਾਈਓ, ਉਦੋਂ ਦਾ ਇਹ ਸੋਚਦਾ ਰਹਿਨਾ, ਮੇਰੇ ਨਾਲੋਂ ਤਾਂ ਉਹ ਬੁੱਤਘਾੜਾ ਤਕੜਾ ਨਿਕਲਿਆ ਜਿਸਨੇ ਨੁਕਸਦਾਰ ਚੀਜ਼ ਨੂੰ ਬਰਦਾਸ਼ਤ ਨਹੀਂ ਕੀਤਾ। ਮੈਂ ਨੁਕਸਵਾਲੇ ਸ਼ਿਅਰ ਕਿਉਂ ਨਹੀਂ ਸੁੱਟ ਸਕਿਆ? ਫੇਰ ਮੈਂ ਆਪਣੇ ਆਪ ਨੂੰ ਤਸੱਲੀ ਦਿੱਤੀ ਕਿ ਮੈਂ ਮਿਹਨਤ ਕਰਕੇ ਸ਼ੀਸ਼ੇ ਦਾ ਇਕ ਗਲਾਸ ਬਣਾ ਲਿਆ ਜਿਸ ਨਾਲ ਚਾਹ ਪਾਣੀ ਪੀ ਲੈਨਾ। ਇਰਾਦਾ ਹੈ ਕਿ ਬਲੌਰ ਦਾ ਗਲਾਸ ਬਣਾਵਾਂ। ਸੋ ਕੋਸ਼ਿਸ਼ ਕਰੀ ਜਾਨਾ। ਪਰ ਜਦੋਂ ਤੱਕ ਬਲੌਰ ਦਾ ਗਲਾਸ ਬਣਦਾ ਨਹੀਂ, ਉਦੋਂ ਤੱਕ ਸ਼ੀਸ਼ੇ ਦਾ ਗਲਾਸ ਮੈਨੂੰ ਤੋੜਨਾ ਤਾਂ ਨਹੀਂ ਨਾ ਚਾਹੀਦਾ? ਫੇਰ ਵੀ, ਨੁਕਸ ਦੂਰ ਕਰਨ ਲਈ ਫਿਰ ਤੋਂ ਮਿਹਨਤ ਕਰਾਂਗਾ। ਕੋਈ ਕੋਈ ਕਾਫੀਆ ਬੜਾ ਤੰਗ ਕਰਦੈ। ਸਾਡੇ ਵੇਲਿਆਂ ਦੇ ਸ਼ਾਇਰ ਇਹੋ ਜਿਹੇ ਸ਼ਿਅਰ ਵੀ ਕਿਹਾ ਕਰਦੇ ਸਨ :

*ਕੋਈ ਇਹੋ ਜਿਹਾ ਕਾਫੀਆ ਤੂੰ ਘੜ ਮਾਮਦੀਨਾ।*
*ਜੀਹਦੇ ਵਿਚ ਸ਼ਾਇਰ ਖੁਦ ਜਾਏ ਅੜ ਮਾਮਦੀਨਾ।*

ਮੈਂ ਅਰਜ਼ ਕੀਤੀ "ਭਾਈ ਸਾਹਿਬ! ਤੁਹਾਨੂੰ ਪਟਿਆਲੇ ਯੂਨੀਵਰਸਿਟੀ ਵਿਚ ਲੈਕੇ ਜਾਵਾਂਗੇ। ਯੂਨੀਵਰਸਿਟੀ ਨੇ ਤੁਹਾਨੂੰ ਪ੍ਰੋਫੈਸਰਸ਼ਿਪ ਦੇਣ ਦਾ ਫੈਸਲਾ ਕੀਤਾ ਹੈ। ਵਿਸ਼ਵ ਪੰਜਾਬੀ ਕਾਨਫਰੰਸ ਉਪਰ ਇਹ ਸਨਮਾਨ ਦਿਆਂਗੇ।"

ਕਹਿਣ ਅੱਗੋ, "ਨਾ, ਮੈਂ ਨਹੀਂ ਜਾਣਾ ਕਿਤੇ। ਮੁੱਦਤਾਂ ਹੋ ਗਈਆਂ ਨੇ ਇਸ ਹੁਜਰੇ (ਡੇਰੇ) ਵਿਚੋਂ ਬਾਹਰ ਨਹੀਂ ਨਿਕਲਿਆਂ। ਬੰਦਗੀ ਕਰਦੇ ਫ਼ਕੀਰ ਨੂੰ ਹੁਜਰੇ ਵਿਚੋਂ ਕੱਢ ਕੇ ਲੋਕਾਂ ਵਿਚ ਲਿਜਾਓਗੇ ਤਾਂ ਫ਼ਕੀਰ ਬਦਨਾਮ ਹੋਏਗਾ। ਜਿੰਨਾ ਚਿਰ ਛੁਪਿਆ ਹੋਇਆ ਹਾਂ ਉਂਨਾ ਚਿਰ ਸੁਖੀ ਸ਼ਾਂਤੀ ਹੈ।"

ਮੈਂ ਕਿਹਾ, "ਜੀ ਅਸੀਂ ਵੀ ਉਸੇ ਵੱਡੇ ਦਰਬਾਰ ਦੇ ਮੁਰੀਦ ਹਾਂ ਜਿਸ ਦੇ ਤੁਸੀਂ ਹੋ। ਸਾਨੂੰ ਆਪਣੀਆਂ ਅਰਦਾਸਾਂ ਉੱਪਰ ਪੂਰਾ ਭਰੋਸਾ ਹੈ।"

ਹੱਸ ਪਏ, ਬੋਲੇ, "ਚਲੋ ਠੀਕ ਹੈ ਫੇਰ, ਮੋਤੀ ਸਮੁੰਦਰ ਵਿਚ ਪਿਆ ਰਹੇ ਹਜ਼ਾਰ ਸਾਲ ਜਾਂ ਟੋਭੇ ਦੇ ਚਿੱਕੜ ਵਿਚ, ਉਸ ਨੂੰ ਕੋਈ ਫ਼ਰਕ ਨੀਂ ਪੈਂਦਾ। ਮੋਤੀ ਕਦੀ ਦੁਕਾਨ ਵਿਚ ਖੁਦ ਚੱਲ ਕੇ ਗਿਆ? ਕੋਈ ਮੋਤੀ ਨੂੰ ਕੱਢ ਲੈਂਦਾ ਹੈ ਸਿੱਪੀ ਵਿਚੋਂ, ਸਾਫ਼ ਕਰਕੇ ਦੁਕਾਨ ਤੇ ਲੈ ਜਾਂਦੈ, ਸੌਦਾ ਹੁੰਦੈ, ਇਕ ਜਣਾ ਮੋਤੀ ਲੈ ਜਾਂਦਾ ਹੈ ਦੂਜਾ ਜਣਾ ਪੈਸੇ ਲੈ ਲੈਂਦਾ ਹੈ। ਖ਼ਾਮੋਸ਼, ਮੋਤੀ ਇਹ ਜਗਤ ਤਮਾਸ਼ਾ ਦੇਖਦਾ ਰਹਿੰਦਾ ਹੈ। ਚੰਗਾ ਭਾਈਓ ਜਿਵੇਂ ਤੁਹਾਡੀ ਮਰਜ਼ੀ। ਪਿਆਰ ਵਿਚ ਕਿਸਦਾ ਜ਼ੋਰ ਚਲਦੈ? ਦੁੱਧ ਵੇਚਣ ਵਾਸਤੇ ਕੁੜੀ ਮੱਟਾਂ ਦੇ ਨਜ਼ਦੀਕ ਬੈਠੀ ਸੀ।

Sri Satguru Jagjit Singh Ji Elibrary NamdhariElibrary@gmail.com

ਜੁਆਨ ਦੁੱਧ ਲੈਣ ਵਾਸਤੇ ਆਇਆ ਤੇ ਬਰਤਨ ਅੱਗੇ ਕੀਤਾ। ਕੁੜੀ ਨੇ ਕਈ ਕਟੋਰੀਆਂ ਦੁੱਧ ਬਰਤਨ ਵਿਚ ਪਾ ਦਿੱਤਾ। ਮੁੰਡੇ ਨੇ ਪੁੱਛਿਆ ਕਿੰਨੇ ਪੈਸਿਆਂ ਦਾ ਦੁੱਧ ਪਾਇਆ? ਕੁੜੀ ਨੇ ਕਿਹਾ ਪਤਾ ਨਹੀਂ। ਮੁੰਡੇ ਨੇ ਪੁੱਛਿਆ- ਕਿੰਨਾ ਦੁੱਧ ਪਾਇਆ? ਕੁੜੀ ਨੇ ਕਿਹਾ- ਪਤਾ ਨਹੀਂ। ਮੁੰਡੇ ਨੇ ਕਿਹਾ- ਹੋਰ ਫੇਰ ਪਤਾ ਕਿਸ ਗੱਲ ਦਾ ਹੈ? ਕੁੜੀ ਨੇ ਕਿਹਾ- ਪਤਾ ਇਸ ਗੱਲ ਦਾ ਹੈ ਕਿ ਜਿਸ ਨਾਲ ਪਿਆਰ ਕਰਦੇ ਹੋਈਏ ਉਸ ਨਾਲ ਹਿਸਾਬ ਕਿਤਾਬ ਨਹੀਂ ਕਰੀਦਾ।"

"ਗੁਰੂ ਮਹਾਰਾਜ ਨੇ ਆਪਣੇ ਉਪਰ ਕਿੰਨੀਆਂ ਮਿਹਰਬਾਨੀਆਂ ਕੀਤੀਆਂ, ਕਿੰਨੀਆਂ ਹੋਰ ਕਰਨਗੇ, ਇਸ ਦਾ ਉਨ੍ਹਾਂ ਨੇ ਕੋਈ ਲੇਖਾ ਥੋੜ੍ਹਾ ਕੀਤੈ? ਕੋਈ ਗਿਣਤੀਆਂ ਨੀ ਕਰਦੇ ਉਹ। ਕਿਸੇ ਵੱਡੇ ਸ਼ਾਹੂਕਾਰ ਨੂੰ ਪੁੱਛੋ ਕਿ ਤੇਰੇ ਕੋਲ ਕਿੰਨੇ ਪੈਸੇ ਨੇ ਖਜ਼ਾਨੇ ਵਿਚ? ਉਹ ਕਹੇਗਾ- ਮੈਨੂੰ ਕੀ ਪਤਾ? ਮੇਰੇ ਮੁਨੀਮ ਨੂੰ ਪਤੈ। ਆਪਾਂ ਹੱਥ ਵਿਚ ਇਹ ਵਹੀਆਂ ਜਿਹੀਆਂ ਚੁਕੀ ਫਿਰਦੇ ਹਾਂ ਨਾ, ਲੋਕ ਆਪਾਂ ਨੂੰ ਵੱਡਿਆਂ ਦੇ ਮੁਨੀਮ ਸਮਝ ਕੇ ਸੱਤ ਸ੍ਰੀ ਅਕਾਲ ਬੁਲਾ ਦਿੰਦੇ ਨੇ। ਪਤਾ ਆਪਾਂ ਨੂੰ ਵੀ ਕੋਈ ਨਹੀਂ। ਬਸ ਲੋਕਾਂ ਨੂੰ ਉਮੀਦ ਹੈ ਕਿ ਆਪਣੇ ਰਾਹੀਂ ਕਦੀ ਵੱਡਿਆਂ ਦਾ ਧਨ ਉਨ੍ਹਾਂ ਨੂੰ ਵੀ ਨਸੀਬ ਹੋਵੇਗਾ।"

ਜਿਵੇਂ ਭਾਈ ਨੰਦ ਲਾਲ ਜੀ ਨੇ ਦਸਮ ਪਾਤਸ਼ਾਹ ਉਪਰ ਲੰਮੀ ਗ਼ਜ਼ਲ ਕਹੀ- 'ਕਾਦਰਿ ਹਰਕਾਰ ਗੁਰੂ ਗੋਬਿੰਦ ਸਿੰਘ। ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ;' ਇਸੇ ਬੰਦਸ਼ ਵਿਚ ਮੈਂ ਇਕ ਦਿਨ ਭਾਈ ਵੀਰ ਸਿੰਘ ਜੀ ਉਪਰ ਗਜ਼ਲ ਲਿਖ ਦਿਤੀ ਸੀ :

*ਹਸਤ ਜ਼ਿੰਦਾਮੀਰ ਭਾਈ ਵੀਰ ਸਿੰਘ।*
*ਮੂਨਸਿ ਦਿਲਗੀਰ ਭਾਈ ਵੀਰ ਸਿੰਘ।*

ਮੈਂ ਇਕ ਨਵੰਬਰ, 2006 ਨੂੰ ਉਨ੍ਹਾਂ ਨੂੰ ਮਿਲਿਆ ਸੀ ਤੇ ਆ ਕੇ ਸਨਮਾਨ ਵਾਸਤੇ ਸਾਰੀ ਕਾਰਵਾਈ ਸ਼ੁਰੂ ਕਰਵਾਈ। ਦਸ ਨਵੰਬਰ ਨੂੰ ਸਿੰਡੀਕੇਟ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਭਾਈ ਲਕਸ਼ਵੀਰ ਸਿੰਘ ਜੀ ਨੂੰ ਆਨਰੇਰੀ ਪ੍ਰੋਫ਼ੈਸਰਸ਼ਿਪ ਪ੍ਰਦਾਨ ਕੀਤੀ ਜਾਵੇ। ਮੈਂ ਇਹ ਖ਼ਬਰ ਫ਼ੋਨ ਉਪਰ ਭਾਈ ਸਾਹਿਬ ਨੂੰ ਦੱਸੀ ਤਾਂ ਹੱਸ ਪਏ, ਕਿਹਾ- "ਕੀ ਲੋੜ ਸੀ ਏਨਾ ਕੁਝ ਕਰਨ ਦੀ? ਮੈਂ ਤਾਂ ਕਹਿਨਾ ਦੋ ਹਾਰ ਲੈਕੇ ਇਥੇ ਚੈਲ ਆ ਜਾਂਦੇ ਤੁਸੀਂ। ਇਕ ਹਾਰ ਫੁੱਲਾਂ-ਦਾ ਜਿਸ ਨਾਲ ਜਿਸਮ ਨੂੰ ਸੁਖ ਮਿਲਦਾ, ਦੂਜਾ ਹਾਰ ਜੁੱਤੀਆਂ ਦਾ, ਜਿਸ ਨੂੰ ਪਹਿਨ ਕੇ ਮੇਰੀ ਅਕਲ ਟਿਕਾਣੇ ਰਹਿੰਦੀ। ਆਦਮੀ ਚੀਜ਼ ਕੀ ਹੈ ਆਖਰ? ਇਹ ਤਾਂ ਬੱਚਿਆਂ ਨਾਲ ਉਨ੍ਹਾਂ ਦੇ ਬਰਾਬਰ ਖੇਡਾਂ ਨਹੀਂ ਖੇਡ ਸਕਦਾ, ਦਾਅਵਾ ਇਹ ਕਰਦੇ ਕਿ ਪੈਗੰਬਰਾਂ ਦੀਆਂ ਖੇਡਾਂ ਜਾਣ ਗਿਐ।"

ਮੈਂ ਵਾਈਸ-ਚਾਂਸਲਰ ਸ੍ਰ. ਸਵਰਨ ਸਿੰਘ ਬੋਪਾਰਾਏ ਦਾ ਸ਼ੁਕਰਾਨਾ ਕਰਦਾ ਹਾਂ। ਭਾਈ ਲਕਸ਼ਵੀਰ ਸਿੰਘ ਨੇ ਕਿਹਾ ਸੀ- "ਜਿਹੜਾ ਬੰਦਾ ਸ਼ੁਕਰਾਨਾ ਨਹੀਂ ਕਰਦਾ, ਉਸਨੂੰ ਰੋਟੀ ਖਾਣ ਦਾ ਹੱਕ ਨਹੀਂ ਹੈ। ਜਿਹੜੀਆਂ ਖਾਣ ਵਸਤਾਂ ਤੇਰੇ ਵਾਸਤੇ ਥਾਲੀ ਵਿਚ ਪਰੋਸੀਆਂ ਗਈਆਂ, ਕਦੀ ਸੋਚੀਂ, ਤੂੰ ਇਨ੍ਹਾਂ ਦਾ ਹੱਕਦਾਰ ਹੈ ਸੀ? ਸ਼ੁਕਰਾਨਾ ਨੀਂ ਕਰਨਾ ਤਾਂ ਬੁਰਕੀ ਤੋੜਨ ਲਈ ਆਪਣਾ ਹੱਥ ਅੱਗੇ ਨਾ ਕਰ।"

ਧੰਨਵਾਦ

Sri Satguru Jagjit Singh Ji Elibrary NamdhariElibrary@gmail.com

# ਉਦਘਾਟਨੀ ਸ਼ਬਦ

***ਭਾਈ ਲਖਬੀਰ ਸਿੰਘ ਜੀ ਨਾਭਵੀ***

*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥*

ਬੜੀ ਦੇਣ ਹੈ ਖ਼ੁਦਾ ਦੀ, ਬੜੀ ਦੇਣ ਹੈ ਖ਼ੁਦਾ ਦਾ, ਆਪ ਸਭ ਸਾਹਿਬਾਨ ਦਾ ਸ਼ੁਕਰੀਆ। ਵਾਈਸ-ਚਾਂਸਲਰ ਸਾਹਿਬ ਦਾ ਧੰਨਵਾਦ, ਜਿਨ੍ਹਾਂ ਨੇ ਇਸ ਨਾਚੀਜ਼ ਦੇ ਮੁਤੱਲਕ ਕੁਝ ਕਿਹਾ। ਉਨ੍ਹਾਂ ਦਾ ਵੀ ਧੰਨਵਾਦ। ਮਨ ਆਲਮ ਕਿ ਮਨ ਦਾਨਮ ਨ ਹੰਕਾਰ ਕੀਤਾ ਨ ਕਰ ਸਕਦਾ ਹੈ :

*ਸਰੀਰ। ਪਾਛੇ ਪਾਛੇ ਹਰਿ ਫਿਰੈ ਕਹਤ ਕਬੀਰ।*
*ਧੰਨ ਗੁਰੂ ਅਰਜਨ!*
*ਫ਼ਾਰਸੀ ਸ਼ਿਅਰ*
*ਐ ਕਮਾਲੇ, ਤੂ ਕਮਾਲ ਅਸਤ, ਕਮਾਲ ਅਸਤ, ਕਮਾਲ*
*ਐ ਜਮਾਲੇ ਤੂ ਜਮਾਲ ਅਸਤ, ਜਮਾਲ ਅਸਤ, ਜਮਾਲ*
*ਮੁਰਸ਼ਦੇ ਕਾਮਿਲੇ ਮਾ ਬੰਦਗੀ-ਏ-ਅਤ ਫ਼ਰਮਾਇਦ*
*ਐ ਰਹੇ ਫ਼ਅਲੇ ਮੁਬਾਰਕ ਕਿ ਬੁਨਦ ਸਾਹਿਬੇ ਹਾਲ*
*ਈਂ ਜਹਾਂ ਅਸਤ ਮਿਸਲੇ ਬਹਿਰੇ ਅਜ਼ੀਮ*
*ਸੂਰਤੇ ਸਾਹਿਲੇ ਨਿਜਾਤ ਗੁਰੂਨ ਖ਼ੁਦਾਇ ਸਫ਼ੀਨਾ-ਏ-ਹਸਤੀ*
*ਰਹਿਬਰੇ ਕਸ਼ਤੀ-ਏ ਹਯਾਤ ਗੁਰੂ*
*ਜ਼ਬਾਨਮ ਰਾਬਾਇਹੇ ਰੰਗੀਨੀ-ਏ-ਬਿਆਨੀਅਤਾ ਕੁਨ*
*ਕਿਲਕਿਲੇ ਮੁਜ਼ੱਤਰਾ ਰਾ ਰਵਾਨੀ*
*ਰਾਹਤੇ ਜਾਂ ਯਾਦਸ਼ਮ ਜ਼ਿਕਰਸ਼ ਕੁਨਮ*
*ਦੂਰਦਾਰਮ ਅਜ਼ ਤਨਮ ਰੰਜੋ ਅਲਮ*
*ਬੰਦਗੀ ਓ ਜ਼ਿਕਰੇ ਆਂ ਰੱਜ਼ਾਕਰਾ*
*ਆਂ ਕਿ ਦਾਰਮ ਪਰਵਰਮ ਆਫ਼ਾਕ ਰਾ*
*ਮੀ ਕੁਨਮ ਮਖ਼ਲੂਕੇ ਆਮ ਮਸ਼ਹੂਰ ਅੰਦ*
*ਜ਼ਿਕਰੇ ਹੱਕ ਬੇਸ਼ੁਮਾਰ-ਓ-ਬੇਹੱਦ ਅੰਦਰ ਫ਼ਿਕਰੇ ਹੱਕ*
*ਆਂ ਕਿ ਦਾਰਦ ਜ਼ੱਰਾ-ਏ-ਅਨਵਾਰੇ ਹੱਕ*
*ਜ਼ਿਕਰੇ ਸ਼ਾਨ-ਓ-ਖ਼ਿਲਵਤ ਅਜ਼ ਅਜ਼ ਬਸ ਅਜ਼ ਦਕ*
*ਆਂ ਕਿ ਮੁਸ਼ਤਾਕ਼ਾਨੇ ਬੂਏ ਅਜ਼ ਖ਼ਾਵੰਦ*

ਆਮ ਰਿਹਾਏ ਗੀਸਾ ਮਰਾ ਨਾਨਕ ਕੁਨਮ
ਸੁਖਮਨੀ ਤਸਕੀਨੇ ਦਿਲ ਬਾਗ਼ੇ ਨਿਜਾਤ
ਜ਼ਿਕਰੇ-ਖ਼ਾਲਿਕ ਚਸ਼ਮਾ-ਏ-ਆਬੇ-ਹਯਾਤ
ਇਸਮੇ ਹੱਕ ਬਖ਼ਿਦਮਤੇ ਜਨਾ ਕਿ ਮਨ ਬਿਸ਼ਰਾਮ
ਇਸਮੇ ਹੱਕ ਦਰ ਕਲਬੇ ਮਕਬੂਲਾਨੇ ਹੱਕ
ਜ਼ੁਬਾਨੇ ਖ਼ਾਮਾ ਬਗੋ ਅਜ਼ ਅਦਬ ਗੁਰੂ ਅਰਜਨ
ਸ਼ਾਹੇ ਸ਼ਹਾਨੇ ਜਹਾਂ ਨੂਰੇ ਰੱਬ ਗੁਰੂ ਅਰਜਨ
ਬਾ ਆਬਿਆਰੀ ਏ ਹੱਕ ਰਸਬਾਬ ਗੁਰੂ ਅਰਜਨ
ਸ਼ਹੇਸ਼ਹੀਦੇਆਜ਼ਮ, ਆਜ਼ਮੇਭਾਰਤਅਜਬਗੁਰੂਅਰਜਨ
ਰਸੂਲ-ਓ-ਖ਼ੁਦਾ-ਏ-ਖ਼ਾਸਾਨੇ ਹੱਕ ਗੁਰੂ ਅਰਜਨ
ਸ਼ਹੀਦੇ ਸੁਰਖ਼ ਰੂ ਮਿਸਲੇ ਸ਼ਫ਼ਕ ਗੁਰੂ ਅਰਜਨ
ਰੁੱਖੇ ਮੁਨੱਵਰ-ਓ-ਨਫ਼ਸੇ ਮੁਕੱਦਮੇ ਅਤਹਰ
ਦਮੇ ਮੁਬਾਰਕ-ਓ-ਰੋਸ਼ਨ ਜ਼ਮੀਰ ਪਾਕ ਨਜ਼ਰ
ਸਿਫ਼ਾਤੇ-ਆਲੀ ਵ-ਪਾਕੀਜ਼ਾ ਕਲਬੇ ਪਾਕ ਸੀਅਰ
ਸ਼ਹੀਦੇ ਆਜ਼ਮੇ ਹਿੰਦੋਸਤਾਨ-ਓ-ਪੈਗ਼ੰਬਰੇ
ਜਮਾਲੇ ਪਾਕ ਕਫ਼ੇ ਰੌਸ਼ਨ ਬ ਸੁਖ਼ਨੇ ਸ਼ੀਰੀਂ
ਕਰਾਮਾਤ ਆਲੀ ਰੌਸ਼ਲ ਜਲਾਲ ਪਾਕ ਜਮੀਂ

-------------------------

-------------------------

ਜਮੀਂ ਪੇ ਜਬ ਸਿਤਮੋ ਜਬਰੋ ਜ਼ੁਲਮ ਆਮ ਹੂਆ
ਜਫ਼ਾ ਜ਼ੋਰ ਕਾ ਲਬਰੇਜ਼ ਜਬ ਸੇ ਜਾਮ ਹੂਆ
ਧਰਮ ਕੀ ਰਕਸ਼ਾ ਕਾ ਕੁਦਰਤ ਸੇ ਇਹਤਮਾਮ ਹੂਆ
ਖ਼ੁਦਾ ਕੀ ਖ਼ਲਕ ਕਾ ਪੈਦਾ ਕੋਈ ਇਮਾਮ ਹੂਆ
ਉਤਰ ਕੇ ਆਤੇ ਹੈਂ ਜਗ ਮੇਂ ਪੈਯੰਬਰੇ ਆਲਮ
ਨਿਜ਼ਾਮ ਜ਼ੁਲਮ ਕਾ ਹੋਤਾ ਹੈ ਦਰਹਮੋ ਬਰਹਮ
ਹਕੀਕਤ ਕੇ ਔਰ ਸੱਚਾਈ ਕੇ ਵਾਕਿਆਤ ਸੁਨੋ
ਚਾਰ ਸਦੀਓਂ ਕੀ ਏਕ ਖ਼ੂਨੀ ਵਾਰਦਾਤ ਸੁਨੋ
ਰੌ ਸਬਰ ਕੇ ਤਸਲੀਮ ਕੇ ਨਿਕਾਤ ਸੁਨੋ
ਧਰਮ ਪੇ ਕੁਰਬਾਂ ਹੋ ਇਕ ਕੀਮਤੀ ਹਯਾਤ ਸੁਨੋ
ਕਦਮ ਪੇ ਜਿਨਕੀ ਹੁਈਂ ਹੈ ਸਦਾਕਤੇਂ ਰੌਸ਼ਨ
ਸੁਨੋ ਸ਼ਹਾਦਤ-ਓ-ਜ਼ਿਕਰੇ ਜ਼ਮੀਰ ਗੁਰੂ ਅਰਜਨ
ਮਿਸਾਲ ਇਨਕੀ ਸ਼ਹਾਦਤ ਕੀ ਦੋ ਜਹਾਂ ਮੇਂ ਨਹੀਂ
ਯੇ ਦਾਸਤਾਂ ਕਿਸੀ ਐਸੀ ਦਾਸਤਾਂ ਮੇਂ ਨਹੀਂ

Sri Satguru Jagjit Singh Ji Elibrary NamdhariElibrary@gmail.com

ਬਯਾਨੇ ਪਾਕ ਬਯਾਂ ਵੋ ਹੈ ਜੋ ਬਯਾਂ ਮੇਂ ਨਹੀਂ
ਕਲਮ ਕੋ ਯਾਰਾ ਨਹੀਂ ਹੌਸਲਾ ਜ਼ਬਾਂ ਮੇਂ ਨਹੀਂ
ਸ਼ਹੀਦੇ ਕੌਮ ਕੋ ਸ਼ਾਯਾਨੇ ਹੀ ਮੇਰਾ ਨਾਲਾ
ਕਹਾਂ ਸੇ ਲਾਊਂਗਾ ਮੈਂ ਨੰਦ ਲਾਲ ਦਾ ਖ਼ਾਮਾ
ਜੋ ਦਿਲ ਮੇਂ ਦਰਦ ਹੈ ਵੋ ਲਬ ਪੇ ਕਿਸ ਤਰ੍ਹਾਂ ਲਾਊਂ
ਜਿਗਰ ਕੇ ਸੋਜ਼ ਕੋ ਕਾਗਜ਼ ਪੇ ਕੈਸੇ ਦਿਖਲਾਊਂ
ਕਲਮ ਸੇ ਖ਼ੂਨ ਕਾ ਅਫ਼ਸਾਨਾ ਕਿਸ ਤਰ੍ਹਾਂ ਲਿਖੂੰ
ਸ਼ਹੀਦੇ ਆਜ਼ਮ ਭਾਰਤ ਕਾ ਕੈਸੇ ਹਾਲ ਕਹੂੰ
ਤੜਪ ਰਹਾ ਹੈ ਦਿਲੇ ਜ਼ਾਰ ਲਬ ਪੇ ਹੈਂ ਆਹੇਂ
ਰਸ਼ਕੇ ਖ਼ੂੰ ਉਬਲਤੀ ਹੈਂ ਖ਼ੂੰ ਫ਼ਿਸ਼ਾਂ ਆਂਖੇਂ
ਸ਼ਹੀਦਾਨੇ ਸ਼ਹੀਦੋਂ ਕੀ ਕਿਸ ਲਬ ਸੇ ਦਾਸਤਾਂ ਕਹੂੰ
ਜ਼ਬਾਂ ਜਲਨੇ ਲਗੀ ਕਿਸ ਤਰ੍ਹਾਂ ਬਯਾਂ ਕਰੂੰ
ਜ਼ਬਾਨੇ ਖ਼ਾਮਾ ਸੇ ਕਿਆ ਹਾਏ ਬੇਜ਼ੁਬਾਂ ਕਹੂੰ
ਸੁਨੇਗਾ ਕਿਸ ਤਰ੍ਹਾਂ ਕਿਉਂਕਰ ਨਵਾਏ ਜਾਂ ਕਹੂੰ
ਸ਼ਿਕਸਤਾ ਤਾਰ ਹੈਂ ਟੂਟਾ ਸਾ ਸਾਜ਼ ਹੈ ਮੇਰਾ
ਨਾ ਛੇੜੋ ਦਰਦ ਭਰਾ ਦਿਲ ਗੁਦਾਜ਼ ਹੈ ਮੇਰਾ
ਚਮਨ ਕੀ ਕਰਨੇ ਲਗੇ ਜ਼ੁਲਮ ਪੇ ਬਫ਼ਾ ਮਾਲੀ
ਜਲਾਕੇ ਆਗ ਲਗੇ ਫੂੰਕਨੇ ਹਰੀ ਡਾਲੀ
ਗੁਰੂ ਨੇ ਵਾਰ ਕੇ ਸਰ ਕੀ ਚਮਨ ਕੀ ਰਖਵਾਲੀ
ਦਿਖਾ ਦੀ ਰੱਖ ਕੇ ਜ਼ਮਾਨੇ ਕੋ ਦੇਸ਼ ਕੀ ਲਾਲੀ
ਤੰਵੀ ਪੇ ਬੈਠ ਕੇ ਦੋਨੋਂ ਜਹਾਂ ਕੇ ਵਾਲੀ
ਧਰਮ ਕੋ ਸੀਂਚ ਰਹੇ ਹੈਂ ਪੈਗ਼ੰਬਰੇ ਆਲੀ
ਵਤਨ ਕਾ ਪਿਆਰ ਥਾ ਸੀਨੇ ਮੇਂ ਕੌਮ ਕਾ ਗ਼ਮ ਥਾ
ਸਿਤਮ ਕੇ ਸਾਮਨੇ ਅਜ਼ਮ ਰਫ਼ੀਓ ਕਮ ਥਾ
ਧਰਮ ਕੀ ਰਕਸ਼ਾ ਕੋ ਕੁਰਬਾਨ ਜਾਨ ਔਰ ਦਮ ਥਾ
ਸ਼ਹੇ ਸ਼ਹੀਦੋਂ ਕੇ ਤਨਹਾ ਜਫ਼ਾ ਕਾ ਆਲਮ ਥਾ
ਵਤਨ ਕੇ ਵਾਸਤੇ ਜਬ ਰੋਏ ਫੂਟ ਕੇ ਛਾਲੇ,
ਯੇ ਅੰਧੇਰੇ ਜ਼ੁਲਮ ਕੇ ਦੀਸਾਲ ਨੇ ਮਿਟਾ ਡਾਲੇ।
ਸਿਤਮ ਸ਼ਿਆਰੋਂ ਕੇ ਰੈਨ ੳ ਸਕੂੰ ਪਸੰਦ ਨਹੀਂ,
ਸਿਵਾਏ ਇਸਕੇ ਕੋਈ ਦਰਕ ਦਰਦਮੰਦ ਨਹੀਂ।
ਨਾ ਪਹੁੰਚੀ ਜਿਸਮ ਕੋ ਵੋ ਕੌਨ ਸੀ ਗੁਜ਼ੰਦ ਨਹੀਂ,
ਜਫ਼ਾ ਕੇ ਆਗੇ ਝੁਕੀ ਅਬਰੂ ਏ ਬੁਲੰਦ ਨਹੀਂ।
ਸ਼ਹੇ ਪੈਯੰਬਰਾਂ ਔਰ ਸਖ਼ਤ ਉਬਲਤਾ ਥਾ ਪਾਨੀ,

Sri Satguru Jagjit Singh Ji Elibrary NamdhariElibrary@gmail.com

ਸ਼ਹਾਦਤ ਇਨਕੀ ਹੇ ਦੋਨੋਂ ਜਹਾਂ ਮੇ ਲਾਸਾਨੀ।
ਬਦਨ ਪੇ ਜ਼ਹਮਤੇਂ ਤਨ ਪਰ ਮੁਸੀਬਤੇਂ ਆਈਂ,
ਸਿਤਮਗਰੋਂ ਨੇ ਸਿਤਮ ਢਾਏ ਆਫ਼ਤੇ ਆਈਂ।
ਜਫ਼ਾ ਜ਼ੋਰੋ ਸਿਤਮ ਝੇਲੇ ਸਬਰ ਸੇ ਅਕਸਰ,
ਰਜ਼ਾ ਪੇ ਰਾਜ਼ੀ ਰਹੇ ਪੈਕਰ ਕੇ ਰਾਹ ਪਰ।
ਹਜ਼ਾਰ ਜਬਰੋ ਤਸ਼ੱਦੁਦ ਕੁਲਫ਼ਤੇਂ ਆਈਂ,
ਨਾ ਸਖ਼ਤੀਉਂ ਮੇਂ ਭੀ ਲਬ ਪਰ ਸ਼ਿਕਾਇਤੇਂ ਆਈਂ।
ਹਕੀਕਤ ਹੈ ਟਪਕਤੀ ਤੇਰੇ ਤਰਾਨੋਂ ਸੇ,
ਸਰੂਰੋ ਕੈਫ਼ ਬਾਰਸ਼ ਸੀ ਹੈ ਜ਼ਮਾਨੋਂ ਸੇ।
ਸਦਾ-ਏ-ਨਗ਼ਮਾ ਜ਼ਰਾ ਪੂਛੋ ਕਾਰਵਾਨੋਂ ਸੇ,
ਤਅੱਸੁਰਾਤ ਸੁਨੋ ਪੱਥਰੋਂ ਚਟਾਨੋਂ ਸੇ।
ਸਜਾਏ ਫੂਲ ਹੈਂ ਕਿਆ ਮਾਰਫ਼ਤ ਕੇ ਚੁਨ ਚੁਨ ਕਰ,
ਫ਼ਿਜ਼ਾਏਂ ਵਜਦ ਮੇਂ ਆਤੀ ਹੈਂ ਗੀਤ ਸੁਨ ਸੁਨ ਕਰ।
ਗੁਰੂ ਕੇ ਤੇਗ ਕਿਆ ਸੂਰਜ ਬਹੁਤ ਚਮਕਤਾ ਥਾ,
ਗੁਜ਼ਰੇ ਨਾਜ਼ੁਕ ਜਹਾਂਗੀਰ ਕੋ ਬਹੁਤ ਖਟਕਤਾ ਥਾ।
ਨਿਗਾਹੇ ਗਾਇਬ ਸੇ ਦੀਨੋ ਧਰਮ ਕੋ ਤਕਤਾ ਥਾ,
ਬਗ਼ੈਰ ਹੀਲਾ ਮਕੁਨ ਕੈਸੇ ਮਾਰ ਸਕਤਾ ਥਾ।
ਬਹਾਨਾ ਮਿਲ ਗਿਆ ਖ਼ੁਸਰੋ ਕੀ ਕੁੱਛ ਅਆਨਤ ਕਾ,
ਉਧਰ ਸੇ ਕੁਛ ਮੌਕਾ ਮਿਲ ਚੰਦੂ ਕੁ ਅਦਾਵਤ ਕਾ।
ਸਲੀਮ ਆਗਰੇ ਸੇ ਇੱਤਫ਼ਾਕਨ ਆ ਨਿਕਲਾ,
ਅਜ਼ਮੇ-ਕਾਮਿਲ ਵੋ ਲਾਹੌਰ ਰਾਹ ਮੇਂ ਪਹੁੰਚਾ,
ਸ਼ਾਇਦ ਚੰਦੂ ਨੇ ਇਲਜ਼ਾਮੇ ਦੁਸ਼ਮਨੀ ਡਾਲਾ,

-------------------------

ਜੋ ਸ਼ਹਜ਼ਾਦੇ ਕੋ ਦੀ ਥੀ ਮਦਦ ਸੁਨਾ ਡਾਲੀ,
ਭਟਕਤੀ ਆਗ ਤਅੱਸੁਬ ਕੀ ਔਰ ਜਲਾ ਡਾਲੀ।
ਅਦਾਲਤੇ ਸ਼ਹਿ ਹਿੰਦੋਸਤਾਨ ਸੇ ਹੁਕਮ ਹੁਆ,
ਗੁਰੂ ਕੋ ਪੇਸ਼-ਏ-ਅਦਾਲਤ ਬਹੁਕਮਨ ਬੁਲਵਾਇਆ।
ਖ਼ੁਦਾ ਕਾ ਪਾਕ ਪੈਯੰਬਰ ਨਿਡਰ ਚਲਾ ਆਇਆ,
ਕੁਸ਼ੇ ਮੁਕੱਦਮ ਸੇ ਸਤਿਗੁਰੂ ਸੇ ਸ਼ਹਿ ਦੰਗ ਹੁਆ।
ਮਗਰ ਬਾਅਦੇ ਤਵੱਕੁਫ਼ ਗੁਰੂ ਅਰਜਨ ਕੋ,
ਮਦਦ ਕੀ ਆਪ ਨੇ ਫ਼ਰ ਕੀ ਮੇਰੇ ਦੁਸ਼ਮਨ ਕੋ।
ਗੁਰੂ ਕੇ ਰਾਸਤੀ ਸੇ ਯੂੰ ਕੀਆ ਕੁਸ਼ਾਦਾ ਦਹਿਨ,
ਜ਼ਬਾਨੇ-ਸੀਰੀਂ ਸੇ ਫ਼ਰਮਾਇਆ ਨੇਕੋ-ਪਾਕ ਸੁਖ਼ਨ।

Sri Satguru Jagjit Singh Ji Elibrary NamdhariElibrary@gmail.com

ਐ ਬਾਦਸ਼ਾਹ, ਐ ਹਾਕਿਮ, ਐ ਸ਼ਹੇ ਅਹਿਲੇ ਵਤਨ,
ਨਹੀਂ ਹੈ ਕੋਈ ਫਕੀਰੋਂ ਕਾ ਦੋਸਤ ਔਰ ਦੁਸ਼ਮਨ।
ਮਦਦ ਕੀ ਹਮਨੇ ਤੋ ਸਾਇਲ ਸਮਝ ਕੇ ਖ਼ੁਸਰੋ ਕੀ,
ਜੋ ਅਪਨੇ ਪਾਸ ਹੈ ਹਾਜ਼ਿਰ ਸਭ ਕੋ ਆਪ ਕੋ ਭੀ।
ਖ਼ਬੀਸ ਚੰਦੂ ਨੇ ਫਿਰ ਇਸ਼ਤਿਆਲ ਦਿਲਵਾਇਆ,
ਗੁਰੂ ਕੇ ਦਰ ਪੈ ਆਜ਼ਾਰ ਕਰਕੇ ਭੜਕਾਇਆ।
ਦੀਆ ਸਲੀਮ ਨੇ ਯੇ ਹੁਕਮੇ ਨਾ ਰਵਾ ਬੇਜਾ,
ਕਿ ਏਕ ਲਾਖ ਕਾ ਜੁਰਮਾਨਾ ਇਨ ਪੇ ਠਹਿਰਾਇਆ।
ਗੁਰੂ ਕੋ ਭੇਜ ਦੀਆ ਕੋਤਵਾਲੀ ਔਰ ਕੈਸਰ,
ਰਵਾਨਾ ਹੋ ਗਿਆ ਕਾਬਲ ਕੋ ਸੁਬਹੇ ਦਮ ਉੱਠਕਰ।
ਅਦਾਲਤੇ ਸ਼ਹਿ ਸੇ ਮਕਬੂਲੇ ਹੱਕ,
ਨਾ ਖ਼ੌਫ਼ ਦਿਲ ਮੇਂ ਨਾ ਡਰ ਔਰ ਵਸਵਸਾ ਮੁਤਲਕ।
ਹਬੀਬ ਪੇ ਨੂਰੇ ਖ਼ੁਦਾ ਔਰ ਰੁਖ਼ ਰੰਗੇ ਸ਼ਫ਼ਕ,
ਜ਼ੁਬਾਨ ਮਹਿਵੇ ਸਨਾ ਲਬ ਪੇ ਕਲਮਾ-ਏ-ਸੱਦਕ।
ਅਗਰ ਚੇ ਕੈਦ ਮੇਂ ਥੇ ਦਿਲ ਇਖ਼ਤਿਆਰ ਮੇ ਨ ਥਾ,
ਸ਼ਕੇਬੇ ਬਰ ਸਰਾਪਾ ਥੇ ਇਜ਼ਤਰਾਰ ਨਾ ਥਾ।
ਹਜ਼ਾਰ ਚੰਦੂ ਨੇ ਧਮਕੀ ਦੀ ਜਬਰ-ਏ-ਹੱਕ ਕੀ।
ਮਗਰ ਗੁਰੂ ਨੇ ਨ ਪਰਵਾਹ ਏਕ ਮੁਤਲਕ ਕੀ।
ਖ਼ੁਦਾ ਕਰੇ ਸੋ ਕਰੇ ਹਮ ਰਜ਼ਾ ਪੇ ਹੈਂ ਰਾਜ਼ੀ,
ਬਚਾ ਨਵਿਸ਼ਤਾ ਏ ਕੁਦਰਤ ਸੇ ਜ਼ੀਨਹਾਰ ਕੋਈ।
ਜੋ ਜੀਅ ਮੇਂ ਆਏ ਵੋ ਜੀਅ ਭਰ ਕੇ ਜ਼ੁਲਮ ਕਰ ਡਾਲੋ,
ਸਿਆਹ ਤੂ ਕਰੋ ਦਾਮਨ ਗੁਨਾਹ ਸੇ ਭਰ ਡਾਲੋ।
ਚੁਨਾਂਚੇ ਬਹਿਰੇ ਸਿਤਮ ਸਤਿਗੁਰੂ ਕੋ ਲੇ ਆਏ,
ਵਸੂਲ ਕਰਨਾ ਥਾ ਜੁਰਮਾਨਾ ਅਦਾਲਤ ਨੇ ਉਨ ਸੇ।
ਬਜਾਏ ਸਤਿਗੁਰੂ ਜ਼ਰ ਕੀ ਅਦਾਇਗੀ ਕੇ ਲਿਏ,
ਅਗਰਚੇ ਸਿੱਖ ਸਭੀ ਲਾਹੌਰ ਕੇ ਤਿਆਰ ਹੁਏ।
ਗਰ ਗੁਰੂ ਨੇ ਜ਼ਬਾ ਸੇ ਯਹੀ ਹੁਕਮ ਫਰਮਾਇਆ,
ਅਦਾਇਗੀ ਜੋ ਕਰੇਗਾ ਵੋ ਸਿੱਖ ਨਹੀਂ ਹੈ ਮੇਰਾ।
ਚੁਨਾਂਚੇ ਬਾਜ਼ ਰਹੇ ਸਭ ਅਦਾਇਗੀ ਸੇ ਵੁਹੀ,
ਅਦਾਇਗੀ ਕੇ ਲਿਏ ਸਚਮੁੱਚ ਸਤਿਗੁਰੂ ਕਾ ਹੁਕਮ ਨਹੀਂ।
ਸਿਆਹ ਚੰਦੂ ਕੇ ਈਮਾਂ ਸੇ ਜ਼ਹਿਮਤੇਂ ਟੂਟੀਂ,
ਜ਼ਾਰ ਸਮਝ ਕੇ ਗੁਰੂ ਨੇ ਖ਼ੁਸ਼ੀ ਖ਼ੁਸ਼ੀ ਝੇਲੀਂ।
ਸ਼ਦੀਦ ਜੋ ਜ਼ੁਲਮ ਕੀਏ ਜ਼ਾਲਿਮ ਨੇ ਸਤਿਗੁਰੂ ਪਰ,

ਖੁਰਲਨੇ ਕੇ ਲੀਏ ਸਭ ਉਠੇ ਕੀਮਤੀ ਦੂਰ ਪਰ।
ਮਹੀਨਾ ਜੇਠ ਕਾ ਔਰ ਗਰਮ ਲੂ ਗਜ਼ਬ ਕੀ ਤਪਿਸ਼,
ਸ਼ਦੀਦ ਸੂਰਜ ਤਵੀ ਗਰਮ ਰੇਤ ਕੀ ਬਾਰਿਸ਼।
ਬਦਨ ਪੇ ਆਬਲੇ ਸੌ-ਸੌ ਬਜ਼ੇਰੇ ਪਾ ਆਤਿਸ਼,
ਸਿਤਮ ਦਾ ਹੁਕਮ ਸ਼ਹੇ ਕਹਿਰ ਕਾ ਜ਼ੁਲਮ ਗਵਿਸ਼।
ਉਬਲਤੀ ਤਪਤੀ ਰੇਤ ਔਰ ਨਾਜ਼ੁਕ ਬਦਨ,
ਖ਼ੁਦਾ ਕੇ ਪਿਆਰੇ ਹਬੀਬ ਪਰ ਲਹੂ ਲੁਹਾਨ ਬਦਨ।
ਹਜ਼ਾਰ ਜ਼ੁਲਮ ਹੈਂ ਢਾਏ ਕੋਈ ਹਿਸਾਬ ਨਹੀਂ,
ਔਰ ਇਸ ਸੇ ਬੜ੍ਹਕਰ ਕੋਈ ਜਬਰ ਔਰ ਅਜ਼ਾਬ ਨਹੀਂ।
ਨਿਫ਼ਾਕ ਸੀਨੇ ਮੇਂ ਸਬਰੋ ਕਰਾਰੋ ਇਨਸਾਫ਼ ਨਹੀਂ,
ਯੇ ਸ਼ਹੀਦਾਨ ਕੀ ਗੁਦਾਜ਼ ਇਨਕਾ ਜਵਾਬ ਨਹੀਂ।
ਬਦਨ ਸੇ ਟੂਟ ਰਹੇ ਹੈਂ ਲਹੂ ਕੇ ਵੋ ਧਾਰੇ,
ਗਰਚੇ ਸੰਕੂੰ ਮੇਂ ਬੈਠੇ ਹੈਂ ਸਤਿਗੁਰ ਪਿਆਰੇ।
ਨੁਮਾਇਆ ਜਿਸਮ ਪੇ ਹੈਂ ਜਾ ਬਜਾ ਬਹੁਤ ਛਾਲੇ,
ਟਪਕ ਰਹੇ ਹੈਂ ਉਧਰ ਖ਼ੂਨੇ ਪਾਕ ਕੇ ਕਤਰੇ।
ਸਿਤਮ ਕੀ ਨਜ਼ਰ ਹੈ ਹਰ ਤਰਫ਼ ਏ ਰਜ਼ਾਈ ਪਿਆਰੇ।
ਧਰਮ ਕੇ ਵਾਸਤੇ ਯੇ ਜ਼ਬਰ ਔਰ ਜ਼ੁਲਮ ਹੈਂ ਝੇਲੇ,
ਬਦਨ ਪੇ ਜ਼ਖਮ ਹੈਂ ਫੁਕਤਾ ਹੈ ਜਿਸਮ,
ਬਦਨ ਹੈ ਅਲੱਗ ਨਜ਼ਰ ਮੇਂ ਜਲਵਾ ਏ ਕੁਦਰਤ ਹੈ।
ਨੁਤਕ ਪਰ ਯਾ ਰੱਬ, ਯਾ ਰੱਬ, ਯਾ ਰੱਬ,
ਫ਼ਨਾ ਵਿਲਖ਼ਲਕ ਕੇ ਯੇ ਆਬ ਔਰ ਜਫ਼ਾ ਕਿਆ ਹੈ।
ਫ਼ਨਾ ਵਿੱਲ੍ਹਾ ਕੋਈ ਖ਼ਤਰਾ ਹੈ ਫ਼ਨਾ ਕਿਆ ਹੈ,
ਅਗਰਚੇ ਡਰ ਨਹੀਂ ਪਹਿਚਾਨ ਹੈ ਬਕਾ ਕਿਆ ਹੈ।
ਸਿਵਾਏ ਧਰਮ ਕੀ ਰਕਸ਼ਾ ਕੇ ਮੁੱਦਾ ਕਿਆ ਹੈ,
ਅਗਰਚੇ ਜਾਨਤਾਂ ਹੂੰ ਮੈਂ ਮੇਰੀ ਖ਼ਤਾ ਕਿਆ ਹੈ।
ਰਜ਼ਾ ਸ਼ਨਾਸ ਹੈ ਦਿਲ ਮੌਂਫ਼ੇ ਮਾ ਸਿਵਾ ਕਿਆ ਹੈ।
ਜਬਰ ਸੇ ਡਰਤੇ ਨਹੀਂ ਇਸ ਜ਼ਮਾਨੇ ਮੇਂ,
ਸਿਤਮ ਹੋਂ ਜ਼ੁਲਮ ਹੋਂ, ਜ਼ਾਲਿਮ ਜੋ ਚਾਹੇ ਕਰ ਡਾਲੇ।
ਹਮਾਰਾ ਸਬਰ ਸੇ ਸਬਰ ਹੈ ਸ਼ੇਵਾ,
ਸ਼ਕੇਬੋ ਸਬਰ ਖ਼ੁਦਾ ਕੇ ਹੁਕਮ ਕੋ ਮਾਨੇ।
ਮਗਰ ਨ ਰਹੇਂ, ਨ ਰਹੇਂ ਜ਼ਰਾ ਨਿਗਾਹ ਕਰੋ,
ਮੇਰੇ ਦੋਸਤ ਸੂਏ ਫ਼ਲਕ,
ਨਜ਼ਰ ਉਠਾਈ ਮੀਆਂ ਮੀਰ ਨੇ ਤੋ ਦੇਖੇ ਮਲਕ,

Sri Satguru Jagjit Singh Ji Elibrary NamdhariElibrary@gmail.com

ਫ਼ਲਕ ਸੇ ਦੇਵਤੇ ਹਾਜਿਰ ਥੇ ਮੁੰਤਜ਼ਿਰ ਸਾਰੇ,
ਜ਼ਰਾ ਸਾ ਹੁਕਮ ਕਰੇਂ ਲਬ ਸੇ ਸਤਿਗੁਰ ਪਿਆਰੇ।
ਜ਼ਮੀਂ ਕੋ ਜ਼ੇਰੇ ਜ਼ਬਰ ਕਰ ਦੇਂ ਕਹਿਰ ਕੇ ਮਾਰੇ,
ਫ਼ਲਕ ਸੇ ਟੂਟ ਪੜੇ ਇਸ ਦਯਾਰ ਪਰ ਤਾਰੇ,
ਨਜ਼ਾਰਾ ਦੇਖ ਕੇ ਦਰਵੇਸ਼ ਰਹਿ ਗਿਆ ਕਾਸਿਰ,
ਰਾਜ਼ੀ ਗੁਰੂ ਹੈਂ, ਖਾਮੋਸ਼ ਔਰ ਸ਼ਾਤਿਰ।
ਵੋ ਪਾਕ ਨਰਮ ਬਦਨ ਔਰ ਆਤਸ਼ੀ ਆਂਹਨ,
ਵੋ ਏਕ ਗਰਮ ਉਬਲਤੀ ਥੀ ਰੇਤ ਕਾ ਮਸਕਨ।
ਕਹਾਂ ਔਰ ਆਤਿਸ਼ੇ ਜ਼ੁਲਮ ਔਰ ਫੂਲੋਂ ਕਾ ਖ਼ਿਰਮਨ,
ਨ ਛੂਟਾ ਹਾਥ ਸੇ ਜ਼ੀਨਹਾਰ ਸਬਰ ਕਾ ਦਾਮਨ।
ਸਬਾ ਮੇਂ ਮਿਲਤੀ ਹੈ ਜਿਸ ਤਰਹ ਉੜ ਕੇ ਸੂਏ ਚਮਨ,
ਫ਼ਨਾ ਇਖ਼ਤਿਆਰ ਹੈ ਮਰਦਾਨੇ ਖ਼ੁਸ਼ ਨਿਵਾਏ ਚਮਨ।
ਨਿਸਾਰ ਕਰਤਾ ਹੈ ਦਿਲ ਔਰ ਯਾਸਮਨ ਗੁਲਸ਼ਨ,
ਸਿਫ਼ਤ ਕੇ ਵਾਸਤੇ ਹਾਜ਼ਿਰ ਹੈ ਲਾਖ ਅਹਿਲੇ ਸੁਖ਼ਨ।
ਰਹੇਗੀ ਆਜ ਗੁਰੂ ਕੀ ਮਸਾਲ ਹਜ਼ਾਰ ਬਰਸ,
ਸ਼ਹਿ ਸ਼ਹੀਦਾਂ ਪੇ ਆਏ ਚਸ਼ਮੇਂ ਅਸ਼ਕ ਬਾਰੇ ਮਨ।
ਅਗਰ ਨਾ ਬਹਿਰੇ ਵਤਨ ਸਤਿਗੁਰ ਕਾ ਸਰਜਨ ਕਾ,
ਤੋ ਸਾਰਾ ਧਰਮ ਕਾ ਸ਼ੀਰਾਜ਼ਾ ਬਿਖਰ ਜਾਤਾ।
ਸ਼ੀਰਾਜ਼ਾ ਹੀ ਬਿਖਰ ਜਾਤਾ ਜੋ ਕਰਤਾ ਨਾਲਾ-ਏ-ਮਜ਼ਲੂਮ,
ਧਰਮ ਕੇ ਸਾਥ ਹੀ ਹਿੰਦੋਸਤਾਂ ਮਰ ਜਾਤਾ।
ਉਨਕੇ ਸਾਥ ਹੀ ਸੁਖ਼ਨ ਦਾਨ-ਏ-ਦਹਿਰ ਹੈਂ ਤੇਰੇ,
ਫ਼ਰਿਸ਼ਤੇ ਚੂਮਤੇ ਹੈਂ ਪਾਕ ਨਕਸ਼ੇ ਪਾ ਤੇਰੇ।
ਜਹਾਨੇ ਜ਼ਿਕਰੇ ਤਸ਼ੱਖ਼ੁਸ਼ ਅਬ ਭੀ ਆਤੇ ਹੈਂ,
ਸਰੂਰੋ ਕੈਫ਼ ਕੀ ਵਾਦੀ ਮੇਂ ਮੁਸਕਰਾਤੇ ਹੈਂ।
ਦਿਲੋਂ ਕੋ ਨਗ਼ਮਾ-ਏ-ਇਰਫ਼ਾਂ ਸੇ ਗੁਦਗੁਦਾਤੇ ਹੈਂ,
ਜ਼ਬਾਨੇ ਤਾਇਰ ਏ ਗੁਲਸ਼ਨ ਹਮਦ ਗਾਤੇ ਹੈਂ।
ਬਰਸਤਾ ਨੂਰ ਹੈ ਹਰ ਵਕਤ ਜਲਵਾ ਗਾਹੋਂ ਪਰ,
ਦੀਏ ਧਰਮ ਕੇ ਜਲਾਏ ਹੈਂ ਸ਼ਾਮ ਰਾਹੋਂ ਪਰ।
ਹਜ਼ੂਰ, ਹਜ਼ੂਰ, ਹਜ਼ੂਰ, ਹੁਕਮ ਹੈ,
ਸੁਖਮਨੀ ਜਿਸ ਕੀ ਹਰ ਸਤਰ ਮੇਂ ਹੈ,
ਛੁਪੇ ਹੈਂ ਨਾਮੀ ਮੇਂ ਹਰ ਸ਼ਬਦ ਕੇ ਅਸਰ ਮੇਂ ਹੈਂ।
ਦਿਲੋਂ ਮੇਂ ਘਰ ਮੇਂ ਹੈਂ, ਹਜ਼ੂਰ ਕੀ ਨਜ਼ਰ ਮੇਂ ਹੈਂ।
ਫ਼ਜ਼ਾਏ ਰਾਸਤਾ ਮੇਂ, ਅੰਜੁਮ ਮੇਂ-ਔਰ ਕਮਰ ਮੇਂ ਹੈਂ।

Sri Satguru Jagjit Singh Ji Elibrary NamdhariElibrary@gmail.com

ਨਿਸ਼ਾਨੇ ਚਾਂਦ ਕਾ ਦੇਤੇ ਹੈਂ ਚਾਂਦ ਕੇ ਹਾਲੇ,
ਜਵਾਬ ਦੇਖ ਹੀ ਲੇਤੇ ਹੈਂ, ਦੇਖਨੇ ਵਾਲੇ।
ਸ਼ਗੁਫ਼ਤਾ ਫੂਲੋਂ ਮੇਂ ਜਬ ਤਲਕ ਹੈ ਦਿਲਕਸ਼ੀ ਬਾਕੀ,
ਬਹਾਰ ਔਰ ਚਮਨ ਮੇਂ ਹੈ ਤਾਜ਼ਗੀ ਬਾਕੀ।
ਬਸ਼ਰ ਕੀ ਆਂਖ ਕੇ ਤਿਲ ਮੇਂ ਹੈ ਰੌਸ਼ਨੀ ਬਾਕੀ,
ਨਹੀਂ ਹੋ ਰਿਆ ਪਹਿਲੂ ਏ ਦਿਲ ਮੇਂ ਜ਼ਿੰਦਗੀ ਬਾਕੀ।
ਸ਼ਹਿ ਸ਼ਹੀਦਾਨੇ ਚਰਚੇ ਰਹੇਂਗੇ ਬਾਕੀ ਯੂੰ ਹੀ,
ਸ਼ਹਾਦਤ ਉਨਕੀ ਫਰਾਮੋਸ਼ ਯੂੰ ਨਹੀਂ ਜਾਤੀ।
ਜ਼ਮੀਂ ਪੇ ਥੇ ਸਤੂੰ ਗਰਦੂੰ ਜਬ ਤਲਕ ਕਾਇਮ,
ਨਜੂਮੋ ਸ਼ਮਸੋ ਕਮਰ ਤਾ ਰਹੇ ਜ਼ੀਨਤ ਦਾਇਮ।
ਉਬਲਤੇ ਚਸ਼ਮੇ ਹੈਂ ਬਹਤੇ ਹੈਂ, ਬਹਿਰੇ ਦਰਿਆ-ਓ-ਇਰਮ,
ਦੌੜ ਕੇ ਸੁਬਹ ਟਪਕਤੀ ਹੈ ਗੌਹਰੇ-ਸ਼ਬਨਮ।
ਫ਼ਸਾਨੇ ਲਿਖੇਂਗੇ ਕਾਇਮ-ਓ-ਦਾਇਮ,
ਅਦਬ ਸੇ ਲਾਖੋਂ ਬਰਸ, ਸਰ ਨਗੂੰ ਰਹੇਂਗੇ ਕਲਮ।
ਹੈ ਮੇਰੇ ਪਾਸ ਆਪ ਕੇ ਜੋ ਨਜ਼ਰ ਕਰੂੰ,
ਅਦਬ ਸੇ ਲਾਖੋਂ ਬਰਸ, ਸਰ ਨਗੂੰ ਰਹੇਂਗੇ ਕਲਮ।
ਕਦਮ ਪੇ ਫੂਲ ਚੜਾਊਂ ਇਰਮ ਕੇ ਗਰ ਪਾਊਂ,
ਸਿਤਾਰੇ ਚੁਨ ਲੂੰ ਮੌਅਸਰ ਕਦਮ ਪੇ ਬਿਖਰਾਊਂ।
ਨਹੀਂ ਹੈ ਔਰ ਕੋਈ ਫੂਲ ਆਪ ਕੇ ਮੌਜੂੰ,
ਕਬੂਲ ਨਜ਼ਰ ਜੋ ਫ਼ਰਮਾਏ ਜਾਨੇ ਸਰ ਵਾਰੂੰ।
ਮੇਰੇ ਸ਼ਹਿਨਸ਼ਾਹ ਯੇ ਤੋਹਫ਼ਾ ਕਬੂਲ ਕਰ ਲੇਨਾ,
ਇਸ ਗ਼ਰੀਬ ਕੋ ਚਰਨੋਂ ਕੀ ਧੂਲ ਕਰ ਲੇਨਾ।
ਜਬ ਲਉ ਨਹੀਂ ਭਾਗ ਲਿਲਾਰ ਉਦੈ,
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ,
ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥
ਤਤੁ ਬੀਚਾਰੁ ਯਹੈ ਮਥੁਰਾ,
ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪਉ ਜਿਨ ਅਰਜਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ॥
ਧੰਨ ਗੁਰੂ ਅਰਜਨ ਧੰਨ ਗੁਰੂ ਅਰਜਨ॥

Sri Satguru Jagjit Singh Ji Elibrary NamdhariElibrary@gmail.com

ਮੁੱਖ ਭਾਸ਼ਣ :

# ਗੁਰੂ ਅਰਜਨ ਦੀ ਬਾਣੀ ਦਾ ਇਤਿਹਾਸਕ ਮਹੱਤਵ

*ਡਾ. ਜ. ਸ. ਗਰੇਵਾਲ**

ਗੁਰੂ ਅਰਜਨ ਦੇਵ ਦਾ ਜੀਵਨ, ਉਨ੍ਹਾਂ ਦੀ ਸ਼ਹਾਦਤ ਅਤੇ ਦੇਣ ਦਾ ਵਿਸ਼ਾ ਪਿਛਲੇ ਦੋ ਸੌ ਸਾਲਾਂ ਨਾਲੋਂ ਵੀ ਵਧ ਸਮੇਂ ਤੋਂ ਆਧੁਨਿਕ ਇਤਿਹਾਸਕਾਰੀ ਦਾ ਵਿਸ਼ਾ ਬਣਿਆ ਹੋਇਆ ਹੈ। ਵਿਸ਼ੇ ਸੰਬੰਧੀ ਹੁਣ ਤੱਕ ਹੋਈ ਖੋਜ ਨੂੰ ਹੀ ਅਸੀਂ ਆਪਣਾ ਪ੍ਰਸਥਾਨ ਬਿੰਦੂ ਬਣਾ ਸਕਦੇ ਹਾਂ। ਕੋਈ ਡੇਢ ਸਦੀ ਪਹਿਲਾਂ ਹੀ ਸਿੱਖ ਇਤਿਹਾਸ ਦੇ ਇਕ ਬਰਤਾਨਵੀ ਇਤਿਹਾਸਕਾਰ ਨੇ ਇਹ ਨਿਸ਼ਕਰਸ਼ ਕੱਢ ਲਿਆ ਸੀ ਕਿ ਗੁਰੂ ਨਾਨਕ ਦੀਆਂ ਸਿੱਖਿਆਵਾਂ ਜੋ ਕਿ ਜੀਵਨ ਦੇ ਹਰ ਖੇਤਰ ਅਤੇ ਹਰ ਸਮਾਜਿਕ ਸਥਿਤੀ ਲਈ ਢੁਕਵੀਆਂ ਸਨ, ਦੀ ਵਿਸ਼ਾਲ ਮਹੱਤਤਾ ਨੂੰ ਗੁਰੂ ਅਰਜਨ ਨੇ ਬਹੁਤ ਹੀ ਚੰਗੀ ਤਰ੍ਹਾਂ ਸਮਝ ਲਿਆ ਸੀ। ਰਾਮਦਾਸਪੁਰ ਵਰਗੇ ਇੱਕ ਛੋਟੇ ਜਿਹੇ ਅਣਜਾਣ ਪਿੰਡ ਨੂੰ ਸਿੱਖਾਂ ਦੇ ਇਕ ਵੱਡੇ ਤੀਰਥ ਸਥਾਨ 'ਚ ਬਦਲ ਦੇਣਾ, ਸਰੋਵਰ ਅਤੇ ਘਣੀ ਵਸੋਂ ਵਾਲੇ ਸ਼ਹਿਰ ਦਾ ਵਿਕਾਸ, ਇਹ ਸਭ ਇਸ ਦਾ ਪ੍ਰਤੱਖ ਪ੍ਰਮਾਣ ਹੈ। ਪਿਛਲੀਆਂ ਕੁਝ ਸਦੀਆਂ ਦੇ ਕੁਝ ਹੋਰ ਧਾਰਮਿਕ ਸੁਧਾਰਕਾਂ ਦੀਆਂ ਪ੍ਰਸਿਧ ਅਤੇ ਢੁਕਵੀਆਂ ਰਚਨਾਵਾਂ ਨੂੰ ਆਪਣੇ ਪੁਰਬਲੇ ਗੁਰੂਆਂ ਦੀਆਂ ਰਚਨਾਵਾਂ ਨਾਲ ਸ਼ਾਮਲ ਕਰ ਕੇ ਗੁਰੂ ਅਰਜਨ ਨੇ ਇੱਕ ਮਹਾਨ ਗੌਰਵਸ਼ਾਲੀ ਗ੍ਰੰਥ ਦਾ ਸਰੂਪ ਤਿਆਰ ਕੀਤਾ ਅਤੇ ਇਹ ਘੋਸ਼ਣਾ ਕੀਤੀ ਕਿ ਇਹ ਗ੍ਰੰਥ ਹੀ ਉਨ੍ਹਾਂ ਦੇ ਅਨੁਆਈਆਂ ਦੇ ਧਾਰਮਿਕ ਅਤੇ ਨੈਤਿਕ ਜੀਵਨ ਦਾ ਮਾਰਗ ਦਰਸ਼ਨ ਕਰੇਗਾ, ਉਨ੍ਹਾਂ ਨੇ ਇਹ ਵੀ ਯਕੀਨ ਦਿਵਾਇਆ ਸੀ ਕਿ ਇਹ ਗ੍ਰੰਥ ਹੁਣ ਤੱਕ ਦੇ ਸਾਰੇ ਗ੍ਰੰਥਾਂ ਨਾਲੋਂ ਵਧੇਰੇ ਮੁਲਵਾਨ ਹੋਵੇਗਾ। ਤੀਜੇ, ਹੁਣ ਤੱਕ ਮਿਲਣ ਵਾਲੀਆਂ ਰਿਵਾਇਤੀ ਭੇਟਾਵਾਂ ਨੂੰ ਗੁਰੂ ਅਰਜਨ ਨੇ ਇਕ ਵਿਉਂਤਬੱਧ ਟੈਕਸ ਦਾ ਰੂਪ ਦੇ ਦਿੱਤਾ। ਕਿਉਂਕਿ ਗੁਰੂ ਦੇ ਸਿੱਖ ਹਰ ਸ਼ਹਿਰ ਵਿੱਚ ਸਨ, ਇਸ ਲਈ ਉਨ੍ਹਾਂ ਤੋਂ ਚੰਦਾ ਇਕੱਠਾ ਕਰਨ ਲਈ ਗੁਰੂ ਦੇ ਨੁਮਾਇੰਦੇ ਵੀ ਮੁਲਕ ਭਰ ਵਿਚ ਫੈਲ ਗਏ ਸਨ। ਹਰ ਸਾਲਾਨਾ ਇਕੱਠ ਵਿੱਚ ਇਹ ਚੰਦਾ ਵਿਅਕਤੀਗਤ ਰੂਪ ਵਿੱਚ ਗੁਰੂ ਜੀ ਦੀ ਭੇਟਾ ਕੀਤਾ ਜਾਂਦਾ ਸੀ। ਸਿੱਖ ਹੁਣ ਇੱਕ ਵਿਵਸਥਤ ਪ੍ਰਸ਼ਾਸਨ ਦੇ ਆਦੀ ਹੋ ਗਏ ਸਨ।

ਗੁਰੂ ਅਰਜਨ ਦੇਵ ਦੀ ਮਹੱਤਤਾ ਇੰਨੀ ਵੱਧ ਗਈ ਜਾਪਦੀ ਸੀ ਕਿ ਕੋਈ ਵੀ ਉਨ੍ਹਾਂ ਦੇ ਸਿਆਸੀ ਸਾਥ ਲਈ ਤਾਂਘ ਸਕਦਾ ਸੀ। ਬਾਗੀ ਸ਼ਹਿਜ਼ਾਦੇ ਖੁਸਰੋ ਨੇ ਉਨ੍ਹਾਂ ਤਕ ਪਹੁੰਚ

* ਆਜੀਵਨ ਫੈਲੋ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਕੀਤੀ ਅਤੇ ਗੁਰੂ ਨੇ ਉਸ ਲਈ ਅਰਦਾਸ ਕੀਤੀ। ਚੰਦੂ ਸ਼ਾਹ ਦੇ ਉਕਸਾਉਣ 'ਤੇ ਜਹਾਂਗੀਰ ਨੇ ਗੁਰੂ ਅਰਜਨ ਨੂੰ ਆਪਣੀ ਹਾਜ਼ਰੀ ਵਿਚ ਬੁਲਾਇਆ ਤੇ ਭਾਰੀ ਜੁਰਮਾਨਾ ਕਰ ਕੇ ਜੇਲ੍ਹ ਵਿੱਚ ਸੁੱਟ ਦਿੱਤਾ। ਭਾਈ ਗੁਰਦਾਸ ਦੀਆਂ ਰਚਨਾਵਾਂ ਤੋਂ ਇਹ ਸਪਸ਼ਟ ਹੈ ਕਿ ਗੁਰੂ ਅਰਜਨ ਦੇ ਸਮੇਂ ਤੱਕ ਗੁਰੂ ਨਾਨਕ ਦੇ ਸਿਧਾਂਤ ਸਿੱਖਾਂ ਦੇ ਮਨ ਵਿੱਚ ਚੰਗੀ ਤਰ੍ਹਾਂ ਘਰ ਕਰ ਚੁੱਕੇ ਸਨ। ਭਾਈ ਗੁਰਦਾਸ ਨੇ ਗੁਰੂ ਨਾਨਕ ਨੂੰ ਜਗਤ ਦੇ ਉਧਾਰ ਦੇ ਇੱਕ ਰੱਬੀ ਵਸੀਲੇ ਦੇ ਰੂਪ ਵਿੱਚ ਚਿਤਰਿਆ ਸੀ।[1]

ਭਾਰਤੀ ਇਤਿਹਾਸਕਾਰ ਵੀ ਗੁਰੂ ਅਰਜਨ ਦੇ ਗੁਰੂ ਕਾਲ ਬਾਰੇ ਇਸ ਮਤ ਦੀ ਹੀ ਪ੍ਰੋੜ੍ਹਤਾ ਕਰਦੇ ਹਨ। ਇੰਦੂ ਭੂਸ਼ਣ ਬੈਨਰਜੀ ਗੁਰੂ ਅਰਜਨ ਦੇ ਤਿੰਨ ਪਰਤੀ ਕਾਰਜਾਂ ਦਾ ਉਲੇਖ ਕਰਦਾ ਹੈ : 'ਅੰਮ੍ਰਿਤ ਦੇ ਸਰੋਵਰ' ਦੇ ਨਿਰਮਾਣ ਕਾਰਜ ਨੂੰ ਨੇਪਰੇ ਚਾੜ੍ਹਨਾ, ਹਰੀ ਮੰਦਰ ਦਾ ਨਿਰਮਾਣ, ਅਤੇ ਰਾਮਦਾਸ ਸ਼ਹਿਰ ਦਾ ਵਿਕਾਸ। ਗੁਰੂ ਅਰਜਨ ਨੇ ਤਰਨਤਾਰਨ ਅਤੇ ਕਰਤਾਰਪੁਰ ਵਰਗੇ ਦੂਜੇ ਸ਼ਹਿਰਾਂ ਦੀ ਵੀ ਸਥਾਪਨਾ ਕੀਤੀ। ਸੰਗਤ ਕੋਲੋਂ ਮਿਲਣ ਵਾਲੀਆਂ ਭੇਟਾਵਾਂ ਨੂੰ ਇਕੱਠਾ ਕਰਨ ਲਈ ਉਨ੍ਹਾਂ ਨੇ ਮਸੰਦ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਤਾਂ ਜੋ ਸਿੱਖਾਂ ਨੂੰ ਆਪਣੀ ਸਰਕਾਰ ਦਾ ਸੁਭਾਅ ਪੈ ਸਕੇ। ਅਕਬਰ ਦਾ ਗੁਰੂ ਅਰਜਨ ਕੋਲ ਆਉਣਾ ਤੇ ਉਨ੍ਹਾਂ ਦੀ ਬੇਨਤੀ 'ਤੇ ਆਂਸ਼ਿਕ ਰੂਪ ਵਿਚ ਮਾਲੀਏ ਦੀ ਦਰ ਘਟਾਉਣਾ, ਇਹ ਗੁਰੂ ਅਰਜਨ ਦੇ ਜੀਵਨ ਦੀ ਇਕ 'ਅਹਿਮ ਪ੍ਰਾਪਤੀ' ਸੀ। ਗ੍ਰੰਥ ਦਾ ਸੰਪਾਦਨ ਉਨ੍ਹਾਂ ਦੇ ਜੀਵਨ ਦੀ ਸਭ ਤੋਂ ਸਿਰਮੌਰ ਪ੍ਰਾਪਤੀ ਸੀ, ਇਸ ਗ੍ਰੰਥ ਵਿੱਚ ਹਿੰਦੂ ਤੇ ਮੁਸਲਿਮ, ਦੋਹਾਂ ਹੀ ਫਿਰਕਿਆਂ ਦੇ ਪੂਰਬਲੇ ਸੰਤਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ "ਜਿਨ੍ਹਾਂ ਦੀਆਂ ਸਿਖਿਆਵਾਂ ਬੁਨਿਆਦੀ ਤੌਰ 'ਤੇ ਸਿੱਖ ਗੁਰੂਆਂ ਨਾਲ ਇਕ ਸੁਰ ਸਨ।"[2]

ਤੁਜ਼ਕੇ ਜਹਾਂਗੀਰੀ ਦੇ ਹਵਾਲੇ ਨਾਲ ਬੈਨਰਜੀ ਆਪਣਾ ਇਹ ਤਰਕ ਵਿਕਸਤ ਕਰਦਾ ਹੈ ਕਿ ਗੁਰੂ ਅਰਜਨ ਮੁੱਖ ਤੌਰ 'ਤੇ ਧਾਰਮਿਕ ਕੱਟੜਪਣ ਦਾ ਹੀ ਸ਼ਿਕਾਰ ਹੋਏ ਸਨ। ਇਸ ਸਬੰਧੀ ਦੂਜੇ ਵਿਅਕਤੀਆਂ ਦੀ ਭੂਮਿਕਾ ਦੁਜੈਲੀ ਤੇ ਨਿਗੂਣੇ ਪੱਧਰ ਦੀ ਸੀ। ਕੁਝ ਵੀ ਹੋਵੇ, ਸਥਿਤੀ ਦੇ ਕੁਝ ਹੋਰ ਵੀ ਪਾਸਾਰ ਸਨ ਜੋ ਵਧੇਰੇ ਡੂੰਘੇ ਸਨ। ਇਕ ਵਿਸ਼ਾਲ ਜੱਥੇਬੰਦੀ ਦੇ ਮੁਖੀ ਵਜੋਂ ਕਿਸੇ ਧਾਰਮਿਕ ਗੁਰੂ ਦੀ ਮੌਜੂਦਗੀ ਜਿਸ ਦੇ ਅਨੁਯਾਈਆਂ ਨੂੰ ਸਿਖਿਆ ਹੀ ਇਹ ਦਿੱਤੀ ਜਾਂਦੀ ਹੋਵੇ ਕਿ ਗੁਰੂ ਲਈ ਸਰਬੰਸ ਵਾਰ ਦੇਣਾ ਹੀ ਸਰਵੁੱਚ ਅਤੇ ਸਭ ਤੋਂ ਉੱਤਮ ਕਾਰਜ ਹੈ ਅਤੇ ਜਿਨ੍ਹਾਂ ਅੰਦਰਲੇ ਭਾਈਚਾਰੇ ਤੇ ਇਕ ਦੂਜੇ ਲਈ ਪਿਆਰ ਦੀ ਭਾਵਨਾ ਬਾਕੀ ਸਭ ਅਹਿਸਾਸਾਂ 'ਤੇ ਭਾਰੀ ਹੋਵੇ, ਇਹ ਕਿਸੇ ਸਥਾਪਿਤ ਰਾਜ ਦੀ ਸਥਿਰਤਾ ਨੂੰ ਡਾਵਾਂਡੋਲ ਕਰਨ ਤੋਂ ਛੁਟ ਹੋਰ ਕੁਝ ਨਹੀਂ ਸੀ ਕਰ ਸਕਦੀ ਅਤੇ ਸਾਫ਼ ਤੌਰ 'ਤੇ ਸੰਕਟ ਸਾਹਮਣੇ ਦਿਖ ਰਿਹਾ ਸੀ ਜਦੋਂ ਸਿੱਧੇ ਟਕਰਾਓ ਨੂੰ ਟਾਲਣਾ ਔਖਾ ਹੋ ਜਾਣਾ ਸੀ। ਬਾਗੀ ਸ਼ਹਿਜ਼ਾਦੇ ਖੁਸਰੋ ਨਾਲ ਗੁਰੂ ਅਰਜਨ ਦੀ ਬਾਬਾਸਤਗੀ ਤਾਂ ਡੋਰੀ ਬਹਾਨਾ ਹੀ ਬਣੀ ਸੀ।[3]

ਤੇਜਾ ਸਿੰਘ ਅਤੇ ਗੰਡਾ ਸਿੰਘ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਸਿੱਖ ਮਤ ਸਾਰ ਰੂਪ ਵਿੱਚ ਨਾਮ ਦਾ ਧਰਮ ਸੀ। ਗੁਰੂ ਦੇ ਸ਼ਬਦਾਂ ਦਾ ਗਾਇਨ ਸਿੱਖਾਂ ਦਾ ਸਭ ਤੋਂ ਅਹਿਮ ਧਾਰਮਿਕ ਵਿਹਾਰ ਸੀ। ਇਸ ਲਈ ਗੁਰੂ ਨਾਨਕ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਦੀਆਂ ਰਚਨਾਵਾਂ ਦਾ ਸੰਕਲਪ ਅਤੇ ਸੰਪਾਦਨ, ਗੁਰਬਾਣੀ ਦੀ ਤਾਤਵਿਕ ਮਹੱਤਤਾ ਦਾ ਹੀ ਮੰਤਕੀ ਪਰਿਣਾਮ ਸੀ।

Sri Satguru Jagjit Singh Ji Elibrary NamdhariElibrary@gmail.com

ਗੁਰੂਆਂ ਦੀਆਂ ਰਚਨਾਵਾਂ ਦੇ ਸੰਗ ਪੰਦਰ੍ਹਾਂ ਹਿੰਦੂ ਤੇ ਮੁਸਲਿਮ ਸੰਤਾਂ ਦੀਆਂ ਰਚਨਾਵਾਂ ਨੂੰ ਵੀ ਉਸ ਵਿੱਚ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਵਿੱਚੋਂ ਬਹੁਤੇ ਅਖੌਤੀ ਅਛੂਤਾਂ ਅਤੇ ਪਛੜੀਆਂ ਹੋਈਆਂ ਸ਼੍ਰੇਣੀਆਂ ਨਾਲ ਸਬੰਧਿਤ ਸਨ। ਗੁਰੂ ਅਰਜਨ ਨੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਆਪਣੀ ਅਤੇ ਪੂਰਬਲੇ ਗੁਰੂਆਂ ਦੀ ਬਾਣੀ ਸੰਗ ਗ੍ਰੰਥ ਦਾ ਦਰਜਾ ਦਿੱਤਾ। ਚੋਣ ਦੇ ਇਸ ਵਿਚਾਰ ਦੇ ਪਿੱਛੇ ਸਿੱਖ ਧਰਮ ਦੀ ਸਰਬਤ ਦੇ ਭਲੇ ਦੀ ਖਸਲਤ ਹੀ ਕੰਮ ਕਰ ਰਹੀ ਸੀ ਜੋ ਸਿੱਖ ਮਤ ਦਾ ਬੁਨਿਆਦੀ ਖਾਸਾ ਸੀ।[4]

ਸਿੱਖ ਲਹਿਰ ਪ੍ਰਤੀ ਜਹਾਂਗੀਰ ਦਾ ਪੱਖਪਾਤੀ ਰਵੱਈਆ ਤਾਂ ਉਸ ਦੀ ਤੁਜ਼ਕ ਤੋਂ ਹੀ ਸਪਸ਼ਟ ਹੈ : ਗੁਰੂ ਅਰਜਨ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਦੇਣ ਤੋਂ ਪਹਿਲਾਂ ਨਾ ਤਾਂ ਉਸ ਨੇ ਕੋਈ ਵਾਜਿਬ ਜਾਂਚ ਪੜਤਾਲ ਹੀ ਕਰਵਾਈ ਅਤੇ ਨਾ ਹੀ ਕੋਈ ਮੁਕੱਦਮਾ ਚਲਾਇਆ। ਖੁਸਰੋ ਦੇ ਮੱਥੇ ਉੱਤੇ ਗੁਰੂ ਵੱਲੋਂ ਤਿਲਕ ਲਾਏ ਜਾਣ ਦੀ ਕਹਾਣੀ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਘੜੀ ਗਈ ਜਾਪਦੀ ਹੈ। ਜਹਾਂਗੀਰ ਦੇ ਲਾਹੌਰ ਛੱਡਣ ਸਮੇਂ ਇਹ ਉਸ ਦੇ ਕੰਨੀਂ ਪਾਈ ਗਈ ਤਾਂ ਜੋ ਕੋਈ ਜਾਂਚ-ਪੜਤਾਲ ਨਾ ਹੋ ਸਕੇ, ਤੇ ਸਾਜ਼ਿਸ਼ ਦਾ ਪਰਦਾ ਫ਼ਾਸ਼ ਨਾ ਹੋਵੇ। ਕੁਝ ਵੀ ਹੋਵੇ, ਜਹਾਂਗੀਰ ਨੂੰ ਗੁਰੂ ਅਰਜਨ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ ਸੀ, ਜਿਸ ਦੀ ਉਹ ਚਿਰਾਂ ਤੋਂ ਭਾਲ ਵਿਚ ਸੀ। ਲਾਹੌਰ ਦੀ ਤਪਦੀ ਗਰਮੀ ਵਿਚ ਹਰ ਭਾਂਤ ਦੇ ਤਸੀਹਿਆਂ ਲਈ ਉਨ੍ਹਾਂ ਨੂੰ ਚੰਦੂ ਸ਼ਾਹ ਦੇ ਹਵਾਲੇ ਕਰ ਦਿੱਤਾ ਗਿਆ। ਛਾਲਿਆਂ ਨਾਲ ਭਰੇ ਉਨ੍ਹਾਂ ਦੇ ਸਰੀਰ ਨੂੰ ਅੰਤਮ ਵਿਸ਼ਰਾਮ ਲਈ ਰਾਵੀ ਦੇ ਠੰਢੇ ਪਾਣੀ ਵਿਚ ਸੁੱਟ ਦਿੱਤਾ ਗਿਆ।[5]

ਜਹਾਂਗੀਰ ਦੇ ਪੱਖਪਾਤੀ ਰਵੱਈਏ ਨਾਲੋਂ ਵੀ ਵਧੇਰੇ ਪ੍ਰਾਸੰਗਿਕ ਉਸ ਸਮੇਂ ਦੀ ਸਿੱਖ ਲਹਿਰ ਦਾ ਖਾਸਾ ਸੀ। ਜੋਸ਼ ਭਰਪੂਰ ਅਨੁਯਾਈਆਂ ਵਾਲਾ ਨਵਾਂ ਧਰਮ ਹਮੇਸ਼ਾਂ ਹੀ ਹਾਕਮਾਂ ਲਈ ਚਿੰਤਾ ਦਾ ਸਰੋਤ ਹੁੰਦਾ ਹੈ। ਇਹ ਮਹਾਨ ਧਰਮ ਇਕ ਨਵਾਂ ਸੰਦੇਸ਼ ਲੈ ਕੇ ਆਉਂਦਾ ਹੈ ਅਤੇ ਲੋਕਾਂ ਦੀ ਸਮਾਜਿਕ ਤੇ ਆਰਥਿਕ ਜ਼ਿੰਦਗੀ ਵਾਂਗ ਹੀ ਸਿਆਸੀ ਜੀਵਨ ਵਿਚ ਵੀ ਨਵੀਂ ਰੂਹ ਫੂਕਦਾ ਹੈ। ਸਿੱਖ ਗੁਰੂ ਸ਼ੁਰੂ ਤੋਂ ਹੀ ਬੜੇ ਵਿਹਾਰਕ ਆਗੂ ਰਹੇ ਹਨ। ਕਲਾ, ਵਪਾਰ ਅਤੇ ਵਿੱਦਿਆ ਦਾ ਪਾਸਾਰ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਦੇ ਪ੍ਰਤੀਕੂਲ ਨਹੀਂ ਸੀ। ਗੁਰੂ ਰਾਮ ਦਾਸ ਦੇ ਸਮੇਂ ਹੀ ਸਿੱਖ ਭਾਈਚਾਰਾ ਇੰਨਾ ਕੁ ਵੱਡਾ ਹੋ ਗਿਆ ਸੀ ਕਿ ਉਹ ਉਨ੍ਹਾਂ ਲੋਕਾਂ ਦਾ ਧਿਆਨ ਖਿਚ ਸਕੇ ਅਤੇ ਵਿਰੋਧ ਸਹੇੜ ਸਕੇ ਜਿਨ੍ਹਾਂ ਦੇ ਹਿੱਤ ਉਸਦੇ ਉਭਾਰ ਕਾਰਨ ਖਤਰੇ ਵਿਚ ਪੈ ਰਹੇ ਸਨ। ਗੁਰੂ ਰਾਮ ਦਾਸ ਵਿਰੋਧੀ ਸ਼ਕਤੀਆਂ ਵੱਲ ਸੰਕੇਤ ਕਰਦੇ ਹਨ ਜਿਨ੍ਹਾਂ ਵਿਰੁੱਧ ਗੁਰੂ ਨੇ ਦਲੇਰਾਨਾ ਲੜਾਈ ਲੜੀ ਸੀ। ਗੁਰੂ ਅਰਜਨ ਦੇਵ ਨੇ ਵੀ ਇਨ੍ਹਾਂ ਹੱਲਿਆਂ ਤੇ ਸੰਘਰਸ਼ਾਂ ਦਾ ਜ਼ਿਕਰ ਕੀਤਾ ਹੈ। ਆਪਣੇ ਜੱਥੇਬੰਦਕ ਕੰਮ ਦੇ ਖੁਲਾਸੇ ਤੋਂ ਬਾਅਦ ਉਹ ਕਹਿੰਦੇ ਹਨ : "ਹੁਣ ਹਲੀਮੀ ਦਾ ਦੌਰ ਲੰਘ ਚੁੱਕਾ ਹੈ ਸੋ ਕੋਈ ਦੂਸਰੇ ਨੂੰ ਸਤਾ ਨਹੀਂ ਸਕਦਾ।"[6]

ਜੇ. ਪੀ. ਐਸ. ਓਬਰਾਇ ਅਨੁਸਾਰ ਸ਼ਹਾਦਤ ਨੂੰ ਧਰਮ ਦਾ ਦਰਜਾ ਦੇਣ ਰਾਹੀਂ ਹੀ ਸਿੱਖ ਮਤ ਵਿਚ ਧਰਮ ਅਤੇ ਸਿਆਸਤ ਦਾ ਗਠਬੰਧਨ ਹਾਸਿਲ ਕੀਤਾ ਜਾ ਸਕਿਆ ਹੈ। ਗੁਰੂ ਅਰਜਨ, ਜੋ ਪ੍ਰਥਮ ਸ਼ਹੀਦ ਸਨ, ਨੇ ਧਰਮ ਲਈ ਸ਼ਹੀਦ ਹੋਣ ਵਾਲੇ ਮਰਦਾਂ ਤੇ ਔਰਤਾਂ ਦੇ ਅੰਤਹੀਨ ਸਿਲਸਿਲੇ ਦੀ ਸ਼ੁਰੂਆਤ ਕੀਤੀ ਸੀ। ਗਾਲਬਨ ਪਹਿਲੇ 'ਆਧੁਨਿਕ' ਸ਼ਹੀਦ ਵਜੋਂ ਉਨ੍ਹਾਂ ਨੇ ਮੱਧਯੁਗੀ ਸੱਤਾ ਅਤੇ ਉਸ ਵਿਚਲੇ ਰੁਤਬਿਆਂ ਅਤੇ ਪਾਵਰ ਦੇ ਦੂਹਰੇ ਤੰਤਰ ਦੀਆਂ

Sri Satguru Jagjit Singh Ji Elibrary NamdhariElibrary@gmail.com

ਚੂਲਾਂ ਹਿਲਾ ਦਿੱਤੀਆਂ ਅਤੇ ਸਾਰਿਆਂ ਲਈ 'ਆਜ਼ਾਦੀ ਦੇ ਨਵੇਂ ਕੇਂਦਰ, ਸਵੈ-ਸ਼ਾਸਨ ਅਤੇ ਸਵੈ-ਸੁਧਾਰ ਦੇ ਨਵੇਂ ਰਾਹ ਖੋਲ੍ਹ ਦਿੱਤੇ। ਗੁਰੂ ਨਾਨਕ ਦਾ ਧਰਮ ਜਿੰਨਾ ਜੀਵਨ ਦਾ ਰਾਹ ਹੈ ਉਨ੍ਹਾ ਹੀ ਮੌਤ ਦਾ ਰਾਹ ਵੀ ਹੈ। ਗੁਰੂ ਅਰਜਨ ਦੇਵ ਦਾ ਜੀਵਨ, ਉਨ੍ਹਾਂ ਦਾ ਕੰਮ ਅਤੇ ਉਨ੍ਹਾਂ ਦੀ ਸ਼ਹਾਦਤ ਗੁਰੂ ਨਾਨਕ ਵੱਲੋਂ ਦਰਸਾਏ ਆਦਰਸ਼ਾਂ ਦੀ ਸੰਪੂਰਨ ਮਿਸਾਲ ਹੈ। ਉਨ੍ਹਾਂ ਦਾ ਮਕਸਦ ਜਹਾਂਗੀਰ ਨੂੰ ਉਕਸਾਉਣਾ ਨਹੀਂ ਸੀ, ਉਸ ਦੇ ਖਿਲਾਫ਼ ਜੰਗ ਦੀ ਸ਼ੁਰੂਆਤ ਕਰਨਾ ਤਾਂ ਹਰਗਿਜ਼ ਹੀ ਨਹੀਂ ਸੀ ਪਰ ਉਹ ਸਭਿਆਚਾਰ, ਸੱਤਾ, ਧਰਮ, ਸਿਵਲ ਸਮਾਜ ਅਤੇ ਸਿਆਸੀ ਆਰਥਿਕਤਾ ਦੇ ਖੇਤਰ ਵਿਚ ਏਕਾਤਮਕ ਤੇ ਕੇਂਦਰਵਾਦੀ ਸੱਤਾ ਦੇ ਖਿਲਾਫ਼ 'ਬਹੁਲਤਾਵਾਦ ਦੇ ਦਾਅਵੇ' ਨੂੰ ਜ਼ਮੀਰ ਦੀ ਆਵਾਜ਼ ਵਜੋਂ ਪੂਰੀ ਕਾਰਗਰਤਾ ਨਾਲ ਉਠਾ ਰਹੇ ਸਨ। ਗੁਰੂ ਅਰਜਨ ਨੇ ਸਿੱਖ ਮਤ ਦੇ ਪ੍ਰਾਜੈਕਟ ਵਿਚ 'ਸ਼ਹਾਦਤ ਬਨਾਮ ਬਾਦਸ਼ਾਹਤ' ਦਾ ਇਕ ਨਵਾਂ ਅਧਿਆਇ ਜੋੜਿਆ (ਇਸ ਤੋਂ ਪਹਿਲਾਂ ਸਿੱਖ ਫ਼ਲਸਫ਼ਾ ਨਾਮ ਜਪਣ, ਆਤਮ ਮੁਕਤੀ ਅਤੇ ਸਵੈ-ਕੁਰਬਾਨੀ ਉੱਤੇ ਆਧਾਰਿਤ ਸੀ।) ਮੁਕਤੀ ਦੇ ਸੰਗਠਨ, ਨੈਤਿਕ ਅਨੁਸ਼ਾਸਨ ਅਤੇ ਸਵੈ-ਬਲੀਦਾਨ ਰਾਹੀਂ ਸਿਆਸਤ ਅਤੇ ਇਤਿਹਾਸ ਵਿਚ ਸ਼ਮੂਲੀਅਤ ਕਰਨ ਦੀ ਸਿੱਖਾਂ ਦੀ ਤਾਂਘ ਦੀ ਸ਼ੁਰੂਆਤ ਨੂੰ ਸੰਭਵ ਤੌਰ 'ਤੇ 1606 ਈ. ਦੀ ਉਸ ਇਨਕਲਾਬੀ ਘੜੀ ਤੋਂ ਹੀ ਦੇਖਿਆ ਜਾ ਸਕਦਾ ਹੈ। ਬਹੁਲਤਾਵਾਦ (ਵੰਨ ਸੁਵੰਨਤਾ) ਦੇ ਹੱਕ ਵਿਚ ਰਜਵਾੜਾਸ਼ਾਹੀ ਤਾਕਤਾਂ ਦੇ ਖਿਲਾਫ਼ ਅਹਿੰਸਕ ਸ਼ਹਾਦਤ ਦੀ ਚਾਹਾਂ।[7]

ਗੁਰੂ ਅਰਜਨ ਦੁਆਰਾ ਸੰਪਾਦਿਤ ਗ੍ਰੰਥ, ਜਿਸ ਨੂੰ ਹੁਣ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਚ ਕਈ ਪੀੜ੍ਹੀਆਂ ਦਾ ਗਿਆਨ ਤੇ ਵਿਦਵਤਾ ਸਮਾਈ ਹੋਈ ਹੈ, ਹਰਿਮੰਦਰ ਸਾਹਿਬ ਦਾ ਸਿੱਖਾਂ ਦੀ ਇਕ ਕੇਂਦਰੀ ਸੰਸਥਾ ਵਜੋਂ ਉਭਰਨਾ, ਗੁਰੂ ਅਰਜਨ ਦੀਆਂ ਕੋਸ਼ਿਸ਼ਾਂ ਸਦਕਾ ਰਾਮਦਾਸਪੁਰ ਤੇ ਕਈ ਹੋਰ ਸ਼ਹਿਰਾਂ ਦਾ ਵਿਕਾਸ, ਇਕ ਅਜਿਹੀ ਪ੍ਰਣਾਲੀ ਜਿਸ ਨੇ ਸਿੱਖ ਪੰਥ ਨੂੰ 'ਰਾਜ ਅੰਦਰ ਰਾਜ' ਵਿਚ ਤਬਦੀਲ ਕਰ ਦਿੱਤਾ ਸੀ ਅਤੇ ਗੁਰੂ ਅਰਜਨ ਦੀ ਸ਼ਹਾਦਤ, ਇਹ ਸਭ ਸਿੱਖ ਲਹਿਰ ਦੇ ਬੁਨਿਆਦੀ ਖਾਸੇ ਦੇ ਹੀ ਲਾਜ਼ਮੀ ਪ੍ਰਗਟਾਓ ਸਨ। ਭਾਵੇਂ ਕਈ ਵਿਦਵਾਨਾਂ ਨੇ ਗੁਰੂ ਅਰਜਨ ਦੀਆਂ ਕਈ ਰਚਨਾਵਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ ਪਰ ਮਨੁੱਖੀ ਇਤਿਹਾਸ ਵਿਚ ਸਿੱਖ ਲਹਿਰ ਅਤੇ ਸਿੱਖ ਲਹਿਰ ਅੰਦਰ ਉਨ੍ਹਾਂ ਦਾ ਸਥਾਨ ਨਿਰਧਾਰਤ ਕਰਨ ਦੀ ਦ੍ਰਿਸ਼ਟੀ ਤੋਂ, ਉਨ੍ਹਾਂ ਦੀਆਂ ਰਚਨਾਵਾਂ ਦਾ ਇਕ ਸਮੁੱਚ ਦੇ ਰੂਪ ਵਿਚ ਵਿਸ਼ਲੇਸ਼ਣ ਨਹੀਂ ਕੀਤਾ ਗਿਆ। ਗੁਰੂ ਅਰਜਨ ਦੀ ਪੁਜੀਸ਼ਨ ਨੂੰ ਠੀਕ-ਠੀਕ ਸਮਝਣ ਲਈ ਖੁਦ ਉਨ੍ਹਾਂ ਦੀਆਂ ਰਚਨਾਵਾਂ ਉੱਤੇ ਹੀ ਧਿਆਨ ਦੇਣਾ ਜ਼ਰੂਰੀ ਹੈ।[8]

## II

30 ਰਾਗਾਂ ਵਿਚ ਸੰਗੀਤਬੱਧ ਗੁਰੂ ਅਰਜਨ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਤਕਰੀਬਨ 40 ਫੀਸਦੀ ਹਿੱਸਾ ਬਣਦੀ ਹੈ। ਸੁਖਮਨੀ ਉਨ੍ਹਾਂ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਸੁਖਮਨੀ ਇਲਾਹੀ ਨਾਮ ਤੋਂ ਉਤਪੰਨ ਹੁੰਦੇ ਆਨੰਦ ਦਾ ਪ੍ਰਗਟਾਓ ਹੈ ਜੋ ਸ਼ਰਧਾਲੂਆਂ ਦੇ ਹਿਰਦਿਆਂ ਨੂੰ ਸ਼ਾਂਤ ਕਰਦੀ ਹੈ। ਸੁਖਮਨੀ ਨੂੰ ਸਿੱਖ ਫਲਸਫੇ ਦੀ ਇਕ ਸਰਬੰਗੀ ਪੇਸ਼ਕਾਰੀ ਵੀ ਮੰਨਿਆ ਜਾਂਦਾ ਹੈ। ਉਮੀਦ ਮੁਤਾਬਕ ਹੀ ਇਸ ਵਿਚ ਈਸ਼ਵਰ, ਨਾਮ, ਗੁਰੂ, ਨਦਰ, ਸ਼ਬਦ ਅਤੇ ਹੁਕਮ ਉਪਰ ਧਿਆਨ ਕੇਂਦਰਿਤ ਕੀਤਾ ਗਿਆ ਹੈ। ਗੁਰੂ ਅਰਜਨ ਨੇ ਸਾਕਾਰ ਤੇ ਨਿਰਾਕਾਰ ਦੇ ਰੱਥੀ

Sri Satguru Jagjit Singh Ji Elibrary NamdhariElibrary@gmail.com

ਸੰਕਲਪਾਂ ਦੀ ਚਰਚਾ ਕੀਤੀ ਹੈ। ਉਸ ਦੇ ਗੁਣਾਂ ਦਾ ਬਖਾਨ ਭਗਤੀ ਦਾ ਇਕ ਬੁਨਿਆਦੀ ਰੂਪ ਹੈ। ਰੱਬ ਹੀ ਸੱਚਾ ਗੁਰੂ ਹੈ, ਪਰ ਇਲਾਹੀ ਤੌਰ 'ਤੇ ਪ੍ਰੇਰਿਤ ਮਨੁੱਖੀ ਗੁਰੂ ਵੀ ਓਨਾ ਹੀ ਮਹੱਤਵਪੂਰਨ ਹੈ। ਉਸ ਦੀਆਂ ਸਿੱਖਿਆਵਾਂ ਹੀ ਮੁਕਤੀ ਦਾ ਇਕੋ ਇਕ ਮਾਰਗ ਹਨ। ਸ਼ਬਦ ਉਸੇ ਰੱਬੀ ਨੂਰ ਦਾ ਸਵੈ-ਪ੍ਰਗਟਾਓ ਹੈ ਪਰ ਗੁਰੂ ਦੇ ਸ਼ਬਦਾਂ ਦੇ ਜਾਪ ਅਤੇ ਗੁਰਬਾਣੀ ਉੱਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ। ਸੁਖਮਨੀ ਅੰਦਰ 'ਹੁਕਮ' ਅਤੇ 'ਭਾਣਾ' ਦੇ ਸੰਕਲਪਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਰੱਬੀ ਸ਼ਕਤੀ ਅਤੇ ਰੱਬੀ ਮੇਹਰ ਦੋਹਾਂ ਉੱਤੇ ਇਕੋ ਜਿਹਾ ਜ਼ੋਰ ਦਿੱਤਾ ਗਿਆ ਹੈ। ਕਿਰਪਾਲੂ ਰੱਬ ਦਾ ਭਾਣਾ ਅੰਤ ਉਸ ਦੀ ਮੇਹਰ ਦੇ ਰੂਪ ਵਿਚ ਹੀ ਸਾਹਮਣੇ ਆਉਂਦਾ ਹੈ। (ਨਦਰ, ਕਿਰਪਾ, ਦਿਆ, ਕਰਮ)।

ਸਿੱਖ ਫਲਸਫੇ ਦੀਆਂ ਇਨ੍ਹਾਂ ਬੁਨਿਆਦੀ ਇਕਾਈਆਂ ਬ੍ਰਹਮ ਗਿਆਨੀ, ਜੀਵਨ ਮੁਕਤ, ਸੰਤ, ਗੁਰੂ ਤੇ ਸਿੱਖ ਅਤੇ ਅਰਦਾਸ ਤੋਂ ਇਲਾਵਾ, ਸੁਖਮਨੀ ਵਿਚ ਸਾਧ-ਸੰਗਤ ਉਪਰ ਵੀ ਬਹੁਤ ਬਲ ਦਿੱਤਾ ਗਿਆ ਹੈ। ਗੁਰਬਾਣੀ ਦੇ ਅੰਗ ਵਜੋਂ ਸੁਖਮਨੀ ਖੁਦ ਹੀ ਮੁਕਤੀ ਦਾ ਸੋਮਾ ਹੈ। ਰਿਵਾਇਤੀ ਪਰੰਪਰਾਗਤ ਸਿੱਖ ਅਰਦਾਸ ਤੋਂ ਪਹਿਲਾਂ ਹੁਣ ਸੁਖਮਨੀ ਦੀਆਂ ਕੁਝ ਸਤਰਾਂ ਉਚਾਰੀਆਂ ਜਾਂਦੀਆਂ ਹਨ। ਸੁਖਮਨੀ ਅੰਦਰ ਹੋਰ ਵੀ ਕਈ ਅਹਿਮ ਵਿਚਾਰ ਦਰਜ ਹਨ : 'ਜੋ ਵੀ ਖੁਦ ਨੂੰ ਨੀਵਾਂ ਜਾਣਦਾ ਹੈ ਉਹੋ ਅਸਲ ਵਿਚ ਸਰਵਉੱਚ ਹੈ।' 'ਉਹ ਸਰੀਰ ਬੇਕਾਰ ਹੈ ਜੋ ਦੂਸਰਿਆਂ ਦੀ ਭਲਾਈ ਵਿਚ ਰੁਝਿਆ ਹੋਇਆ ਨਹੀਂ।' 'ਬ੍ਰਹਮ ਗਿਆਨੀ ਲਈ ਸਭ ਬਰਾਬਰ ਹੈ।' 'ਅਸਲੀ ਸ਼ਰਧਾਲੂ ਤਾਂ ਦੂਜਿਆਂ ਦੇ ਚਰਨਾਂ ਦੀ ਧੂੜ ਹੁੰਦਾ ਹੈ।' 'ਸਾਧ ਅਤੇ ਰੱਬ ਵਿਚ ਕੋਈ ਫਰਕ ਨਹੀਂ।' (ਸੱਚਾ ਵੈਸ਼ਣੋ ਉਹੀ ਹੈ ਜੋ ਫਲ ਦੀ ਚਾਹਤ ਤੋਂ ਬਿਨਾਂ ਕਰਮ ਕਰਦਾ ਹੈ।)' 'ਸੱਚੇ ਗਿਆਨੀ ਦੀਆਂ ਸਿਖਿਆਵਾਂ ਚਾਰੇ ਵਰਣਾਂ ਲਈ ਹਨ।' 'ਨਾਮ ਦੀ ਦਾਤ ਚਾਰੇ ਵਰਣਾਂ ਲਈ ਹੈ, ਅਤੇ ਨੀਚਾਂ 'ਚੋਂ (ਚੰਡਾਲ) ਲਈ ਵੀ।' 'ਮੇਹਰ ਦੀ ਪ੍ਰਾਪਤੀ ਲਈ ਨਿਮਰਤਾ ਲਾਜ਼ਮੀ ਹੈ।' 'ਜਿਨ੍ਹਾਂ ਦੇ ਹਿਰਦੇ ਵਿਚ ਰੱਬ ਵਸਦਾ ਹੈ ਉਥੇ ਕਿਸੇ ਲਈ ਵੈਰ ਨਹੀਂ ਹੁੰਦਾ।' 'ਰੱਬ ਦੇ ਭਗਤ ਅਸਲ ਵਿਚ ਰੱਬ ਦੇ ਤੁੱਲ ਹਨ।'

ਸੁਖਮਨੀ ਵਿਚ ਪ੍ਰਗਟਾਏ ਗਏ ਵਿਚਾਰ ਗੁਰੂ ਅਰਜਨ ਦੀ ਹੋਰ ਬਾਣੀ ਅੰਦਰ ਵੀ ਉਪਲੱਬਧ ਹਨ ਜੋ ਸਿੱਖ ਪੰਥ ਦੇ ਕਈ ਹੋਰ ਪਹਿਲੂਆਂ ਉੱਤੇ ਰੋਸ਼ਨੀ ਪਾਉਂਦੇ ਹਨ। ਗੁਰੂ, ਸੰਗਤ ਅਤੇ ਸਿੱਖ ਦੀ ਗੁਰੂ ਅਰਜਨ ਦੀ ਬਾਣੀ ਵਿਚ ਕੇਂਦਰੀ ਥਾਂ ਹੈ। ਉਸ ਅੰਦਰ 'ਸਵੈ-ਪਛਾਣ' ਪ੍ਰਤੀ ਜਾਗਰੂਕਤਾ ਵੀ ਹੈ ਤੇ ਉਸ ਦੇ ਵਿਪਰੀਤ ਸੰਕੇਤ ਵੀ ਹਨ। "ਦੂਜਿਆਂ" ਬਾਰੇ ਵੀ ਕੁਝ ਟਿੱਪਣੀਆਂ ਹਨ ਜੋ ਪ੍ਰਾਥਮਿਕ ਤੌਰ 'ਤੇ ਤਾਂ ਧਾਰਮਿਕ ਅਤੇ ਸਮਾਜਿਕ ਹਨ ਪਰ ਉਨ੍ਹਾਂ ਵਿਚ ਬਹੁਤ ਵਾਰ ਸਿਆਸੀ ਸੰਕੇਤ ਵੀ ਨਿਹਿਤ ਮਿਲਦੇ ਹਨ।

ਪ੍ਰਮਾਤਮਾ ਇਕ ਹੈ। ਉਹ ਹੀ ਇਕੋ ਇਕ ਮਾਲਕ ਹੈ, ਹੋਰ ਕੋਈ ਨਹੀਂ। ਉਹ ਸਰਵੁੱਚ ਸੱਚ ਹੈ ਅਤੇ ਸਿਰਫ ਉਹ ਹੀ ਸਦੀਵੀ ਹੈ। ਉਹ ਮਹਾਨਤਮ ਨਾਲੋਂ ਵੀ ਮਹਾਨ ਹੈ। ਉਹੋ ਕਰਤਾ ਹੈ ਤੇ ਸ੍ਰਿਸ਼ਟੀ ਦਾ ਪਾਲਣਹਾਰ ਹੈ। ਸਾਰੀ ਕੁਦਰਤ ਵਿਚ ਉਹ ਹੀ ਸਮਾਇਆ ਹੈ। ਉਹ ਸਭਨੀਂ ਥਾਈਂ ਹੈ ਤੇ ਸਭ ਅੰਦਰ ਹੈ। ਉਸ ਦੀ ਛਵੀ ਮਨੁੱਖਾਂ ਅੰਦਰ ਸਦਾ ਮੌਜੂਦ ਹੈ। ਉਹ ਦਿਆਲੂ ਤੇ ਮੇਹਰਾਂ ਦਾ ਦਾਤਾ ਹੈ। ਉਹ ਸਭ ਦਾ ਦਾਤਾ ਹੈ। ਉਹ ਸਭ ਮਨੁੱਖਾਂ ਦਾ ਪਿਤਾ ਹੈ। ਮਾਤਾ, ਪਿਤਾ,

Sri Satguru Jagjit Singh Ji Elibrary NamdhariElibrary@gmail.com

ਭਾਈ ਬੰਧੁ ਸਭ ਉਹੀ ਹੈ। ਉਹ ਨਿਓਟਿਆਂ ਦੀ ਓਟ ਤੇ ਬੇਆਸਰਿਆਂ ਦਾ ਆਸਰਾ ਹੈ। ਉਹ ਸਭ ਭੈਅ ਦੂਰ ਕਰਨ ਵਾਲਾ ਹੈ।[9]

ਨਾਮ ਇਕੋ ਸਮੇਂ ਸਗੁਣ ਤੇ ਨਿਰਗੁਣ ਰੱਬ ਦਾ ਸਰੂਪ ਹੈ। ਪ੍ਰਮਾਤਮਾ ਦਾ ਨਾਮ ਹੀ ਜੀਵਨ ਦਾ ਇਕੋ-ਇਕ ਆਸਰਾ ਹੈ, ਸਭ ਦੁੱਖਾਂ ਦੀ ਇਕੋ-ਇਕ ਔਖਧ ਹੈ; ਉਹ ਬੰਦੇ ਨੂੰ ਸੰਸਾਰ ਤੋਂ ਮੁਕਤੀ ਦਿਵਾਂਦਾ ਹੈ। ਨਾਮ ਦੀ ਭਗਤੀ ਹੀ ਉਦਾਰਤਾ ਅਤੇ ਪਵਿੱਤਰਤਾ ਦਾ ਸੋਮਾ ਹੈ। ਨਾਮ ਹੀ ਸ਼ਕਤੀ ਅਤੇ ਅਡੋਲਤਾ ਦਾ ਸੋਮਾ ਹੈ। ਇਹੋ ਜੀਵਨ ਵਿਚ ਮੁਕਤੀ ਦਾ ਰਾਹ ਖੋਲ੍ਹਦਾ ਹੈ। ਸਿਰਫ ਨਾਮ ਦਾ ਬਖਾਨ ਹੀ ਸੱਚ ਹੈ, ਬਾਕੀ ਸਭ ਕੂੜ ਹੈ। ਅਹਿਮ ਗੱਲ ਇਹ ਹੈ ਕਿ ਨਾਮ ਦਾ ਦਰਜਾ ਸ਼ਬਦ, ਗੁਰਬਾਣੀ ਅਤੇ ਪ੍ਰਮਾਤਮਾ ਦੇ ਬਰਾਬਰ ਹੈ।[10]

ਸਤਿਗੁਰੂ ਹੀ ਪ੍ਰਮਾਤਮਾ ਨਾਲ ਮਿਲਾਉਂਦਾ ਹੈ। ਸਤਿਗੁਰੂ ਦੇ ਮਿਲਦਿਆਂ ਹੀ ਕੋਈ ਓਪਰਾ ਨਹੀਂ ਦਿਖਦਾ। ਉਸ ਦੀ ਮੇਹਰ ਪ੍ਰਭੂ ਦੇ ਚਰਣਾਂ ਤੱਕ ਲੈ ਜਾਂਦੀ ਹੈ। ਗੁਰੂ ਪ੍ਰਭੂ ਦਾ ਹੀ ਰੂਪ ਹੈ। ਉਸ ਦੇ ਮੰਤਰ ਰਾਹੀਂ ਜੋ ਕਿ ਨਾਮ ਹੈ, ਰੱਬ ਨਾਲ ਮਿਲਾਪ ਸੰਭਵ ਹੁੰਦਾ ਹੈ। ਰੱਬੀ ਪ੍ਰੇਰਣਾ ਵਾਲਾ ਗੁਰੂ ਹੀ ਮਾਤ-ਪਿਤਾ, ਭਾਈ-ਬੰਧੂ ਅਤੇ ਸੱਚਾ ਮਿੱਤਰ ਹੈ। ਉਹੀ ਰੱਬੀ ਸਾਰ ਦਾ ਸਾਕਾਰ ਰੂਪ ਹੈ। ਉਹੀ ਮੁਕਤੀ ਤੇ ਗਿਆਨ ਦਾ ਦਾਤਾ ਹੈ, ਉਹੋ ਅੰਮ੍ਰਿਤ ਦਾ ਸਰੋਵਰ ਹੈ। ਗੁਰੂ ਦਾ ਮਾਰਗ ਦਰਸ਼ਨ ਹੀ ਨਾਮ-ਭਗਤੀ ਵੱਲ ਲੈ ਕੇ ਜਾਂਦਾ ਹੈ। ਗੁਰੂ ਦੀਆਂ ਸਿੱਖਿਆਵਾਂ ਹੀ ਸੰਸਾਰਕ ਬੰਧਨਾਂ ਤੋਂ ਮੁਕਤ ਕਰਾਉਂਦੀਆਂ ਹਨ। ਉਸ ਦੀਆਂ ਹਦਾਇਤਾਂ ਅਨੁਸਾਰ ਸਰੀਰ ਅਤੇ ਆਤਮਾ ਪ੍ਰਮਾਤਮਾ ਦੀ ਮਲਕੀਅਤ ਹਨ।[11]

ਹਾਲਾਂ ਕਿ ਗੁਰੂ ਅਰਜਨ ਦੀ ਬਾਣੀ ਵਿਚ ਰੱਬੀ ਸਵੈ-ਪ੍ਰਗਟਾਓ ਵਜੋਂ ਸ਼ਬਦ ਦਾ ਸੰਕਲਪ ਨਦਾਰਦ ਨਹੀਂ ਹੈ, ਪਰ ਜੋ ਚੀਜ਼ ਬਾਰ-ਬਾਰ ਸਾਹਮਣੇ ਆਉਂਦੀ ਹੈ ਉਹ ਹੈ ਗੁਰੂ ਦਾ ਸ਼ਬਦ, ਜਿਸ ਦਾ ਭਾਵ ਗੁਰਬਾਣੀ ਤੋਂ ਹੈ। ਗੁਰੂ ਦਾ ਸ਼ਬਦ ਹੀ ਭਗਤੀ ਦਾ ਸੋਮਾ ਹੈ, ਇਸ ਦਾ ਗਾਇਨ ਮੇਹਰਾਂ ਲੈ ਕੇ ਆਉਂਦਾ ਹੈ; ਇਹ ਨਾਮ ਦੀ ਲਗਨ ਜਗਾਉਂਦਾ ਹੈ, ਇਹ ਸਤਸੰਗ 'ਚ ਗਾਇਆ ਜਾਂਦਾ ਹੈ। ਗੁਰੂ ਦੇ ਬਚਨ ਭਗਤੀ ਭਾਵ ਪੈਦਾ ਕਰਦੇ ਹਨ ਜੋ ਸਿਰਫ ਗੁਰੂ ਕਿਰਪਾ ਨਾਲ ਹੀ ਹਾਸਿਲ ਹੁੰਦੀ ਹੈ। ਸਤਿਗੁਰੂ ਦੇ ਸ਼ਬਦ ਜੋਤ ਸਰੂਪ ਹਨ ਜੋ ਹਨ੍ਹੇਰੇ ਦਾ ਨਾਸ਼ ਕਰਦੇ ਹਨ। ਸ਼ਬਦ ਰਾਹੀਂ ਹੀ ਬੰਦਾ ਉਸ ਸਦੀਵੀ ਰੰਗ ਵਿਚ ਰੰਗਿਆ ਜਾਂਦਾ ਹੈ ਅਤੇ ਖੁਦ ਨੂੰ ਸੱਚ ਨੂੰ ਸਮਰਪਿਤ ਕਰਦਾ ਹੈ। ਗੁਰੂ ਦੇ ਸ਼ਬਦਾਂ ਦਾ ਸਰਵਣ ਹੀ ਅਨੰਦ ਹੈ।[12]

ਰੱਬ ਆਪਣੇ ਹੁਕਮ ਰਾਹੀਂ ਕੁਦਰਤੀ ਅਤੇ ਨੈਤਿਕ ਸੰਸਾਰ ਅੰਦਰ ਤਰਤੀਬ ਕਾਇਮ ਰੱਖਦਾ ਹੈ। ਉਸ ਦੇ ਹੁਕਮ ਦੀ ਪਾਲਣਾ ਹੀ ਉਸ ਦੀ ਸੱਚੀ ਸਤੁਤੀ ਹੈ। ਹੁਕਮ ਮੰਨਣ ਨਾਲ ਹੀ ਗਿਆਨ ਪੂਰਣ ਹੁੰਦਾ ਹੈ। ਭਾਣਾ ਮਿੱਠਾ ਕਰ ਕੇ ਮੰਨਣਾ ਚਾਹੀਦਾ ਹੈ, ਉਹ ਜਿੱਥੇ ਰੱਖੇ ਸ਼ਰਧਾਲੂ ਲਈ ਉੱਥੇ ਹੀ ਸਵਰਗ ਹੈ। "ਜਿਵੇਂ ਤੈਨੂੰ ਭਾਵੇ, ਉਵੇਂ ਮੈਨੂੰ ਰੱਖ" ਇਹ ਵਿਚਾਰ ਗੁਰੂ ਅਰਜਨ ਦੀ ਬਾਣੀ ਵਿਚ ਬਾਰ-ਬਾਰ ਆਉਂਦਾ ਹੈ।[13]

ਰੱਬੀ ਮੇਹਰ ਉਸ ਦੇ ਹੁਕਮ ਦੀ ਹੀ ਅਭਿਵਿਅਕਤੀ ਹੈ। ਸਰਬਤ ਦਾ ਭਲਾ ਤੇ ਸਭ ਦਾ ਸਹਾਰਾ ਹੋਣਾ ਹੀ ਰੱਬੀ ਮੇਹਰ ਦੇ ਚਿੰਨ੍ਹ ਹਨ। ਰੱਬੀ ਮੇਹਰ ਹੀ ਸਾਧ ਸੰਗਤ ਵੱਲ ਪ੍ਰੇਰਦੀ ਹੈ, ਨਾਮ ਉੱਤੇ ਧਿਆਨ ਵੀ ਉਸ ਦੇ ਮੇਹਰ ਨਾਲ ਆਉਂਦਾ ਹੈ, ਸਤਿਗੁਰੂ ਰਾਹੀਂ ਪ੍ਰਮਾਤਮਾ ਦੀ ਪ੍ਰਾਪਤੀ ਵੀ ਉਸ ਦੀ ਮੇਹਰ ਹੈ। ਉਸ ਦੀ ਮੇਹਰ ਹਉਮੈ ਤੇ ਦੁੱਖਾਂ ਦਾ ਨਾਸ਼ ਕਰਦੀ ਹੈ ਤੇ ਸ਼ਾਂਤੀ

Sri Satguru Jagjit Singh Ji Elibrary NamdhariElibrary@gmail.com

ਬਖਸ਼ਦੀ ਹੈ। ਰੱਬੀ ਮੇਹਰ ਨਾਲ ਹੀ ਸੰਤਾਂ ਦੇ ਚਰਣਾਂ ਦੀ ਧੂੜ ਮਿਲਦੀ ਹੈ। ਗੁਰੂ ਦੀ ਕਿਰਪਾ ਨਾਲ ਹੀ ਕੋਈ ਉਸ ਦੀਆਂ ਵਡਿਆਈਆਂ ਦੇ ਸੋਹਲੇ ਗਾਉਂਦਾ ਹੈ।[14]

ਇੰਜ ਲਗਦਾ ਹੈ ਕਿ ਗੁਰੂ ਅਰਜਨ ਦੀ ਬਾਣੀ ਵਿਚ ਅਰਦਾਸ ਨੂੰ ਸਮੂਹਿਕ ਪ੍ਰਾਰਥਨਾ ਨਾਲ ਜੋੜ ਦਿੱਤਾ ਗਿਆ ਸੀ, ਇਹ ਇਕ ਰਸਮ ਬਣ ਗਈ ਸੀ ਜਦੋਂ ਵੀ ਸੰਗਤ ਜੁੜਦੀ, ਗੁਰੂ ਤੇ ਉਸ ਦੇ ਸਿੱਖਾਂ ਲਈ ਇਹ ਸੁਭਾਵਿਕ ਆਚਰਨ ਬਣ ਗਿਆ ਸੀ। ਅਰਦਾਸ ਰੱਬੀ ਹੁਕਮ ਤੇ ਮੇਹਰ ਦੇ ਵਿਸ਼ਵਾਸ ਦਾ ਇਕ ਕੁਦਰਤੀ ਸਿੱਟਾ ਸੀ। ਬੰਦਾ, ਬੱਚਿਆਂ ਵਾਂਗ, ਰੱਬ ਕੋਲੋਂ ਹਰ ਤਰ੍ਹਾਂ ਦੀਆਂ ਨੇਹਮਤਾਂ ਦੀ ਮੰਗ ਕਰਦਾ ਹੈ। ਰੱਬ ਅੱਗੇ ਅਰਜ਼ੋਈ ਨਾਲ ਸਭ ਮਨੋਰਥ ਪੂਰੇ ਹੁੰਦੇ ਹਨ। ਪ੍ਰਭੂ ਦਾ ਧਿਆਨ ਕਰ ਕੇ, ਸਤਿਗੁਰੂ ਦੀ ਮੇਹਰ ਨਾਲ ਰੱਬ ਦੇ ਦਰਸ਼ਨ ਕਰਨੇ, ਇਹ ਸਭ ਤੋਂ ਉੱਚਾ ਮਨੋਰਥ ਹੈ। ਸ਼ਰਧਾਲੂ ਦੋਹੇਂ ਹੱਥ ਜੋੜ ਕੇ ਧਿਆਨ ਅਤੇ ਭਗਤੀ ਲਈ ਅਰਦਾਸ ਕਰਦਾ ਹੈ ਅਤੇ ਉਸ ਦੇ ਦੀਦਾਰ ਲਈ ਪ੍ਰਾਰਥਨਾ ਕਰਦਾ ਹੈ। ਦੋਹੇਂ ਹੱਥ ਬੰਨ੍ਹ ਕੇ ਉਹ ਆਪਣਾ ਤਨ, ਮਨ, ਧਨ ਸਭ ਉਸ ਨੂੰ ਸੌਂਪ ਦਿੰਦਾ ਹੈ। ਸ਼ਰਧਾਲੂ ਆਸਰੇ ਲਈ ਤੇ ਪ੍ਰਭੂ ਦੇ ਨਾਮ ਵਿਚ ਧਿਆਨ ਲਾਉਣ ਲਈ ਸਤਿਗੁਰੂ ਮੂਹਰੇ ਅਰਦਾਸ ਕਰਦਾ ਹੈ। ਦੋਹੇਂ ਹੱਥ ਜੋੜ ਕੇ ਉਹ ਅਰਜ਼ ਕਰਦਾ ਹੈ ਕਿ ਉਹ ਸੰਤ ਦੀ ਦਾਸਾਂ ਵਾਂਗ ਸੇਵਾ ਕਰ ਸਕੇ ਅਤੇ ਉਨ੍ਹਾਂ ਦੀ ਮੇਹਰ ਨਾਲ ਰੱਬ ਨਾਲ ਉਸ ਦਾ ਮਿਲਣ ਹੋ ਸਕੇ। ਪੂਰੀ ਹਲੀਮੀ ਨਾਲ ਸ਼ਰਧਾਲੂ ਸੰਤ ਤੋਂ ਉਸ ਦੇ ਚਰਣਾਂ ਦੀ ਧੂੜ ਮੰਗਦਾ ਹੈ।[15]

ਗੁਰੂ ਅਰਜਨ ਰੱਬ ਅੱਗੇ ਸਮਰਪਣ ਨੂੰ ਖ਼ਾਸ ਮਹੱਤਵ ਦਿੰਦੇ ਹਨ। ਨਾਮ ਪ੍ਰਤੀ ਸਮਰਪਣ ਤੋਂ ਬਿਨਾਂ ਸੰਸਾਰ ਦੁੱਖਾਂ ਦਾ ਘਰ ਹੈ। ਪ੍ਰਭੂ ਲਈ ਪ੍ਰੇਮ ਭਰੀ ਸ਼ਰਧਾ ਤੋਂ ਬਿਨਾਂ ਮੁਕਤੀ ਸੰਭਵ ਨਹੀਂ ਹੈ। ਰੱਬ ਦੇ ਪਿਆਰ 'ਚ ਭਿੱਜਿਆ ਬੰਦਾ ਉਸ ਦੇ ਸੋਹਲੇ ਗਾਉਂਦਾ ਹੈ। ਪਿਆਰ ਤੇ ਸਮਰਪਣ ਦੀ ਭਾਵਨਾ ਨਾਲ ਸਾਧ ਸੰਗਤ ਵਿਚ ਪ੍ਰਭੂ ਦਾ ਨਾਮ ਜਪਣ ਨਾਲ ਬੰਦੇ 'ਤੇ ਉਸ ਦੀ ਮੇਹਰ ਹੁੰਦੀ ਹੈ। ਬੰਦੇ ਨੂੰ ਦਾਸ ਵਾਂਗ ਰੱਬ ਦੀ ਸੇਵਾ ਕਰਨੀ ਚਾਹੀਦੀ ਹੈ। ਜੋ ਕੁਝ ਬੰਦੇ ਕੋਲ ਹੈ, ਉਸ ਦਾ ਤਨ-ਮਨ ਉਸ ਨੂੰ ਸੌਂਪ ਦੇਣਾ ਚਾਹੀਦਾ ਹੈ। ਬੰਦੇ ਦਾ ਪ੍ਰੇਮ ਅਤੇ ਸਮਰਪਣ ਮ੍ਰਿਤੂ ਦੀ ਹਦ ਤੀਕ ਹੋਣਾ ਚਾਹੀਦਾ ਹੈ। ਇਸ ਪ੍ਰੀਤ ਭਰੇ ਸਮਰਪਣ ਰਾਹੀਂ ਹੀ ਬੰਦਾ ਪ੍ਰਭੂ ਦੇ ਘਰ ਤੱਕ ਪਹੁੰਚਦਾ ਹੈ ਅਤੇ ਜੀਵਨ ਸਫ਼ਲ ਹੁੰਦਾ ਹੈ। ਧਰਮ, ਅਰਥ, ਕਾਮ ਅਤੇ ਮੋਖਸ਼ ਹਾਸਿਲ ਹੁੰਦਾ ਹੈ।[16]

ਪਵਿੱਤਰ ਇਕੱਠ ਲਈ ਗੁਰੂ ਅਰਜਨ ਦੀ ਬਾਣੀ ਵਿਚ ਸਾਧ ਸੰਗਤ, ਸਤ-ਸੰਗਤ ਅਤੇ ਸੰਗਤ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਨਿਰਸੰਦੇਹ ਇਸ ਦਾ ਸੰਦਰਭ ਸਿੱਖਾਂ ਦਾ ਇਕੱਠ ਹੈ। (ਧਰਮਸਾਲ ਵਿਚ)।

ਗੁਰੂ ਦੇ ਸ਼ਬਦ ਕੀਰਤਨ ਤੇ ਪ੍ਰਭੂ ਦੇ ਸੋਹਲੇ ਗਾਉਣ, ਗੁਰੂ ਦੇ ਮਾਰਗ-ਦਰਸ਼ਨ ਵਿਚ ਹਰੀ ਕਥਾ, ਨਾਮ-ਜਪਣ ਅਤੇ ਸਿਮਰਨ ਅਤੇ ਸੰਗਤਾਂ ਦੀ ਹਾਜ਼ਰੀ ਤੋਂ ਇਹੋ ਸਪਸ਼ਟ ਹੁੰਦਾ ਹੈ। ਸੰਗਤ ਵਿਚ ਪ੍ਰਭੂ ਖ਼ੁਦ ਆਪਣੇ ਆਪ ਨੂੰ ਪ੍ਰਗਟਾਉਂਦਾ ਹੈ। ਸੰਗਤ ਰਾਹੀਂ ਹੀ ਸ਼ਰਧਾਲੂਆਂ ਦਾ ਬੇੜਾ ਪਾਰ ਹੁੰਦਾ ਹੈ ਅਤੇ ਆਨੰਦ ਤੇ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਸਿਰਫ਼ ਸਾਧ ਸੰਗਤ ਵਿਚ ਹੀ ਮੁਕਤੀ ਹਾਸਿਲ ਹੁੰਦੀ ਹੈ।[17]

ਸ਼ਰਧਾਲੂਆਂ ਲਈ ਸਾਧ, ਸੰਤ, ਸਿੱਖ ਜਾਂ ਗੁਰਮੁਖ ਆਦਿ ਸ਼ਬਦਾਂ ਦੀ ਵਰਤੋਂ ਕੀਤੀ

Sri Satguru Jagjit Singh Ji Elibrary NamdhariElibrary@gmail.com

ਗਈ ਹੈ, ਇਨ੍ਹਾਂ ਸਾਰੇ ਸ਼ਬਦਾਂ ਤੇ ਮੁਰਾਦ ਗੁਰੂ ਦੇ ਅਨੁਯਾਈਆਂ ਤੋਂ ਹੀ ਹੈ। ਪ੍ਰਭੂ ਦੇ ਭਗਤ ਹੰਕਾਰ ਤੋਂ ਮੁਕਤ ਹੁੰਦੇ ਹਨ ਤੇ ਖ਼ੁਦ ਨੂੰ ਨੀਚਾਂ ਤੋਂ ਨੀਚ ਸਮਝਦੇ ਹਨ। ਉਨ੍ਹਾਂ ਦੇ ਚਰਣਾਂ ਦੀ ਧੂੜ ਨਾਲ ਹੰਕਾਰ ਤੋਂ ਛੁਟਕਾਰਾ ਹੋ ਜਾਂਦਾ ਹੈ। ਉਨ੍ਹਾਂ ਲਈ ਸੁੱਖ-ਦੁੱਖ ਇਕ ਸਮਾਨ ਹੁੰਦਾ ਹੈ। ਨਾ ਉਹ ਦੌਲਤ ਦੇ ਪਿੱਛੇ ਭੱਜਦੇ ਹਨ ਨਾ ਹੀ ਸਵਰਗਾਂ ਦੇ। ਉਨ੍ਹਾਂ ਅੰਦਰ ਜਾਤ-ਪਾਤ ਦਾ ਕੋਈ ਵਿਤਕਰਾ ਜਾਂ ਭੇਦ-ਭਾਵ ਨਹੀਂ ਹੁੰਦਾ, ਨਾ ਹੀ ਮਨ ਅੰਦਰ ਕਿਸੇ ਲਈ ਵੈਰ ਭਾਵ ਹੁੰਦਾ ਹੈ। ਉਹ ਰੱਬ ਦੇ ਆਸਰੇ ਹੁੰਦੇ ਹਨ। ਧਿਆਨ ਮਾਰਗ ਅਤੇ ਪ੍ਰਭੂ ਦਾ ਕੀਰਤਨ ਉਨ੍ਹਾਂ ਲਈ ਸੁਲਭ ਹੈ, ਉਨ੍ਹਾਂ ਲਈ ਹੀ ਸ਼ਬਦ ਜ਼ਾਹਰਾ ਹੁੰਦਾ ਹੈ। ਉਹ ਦੂਜਿਆਂ ਨੂੰ ਪ੍ਰੇਰਦੇ ਤੇ ਰਾਹ ਦਰਸਾਉਂਦੇ ਹਨ। ਅੰਮ੍ਰਿਤ ਵੇਲੇ ਉਠ ਕੇ ਉਹ ਇਸ਼ਨਾਨ ਕਰਦੇ ਹਨ ਅਤੇ ਸੌਣ ਤੋਂ ਪਹਿਲਾਂ ਅਰਦਾਸ ਕਰਦੇ ਹਨ। ਰੱਬ ਦੇ ਭਗਤ ਮੁਕਤ ਜੀਵ ਹੁੰਦੇ ਹਨ ਅਤੇ ਰੱਬ ਨਾਲ ਇਕਮਿਕ ਹੁੰਦੇ ਹਨ। ਉਹ ਅਸੀਮ ਸ਼ਰਧਾਵਾਨ ਹੁੰਦੇ ਹਨ, ਰੱਬ ਦਾ ਭਾਣਾ ਮੰਨਣ ਵਾਲੇ ਅਤੇ ਗੁਰੂ ਦੇ ਸ਼ਬਦਾਂ ਤੋਂ ਸੇਧ ਲੈਂਦੇ ਹੋਏ ਡਰ ਤੋਂ ਮੁਕਤ ਰਹਿੰਦੇ ਹਨ। ਉਹ ਖਾਂਦੇ-ਹਢਾਉਂਦੇ ਤੇ ਹੱਸਦੇ-ਖੇਡਦੇ ਹੋਏ ਵੀ ਜੀਵਨ ਮੁਕਤ ਰਹਿੰਦੇ ਹਨ। ਸੰਸਾਰ ਪ੍ਰਤੀ ਮ੍ਰਿਤ ਵਾਂਗ ਹੁੰਦੇ ਹੋਏ ਵੀ ਅਸਲ ਵਿਚ ਉਹ ਜੀਵਤ ਹੁੰਦੇ ਹਨ। ਉਨ੍ਹਾਂ ਦਾ ਜੀਵਨ ਉਸ ਨੂੰ ਸਮਰਪਿਤ ਹੁੰਦਾ ਹੈ ਜਿਸ ਦੀ ਸੰਗਤ 'ਚ ਉਹ ਨਾਮ ਸਿਮਰਨ ਕਰਦੇ ਹਨ। ਉਹ ਦੂਜਿਆਂ ਨੂੰ ਪੱਖਾ ਕਰਦੇ ਹਨ, ਉਨ੍ਹਾਂ ਦਾ ਪਾਣੀ ਭਰਦੇ ਹਨ ਤੇ ਅਨਾਜ ਪੀਂਹਦੇ ਹਨ। ਹੇਠ ਲਿਖੇ ਸ਼ਬਦਾਂ ਵਿਚ ਗੁਰੂ ਅਰਜਨ ਲੋਕਾਂ ਨੂੰ ਸਿੱਖ ਸੰਗਤ ਵਿਚ ਸ਼ਾਮਲ ਹੋਣ ਦਾ ਨਿਓਤਾ ਦਿੰਦੇ ਹਨ : ਪਹਿਲਾਂ ਮਰਨ ਕਬੂਲ ਕਰੋ ਅਤੇ ਸਾਰੇ ਮੋਹ ਤਿਆਗ ਦਿਓ, ਸਭ ਦੇ ਚਰਨਾਂ ਦੀ ਧੂੜ ਹੋ ਜਾਵੋ ਤੇ ਫੇਰ ਸਾਡੇ ਕੋਲ ਆਵੋ।[18]

ਗੁਰੂ ਅਰਜਨ ਦੀ ਬਾਣੀ ਵਿਚ ਵਿਰੋਧ ਪ੍ਰਤੀ ਵੀ ਤੀਖਣ ਸਜਗਤਾ ਦਿਖਾਈ ਪੈਂਦੀ ਹੈ। ਕਈ ਥਾਵਾਂ 'ਤੇ ਇਸ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ : ਗੁਰੂ ਅਰਜਨ ਦੇ ਖ਼ਿਲਾਫ਼ ਕਿਸੇ ਨੇ ਸ਼ਿਕਾਇਤ ਕੀਤੀ ਜੋ ਬਾਅਦ ਵਿਚ ਝੂਠੀ ਸਾਬਤ ਹੋਈ ਤੇ ਤੋਹਮਤ ਲਾਉਣ ਵਾਲੇ ਨੂੰ ਅਸਹਿ ਪੀੜ ਝੱਲਣੀ ਪਈ, ਸੁਲਹੀ, ਜੋ ਗੁਰੂ ਜੀ ਦਾ ਵਿਰੋਧੀ ਸੀ, ਉਸ ਦੀ ਮੌਤ ਇਕ ਦੁਰਘਟਨਾ ਵਿਚ ਹੁੰਦੀ ਹੈ ਅਤੇ ਰੱਬੀ ਸੁਰੱਖਿਆ ਦੀ ਗੁਰੂ ਦੀ ਭਵਿੱਖਬਾਣੀ ਸਹੀ ਸਾਬਤ ਹੁੰਦੀ ਹੈ : ਗੁਰੂ ਅਰਜਨ ਸੁਰੱਖਿਅਤ ਘਰ ਪਰਤਦੇ ਹਨ ਤੇ ਉਨ੍ਹਾਂ ਦੇ ਨਿੰਦਕਾਂ ਦੇ ਸਿਰ ਸੁਆਹ ਪੈਂਦੀ ਹੈ। ਆਮ ਤੌਰ 'ਤੇ ਹੀ ਇਸ ਗੱਲ 'ਤੇ ਕਾਫ਼ੀ ਜ਼ੋਰ ਦਿੱਤਾ ਗਿਆ ਹੈ ਕਿ ਭਗਤਾਂ ਦਾ ਰੱਬ ਰਾਖਾ ਹੁੰਦਾ ਹੈ ਤੇ ਉਹੀ ਉਨ੍ਹਾਂ ਦੇ ਦੁਸ਼ਮਣਾਂ ਦਾ ਸਰਵਨਾਸ਼ ਕਰਦਾ ਹੈ। ਦੁਸ਼ਕਰਮੀਆਂ ਦੇ ਖ਼ਿਲਾਫ਼ ਉਨ੍ਹਾਂ ਦਾ ਸਿੱਧਾ-ਸਾਦਾ ਸ਼ਸਤਰ ਨਿਮਰਤਾ ਹੈ। ਉਨ੍ਹਾਂ ਦੇ ਸ਼ੁਭਚਿੰਤਕਾਂ ਨੂੰ ਰਖ ਲਿਆ ਭਾਵ ਬਚਾ ਲਿਆ ਜਾਂਦਾ ਹੈ ਅਤੇ ਵਿਰੋਧੀਆਂ ਦਾ ਨਾਸ਼ ਹੁੰਦਾ ਹੈ। ਰੱਬ ਦੇ ਭਗਤ ਉਸ ਦੀ ਛਤਰ-ਛਾਇਆ 'ਚ ਰਹਿੰਦੇ ਹਨ। 'ਸਾਡੇ ਚਾਰੇ ਪਾਸੇ ਖ਼ੁਦ ਪ੍ਰਮਾਤਮਾ ਸਾਡੀ ਸੁਰੱਖਿਆ ਦਾ ਚੱਕਰ ਖਿਚਦਾ ਹੈ। (ਰਾਮਕਾਰ)[19]

## III

ਗੁਰੂ ਅਰਜਨ ਵੱਲੋਂ ਸੰਕਲਿਤ ਗ੍ਰੰਥ ਵਿਚ ਸ਼ਾਮਲ ਭੱਟਾਂ ਦੀਆਂ ਰਚਨਾਵਾਂ ਅਮਰਤਾ ਦੇ ਸਰੋਤ ਵਜੋਂ ਅੰਮ੍ਰਿਤ ਦੇ ਸਰੋਵਰ ਵੱਲ ਸੰਕੇਤ ਕਰਦੀਆਂ ਹਨ, ਪ੍ਰਮਾਤਮਾ ਦੇ ਸੋਹਲੇ ਗਾਉਣ ਲਈ ਜੁੜੀ ਸਾਧ ਸੰਗਤ, ਗੁਰੂ ਅਰਜਨ ਦੀ ਕਰਨੀ ਵਿਚ ਰਾਜ ਤੇ ਜੋਗ ਦਾ ਸੰਗਮ, ਅਤੇ ਗੁਰੂ

Sri Satguru Jagjit Singh Ji Elibrary NamdhariElibrary@gmail.com

ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮ ਦਾਸ ਵੱਲੋਂ ਉਨ੍ਹਾਂ ਨੂੰ ਸੌਂਪੇ ਗਏ ਦਫ਼ਤਰ ਤੇ ਗੱਦੀ ਨੂੰ ਹਾਸਿਲ ਰੱਬੀ ਸਵੀਕ੍ਰਿਤੀ, ਇਸ ਸਭ ਦੇ ਸੰਕੇਤ ਹਨ।[20] ਭਾਈ ਗੁਰਦਾਸ ਅਨੁਸਾਰ ਗੁਰੂ ਅਰਜਨ ਨੇ ਗੁਰਬਾਣੀ ਦਾ ਭੰਡਾਰਾ ਭਰਪੂਰ ਕਰ ਦਿੱਤਾ ਸੀ, ਅਤੇ ਉਹ ਸਾਧ ਸੰਗਤ ਵਿਚ ਕਥਾ ਕੀਰਤਨ 'ਚ ਮਸਤ ਰਹਿੰਦੇ ਸਨ। ਉਨ੍ਹਾਂ ਦਾ ਦਰਬਾਰ ਸੱਚਾ ਦਰਬਾਰ ਹੈ ਅਤੇ ਉਨ੍ਹਾਂ ਦਾ ਰਾਜ ਸਦੀਵੀ ਹੈ। ਅਸੰਖ ਸਿੱਖ ਚਾਰੇ ਦਿਸ਼ਾਵਾਂ ਤੋਂ ਉਨ੍ਹਾਂ ਪਾਸ ਆਉਂਦੇ ਤੇ ਸ਼ਬਦ ਦਾ ਲੰਗਰ ਭਰ ਵਗਦਾ। ਗੁਰੂ ਅਰਜਨ ਗ੍ਰਿਸ਼ਤਿਆਂ ਵਿਚ ਰਹਿੰਦਿਆਂ ਹੋਏ ਮੁਕਤ ਰਹਿਣ ਦੀ ਕਲਾ ਸਿਖਾਉਂਦੇ, ਉਨ੍ਹਾਂ ਨੇ ਰਾਜਾ ਜਨਕ ਵਰਗੇ ਅਣਗਿਣਤ ਸਿੱਖ ਪੈਦਾ ਕੀਤੇ।[21] ਗ੍ਰੰਥ ਦੇ ਸੰਪਾਦਨ, ਕਥਾ ਕੀਰਤਨ ਤੇ ਸਰੋਵਰ, ਜਿਸ ਨੂੰ ਅੰਮ੍ਰਿਤ ਦਾ ਸਰੋਵਰ ਕਹਿੰਦੇ ਸਨ, ਅਨੇਕਾਂ ਮਿਸਾਲਾਂ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਸਭ ਗਤੀਵਿਧੀਆਂ ਸ਼ਹਿਰ ਰਾਮਦਾਸ ਅਤੇ ਹਰਿਮੰਦਰ ਨਾਲ ਹੀ ਜੁੜੀਆਂ ਹਨ।

ਗੁਰੂ ਅਰਜਨ ਦੀ ਸਪਸ਼ਟ ਉਕਤੀ ਹੈ ਕਿ ਰਾਮਦਾਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸਭ ਪਾਪ ਧੋਤੇ ਜਾਂਦੇ ਹਨ। ਉਹ ਪ੍ਰਤੀ ਦਿਨ ਪ੍ਰਭੂ ਦੇ ਕੀਰਤਨ ਲਈ ਸਿੱਖਾਂ ਨੂੰ ਪ੍ਰੇਰਦੇ ਸਨ। ਪੂਰਨ ਗੁਰੂ ਨੂੰ ਦਿਲ ਵਿਚ ਰੱਖਣ ਨਾਲ ਬੰਦੇ ਦੀਆਂ ਸਭ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ।[22] ਇਹ ਸਰੋਵਰ ਉਸੇ ਕਰਤਾ ਦੀ ਕਿਰਤ ਹੈ। ਪਦਾਰਥਾਂ ਤੇ ਦੌਲਤ ਦੀ ਉਥੇ ਕੋਈ ਕਮੀ ਨਹੀਂ। ਇਹ ਉਸੇ ਦਿਆਨਿਧਾਨ ਦੀ ਇੱਛਾ ਹੈ ਜਿਸ ਨੇ ਸਗਲੀ ਖੇਡ ਰਚਾਈ ਹੈ। ਸਭ ਦੌਲਤਾਂ ਤੇ ਖਜ਼ਾਨੇ ਉਸੇ ਦੇ ਹਨ।[23] ਸੰਤਾਂ ਦੇ ਕੰਮ ਨੇਪਰੇ ਚੜ੍ਹਾਉਣ ਲਈ ਪ੍ਰਮਾਤਮਾ ਖੁਦ ਉਨ੍ਹਾਂ ਦੇ ਨਾਲ ਖੜਦਾ ਹੈ ਤੇ ਪੱਕਾ ਕਰਦਾ ਹੈ ਕਿ ਸਭ ਕੁਝ ਠੀਕ-ਠਾਕ ਹੋਵੇ। ਸੁੰਦਰ ਹੈ ਇਹ ਧਰਤੀ ਅਤੇ ਅੰਮ੍ਰਿਤ ਵਰਗੇ ਜਲ ਵਾਲਾ ਇਹ ਸਰੋਵਰ ਮਨੋਹਰ ਹੈ। ਸਭ ਕਾਮਨਾਵਾਂ ਪੂਰਨ ਹੋ ਚੁੱਕੀਆਂ ਅਤੇ ਸਾਰੇ ਦੁੱਖਾਂ ਦਾ ਨਾਸ ਹੋ ਚੁੱਕਾ ਹੈ। ਆਪਣੇ ਸੁਭਾਅ ਅਨੁਸਾਰ ਪ੍ਰਮਾਤਮਾ ਆਪਣੇ ਭਗਤਾਂ 'ਤੇ ਸਭ ਨੇਹਮਤਾਂ ਲਟਾਉਂਦਾ ਹੈ। ਸਾਰੇ ਪੁੰਨ ਕਰਮਾਂ, ਰਹੁ-ਰੀਤਾਂ, ਦਾਨ ਤੇ ਅਠਸਠ ਤੀਰਥਾਂ 'ਤੇ ਇਸ਼ਨਾਨ ਦਾ ਫਲ ਇੱਥੇ ਮਿਲਦਾ ਹੈ।[24] ਰਾਮਦਾਸ ਸਰੋਵਰ ਵਿਚ ਇਸ਼ਨਾਨ ਨਾਲ ਸਭ ਪਾਪ ਧੁਲ ਜਾਂਦੇ ਹਨ। ਪਵਿੱਤਰਤਾ ਦਾ ਇਹ ਸੋਮਾ ਉਸ ਪੂਰਨ ਗੁਰੂ ਦੀ ਸੌਗਾਤ ਹੈ। ਗੁਰੂ ਦੇ ਸ਼ਬਦ ਰਾਹੀਂ ਹਰ ਚੀਜ਼ ਆਪਣੀ ਥਾਂ 'ਤੇ ਹੈ। ਦਿਆਲੂ ਸਖਾ ਵਾਂਗ ਰੱਬ ਸੰਗ ਰਹਿੰਦਿਆਂ ਤੇ ਸਾਧ-ਸੰਗ ਨਾਲ ਸਭ ਮੈਲ ਧੋਤੇ ਜਾਂਦੇ ਹਨ। ਇਹ ਗੱਲ ਅਹਿਮ ਹੈ ਕਿ ਗੁਰੂ ਅਰਜਨ 'ਘਰ ਉਸਾਰੇ ਜਾਣ ਦੀ ਗੱਲ ਕਰਦੇ ਹਨ', ਜਿਸ ਨੂੰ ਹਰਿਮੰਦਰ ਦੇ ਸੰਦਰਭ ਵਿਚ ਹੀ ਲਿਆ ਜਾਣਾ ਚਾਹੀਦਾ ਹੈ।[25]

ਹਰਿਮੰਦਰ ਦੀ ਉਸਾਰੀ ਦੇ ਸੰਦਰਭ 'ਚ ਕਈ ਥਾਈਂ ਸਪਸ਼ਟ ਸੰਕੇਤ ਹਨ, ਜਿਸ ਦੀ ਉਸਾਰੀ ਪ੍ਰਮਾਤਮਾ 'ਤੇ ਧਿਆਨ ਕਰਨ ਲਈ ਹੋਈ ਸੀ, ਸੰਤ ਤੇ ਭਗਤ ਉਸ ਦੇ ਸੋਹਲੇ ਗਾਉਂਦੇ ਹਨ। ਪ੍ਰਭੂ ਦਾ ਧਿਆਨ ਧਰਦੇ ਹੋਏ ਉਹ ਸਭ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਬਾਣੀ ਦਾ ਗਾਇਨ ਕਰਦੇ ਹੋਏ ਹੀ ਉਹ ਮੁਕਤੀ ਹਾਸਲ ਕਰ ਜਾਂਦੇ ਹਨ। ਉਹ ਇਕ ਖ਼ੁਸ਼ੀ ਦੀ ਘੜੀ ਸੀ, ਬਹੁਮੁੱਲਾ ਛਿਣ ਜਦੋਂ ਪ੍ਰਮਾਤਮਾ ਦੇ ਘਰ ਦੀ ਨੀਂਹ ਧਰੀ ਗਈ। ਸਿਰਫ਼ ਉਸ ਪ੍ਰਮਾਤਮਾ ਦੀ ਮੇਹਰ ਨਾਲ ਹੀ ਹੋ ਸਕਦਾ ਸੀ।[26] ਇਕ ਹੋਰ ਸ਼ਬਦ ਵਿਚ ਸਰੋਵਰ ਤੇ ਬਾਗ ਸਣੇ ਪ੍ਰਭੂ ਦੇ ਘਰ ਦਾ ਉਲੇਖ ਹੈ, ਇਸ ਨੂੰ ਰੱਬ ਦੀ ਖ਼ੁਸ਼ੀ ਦੇ ਰੂਪ 'ਚ ਚਿਤਰਿਆ ਗਿਆ ਹੈ। ਪ੍ਰਮਾਤਮਾ 'ਤੇ ਧਿਆਨ

Sri Satguru Jagjit Singh Ji Elibrary NamdhariElibrary@gmail.com

ਅਤੇ ਉਸ ਦੇ ਕੀਰਤਨ ਨਾਲ ਸਭ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਗੁਰੂ ਦੇ ਚਰਣੀਂ ਪ੍ਰੀਤ ਜੋੜਨ ਨਾਲ ਮਨ ਆਨੰਦ ਨਾਲ ਭਰ ਜਾਂਦਾ ਹੈ। ਪ੍ਰਭੂ ਦੀ ਕਿਰਪਾ ਨਾਲ ਸਾਡੇ ਲੋਕ ਪਰਲੋਕ ਸੰਵਰ ਜਾਂਦੇ ਹਨ।[17]

ਰਾਮਦਾਸ ਸਰੋਵਰ ਤੇ ਹਰਿਮੰਦਰ ਨਾਲ ਜੋੜੀ ਗਈ ਪਵਿੱਤਰਤਾ ਨੂੰ ਪੂਰੇ ਰਾਮਦਾਸਪੁਰ ਤੱਕ ਫੈਲਾਇਆ ਗਿਆ ਹੈ। ਗੁਰੂ ਅਰਜਨ ਕਹਿੰਦੇ ਹਨ, "ਮੈਂ ਸਭ ਥਾਵਾਂ ਦੇਖੀਆਂ ਹਨ ਪਰ ਤੇਰੇ ਜਹੀ ਕੋਈ ਨਹੀਂ। ਕਿਉਂਕਿ ਖੁਦ ਪ੍ਰਮਾਤਮਾ ਨੇ ਤੈਨੂੰ ਥਾਪਿਆ ਹੈ, ਇਸ ਲਈ ਤੂੰ ਸੁੰਦਰ ਹੈਂ।" ਚਾਰੇ ਪਾਸੇ ਫੈਲਦਾ, ਸੰਘਣੀ ਆਬਾਦੀ ਵਾਲਾ ਰਾਮਦਾਸਪੁਰ ਅੰਤਾਂ ਦਾ ਸੋਹਣਾ ਹੈ।[18] ਪ੍ਰਭੂ ਦੀ ਮੇਹਰ ਨੇ ਰਾਮਦਾਸਪੁਰ ਵਿਚ ਖੁਦ ਆਪਣਾ ਹੀ ਪ੍ਰਬੰਧ ਥਾਪਿਆ ਹੈ। 'ਰਾਮ ਰਾਜ' ਦੇ ਕਥਨ ਨੂੰ ਉਸ ਦੇ ਪ੍ਰਚਲਿਤ ਅਰਥਾਂ ਵਿਚ ਨਹੀਂ ਲੈਣਾ ਚਾਹੀਦਾ, ਜਿਸ ਦਾ ਭਾਵ ਅਯੁੱਧਿਆ ਦੇ ਰਾਜਾ ਰਾਮ ਦਾ ਆਦਰਸ਼ ਰਾਜ ਹੈ। ਗੁਰੂ ਨਾਨਕ ਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਵੱਲੋਂ 'ਰਾਮ' ਸ਼ਬਦ ਦੀ ਵਰਤੋਂ ਈਸ਼ਵਰ ਦੇ ਉਪਨਾਮ ਦੇ ਤੌਰ 'ਤੇ ਕੀਤੀ ਗਈ ਹੈ। ਇਸ ਲਈ ਰਾਮ ਰਾਜ ਦਾ ਭਾਵ ਰੱਬੀ ਰਾਜ ਤੋਂ ਹੀ ਹੈ। ਰੱਬ ਦਾ ਧਿਆਨ ਧਰਦਿਆਂ ਕੋਈ ਅਨਹੋਣੀ ਨਹੀਂ ਵਾਪਰਦੀ, ਜਿੱਥੇ ਨਾਮ ਦੀ ਮਹਿਮਾ ਗਾਈ ਜਾਂਦੀ ਹੈ ਦੁਸ਼ਮਣ ਨੱਸ ਖਲੋਂਦੇ ਹਨ।[19] ਇਸ ਵਿਚ ਸ਼ਾਇਦ ਹੀ ਕਿਸੇ ਸ਼ੱਕ ਦੀ ਗੁੰਜਾਇਸ਼ ਹੈ ਕਿ ਰਾਮਦਾਸਪੁਰ ਇਕ ਖੁਦਮੁਖਤਾਰ ਸ਼ਹਿਰ ਸੀ ਜਿਸ ਨਾਲ ਮੁਗਲ ਪ੍ਰਸ਼ਾਸਨ ਦਾ ਕੋਈ ਲੈਣਾ ਦੇਣਾ ਨਹੀਂ ਸੀ।

ਗੁਰੂ ਅਰਜਨ ਅਬਚਲ ਨਗਰ ਦੀ ਗੱਲ ਕਰਦੇ ਹਨ ਜਿਥੇ ਨਾਮ ਹੀ ਸ਼ਾਂਤੀ ਲੈ ਕੇ ਆਉਂਦਾ ਹੈ, ਜਿਸ ਦੀ ਥਾਪਨਾ ਖੁਦ ਸਿਰਜਨਹਾਰ ਨੇ ਕੀਤੀ ਹੈ ਤੇ ਜਿੱਥੇ ਸਭ ਇਛਾਵਾਂ ਪੂਰੀਆਂ ਹੁੰਦੀਆਂ ਹਨ, ਜਿੱਥੇ ਪ੍ਰਭੂ ਦੀ ਮਹਿਮਾ ਗਾਈ ਜਾਂਦੀ ਹੈ ਤੇ ਹਰ ਸ਼ੈਅ ਠਿਕਾਣੇ ਸਿਰ ਹੋ ਜਾਂਦੀ ਹੈ, ਜਿੱਥੇ ਖੁਦ ਪ੍ਰਮਾਤਮਾ ਹੀ ਰਖਵਾਲਾ ਹੈ, ਖੁਦ ਹੀ ਮਾਤ-ਪਿਤਾ ਹੈ, ਜਿੱਥੇ ਘਰ ਤੇ ਬਜ਼ਾਰ ਨਾਲੋਂ-ਨਾਲ ਹੀ ਅਤੀ ਸੁੰਦਰ ਹਨ, ਜਿੱਥੇ ਰੱਬ ਦੀਆਂ ਸੌਗਾਤਾਂ ਨਿਸਦਿਨ ਵਧਦੀਆਂ ਹਨ, ਜਿੱਥੇ ਸਾਰੇ ਜੀਵ ਉਸ ਪ੍ਰਮਾਤਮਾ ਦੀ ਦੇਖ-ਰੇਖ ਅੰਦਰ ਸ਼ਾਂਤੀਪੂਰਵਕ ਵਿਚਰਦੇ ਹਨ, ਜਿੱਥੇ ਪ੍ਰਭੂ ਦੇ ਸੰਤ ਪਿਆਰੇ ਮਿਲ ਕੇ ਵਿਚਾਰ ਵਟਾਂਦਰਾ ਕਰਦੇ ਹਨ, ਜਿੱਥੇ ਆਵਾਗਮਨ ਦੇ ਬੰਧਨ ਕੱਟ ਜਾਂਦੇ ਹਨ ਅਤੇ ਜਿੱਥੇ ਬੰਦਾ ਰੱਬੀ ਕ੍ਰਿਪਾ ਨਾਲ ਉਸ ਪ੍ਰਭੂ ਦੇ ਦਰਸ਼ਨ ਕਰਦਾ ਹੈ।[20] ਕੁਝ ਵੀ ਹੋਵੇ ਰੱਬ ਦਾ ਇਹ ਸਦੀਵੀ ਸ਼ਹਿਰ ਰਾਮਦਾਸਪੁਰ ਦੀ ਹੀ ਯਾਦ ਕਰਾਉਂਦਾ ਹੈ, ਜੋ ਸੰਸਾਰ ਵਿਚ ਆਦਰਸ਼ ਥਾਂ ਹੈ।

ਗੁਰੂ ਅਰਜਨ ਇਸ ਆਦਰਸ਼ ਸ਼ਹਿਰ (ਅਵਿਚਲ ਨਗਰ) ਨੂੰ ਗੁਰੂ ਨਾਨਕ ਦੇ ਹੀ ਅਰਥਾਂ ਵਿਚ ਚਿੱਤਰਦੇ ਹਨ : ਉਥੇ ਪੰਜ ਸ਼ਤਰੂਆਂ (ਵੈਰੀਆਂ) ਲਈ ਕੋਈ ਥਾਂ ਨਹੀਂ (ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ); ਗੁਰੂ ਦੇ ਆਦੇਸ਼ਾਂ ਨਾਲ ਸਭ ਪਾਪ ਧੁਲ ਗਏ ਹਨ : ਸ਼ਹਿਰ ਦੀ ਦੀਵਾਰ ਸੱਚ ਤੇ ਧਰਮ ਦੀ ਬਣੀ ਹੈ; ਇੱਥੇ ਨਾਮ ਦਾ ਬੀਜ ਬੀਜਿਆ ਜਾਂਦਾ ਹੈ, ਸ਼ਾਹ ਤੇ ਉਸ ਦੇ ਕਰਿੰਦੇ ਇਕੋ ਜਿਹੇ ਸਮਰਿਧ ਹਨ; ਗੁਰੂ ਦੀ ਸੇਵਾ ਨਿਸਦਿਨ ਜਾਰੀ ਹੈ, ਵੇਚਣ ਲਈ ਦੁਕਾਨਾਂ 'ਤੇ ਸੁਖ ਸ਼ਾਂਤੀ ਅਤੇ ਸਹਿਜਤਾ ਉਪਲੱਬਧ ਹਨ : ਨਾ ਉਥੇ ਕੋਈ ਜੁਰਮਾਨਾ ਹੈ ਨਾ ਹੀ ਕੋਈ

Sri Satguru Jagjit Singh Ji Elibrary NamdhariElibrary@gmail.com

ਟੈਕਸ; ਜੋ ਨਾਮ ਦੇ ਵਪਾਰੀ ਹਨ ਉਹ ਭਰਪੂਰ ਮੁਨਾਫ਼ਾ ਖਟਦੇ ਹਨ; ਸਤਿਗੁਰੂ ਸ਼ਾਹ ਹੈ ਤੇ ਸਿੱਖ ਉਸ ਦੇ ਵਣਜਾਰੇ ਹਨ। ਇਹ ਗੁਰੂ ਨਾਨਕ ਦਾ ਸਨਾਤਨ ਸ਼ਹਿਰ ਹੈ।[1]

ਗੁਰੂ ਅਰਜਨ ਉਸ ਕ੍ਰਿਪਾਲੂ ਦੇ ਫ਼ੁਰਮਾਨ ਦਾ ਜ਼ਿਕਰ ਕਰਦੇ ਹਨ ਕਿ ਹਲੀਮੀ ਰਾਜ ਸਥਾਪਤ ਹੋ ਚੁੱਕਾ ਹੈ, ਹੁਣ ਕੋਈ ਕਿਸੇ 'ਤੇ ਜ਼ੁਲਮ ਨਹੀਂ ਕਰੇਗਾ, ਸਭ ਸ਼ਾਂਤੀ ਨਾਲ ਰਹਿਣਗੇ। ਇਹ ਇਕ ਇਲਾਹੀ ਆਦੇਸ਼ ਹੈ। ਗੁਰੂ ਅਰਜਨ ਉਸ ਪ੍ਰਭੂ ਦੇ ਸਰਬ ਸਮਰੱਥ ਯੋਧਾ ਹਨ। ਗੁਰੂ ਅਰਜਨ ਸੱਚ ਦਾ ਹਲ ਵਾਹ ਕੇ ਨਾਮ ਦਾ ਬੀਜ ਬੀਜਦੇ ਹਨ ਅਤੇ ਰੱਬੀ ਮੇਹਰ ਦੀ ਅਪਾਰ ਫ਼ਸਲ ਦੀ ਆਸ ਕਰਦੇ ਹਨ। ਪ੍ਰਭੂ ਨੇ ਉਨ੍ਹਾਂ ਨੂੰ ਕੰਮ ਸੌਂਪਿਆ ਹੈ ਤੇ ਉਹ ਉਸ ਦੀ ਹੀ ਇੱਛਾ ਅਨੁਸਾਰ ਇਸ ਨੂੰ ਸਿਰੇ ਚਾੜ੍ਹਦੇ ਹਨ। ਆਪਣੇ ਦਰਬਾਰ ਵਿਚ ਸਿਰੋਪਾ ਦੇ ਕੇ ਰੱਬ ਨੇ ਹੀ ਉਨ੍ਹਾਂ ਨੂੰ ਮੁਖੀ ਥਾਪਿਆ ਹੈ। ਪਿੰਡ ਪੂਰੀ ਤਰ੍ਹਾਂ ਵਸ ਚੁੱਕਾ ਹੈ। ਗੁਰੂ ਅਰਜਨ ਦਾ ਇਕ ਇਕ ਕਾਰ-ਵਿਹਾਰ ਉਸ ਮਾਲਿਕ ਦੀ ਸੇਵਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਲੀਮੀ ਰਾਜ ਦਾ ਭਾਵ ਉਸ ਸਮੁੱਚੇ ਪ੍ਰਬੰਧ ਤੋਂ ਹੈ ਜਿਸ ਦੀ ਵਾਗਡੋਰ ਗੁਰੂ ਅਰਜਨ ਦੇ ਹੱਥਾਂ ਵਿਚ ਹੈ। ਇਹ ਵੀ ਅਹਿਮ ਹੈ ਕਿ ਉਹ ਸੱਚ ਦੀ ਧਰਮਸਾਲ ਦੀ ਗੱਲ ਕਰਦੇ ਹਨ, ਜਿਸ ਨੂੰ ਉਨ੍ਹਾਂ ਥਾਪਿਆ ਹੈ। ਉਹ ਗੁਰਸਿੱਖਾਂ ਨੂੰ ਉਨ੍ਹਾਂ ਦੇ ਚਰਨ ਧੋਣ, ਚੰਵਰ ਝੁਲਾਉਣ ਤੇ ਡੰਡੌਤ ਕਰਨ ਦੀ ਤਾਕੀਦ ਕਰਦੇ ਹਨ। ਜਿਨ੍ਹਾਂ ਦੇ ਵੀ ਕੰਨਾਂ ਵਿਚ ਗੁਰੂ ਦੀ ਆਮਦ ਦੀ ਖ਼ਬਰ ਪੈਂਦੀ ਹੈ ਤੇ ਜੋ ਨਾਮ ਦਾਨ ਤੇ ਇਸ਼ਨਾਨ ਦੀ ਦਾਤ ਹਾਸਿਲ ਕਰਦੇ ਹਨ, ਉਨ੍ਹਾਂ ਤੋਂ ਇਸ ਸਭ ਦੀ ਆਸ ਕੀਤੀ ਜਾਂਦੀ ਹੈ। ਸੱਚੇ ਜਹਾਜ਼ 'ਤੇ ਸਵਾਰ ਹੋ ਕੇ ਕੁਲ ਜਗ ਮੁਕਤੀ ਹਾਸਿਲ ਕਰਦਾ ਹੈ।[2]

ਇਹ ਗੱਲ ਵੀ ਬਹੁਤ ਮਹੱਤਵਪੂਰਨ ਹੈ ਕਿ ਗੁਰੂ ਅਰਜਨ ਅਨੇਕ ਥਾਵਾਂ 'ਤੇ ਸਿੱਧੇ ਤੌਰ 'ਤੇ ਨਾਨਕ ਦਾ ਜ਼ਿਕਰ ਕਰਦੇ ਹਨ। ਇਹ ਗੱਲ ਬਿਲਕੁਲ ਸਾਫ਼ ਹੈ ਕਿ ਨਾਨਕ ਉਨ੍ਹਾਂ ਲਈ ਇਸ ਨਵੇਂ ਨਿਜ਼ਾਮ ਦੇ ਮੋਢੀ ਹਨ। ਨਾਨਕ ਦੇ ਘਰ ਅੰਦਰ ਕੋਈ ਦੁੱਖ ਨਹੀਂ ਅਤੇ ਅਸੀਮ ਆਨੰਦ ਹੈ। ਰੱਬ ਨੇ ਉਨ੍ਹਾਂ ਨੂੰ ਅਖੁੱਟ ਖ਼ਜ਼ਾਨਾ ਬਖ਼ਸ਼ਿਆ ਹੈ ਜੋ ਸਭਨਾਂ ਲਈ ਹੈ। ਨਾਨਕ ਨੇ ਜਿਸ ਦੀ ਨੀਂਹ ਰੱਖੀ ਸੀ ਉਹ ਦਿਨੋ ਦਿਨ ਮਜ਼ਬੂਤ ਹੋ ਰਿਹਾ ਹੈ। ਉਸ ਦੀ ਮਹਾਨਤਾ ਜਗ ਜ਼ਾਹਿਰ ਹੋ ਚੁੱਕੀ ਹੈ। ਭਗਤੀ ਦਾ ਭੰਡਾਰਾ, ਜੋ ਪ੍ਰਭੂ ਨੇ ਉਨ੍ਹਾਂ ਨੂੰ ਸੌਂਪਿਆ ਹੈ, ਮੁਕਤੀ ਦਾ ਸਰੋਤ ਹੈ। ਪ੍ਰਮਾਤਮਾ ਦੇ ਵਾਂਗ ਹੀ ਉਹ ਸਭ ਤੋਂ ਮਹਾਨ ਹੈ ਤੇ ਸਭਨਾਂ ਦਾ ਰਖਵਾਲਾ ਹੈ। ਨਾਮ ਦੀ ਰੌਸ਼ਨੀ ਨੇ ਸਭ ਜਗ ਰੁਸ਼ਨਾ ਦਿੱਤਾ ਹੈ ਤੇ ਹਨ੍ਹੇਰਾ ਜਾ ਚੁੱਕਾ ਹੈ। ਗੁਰੂ ਨਾਨਕ ਉਸ ਪ੍ਰਮਾਤਮਾ ਦੇ ਵਾਸਤਵਿਕ ਨੁਮਾਇੰਦੇ ਹਨ।

ਰਾਗ ਭੈਰੋਂ ਵਿਚ ਵੀ ਇਸ ਨਿਜ਼ਾਮ ਦਾ ਜ਼ਿਕਰ ਹੈ। ਸਭ ਭਾਈ-ਬੰਧ, ਸਖਾ ਤੇ ਉਨ੍ਹਾਂ ਦੇ ਪਰਿਵਾਰ ਉਸ ਅਵਿਨਾਸ਼ੀ ਪਿਤਾ ਨਾਲ ਜੁੜ ਕੇ ਮੁਕਤ ਹੋ ਚੁੱਕੇ ਹਨ। ਦੂਜੇ ਵੀ ਉਨ੍ਹਾਂ ਤੋਂ ਲਾਹਾ ਖੱਟ ਰਹੇ ਹਨ। ਉਨ੍ਹਾਂ ਦੇ ਮਹਿਲ ਸਭ ਤੋਂ ਵਿਸ਼ਾਲ ਹਨ ਤੇ ਉਨ੍ਹਾਂ ਦੀ ਸਲਤਨਤ ਅਸੀਮ ਹੈ। ਇਹ ਕਦੇ ਨਾ ਖ਼ਤਮ ਹੋਣ ਵਾਲੀ ਹਕੂਮਤ ਹੈ। ਇਸ ਦੀ ਪ੍ਰਸਿੱਧੀ ਜਗ ਜ਼ਾਹਿਰ ਹੋ ਚੁੱਕੀ ਹੈ ਤੇ ਹਰ ਘਰ ਵਿਚ ਇਸੇ ਦੀ ਸੋਭਾ ਦੇ ਚਰਚੇ ਹਨ।

ਨਾਨਕ ਦਾ ਇਹ ਨਿਜ਼ਾਮ ਕਲਿਜੁਗ ਲਈ ਵਿਸ਼ੇਸ਼ ਤੌਰ 'ਤੇ ਢੁਕਵਾਂ ਹੈ। ਉਸ ਅਗੰਮੀ ਮਾਲਕ ਨੇ ਮੇਹਰ ਕਰ ਕੇ ਗੁਰੂ ਨੂੰ ਨਾਮ ਭਗਤੀ ਦੀ ਦਾਤ ਕਲਿਜੁਗ ਦੇ ਕਲਿਆਣ ਖ਼ਾਤਰ ਬਖ਼ਸ਼ੀ ਹੈ। ਨੀਚਾਂ ਤੋਂ ਨੀਚ ਉਸ ਦੇ ਮੁਰੀਦ ਹੋ ਚੁੱਕੇ ਹਨ। ਪਹਿਲਾਂ ਦੂਜੇ ਯੁੱਗਾਂ ਨੂੰ ਉੱਤਮ

Sri Satguru Jagjit Singh Ji Elibrary NamdhariElibrary@gmail.com

ਮੰਨਿਆ ਜਾਂਦਾ ਸੀ ਪਰ ਹੁਣ ਕਲਿਜੁਗ ਹੀ ਸਾਰੇ ਯੁੱਗਾਂ ਵਿਚੋਂ ਸਰਵੋਤਮ ਹੈ। ਹਰ ਬੰਦੇ ਦਾ ਨਿਬੇੜਾ ਉਸ ਦੇ ਗੁਣਾਂ 'ਤੇ ਆਧਾਰਿਤ ਹੋਣਾ ਹੈ ਅਤੇ ਭਗਤਾਂ ਦੀਆਂ ਅਰਦਾਸਾਂ ਤੇ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਦਰਸ਼ਨਾਂ ਦਾ ਆਨੰਦ ਸਭਨਾਂ ਲਈ ਸੰਭਵ ਹੈ। ਮਾਰੂ ਸੋਹਲੇ ਵਿਚ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਤੇ ਕਲਿਜੁਗ ਵਿਚ ਕੀਰਤਨ ਨੂੰ ਹੀ ਮੁਕਤੀ ਦਾ ਸਰਵੋਤਮ ਸਾਧਨ ਮੰਨਿਆ ਗਿਆ ਹੈ। ਮੁਕਤੀ ਸਿਰਫ਼ ਉਨ੍ਹਾਂ ਨੂੰ ਹੀ ਨਸੀਬ ਹੁੰਦੀ ਹੈ, ਜੋ ਗੁਰੂ ਦੇ ਆਦੇਸ਼ਾਂ 'ਤੇ ਚਲਦੇ ਹੋਏ ਨਾਮ ਦੀ ਦਾਤ ਹਾਸਿਲ ਕਰਦੇ ਹਨ। ਸਿਰਫ਼ ਉਹ ਹੀ ਬਚਦੇ ਹਨ ਜੋ ਉਸ ਮਾਲਿਕ ਦੀ ਸ਼ਰਨ ਹੁੰਦੇ ਹਨ। ਬਿਨਾਂ ਰੁੱਤ ਤੋਂ ਬੀਜਿਆ ਗਿਆ ਬੀਜ ਕਦੇ ਫਲਦਾ ਨਹੀਂ। ਕੀਰਤਨ ਵਿਚ ਗਾਈ ਪ੍ਰਭੂ ਦੀ ਮਹਿਮਾ ਹੀ ਕਲਿਜੁਗ ਵਿਚ ਸਭ ਤੋਂ ਉੱਤਮ ਹੈ। ਗੁਰੂ ਦੇ ਮਾਰਗ ਦਰਸ਼ਨ ਵਿਚ ਲੋਕ ਰੱਬ ਦਾ ਸਿਮਰਨ ਕਰਦੇ ਹਨ। ਰਾਗ ਬਸੰਤ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਨਾਮ ਹੀ ਕਲਿਜੁਗ ਵਿਚ ਬੀਜਿਆ ਜਾਣ ਵਾਲਾ ਸਹੀ ਬੀਜ ਹੈ। ਉਹੀ ਜੋ ਰੱਬੀ ਰਜ਼ਾ ਵਿਚ ਰਹਿੰਦੇ ਹਨ ਰੂਹਾਨੀ ਆਨੰਦ ਹਾਸਿਲ ਕਰਦੇ ਹਨ। 'ਕਲਿਜੁਗ ਆ ਚੁੱਕਾ ਹੈ ਸੋ ਨਾਮ ਦਾ ਬੀਜ ਬੀਜੋ। ਇਹ ਕਿਸੇ ਹੋਰ ਫਸਲ ਦਾ ਮੌਸਮ ਨਹੀਂ ਹੈ। ਕਲਿਜੁਗ ਨਾਮ ਦਾ ਯੁਗ ਹੈ।' ਕਲਿਜੁਗ ਵਿਚ ਨਾਮ ਦਾ ਇਹ ਨਵਾਂ ਨਿਜ਼ਾਮ ਕਿਸੇ ਜਾਤ, ਵੰਸ਼, ਦੇਸ਼ ਜਾਂ ਲਿੰਗ ਲਈ ਰਾਖਵਾਂ ਨਹੀਂ ਹੈ। ਰੱਬੀ ਸੰਤਾਨ ਵਜੋਂ ਇਹ ਸਾਰੀ ਮਨੁੱਖ ਜਾਤੀ ਲਈ ਖੁੱਲ੍ਹਾ ਹੈ। ਸਾਰੀ ਰਚਨਾ ਵਿਚ ਉਹ ਪ੍ਰਮਾਤਮਾ ਹੀ ਸਮਾਇਆ ਹੈ। ਜੋ ਵੀ ਉਹ ਕਰਦਾ ਹੈ, ਉਹ ਉੱਤਮ ਹੈ। ਇਹੋ ਗੁਰੂ ਦੀ ਸਿੱਖਿਆ ਹੈ। ਸੰਗਤ ਵਿਚ ਸ਼ਾਮਿਲ ਹੋ ਕੇ ਦੂਜਿਆਂ ਪ੍ਰਤੀ ਸਭ ਵੈਰ ਭਾਵ ਮਿਟ ਜਾਂਦੇ ਹਨ। ਨਾ ਹੀ ਕੋਈ ਵੈਰੀ ਰਹਿੰਦਾ ਹੈ ਤੇ ਨਾ ਹੀ ਬੇਗਾਨਾ। (ਸਗਲ ਸੰਗ ਹਮ ਕਉ ਬਣ ਆਈ।)

ਗੁਰੂ ਅਰਜਨ ਗ੍ਰੰਥ ਨੂੰ ਰੱਬ ਦਾ ਨਿਵਾਸ ਸਥਾਨ ਦਸਦੇ ਹਨ। ਇੱਥੇ ਬਾਣੀ ਨੂੰ ਸ਼ਬਦ, ਤੇ ਸ਼ਬਦ ਨੂੰ ਗੁਰੂ ਅਤੇ ਗੁਰੂ ਨੂੰ ਪ੍ਰਮਾਤਮਾ ਦੇ ਤੁੱਲ ਰੱਖਿਆ ਗਿਆ ਹੈ। ਸਾਰੇ ਜਗਤ ਦਾ ਕਲਿਆਣ ਕਰਨ ਵਾਲਾ ਨਾਮ ਪੋਥੀ ਵਿਚ ਸਮਾਇਆ ਹੈ। ਸੱਚ, ਸ਼ਾਂਤੀ ਤੇ ਚੇਤਨਾ ਭਰਪੂਰ ਨਾਮ ਸਾਰੀ ਹੋਂਦ ਨੂੰ ਧਾਰਨ ਕਰਦਾ ਹੈ ਅਤੇ ਸਾਰੇ ਧਾਰਕਾਂ ਦਾ ਕਲਿਆਣ ਕਰਦਾ ਹੈ। ਇਹ ਸਭਨਾਂ ਦੇ ਕਲਿਆਣ ਦਾ ਅਮੋਘ ਸ਼ਸਤਰ ਹੈ। ਜਦੋਂ ਹਨੇਰਾ ਛਟ ਜਾਂਦਾ ਹੈ ਤਾਂ ਸਭਨੀਂ ਥਾਈਂ ਪ੍ਰਮਾਤਮਾ ਦੇ ਹੀ ਦਰਸ਼ਨ ਹੁੰਦੇ ਹਨ। ਗੁਰੂ ਅਰਜਨ ਗ੍ਰੰਥ ਦੀ ਰਚਨਾ ਦਾ ਸੇਹਰਾ ਉਸ ਪ੍ਰਮਾਤਮਾ ਨੂੰ ਹੀ ਦਿੰਦੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਉਹ ਪ੍ਰਭੂ ਦੇ ਸ਼ੁਕਰਗੁਜ਼ਾਰ ਹਨ। ਇਹ ਸਿਰਫ਼ ਉਸ ਦੀ ਕਿਰਪਾ ਨਾਲ ਹੀ ਸੰਭਵ ਹੋ ਸਕਦਾ ਸੀ। ਅਸਲ ਜੀਵਨ ਸਿਰਫ਼ ਨਾਮ ਵਿਚ ਹੀ ਹਾਸਿਲ ਹੋ ਸਕਦਾ ਹੈ।

ਰਾਮਦਾਸਪੁਰ, ਹਰਿਮੰਦਰ ਤੇ ਰਾਮਦਾਸ ਸਰੋਵਰ ਵਾਂਗ ਗ੍ਰੰਥ ਵੀ ਉਸੇ ਪ੍ਰਮਾਤਮਾ ਦੀ ਮੇਹਰ ਦਾ ਹੀ ਪ੍ਰਗਟਾਓ ਹੈ, ਇਹ ਸਭ ਮਨੁੱਖ ਜਾਤੀ ਦੇ ਕਲਿਆਣ ਲਈ ਨਾਨਕ ਦੇ ਉਸ ਨਿਜ਼ਾਮ ਦੀ ਪ੍ਰਗਤੀ ਦੇ ਹੀ ਸਾਧਨ ਹਨ। ਇਹੋ ਉਹ ਹਲੀਮੀ ਰਾਜ ਸੀ, ਜੋ ਰੱਬੀ ਫ਼ਰਮਾਨ ਅਨੁਸਾਰ ਥਾਪਿਆ ਗਿਆ ਸੀ। ਗੁਰੂ ਅਰਜਨ ਨੇ ਆਪਣੇ ਜੀਵਨ ਨਾਲ ਇਸ ਉੱਤੇ ਮੋਹਰ ਲਾਈ ਸੀ।

## ਹਵਾਲੇ ਅਤੇ ਟਿੱਪਣੀਆਂ

1. J.D. Cunningham, *A History of the Sikhs,* Delhi : S. Chand & Co., 1955 (rpt.), pp. 46-49.
2. Indubhusan Banerjee, *Evolution of the Khalsa,* Vol. 1.1 (The Foundation of the Sikh Panth), Calcutta : A. Mukherje & Co., 1963 (2nd ed.), pp. 187-215.
3. Indubhusan Banerjee, *Evolution of the Khalsa,* Vol. II (the Reformation), Calcutta : A. Mukherje & Co., 1962 (2nd ed.), pp. 1-7.
4. Teja Singh and Ganda Singh, *A Short History of the Sikhs,* Patiala : Punjabi University, 1989 (rpt.), p. 28-31.
5. *Ibid.*, pp. 31-34.
6. *Ibid.*, pp. 35-36.
7. J.P.S. Uberoi, *Religion, Civil Society and the State : A Study of Sikhism,* New Delhi : Oxford University Press, 1996, pp. 87-94, 103, 111.

   The martyrdom of Guru Arjan has been discussed in detail in two recent publications : Louis E. French, *Martyrdom in the Sikh Tradition,* New Delhi : Oxford University Press, 2002 (second impression); Pashaura Singh, *Life and Work of Guru Arjan,* New Delhi : Oxford University Press, 2006.
8. *Shabdarth Sri Guru Granth Sahib Ji,* Amritsar : Shiromani Gurdwara Prabandhak Committee (standard edition), pp. 263-266, 268-277, 279-281, 283, 286-87, 289, 291-92, 295-96.
9. *Ibid.*, pp. 97, 98, 100, 104, 388, 454, 521-22, 541-42, 564, 612, 623, 736, 742-43, 747-49, 868-70, 912-914, 1076-78, 1082-83, 1137-38, 1211-12.
10. *Ibid.*, pp. 211, 378, 385, 497, 610-11, 743-44, 1101-02, 1104-05.
11. *Ibid.*, pp. 73, 80-81, 84-5, 178-79, 187, 206-07, 211-12, 249, 371-72, 376-77, 740, 1074-75, 1077.
12. *Ibid.*, pp. 739-40, 821, 1155.
13. *Ibid.*, pp. 100, 106, 206.,
14. *Ibid.*, pp. 107, 135-36, 212-13, 238-39, 372, 389-90, 563-64, 624, 748, 822, 869, 1184-85, 1211, 1226.

Sri Satguru Jagjit Singh Ji Elibrary NamdhariElibrary@gmail.com

15. *Ibid.*, pp. 99-100, 136-37, 388, 392-93, 542-43, 628-29, 737, 744-45, 1151-52.
16. *Ibid.*, pp. 105-06, 213-14, 237-3.8, 260-61, 388-89, 454-55, 627-28, 784-85, 1123.
17. *Ibid.*, pp. 103, 132-36, 178, 183, 197, 199, 206, 378, 386, 455-56, 496-98, 542, 631, 804-06, 815-16, 818, 820-21, 1223, 1226-28.
18. *Ibid.*, pp. 130-32, 182-83, 186-88, 197-98, 250, 259-60, 385, 522, 715, 749, 820, 1074, 1102, 1185-86, 1192-93, 1211-12.
19. *Ibid.*, pp. 73-74, 185, 196-97, 199-200, 611-12, 622-23, 625, 628, 714, 749-50, 763, 806-07, 817-19, 824-25, 1138, 1125-26.
20. *Ibid.*, pp. 1396-4109.
21. *Varun Bhai Gurdas*, ed., Giani Hazara Singh, Amritsar : Khalsa Samachar, 1962 (7th impression), Var 1, Pauris 47, 48; Var 13, Pauri 25; Var 24, Pauri 14-17, 19-20.
22. Shabdarth, p. 624.
23. *Ibid.*, pp. 625.
24. *Ibid.*, pp. 783-84.
25. *Ibid.*, pp. 625-26.
26. *Ibid.*, p. 781.
27. *Ibid.*, p. 782.
28. *Ibid.*, p. 626.
29. *Ibid.*, p. 817.
30. *Ibid.*, p. 783.
31. *Ibid.*, p. 430.
32. *Ibid.*, pp. 73-74.

Sri Satguru Jagjit Singh Ji Elibrary NamdhariElibrary@gmail.com

# ਪ੍ਰਧਾਨਗੀ ਭਾਸ਼ਣ

*ਸਰਦਾਰ ਸਵਰਨ ਸਿੰਘ ਬੋਪਾਰਾਏ**

ਸਤਿਕਾਰਯੋਗ ਭਾਈ ਲਕਸ਼ਵੀਰ ਸਿੰਘ ਜੀ, ਮਾਨਯੋਗ ਡਾ. ਜੇ. ਐਸ. ਗਰੇਵਾਲ ਜੀ, ਡੀਨ ਅਕਾਦਮਿਕ ਮਾਮਲੇ ਡਾ. ਸੁੱਚਾ ਸਿੰਘ ਗਿੱਲ ਜੀ, ਰਜਿਸਟਰਾਰ ਸਾਹਿਬ ਡਾ. ਪਰਮ ਬਖ਼ਸ਼ੀਸ਼ ਸਿੰਘ ਜੀ ਅਤੇ ਬੀਬੀ ਧਨਵੰਤ ਕੌਰ ਜੀ, ਦੇਸ਼-ਵਿਦੇਸ਼ ਤੋਂ ਆਈਆਂ ਸਮੂਹ ਸਨਮਾਨਤ ਹਸਤੀਆਂ, ਬੁੱਧੀਜੀਵੀ, ਸੂਝਵਾਨ ਵਿਦਵਾਨ, ਸਾਡੇ ਸੂਬੇ ਦੇ ਭੈਣੋਂ ਅਤੇ ਭਰਾਵੋ।

ਅੱਜ ਤੋਂ ਕੋਈ ਡੇਢ ਸਾਲ ਪਹਿਲਾਂ ਮੈਂ ਤੇ ਮਿਸਿਜ਼ 'ਬੋਪਾਰਾਏ' ਸ਼ਿਮਲਾ ਘੁੰਮ ਰਹੇ ਸੀ। ਸਰਦਾਰ ਕੇ. ਐਸ. ਧਾਲੀਵਾਲ ਜਿਹੜੇ ਹਿਮਾਚਲ ਤੋਂ ਆਈ. ਜੀ. ਰਿਟਾਇਰ ਹੋਏ ਨੇ, ਉਹ ਸਾਨੂੰ, ਮੀਆਂ ਬੀਵੀ ਨੂੰ ਸੈਰ ਕਰਦਿਆਂ ਉਥੇ ਸ਼ਾਮ ਨੂੰ ਮਿਲੇ ਅਤੇ ਉਹਨਾਂ ਦੱਸਿਆ ਕਿ ਲਕਸ਼ਵੀਰ ਸਿੰਘ ਜੀ ਨੇ ਜਪੁਜੀ ਸਾਹਿਬ ਦਾ ਫ਼ਾਰਸੀ ਦੇ ਵਿਚ ਤਰਜਮਾ ਕੀਤਾ ਹੋਇਆ ਹੈ, ਈਰਾਨ ਦੇ ਸਿੱਖ ਉਸ ਤਰਜਮੇ ਦੀ ਰਚਨਾ ਨੂੰ ਲੈ ਕੇ ਸ਼ਾਹ ਈਰਾਨ ਨੂੰ ਦੱਸਣ ਗਏ ਤੇ ਸ਼ਾਹ ਈਰਾਨ ਨੇ ਪੜ੍ਹਦਿਆਂ-ਪੜ੍ਹਦਿਆਂ ਕਿਹਾ ਕਿ ਕੀ ਇਹ ਅਨੁਵਾਦ ਹੈ? ਗੁਰੂ ਨਾਨਕ ਦੀ ਜਿਹੜੀ ਲਿਖਤ ਹੈ ਸਿੱਧਾ ਆਭਾਸ ਨਹੀਂ ਸੀ ਹੋ ਸਕਦਾ ਕਿਉਂਕਿ ਉਹਨੂੰ ਗੁਰਮੁਖੀ-ਪੰਜਾਬੀ ਦੀ ਵਾਕਫ਼ੀਅਤ ਨਹੀਂ ਸੀ। ਅਨੁਵਾਦ ਤੋਂ ਉਸ ਚੀਜ਼ ਨੂੰ ਭਾਂਪਣਾ ਤੁਸੀਂ ਜਾਣਦੇ ਹੀ ਹੋ ਕਿੰਨਾ ਔਖਾ ਹੁੰਦਾ ਹੈ ਤੇ ਸਰਦਾਰ ਲਕਸ਼ਵੀਰ ਸਿੰਘ ਹੁਰਾਂ ਦਾ ਉਲੱਥਾ, ਜਿਹੜਾ ਫ਼ਾਰਸੀ ਦੇ ਵਿਚ ਸੀ ਉਸਨੂੰ ਪੜ੍ਹ ਕੇ ਸ਼ਾਹ ਈਰਾਨ ਕਹਿੰਦਾ ਹੈ ਕਿ ਇਹ ਤਾਂ ਕਿਸੇ ਪੈਗੰਬਰ ਦੀ ਲਿਖਤ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਭਾਵ ਫ਼ਿਲਾਸਫੀ ਅਤੇ ਉਹਨਾਂ ਦੇ ਸ਼ਬਦਾਂ ਦੇ ਅਨੁਵਾਦ ਦੀ ਭਾਵਾਤਮਕ ਅਤੇ ਰਚਨਾਤਮਕ ਸ਼ੈਲੀ ਵਿਚ ਅਜੀਬ ਕਿਸਮ ਦੀ ਪ੍ਰਮਾਣਿਕ ਨੇੜਤਾ ਹੈ। ਸ਼ਾਹ ਈਰਾਨ ਦਾ ਇਹ ਅਹਿਸਾਸ ਕਰ ਲੈਣ ਦੀ ਗੱਲ ਕਿ ਕੀ ਇਹ ਕਿਸੇ ਪੈਗੰਬਰ ਦੀ ਲਿਖਤ ਹੈ ਅਤੇ ਹੋਰ ਗੱਲਾਂ ਕਰਦੇ-ਕਰਦੇ (ਜਿਨ੍ਹਾਂ ਵਿਚੋਂ ਕੁਝ ਤੁਹਾਨੂੰ ਡਾ. ਹਰਪਾਲ ਸਿੰਘ ਪੰਨੂ ਨੇ ਵੀ ਦੱਸੀਆਂ ਹਨ) ਮੈਨੂੰ ਧਾਲੀਵਾਲ ਸਾਹਿਬ ਕਹਿੰਦੇ ਕਿ ਹੁਣ ਕਿਤਾਬ ਉਪਲੱਬਧ ਨਹੀਂ ਹੈ; ਤੁਸੀਂ, ਸਿਰਫ ਉਸੇ ਹੀ ਅੰਦਾਜ਼ ਵਿਚ, ਪੰਜਾਬੀ ਯੂਨੀਵਰਸਿਟੀ ਵੱਲੋਂ ਉਹਨੂੰ ਪ੍ਰਕਾਸ਼ਿਤ ਕਰ ਦਿਓ। ਮੈਂ ਕਿਹਾ, "ਸਾਡੇ ਵਾਸਤੇ ਤਾਂ ਬਹੁਤ ਮਾਣ ਦੀ ਗੱਲ ਹੋਵੇਗੀ।" ਉਹ ਕਿਤਾਬ ਲੈ ਕੇ ਮੈਂ ਇਥੇ ਆ ਗਿਆ ਅਤੇ ਬਾਕੀ ਦੀ ਸਾਰੀ ਗੱਲ ਤੁਹਾਨੂੰ ਪੰਨੂ ਸਾਹਿਬ ਨੇ ਆਪ ਸੁਣਾਈ ਹੈ। ਅਨੁਵਾਦ ਕਰਨ ਤੋਂ ਪਹਿਲਾਂ ਪ੍ਰਤਿਰੂਪ (ਰੀਪ੍ਰੋਡਕਸ਼ਨ) ਦਿੱਤੇ ਜਾਣ ਬਾਰੇ ਪੰਨੂ ਸਾਹਿਬ ਕਹਿੰਦੇ, "ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਪਹਿਲਾਂ ਇਸਨੂੰ ਇਵੇਂ ਹੀ ਗੁਰਮੁਖੀ ਅੱਖਰਾਂ ਵਿਚ ਲਿਖ

* ਸਾਬਕਾ ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਦੇਈਏ। ਮੈਂ ਜਿੰਨੀ ਵੀ ਪਰਸ਼ੀਅਨ ਪੜ੍ਹੀ ਹੈ ਉਹ ਗੁਰਮੁਖੀ ਅੱਖਰਾਂ ਵਿਚ ਪੜ੍ਹੀ ਹੈ ਅਤੇ ਅਰਥ ਵਿਚ ਦਿੱਤੇ ਹੋਏ ਹਨ, ਉਸਦੇ ਵਿਚੋਂ ਸਮਝ ਕੇ ਮੈਨੂੰ ਹੁਣ ਪਰਸ਼ੀਅਨ ਦਾ ਕਾਫ਼ੀ ਗਿਆਨ ਹੈ ਤੇ ਤੁਸੀਂ ਇਜਾਜ਼ਤ ਦਿਓ। ਆਪਾਂ ਇਹਦੇ ਨਾਲ ਹੀ ਗੁਰਮੁਖੀ ਵਿਚ ਲਿਖ ਦੇਈਏ, ਏਸੇ ਫ਼ਾਰਸੀ ਨੂੰ ਤੇ ਨੀਚੇ ਕੁੱਝ ਉਹਨਾਂ ਦੇ ਜਿਹੜੇ ਔਖੇ ਸ਼ਬਦ ਹਨ, ਉਹਨਾਂ ਦੇ ਅਰਥ ਦੇ ਦੇਈਏ।" ਮੈਂ ਕਿਹਾ, "ਚਲੋ ਆਪਾਂ ਇਸ ਤਰ੍ਹਾਂ ਕਰ ਲੈਂਦੇ ਹਾਂ।" ਮੈਨੂੰ ਕਰਤਾ ਵੱਲੋਂ ਕਿਹਾ ਗਿਆ ਸੀ ਕਿ ਇਹਨੂੰ ਹੂ-ਬ-ਹੂ ਏਸੇ ਤਰ੍ਹਾਂ ਛਾਪਣਾ ਹੈ। ਮੈਂ ਕਿਹਾ, "ਇਹ ਹਿਮਾਕਤ ਵੀ ਕਰ ਕੇ ਦੇਖ ਲੈਂਦੇ ਹਾਂ।" ਜਦੋਂ ਇਹ ਕੰਮ ਹੋ ਗਿਆ, ਮੈਂ ਧਾਲੀਵਾਲ ਸਾਹਿਬ ਨੂੰ ਫ਼ੋਨ ਕੀਤਾ। ਮੈਂ ਕਿਹਾ ਕਿ ਅਸੀਂ ਥੋੜ੍ਹੀ ਜਿਹੀ ਗੁਸਤਾਖ਼ੀ ਕੀਤੀ ਹੈ ਆਪਣੇ ਤਜਰਬੇ ਤੋਂ। ਕਿਉਂਕਿ ਇਹਨੂੰ ਪੜ੍ਹਨ ਵਾਲੇ ਬਹੁਤ ਘਟ ਰਹਿ ਗਏ ਹਨ, ਲੋਕ ਫ਼ਾਰਸੀ ਪੜ੍ਹ ਨਹੀਂ ਸਕਦੇ। ਇਸ ਲਈ ਅਸੀਂ ਇਸਨੂੰ ਗੁਰਮੁਖੀ ਭਾਸ਼ਾ ਦੇ ਵਿਚ ਛਾਪਾਂਗੇ। ਜਿਸ ਕਿਸਮ ਦਾ ਭਾਈ ਸਾਹਿਬ ਵੱਲੋਂ ਹੁਕਮ ਹੋਇਆ ਸੀ (ਕਿਉਂਕਿ ਉਹਦੀ ਹੁਕਮ ਅਦੂਲੀ ਹੋਈ ਸੀ) ਉਸ ਅਨੁਸਾਰ ਧਾਲੀਵਾਲ ਸਾਹਿਬ ਮੇਰੇ ਨਾਲ 'ਗੁੱਸੇ' ਹੋ ਗਏ। ਭਾਈ ਲਕਸ਼ਵੀਰ ਸਿੰਘ ਜੀ ਦੀ ਇਹ ਵਰਾਖ ਦਿਲੀ ਹੈ ਕਿ ਇਹਨਾਂ ਨੇ ਸੌ ਫ਼ੀਸਦੀ ਸਾਡੇ ਉਪਰਾਲੇ ਅਤੇ ਦਿਸ਼ਾ ਨੂੰ ਸਵੀਕਾਰ ਕੀਤਾ ਹੈ। ਅਸੀਂ ਇਹਨਾਂ ਦੇ ਬੜੇ ਮਸ਼ਕੂਰ ਹਾਂ ਅਤੇ ਸਾਨੂੰ ਇਹਨਾਂ ਨੇ ਉਥੇ ਪੁੱਜਣ ਦਾ ਸੱਦਾ ਦਿੱਤਾ ਹੈ। ਸਾਡਾ ਇਹ ਖਜ਼ਾਨਾ ਜਿਹੜਾ ਇਹਨਾਂ ਕੋਲ ਹੈ, ਇਸ ਵੇਲੇ ਸਾਡਾ ਹੀ ਹੈ ਕਿਉਂਕਿ ਵਿਰਸਾ ਸਾਂਝੇ ਭਾਈਚਾਰੇ ਦਾ ਹੁੰਦਾ ਹੈ ਉਹ ਖਜ਼ਾਨਾ ਵੀ ਹੁਣ ਇਹ ਪੰਜਾਬੀ ਯੂਨੀਵਰਸਿਟੀ ਨੂੰ ਦੇਣ ਦੀ ਸੋਚ ਰਹੇ ਹਨ। ਅਸੀਂ ਇਹਨਾਂ ਕੋਲ ਜਾਵਾਂਗੇ, ਅਸੀਂ ਇਹਨਾਂ ਦੀ ਮਹਿਮਾਨਨਿਵਾਜ਼ੀ ਦਾ ਵੀ ਆਨੰਦ ਮਾਣਾਂਗੇ। ਇਹਨਾਂ ਦਾ ਹੁਕਮ ਵੀ ਹੈ ਕਿ ਤੁਸੀਂ ਸਵੇਰ ਨੂੰ ਆ ਕੇ ਸ਼ਾਮ ਨੂੰ ਚਲੇ ਜਾਉਗੇ, ਫੇਰ ਇਸ ਤਰ੍ਹਾਂ ਨਹੀਂ ਹੋਵੇਗਾ, ਤੁਸੀਂ ਤਿੰਨ ਦਿਨ ਦਾ ਪ੍ਰੋਗਰਾਮ ਬਣਾ ਕੇ ਆਉਣਾ। ਇਕ ਦਿਨ ਤੁਸੀਂ ਆਉਗੇ, ਇਕ ਦਿਨ ਰਹੋਗੇ, ਤੀਜੇ ਦਿਨ ਤੁਸੀਂ ਜਾਓਗੇ। ਅਸੀਂ ਸਾਰੇ ਇਹਨਾਂ ਦੇ ਬਹੁਤ ਮਸ਼ਕੂਰ ਹਾਂ ਕਿ ਸਾਡੀ ਯੂਨੀਵਰਸਿਟੀ ਦੀ ਪ੍ਰੋਫ਼ੈਸਰਸ਼ਿਪ ਇਹਨਾਂ ਨੇ ਸਵੀਕਾਰ ਕੀਤੀ ਹੈ। ਉਥੇ ਇਹੋ ਜਿਹੀ ਵੀ ਇਹਨਾਂ ਦੀ ਆਪਣੀ ਜਗ੍ਹਾ ਹੈ, ਮੈਂ ਇਸ ਜਗ੍ਹਾ ਨੂੰ ਸਵਰਗ ਹੀ ਕਹਿੰਦਾ ਹੁੰਦਾ ਹਾਂ ਉਸ ਸਵਰਗ ਵਿਚੋਂ ਜਿਹੜੇ ਇਹ ਇੱਥੇ ਆਏ ਨੇ ਤੇ ਸਾਡੀ ਯੂਨੀਵਰਸਿਟੀ ਵਿਚ ਪੈਰ ਰੱਖੇ ਨੇ, ਉਹਦੇ ਲਈ ਵੀ ਮੈਂ ਇਹਨਾਂ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਹੁਣ ਮੈਂ ਅੱਜ ਤੋਂ 200 ਸਾਲ ਪਹਿਲਾਂ ਵੱਲ ਜਾਣਾ ਚਾਹੁੰਦਾ ਹਾਂ। ਮਿਸਿਜ਼ ਲੌਰਡ ਮੇਕਾਲਿਫ਼ ਵੱਲੋਂ ਬ੍ਰਿਟਿਸ਼ ਦੀ ਪਾਰਲੀਮੈਂਟ ਵਿਚ (ਫਰਵਰੀ 2, 1835) ਵਿਚ ਪੇਸ਼ ਕੀਤੇ ਬੋਲ ਪੜ੍ਹ ਕੇ ਸੁਣਾਉਂਦਾ ਹਾਂ (ਅੰਗਰੇਜ਼ੀ) ਮੈਂ ਭਾਰਤ ਦੇ ਕੋਨੇ-ਕੋਨੇ ਵਿਚ ਫਿਰੀ ਹਾਂ ਅਤੇ ਵੇਖਿਆ ਹੈ ਕਿ ਉੱਥੇ ਇਕ ਵੀ ਭਿਖਾਰੀ ਜਾਂ ਚੋਰ ਨਹੀਂ ਲੱਭਦਾ। ਮੈਂ ਉਸ ਦੇਸ਼ ਵਿਚ ਦੌਲਤ ਅੰਬਾਰ ਵੇਖੇ ਹਨ, ਉੱਚ ਕਿਰਦਾਰ ਅਤੇ ਜ਼ਰੂਰਤਮੰਦੀ ਦੇ ਏਨੇ ਨਮੂਨੇ ਵੇਖੇ ਜੋ ਹੋਰ ਕਿਧਰੇ ਨਹੀਂ ਮਿਲਦੇ। ਕਿਉਂਕਿ ਸਾਡੀ ਕੌਮ 900 ਸਾਲ 1000 ਸਾਲ ਗੁਲਾਮ ਰਹੀ ਹੈ। ਅਸੀਂ ਇਹਨਾਂ ਚੀਜ਼ਾਂ (ਕਿਰਦਾਰ) ਦੇ ਮਾਹਰ ਰਹੇ ਹਾਂ ਕਿ ਹਰ ਨਵੀਂ ਚੀਜ਼ ਸਿੱਖ ਕੇ ਉਸ ਉੱਤੇ ਅਮਲ ਕਰਕੇ ਉਸਦੀ ਉਪਾਧੀ ਲੈ ਲੈਣਾ। ਆਪਣੀ ਸੋਸਾਇਟੀ ਦੇ ਵਿਚ ਪੋਜ਼ੀਸ਼ਨ ਕਾਇਮ ਰੱਖਣਾ ਅਤੇ ਬਾਕੀ ਕੌਮ ਨੂੰ, ਮੁਲਕ ਨੂੰ ਭੁਲ ਜਾਣਾ ਸਾਡੀ ਮੰਦੀ ਵਾਦੀ ਬਣ ਚੁੱਕੀ ਹੈ ਇਉਂ ਲੱਗਦਾ ਹੈ ਕਿ ਮਾਨਵਮਾਤ੍ਰ ਦਾ ਦਿਲ ਦਿਮਾਗ ਜਿਵੇਂ ਹਿੱਲ ਗਿਆ ਹੋਵੇ, ਕੁਰਾਹੇ ਜਾ ਚੁੱਕਾ ਹੋਵੇ।

Sri Satguru Jagjit Singh Ji Elibrary NamdhariElibrary@gmail.com

ਇਸ ਸਿਰ ਫਿਰੇ ਹਿੰਦੁਸਤਾਨੀ ਨੂੰ ਗੁਰੂ ਸਾਹਿਬਾਨ ਅਤੇ ਨੇਤਾਵਾਂ ਨੇ ਜੋੜ-ਸੰਵਾਰ ਕੇ ਕਿਵੇਂ ਔਰੰਗਜ਼ੇਬ ਦਾ ਮੁਕਾਬਲਾ ਕੀਤਾ, ਇਹਦਾ ਮੈਂ ਅੱਗੇ ਜ਼ਿਕਰ ਕੀਤਾ ਹੈ। ਸਾਡੇ ਮੁਲਕ ਨੂੰ ਇਹ ਪੜ੍ਹਾ ਦਿੱਤਾ, ਸਿਖਾ ਦਿੱਤਾ ਅਤੇ ਸਾਡੇ ਦਿਲਾਂ ਵਿਚ ਜਮਾ ਦਿੱਤਾ ਕਿ ਉਹ ਫ਼ੰਡਾਮੈਂਟਲਿਸਟ ਸੀ ਉਹ ਫੈਨੇਟਿਕ ਸੀ। ਉਹ ਹਿੰਦੂਆਂ ਦੇ ਧਰਮ ਅਸਥਾਨ ਢਾਹੁੰਦਾ ਹੁੰਦਾ ਸੀ। ਪਾਂਡੇ ਜੀ ਜਿਹੜੇ ਹਿਸਟੋਰੀਅਨ ਰਹੇ ਨੇ, ਤੇ ਗਵਰਨਰ ਵੀ ਰਹੇ ਅਤੇ ਰਾਜ ਸਭਾ ਦੇ ਮੈਂਬਰ ਵੀ ਰਹੇ ਨੇ, ਉਹ ਇਹਨਾਂ ਦੀ ਜ਼ੁਬਾਨੀ ਦੀ ਗੱਲ ਹੈ। ਉਹ ਕਹਿੰਦੇ ਕਿ ਬਨਾਰਸ ਦੇ ਇਕ ਮੰਦਿਰ ਦੇ ਪਾਂਡੇ ਦੀ ਮੌਤ ਹੋ ਗਈ ਤੇ ਦੋ ਪਾਂਡਿਆਂ ਦਾ ਆਪਸ ਵਿਚ ਝਗੜਾ ਸੀ। ਇਕ ਪਾਂਡਾ ਮੇਰੇ ਕੋਲ ਆਇਆ ਤੇ ਉਹ ਕਹਿੰਦਾ ਕਿ ਤੁਸੀਂ ਮੈਨੂੰ ਸੁਝਾ ਦੇਵੋ ਮੇਰੇ ਕੇਸ ਦੇ ਬਾਰੇ ਵਿਚ, ਮੇਰਾ ਕੇਸ ਲੜੋ। ਉਹ ਕਹਿੰਦਾ ਤੁਸੀਂ ਸਾਡੇ ਕੋਲ ਆਪਣੇ ਜੋ ਕਾਗਜ਼ ਨੇ ਉਹ ਲੈ ਕੇ ਆ ਜਾਓ। ਉਹ ਕਾਗਜ਼ ਲੈ ਕੇ ਆ ਗਿਆ। ਜਿਹੜੀ ਕਾਗਜ਼-ਪੱਤਰੀ ਜਾਂ ਸਰਕਾਰੀ ਫ਼ੁਰਮਾਨ ਹੈ ਸੀ, ਲੈ ਕੇ ਆਇਆ। ਇਸ ਉਪਰੰਤ ਫ਼ੁਰਮਾਨ ਔਰੰਗਜ਼ੇਬ ਦਾ ਹੈ ਸੀ ਮੇਰੇ ਤਾਂ ਜ਼ਮੀਨ ਨਿਕਲ ਗਈ ਪੈਰਾਂ ਹੇਠੋਂ। ਮੈਂ ਤਾਂ (ਕਹਿੰਦੇ) ਪੜ੍ਹਿਆ ਹੋਇਆ ਸੀ ਕਿ ਉਹ ਔਰੰਗਜ਼ੇਬ ਬਹੁਤ ਜਨੂੰਨੀ ਸੀ। ਇਹਨੇ ਮੰਦਿਰ ਬੜੇ ਢਾਹੇ ਤੇ (ਉਹ ਕਹਿੰਦਾ) ਉਹ ਲਿਖਤ ਲੈ ਕੇ ਮੈਂ ਸਰ ਤੇਜ ਬਹਾਦਰ ਸਪਰੂ ਕੋਲ ਚਲਾ ਗਿਆ ਜਿਹੜੇ ਕਿ ਫ਼ਾਰਸੀ ਦੇ ਸਕਾਲਰ ਵੀ ਸਨ ਵਕੀਲ ਮੰਨੇ ਪ੍ਰਮੰਨੇ ਸੀ ਤੇ ਉਹਨਾਂ ਨੂੰ ਜਾ ਪੁਛਿਆ ਕਿ ਇਹ ਲਿਖਤ ਸੱਚ ਹੈ? ਇਹ ਸੱਚ ਹੈ। ਉਹ ਕਹਿੰਦਾ ਕਿ ਬੈਠੋ, ਮੈਨੂੰ ਬਿਠਾ ਕੇ ਉਹਨਾਂ ਆਪਣੀ ਅਲਮਾਰੀ ਖੋਲ੍ਹੀ ਤੇ ਪੰਜ-ਛੇ ਹੋਰ ਇਸ ਤਰ੍ਹਾਂ ਦੇ ਔਰੰਗਜ਼ੇਬ ਦੇ ਫ਼ਰਮਾਨ ਉਹਨਾਂ ਨੇ ਮੈਨੂੰ ਦਿਖਾਏ। ਜਿਹਦੇ ਵਿਚ ਉਹਨਾਂ ਨੇ ਉਸ ਮੰਦਿਰ ਨੂੰ ਤੇ ਹੋਰ ਹਿੰਦੂ ਮੰਦਿਰਾਂ ਨੂੰ ਜ਼ਮੀਨਾਂ ਦਿੱਤੀਆਂ ਹੋਈਆਂ ਸਨ। ਪਾਂਡੇ ਕਹਿੰਦੇ ਕਿ ਉਸ ਤੋਂ ਬਾਅਦ ਮੈਂ ਸਾਰੇ ਹਿੰਦੁਸਤਾਨ ਪਰ 'ਚੋਂ ਚਿੱਠੀਆਂ ਲਿਖੀਆਂ ਤੇ ਮੇਰੇ ਕੋਲ 31 ਮੰਦਿਰਾਂ ਦੀਆਂ ਚਿੱਠੀਆਂ ਆਈਆਂ ਜਿਥੇ ਕਿ ਜ਼ਮੀਨ ਉਨ੍ਹਾਂ ਨੂੰ ਔਰੰਗਜ਼ੇਬ ਦੇ ਫ਼ੁਰਮਾਨ ਮੁਤਾਬਕ ਦਿੱਤੀ ਗਈ ਸੀ। ਫੇਰ ਉਹਨਾਂ ਨੂੰ ਪੁੱਛਿਆ ਜਾਂਦਾ ਹੈ ਕਿ ਇਹ ਗੱਲ ਗਲਤ ਹੈ ਕਿ ਕਾਸ਼ੀ ਦਾ ਵਿਸ਼ਵਾ ਨਾਥ ਮੰਦਿਰ ਜਿਹੜਾ ਵਾਰਾਨਸੀ ਦਾ ਹੈ ਇਹ ਉਹਨਾਂ (ਔਰੰਗਜ਼ੇਬ) ਨੇ ਢਾਹਿਆ ਸੀ। ਉਹ ਕਹਿੰਦੇ ਕਿ ਇਹਦੀ ਵੀ ਕਹਾਣੀ ਸੁਣ ਲਓ, ਕਹਿੰਦੇ ਸਾਰਾ ਲਾਓ-ਲਸ਼ਕਰ, ਸ਼ਹਿਨਸ਼ਾਹ ਦਾ, ਈਸਟ ਨੂੰ ਜਾ ਰਿਹਾ ਸੀ ਤੇ (ਬਨਾਰਸ ਪਹੁੰਚਣ ਤੋਂ ਪਹਿਲਾਂ) ਇਕ ਦਿਨ ਪਹਿਲਾਂ ਸਾਰੇ ਹਿੰਦੂ ਰਾਜੇ ਮਹਾਰਾਜੇ (ਉਹਨਾਂ ਦੇ ਕੋਲ ਜਿਹੜੇ ਦਰਬਾਰ ਵਿਚ ਸਨ) ਉਹਨਾਂ ਕੋਲ ਗਏ ਕਿਹਾ ਕਿ ਸ਼ਹਿਨਸ਼ਾਹ! ਜੇ ਇਜਾਜ਼ਤ ਹੋਵੇ ਤੁਸੀਂ ਇਕ ਦਿਨ ਵਾਧੂ ਅਰਾਮ ਕਰ ਲਓ (ਸਾਰੇ ਲਾਓ ਲਸ਼ਕਰ ਸਮੇਤ) ਅਤੇ ਅਸੀਂ ਉਸ ਦਿਨ ਪੂਜਾ ਕਰ ਲਵਾਂਗੇ। ਬਾਦਸ਼ਾਹ ਸਹਿਮਤ ਹੋ ਗਏ ਅਤੇ ਅਗਲੇ ਦਿਨ ਉਥੇ ਸਾਰੇ (ਆਪਣੇ ਜਿਹੜੇ-ਜਿਹੜੇ ਜਿਥੇ ਜਿਥੇ ਜਿਸ ਦੀ ਸ਼ਰਧਾ ਸੀ ਉਥੋਂ) ਪੂਜਾ ਕਰਕੇ ਵਾਪਸ ਆ ਗਏ। ਸ਼ਾਮ ਨੂੰ ਪਤਾ ਲੱਗਾ ਕਿ ਰਾਣੀ ਵਾਪਸ ਨਹੀਂ ਆਈ। ਉਹ ਜੀ! ਫੇਰ ਭਾਲ ਸ਼ੁਰੂ ਹੋ ਗਈ, ਕੋਈ ਨਾ ਪਤਾ ਲੱਗਿਆ। ਕਿਸੇ ਨੇ ਦੱਸਿਆ ਕਿ ਰਾਣੀ ਕਾਸ਼ੀ ਵਿਸ਼ਵਾ ਨਾਥ ਮੰਦਿਰ ਵਿਚ ਗਈ ਸੀ। ਉਥੇ ਕੋਈ ਪਤਾ ਨਾ ਲੱਗਿਆ। ਅਖੀਰ ਉਹਨੂੰ ਬਹੁਤ ਦ੍ਰਿੜ ਧਿਆਨ ਨਾਲ ਭਾਲਿਆ ਗਿਆ।

Sri Satguru Jagjit Singh Ji Elibrary NamdhariElibrary@gmail.com

ਉਸ ਮੰਦਿਰ ਦੇ ਗੁਪਤ ਹਿੱਸੇ ਸਨ ਜਿਹੜਾ ਪੱਥਰ ਲੁਕਾਈ ਬੈਠਾ ਸੀ ਉਥੋਂ ਚੁਕਵਾ ਕੇ ਹੇਠਾਂ ਗਏ, ਘੁਰਨੇ ਵਿਚ ਉਹ ਰਾਣੀ ਨੰਗੀ ਬੈਠੀ ਸੀ। ਉਹਦਾ ਸਤਿ ਭੰਗ ਕੀਤਾ ਹੋਇਆ ਅਤੇ ਹਾਰ-ਸ਼ਿੰਗਾਰ ਬਰਬਾਦ ਹਾਲਤ ਵਿਚ ਅਤੇ ਰਾਣੀ ਖੁਦ ਵੀ ਇਕ ਭਿਆਨਕ ਹੈਰਾਨੀ ਵਿਚ ਬੇਸੁੱਧ ਤੇ ਗੁੰਮਸੁੰਮ ਜਿਹੇ ਤੌਰ ਤਰੀਕੇ ਵਿਚ ਘੋਹ ਚੁੱਕੀ ਸੀ। ਰਾਣੀ ਨੂੰ ਵਾਪਸ ਆਪਣੇ ਕੈਂਪ ਵਿਚ ਲੈ ਆਏ ਅਤੇ ਜਦੋਂ ਔਰੰਗਜ਼ੇਬ ਨੂੰ ਦੱਸਿਆ ਕਿ ਇਸ ਤਰ੍ਹਾਂ ਰਾਣੀ ਮਿਲ ਗਈ ਹੈ ਅਤੇ ਇਸ ਮੰਦਿਰ ਵਿਚੋਂ ਨਿਕਲੀ ਹੈ। ਉਹਦਾ ਫ਼ਰਮਾਨ ਸੀ ਇਹ ਮੰਦਿਰ ਨਹੀਂ ਇਹ ਸ਼ੈਤਾਨ ਦਾ ਘਰ ਹੈ, ਇਸ ਲਈ ਇਸਨੂੰ ਤਬਾਹ ਕਰ ਦਿਓ। ਇਸ ਤਰ੍ਹਾਂ ਇਹ ਮੰਦਿਰ ਗਿਰਾਇਆ ਗਿਆ। ਉਸ ਤੋਂ ਸਿੱਧ ਹੁੰਦਾ ਹੈ ਕਿ ਜਿਹੜੀ ਸੋਚ ਸਾਡੇ ਦਿਮਾਗ ਵਿਚ ਠੋਸੀ ਗਈ ਹੈ ਔਰੰਗਜ਼ੇਬੀ ਜਨੂੰਨ ਦੀ, ਉਹ ਬਹੁਤ ਚਤੁਰਾਈ ਨਾਲ ਕੀਤੀ ਗਈ ਹੈ। ਉਹ ਉਦਾਹਰਣ ਮੈਂ ਫਿਰ ਬਾਅਦ ਵਿਚ ਸੁਣਾਉਂਦਾ ਹਾਂ। ਅਸੀਂ ਇਥੇ ਆਪਣੇ ਕਲਚਰ ਦੇ ਬਹੁਤ ਵੱਡੇ ਹਿੱਸੇ ਬਾਰੇ ਗਿਆਨ ਮੋੜਦੇ ਹਾਂ। ਗੁਰਮਤਿ ਸੰਗੀਤ ਚਾਰ ਸੰਗੀਤਾਂ ਵਿਚੋਂ ਪੈਦਾ ਹੋਇਆ ਹੈ ਅਤੇ ਜਿਹੜੇ ਚਾਰ ਦਰਖਤਾਂ 'ਚੋਂ ਸ਼ਾਖ ਨਿਕਲੀ ਸੀ ਉਹਨਾਂ ਚਾਰਾਂ ਨਾਲੋਂ ਇਹ ਵੱਡੀ ਹੋ ਚੁੱਕੀ ਹੈ। ਲੱਖਾਂ ਲੋਕੀਂ ਇਸ ਸੰਗੀਤ ਅਤੇ ਕੀਰਤਨ ਤੋਂ ਰੋਜ਼ੀ ਰੋਟੀ ਕਮਾਉਂਦੇ ਹਨ। ਕਰੋੜਾਂ ਇਹਨੂੰ ਸ਼ਰਧਾ ਨਾਲ ਸੁਣਦੇ ਹਨ। ਜਿਹੜੇ ਚਾਰ ਸੰਗੀਤ ਬਾਕੀ ਹਨ, ਜਿਨ੍ਹਾਂ ਵਿਚੋਂ ਇਹ ਪੈਦਾ ਹੋਇਆ। ਉਹ ਕਿਤੇ ਇਹਦੇ ਬਰਾਬਰ ਵੀ ਨਹੀਂ ਆਉਂਦਾ। ਅਸੀਂ ਇਸ ਗੁਰਮਤਿ ਸੰਗੀਤ ਪ੍ਰਚਾਰ ਅਤੇ ਪਰਸਾਰ ਨੂੰ ਦੇਖਦੇ ਹੋਇਆਂ ਪਹਿਲੀ ਵਾਰ ਇਥੇ ਦੁਨੀਆਂ ਵਿਚ ਅਕਾਦਮਿਕ ਪੱਧਰ ਉਤੇ ਇਸਦਾ ਵਿਭਾਗ ਕਾਇਮ ਕੀਤਾ ਹੈ। ਪਹਿਲਾਂ ਅਸੀਂ ਚੇਅਰ ਕਾਇਮ ਕੀਤੀ ਅਤੇ ਫਿਰ ਗੁਰਮਤਿ ਸੰਗੀਤ ਵਿਭਾਗ ਸਥਾਪਤ ਕੀਤਾ। ਐਮ. ਏ., ਪੀ.ਐਚ.ਡੀ. ਦੀ ਵਿਦਿਆ ਪਹਿਲੀ ਵਾਰੀ ਦੁਨੀਆਂ ਵਿਚ ਇਸ ਵਿਭਾਗ ਵਿਚ ਸ਼ੁਰੂ ਕੀਤੀ ਗਈ ਹੈ। ਗੁਰਮਤਿ ਸੰਗੀਤ ਦੇ ਵਿਸ਼ੇ ਤੇ ਜੋ ਵਿਦਿਆਰਥੀ ਖੋਜ ਕਰਨਗੇ ਉਹਨਾਂ ਨੂੰ ਗੁਰਮਤਿ ਸੰਗੀਤ ਦੇ ਵਿਸ਼ੇ ਤੇ ਡਿਗਰੀ ਦਿੱਤੀ ਜਾਵੇਗੀ। ਉਹਦਾ ਅਸੀਂ ਲੋਗੋ ਭਾਈ ਮਰਦਾਨਾ ਰੱਖਿਆ ਹੈ। ਭਾਈ ਮਰਦਾਨਾ ਉਹ ਸਾਡਾ ਪਹਿਲਾ ਕੀਰਤਨੀਆ ਰਿਹਾ ਹੈ ਅਤੇ ਤਸਵੀਰ (ਜਿਹੜੀ ਕਿ ਗੋਲਡਨ ਟੈਂਪਲ ਨੂੰ ਵੀ ਪ੍ਰਗਟ ਕਰਦੀ ਹੈ, ਉਥੇ ਸੋਨੇ ਦੇ ਪੱਤਰੇ ਵਿਚ) ਉਹ ਅਸੀਂ ਲੋਗੋ ਵਜੋਂ ਟਿਕਾਈ ਹੈ ਤੁਹਾਨੂੰ ਪਤਾ ਹੈ ਭਾਈ ਚਾਂਦ 1947 ਤੋਂ ਪਹਿਲਾਂ ਦਰਬਾਰ ਸਾਹਿਬ ਕੀਰਤਨ ਕਰਦੇ ਹੁੰਦੇ ਸੀ, ਇਹ ਮੈਨੂੰ ਪ੍ਰੋ. ਕਿਰਪਾਲ ਸਿੰਘ ਹੁਰਾਂ ਨੇ ਗੱਲ ਸੁਣਾਈ ਉਹ ਕਹਿੰਦੇ ਆਖਰੀ ਦਿਨ ਸੀ ਉਨ੍ਹਾਂ ਦਾ ਉਥੇ ਕੀਰਤਨ ਕਰਨ ਦਾ ਔਰ ਦਰਬਾਰ ਸਾਹਿਬ ਸਾਰਾ ਸੰਗਤ ਨਾਲ ਭਰਿਆ ਪਿਆ ਸੀ ਤੇ ਉਹ ਆਪ ਵੀ ਉਥੇ ਸੀ, ਔਰ ਲੋਕਾਂ ਦੀਆਂ ਅੱਖਾਂ ਸੇਜਲ ਸਨ ਕਿਉਂਕਿ ਸਭ ਨੂੰ ਪਤਾ ਸੀ ਕਿ ਇਹ ਉਹਨਾਂ ਦਾ ਅੱਜ ਆਖਰੀ ਕੀਰਤਨ ਹੈ ਔਰ ਉਹ ਆਖਰੀ ਕੀਰਤਨ ਕਰਕੇ ਮੁੜ ਕੇ ਪਾਕਿਸਤਾਨ ਚਲੇ ਗਏ ਤੇ ਉਹਨਾਂ ਦੇ ਹੀ ਜਿਹੜੇ ਪਰਿਵਾਰ ਦੇ ਇਕ ਮੈਂਬਰ ਇਥੇ ਆਏ ਤੇ ਉਹਨਾਂ ਦਾ ਬਿਆਨ ਮੈਂ ਅਖ਼ਬਾਰ ਵਿਚ ਪੜ੍ਹਿਆ ਕਿ ਮੈਂ ਦਰਬਾਰ ਸਾਹਿਬ ਕੀਰਤਨ ਕਰਨਾ ਚਾਹੁੰਦਾ ਸੀ, ਲੇਕਿਨ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਇਹ ਕਿਹਾ ਜਾਂਦਾ ਹੈ ਕਿ ਸਿਰਫ਼ ਇਕ ਅੰਮ੍ਰਿਤਧਾਰੀ

Sri Satguru Jagjit Singh Ji Elibrary NamdhariElibrary@gmail.com

ਸਿੱਖ ਹੀ ਉਥੇ ਕੀਰਤਨ ਕਰ ਸਕਦਾ ਹੈ ਤੇ ਫੇਰ ਪ੍ਰੋ. ਕਿਰਪਾਲ ਸਿੰਘ ਹੁਰਾਂ ਮੈਨੂੰ ਦੱਸਿਆ। ਜਦੋਂ ਮੈਂ ਉਹਨਾਂ ਨਾਲ ਇਹ ਗੱਲਾਂ ਕਰ ਰਿਹਾ ਸੀ ਕਹਿੰਦੇ, ਕਿ ਇਹ ਜਿਹੜੀ ਚੀਜ਼ ਹੈ, ਸਿੱਖਾਂ ਦੇ ਜਿਹੜੇ ਪੰਜ ਉੱਚਕੋਟੀ ਦੇ ਬੁੱਧੀਵਾਨ ਸੀ ਜਿਹੜੇ ਉਸ ਵੇਲੇ ਦੇ (ਉਹਨਾਂ ਦਾ ਨਾਂ ਲੈਣਾ ਸ਼ਾਇਦ ਠੀਕ ਨਾ ਹੋਵੇ) ਉਹਨਾਂ ਨੂੰ ਇਹ ਚੀਜ਼ ਦਿੱਤੀ ਗਈ ਨਿਰਣਾ ਕਰਨ ਦੀ ਕਿ ਕੀਰਤਨ ਕੌਣ ਕਰ ਸਕਦਾ ਹੈ। ਇਹਨਾਂ ਦੀ ਕੁਝ ਰਹਿਤ ਮਰਿਯਾਦਾ ਹੋਣੀ ਚਾਹੀਦੀ ਹੈ, ਬਣਾਉਣੀ ਚਾਹੀਦੀ ਹੈ। ਸੋ ਉਹ ਜਿਹੜੇ ਪੰਜ ਸਾਡੇ ਉੱਚਕੋਟੀ ਦੇ ਵਿਦਵਾਨ ਪੰਜ ਸਿੰਘ ਸਾਹਿਬਾਨ ਉਹਨਾਂ ਦੀ ਇਹ ਸਿਫਾਰਸ਼ ਅਤੇ ਪ੍ਰਵਾਨਗੀ ਸੀ ਜਿਹੜੀ ਕਿ ਆਪਣੀ ਧਾਰਮਿਕ ਬਾਡੀ ਨੇ ਅਪਣਾਈ ਹੈ ਤੇ ਉਥੇ (ਹੁਣ ਭਾਵੇਂ ਭਾਈ ਮਰਦਾਨੇ ਦੀ ਸੰਤਾਨ ਦਾ ਵੀ) ਕੋਈ ਆਦਮੀ ਹੋਵੇ ਉਹ ਕੀਰਤਨ ਨਹੀਂ ਕਰ ਸਕਦਾ। ਕਿੰਨਾ ਵੱਡੇ ਤੋਂ ਵੱਡਾ ਹੋਵੇ, ਉਹਨੇ ਅੰਮ੍ਰਿਤ ਛਕਿਆ ਹੋਵੇ ਅਤੇ ਪੂਰਨ ਰਹਿਤ ਮਰਿਯਾਦਾ ਵਿਚ ਹੋਵੇ। ਉਸ ਤੋਂ ਬਾਅਦ ਇਕ ਮਹੀਨੇ ਵਿਚ ਹੀ ਅਸੀਂ ਇਥੇ ਗੁਰਮਤਿ ਸੰਗੀਤ ਵਿਭਾਗ ਬਣਾ ਦਿੱਤਾ। ਡਾ. ਗੁਰਨਾਮ ਸਿੰਘ ਹੁਰੀਂ ਉਹਦੇ ਮੁਖੀ ਨੇ, ਬਹੁਤ ਮਿਹਨਤ ਕਰ ਰਹੇ ਹਨ ਤੇ ਮੈਂ ਇਹਨਾਂ ਨੂੰ ਕਿਹਾ ਕਿ ਆਪਾਂ ਇੱਥੇ ਇਕ ਇਹੋ ਜਿਹੀ ਪ੍ਰਤਿਯੋਗਤਾ ਸ਼ੁਰੂ ਕਰੀਏ ਕਿ ਤਕੜੇ ਧਰਾਤਲ ਨਾਲ ਯੁਕਤ ਹੋਵੇ। ਇਸ ਪ੍ਰਤਿਯੋਗਤਾ ਵਿਚ ਲੱਖਾਂ ਰੁਪਈਆਂ ਦੇ ਇਨਾਮ ਹੋਣ। ਇਸ ਟਕਸਾਲੀ ਕੀਰਤਨ ਬਾਰੇ ਸਾਰੀ ਦੁਨੀਆਂ ਵਿਚ ਪਤਾ ਹੋਵੇ। ਸਾਰੀ ਦੁਨੀਆਂ ਵਿਚੋਂ ਕੀਰਤਨਕਾਰ ਇਸ ਪ੍ਰਤਿਯੋਗਤਾ ਵਿਚ ਹਿੱਸਾ ਲੈਣ ਇਥੇ ਆਉਣ। ਤੇ ਏਦਾਂ ਆਪਾਂ ਕੀਰਤਨ ਦੀ ਪ੍ਰਤਿਯੋਗਤਾ ਰੱਖੀ ਉਹਦਾ ਪਹਿਲਾ ਸਾਲ ਸੀ ਜਿਹੜਾ ਕਿ ਅਸੀਂ ਸ਼ੁਰੂ ਕੀਤਾ ਹੈ। ਇਸ ਸਮਾਗਮ ਵਿਚ ਆਉਣ ਲਈ ਅਸੀਂ ਉਸ ਵੱਡੀ ਧਾਰਮਿਕ ਹਸਤੀ ਨੂੰ ਬੇਨਤੀ ਕੀਤੀ, ਸ਼ਾਇਦ ਹੀ ਕਿਸੇ ਹੋਰ ਯੂਨੀਵਰਸਿਟੀ ਨੇ ਉਹਨਾਂ ਨੂੰ ਸੱਦਾ ਪੱਤਰ ਦਿੱਤਾ ਹੋਵੇ (ਸਾਨੂੰ ਤਾਂ ਯਾਦ ਨਹੀਂ) ਲੇਕਿਨ ਅਸੀਂ ਉਨ੍ਹਾਂ ਨੂੰ ਏਥੇ ਆਉਣ ਲਈ ਸੱਦਾ ਪੱਤਰ ਦਿੱਤਾ। ਪ੍ਰੋਗਰਾਮ ਤੋਂ ਕੁਝ ਸਮਾਂ ਪਹਿਲਾਂ ਉਹਨਾਂ ਦਾ ਫੋਨ ਆਇਆ ਕਿ ਮੈਨੂੰ ਜ਼ਰੂਰੀ ਕੰਮ ਪੈ ਗਿਆ ਹੈ ਮੈਂ ਰਸਤੇ ਵਿਚੋਂ ਹੀ ਵਾਪਸ ਜਾ ਰਿਹਾ ਹਾਂ। ਤੇ ਇਸ ਪ੍ਰੋਗਰਾਮ ਵਿਚ ਨਹੀਂ ਆ ਸਕਦੇ, ਉਹ ਨਹੀਂ ਆਏ। ਪ੍ਰੋਗਰਾਮ ਦੇ ਵਿਚ ਹੀ ਅਸੀਂ ਸਾਰੇ ਹਾਲਾਤ ਜਦੋਂ ਸੰਗਤ ਨੂੰ ਦੱਸੇ ਤੇ ਮੈਂ ਨਾਲ ਕਿਹਾ ਕਿ ਆਪਾਂ ਉਹਨਾਂ ਨੂੰ ਇਸ ਚੀਜ਼ ਦਾ ਕੋਈ ਦੰਡ ਦੇਈਏ ਕਿਉਂਕਿ ਸਾਡੇ ਇਸ ਸਮਾਗਮ ਵਿਚ ਸਾਡੇ ਨਾਲ ਬਚਨ ਕਰਨ 'ਤੇ ਵੀ ਉਹ ਨਹੀਂ ਆਏ। ਸੰਗਤ ਨੂੰ ਹੱਕ ਹੁੰਦਾ ਹੈ ਮੈਂ ਤਾਂ ਇਹ ਸਮਝਦਾ ਹਾਂ ਅਤੇ ਬੜਾ ਪਿਆਰਾ ਦੰਡ ਮੈਂ ਪਰਪੋਜ਼ ਕੀਤਾ ਸੀ ਕਿ ਯਾਦਵਿੰਦਰਾ ਕਾਲਜ ਲਈ ਇੰਜੀਨੀਰਿੰਗ ਦੇ ਜਿਹੜੇ ਗਰੀਬ ਬੱਚੇ ਨੇ, ਜਿਹਨਾਂ ਨੂੰ ਅਸੀਂ ਸਕਾਲਰਸ਼ਿਪ ਬਾਹਰੋਂ ਮੰਗ ਮੰਗ ਕੇ ਦੇ ਰਹੇ ਹਾਂ, ਕੁੰਨਰ ਸਾਹਿਬ ਵੀ ਆਏ ਨੇ ਇਹਨਾਂ ਤੇ ਕੀ ਹੱਕ ਹੈ ਸਾਡਾ, ਅਸੀਂ ਇਹਨਾਂ ਕੋਲ ਜਾ ਬੈਠ ਜਾਂਦੇ ਹਾਂ ਅਤੇ ਇਹ ਸਾਡੇ ਵੱਲੋਂ ਉਹਨਾਂ ਬੱਚਿਆਂ ਦੇ ਵੱਲੋਂ ਗੁਰਦਵਾਰਿਆਂ ਵਿਚ ਜਾ ਕੇ ਲੜਦੇ ਨੇ ਕਿ ਨਹੀਂ ਜੀ ਜ਼ਰੂਰ ਤੁਸੀਂ ਇਹਨਾਂ ਨੂੰ ਦਿਓ ਅਤੇ ਲੜ ਕੇ ਸਾਨੂੰ ਇਹਨਾਂ ਨੇ ਉਥੋਂ ਗੁਰਦੁਆਰਿਆਂ ਵਿਚੋਂ ਸਕਾਲਰਸ਼ਿਪ ਦਿਵਾਏ। ਸੋ ਇਹ ਇਕ ਬੜਾ ਮਿਠਾਸ ਭਰਿਆ ਦੰਡ ਸੀ (ਪ੍ਰਧਾਨ ਮੱਕੜ ਸਾਹਿਬ ਲਈ) ਜਿਹੜਾ ਮੈਂ ਸਾਰੀ ਸੰਗਤ ਸਾਹਮਣੇ ਰੱਖਿਆ ਤੇ ਸਭ

Sri Satguru Jagjit Singh Ji Elibrary NamdhariElibrary@gmail.com

ਤੋਂ ਪਹਿਲਾਂ ਮੈਨੂੰ ਲੱਗਦਾ ਹੈ ਕਿ ਪ੍ਰੋ. ਹਰਪਾਲ ਸਿੰਘ ਪੰਨੂ ਨੇ ਤਾੜੀਆਂ ਮਾਰ ਕੇ ਉਹ ਮਤਾ ਪਾਸ ਕੀਤਾ। ਉਸ ਬਾਰੇ ਅਗਲੇ ਦਿਨ ਅਖ਼ਬਾਰ ਵਿਚ ਆਇਆ ਤੇ ਜਥੇਦਾਰ ਅਵਤਾਰ ਸਿੰਘ ਮੱਕੜ ਉਹ ਸ਼ਖਸੀਅਤ ਜੋ ਨਹੀਂ ਆਏ ਸਨ, ਐਨੇ ਗਰਮ ਹੋਏ ਤੇ ਮੇਰੇ ਬਾਰੇ ਉਹਨਾਂ ਕਈ ਕੁਝ ਕਿਹਾ। ਮੈਂ ਇਕ ਗੱਲ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਉਹਨਾਂ ਨੇ ਸਾਰਿਆਂ ਨਾਲੋਂ ਵੱਡਾ ਵਾਰ ਮੇਰੇ ਤੇ ਕੀਤਾ, ਮੱਕੜ ਸਾਹਿਬ ਕਹਿੰਦੇ 'ਬੇਪਾਰਾਏ' ਨੇ ਕਦੇ ਆਪਣਾ ਮੂੰਹ ਦੇਖਿਐ? ਸੋ ਇਹ ਚੀਜ਼ਾਂ ਕੱਟੜਤਾ ਜਨੂੰਨ ਦੀਆਂ ਐਨੀ ਬਰੀਕੀ ਦੇ ਨਾਲ ਸਾਡੀ ਵਿਦਿਆ ਦੇ ਵਿਚ ਪਾਈਆਂ ਗਈਆਂ ਨੇ, ਜਿਨ੍ਹਾਂ ਨੂੰ ਆਪਾਂ ਵਿਰਾਸਤ ਵਿਚ ਪ੍ਰਾਪਤ ਕਰ ਲੈਂਦੇ ਹਾਂ ਤੇ ਇਹਨਾਂ ਤੋਂ ਸਾਨੂੰ ਬਚਣਾ ਚਾਹੀਦਾ ਹੈ। ਸੋ ਅੱਜ ਦੀ ਇਸ ਕਾਨਫ਼ਰੰਸ ਦਾ ਵਿਸ਼ਾ ਗੁਰੂ ਅਰਜਨ ਦੇਵ ਜੀ ਦਾ ਯੁੱਗ ਰਖਿਆ ਸੀ ਤਾਂ ਜੋ ਅਸੀਂ ਉਹਨਾਂ ਦੇ ਜੀਵਨ ਅਤੇ ਰਚਨਾਵਾਂ ਨੂੰ ਪੜ੍ਹ ਕੇ ਆਪਣੇ ਦਿਲਾਂ ਨੂੰ ਵੱਡਾ ਕਰ ਸਕੀਏ। ਅੱਜ ਦੇ ਇਸ ਮੌਕੇ ਤੇ ਸਮਾਜ ਨੂੰ ਇਹ ਹੀ ਵੱਡੀ ਦੇਣ ਹੋਵੇਗੀ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

Sri Satguru Jagjit Singh Ji Elibrary NamdhariElibrary@gmail.com

# ਧੰਨਵਾਦੀ ਸ਼ਬਦ

*ਪ੍ਰੋ. ਪਰਮ ਬਖ਼ਸ਼ੀਸ਼ ਸਿੰਘ**

ਸਨਮਾਨਯੋਗ ਭਾਈ ਲਕਸ਼ਵੀਰ ਸਿੰਘ ਜੀ, ਮਾਨਯੋਗ ਵਾਈਸ-ਚਾਂਸਲਰ ਸਾਹਿਬ, ਡਾ. ਜੇ.ਐਸ. ਗਰੇਵਾਲ, ਡਾ. ਸੁੱਚਾ ਸਿੰਘ ਗਿੱਲ, ਮੈਡਮ ਧਨਵੰਤ ਕੌਰ ਜੀ, ਦੇਸ਼ ਤੇ ਵਿਦੇਸ਼ਾਂ ਤੋਂ ਆਏ ਪੰਜਾਬੀ ਦੇ ਉੱਘੇ ਵਿਦਵਾਨ, ਡੈਲੀਗੇਟਸ, ਦੋਸਤ ਤੇ ਵਿਦਿਆਰਥੀਓ! ਆਪ ਸਭ ਦਾ ਕਾਨਫਰੰਸ ਵਿਚ ਸ਼ਾਮਲ ਹੋਣ ਤੇ ਮੈਂ ਦਿਲੀ ਧੰਨਵਾਦ ਕਰਦਾ ਹਾਂ। ਅਸੀਂ ਯੂਨੀਵਰਸਿਟੀ ਵੱਲੋਂ ਭਾਈ ਲਕਸ਼ਵੀਰ ਸਿੰਘ ਜੀ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਕੇ ਅੱਜ ਸਾਡੀ ਯੂਨੀਵਰਸਿਟੀ ਨੂੰ ਨਿਵਾਜਿਆ, ਇਥੇ ਚੱਲ ਕੇ ਆਏ ਅਤੇ ਸਾਡੀ ਤੁੱਛ ਜਿਹੀ ਭੇਟਾ (ਆਨਰੇਰੀ ਪ੍ਰੋਫ਼ੈਸਰਸ਼ਿਪ) ਨੂੰ ਸਵੀਕਾਰ ਕੀਤਾ। ਪੰਜਾਬੀ ਯੂਨੀਵਰਸਿਟੀ ਇਨ੍ਹਾਂ ਦੇ ਸਮੁੱਚੇ ਕਾਰਜ ਲਈ ਹਮੇਸ਼ਾ ਅਭਾਰੀ ਰਹੇਗੀ ਤੇ ਹਮੇਸ਼ਾ ਇਨ੍ਹਾਂ ਦੀ ਸ਼ਖ਼ਸੀਅਤ ਤੋਂ ਕੁਝ ਗ੍ਰਹਿਣ ਕਰਦੇ ਹੋਏ ਇਹ ਹੋਰ ਵੀ ਅੱਗੇ ਵਧਣ ਦਾ ਉਪਰਾਲਾ ਕਰੇਗੀ। ਡਾ. ਜੇ. ਐਸ. ਗਰੇਵਾਲ ਜਿਹੜੇ ਸਾਡੀ ਯੂਨੀਵਰਸਿਟੀ ਦੇ ਆਜੀਵਨ ਫੈਲੋ ਹਨ ਤੇ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਹਨ, ਅੱਜ ਇਸ ਕਾਨਫਰੰਸ ਤੇ ਉਨ੍ਹਾਂ ਨੇ ਮੁੱਖ ਭਾਸ਼ਣ ਦੇਣ ਲਈ ਸਾਡੀ ਬੇਨਤੀ ਨੂੰ ਪ੍ਰਵਾਨ ਕੀਤਾ। ਉਨ੍ਹਾਂ ਦੇ ਵੀ ਅਸੀਂ ਧੰਨਵਾਦੀ ਹਾਂ। ਉਮੀਦ ਹੈ ਕਿ ਉਹ ਅੱਗੇ ਤੋਂ ਵੀ ਸਾਡੀ ਸਰਪ੍ਰਸਤੀ ਕਰਦੇ ਰਹਿਣਗੇ।

ਅੰਤ ਵਿਚ ਮੈਂ ਡਾ. ਸੁੱਚਾ ਸਿੰਘ ਗਿੱਲ, ਡੀਨ ਅਕਾਦਮਿਕ ਮਾਮਲੇ ਅਤੇ ਇਸ ਕਾਨਫਰੰਸ ਵਿਚ ਦੇਸ਼-ਵਿਦੇਸ਼ ਵਿਚੋਂ ਸ਼ਿਰਕਤ ਕਰਨ ਆਏ ਵਿਦਵਾਨਾਂ, ਪਰਚੇ ਪੜ੍ਹਨ ਅਤੇ ਚਰਚਾ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਅਤੇ ਸਾਰੇ ਸਰੋਤਿਆਂ, ਅਧਿਆਪਕਾਂ, ਵਿਦਿਆਰਥੀਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਤਿੰਨ ਦਿਨ ਦੀ ਇਸ ਕਾਨਫਰੰਸ ਵਿਚ ਆਪਣੀ ਹਾਜ਼ਰੀ ਲਗਵਾਈ ਤੇ ਕਾਨਫਰੰਸ ਦੀ ਰੌਣਕ ਨੂੰ ਵਧਾਇਆ। ਮੈਂ ਖ਼ਾਸ ਤੌਰ ਤੇ ਅਮਰੀਕਾ, ਕੈਨੇਡਾ, ਇੰਗਲੈਂਡ, ਪਾਕਿਸਤਾਨ ਤੋਂ ਆਏ ਸਾਰੇ ਡੈਲੀਗੇਟਾਂ ਦਾ ਇਕ ਵਾਰ ਫਿਰ ਧੰਨਵਾਦ ਕਰਦਾ ਹਾਂ।

ਧੰਨਵਾਦ

Sri Satguru Jagjit Singh Ji Elibrary NamdhariElibrary@gmail.com

# ਪਹਿਲਾ ਅਕਾਦਮਿਕ ਸੈਸ਼ਨ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਸਿੱਖ ਧਰਮ ਦਾ ਮੁਹਾਂਦਰਾ

*ਡਾ. ਜੋਧ ਸਿੰਘ**

ਚੌਦਵੀਂ-ਪੰਦਰਵੀਂ ਸਦੀ ਵਿਚ ਸਾਰੀ ਦੁਨੀਆਂ ਵਿਚ ਹੀ ਚੇਤਨਾ ਦੀ ਇਕ ਨਵੀਂ ਲਹਿਰ ਚਲ ਰਹੀ ਸੀ। ਜਰਮਨੀ ਵਿਚ ਮਾਰਟਿਨ ਲੂਥਰ ਇਕ ਬਹੁਤ ਵੱਡੇ ਸੁਧਾਰਕ ਦੇ ਰੂਪ ਵਿਚ ਸਾਹਮਣੇ ਆ ਚੁੱਕੇ ਸਨ ਅਤੇ ਕੋਲੰਬਸ ਵਰਗੇ ਸਮੁੰਦਰੀ ਯਾਤਰੀ ਅਤੇ ਮਾਇਕਲ ਐਂਜਲੋ, ਰਫਿਲ ਅਤੇ ਲਿਆਨਾਰਡੋ ਵਰਗੇ ਕਲਾਕਾਰ ਅਤੇ ਸਾਹਿਤਕਾਰ ਕਾਰਜਸ਼ੀਲ ਸਨ। ਯੂਰਪ ਅਤੇ ਭਾਰਤ ਦੇ ਅਧਿਆਤਮਿਕ ਹਾਲਾਤਾਂ ਵਿਚ ਵੀ ਇਕ ਬਹੁਤ ਹੀ ਅਨੋਖੇ ਕਿਸਮ ਦੀ ਸਮਾਨਤਾ ਸੀ। ਯੂਰਪੀ ਦੇਸ਼ਾਂ ਦੀ ਫਲਸਫੇ ਅਤੇ ਸਾਹਿਤ ਦੀ ਭਾਸ਼ਾ ਲੈਟਿਨ ਸੀ ਅਤੇ ਭਾਰਤ ਦੀ ਭਾਸ਼ਾ 'ਸੰਸਕ੍ਰਿਤ' ਸੀ। ਦੋਵਾਂ ਹੀ ਖੇਤਰਾਂ ਵਿਚ ਪੜ੍ਹਨ ਲਿਖਣ ਦਾ ਕੰਮ ਪੁਜਾਰੀਆਂ ਅਤੇ ਬ੍ਰਾਹਮਣਾਂ ਦੇ ਹਥ ਵਿਚ ਹੋਣ ਕਰਕੇ ਕਾਰਜ-ਸ਼ੈਲੀ ਵਿਚ ਕਈ ਗੰਭੀਰ ਧਾਰਮਿਕ ਅਤੇ ਸਮਾਜਿਕ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਸਨ। ਇਹਨਾਂ ਸਮੱਸਿਆਵਾਂ ਕਾਰਨ ਹੀ ਦੋਵਾਂ ਖਿੱਤਿਆਂ ਵਿਚ ਸੁਧਾਰਵਾਦ ਦੀ ਇਕ ਹਨੇਰੀ ਜਿਹੀ ਝੁਲਣੀ ਸ਼ੁਰੂ ਹੋ ਗਈ ਸੀ। ਇਸੇ ਸਮੇਂ ਵਿਚ ਅਧਿਆਤਮਿਕ ਅਤੇ ਸਮਾਜਿਕ ਨੇਤਾ ਯੂਰਪ ਵਿਚ ਈਸਾਈ ਧਰਮ ਵਿਚ ਆ ਚੁੱਕੀਆਂ ਕੁਰੀਤੀਆਂ ਦੇ ਬਾਰੇ ਲੋਕਾਂ ਨੂੰ ਸਮਝਾ ਰਹੇ ਸਨ ਅਤੇ ਇਸੇ ਤਰ੍ਹਾਂ ਹੀ ਭਾਰਤ ਵਿਚ ਵੀ ਅਨੇਕਾਂ ਸੰਤ ਮਹਾਤਮਾ ਪੁਜਾਰੀਵਾਦ ਪਖੰਡ ਅਤੇ ਮੂਰਤੀ ਪੂਜਾ ਬਾਰੇ ਲੋਕਾਂ ਨੂੰ ਖਬਰਦਾਰ ਕਰ ਰਹੇ ਸਨ ਅਤੇ ਉਹਨਾਂ ਨੂੰ ਕਾਫ਼ੀ ਸਫਲਤਾ ਵੀ ਮਿਲ ਰਹੀ ਸੀ। ਇਹਨਾਂ ਮਹਾਨ ਸੰਤਾਂ ਦੇ ਪੈਰੋਕਾਰਾਂ ਦੇ ਰੂਪ ਵਿਚ ਕਈ ਸੰਪਰਦਾਇ ਵੀ ਪੈਦਾ ਹੋ ਗਏ ਸਨ; ਕਈ ਨਵੀਆਂ ਲਹਿਰਾਂ ਚਲ ਪਈਆਂ ਸਨ ਪਰੰਤੂ ਇਹਨਾਂ ਸਾਰਿਆਂ ਵਿਚੋਂ ਸਭ ਤੋਂ ਵੱਧ ਗਿਣਤੀ ਵਿਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਲਹਿਰ ਸਿੱਖ ਲਹਿਰ ਦੇ ਨਾਂ ਨਾਲ ਜਾਣੀ ਗਈ ਜਿਸ ਦਾ ਅਰੰਭ ਗੁਰੂ ਨਾਨਕ ਦੇਵ ਨੇ ਕੀਤਾ ਸੀ। ਇਸ ਲਹਿਰ ਨੂੰ ਸੰਭਾਲਣ ਅਤੇ ਅੱਗੇ ਵਧਾਉਣ ਵਾਲੇ ਪੰਜਾਬ ਦੇ ਲੋਕ ਘੱਟ-ਵੱਧ ਗਿਣਤੀ ਵਿਚ ਸਾਰੇ ਭਾਰਤ ਵਿਚ ਹੀ ਨਹੀਂ ਸਨ ਸਗੋਂ ਕਾਬੁਲ ਕੰਧਾਰ ਆਦਿ ਦੂਰ-ਦੁਰਾਡੇ ਦੇ ਖੇਤਰਾਂ ਤਕ ਫੈਲੇ ਹੋਏ ਸਨ। ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਇਸਲਾਮ ਨੇ ਮੁਸਲਮਾਨਾਂ, ਰਾਹੀਂ ਕਿਵੇਂ ਜਿਤਾਂ ਪ੍ਰਾਪਤ ਕਰਦੇ ਹੋਏ ਭਾਰਤ ਤੱਕ ਆਪਣੀ ਪਹੁੰਚ ਬਣਾ ਲਈ ਸੀ। ਇਸਲਾਮ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਭਾਰਤ ਦੇ ਅਨੇਕਾਂ ਲੋਕਾਂ ਨੇ ਇਸਲਾਮ ਨੂੰ ਬਲ ਪੂਰਵਕ ਪ੍ਰਚਾਰੇ ਜਾਣ ਜਾਂ ਫਿਰ ਸੰਸਾਰਿਕ ਲਾਭਾਂ ਨੂੰ ਪ੍ਰਾਪਤ ਕਰਨ ਦੇ ਦ੍ਰਿਸ਼ਟੀਕੋਣ ਤੋਂ ਆਪਣਾ ਲਿਆ ਸੀ ਅਤੇ ਇਸੇ ਹੀ ਸਿਲਸਿਲੇ ਵਿਚ ਜਿਹੜੇ ਇਸਲਾਮ ਨੂੰ ਅਪਣਾਉਣਾ ਨਹੀਂ ਚਾਹੁੰਦੇ ਸਨ ਉਹ

---

* ਇਨਸਾਈਕਲੋਪੀਡੀਆ ਆਫ਼ ਸਿਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਝੁੰਡਾਂ ਦੇ ਝੁੰਡ ਬਣਾ ਕੇ ਜੋਗੀਆਂ ਦੇ ਰੂਪ ਵਿਚ ਆਬਾਦੀਆਂ ਤੋਂ ਦੂਰ ਜੰਗਲਾਂ, ਬੇਲਿਆਂ, ਰੇਗਿਸਤਾਨਾਂ, ਪਹਾੜਾਂ ਦੀਆਂ ਗੁਫਾਵਾਂ ਵਿਚ ਰਹਿਣ ਨੂੰ ਤਰਜੀਹ ਦੇਣ ਲਗ ਪਏ ਸਨ। ਐਮ. ਏ. ਮੈਕਾਲਿਫ਼ ਦੇ ਸ਼ਬਦਾਂ ਵਿਚ ਇਥੇ ਇਹ ਦੇਖਣਾ ਕੁਥਾਂਵੇਂ ਨਹੀਂ ਹੋਵੇਗਾ ਕਿ ਇਸਲਾਮੀ ਜਿਤਾਂ ਦੀਆਂ ਮੱਲਾਂ ਮਾਰਨ ਵਾਲੇ ਲੋਕਾਂ ਨੇ ਭਾਰਤ ਵਾਸੀਆਂ ਨਾਲ ਕਿਹੋ ਜਿਹਾ ਸਲੂਕ ਕੀਤਾ ਸੀ। ਮੁਹੰਮਦ ਗੋਰੀ ਨੇ ਪ੍ਰਿਥਵੀਰਾਜ ਚੌਹਾਨ ਨੂੰ ਹਰਾ ਕੇ ਅਜਮੇਰ ਅਤੇ ਦਿੱਲੀ ਤੇ ਕਬਜ਼ਾ ਕਰ ਲਿਆ ਸੀ ਅਤੇ ਇਸ ਨੇ ਹਜ਼ਾਰਾਂ ਹੀ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅਨੇਕਾਂ ਹੀ ਲੋਕਾਂ ਨੂੰ ਗ਼ੁਲਾਮ ਬਣਾ ਕੇ ਇਹ ਆਪਣੇ ਨਾਲ ਲੈ ਗਿਆ ਸੀ। ਬਨਾਰਸ ਦੇ ਰਾਜੇ ਨੂੰ ਜਿੱਤਣ ਤੋਂ ਬਾਅਦ ਉਸਨੇ ਹਿੰਦੂਆਂ ਦਾ ਕਤਲੇਆਮ ਹਜ਼ਾਰਾਂ ਲੋਕਾਂ ਨੂੰ ਮਾਰ ਕੇ ਕੀਤਾ ਅਤੇ ਇਸ ਕਤਲੇਆਮ ਵਿਚ ਕੇਵਲ ਔਰਤਾਂ ਅਤੇ ਬੱਚੇ ਹੀ ਬਚੇ ਸਨ ਜਿਨ੍ਹਾਂ ਨੂੰ ਗੁਲਾਮਾਂ ਦੇ ਤੌਰ ਤੇ ਨਾਲ ਲਿਜਾਇਆ ਗਿਆ ਸੀ।

ਹਸਨ ਨਿਜ਼ਾਮ-ਇ-ਨੇਸ਼ਪੁਰੀ ਦੀ ਪੁਸਤਕ *ਤਾਜ-ਉਲ-ਮੱਅਸਿਰ* ਦੇ ਆਧਾਰ ਤੇ ਮੈਕਾਲਿਫ਼ ਕਹਿੰਦਾ ਹੈ ਕਿ ਜਦੋਂ ਗੁਲਾਮ ਬਾਦਸ਼ਾਹ ਕੁਤਬ-ਉ-ਦੀਨ-ਐਬਕ ਨੇ ਮੇਰਠ ਨੂੰ ਜਿੱਤਿਆ ਤਾਂ ਉਸਨੇ ਸਾਰੇ ਧਾਰਮਿਕ ਸਥਾਨਾਂ ਨੂੰ ਢਾਹ ਕੇ ਉਹਨਾਂ ਦੀ ਥਾਂ ਤੇ ਮਸੀਤਾਂ ਖੜੀਆਂ ਕਰ ਦਿੱਤੀਆਂ। ਇਹੋ ਹੀ ਹਾਲ ਅਲੀਗੜ੍ਹ (ਪਹਿਲਾਂ ਕੋਇਲ) ਕਾਲਿਜੰਰ ਆਦਿ ਸ਼ਹਿਰਾਂ ਵਿਖੇ ਕੀਤਾ ਗਿਆ। ਮੈਕਾਲਿਫ਼ ਅੱਗੇ ਦਸਦਾ ਹੈ ਕਿ ਮੁਹੰਮਦ ਬਖ਼ਤਿਆਰ ਖਿਲਜੀ ਨੇ ਜਦੋਂ ਬਿਹਾਰ ਨੂੰ ਜਿਤਿਆ ਤਾਂ ਉਸਨੇ ਨਾਲੰਦਾ ਦੀ ਬੇਸ਼ਕੀਮਤੀ ਲਾਇਬ੍ਰੇਰੀ ਨੂੰ ਤਾਂ ਸਾੜਿਆ ਹੀ ਨਾਲ ਹੀ ਨਾਲ 1,00,000 ਬ੍ਰਾਹਮਣਾਂ ਨੂੰ ਵੀ ਕਤਲ ਕਰ ਦਿੱਤਾ। ਮੁਸਲਮਾਨ ਸ੍ਰੋਤਾਂ ਦੇ ਆਧਾਰ ਤੇ ਮੈਕਾਲਿਫ਼ ਅੱਗੇ ਦਸਦਾ ਹੈ ਕਿ ਜਦੋਂ ਅਲਾਉਦੀਨ ਖਿਲਜੀ ਨੇ ਖੰਬਾਤ ਦੀ ਖਾੜੀ ਦੇ ਇਲਾਕਿਆਂ ਨੂੰ ਆਪਣੇ ਕਬਜ਼ੇ ਵਿਚ ਕੀਤਾ ਤਾਂ ਉਸ ਨੇ ਇਸਲਾਮ ਦੀ ਸ਼ਾਨ ਨੂੰ ਵਧਾਉਣ ਵਾਸਤੇ ਸਾਰੇ ਪੁਰਸ਼ ਹਿੰਦੂ ਨਿਵਾਸੀਆਂ ਨੂੰ ਮਾਰ ਕੇ ਖੂਨ ਦੀਆਂ ਨਦੀਆਂ ਵਗਾਈਆਂ ਅਤੇ ਸੋਨੇ ਚਾਂਦੀ ਅਤੇ ਜਵਾਹਰਾਤ ਸਮੇਤ ਸਾਰੀਆਂ ਔਰਤਾਂ ਨੂੰ ਆਪਣੇ ਦੇਸ਼ ਭੇਜ ਦਿੱਤਾ ਅਤੇ ਲਗਭਗ ਵੀਹ ਹਜ਼ਾਰ ਨੂੰ ਆਪਣੀਆਂ ਨਿੱਜੀ ਦਾਸੀਆਂ ਬਣਾ ਲਿਆ।

ਅਲਾਉਦੀਨ ਖਿਲਜੀ ਦੀ ਹਿਰਦੇਹੀਨਤਾ ਦਾ ਵਰਨਨ ਕਰਦਾ ਹੋਇਆ ਮੈਕਾਲਿਫ ਹੋਰ ਦਸਦਾ ਹੈ ਕਿ ਬਾਦਸ਼ਾਹ ਦੇ ਮਹਿਲ ਦੇ ਸਾਮ੍ਹਣੇ ਆਮ ਤੌਰ ਤੇ 40-50 ਹਿੰਦੂਆਂ ਦੀਆਂ ਲਾਸ਼ਾਂ ਪਈਆਂ ਰਹਿੰਦੀਆਂ ਸਨ। ਛੋਟੇ ਛੋਟੇ ਅਪਰਾਧਾਂ ਲਈ ਹਿੰਦੂਆਂ ਨੂੰ ਬੇਰਹਿਮੀ ਨਾਲ ਸਜ਼ਾ ਦਿੱਤੀ ਜਾਂਦੀ ਸੀ। ਇੰਨਾਂ ਹੀ ਨਹੀਂ ਬਾਦਸ਼ਾਹ ਨੇ ਆਪਣੇ ਭਰਾ ਅਤੇ ਭਤੀਜੇ ਦੀ ਜਿਉਂਦਿਆਂ ਹੀ ਖੱਲ ਇਸ ਲਈ ਲੁਹਾ ਦਿੱਤੀ ਸੀ ਕਿਉਂਕਿ ਉਹਨਾਂ ਦੀ ਵਿਸ਼ਵਾਸਪਾਤਰਤਾ ਬਾਰੇ ਬਾਦਸ਼ਾਹ ਨੂੰ ਸ਼ੱਕ ਸੀ। ਉਹਨਾਂ ਦੇ ਮਾਸ ਨੂੰ ਰਿੰਨਿਆ ਗਿਆ ਅਤੇ ਉਹਨਾਂ ਦੇ ਬੱਚਿਆਂ ਨੂੰ ਜ਼ਬਰਦਸਤੀ ਖੁਆਇਆ ਗਿਆ। ਬਾਅਦ ਵਿਚ ਜੋ ਬਚ ਗਿਆ ਉਸਨੂੰ ਹਾਥੀ ਦੇ ਪੈਰਾਂ ਥਲੇ ਕੁਚਲਵਾ ਦਿੱਤਾ ਗਿਆ। ਏਸੇ ਤਰ੍ਹਾਂ ਉਸ ਸਮੇਂ ਅਫਰੀਕੀ ਯਾਤਰੀ ਇਬਨਬਤੂਤਾ ਨੇ ਦਿੱਲੀ ਸਲਤਨਤ ਦੇ ਬਾਦਸ਼ਾਹ ਮੁਹੰਮਦ ਬਿਨ ਤੁਗਲਕ ਦੇ ਲੋਕਾਂ ਉਤੇ ਅਤਿਆਚਾਰਾਂ ਦਾ ਭਰਪੂਰ ਜ਼ਿਕਰ ਕੀਤਾ ਹੈ। ਭਗਤ ਨਾਮਦੇਵ ਨੂੰ ਫੜ ਕੇ ਤਸੀਹੇ ਦੇਣ ਦਾ ਜ਼ਿਕਰ ਇਤਿਹਾਸ ਵਿਚ ਅਤੇ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ।

Sri Satguru Jagjit Singh Ji Elibrary NamdhariElibrary@gmail.com

ਅਮੀਰ ਖੁਸਰੋ ਨੇ ਆਪਣੀ ਪੁਸਤਕ *ਤਵਾਰੀਖ ਅਲਾਇ* ਅਥਵਾ *ਖਜ਼ਾਇਨ-ਉਲ-ਫ਼ੁਤੂਹ* ਵਿਚ ਲਿਖਿਆ ਹੈ ਕਿ ਕਿਵੇਂ ਭੋਪਾਲ ਵਿਚ ਹਜ਼ਾਰਾਂ ਲੋਕਾਂ ਦੇ ਖ਼ੂਨ ਵਿਚ ਫਿਰੋਜ਼ਸ਼ਾਹ ਤੁਗਲਕ ਵੱਲੋਂ ਕਿਲੇ ਅੱਗੇ ਰੱਖੀਆਂ ਮੂਰਤੀਆਂ ਨੂੰ ਨਵ੍ਹਾਇਆ ਜਾਂਦਾ ਸੀ। ਏਸੇ ਤਰ੍ਹਾਂ ਹੀ ਸਿਕੰਦਰ ਲੋਦੀ ਦੇ ਰਾਜ ਵਿਚ ਭਗਤ ਕਬੀਰ ਜੀ ਨੂੰ ਅਨੇਕਾਂ ਤਸੀਹੇ ਦਿੱਤੇ ਗਏ ਸਨ। ਬਾਬਰ ਦੀ ਕਰੂਰਤਾ ਦਾ ਵਰਨਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮੌਜੂਦ ਹੈ। ਮੁਸਲਿਮ ਸ਼ਾਸਕਾਂ ਦਾ ਆਮ ਵਰਨਨ ਕਰਦੇ ਹੋਏ ਗੁਰੂ ਨਾਨਕ ਕਹਿੰਦੇ ਹਨ :

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ॥*

ਦਿੱਲੀ ਸਲਤਨਤ ਦਾ ਸਮਾਂ (1206-1526), ਅਤੇ ਅਕਬਰ ਮਹਾਨ ਨੂੰ ਛੱਡ ਕੇ ਜ਼ਿਆਦਾਤਰ ਮੁਗਲਾਂ ਦਾ ਸਮਾਂ ਹਿੰਦੂਆਂ ਲਈ ਇਕ ਅਤਿ ਹੀ ਕਠਿਨ ਸਮਾਂ ਸੀ ਜਿਸ ਵਿਚ ਸਾਰਾ ਭਾਰਤ ਦੀਨ ਹੋ ਕੇ ਬਾਦਸ਼ਾਹਾਂ ਦੇ ਰਹਿਮੋ ਕਰਮ ਥੱਲੇ ਜੀ ਰਿਹਾ ਸੀ। ਅਜਿਹੀ ਸਥਿਤੀ ਵਿਚ ਵਰਣ-ਵਿਵਸਥਾ ਦੇ ਜੂਲੇ ਥੱਲੇ ਪਿਸ ਰਹੇ ਅਤੇ ਰਾਜਨੀਤਿਕ ਤੌਰ ਤੇ ਤੀਜੇ ਚੌਥੇ ਦਰਜੇ ਦੇ ਸ਼ਹਿਰੀ ਬਣ ਕੇ ਜੀਣ ਵਾਲੇ ਹਿੰਦੁਸਤਾਨੀਆਂ ਲਈ ਸਵੈਮਾਨ, ਧਾਰਮਿਕ ਸੁਤੰਤਰਤਾ ਅਥਵਾ ਬਰਾਬਰੀ ਦੀ ਗਲ ਸੋਚਣਾ ਆਕਾਸ਼ ਦੇ ਤਾਰੇ ਤੋੜ ਕੇ ਲਿਆਉਣ ਦੇ ਸਮਾਨ ਸੀ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸਾਰੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਹਾਲਾਤਾਂ ਨੂੰ ਘੋਖਿਆ ਪੜਚੋਲਿਆ ਅਤੇ ਇਕ ਅਜਿਹੀ ਵਿਉਂਤਬੰਦੀ ਲੋਕਾਂ ਦੇ ਸਾਮ੍ਹਣੇ ਰਖੀ ਕਿ ਆਉਣ ਵਾਲੇ ਲਗਪਗ 200 ਸਾਲਾਂ ਵਿਚ ਇਕ ਅਜਿਹੀ ਕੌਮ ਤਿਆਰ ਹੋਈ ਜਿਸਨੇ ਸਦਾ ਲਈ ਉੱਤਰ-ਪੱਛਮ ਵੱਲੋਂ ਹਮਲਾਵਰਾਂ ਦੀ ਆਮਦ ਨੂੰ ਹੀ ਨਹੀਂ ਰੋਕਿਆ ਸਗੋਂ ਹਿੰਦੁਸਤਾਨ ਦੀਆਂ ਸਰਹੱਦਾਂ ਨੂੰ ਅਫ਼ਗਾਨਿਸਤਾਨ ਤਕ ਪੁਚਾ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਛੋਟੇ ਛੋਟੇ ਫ਼ਿਰਕਿਆਂ ਵਿਚ ਵੰਡੇ ਅਤੇ ਇਕ ਦੂਜੇ ਤੋਂ ਦੂਰ ਜਾ ਚੁਕੇ ਲੋਕਾਂ ਨੂੰ ਲਾਗੇ ਲਿਆਉਣ ਲਈ 'ਸੰਗਤ' ਸੰਸਥਾ ਦੀ ਸਥਾਪਨਾ ਕੀਤੀ ਜਿਸ ਨਾਲ ਊਚ ਨੀਚ ਦੀ ਭਾਵਨਾ ਘਟਣ ਲਗ ਪਈ। ਕਰਤਾਰਪੁਰ ਨਿਵਾਸ ਸਮੇਂ ਉਹਨਾਂ ਨੇ ਕਿਰਤ ਕਰਨ, ਨਾਮ ਜਪਣ, ਅਤੇ ਵੰਡ ਛਕਣ ਦਾ ਉਪਦੇਸ਼ ਦੇਣ ਦੇ ਨਾਲ ਨਾਲ ਲੰਗਰ ਸੰਸਥਾ ਦਾ ਅਰੰਭ ਕੀਤਾ ਜਿਸ ਵਿਚ ਬਿਨਾਂ ਜਾਤੀ, ਪ੍ਰਾਂਤ ਭੇਦ ਦੇ ਲੋਕ ਇਕ ਪੰਗਤ ਵਿਚ ਬੈਠ ਕੇ ਮੋਢੇ ਨਾਲ ਮੋਢਾ ਜੋੜ ਕੇ ਰੋਟੀ-ਪਾਣੀ ਦੀ ਸਾਂਝ ਵਧਾ ਕੇ ਪਰਸਪਰ ਹੋਰ ਸਾਂਝਾਂ ਲਈ ਮਾਨਸਿਕ ਤਿਆਰੀ ਵਿਚ ਜੁਟ ਗਏ। ਕਰਤਾਰਪੁਰ ਰਾਵੀ ਦੇ ਕੰਢੇ ਵਸਾਉਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਦੀ ਵਿਆਖਿਆ ਕਰਦੇ ਹੋਏ, ਰਾਣਾ ਰੰਕ ਦੀ ਬਰਾਬਰੀ ਦਿਖਾਉਂਦੇ ਹੋਏ ਅਤੇ ਨਿਮਰਤਾ, ਹਲੀਮੀ ਦਾ ਪ੍ਰਚਾਰ ਕਰਦੇ ਹੋਏ, ਤੀਰਥਾਂ ਉਤੇ ਕਰਮ ਕਾਂਡਾਂ ਦੀ ਪ੍ਰਧਾਨਤਾ ਅਤੇ ਪ੍ਰੇਮ-ਭਾਵ ਦੀ ਘਾਟ ਦੀ ਚਰਚਾ ਕਰਦੇ ਹੋਏ ਸੁਮੇਰ ਪਰਬਤ ਤਕ ਅੱਪੜ ਗਏ ਅਤੇ ਇਕ ਪਾਸੇ ਸਿੱਧਾਂ ਨਾਲ ਸੰਬਾਦ ਅਤੇ ਦੂਜੇ ਪਾਸੇ ਮੱਕੇ ਬਗਦਾਦ ਦੀ ਫੇਰੀ ਸਮੇਂ ਇਸਲਾਮ ਦੇ ਆਗੂ ਮੌਲਾਣਿਆਂ ਅਤੇ ਕਾਜ਼ੀਆਂ ਨਾਲ ਗਿਆਨ ਗੋਸ਼ਟੀਆਂ ਕਰਦੇ

Sri Satguru Jagjit Singh Ji Elibrary NamdhariElibrary@gmail.com

ਰਹੇ ਸਨ। ਭਾਈ ਗੁਰਦਾਸ ਉਸ ਸਮੇਂ ਭਾਰਤ ਦੀ ਦੁਰਦਸ਼ਾ ਦਾ ਆਪਣੀ ਪਹਿਲੀ ਵਾਰ ਦੀ ਤੀਹਵੀਂ ਪਉੜੀ ਵਿਚ ਵਰਨਨ ਕਰਦੇ ਹੋਏ ਕਹਿੰਦੇ ਹਨ :

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।*
*ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤ ਬਿਧਿ ਭਾਈ।*
*ਚੇਲੇ ਬੈਠਨਿ ਘਰਾਂ ਵਿਚਿ ਗੁਰੁ ਉਠਿ ਘਰੀਂ ਤਿਨਾੜੇ ਜਾਈ।*
*ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।*
*ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।*
*ਵਰਤਿਆ ਪਾਪੁ ਸਭਸਿ ਜਗਿ ਮਾਂਹੀ॥ ੩੦॥*

ਇਹ ਤਾਂ ਸਪਸ਼ਟ ਹੀ ਹੈ ਕਿ ਆਪਣੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਸਮਕਾਲੀ ਸਮਾਜਿਕ ਅਤੇ ਧਾਰਮਿਕ ਨਿਜ਼ਾਮ ਨੂੰ ਚੰਗੀ ਤਰ੍ਹਾਂ ਘੋਖਿਆ-ਪੜਚੋਲਿਆ ਸੀ ਅਤੇ ਉਹਨਾਂ ਦੇ ਦਿੱਤੇ ਸਿਧਾਂਤਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਉਹਨਾਂ ਦੀ ਵਿਸ਼ਲੇਸ਼ਣਾਤਮਿਕ ਸੂਝ ਬੁੱਧੀ ਤੋਂ ਇਹ ਲੁਕਿਆ ਨਹੀਂ ਰਹਿ ਸਕਿਆ ਕਿ ਭਾਰਤਵਾਸੀ ਹਮਲਾਵਰਾਂ ਅਤੇ ਪੁਰੋਹਿਤ ਵਰਗ ਸਾਮ੍ਹਣੇ ਕਿਉਂ ਇੰਨੇ ਡਰਪੋਕ ਬਣ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਦੀਆਂ ਪਉੜੀਆਂ ਅਤੇ ਸਲੋਕਾਂ ਵਿਚ ਤਤਕਾਲੀ ਸਮਾਜ ਅਤੇ ਧਾਰਮਿਕ ਪ੍ਰਪੰਚਾਂ ਦਾ ਵਿਵੇਚਨ ਹੀ ਨਹੀਂ ਕੀਤਾ ਗਿਆ ਸਗੋਂ ਸਮੱਸਿਆਵਾਂ ਦੇ ਹੱਲ ਵੀ ਦਸੇ ਗਏ ਹਨ। ਆਪਣੇ ਇਸ ਉਦਮ ਵਿਚ ਗੁਰੂ ਨਾਨਕ ਦੇਵ ਜੀ ਭਗਤੀ ਅੰਦੋਲਨ, ਨਾਥ ਪੰਥ ਅਤੇ ਸੰਤ ਪਰੰਪਰਾ ਤੋਂ ਕਿਤੇ ਅਗਾਂਹ ਨਿਕਲ ਗਏ ਹਨ।

ਭਗਤੀ ਪਰੰਪਰਾ ਦੇ ਪੈਰੋਕਾਰਾਂ ਚੋਂ ਬਹੁਤੇ ਸੰਤਾਂ ਦੇ ਸ਼ਰਧਾਲੂਆਂ ਨੇ ਆਪਣੇ ਹੀ ਪੱਧਰ ਤੇ ਆਪਣੇ ਸਵਾਮੀਆਂ ਦੇ ਗੀਤ ਗਾ ਗਾ ਕੇ ਉਹਨਾਂ ਦੇ ਸੰਦੇਸ਼ਾਂ ਨੂੰ ਪ੍ਰਚਾਰਿਆ ਪਰੰਤੂ ਇਹਨਾਂ ਸੰਤਾਂ ਵੱਲੋਂ ਸੁਚੇਤ ਪੱਧਰ ਤੇ ਆਪਣੇ ਪੈਰੋਕਾਰਾਂ ਨੂੰ ਸੰਗਠਿਤ ਕਰਕੇ ਇਕ ਕੌਮ ਜਾਂ ਸਮੁਦਾਇ ਬਣਾਉਣ ਦੀ ਕੋਈ ਕੋਸ਼ਿਸ਼ ਨਜ਼ਰ ਨਹੀਂ ਆਉਂਦੀ ਅਤੇ ਨਾ ਹੀ ਉਹਨਾਂ ਨੇ ਆਪਣੇ ਅਧਿਆਤਮਿਕ ਤਜ਼ਰਬਿਆਂ ਅਤੇ ਜਨ ਸਾਧਾਰਨ ਲਈ ਪ੍ਰਚਾਰੇ ਆਪਣੇ ਸੰਦੇਸ਼ ਨੂੰ ਕਿਸੇ ਵਿਚਾਰਧਾਰਕ ਪ੍ਰਣਾਲੀ ਜਾਂ ਸਿਧਾਂਤਾਂ ਵਿਚ ਬੰਨ੍ਹਣ ਦਾ ਯਤਨ ਕੀਤਾ। ਉਹਨਾਂ ਕਦੇ ਵੀ ਆਪਣੇ ਵਿਸ਼ਵਾਸ ਜਾਂ ਨਿਸ਼ਠਾ ਨੂੰ ਸੰਸਥਾਗਤ ਰੂਪ ਦੇਣ ਬਾਰੇ ਨਹੀਂ ਸੋਚਿਆ ਅਤੇ ਨਤੀਜੇ ਵਜੋਂ ਉਹਨਾਂ ਦੇ ਸੰਪ੍ਰਦਾਇ ਹਿੰਦੂ ਮਤ ਦੇ ਵਿਸ਼ਾਲ ਘੇਰੇ ਵਿਚ ਨਿੱਕੇ ਮੋਟੇ ਮਤ ਜਿਹੇ ਬਣ ਕੇ ਰਹਿ ਗਏ। ਉੜੀਸਾ ਦੇ ਸ੍ਰੀ ਚੈਤੰਨਯ ਅਤੇ ਆਸਾਮ ਦੇ ਸ੍ਰੀ ਸ਼ੰਕਰਦੇਵ ਹੀ ਗੁਰੂ ਨਾਨਕ ਦੇ ਸਮਕਾਲੀ ਦੋ ਅਜਿਹੇ ਸੰਤ ਸਨ ਜਿਨ੍ਹਾਂ ਸਾਮ੍ਹਣੇ ਆਪਣੇ ਪੈਰੋਕਾਰਾਂ ਨੂੰ ਸੰਗਠਿਤ ਸਮੁਦਾਵਾਂ ਦੇ ਰੂਪ ਵਿਚ ਸਥਾਪਿਤ ਕਰਨ ਪਿੱਛੇ ਇਕ ਸਮਾਜਿਕ ਉਦੇਸ਼ ਸੀ। ਪ੍ਰੋ. ਨੀਹਾਰਰੰਜਨ ਰੇਅ ਕਹਿੰਦੇ ਹਨ, 'ਵਿੰਦ੍ਰਾਵਨ ਦੇ ਗੋਸਵਾਮੀਆਂ ਵੱਲੋਂ ਚੈਤੰਨਯ ਦੇ ਸੰਦੇਸ਼ ਦੀ ਬ੍ਰਾਹਮਣਵਾਦੀ ਵਿਆਖਿਆ ਨਾਲ ਇਹ ਉਭਰਦਾ ਚੈਤੰਨਯਵਾਦੀ ਮਤ ਬ੍ਰਾਹਮਣਵਾਦੀ ਹਿੰਦੂ ਧਰਮ ਵਿਚ ਸਮਾ ਕੇ ਨਿਗੂਣਾ ਜਿਹਾ ਹੋ ਕੇ ਰਹਿ ਗਿਆ। ਸ਼ੰਕਰਦੇਵ ਦੇ ਪੈਰੋਕਾਰਾਂ ਨਾਲ ਵੀ ਇਹੋ ਕੁੱਝ ਹੋਇਆ।" ਗੁਰੂ

Sri Satguru Jagjit Singh Ji Elibrary NamdhariElibrary@gmail.com

ਨਾਨਕ ਨੇ ਸਮਾਜੀ-ਧਾਰਮਿਕ ਵਿਗਾੜਾਂ ਨੂੰ ਨਜਿੱਠਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦਾ ਇਕ ਟੀਚਾ ਮਿੱਥ ਲਿਆ। ਉਹਨਾਂ ਦਾ ਇਹ ਉਦੇਸ਼ ਉਦੋਂ ਹੋਰ ਵੀ ਸਪੱਸ਼ਟ ਹੋ ਗਿਆ ਜਦੋਂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਹਨਾਂ ਨੇ ਆਪਣਾ ਉਤਰਾਧਿਕਾਰੀ ਨਿਯੁਕਤ ਕਰਨ ਬਾਰੇ ਵਿਚਾਰ ਕੀਤਾ ਤਾਂ ਜੋ ਉਹਨਾਂ ਦਾ ਫਲਸਫਾ ਅਤੇ ਉਸਦੀ ਕਾਰਜ ਪ੍ਰਣਾਲੀ ਆਮ ਲੋਕਾਂ ਦੇ ਮਨਾਂ ਵਿਚ ਸਥਾਪਿਤ ਹੋ ਸਕੇ।

ਗੁਰੂ ਨਾਨਕ ਦੇਵ ਜੀ ਨੇ ਯੋਗੀਆਂ, ਮੁਸਲਮਾਨਾਂ ਅਤੇ ਹਿੰਦੂਆਂ ਦੀ ਸ਼ਬਦਾਵਲੀ ਨੂੰ ਨਵੇਂ ਅਰਥ ਦਿੱਤੇ ਤਾਂ ਕਿ ਆਮ ਲੋਕਾਂ ਅੰਦਰ ਇਕ ਸਵੈਮਾਨ ਅਤੇ ਵਿਚਾਰਾਂ ਦੀ ਸਾਦਗੀ ਪੈਦਾ ਹੋ ਸਕੇ ਅਤੇ ਲੋਕ ਦਾਰਸ਼ਨਿਕਾਂ ਦੀ ਸ਼ਬਦਾਂ ਦੀ ਕਲਾਬਾਜ਼ੀ ਤੋਂ ਬਚੇ ਰਹਿ ਸਕਣ। 'ਗੁਰੂ' ਸ਼ਬਦ ਉਹਨਾਂ ਨੇ ਪਹਿਲਾਂ ਤੋਂ ਹੀ ਪ੍ਰਚਲਿਤ ਭਾਰਤੀ ਪਰੰਪਰਾ ਵਿਚੋਂ ਚੁਣਿਆ ਪਰ ਦੇਹਧਾਰੀ ਗੁਰੂ ਦੀ ਬਜਾਇ ਗੁਰੂ ਜੀ ਨੇ ਇਸਦੇ 'ਗੁਰ-ਸ਼ਬਦ' ਰੂਪ ਨੂੰ ਸਾਮ੍ਹਣੇ ਲਿਆਂਦਾ ਜਿਸ ਦਾ ਅਰਥ ਗਿਆਨ ਹੈ। ਬਾਕੀ ਗੁਰੂ ਸਾਹਿਬਾਨ ਨੇ ਵੀ ਏਸੇ ਪੱਖ ਤੇ ਜ਼ੋਰ ਦਿੱਤਾ ਕਿ ਗੁਰੂ ਸਾਹਿਬਾਨ ਦੇ ਸ਼ਬਦਾਂ ਦਾ ਸਮੁੱਚਾ ਜਾਂ ਸਮੂਹ ਹੀ ਗੁਰੂ ਕਹਾਉਂਦਾ ਹੈ। ਗੁਰੂ ਨਾਨਕ ਦੇਵ ਤਾਂ ਆਪਣੀ ਬਾਣੀ 'ਸਿਧ ਗੋਸਟਿ' ਵਿਚ ਸਪਸ਼ਟ ਰੂਪ ਵਿਚ ਇਹ ਮੰਨਦੇ ਹਨ ਕਿ ਸ਼ਬਦ ਰੂਪ ਵਿਚ ਪਰਮਾਤਮਾ ਹੀ ਉਹਨਾਂ ਦਾ ਇਕਮਾਤਰ ਗੁਰੂ ਹੈ। ਗੁਰੂ ਨਾਨਕ ਹੋਰ ਕਹਿੰਦੇ ਹਨ ਕਿ ਪਰਮਾਤਮਾ ਆਪ ਹੀ ਨਹੀਂ ਸਗੋਂ ਉਸਨੂੰ ਅਨੁਭਵ ਕਰ ਲੈਣ ਵਾਲੀ ਆਤਮਾ ਦੀ ਆਵਾਜ਼ ਵੀ ਗੁਰੂ ਹੈ। ਆਖਰ ਗੁਰੂ ਨਾਨਕ ਅਤੇ ਉਹਨਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਲੋਕਾਂ ਨੂੰ ਇਹ ਸਮਝਾਉਣ ਵਿਚ ਸਫ਼ਲ ਰਹੇ ਕਿ ਗੁਰੂ ਅਤੇ ਸ਼ਬਦ ਜੋ ਸੱਚ ਹੈ ਸਮਅਰਥੀ ਹਨ। ਫਿਰ ਵੀ ਗੁਰੂ ਨਾਨਕ ਦੁਆਰਾ ਅਗਲੇ ਗੱਦੀ ਨਸ਼ੀਨ ਦੀ ਰਸਮੀ ਨਿਯੁਕਤੀ ਨੇ ਘੱਟੋ ਘੱਟ ਅਗਲੀਆਂ ਦੋ ਪੀੜ੍ਹੀਆਂ ਲਈ ਰਸਮੀ ਨਿਯੁਕਤੀ ਦੇ ਸਿਧਾਂਤ ਦੀ ਸਥਾਪਨਾ ਕਰ ਦਿੱਤੀ ਜਿਸ ਨਾਲ ਨਾ ਸਿਰਫ ਪਹਿਲੇ ਗੁਰੂ ਦਾ ਸ਼ਬਦ-ਗੁਰੂ ਵਾਲਾ ਸੰਦੇਸ਼ ਪ੍ਰਚਾਰਨ ਵਿਚ ਸਹਾਇਤਾ ਮਿਲੀ ਬਲਕਿ ਸਿੱਖ ਕੌਮ ਦੀ ਏਕਤਾ ਅਤੇ ਅਖੰਡਤਾ ਨੂੰ ਵੀ ਬਲ ਮਿਲਿਆ। ਹੌਲੀ ਹੌਲੀ ਜਦੋਂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਸੰਪਾਦਨ ਮੁਕੰਮਲ ਹੋ ਗਿਆ ਅਤੇ ਗੁਰ-ਸ਼ਬਦ ਜਗ ਜ਼ਾਹਿਰ ਹੋਇਆ ਤਾਂ ਸੰਗਠਿਤ ਸਿੱਖ ਕੌਮ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਸਵੈਮਾਣ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਗਈ।

ਦੂਜੇ ਨਾਨਕ ਗੁਰੂ ਅੰਗਦ ਦੇਵ ਜੀ (1504-1552) ਨੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਬਰਾਬਰੀ ਦੇ ਸਿਧਾਂਤ, ਲੰਗਰ ਦੀ ਪਰੰਪਰਾ ਅਤੇ ਸਿੱਖ ਸੰਗਤ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹੋਏ ਗੁਰੂ ਦਾ ਹੁਕਮ ਮੰਨਣ ਦੇ ਸਿਧਾਂਤ ਨੂੰ ਆਪਣੇ ਜੀਵਨ ਦੇ ਉਦਾਹਰਨ ਰਾਹੀਂ ਪ੍ਰਗਟ ਕੀਤਾ। ਗੁਰੂ ਅੰਗਦ ਦੇਵ ਜੀ ਮੁੰਜ ਦੀਆਂ ਰੱਸੀਆਂ ਵੱਟ ਕੇ ਉਸਦੀ ਆਮਦਨ ਤੋਂ ਆਪਣਾ ਗੁਜ਼ਾਰਾ ਕਰਦੇ ਸਨ ਪਰ ਸੰਗਤਾਂ ਲਈ ਉਹਨਾਂ ਦੇ ਲੰਗਰ ਵਿਚ ਮਾਤਾ ਖੀਵੀ ਜੀ ਘਿਉ ਵਾਲੀ ਖੀਰ ਤਿਆਰ ਕਰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਲਿਖਵਾਈ ਅਤੇ ਗੁਰਮੁਖੀ ਅੱਖਰਾਂ ਦੀ ਬਣਤਰ ਨੂੰ ਸੁਆਰ ਬਣਾ ਕੇ ਆਧੁਨਿਕ ਰੂਪ ਪ੍ਰਦਾਨ ਕੀਤਾ। ਗੁਰੂ ਅੰਗਦ ਦੇਵ ਜੀ ਆਪਣੀ ਪਿਤਾ ਪੁਰਖੀ ਦੇਵੀ ਪੂਜਨ ਪਰੰਪਰਾ ਨੂੰ ਤਿਆਗ ਕੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੀ ਨਹੀਂ ਬਣੇ ਸਗੋਂ ਉਹਨਾਂ ਦੇ ਵੱਧ ਚੜ੍ਹ ਕੇ ਸਿੱਖ ਧਰਮ ਦਾ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵੀ ਪ੍ਰਚਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਵੱਈਏ ਮਹਲੇ ਦੂਜੇ ਕੇ'

ਦੇ ਪੰਜਵੇਂ ਪਦੇ ਵਿਚ ਭੱਟ ਕਲਸਹਾਰ ਜਿਥੇ ਗੁਰੂ ਅੰਗਦ ਦੇਵ ਜੀ ਸ਼ਖਸੀਅਤ ਦੇ ਕਈ ਗੁਣਾਂ ਦਾ ਕਥਨ ਕਰਦਾ ਹੈ ਉਥੇ ਗੁਰੂ ਜੀ ਬਾਰੇ ਇਕ ਹੋਰ ਸ਼ਰਧਾ ਭਰੀ ਗੱਲ ਕਰਦਾ ਹੋਇਆ ਕਹਿੰਦਾ ਹੈ : ਹੇ ਅੰਗਦ, ਤੇਰੀ ਦ੍ਰਿਸ਼ਟੀ (ਅਗਿਆਨ ਦੇ) ਹਨੇਰੇ ਨੂੰ ਦੂਰ ਕਰਨ ਵਾਲੀ ਅਤੇ ਪਾਪਾਂ ਤੇ ਬੁਰਾਈਆਂ ਦਾ ਨਾਸ ਕਰਨ ਵਾਲੀ ਹੈ। ਗੁਰੂ ਅੰਗਦ ਲੋਭ ਅਤੇ ਮੋਹ ਦਾ ਦਮਨ ਕਰਨ ਵਾਲੇ ਭਗਤ ਵਤਸਲ ਹਨ। ਅਧਿਆਤਮਿਕ ਅਨੰਦ ਨਾਲ ਭਰਿਆ ਉਹਨਾਂ ਦਾ ਸ਼ਬਦ ਅੰਮ੍ਰਿਤ ਵਰਖਾ ਦੀ ਕੁਦਰਤੀ ਕਲਾ ਹੈ। ਹੇ ਕਲਸਹਾਰ, ਫੇਰੂ ਦਾ ਸ਼ੇਰ ਵਰਗਾ ਪੁੱਤਰ, ਨਾਨਕ ਦਾ ਅੰਗ ਲਹਿਣਾ ਬਤੌਰ ਅੰਗਦ ਰਾਜਯੋਗੀ ਦਾ ਅਭਿਆਸੀ ਹੈ :

*ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥*
*ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥*
*ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥*
*ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ॥*
*ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ॥*
*ਗੁਰੁ ਜਗਤ ਫਿਰਣਸੀਹ ਅੰਗਰਉ ਰਾਜ ਜੋਗੁ ਲਹਣਾ ਕਰੈ॥੫॥*

(ਸ੍ਰੀ ਗੁ. ਗ੍ਰੰ. 1391)

ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਅਜੋਕੇ ਅੰਮ੍ਰਿਤਸਰ ਤੋਂ 13 ਕਿਲੋਮੀਟਰ ਦੱਖਣ-ਪੱਛਮ ਵੱਲ ਬਾਸਰਕੇ ਪਿੰਡ ਵਿਚ (ਗੁਰੂ) ਅਮਰਦਾਸ ਦੇ ਭਰਾ ਮਾਣਕਚੰਦ ਦੇ ਪੁੱਤਰ ਨਾਲ ਵਿਆਹੀ ਗਈ ਸੀ। ਬੀਬੀ ਅਮਰੋ ਹਰ ਰੋਜ਼ ਸਵੇਰੇ ਦਹੀਂ ਰਿੜਕਦੇ ਹੋਏ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਾਇਨ ਕਰਦੀ ਹੁੰਦੀ ਸੀ। ਇਕ ਦਿਨ (ਗੁਰੂ) ਅਮਰਦਾਸ ਨੇ ਨਾਨਕ ਬਾਣੀ ਨੂੰ ਸੁਣਿਆ ਤਾਂ ਉਹਨਾਂ ਨੇ ਇਕ ਅਜੀਬ ਸ਼ਾਂਤੀ ਦਾ ਅਨੁਭਵ ਕੀਤਾ। ਬਾਣੀ ਦਾ ਸ਼ਬਦ ਇਸ ਪ੍ਰਕਾਰ ਸੀ :

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥*
*ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥*
*ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥*
*ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥*
*ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥*
*ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ॥ ੩॥*
*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ ੪॥*

(ਸ੍ਰੀ ਗੁ. ਗ੍ਰੰ. 990)

(ਗੁਰੂ) ਅਮਰਦਾਸ ਨੇ ਤੁਰੰਤ ਨਿਸ਼ਚਾ ਕਰ ਲਿਆ ਕਿ ਉਹ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਗੁਰੂ ਅੰਗਦ ਜੀ ਦੇ ਦਰਸ਼ਨ ਕਰਨਗੇ। 62 ਸਾਲ ਦੀ ਉਮਰ ਵਿਚ ਇਹ ਖਡੂਰ ਸਾਹਿਬ ਆਏ ਅਤੇ 37 ਸਾਲਾਂ ਦੇ ਗੁਰੂ ਅੰਗਦ ਦੇਵ ਜੀ ਦੀ ਚਰਨੀਂ ਆ ਲੱਗੇ। ਗਿਆਰਾਂ

Sri Satguru Jagjit Singh Ji Elibrary NamdhariElibrary@gmail.com

ਸਾਲਾਂ ਦੀ ਕਠਿਨ ਸੇਵਾ ਸਾਧਨਾ ਧੀਰਜ, ਨਿਮਰਤਾ ਅਤੇ ਦਿਆਲਤਾ ਦੇ ਫਲਸਰੂਪ ਗੁਰੂ ਨੇ ਆਪਣੀ ਜੋਤਿ ਇਹਨਾਂ ਵਿਚ ਟਿਕਾ ਦਿੱਤੀ ਅਤੇ ਇਹ ਸਿੱਖ ਧਰਮ ਦੇ ਤੀਜੇ ਗੁਰੂ ਦੇ ਰੂਪ ਵਿਚ ਸੁਭਾਇਮਾਨ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਇਹਨਾਂ ਨੂੰ ਪਹਿਲਾਂ ਹੀ ਗੋਇੰਦਵਾਲ ਵਸਾਉਣ ਦਾ ਕਾਰਜ ਸੌਂਪਿਆ ਸੀ। ਪਰਮਾਤਮਾ ਦੁਆਰਾ ਮਨੁੱਖੀ ਸਰੀਰ ਦੀ ਰਚਨਾ ਦੇ ਮਹੱਤਵ ਨੂੰ ਇਹਨਾਂ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਸਮਝਾਇਆ ਅਤੇ ਦਸਿਆ ਕਿ ਇਹ ਸਰੀਰ ਹੀ ਪਰਮਾਤਮਾ ਦਾ ਨਿਵਾਸ ਅਸਥਾਨ ਹੈ। ਇਸ ਵਿਚ ਹੀ ਪਰਮਾਤਮਾ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ। ਹਰ ਸਿੱਖ ਦਾ ਕਰਤੱਵ ਹੈ ਕਿ ਉਹ ਆਤਮਾ ਦੇ ਨਾਲ ਨਾਲ ਇਸ ਸਰੀਰ ਨੂੰ ਵੀ ਨਿਰੋਗ ਰਖੇ। ਇਹ ਸਰੀਰ ਪਰਮਾਤਮਾ ਦੀ ਇਕ ਵੱਡੀ ਦਾਤ ਹੈ ਜਿਸ ਨੂੰ ਮਾੜੀਆਂ ਆਦਤਾਂ ਨਾਲ ਵਿਗਾੜਨਾ ਨਹੀਂ ਚਾਹੀਦਾ। ਨਾ ਹੀ ਇਸ ਸਰੀਰ ਨੂੰ ਯੋਗੀਆਂ ਦੀਆਂ ਕਠਿਨ ਸਾਧਨਾਵਾਂ ਨਾਲ ਕੋਹਣਾ ਵੀ ਉਚਿਤ ਹੈ।

ਗੁਰੂ ਅਮਰਦਾਸ ਤਕ ਪੁਜਕੇ ਸਿੱਖ ਧਰਮ ਦਾ ਮੂੰਹ ਮੁਹਾਂਦਰਾ ਅਤੇ ਦਿਸ਼ਾ ਪੂਰੀ ਤਰ੍ਹਾਂ ਸਪਸ਼ਟ ਹੋ ਚੁਕੇ ਸਨ। ਵਿਅਕਤੀਆਂ ਦੀ ਹੋਰ ਵਧ ਨੇੜਤਾ ਦੀ ਲੋੜ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਜਾਤ ਪਾਤ ਨੂੰ ਹੋਰ ਵੀ ਤਿਆਗਣ ਦੇ ਮਨੋਰਥ ਨਾਲ ਗੁਰੂ ਅਮਰਦਾਸ ਜੀ ਨੇ 'ਪਹਿਲੇ ਪੰਗਤ ਪਾਛੇ ਸੰਗਤ' ਦਾ ਬੋਲਾ ਪ੍ਰਚਲਿਤ ਕੀਤਾ। ਗੁਰੂ ਅਮਰਦਾਸ ਇਸ ਪਰਥਾਇ ਆਸਾ ਰਾਗ ਵਿਚ ਸਪਸ਼ਟ ਕਹਿੰਦੇ ਹਨ- ਆਗੈ ਜਾਤਿ ਰੂਪ ਨ ਜਾਇ। ਤੇਹਾ ਹੋਵੈ ਜੇਹੇ ਕਰਮ ਕਮਾਇ। ਏਸੇ ਤਰ੍ਹਾਂ ਹੀ ਭੈਰਉ ਰਾਗ (1128) ਵਿਚ ਵੀ ਗੁਰੂ ਅਮਰਦਾਸ ਜੀ ਦਸਦੇ ਹਨ :

*ਜਾਤਿ ਕਾ ਗਰਬੁ ਨ ਕਰੀਅਹੁ ਕੋਈ॥*
*ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥*

(ਸ੍ਰੀ ਗੁ. ਗ੍ਰੰ. 1128)

ਪੰਗਤ (ਲੰਗਰ) ਨੇ ਸਿੱਖ ਧਰਮ ਵਿਚੋਂ ਜਾਤ ਪਾਤ ਖ਼ਤਮ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਲੰਗਰ ਵੇਲੇ ਦੁਪਹਿਰ ਨੂੰ ਗੁਰੂ ਅਮਰਦਾਸ ਜੀ ਆਮ ਤੌਰ ਤੇ ਆਪ ਹਾਜ਼ਰ ਰਹਿੰਦੇ ਸਨ ਅਤੇ ਆਪਣੀ ਜੀਵਿਕਾ ਸਥਾਨਕ ਬਾਜ਼ਾਰ ਵਿਚ ਲੂਣ ਅਤੇ ਤੇਲ ਵੇਚ ਕੇ ਪੈਦਾ ਕਰਦੇ ਸਨ। ਲੰਗਰ ਵਿਚ ਹੀ ਗੁਰੂ ਜੀ ਹਰ ਸਿੱਖ ਦੇ ਪਰਵਾਰ ਦੀ ਰਾਜ਼ੀ ਖੁਸ਼ੀ ਬਾਰੇ ਜਾਣਕਾਰੀ ਲੈਂਦੇ ਸਨ ਅਤੇ ਸਿੱਖਾਂ ਦੀਆਂ ਪਰਵਾਰਿਕ ਸਮੱਸਿਆਵਾਂ ਦੇ ਹੱਲ ਵੀ ਦਸਦੇ ਸਨ। ਡਾ. ਹਰੀ ਰਾਮ ਗੁਪਤਾ ਦੇ ਅਨੁਸਾਰ ਪਿਆਰ ਦੀਆਂ ਅਜਿਹੀਆਂ ਤੰਦਾਂ ਕਾਰਨ ਹੀ ਸਿੱਖਾਂ ਅਤੇ ਗੁਰੂ ਦੇ ਰਿਸ਼ਤੇ ਵਿਚ ਜਿਥੇ ਦਿਨ ਪ੍ਰਤੀ ਦਿਨ ਮਜ਼ਬੂਤੀ ਆਉਂਦੀ ਜਾਂਦੀ ਸੀ ਉਥੇ ਨਾਲ ਹੀ ਨਾਲ ਸਿੱਖ ਲਹਿਰ ਨੂੰ ਪ੍ਰਸਿੱਧੀ ਅਤੇ ਬਲ ਪ੍ਰਾਪਤੀ ਵੀ ਹੁੰਦੀ ਜਾ ਰਹੀ ਸੀ। ਸਿੱਖ ਸਿਧਾਂਤਾਂ ਦੇ ਪ੍ਰਚਾਰ ਹਿਤ ਗੁਰੂ ਜੀ ਆਪ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਦੇ ਸਨ ਅਤੇ ਉਹਨਾਂ ਦੀ ਬਾਣੀ ਤੋਂ ਵੀ ਪਤਾ ਲਗਦਾ ਹੈ ਕਿ ਉਹਨਾਂ ਨੇ ਸੰਗਤ ਸਮੇਤ ਹਰਿਦੁਆਰ ਅਤੇ ਕੁਰੂਕਸ਼ੇਤਰ ਦੀਆਂ ਯਾਤਰਾਵਾਂ ਕੀਤੀਆਂ ਹਨ। ਇਹਨਾਂ ਯਾਤਰਾਵਾਂ ਕਾਰਨ ਜਿਥੇ ਸਿੱਖ ਸੰਗਤਾਂ ਦੀ ਜਾਣ ਪਛਾਣ ਦੂਸਰੇ ਇਲਾਕਿਆਂ ਦੇ ਲੋਕਾਂ ਨਾਲ ਹੋਈ ਉਥੇ ਨਾਲ ਹੀ ਨਾਲ ਭਾਰਤ ਦੀ

Sri Satguru Jagjit Singh Ji Elibrary NamdhariElibrary@gmail.com

ਸਭਿਆਚਾਰਕ ਵਿਭਿੰਨਤਾ ਨੂੰ ਵੀ ਸਮਝਣ ਦਾ ਮੌਕਾ ਸੰਗਤਾਂ ਨੂੰ ਮਿਲਿਆ। ਇਸ ਦਾ ਇਕ ਹੋਰ ਚੰਗਾ ਨਤੀਜਾ ਇਹ ਹੋਇਆ ਕਿ ਸੰਗਤਾਂ ਨੇ ਇਹ ਮਹਿਸੂਸ ਕੀਤਾ ਕਿ ਗੁਰੂ ਜੀ ਦੇ ਮੁੱਖ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਵੀ ਵਿਸ਼ਾਲ ਇਕੱਠਾਂ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਬਿਆਸ ਦਰਿਆ ਵਿਚ ਇਸ਼ਨਾਨ ਕਰਨ ਦੀ ਸੁਵਿਧਾ ਸੀ।

ਡਾ. ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਇਹ ਵਿਚਾਰ ਗੁਰੂ ਅਮਰਦਾਸ ਜੀ ਨੂੰ ਚੰਗਾ ਲੱਗਾ। ਇਸ ਤਰ੍ਹਾਂ ਸਿੱਖਾਂ ਦੇ ਪਰਿਵਾਰਾਂ, ਵਿਅਕਤੀਆਂ, ਇਸਤਰੀਆਂ, ਬੱਚਿਆਂ ਨਾਲ ਵਿਅਕਤੀਗਤ ਰੂਪ ਵਿਚ ਸੰਪਰਕ ਹੋਣ ਦੀਆਂ ਸੰਭਾਵਨਾਵਾਂ ਪੱਕੀਆਂ ਹੁੰਦੀਆਂ ਸਨ। ਗੁਰੂ ਅਮਰਦਾਸ ਜੀ ਨੇ ਛੇ ਛੇ ਮਹੀਨਿਆਂ ਦੀ ਵਿੱਥ ਵਾਲੇ ਦੋ ਅਵਸਰਾਂ ਦੀ ਚੋਣ ਕੀਤੀ ਜਿਨ੍ਹਾਂ ਤੇ ਸਿੱਖ ਇਕੱਤਰ ਹੋਣ ਲੱਗੇ। ਇਹ ਅਵਸਰ ਵਿਸਾਖੀ ਅਤੇ ਦੀਵਾਲੀ ਦੇ ਦਿਨ ਸਨ। ਇਹੋ ਜਿਹਾ ਪਹਿਲਾ ਇਕੱਠ 1554 ਦੀ ਵਿਸਾਖੀ ਨੂੰ ਹੋਇਆ ਜਿਥੇ ਪਹਿਲੀ ਵਾਰ ਪਰਦੇ ਦੀ ਪ੍ਰਥਾ ਨੂੰ ਤਿਲਾਂਜਲੀ ਦੇ ਕੇ ਸੈਂਕੜਿਆਂ ਦੀ ਗਿਣਤੀ ਵਿਚ ਇਸਤਰੀਆਂ ਸ਼ਾਮਲ ਹੋਈਆਂ ਅਤੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਛਕਿਆ। ਇਸ ਤੋਂ ਅਗਲਾ ਇਕੱਠ ਦੀਵਾਲੀ ਦੇ ਮੌਕੇ ਤੇ ਹੋਇਆ ਜਿਹੜਾ ਪਹਿਲੇ ਨਾਲੋਂ ਵੀ ਵੱਡਾ ਸੀ।

ਸਿੱਖ ਲਹਿਰ ਨੂੰ ਪ੍ਰਚੰਡ ਕਰਨ ਲਈ ਖਿਲਰੀਆਂ ਹੋਈਆਂ ਸਿੱਖ ਸੰਗਤਾਂ ਨੂੰ ਇਕ ਸੂਤਰ ਵਿਚ ਪਿਰੋਈ ਰਖਣਾ ਅਤੇ ਮਜ਼ਬੂਤ ਬਣਾਉਣਾ ਪਰਮ ਅਵੱਸ਼ਕ ਸੀ। ਦਿੱਲੀ ਦੀ ਹਕੂਮਤ ਉਸ ਵੇਲੇ ਅਕਬਰ ਮਹਾਨ ਦੇ ਹੱਥਾਂ ਵਿਚ ਸੀ। ਸਾਰਾ ਰਾਜ ਸੂਬਿਆਂ ਅਤੇ ਪਰਗਨਿਆਂ ਵਿਚ ਵੰਡਿਆ ਹੋਇਆ ਹੋਣ ਕਰਕੇ ਦ੍ਰਿੜ ਪ੍ਰਬੰਧ ਕਾਰਨ ਇਕ ਮਜ਼ਬੂਤ ਰਾਜ ਸੀ। ਗੁਰੂ ਅਮਰਦਾਸ ਜੀ ਨੇ ਵੀ ਮਾਝੇ, ਮਾਲਵੇ, ਜਲੰਧਰ, ਦੋਆਬ, ਕਾਂਗੜਾ ਕਸ਼ਮੀਰ ਅਤੇ ਸਿੰਧ ਤਕ ਫੈਲੀ ਸੰਗਤ ਦੀ 22 ਮੰਜੀਆਂ ਦੇ ਰੂਪ ਵਿਚ ਨਿਸ਼ਾਨਦੇਹੀ ਕੀਤੀ ਅਤੇ ਉਹਨਾਂ ਤੇ ਇਕ-ਇਕ ਮੰਜੀਦਾਰ ਨਿਯੁਕਤ ਕੀਤਾ ਜਿਹੜਾ ਸਿੱਖਾਂ ਦੀਆਂ ਸਥਾਨਕ ਸਮੱਸਿਆਵਾਂ ਨੂੰ ਸੁਣਦਾ ਅਤੇ ਉਹਨਾਂ ਦੇ ਹੱਲ ਸੁਝਾਉਣ ਦੇ ਨਾਲ-ਨਾਲ ਸਿੱਖਾਂ ਵੱਲੋਂ ਗੁਰੂ ਘਰ ਦੇ ਲੋਕ ਹਿੱਤਕਾਰੀ ਕਾਰਜਾਂ ਲਈ ਭੇਜੀ ਗਈ ਕਾਰ ਭੇਟਾ ਗੁਰੂ ਸਾਹਿਬ ਕੋਲ ਪੁਚਾਉਂਦਾ ਸੀ। ਗੁਰੂ ਅਮਰਦਾਸ ਨੇ ਸ਼ੁੱਧ ਜਲ ਲੋਕਾਂ ਨੂੰ ਮੁਹੱਈਆ ਕਰਵਾਉਣ ਵਾਸਤੇ ਗੋਇੰਦਵਾਲ ਵਿਖੇ ਤਿੰਨ ਸਾਲ (1556-1559) ਦੀ ਕਾਰ ਸੇਵਾ ਰਾਹੀਂ ਇਕ ਵਿਸ਼ਾਲ ਅਤੇ ਡੂੰਘੀ ਬਉਲੀ ਦਾ ਨਿਰਮਾਣ ਕਰਾਇਆ ਜਿਸਦੀਆਂ ਹੇਠਾਂ ਵੱਲ ਜਾਂਦੀਆਂ 84 ਪਉੜੀਆਂ ਹਨ।

ਗੁਰੂ ਅਮਰਦਾਸ ਜੀ ਦੀ ਬਾਣੀ 14 ਰਾਗਾਂ ਵਿਚ ਹੈ ਅਤੇ ਅਨੰਦੁ ਨਾਮਕ ਉਹਨਾਂ ਦੀ ਬਾਣੀ ਸਿੱਖ ਜੀਵਨ ਵਿਚ ਏਨੀ ਪ੍ਰਚਲਿਤ ਅਤੇ ਪ੍ਰਸਿੱਧ ਹੈ ਕਿ ਇਸ ਦਾ ਹਰ ਖੁਸ਼ੀ ਅਤੇ ਗਮੀ ਦੇ ਮੌਕੇ ਅਰਦਾਸ ਤੋਂ ਪਹਿਲਾਂ ਪਾਠ ਕੀਤਾ ਜਾਂਦਾ ਹੈ। ਇਸ ਦੀਆਂ ਕੁਲ 40 ਪਉੜੀਆਂ ਹਨ ਅਤੇ ਸੰਖੇਪ ਰੂਪ ਵਿਚ ਪਹਿਲੀਆਂ 5 ਪਉੜੀਆਂ ਅਤੇ ਇਕ ਅਖੀਰਲੀ ਪਉੜੀ ਅਰਥਾਤ ਕੁਲ ਛੇ ਪਉੜੀਆਂ ਦਾ ਗਾਇਨ ਕੀਤਾ ਜਾਂਦਾ ਹੈ। ਪਰਦਾ ਪ੍ਰਥਾ, ਸਤੀ ਪ੍ਰਥਾ ਦੇ ਗੁਰੂ ਅਮਰਦਾਸ ਜੀ ਖਿਲਾਫ਼ ਸਨ ਅਤੇ ਵਿਧਵਾ ਵਿਆਹ ਦੇ ਹੱਕ ਵਿਚ ਉਸ ਸਮੇਂ ਵਿਚ ਸਨ ਜਦੋਂ ਏਨੀ ਅਗਾਂਹ ਵਧੂ ਸੋਚ ਸੰਭਵ ਨਹੀਂ ਸੀ। ਜੀਵਨ ਵਿਚ ਸਰਲਤਾ, ਸੁਹਿਰਦਤਾ ਅਪਨਾਉਣ ਵਾਲੇ ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਭਾਨੀ ਦਾ ਵਿਆਹ ਇਕ ਘੁੰਗਣੀਆਂ ਵੇਚਣ ਵਾਲੇ

Sri Satguru Jagjit Singh Ji Elibrary NamdhariElibrary@gmail.com

ਜੇਠਾ ਜੀ (ਬਾਅਦ ਵਿਚ ਗੁਰੂ ਰਾਮਦਾਸ) ਨਾਲ ਤੋਅ ਕਰਨ ਸਮੇਂ ਜਰਾ ਜਿੰਨਾ ਵੀ ਸੰਕੋਚ ਨਹੀਂ ਵਿਖਾਇਆ। 95 ਸਾਲ ਦੀ ਉਮਰ ਵਿਚ ਸਤੰਬਰ 1574 ਵਿਚ ਜੇਠਾ ਜੀ ਨੂੰ ਗੁਰੂ ਰਾਮ ਦਾਸ ਦੇ ਰੂਪ ਵਿਚ ਗੁਰ ਗੱਦੀ ਸੌਂਪ ਕੇ ਆਪ ਜੋਤੀ ਜੋਤ ਸਮਾ ਗਏ।

ਚੂਨਾ ਮੰਡੀ ਲਾਹੌਰ ਵਿਚ 24 ਸਤੰਬਰ, 1534 ਨੂੰ ਜਨਮੇ ਸ੍ਰੀ ਗੁਰੂ ਰਾਮ ਦਾਸ ਜੀ 1574 ਤੋਂ ਸੰਨ 1581 ਤਕ ਗੁਰਬਾਣੀ ਤੇ ਬਿਰਾਜਮਾਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟ ਕਲਸਹਾਰ ਦੇ ਇਕ ਸਵਈਏ ਵਿਚ ਗੁਰੂ ਰਾਮਦਾਸ ਜੀ ਦੇ ਸੁਭਾਅ ਅਤੇ ਪ੍ਰਾਪਤੀ ਦਾ ਚਿੱਤਰਣ ਭਲੀ ਪ੍ਰਕਾਰ ਹੋਇਆ ਹੈ :

*ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ॥*
*ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ॥*
*ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ॥*
*ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ॥*
*ਸਤਿਗੁਰੁ ਪ੍ਰਮਾਣ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ॥*
*ਗੁਰ ਰਾਮਦਾਸ ਕਲ੍ਯ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਅਉ॥*

(ਸ੍ਰੀ ਗੁ. ਗ੍ਰੰ. 1397)

ਗੁਰੂ ਰਾਮਦਾਸ 40 ਸਾਲ ਦੀ ਉਮਰ ਵਿਚ ਗੁਰੂ ਬਣੇ ਅਤੇ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਮੋਹਨ ਜੀ ਨੇ ਇਸ ਘਟਨਾ ਦਾ ਏਨਾ ਬੁਰਾ ਮਨਾਇਆ ਕਿ ਉਹਨਾਂ ਨੇ ਘਰ 'ਚੋਂ ਬਾਹਰ ਆਉਣਾ ਜਾਣਾ ਹੀ ਬੰਦ ਕਰ ਦਿੱਤਾ। ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੁਰੂ ਰਾਮਦਾਸ ਜੀ ਗੋਇੰਦਵਾਲ ਤੋਂ 40 ਕਿਲੋਮੀਟਰ ਦੀ ਵਿੱਥ ਤੇ ਗਿਲਵਾਲੀ, ਗੁਮਟਾਲਾ, ਸੁਲਤਾਨਵਿੰਡ ਅਤੇ ਤੁੰਗ ਆਦਿ ਪਿੰਡਾਂ ਦੇ ਵਿਚਕਾਰ ਇਕ ਸ਼ਾਮਲਾਟ ਜਿਹੇ ਅਸਥਾਨ ਤੇ ਆ ਗਏ। ਡਾ. ਹਰੀ ਰਾਮ ਗੁਪਤਾ ਦੇ ਅਨੁਸਾਰ 'ਗਜ਼ੇਟੀਅਰ ਆਫ ਅੰਮ੍ਰਿਤਸਰ' ਇਹ ਦਸਦਾ ਹੈ ਕਿ 1577 ਵਿਚ ਗੁਰੂ ਜੀ ਨੇ ਬਾਦਸ਼ਾਹ ਅਕਬਰ ਪਾਸੋਂ ਇਹ ਜ਼ਮੀਨ ਪ੍ਰਾਪਤ ਕੀਤੀ ਸੀ ਅਤੇ 500 ਵਿਘੇ ਹੋਰ ਜ਼ਮੀਨ ਅਕਬਰੀ 700 ਰੁਪਏ ਦਾ ਤੁੰਗ ਦੇ ਜਿਮੀਦਾਰਾਂ ਨੂੰ ਭੁਗਤਾਨ ਕਰਕੇ ਮੁੱਲ ਲਈ ਸੀ। ਉਥੇ ਹੀ 1577 ਵਿਚ ਇਕ ਸਰੋਵਰ ਦੀ ਖੁਦਾਈ ਦਾ ਟੱਕ ਲਾ ਕੇ ਗੁਰੂ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ। ਇਸ ਸਰੋਵਰ ਦੀ ਉਸਾਰੀ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਹੋਈ ਅਤੇ ਇਸ ਸਰੋਵਰ ਦੇ ਚਾਰੇ ਪਾਸੇ ਆ ਕੇ ਛੋਟੇ-ਛੋਟੇ ਦੁਕਾਨਦਾਰ ਅਤੇ ਹੋਰ ਲੋਕ ਨਿਵਾਸ ਕਰਨ ਲਗ ਪਏ। ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਦੁਕਾਨਦਾਰਾਂ ਦੇ ਬਾਜ਼ਾਰ ਨੂੰ 'ਗੁਰੂ ਕਾ ਬਾਜ਼ਾਰ' ਕਿਹਾ ਜਾਣ ਲਗ ਪਿਆ। ਗੁਰੂ ਰਾਮ ਦਾਸ ਜੀ ਦੀ ਨਿਮਰਤਾ ਅਤੇ ਸੇਵਾ ਦੀ ਭਾਵਨਾ ਉਹਨਾਂ ਦੇ ਪੈਰੋਕਾਰਾਂ ਲਈ ਇਕ ਖ਼ਾਸ ਪ੍ਰੇਰਣਾ ਸ੍ਰੋਤ ਸੀ। ਗੁਰੂ ਰਾਮ ਦਾਸ ਜੀ ਦੇ ਤਿੰਨ ਪੁੱਤਰ ਸਨ-ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ। ਗੁਰੂ ਰਾਮਦਾਸ ਨੇ ਅਰਜਨ ਦੇਵ ਨੂੰ ਸਭ ਤੋਂ ਵਧ ਹਰ ਪੱਖੋਂ ਯੋਗ ਮੰਨਦੇ ਹੋਏ 1581 ਵਿਚ ਗੁਰ ਗੱਦੀ ਦੀ ਸੌਂਪਣਾ ਕਰ ਦਿੱਤੀ ਜਿਸ ਨਾਲ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਖੁੱਲਮ ਖੁੱਲ੍ਹਾ ਉਹਨਾਂ ਦੇ ਵਿਰੁੱਧ ਹੋ ਗਿਆ ਅਤੇ ਹਰ ਸੰਭਵ ਤਰੀਕੇ ਨਾਲ ਗੁਰੂ ਘਰ ਦੀ ਵਿਰੋਧਤਾ ਕਰਨ ਲਗ ਪਿਆ।

## ਗੁਰੂ ਅਰਜਨ ਦੇਵ-ਜੀਵਨ

15 ਅਪ੍ਰੈਲ, 1563 ਈ. ਨੂੰ ਗੋਇੰਦਵਾਲ ਵਿਖੇ ਪਿਤਾ ਗੁਰੂ ਰਾਮਦਾਸ ਅਤੇ ਮਾਤਾ ਭਾਨੀ ਦੀ ਕੁੱਖੋਂ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ। ਗੁਰੂ ਰਾਮ ਦਾਸ ਜੀ ਦੇ ਇਹ ਸਭ ਤੋਂ ਛੋਟੇ ਪੁੱਤਰ ਸਨ ਅਤੇ ਪ੍ਰਿਥੀਚੰਦ ਅਤੇ ਮਹਾਂਦੇਵ ਇਹਨਾਂ ਦੇ ਦੋ ਵੱਡਾ ਭਰਾ ਸਨ। 18 ਸਾਲ ਦੀ ਉਮਰ ਵਿਚ ਆਪ ਜੀ ਨੂੰ 1581 ਈ. ਵਿਚ ਗੁਰਗੱਦੀ ਪ੍ਰਾਪਤ ਹੋਈ ਅਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਹਨ ਜਿਹੜੇ ਜਨਮਜਾਤ ਹੀ ਸਿੱਖ ਸਨ। ਆਪਣੇ ਮਹਾਨ ਕਾਰਜਾਂ ਕਾਰਨ ਇਹਨਾਂ ਨੇ ਸਿੱਧ ਕਰ ਦਿੱਤਾ ਕਿ ਇਹ ਮੌਲਿਕ ਚਿੰਤਕ, ਵਿਸ਼ਾਲ ਹਿਰਦੇ ਵਾਲੇ ਕਵੀ, ਵਿਹਾਰਿਕ ਦਾਰਸ਼ਨਿਕ, ਮਹਾਨ ਸੰਗਠਨਕਰਤਾ, ਪ੍ਰਸਿੱਧ ਰਾਜਨੀਤੀਵਾਨ ਸੰਗੀਤ ਦੇ ਰਚਨਹਾਰ ਅਤੇ ਵਿਦਵਾਨ ਸਨ। ਸਾਖਿਆਤ ਪ੍ਰੇਮ ਸਰੂਪ ਹੋ ਕੇ ਲੋਕਾਂ ਦੀ ਸੇਵਾ ਹਿੱਤ ਇਹਨਾਂ ਨੇ ਸਰੋਵਰਾਂ ਅਤੇ ਸ਼ਹਿਰਾਂ ਦੀ ਉਸਾਰੀ ਕਰਾਈ ਅਤੇ ਅੰਤ ਵਿਚ ਸਿੱਖ ਧਰਮ ਦੇ ਪਹਿਲੇ ਸ਼ਹੀਦ ਵਜੋਂ ਜਾਣੇ ਗਏ। ਡਾ. ਹਰੀ ਰਾਮ ਗੁਪਤਾ ਦੇ ਸ਼ਬਦਾਂ ਦੇ ਭਾਵ ਅਨੁਸਾਰ ਇਹ ਕਰਤੱਵ ਨਿਭਾਉਣ ਵਾਲੇ ਪੁੱਤਰ, ਭਰਾਵਾਂ ਨਾਲ ਸਮਝੌਤਾ ਕਰਨ ਦੇ ਚਾਹਵਾਨ, ਪਿਆਰ ਅਤੇ ਸਤਿਕਾਰ ਕਰਨ ਵਾਲੇ ਪਤੀ, ਉਤਸ਼ਾਹ ਦੇਣ ਵਾਲੇ ਪਿਤਾ, ਸੇਵਕਾਂ ਦੇ ਪਿਆਰੇ ਮਾਲਿਕ ਅਤੇ ਪਰਮਾਤਮਾ ਦੇ ਸੱਚੇ ਸੁੱਚੇ ਸੇਵਕ ਸਨ। ਇਹਨਾਂ ਦਾ ਹਿਰਦਾ ਕੋਮਲ ਪਰ ਇੱਛਾ ਸ਼ਕਤੀ ਦ੍ਰਿੜ ਸੀ। ਮਾਫ਼ ਕਰ ਦੇਣ ਵਾਲੇ ਪਰੰਤੂ ਨਿਰਭੈ ਗੁਰੂ ਅਰਜਨ ਦੇਵ ਜੀ ਦੇ ਆਪਣੇ ਵਿਸ਼ਵਾਸ ਚੱਟਾਨ ਵਾਂਗ ਮਜ਼ਬੂਤ ਸਨ ਅਤੇ ਇਹ ਕਿਸੇ ਵੀ ਰੂਪ ਵਿਚ ਕੱਟੜਵਾਦੀ ਨਹੀਂ ਸਨ। ਸਿੱਖ ਧਰਮ ਨੂੰ ਇਕ ਵਿਸ਼ੇਸ਼ ਮੋੜ ਦੇਣ ਵਿਚ ਇਹਨਾਂ ਦੀ ਵਿਸ਼ੇਸ਼ ਭੂਮਿਕਾ ਸੀ।

(ਗੁਰੂ) ਅਰਜਨ ਦੇਵ ਜੀ ਦੇ ਚੱਕਰ ਜਿਨ੍ਹਾਂ ਨੂੰ ਵੇਖ ਕੇ ਨਾਨਾ ਗੁਰੂ ਅਮਰਦਾਸ ਜੀ ਨੇ ਇਹਨਾਂ ਨੂੰ ਬਾਣੀ ਦਾ ਭਾਰੀ ਜਹਾਜ਼ (ਦੋਹਿਤਾ ਬਾਣੀ ਦਾ ਬੋਹਿਥਾ) ਕਹਿ ਕੇ ਸੰਬੋਧਿਤ ਕੀਤਾ ਸੀ। ਭਾਈ ਸੰਤੋਖ ਸਿੰਘ *ਸੂਰਜ ਪ੍ਰਕਾਸ਼* ਗ੍ਰੰਥ ਵਿਚ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਦੇ ਆਰਾਮ ਵਿਚ ਪੈ ਸਕਣ ਵਾਲੇ ਵਿਘਨ ਨੂੰ ਧਿਆਨ ਵਿਚ ਰਖਕੇ ਮਾਤਾ ਭਾਨੀ ਜੀ ਖੇਡਦੇ ਹੋਏ ਬਾਲਕ ਅਰਜਨ ਨੂੰ ਜਦੋਂ ਵਾਪਸ ਮੋੜਨ ਲਗੇ ਤਾਂ ਗੁਰੂ ਅਮਰਦਾਸ ਜੀ ਦੋਹਤੇ ਨੂੰ ਬਾਹਾਂ ਵਿਚ ਚੁੱਕ ਕੇ ਪਿਆਰ ਕਰਨ ਲਗ ਪਏ :

*"ਨਹਿ ਲਿਜਾਓ ਰਹਿਨ ਦਿਓ ਖਰਿਓ।*
*ਜੁ ਕਰ ਸੋਂ ਗੁਰ ਗਹਿਬੋ ਕਰਿਓ।*
*ਉਪਰ ਕੋ ਉਠਾਇ ਤਬ ਤੋਲਿਓ।*
*ਗਰਵ ਭਾਰ ਲਖ ਸ੍ਰੀ ਗੁਰ ਬੋਲਿਓ :*
*ਭਾਰੀ ਗੁਰ ਜਗਮੇਂ ਬਿਦਤੈ ਹੈ।*
*ਬਾਣੀ ਕੋ ਬੋਹਥ ਬਡ ਹਵੈ ਹੈ"*

(ਗੁਰੂ) ਅਰਜਨ ਦੇਵ ਦਾ ਬਚਪਨ ਗੋਇੰਦਵਾਲ ਹੀ ਬਤੀਤ ਹੋਇਆ ਅਤੇ ਘਰ ਦੇ ਧਰਮੀ ਮਾਹੌਲ ਦਾ ਬਾਲਕ ਅਰਜਨ ਤੇ ਡੂੰਘਾ ਪ੍ਰਭਾਵ ਪਿਆ। ਇਕਮਾਤਰ ਪ੍ਰਭੂ ਭਗਤੀ ਹੀ ਸਾਰੇ ਕਾਰਾਂ ਵਿਹਾਰਾਂ ਵਿਚ ਸਹਾਈ ਹੁੰਦੀ ਹੈ, ਇਹ ਤੱਥ (ਗੁਰੂ) ਅਰਜਨ ਦੇ ਬਚਪਨ ਤੋਂ ਹੀ ਜਾਣ-ਬੁੱਝ ਲਿਆ ਸੀ। ਸੰਨ 1574 ਤੋਂ ਅਗਲੇ ਪੰਜ ਸਾਲ ਆਪ ਆਪਣੇ ਪਿਤਾ ਗੁਰੂ ਰਾਮਦਾਸ

Sri Satguru Jagjit Singh Ji Elibrary NamdhariElibrary@gmail.com

ਜੀ ਕੋਲ 'ਗੁਰੂ ਕਾ ਚੱਕ' (ਅੰਮ੍ਰਿਤਸਰ) ਵਿਖੇ ਰਹੇ ਅਤੇ ਬੜੀ ਨੀਝ ਅਤੇ ਰੀਝ ਨਾਲ ਉਹਨਾਂ ਦੀ ਕਾਰਜਸ਼ੀਲਤਾ ਨੂੰ ਵੇਖਦੇ ਰਹੇ ਅਤੇ ਉਹਨਾਂ ਦੀ ਆਗਿਆ ਪਾਲਣ ਵਿਚ ਲੀਨ ਰਹੇ। ਇਹਨਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦੀ ਨਜ਼ਰ ਹਮੇਸ਼ਾਂ ਗੁਰਗੱਦੀ ਤੇ ਹੀ ਲੱਗੀ ਰਹਿੰਦੀ ਸੀ ਅਤੇ ਉਹ ਆਪਣੇ ਆਪ ਨੂੰ ਗੱਦੀ ਦਾ ਦਾਵੇਦਾਰ ਮੰਨ ਕੇ ਕਈ ਵਾਰ ਇਸ ਭਾਵਨਾ ਦਾ ਪ੍ਰਗਟਾਵਾ ਵੀ ਕਰ ਚੁੱਕਾ ਸੀ। ਸੰਗਤਾਂ ਵੱਲੋਂ ਚੜ੍ਹਾਈ ਗਈ ਭੇਟਾ ਦਾ ਹਿਸਾਬ ਵੀ ਉਸਨੇ ਆਪਣੇ ਹੱਥ ਵਿਚ ਲੈ ਲਿਆ ਸੀ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਦੇ *ਸਿਖੀ ਤੇ ਸਿਖ ਇਤਿਹਾਸ* ਅਨੁਸਾਰ ਉਹ ਉਸ ਵਿਚੋਂ ਚੋਖੀ ਰਕਮ ਆਪਣੇ ਲਈ ਵੱਖਰੀ ਰੱਖੀ ਜਾਂਦਾ ਸੀ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਪਹਿਲਾਂ ਸਰੋਵਰ ਦਾ ਟੱਕ ਲਾ ਕੇ 1577 ਈ. ਵਿਚ ਰੱਖ ਦਿੱਤੀ ਸੀ ਅਤੇ ਪੂਰੀ ਲਗਨ ਨਾਲ ਸਰੋਵਰ ਦੀ ਉਸਾਰੀ ਦਾ ਕੰਮ ਅਰੰਭਿਆ ਹੋਇਆ ਸੀ। ਸੰਨ 1579 ਵਿਚ ਗੁਰੂ ਰਾਮ ਦਾਸ ਜੀ ਦੇ ਤਾਇਆ ਜੀ ਦੇ ਪੁੱਤਰ ਸਹਾਰੀ ਮੱਲ ਗੁਰੂ ਜੀ ਨੂੰ ਆਪਣੇ ਪੁੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਦੇਣ ਲਾਹੌਰ ਤੋਂ ਆਏ। ਗੁਰੂ ਰਾਮਦਾਸ ਜੀ ਨੇ ਆਪਣੇ ਰੁਝੇਵਿਆਂ ਅਤੇ ਚਲ ਰਹੇ ਕੰਮਾਂ ਦੀਆਂ ਮੁਸ਼ਕਿਲਾਂ ਬਾਬਤ ਸਹਾਰੀ ਮੱਲ ਜੀ ਨੂੰ ਦਸਦੇ ਹੋਏ ਆਪ ਪਹੁੰਚਣ ਤੋਂ ਅਸਮਰੱਥਾ ਪ੍ਰਗਟਾਈ ਕਿਉਂਕਿ ਰੋਜ਼ ਦੇ ਕੰਮ ਕਾਰ ਨੂੰ ਚਲਾਈ ਰਖਣ ਵਾਸਤੇ ਅਤੇ ਜ਼ਰੂਰੀ ਨਿਰਦੇਸ਼ ਦੇਣ ਵਾਸਤੇ ਉਹਨਾਂ ਦੀ ਹਾਜ਼ਰੀ ਚੱਕ ਰਾਮਦਾਸ ਪੁਰ ਵਿਖੇ ਜ਼ਰੂਰ ਸੀ। ਦੂਜੀ ਗੱਲ ਇਹ ਵੀ ਸੀ ਕਿ ਗੁਰੂ ਜੀ ਜਿਥੇ ਜਾਂਦੇ ਸਨ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਸੇਵਕ ਵੀ ਨਾਲ ਜਾਂਦੇ ਸਨ ਅਤੇ ਗੁਰੂ ਜੀ ਨੂੰ ਇਹ ਉਚਿਤ ਨਹੀਂ ਲੱਗਾ ਕਿ ਸਿੱਖਾਂ ਦੀ ਭਾਰੀ ਗਿਣਤੀ ਦਾ ਬੋਝ ਲੜਕੀ ਵਾਲਿਆਂ ਦੇ ਸਿਰ ਤੇ ਪਾਇਆ ਜਾਵੇ। ਗੁਰੂ ਜੀ ਨੇ ਆਪਣੇ ਬਦਲੇ ਕਿਸੇ ਇਕ ਪੁੱਤਰ ਨੂੰ ਲਾਹੌਰ ਭੇਜਣ ਦੀ ਗੱਲ ਮੰਨਕੇ ਸਹਾਰੀ ਮੱਲ ਨੂੰ ਵਿਦਾ ਕੀਤਾ। ਗੁਰੂ ਰਾਮ ਦਾਸ ਜੀ ਨੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਲਾਹੌਰ ਜਾਣ ਲਈ ਕਿਹਾ ਪਰ ਉਸਨੇ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਸਦੇ ਬਿਨਾਂ ਇਥੋਂ ਦੀ ਕਾਰ ਭੇਟਾ ਆਦਿ ਦੇ ਹਿਸਾਬ ਵਿਚ ਗੜਬੜ ਹੋ ਜਾਵੇਗੀ ਅਤੇ ਰੁਪਈਆਂ ਦੇ ਲੈਣ-ਦੇਣ ਵਿਚ ਵਿਘਨ ਪਵੇਗਾ। ਮੈਕਾਲਿਫ਼ ਦੇ ਕਥਨ ਅਨੁਸਾਰ ਗੁਰੂ ਜੀ ਨੇ ਉੱਤਰ ਦਿੱਤਾ ਕਿ ਗੁਰੂ ਘਰ ਦੇ ਕੰਮ ਵਿਚ ਉਸਦੀ ਗੈਰਹਾਜ਼ਰੀ ਵਿਚ ਕੋਈ ਵਿਘਨ ਨਹੀਂ ਪਵੇਗਾ ਅਤੇ ਉਸ ਦੇ ਕੰਮ ਨੂੰ ਕਿਸੇ ਹੋਰ ਸਿੱਖ ਨੂੰ ਸੌਂਪਿਆ ਜਾ ਸਕਦਾ ਹੈ। ਪਰੰਤੂ ਪ੍ਰਿਥੀ ਚੰਦ ਨੇ ਇਕ ਹੋਰ ਬਹਾਨਾ ਲਾਇਆ ਕਿ ਉਸ ਨੂੰ ਵਿਆਹ ਦੀ ਭੀੜ-ਭਾੜ ਤੋਂ ਡਰ ਲਗਦਾ ਹੈ ਅਤੇ ਉਸਦੀ ਤਬੀਅਤ ਖ਼ਰਾਬ ਹੋ ਜਾਂਦੀ ਹੈ। ਵਿਆਹ ਤੇ ਨਾ ਜਾਣ ਪਿੱਛੇ ਪ੍ਰਿਥੀ ਚੰਦ ਦੇ ਦੋ ਉਦੇਸ਼ ਸਨ : ਇਕ ਤਾਂ ਇਹ ਕਿ ਉਹ ਕਾਰ ਭੇਟਾ ਦਾ ਇੰਚਾਰਜ ਸੀ ਅਤੇ ਹੇਰਾ-ਫੇਰੀ ਨਾਲ ਕੁੱਝ ਪੈਸਾ ਇੱਧਰ ਉੱਧਰ ਕਰ ਸਕਦਾ ਸੀ ਅਤੇ ਲਾਹੌਰ ਜਾਣ ਤੇ ਇਹ ਧਨ ਕਿਸੇ ਹੋਰ ਨੇ ਸਾਂਭ ਲੈਣਾ ਸੀ। ਦੂਜੀ ਗੱਲ ਇਹ ਵੀ ਸੀ ਕਿ ਪਿਤਾ ਜੀ ਦੇ ਉਤਰਾਧਿਕਾਰੀ ਦੀ ਚੋਣ ਦਾ ਸਮਾਂ ਵੀ ਨੇੜੇ ਆ ਰਿਹਾ ਸੀ ਅਤੇ ਉਸਨੂੰ ਸੰਦੇਹ ਸੀ ਕਿ ਇਥੋਂ ਗੈਰ ਹਾਜ਼ਰੀ ਸਮੇਂ ਉਸਦੇ ਅਧਿਕਾਰਾਂ ਦੀ ਰਖਿਆ ਨਹੀਂ ਹੋ ਸਕੇਗੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਤੋਂ ਬਾਅਦ ਦੂਜੇ ਪੁੱਤਰ ਮਹਾਂਦੇਵ ਨੂੰ ਲਾਹੌਰ ਜਾਣ ਲਈ ਕਿਹਾ। ਮਹਾਂਦੇਵ ਉਦਾਸੀਨ ਬਿਰਤੀ ਦਾ ਮਾਲਕ ਸੀ ਅਤੇ ਸੰਸਾਰਿਕ ਕੰਮਾਂ-ਕਾਰਾਂ ਵਿਚ

ਉਸਦੀ ਰੁਚੀ ਬਿਲਕੁਲ ਹੀ ਨਹੀਂ ਸੀ। ਉਸ ਨੇ ਵੀ ਨਾਂਹਵਾਚਕ ਉੱਤਰ ਦਿੰਦਿਆਂ ਹੋਇਆਂ ਕਹਿ ਦਿੱਤਾ ਕਿ ਉਸਦਾ ਸੰਸਾਰ ਵਿਚ ਕਿਸੇ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ ਅਤੇ ਇਸ ਲਈ ਉਹ ਕਿਸੇ ਵੀ ਸੰਸਾਰਕ ਕਾਰ-ਵਿਹਾਰ ਵਿਚ ਆਪਣੇ ਆਪ ਨੂੰ ਉਲਝਾਉਣਾ ਨਹੀਂ ਚਾਹੁੰਦਾ। ਗੁਰੂ ਅਮਰਦਾਸ ਜੀ ਨੇ ਅਖੀਰ ਆਪਣੇ ਸਭ ਤੋਂ ਛੋਟੇ ਪੁੱਤਰ (ਗੁਰੂ) ਅਰਜਨ ਨੂੰ ਸੰਬੋਧਿਤ ਕੀਤਾ ਜੋ ਗੁਰੂ ਜੀ ਦੀ ਗੈਰ-ਹਾਜ਼ਰੀ ਵਿਚ ਵੀ ਗੁਰੂ ਘਰ ਦੀ ਸੇਵਾ ਵਿਚ ਰੁੱਝਿਆ ਰਹਿੰਦਾ ਸੀ ਅਤੇ ਉਸ ਦੇ ਹਿਰਦੇ ਵਿਚ ਕਿਸੇ ਧਨ ਦੌਲਤ ਦਾ ਲਾਲਚ ਨਹੀਂ ਸੀ ਅਤੇ ਪੂਰਨ ਮਹਾਂਪੁਰਖਾਂ ਵਾਲੇ ਸਾਰੇ ਗੁਣ ਉਸ ਵਿਚ ਮੌਜੂਦ ਸਨ। ਗੁਰੂ ਰਾਮਦਾਸ ਜੀ ਨੇ ਉਸ ਨੂੰ ਲਾਹੌਰ ਵਿਖੇ ਹੋਣ ਵਾਲੀ ਸ਼ਾਦੀ ਵਿਚ ਜਾਣ ਲਈ ਕਿਹਾ ਅਤੇ ਇਹ ਵੀ ਕਿਹਾ ਵਿਆਹ ਵਿਚ ਸ਼ਾਮਲ ਹੋਣ ਤੋਂ ਪਿੱਛੋਂ ਵੀ ਸਿੱਖਾਂ ਨੂੰ ਉਪਦੇਸ਼ ਦੇਣ ਲਈ ਉਹ ਉਥੇ ਹੀ ਉਸ ਸਮੇਂ ਤਕ ਟਿਕਿਆ ਰਹੇ ਜਦੋਂ ਤਕ ਉਸ ਨੂੰ ਵਾਪਸ ਆਉਣ ਲਈ ਨਾ ਕਿਹਾ ਜਾਵੇ। (ਗੁਰੂ) ਅਰਜਨ ਨੇ ਉੱਤਰ ਦਿੱਤਾ ਕਿ ਪਿਤਾ ਜੀ ਆਪ ਜੀ ਦੀ ਖ਼ੁਸ਼ੀ ਵਿਚ ਹੀ ਮੇਰੀ ਖ਼ੁਸ਼ੀ ਹੈ। *ਸੂਰਜ ਪ੍ਰਕਾਸ਼* ਅਨੁਸਾਰ, "ਇਹ ਤਾਂ ਸੁਖਦਾਇਕ ਅਵਸਰ ਹੈ ਪਰੰਤੂ ਜੇਕਰ ਜੀਵਨ ਨੂੰ ਖਤਰੇ ਵਿਚ ਵੀ ਪਾ ਕੇ ਕਰਨ ਵਾਲਾ ਕੋਈ ਕੰਮ ਹੁੰਦਾ ਤਾਂ ਵੀ ਉਹ ਪਿਤਾ ਜੀ ਦੀ ਹੁਕਮ-ਅਦੂਲੀ ਨਾ ਕਰਦਾ।" ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਫਿਰ ਕਿਹਾ ਕਿ ਉਹ ਲਾਹੌਰ ਤੋਂ ਉਸ ਸਮੇਂ ਤਕ ਨਾ ਆਉਣ ਜਦੋਂ ਤਕ ਉਹਨਾਂ ਨੂੰ ਲਿਖਤੀ ਸੰਦੇਸ਼ਾ ਨਾ ਮਿਲੇ। ਉਥੇ ਰਹਿਣ ਦੇ ਦੌਰਾਨ ਜੋ ਵੀ ਭੇਟਾ ਪ੍ਰਾਪਤ ਹੋਵੇ ਉਸ ਨੂੰ ਲੰਗਰ ਲਈ ਵਰਤਣਾ ਤਾਂ ਕਿ ਕੋਈ ਭੁੱਖਾ ਨਾ ਜਾਵੇ।

(ਗੁਰੂ) ਅਰਜਨ ਦੇਵ ਜੀ ਦੇ ਉਥੋਂ ਚਲੇ ਜਾਣ ਕਾਰਨ ਪ੍ਰਿਥੀ ਚੰਦ ਬਹੁਤ ਪ੍ਰਸੰਨ ਹੋਇਆ ਕਿਉਂਕਿ ਗੁਰ ਗੱਦੀ ਲਈ ਉਸ ਨੂੰ ਰਸਤਾ ਸਾਫ਼ ਨਜ਼ਰ ਆਉਣ ਲੱਗਾ। ਏਧਰ (ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਗਇਆਂ ਕਾਫ਼ੀ ਸਮਾਂ ਬੀਤ ਗਿਆ ਪਰ ਨਾਂ ਤਾਂ ਗੁਰੂ ਰਾਮਦਾਸ ਜੀ ਆਪ ਉਥੇ ਆਏ ਅਤੇ ਨਾ ਹੀ ਉਹਨਾਂ ਦਾ ਪੱਤਰ ਉਹਨਾਂ ਕੋਲ ਪਹੁੰਚਿਆ। ਵੈਰਾਗ ਵਿਚ ਉਹਨਾਂ ਨੇ ਕੁਝ ਸਿੱਖਾਂ ਨਾਲ ਸਲਾਹ ਕੀਤੀ ਅਤੇ ਤੈਅ ਹੋਇਆ ਕਿ ਇਕ ਪੱਤਰਿਕਾ ਪਰਮਾਤਮਾ ਦੀ ਜਗਦੀ ਜੋਤ ਸ੍ਰੀ ਗੁਰੂ ਰਾਮਦਾਸ ਜੀ ਨੂੰ ਲਿਖੀ ਜਾਵੇ। ਸਿੱਖ ਪਰੰਪਰਾ ਵਿਚ ਪੱਤਰਾਚਾਰ ਦੀ ਇਸ ਕਥਾ ਦੇ ਪਹਿਲੇ ਪੱਤਰ ਦਾ ਪਹਿਲਾ ਪਦਾ ਇਸ ਪ੍ਰਕਾਰ ਹੈ :

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ ੧॥*
*ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥*

(ਸ੍ਰੀ ਗੁ. ਗ੍ਰੰ. ਪੰਨਾ 96)

ਇਹ ਪੱਤਰ ਇਕ ਸਿੱਖ ਦੇ ਹੱਥ (ਗੁਰੂ) ਅਰਜਨ ਨੇ ਅੰਮ੍ਰਿਤਸਰ ਭੇਜਿਆ। ਪ੍ਰਿਥੀਏ ਨੇ ਸੇਵਾਦਾਰ ਸਿੱਖ ਨੂੰ ਪਛਾਣ ਲਿਆ ਅਤੇ ਉਹ ਪੱਤਰ ਉਸ ਤੋਂ ਲੈ ਲਿਆ। ਪੱਤਰ ਆਪ ਪੜ੍ਹ ਕੇ ਪ੍ਰਿਥੀ ਚੰਦ ਪੱਤਰ ਦੇ ਸ਼ਬਦਾਂ ਦੀ ਰੰਗਤ ਅਤੇ ਜੁਗਤ ਨੂੰ ਵੇਖ ਕੇ ਈਰਖਾ ਨਾਲ ਭਰ ਉਠਿਆ ਕਿਉਂਕਿ ਉਹ ਅਜਿਹੀ ਰਚਨਾ ਨਹੀਂ ਕਰ ਸਕਦਾ ਸੀ। ਉਸ ਨੂੰ ਡਰ ਲਗਣ ਲਗ ਪਿਆ ਕਿ ਜੇਕਰ ਗੁਰੂ ਜੀ ਨੇ ਇਹ ਪੱਤਰ ਵੇਖ ਲਿਆ ਤਾਂ ਇਸ ਅੰਦਰ ਗੁਰਜੋਤ ਨੂੰ ਮਿਲਣ ਦੀ ਡੂੰਘਾਈ ਗੁਰੂ ਜੀ ਨੂੰ ਅਵੱਸ਼ ਪ੍ਰਭਾਵਿਤ ਕਰੇਗੀ ਅਤੇ ਹੋ ਸਕਦਾ ਹੈ ਕਿ ਗੁਰ ਗੱਦੀ (ਗੁਰੂ)

ਅਰਜਨ ਨੂੰ ਪ੍ਰਾਪਤ ਹੋ ਜਾਵੇ। ਉਸ ਨੇ ਪੱਤਰ ਲੁਕਾ ਲਿਆ ਅਤੇ ਗੁਰੂ ਜੀ ਵੱਲੋਂ ਮੌਖਿਕ ਸੁਨੇਹਾ ਹੀ ਭਿਜਵਾ ਦਿੱਤਾ ਕਿ ਉਹ ਜਦੋਂ ਤਕ ਬੁਲਾਇਆ ਨਾ ਜਾਵੇ ਅੰਮ੍ਰਿਤਸਰ ਨਾ ਆਉਣ। (ਗੁਰੂ) ਅਰਜਨ ਨੂੰ ਜਦੋਂ ਇਹ ਸੁਨੇਹਾ ਮਿਲਿਆ ਅਤੇ ਸਿੱਖ ਪਾਸੋਂ ਉਹਨਾਂ ਨੇ ਵਾਰਤਾ ਸੁਣੀ ਤਾਂ ਉਹ ਸਮਝ ਗਏ ਕਿ ਇਹ ਸੁਨੇਹਾ ਦਰਅਸਲ ਕਿਸ ਵੱਲੋਂ ਸੀ। ਉਹਨਾਂ ਹੁਣ ਵਜਦ ਭਰਪੂਰ ਹੋ ਕੇ ਕੁੱਝ ਪੰਗਤੀਆਂ ਹੋਰ ਲਿਖੀਆਂ ਅਤੇ ਸੰਦੇਸ਼ਵਾਹਕ ਨੂੰ ਹਦਾਇਤ ਕੀਤੀ ਕਿ ਇਹ ਪੱਤਰ ਉਹ ਕੇਵਲ ਗੁਰੂ ਜੀ ਨੂੰ ਹੀ ਦੇਵੇ :

*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥*
*ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥*

(ਸ੍ਰੀ ਗੁ. ਗ੍ਰੰ. ਪੰਨਾ 96)

ਪ੍ਰਿਥੀ ਚੰਦ ਜਾਣਦਾ ਸੀ ਕਿ (ਗੁਰੂ) ਅਰਜਨ ਵੱਲੋਂ ਹੋਰ ਵੀ ਪੱਤਰ ਭੇਜਿਆ ਜਾ ਸਕਦਾ ਹੈ। ਉਸਦਾ ਅਨੁਮਾਨ ਸਹੀ ਸੀ। ਉਪਰੋਕਤ ਅਨੁਸਾਰ ਸੰਦੇਸ਼ਵਾਹਕ ਪੱਤਰ ਲੈ ਕੇ ਅੰਮ੍ਰਿਤਸਰ ਪਹੁੰਚਿਆ ਅਤੇ ਇਹ ਪੱਤਰ ਵੀ ਉਸਨੇ ਆਪਣੇ ਕਬਜ਼ੇ ਵਿਚ ਕਰ ਲਿਆ। ਪਿਤਾ ਦੇ ਨਾਂ ਤੇ ਉਸਨੇ ਦੂਜਾ ਸੰਦੇਸ਼ਾ ਭੇਜਿਆ ਕਿ 'ਲਾਹੌਰ ਵਿਖੇ ਕੁੱਝ ਹੋਰ ਸਮਾਂ ਟਿਕੇ ਰਹੋ ਅਤੇ ਬੁਲਾਏ ਜਾਣ ਤੋਂ ਪਹਿਲਾਂ ਨਹੀਂ ਆਉਣਾ। ਮੈਂ ਖੁਦ ਤੁਹਾਨੂੰ ਲਿਜਾਣ ਵਾਸਤੇ ਆਵਾਂਗਾ।' ਪ੍ਰਿਥੀ ਚੰਦ ਨੇ ਸੰਦੇਸ਼ਵਾਹਕ ਨੂੰ ਛੇਤੀ ਹੀ ਲਾਹੌਰ ਵੱਲ ਚਲੇ ਜਾਣ ਲਈ ਕਿਹਾ ਤਾਂ ਕਿ ਉਸਦਾ ਮੇਲ ਗੁਰੂ ਰਾਮਦਾਸ ਜੀ ਨਾਲ ਨਾ ਹੋ ਸਕੇ ਅਤੇ ਉਸ ਦੀ ਧੋਖਾਧੜੀ ਦਾ ਪਤਾ ਨਾ ਲਗ ਸਕੇ। ਸੇਵਕ ਨੇ ਲਾਹੌਰ ਪੁਜ ਕੇ ਸਾਰਾ ਬਿਰਤਾਂਤ ਕਹਿ ਸੁਣਾਇਆ ਕਿ ਕਿਵੇਂ ਪ੍ਰਿਥੀ ਚੰਦ ਨੇ ਉਹ ਪੱਤਰ ਉਸ ਤੋਂ ਜ਼ਬਰਦਸਤੀ ਲੈ ਲਿਆ ਸੀ। ਇਸ ਤੇ ਤੀਜੀ ਪੱਤਰਿਕਾ ਲਿਖੀ ਗਈ :

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥*
*ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥*

(ਸ੍ਰੀ ਗੁ. ਗ੍ਰੰ. ਪੰਨਾ 96)

ਇਸ ਪੱਤਰ ਤੇ (ਗੁਰੂ) ਅਰਜਨ ਦੇਵ ਜੀ ਨੇ ੩ ਅੰਕ ਵੀ ਲਿਖ ਦਿੱਤਾ ਅਤੇ ਸੰਦੇਸ਼ਵਾਹਕ ਨੂੰ ਕਰੜਾਈ ਨਾਲ ਹਦਾਇਤ ਕੀਤੀ ਕਿ ਪੱਤਰ ਕਿਸੇ ਵੀ ਹਾਲਤ ਵਿਚ ਕੇਵਲ ਅਤੇ ਕੇਵਲ ਸ੍ਰੀ ਗੁਰੂ ਰਾਮਦਾਸ ਜੀ ਨੂੰ ਹੀ ਦੇਣਾ ਹੈ। ਇਧਰ ਪ੍ਰਿਥੀ ਚੰਦ ਵੀ ਹੋਰ ਪੱਤਰ ਦੀ ਉਡੀਕ ਵਿਚ ਸੀ ਅਤੇ ਉੱਧਰ ਸੰਦੇਸ਼ਵਾਹਕ ਵੀ ਹੁਣ ਪੂਰਾ ਚੇਤੰਨ ਸੀ। ਸੰਦੇਸ਼ਵਾਹਕ ਲੁਕਦਾ ਲੁਕਾਉਂਦਾ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਆ ਹਾਜ਼ਰ ਹੋਇਆ ਅਤੇ (ਗੁਰੂ) ਅਰਜਨ ਦਾ ਪੱਤਰ ਉਸਨੇ ਗੁਰੂ ਜੀ ਨੂੰ ਸੌਂਪ ਦਿੱਤਾ। ਗੁਰੂ ਜੀ ਪੱਤਰ ਦੇ ਉਪਰ ਲਿਖੇ ਅੰਕ ੩ ਤੋਂ ਅਤੇ ਪੱਤਰ ਵਿਚ ਦਰਸਾਈ ਵਿਹਬਲਤਾ ਤੋਂ ਭਲੀ ਪ੍ਰਕਾਰ ਸਮਝ ਗਏ ਕਿ ਪਹਿਲੇ ਦੋ ਪੱਤਰ ਵੀ ਆਏ ਹਨ ਜੋ ਉਹਨਾਂ ਤਕ ਪਹੁੰਚ ਨਹੀਂ ਸਕੇ। ਪ੍ਰਿਥੀ ਚੰਦ ਨੇ ਕਿਉਂਕਿ ਸਾਰੇ ਪੱਤਰ ਵਿਹਾਰ ਅਤੇ ਕਾਰ ਭੇਟਾ

Sri Satguru Jagjit Singh Ji Elibrary NamdhariElibrary@gmail.com

ਆਦਿ ਪ੍ਰਬੰਧ ਦੀ ਜ਼ੁੰਮੇਵਾਰੀ ਸੰਭਾਲੀ ਹੋਈ ਸੀ ਇਸ ਲਈ ਉਸਨੂੰ ਪੁੱਛਿਆ ਗਿਆ ਕਿ ਇਸ ਪੱਤਰ ਤੋਂ ਪਹਿਲਾਂ ਆਏ ਦੋ ਪੱਤਰ ਕਿੱਥੇ ਹਨ। ਪ੍ਰਿਥੀ ਚੰਦ ਨੇ ਕਿਹਾ ਕਿ ਉਸ ਨੂੰ ਯਾਦ ਨਹੀਂ ਆ ਰਿਹਾ ਕਿ ਉਸਨੇ ਉਹ ਦੋਵੇਂ ਪੱਤਰ ਕਿੱਥੇ ਰੱਖ ਦਿੱਤੇ ਹਨ। ਗੁਰੂ ਜੀ ਨੇ ਬੜੀ ਜੁਗਤ ਨਾਲ ਉਹ ਦੋਵੇਂ ਪੱਤਰ ਪ੍ਰਿਥੀ ਚੰਦ ਦੇ ਘਰੋਂ ਮੰਗਵਾ ਲਏ ਅਤੇ ਇਸ ਤਰ੍ਹਾਂ ਉਸ ਦੀ ਮਾੜੀ ਨੀਅਤ ਦਾ ਪਾਜ ਸਾਰੀ ਸੰਗਤ ਸਾਮ੍ਹਣੇ ਖੁੱਲ ਗਿਆ। ਗੁਰੂ ਰਾਮਦਾਸ ਜੀ ਨੇ ਤੁਰੰਤ ਭਾਈ ਬੁੱਢਾ ਜੀ ਨੂੰ ਲਾਹੌਰ ਭੇਜਿਆ ਤਾਂਕਿ (ਗੁਰੂ) ਅਰਜਨ ਦੇਵ ਜੀ ਨੂੰ ਛੇਤੀ ਤੋਂ ਛੇਤੀ ਅੰਮ੍ਰਿਤਸਰ ਲਿਆਂਦਾ ਜਾ ਸਕੇ। (ਗੁਰੂ) ਅਰਜਨ ਦੇਵ ਪਿਤਾ ਦੇ ਚਰਨਾਂ ਵਿਚ ਆ ਹਾਜ਼ਰ ਹੋਏ ਅਤੇ ਗੁਰੂ ਪਿਤਾ ਦੇ ਮਿਲਾਪ ਵਿਚ ਅਨੰਦਿਤ ਹੋ ਕੇ (ਗੁਰੂ) ਅਰਜਨ ਦੇਵ ਜੀ ਨੇ ਚਾਰ ਪੰਗਤੀਆਂ ਦਾ ਹੋਰ ਉਚਾਰਨ ਕੀਤਾ :

*ਭਾਗੁ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥੪॥*
*ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥੧॥*

(ਸ੍ਰੀ ਗੁ. ਗ੍ਰੰ. ਪੰਨਾ 97)

ਇਸ ਚਉਪਦੇ ਬਾਬਤ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ (ਪੰਨਾ 96) ਇਸ ਪ੍ਰਕਾਰ ਅੰਕਿਤ ਹੈ– "ਇਹ ਰਾਜਹ ਰਹਾਉ ਵਾਲਾ ਚਉਪਦਾ ਇਤਿਹਾਸਿਕ ਹੈ। ਗੁਰੂ ਅਰਜਨ ਦੇਵ ਜੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਆਗਿਆ ਅਨੁਸਾਰ ਆਪਣੇ ਇਕ ਸੰਬੰਧੀ ਭਾਈ ਸਹਾਰੀ ਮਲ ਦੇ ਪੁੱਤਰ ਦੇ ਵਿਆਹ ਉੱਤੇ ਲਾਹੌਰ ਆਏ ਸਨ। ਪਿਤਾ ਜੀ ਦਾ ਹੁਕਮ ਸੀ ਜਦ ਤੋੜੀ ਆਪ ਨਾ ਬੁਲਾਈਏ, ਤਦ ਤੋੜੀ ਉਥੇ ਹੀ ਰਹਿਣਾ। ਗੁਰੂ ਅਰਜਨ ਦੇਵ ਜੀ ਕੁੱਝ ਚਿਰ ਮਗਰੋਂ ਆਪਣੇ ਪਿਤਾ ਗੁਰੂ ਜੀ ਦੇ ਦਰਸ਼ਨਾਂ ਲਈ ਬਹੁਤ ਤਾਂਘਣ ਲੱਗੇ ਅਤੇ ਇਸ ਤਾਂਘ ਵਿਚ ਉਪਰੋਤਲੀ ਤਿੰਨ ਖਤ ਲਿਖੇ, ਜੋ ਇਸ ਚੌਪਦੇ ਦੇ ਪਹਿਲੇ ਤਿੰਨ ਅੰਗ ਹਨ। ਚੌਥਾ ਪਦਾ ਗੁਰੂ ਰਾਮ ਦਾਸ ਜੀ ਦੇ ਮਿਲਾਪ ਦੀ ਖ਼ੁਸ਼ੀ ਵਿਚ ਲਿਖਿਆ। ਗੁਰੂ ਰਾਮ ਦਾਸ ਜੀ ਸੁਣ ਕੇ ਖ਼ੁਸ਼ ਹੋਏ ਅਤੇ ਗੁਰੂ ਅਰਜਨ ਦੇਵ ਜੀ ਨੂੰ ਲਾਇਕ ਵੇਖ ਕੇ ਗੁਰਿਆਈ ਬਖ਼ਸ਼ੀ।"

ਪ੍ਰੋਫੈਸਰ ਸਾਹਿਬ ਸਿੰਘ ਇਸ ਕਹਾਣੀ ਨੂੰ ਮਨਘੜਤ ਮੰਨਦੇ ਹੋਏ ਇਸ ਪਦੇ ਨੂੰ ਪਰਮਾਤਮਾ ਦੀ ਯਾਦ ਅਤੇ ਮਿਲਾਪ ਨਾਲ ਸੰਬੰਧਿਤ ਕਰਦੇ ਹਨ। ਡਾ. ਕਰਤਾਰ ਸਿੰਘ ਸੂਰੀ ਇਹ ਲਿਖਦੇ ਹੋਏ ਕਹਿੰਦੇ ਹਨ– "ਸਾਡਾ ਇਹ ਨਿਸ਼ਚਾ ਹੈ ਕਿ ਇਹ ਸ਼ਬਦ ਸਪਸ਼ਟ ਭਾਂਤ ਗੁਰੂ ਪਿਤਾ ਰਾਮਦਾਸ ਦੇ ਪ੍ਰੇਮ-ਵਿਛੋੜੇ ਵਿਚ ਉਚਾਰਿਆ ਗਿਆ ਹੈ। ਪ੍ਰਮਾਣ ਵਜੋਂ ਹੇਠ ਲਿਖੇ ਸ਼ਬਦ ਪ੍ਰਸਤੁਤ ਹਨ ਜੋ ਪ੍ਰਤੱਖ ਤੌਰ ਤੇ ਸਿੱਧ ਕਰਦੇ ਹਨ ਕਿ ਇਹ 'ਸ਼ਬਦ' ਪਰਮਾਤਮਾ ਲਈ ਨਹੀਂ ਸਗੋਂ ਗੁਰੂ ਲਈ ਉਚਾਰਿਆ ਗਿਆ ਹੈ :– 'ਗੁਰੂ-ਦਰਸ਼ਨ', 'ਸੰਤ ਪਿਆਰੇ', ਗੁਰ-ਸਜਣ, ਗੁਰ ਦਰਬਾਰੇ, 'ਗੁਰ-ਸੰਤ' ਆਦਿ।" ਇਹਨਾਂ ਵਿਚਾਰਾਂ ਨੂੰ ਘੋਖਣ ਦੀ ਲੋੜ ਹੈ। ਗੁਰੂ ਲਫਜ਼ ਦੇ ਗੁਣਵਾਚਕ ਅਰਥਾਂ ਦੇ ਵਿਸਤਾਰ ਨੂੰ ਜੇਕਰ ਧਿਆਨ ਵਿਚ ਰਖਿਆ ਜਾਏ ਤਾਂ ਅਸੀਂ ਵੇਖਦੇ ਹਾਂ ਭਾਰਤੀ ਪਰੰਪਰਾ ਵਿਚ ਗੁਰੂ ਇਕ ਗਿਆਨਵਾਨ ਪੁਰਸ਼ ਦਾ ਸੰਕੇਤ ਦਿੰਦਾ ਹੈ। ਗਿਆਨਵਾਨ

Sri Satguru Jagjit Singh Ji Elibrary NamdhariElibrary@gmail.com

ਪੁਰਸ਼ਾਂ ਨੇ ਅਨੇਕਾਂ ਸਿਧਾਂਤਾਂ ਅਤੇ ਗ੍ਰੰਥਾਂ ਦੀ ਰਚਨਾ ਕੀਤੀ ਜਿਸਦਾ ਇਕ ਪ੍ਰਭਾਵ ਇਹ ਵੀ ਪਿਆ ਕਿ ਵਿਅਕਤੀ ਵਿਸ਼ੇਸ਼ ਨੂੰ ਕੇਂਦਰ ਵਿਚ ਰਖਕੇ ਅਨੇਕਾਂ ਮਤ-ਮਤਾਂਤਰ ਹੋਂਦ ਵਿਚ ਆ ਗਏ ਅਤੇ ਪੈਰੋਕਾਰ ਆਪਣੇ-ਆਪਣੇ ਮਤ ਨੂੰ ਸਹੀ ਅਤੇ ਲਾਭਦਾਇਕ ਮੰਨਣ ਮੰਨਵਾਉਣ ਤੇ ਜ਼ੋਰ ਲਾਉਣ ਲਗ ਪਏ। ਗਿਆਨ ਦਾ ਪ੍ਰਕਾਸ਼ ਜਿਹੜਾ ਸਾਰੀ ਲੋਕਾਈ ਵਿਚ ਫੈਲਣਾ ਸੀ ਪੈਰੋਕਾਰਾਂ, ਵਿਆਖਿਆ ਕਰਨ ਵਾਲਿਆਂ ਦੀ ਨਿੱਜੀ ਸ਼ਖ਼ਸੀਅਤ ਵਿਚ ਸਿਮਟ ਕੇ ਰਹਿ ਗਿਆ। ਨਿੱਜੀ ਉਚਤਾ, ਸੁੱਚਤਾ ਅਤੇ ਅਖੌਤੀ ਗਿਆਨ ਦੀ ਹਉਮੈ ਨੇ ਉਸ ਪਰਮਾਤਮਾ ਦਾ ਸਾਖਿਆਤਕਾਰ ਕਰਾਉਣ ਵਾਲੇ ਦਿੱਬ ਨੇਤਰਾਂ ਨੂੰ ਪੂਰੀ ਤਰ੍ਹਾਂ ਖੁੱਲ੍ਹਣ ਨਹੀਂ ਦਿੱਤਾ ਅਤੇ ਧਾਰਮਿਕ ਅਧਿਆਤਮਿਕ ਜਗਤ ਵਿਚ ਆਪੋ-ਧਾਪ ਬਣੀ ਰਹੀ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਲਫ਼ਜ਼ ਨੂੰ ਭਾਰਤੀ ਧਾਰਮਿਕ ਭੰਡਾਰ ਵਿਚੋਂ ਲਿਆ ਅਤੇ ਦੇਹਧਾਰੀ ਗੁਰੂ ਪਰੰਪਰਾ ਵਿਚ ਆਈਆਂ ਅਤੇ ਆ ਸਕਣ ਵਾਲੀਆਂ ਖਾਮੀਆਂ ਨੂੰ ਧਿਆਨ ਵਿਚ ਰਖਦੇ ਹੋਏ ਗੁਰੂ ਦੀ ਦੇਹ ਦੀ ਬਜਾਇ ਗੁਰੂ ਦੇ ਸ਼ਬਦ ਰੂਪ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ। ਆਪਣੀ ਬਾਣੀ ਵਿਚ ਗੁਰੂ ਨਾਨਕ ਪਰਮਾਤਮਾ ਨੂੰ ਆਪਣਾ ਗੁਰੂ ਮੰਨਦੇ ਹੋਏ ਦਸਦੇ ਹਨ- ਤਤੁ ਨਿਰੰਜਨ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥ ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ (ਗੁ. ਗ੍ਰੰ. 599)। ਏਸੇ ਪਰਮਾਤਮਾ ਦਾ ਹੁਕਮ (ਨੇਮ, ਵਿਧਾਨ) ਚਾਰੇ ਦਿਸ਼ਾਵਾਂ ਅਤੇ ਅਦਿੱਖ ਪਤਾਲਾਂ ਉੱਤੇ ਵੀ ਚਲਦਾ ਹੈ। ਸਾਰੇ ਜੀਵਾਂ-ਅਜੀਵਾਂ ਵਿਚ ਸ਼ਬਦ ਰੂਪੀ ਪ੍ਰਭੂ ਪਸਰਿਆ ਹੋਇਆ ਅਤੇ ਇਸ ਦੀ ਪ੍ਰਾਪਤੀ ਉਸ ਦੀ ਆਪਣੀ ਬਖ਼ਸ਼ਿਸ਼ ਜਿਸ ਨਾਲ ਹੀ ਹੁੰਦੀ ਹੈ। ਗੁਰੂ ਨਾਨਕ ਦੇਵ ਸਪਸ਼ਟ ਕਰਦੇ ਹਨ :

*ਚਹੁ ਦਿਸਿ ਹੁਕਮੁ ਵਰਤੈ ਪ੍ਰਭੁ ਤੇਰਾ ਚਹੁ ਦਿਸਿ ਨਾਮ ਪਤਾਲੰ॥*
*ਸਭ ਮਹਿ ਸਬਦ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥*

(ਸ੍ਰੀ ਗੁ. ਗ੍ਰੰ. 1275)

ਦੇਹਧਾਰੀ ਗੁਰੂ ਪਰੰਪਰਾ ਵਾਲੇ ਜੋਗੀਆਂ ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਉਹਨਾਂ ਦੇ ਗੁਰੂ ਬਾਬਤ ਪੁੱਛੇ ਜਾਣ ਤੇ 'ਸਿਧ ਗੋਸਟਿ' ਵਿਚ ਉਹ ਸਪਸ਼ਟ ਕਹਿੰਦੇ ਹਨ- ਸਬਦੁ ਗੁਰੂ ਸੁਰਤਿ ਧੁਨਿ ਚੇਲਾ। ਗੁਰੂ ਨਾਨਕ ਦੇਵ ਜੀ ਨੇ ਹੀ ਗੁਰੂ ਸ਼ਬਦ ਦਾ ਅਰਥ ਵਿਸਤਾਰ ਕੀਤਾ ਅਤੇ ਦਸਿਆ ਕਿ ਸ਼ਬਦ ਰੂਪੀ ਪਰਮਾਤਮਾ ਘਟ-ਘਟ ਵਿਚ ਗੂੰਜ ਰਿਹਾ ਹੈ। ਬੇਸ਼ਕ ਹਰ ਜੀਵ ਵਿਚ ਪਰਮਾਤਮਾ ਹੈ ਪਰ ਕਿਸੇ ਨੇ ਸੰਸਾਰਕ ਕਾਮਨਾਵਾਂ ਦੀ ਤਹਿ ਥਲੇ ਪਰਮਾਤਮਾ ਦੀ ਜਗਦੀ ਜੋਤ ਸ਼ਬਦ ਨੂੰ ਢਕਣ ਦੀ ਕੋਸ਼ਿਸ਼ ਕੀਤੀ ਹੁੰਦੀ ਹੈ ਅਤੇ ਕਿਸੇ ਵਿਰਲੇ ਨੇ ਉਸ ਸ਼ਬਦ ਨੂੰ ਨਿਰੋਲ ਰੂਪ ਵਿਚ ਮਨ ਵਿਚ ਵਸਾ ਕੇ ਆਪਣੇ ਅੰਤਰਮਨ ਨੂੰ ਰੁਸ਼ਨਾਇਆ ਹੁੰਦਾ ਹੈ ਅਤੇ ਉਸ ਦੀ ਰੋਸ਼ਨੀ ਵਿਚ ਉਸ ਦੇ ਨਾਲ ਵਸਦੇ ਜੀਵ ਜੰਤ ਵੀ ਜੀਵਨ ਦਾ ਸਹੀ ਮਾਰਗ ਖੋਜਣ ਵਿਚ ਸਫ਼ਲੇ ਹੋ ਜਾਂਦੇ ਹਨ। ਪਰ ਮੂਲ ਸਿਧਾਂਤ ਇਹ ਹੈ ਕਿ ਮਹੱਤਵ ਸ਼ਬਦ ਰੂਪੀ ਪਰਮਾਤਮਾ ਦੀ ਆਵਾਜ਼ ਦਾ ਹੈ ਨਾ ਕਿ ਇਸ ਸਰੀਰ ਦਾ। ਬਾਕੀ ਦੇ ਗੁਰੂ ਸਾਹਿਬਾਨ ਨੇ ਵੀ ਸਫ਼ਲਤਾ ਪੂਰਬਕ ਇਹ ਸਮਝਾਇਆ ਗੁਰੂ ਅਤੇ ਸ਼ਬਦ ਦਰਅਸਲ ਸਮਅਰਥੀ ਹੀ ਹਨ ਅਤੇ ਇਹ ਦੇਹ ਦੇ ਅੰਦਰ ਵੀ ਹਨ ਅਤੇ ਦੇਹ ਤੋਂ ਪਾਰਗਾਮੀ ਵੀ ਹਨ। ਗੁਰੂ ਰਾਮਦਾਸ ਜੀ ਖੁਦ ਕਹਿੰਦੇ ਹਨ :

Sri Satguru Jagjit Singh Ji Elibrary NamdhariElibrary@gmail.com

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

(ਸ੍ਰੀ ਗੁ. ਗ੍ਰੰ. 982)

ਅਰਥਾਤ ਬਾਣੀ ਅਥਵਾ ਸ਼ਬਦ ਹੀ ਪਰਤੱਖ ਗੁਰੂ ਹੈ। ਸਾਰੇ ਗੁਰੂ ਸਾਹਿਬਾਨ ਏਸੇ ਲਈ ਪਰਮਾਤਮਾ ਸਨ ਕਿਉਂਕਿ ਉਹਨਾਂ ਨੇ ਪਰਮਾਤਮਾ ਦੀ ਆਵਾਜ (ਸ਼ਬਦ) ਨੂੰ ਕੇਵਲ ਹਿਰਦੇ ਵਿਚ ਧਾਰਨ ਹੀ ਨਹੀਂ ਕੀਤਾ ਸਗੋਂ ਉਸ ਸ਼ਬਦ ਦੀ ਜੋਤ ਨਾਲ ਹੋਰ ਜੋਤਾਂ ਜਗਾਈਆਂ ਜਿਨ੍ਹਾਂ ਨੇ ਮਨੁੱਖਤਾ ਦੀ ਸਫ਼ਲ ਅਗਵਾਈ ਕੀਤੀ ਅਤੇ ਆਪਣੇ ਸੰਸਾਰਿਕ ਅਤੇ ਧਾਰਮਿਕ ਕਾਰਜਾਂ ਰਾਹੀਂ ਪਰਮਾਤਮਾ ਦੀ ਤਰ੍ਹਾਂ ਦੁੱਖ-ਸੁੱਖ ਤੋਂ ਅਲੇਪ ਰਹਿ ਕੇ ਮਨੁੱਖਤਾ ਨੂੰ ਲਾਭ ਪੁਚਾਇਆ। (ਗੁਰੂ) ਅਰਜਨ ਦੇਵ ਜੀ ਅਜਿਹੇ ਪਰਮਾਤਮਾ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਲਈ ਜੇਕਰ 'ਮੇਰਾ ਮਨ ਲੋਚੈ....' ਵਾਲੇ ਸ਼ਬਦ ਰਾਹੀਂ ਬਿਹਬਲਤਾ ਪ੍ਰਗਟ ਕੀਤੀ ਹੈ ਤਾਂ ਉਹ ਬਿਹਬਲਤਾ ਪਰਮਾਤਮਾ ਲਈ ਹੀ ਹੈ। ਪ੍ਰਭੂ ਵਿਚ ਲੀਨ ਹੋਇਆ ਗੁਰ ਵਿਅਕਤੀ ਪ੍ਰਭੂ ਪਦ ਦਾ ਠੀਕ ਉਸੇ ਤਰ੍ਹਾਂ ਹੀ ਸਹਿਜ ਅਧਿਕਾਰੀ ਮੰਨਿਆ ਜਾਏਗਾ ਜਿਵੇਂ ਅਨੇਕਾਂ ਵਹਿਣ ਨਦੀ ਵਿਚ ਮਿਲ ਕੇ ਨਦੀ ਰੂਪ ਅਤੇ ਅਨੇਕਾਂ ਨਦੀਆਂ ਸਾਗਰ ਵਿਚ ਮਿਲ ਕੇ ਸਾਗਰ ਹੀ ਹੋ ਜਾਂਦੀਆਂ ਹਨ। ਭੱਟ ਕਲਸਹਾਰ ਗੁਰੂ ਰਾਮਦਾਸ ਜੀ ਬਾਰੇ ਆਪਣੀ ਰਚਨਾ ਸਵੱਈਆਂ ਵਿਚ ਕਹਿੰਦਾ ਹੈ :

*ਅਭਰੇ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ॥*
*ਦੁਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ॥*
*ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ॥*
*ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ॥*
*ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ॥*
*ਗੁਰ ਰਾਮਦਾਸ ਕਲੁਚਰੈ ਤੈਂ ਅਟਲ ਅਮਰ ਪਦੁ ਪਾਇਓ॥ ੫॥*

(ਸ੍ਰੀ ਗੁ. ਗ੍ਰੰ. ਪੰਨਾ 1397)

ਇਸੇ ਤਰ੍ਹਾਂ ਦੇ ਹੋਰ ਵੀ ਕਈ ਸਵੱਈਏ ਹਨ ਜਿਨ੍ਹਾਂ ਵਿਚ ਭੱਟਾਂ ਨੇ ਗੁਰੂ ਸਾਹਿਬਾਨ ਦੀ ਗੁਰੂ ਜੋਤਿ ਨੂੰ ਪਰਮਾਤਮਾ ਦੀ ਜੋਤਿ ਦਾ ਪ੍ਰਕਾਸ਼ ਕਿਹਾ ਹੈ। ਅਜਿਹੀ ਸਥਿਤੀ ਵਿਚ (ਗੁਰੂ) ਅਰਜਨ ਦੇਵ ਜੀ ਵੱਲੋਂ ਪਿਤਾ ਗੁਰੂ ਰਾਮ ਦਾਸ ਵਿਚ ਪਰਮਾਤਮਾ ਦੇ ਦਰਸ਼ਨ ਕਰਨੇ ਅਤੇ ਆਪਣੀ ਬਿਹਬਲਤਾ ਪ੍ਰਗਟਾਉਣੀ ਸਹਿਜ ਸੁਭਾਵਿਕ ਹੀ ਹੈ। ਇਸ ਵਿਚ ਇਤਿਹਾਸਿਕਤਾ ਵੇਖਣੀ ਜਾਂ ਮਨਘੜਤ ਕਲਪਨਾ ਵੇਖਣਾ ਦੋਵੇਂ ਹੀ ਬੇਅਰਥ ਹਨ।

ਗੁਰੂ ਰਾਮਦਾਸ ਜੀ ਨੇ ਸ੍ਰੀ ਅਰਜਨ ਦੇਵ ਨੂੰ ਸਭ ਭਾਂਤ ਯੋਗ ਸਮਝ-ਵੇਖ ਕੇ ਆਪਣੇ ਆਸਣ ਤੋਂ ਉਠ ਕੇ ਪੰਜ ਪੈਸੇ ਅਤੇ ਨਾਰੀਅਲ ਹੱਥ ਵਿਚ ਲੈ ਕੇ ਸ੍ਰੀ ਅਰਜਨ ਦੀਆਂ ਤਿੰਨ ਪ੍ਰਦਖਣਾ ਲਈਆਂ ਉਹਨਾਂ ਅੱਗੇ ਮੱਥਾ ਟੇਕਿਆ ਅਤੇ ਪ੍ਰਸੰਨ ਹੋ ਕੇ ਸ੍ਰੀ ਅਰਜਨ ਨੂੰ ਗੁਰੂ ਅਰਜਨ ਦੇਵ ਬਣਾ ਦਿੱਤਾ। ਬਾਬਾ ਬੁੱਢਾ ਜੀ ਨੇ ਗੁਰਿਆਈ ਦੇ ਯੋਗ ਗੁਰੂ ਅਰਜਨ ਨੂੰ ਗੁਰਿਆਈ ਦਾ ਟਿੱਕਾ ਲਾ ਕੇ ਸੰਗਤ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਫੈਸਲੇ ਤੇ ਮੁਹਰ ਲਾ ਦਿੱਤੀ। ਅੰਮ੍ਰਿਤਸਰ ਇਕ ਦੋ ਦਿਨ ਟਿਕ ਕੇ ਗੁਰੂ ਰਾਮਦਾਸ ਜੀ ਗੋਇੰਦਵਾਲ ਆ ਗਏ ਅਤੇ *ਐਨਸਾਈਕਲੋਪੀਡੀਆ ਆਫ਼ ਸਿਖਿਜ਼ਮ* ਅਨੁਸਾਰ ਉਹਨਾਂ ਦੇ 1 ਸਿਤੰਬਰ, 1581 ਨੂੰ ਜੋਤੀ

Sri Satguru Jagjit Singh Ji Elibrary NamdhariElibrary@gmail.com

ਜੋਤਿ ਸਮਾਉਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ਦਾ ਕਾਰਜਭਾਰ ਸੰਭਾਲ ਲਿਆ।

ਪ੍ਰਿਥੀ ਚੰਦ ਇਸ ਸਾਰੇ ਘਟਨਾਕ੍ਰਮ ਤੋਂ ਅਤਿਅੰਤ ਦੁਖੀ ਹੋ ਕੇ ਤਿਲਮਿਲਾਉਣ ਲਗ ਪਿਆ। ਅੰਮ੍ਰਿਤਸਰ ਵਿਖੇ ਹੀ ਪ੍ਰਿਥੀ ਚੰਦ ਨੇ ਆਪਣੇ ਗੁਰੂ ਜੀ ਦੀ ਸ਼ਾਨ ਵਿਚ ਕਈ ਬੋਲ ਕੁਬੋਲ ਬੋਲੇ ਅਤੇ ਗੁਰੂ ਅਰਜਨ ਦੇਵ ਜੀ ਨੂੰ ਕਈ ਧਮਕੀਆਂ ਵੀ ਦਿੱਤੀਆਂ। ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਨੂੰ ਸ਼ਾਂਤੀ, ਨਿਮਰਤਾ ਅਤੇ ਦ੍ਰਿੜਤਾ ਦਾ ਪੱਲਾ ਫੜੀ ਰੱਖਣ ਦਾ ਉਪਦੇਸ਼ ਦਿੱਤਾ ਸੀ ਅਤੇ ਭਾਈ ਸੰਤੋਖ ਸਿੰਘ ਦੇ *ਸੂਰਜ ਪ੍ਰਕਾਸ਼* ਅਨੁਸਾਰ ਸਰੋਵਰ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਦਾ ਨਿਰਦੇਸ਼ ਦਿੱਤਾ ਸੀ।

ਗੁਰੂ ਅਰਜਨ ਦੇਵ ਜੀ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਵਿੱਦਿਆ ਵਿਚ ਪੂਰੀ ਮੁਹਾਰਤ ਰੱਖਦੇ ਸਨ ਅਤੇ ਇਸ ਤੱਥ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਭਲੀ ਪ੍ਰਕਾਰ ਉਪਲੱਬਧ ਹੁੰਦੀ ਹੈ। ਇਹਨਾਂ ਭਾਸ਼ਾਵਾਂ ਤੋਂ ਇਲਾਵਾ ਆਪ ਕਈ ਉਪ ਭਾਸ਼ਾਵਾਂ ਤੋਂ ਵੀ ਚੰਗੀ ਤਰ੍ਹਾਂ ਜਾਣੂੰ ਸਨ। ਵੇਦਾਂ, ਸ਼ਾਸਤ੍ਰਾਂ ਨੂੰ ਵੀ ਆਪ ਨੇ ਘੋਖਿਆ ਪੜਚੋਲਿਆ ਸੀ। ਗੁਰੂ ਅਰਜਨ ਦੇਵ ਦਾ ਵਿਆਹ ਮਊ ਪਿੰਡ ਜ਼ਿਲਾ ਜਲੰਧਰ ਦੇ ਕਿਸ਼ਨ ਚੰਦ ਦੀ ਧੀ ਬੀਬੀ ਗੰਗਾ ਨਾਲ ਹੋਇਆ ਪਰ ਕਈ ਵਰ੍ਹਿਆਂ ਤਕ ਕੋਈ ਸੰਤਾਨ ਨ ਹੋਣ ਕਾਰਨ ਆਪਨੇ ਆਪਣੇ ਵੱਡੇ ਭਰਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੂੰ ਗੋਦ ਲੈ ਲਿਆ ਸੀ। ਸੰਨ 1595 ਵਿਚ (ਗੁਰੂ) ਹਰਿਗੋਬਿੰਦ ਦਾ ਜਨਮ ਮਾਤਾ ਗੰਗਾ ਦੀ ਕੁੱਖੋਂ ਹੋਇਆ। ਵੱਡੇ ਭਰਾ ਪ੍ਰਿਥੀ ਚੰਦ ਨੇ ਕਈ ਛਲ ਕਪਟ ਜਾਰੀ ਰਖੇ ਪਰ ਉਹ ਨਾਂ ਤਾਂ ਗੁਰੂ ਅਰਜਨ ਅਤੇ ਨਾ ਹੀ ਬਾਲਕ ਹਰਿਗੋਬਿੰਦ ਦਾ ਕੁੱਝ ਵਿਗਾੜ ਸਕਿਆ। ਗੁਰੂ ਅਰਜਨ ਦੇਵ ਜੀ ਸਾਮ੍ਹਣੇ ਸਭ ਤੋਂ ਪਹਿਲਾ ਕੰਮ ਸਰੋਵਰ ਦੀ ਪੁਟਾਈ ਤੋਂ ਬਾਅਦ ਉਸਨੂੰ ਪਕਿਆਂ ਕਰਨਾ ਸੀ। ਇਧਰ ਪ੍ਰਿਥੀ ਚੰਦ ਦੇ ਕਪਟੀ ਵਿਹਾਰ ਕਾਰਨ ਗੁਰੂ ਘਰ ਦਾ ਲੰਗਰ ਵੀ ਮਸਤ ਹੁੰਦਾ ਜਾ ਰਿਹਾ ਸੀ। ਰੁਪਏ-ਪੈਸੇ ਦੀ ਸਖ਼ਤ ਜ਼ਰੂਰਤ ਸੀ। ਗੁਰੂ ਅਮਰਦਾਸ ਜੀ ਨੇ ਸਿੱਖ ਜਗਤ ਨੂੰ ਭੂਗੋਲਿਕ ਤੌਰ ਤੇ 22 ਮੰਜੀਆਂ ਵਿਚ ਵੰਡ ਹਰ ਖੇਤਰ ਦੀ ਦੇਖਭਾਲ ਕਰਨ ਅਤੇ ਕਾਰ-ਭੇਟ ਇਕੱਠੀ ਕਰਨ ਲਈ ਇਕ ਸੰਗਤੀਆ ਨਿਯੁਕਤ ਕੀਤਾ ਹੋਇਆ ਸੀ। ਡਾ. ਹਰੀ ਰਾਮ ਗੁਪਤਾ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸੰਗਤੀਏ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਸੰਗਤਾਂ ਕੋਲੋਂ ਉਹਨਾਂ ਦੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਘਰ ਦੇ ਕਾਰਜਾਂ ਲਈ ਇਕੱਠਾ ਕਰਕੇ ਪੁਚਾਇਆ ਕਰਨ। ਇਸ ਰਕਮ ਨੂੰ ਦਸਵੰਧ ਕਿਹਾ ਜਾਣ ਲਗ ਪਿਆ। ਸੰਗਤੀਏ ਸਿੱਖਾਂ ਨੂੰ ਹੋਰ ਉਤਸ਼ਾਹਿਤ ਕਰਨ ਹਿੱਤ ਉਹਨਾਂ ਨੂੰ ਮਸੰਦ ਦਾ ਦਰਜਾ ਦੇ ਦਿੱਤਾ ਗਿਆ। ਡਾ. ਗੁਪਤਾ ਅਨੁਸਾਰ ਮਸੰਦ ਸ਼ਬਦ ਫ਼ਾਰਸੀ ਸ਼ਬਦ 'ਮੁਸੱਨਦ' ਦਾ ਪੰਜਾਬੀ ਰੂਪ ਹੈ ਜਿਸਦਾ ਅਰਥ ਹੈ ਕੁਲੀਨ ਪੁਰਸ਼। ਇਹ ਮਸੰਦ ਸਿੱਖ ਸਿਧਾਂਤਾਂ ਦਾ ਉਪਦੇਸ਼ ਦਿੰਦੇ ਸਨ ਲੋਕਾਂ ਦੇ ਝਗੜੇ ਨਿਪਟਾਉਂਦੇ ਸਨ ਅਤੇ ਸਿੱਖਾਂ ਨੂੰ ਇਕ ਨਿਯਮਬੱਧ ਪ੍ਰਬਾਸਨਿਕ ਜੀਵਨ ਜਾਚ ਸਿਖਾਉਂਦੇ ਸਨ। ਮਸੰਦਾਂ ਨੂੰ ਕੋਈ ਤਨਖ਼ਾਹ ਨਹੀਂ ਦਿੱਤੀ ਜਾਂਦੀ ਸੀ, ਉਹ ਗੁਰੂ ਦੀ ਆਗਿਆ ਨਾਲ ਚੜ੍ਹਾਵੇ ਵਿਚੋਂ ਕੁੱਝ ਰਕਮ ਪ੍ਰਾਪਤ ਕਰਦੇ ਸਨ। ਇਹ ਰਕਮ ਆਮ ਤੌਰ ਤੇ ਤੀਜਾ ਹਿੱਸਾ ਹੁੰਦੀ ਸੀ। ਇਹ ਨਿਸ਼ਚਿਤ ਹੈ ਕਿ ਸਿੱਖ ਮੁਗਲੀਆਂ ਹਕੂਮਤ ਦੇ ਲਗਾਨ ਨਾਲੋਂ ਦਸਵੰਧ ਜ਼ਿਆਦਾ ਖ਼ੁਸ਼ੀ ਨਾਲ ਅਤੇ ਨਿਯਮਿਤ ਰੂਪ ਵਿਚ ਦਿੰਦੇ ਸਨ। ਇਹ ਦਸਵੰਧ ਸਾਲ ਵਿਚ ਦੋ ਵਾਰਾਂ

Sri Satguru Jagjit Singh Ji Elibrary NamdhariElibrary@gmail.com

ਵਿਸਾਖੀ ਅਤੇ ਦੀਵਾਲੀ ਦੇ ਮੌਕੇ ਉਪਰ ਦਿੱਤਾ ਜਾਂਦਾ ਸੀ। ਵੱਡੀ ਗਿਣਤੀ ਵਿਚ ਮਸੰਦ ਜੱਟ ਸਨ ਅਤੇ ਕੁੱਝ ਕੁ ਖਤਰੀ ਅਤੇ ਬ੍ਰਾਹਮਣ ਵੀ ਸਨ। *ਦਬਿਸਤਾਨ-ਇ-ਮਜ਼ਾਹਿਬ* ਨੂੰ ਆਧਾਰ ਮੰਨ ਕੇ ਡਾ. ਹਰੀ ਰਾਮ ਗੁਪਤਾ ਅੱਗੇ ਹੋਰ ਵੀ ਕਹਿੰਦੇ ਹਨ ਕਿ ਵਾਪਸੀ ਸਮੇਂ ਮਸੰਦਾਂ ਨੂੰ ਗੁਰੂ ਵੱਲੋਂ ਸਿਰੋਪੇ ਵਜੋਂ ਪਗੜੀ ਅਤੇ ਚਾਦਰ ਦਿੱਤੀ ਜਾਂਦੀ ਸੀ। ਇਸ ਕਾਰਜ ਵਿਧੀ ਨਾਲ ਗੁਰੂ ਘਰ ਦੀ ਆਮਦਨੀ ਕਾਫ਼ੀ ਵਧ ਗਈ ਅਤੇ ਸਿੱਖਾਂ ਦੇ ਵਿਹਾਰ ਵਿਚ ਵੀ ਨਿਯਮਬੱਧਤਾ ਦਾ ਹੋਰ ਵਿਕਾਸ ਹੋਇਆ। ਮੰਜੀ ਨੂੰ 'ਬੜੀ ਸੰਗਤ' ਅਤੇ ਪੀੜ੍ਹੀ ਨੂੰ ਛੋਟੀ ਸੰਗਤ ਕਿਹਾ ਜਾਣ ਲੱਗਾ। ਗੁਰੂ ਦੇ ਨਿਵਾਸ ਨੂੰ ਹੁਣ 'ਦਰਬਾਰ' ਵਜੋਂ ਜਾਣਿਆ ਜਾਣ ਲੱਗ ਪਿਆ।

ਪ੍ਰਿਥੀ ਚੰਦ ਅਨੇਕਾਂ ਪ੍ਰਕਾਰ ਦੀਆਂ ਸਾਜ਼ਿਸ਼ਾਂ ਅਤੇ ਨਾਕਾਬੰਦੀਆਂ ਕਰਨ ਤੋਂ ਫਿਰ ਵੀ ਪਿੱਛੇ ਹਟਣ ਨੂੰ ਤਿਆਰ ਨਹੀਂ ਸੀ। ਮਸੰਦ ਉਗਰਾਹੀ ਕਰਦੇ ਪਰ ਪ੍ਰਿਥੀ ਚੰਦ ਉਹਨਾਂ ਦੇ ਟਿਕਾਣਿਆਂ ਤੇ ਹੀ ਆਪਣੇ ਨਿੱਜੀ ਆਦਮੀ ਭੇਜ ਦਿੰਦਾ ਅਤੇ ਕਾਰ ਭੇਟਾ ਆਪਣੇ ਕੋਲ ਰੱਖਣ ਲਗ ਪਿਆ। ਨਾਲ ਹੀ ਨਾਲ ਉਸ ਨੇ ਗੁਰੂ ਦਰਬਾਰ ਦੇ ਕੀਰਤਨੀਆਂ ਸਤਾ ਤੇ ਬਲਵੰਡ ਨੂੰ ਵੀ ਵਰਗਲਾ ਕੇ ਗੁਰੂ ਅਰਜਨ ਦੇਵ ਜੀ ਨਾਲ ਬੋਲ-ਕੁਬੋਲ ਕਰਵਾਏ। ਸਤਾ ਬਲਵੰਡ ਇਥੋਂ ਤਕ ਆਖਣ ਲਗ ਗਏ 'ਸੰਗਤ ਤਾਂ ਸਾਡੇ ਕਾਰਨ ਆਉਂਦੀ ਹੈ; ਜੇ ਅਸੀਂ ਨਾ ਹੋਈਏ ਤਾਂ ਤੁਹਾਨੂੰ ਕੋਈ ਵੀ ਗੁਰੂ ਨਾ ਮੰਨੇ। ਏਨਾ ਹੀ ਨਹੀਂ ਪਹਿਲੇ ਗੁਰੂ ਸਾਹਿਬਾਨ ਨੂੰ ਪ੍ਰਸਿੱਧ ਕਰਨ ਵਾਲੇ ਵੀ ਅਸੀਂ ਹੀ ਹਾਂ'। ਗੁਰੂ ਅਰਜਨ ਨੇ ਬੜੀ ਨਿਮਰਤਾ ਨਾਲ ਉਹਨਾਂ ਨੂੰ ਸਮਝਾਇਆ ਪਰ ਪ੍ਰਿਥੀ ਚੰਦ ਦੀ ਚੁੱਕ ਕਾਰਨ ਉਹ ਸਾਰੇ ਅਦਬ-ਅਦਾਬ ਭੁਲ ਗਏ। ਅੰਤ ਗੁਰੂ ਅਰਜਨ ਦੇਵ ਜੀ ਨੂੰ ਕਹਿਣਾ ਪਿਆ, 'ਇਹਨਾਂ ਗੁਰਗੱਦੀ ਦੀ ਨਿੰਦਿਆ ਕੀਤੀ ਹੈ ਇਸ ਲਈ ਇਹਨਾਂ ਨੂੰ ਮੱਥੇ ਨ ਲਗਾਇਆ ਜਾਵੇ।' ਗੁਰੂ ਸਾਹਿਬ ਖੁਦ ਸਿਰੰਦਾ ਫੜਿਆ ਅਤੇ ਕੀਰਤਨ ਕਰਨ ਲਗ ਪਏ। ਥੋੜ੍ਹੇ ਹੀ ਦਿਨਾਂ ਬਾਅਦ ਭਾਈ ਗੁਰਦਾਸ ਦੇ ਆਗਰੇ ਤੋਂ ਆਉਣ ਸਾਰ ਜਦੋਂ ਪ੍ਰਿਥੀ ਚੰਦ ਨੂੰ ਪ੍ਰਪੰਚ ਤਿਆਗਣ ਲਈ ਮਜਬੂਰ ਹੋਣਾ ਪਿਆ ਤਾਂ ਇਹ ਰਬਾਬੀ ਕੀਰਤਨੀਏ ਕਿਸੇ ਪਾਸੇ ਜੋਗੇ ਨ ਰਹੇ। ਆਖਰ ਲਾਹੌਰ ਨਿਵਾਸੀ ਭਾਈ ਲੱਧਾ ਜੀ ਦੀ ਸ਼ਰਨ ਵਿਚ ਆ ਡਿੱਗੇ ਅਤੇ ਉਹਨਾਂ ਨੇ ਇਹਨਾਂ ਨੂੰ ਖਿਮਾਦਾਨ ਦੀ ਪ੍ਰਾਪਤੀ ਕਰਵਾਈ। ਸਿੱਖ ਪਰੰਪਰਾ ਅਨੁਸਾਰ ਖਿਮਾਂ ਯਾਚਨਾ ਅਤੇ ਇਕੋ ਗੁਰ ਜੋਤ ਦੀ ਮਹਿਮਾ ਨਾਲ ਸੰਬੰਧਿਤ ਇਹਨਾਂ ਦੀ ਇਕ ਵਾਰ ਰਾਮਕਲੀ ਰਾਗ ਵਿਚ ਦਰਜ ਹੈ।

ਭਾਈ ਗੁਰਦਾਸ ਆਗਰੇ ਅਤੇ ਉਸਦੇ ਆਸਪਾਸ ਦੇ ਇਲਾਕੇ ਵਿਚ ਸਿੱਖ ਸਿਧਾਂਤਾਂ ਦਾ ਪ੍ਰਚਾਰ ਬੜੀ ਲਗਨ ਨਾਲ ਕਰਦੇ ਰਹੇ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਭਾਈ ਗੁਰਦਾਸ ਜਿਹੜੇ ਕਿ ਫ਼ਾਰਸੀ, ਬ੍ਰਿਜ, ਸੰਸਕ੍ਰਿਤ, ਪੰਜਾਬੀ ਆਦਿ ਦੇ ਧੁਰੰਧਰ ਵਿਦਵਾਨ ਹੋਣ ਕਾਰਨ ਉਹਨਾਂ ਦੇ ਪ੍ਰਚਾਰ ਸਦਕਾ ਜਿਥੇ ਆਮ ਵਿਅਕਤੀ ਸਿੱਖ ਸਿਧਾਂਤਾਂ ਨਾਲ ਜੁੜੇ ਉਥੇ 'ਅਕਬਰ ਜਹੇ ਸ਼ਾਹ ਨੇ ਖੁੱਲ ਦਿਲੀ ਵਾਲੇ ਵਿਚਾਰ ਅਪਣਾਏ ਸਨ। 1581 ਈ. ਨੂੰ ਅਕਬਰ ਨੇ ਦੀਨ-ਏ-ਇਲਾਹੀ ਦਾ ਐਲਾਨ ਕੀਤਾ ਸੀ ਤੇ 1581 ਈ. ਵਿਚ ਹੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਸੀ।' ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਤੋਂ ਬਾਅਦ ਭਾਈ ਸਾਹਿਬ ਅਗਲੇ ਸਾਲ ਸੰਗਤਾਂ ਸਮੇਤ ਗੋਇੰਦਵਾਲ ਵੱਲ ਚਲ ਪਏ

Sri Satguru Jagjit Singh Ji Elibrary NamdhariElibrary@gmail.com

ਸਨ। ਅੱਗੇ ਅੰਮ੍ਰਿਤਸਰ ਪੁੱਜ ਕੇ ਉਹਨਾਂ ਨੇ ਪਹਿਲਾਂ ਤਾਂ ਪ੍ਰਿਥੀ ਚੰਦ ਨੂੰ ਸਮਝਾਇਆ ਕਿ ਉਹ ਗੁਰੂ ਘਰ ਦਾ ਦੋਖੀ ਨ ਬਣੇ ਅਤੇ ਆਪਣੀ ਕੁਢੰਗੀਆਂ ਚਾਲਾਂ ਛੱਡ ਦੇਵੇ ਪਰ ਅਜਿਹਾ ਨਾ ਕਰਨ ਤੇ ਉਸ ਦੀ ਧਾਂਧਲੀ ਨੂੰ ਠੱਲ੍ਹ ਪਾਉਣ ਲਈ ਮੁਖੀ ਸਿੱਖਾਂ ਨੂੰ ਨਾਕਿਆਂ ਤੇ ਬਿਠਾ ਦਿੱਤਾ ਕਿ ਉਹ ਸੰਗਤਾਂ ਨੂੰ ਸੁਚੇਤ ਕਰੀ ਜਾਣ। ਭਾਈ ਗੁਰਦਾਸ ਆਪ ਬੁੱਢਾ ਜੀ ਨੂੰ ਨਾਲ ਲੈ ਪਿਪਲੀ ਸਾਹਿਬ (ਪੁਤਲੀ ਘਰ) ਚਲੇ ਗਏ ਅਤੇ ਸੰਗਤਾਂ ਕੋਲੋਂ ਕਾਰ ਭੇਟਾ ਲੈ ਕੇ ਸਿੱਧੀ ਗੁਰੂ ਸਾਹਿਬ ਪਾਸ ਪੁਚਾਉਣ ਲਗ ਪਏ। ਇਸ ਤਰ੍ਹਾਂ ਪ੍ਰਿਥੀ ਚੰਦ ਦੀ ਸਾਜਿਸ਼ ਤੇ ਨਾਕਾ ਬੰਦੀ ਨਿਸਫਲ ਹੋ ਗਈ।

ਹੁਣ ਉਸਾਰੀ ਦੇ ਕੰਮ ਤੇਜ਼ੀ ਨਾਲ ਚਲ ਪਏ ਅਤੇ ਏਸੇ ਦੌਰਾਨ ਸਤਾ ਅਤੇ ਬਲਵੰਡ ਵੀ ਗੁਰੂ ਦਰਬਾਰ ਵਿਚ ਵਾਪਸ ਆ ਗਏ। ਪ੍ਰਿਥੀ ਚੰਦ ਦੀ ਹਾਲਤ ਮਾੜੀ ਹੋ ਗਈ ਅਤੇ ਉਹ ਖੁਦ ਭਾਈ ਗੁਰਦਾਸ ਜੀ ਕੋਲ ਅਪੜਿਆ ਅਤੇ ਗੁਜ਼ਾਰੇ ਲਈ ਪ੍ਰਬੰਧ ਕਰਨ ਹਿਤ ਉਹਨਾਂ ਨੂੰ ਕਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਨਗਰ ਦੀਆਂ ਦੁਕਾਨਾਂ ਦਾ ਕਿਰਾਇਆ ਅਤੇ ਚੁੰਗੀ ਪ੍ਰਿਥੀ ਚੰਦ ਨੂੰ ਦੇ ਦਿੱਤਾ ਅਤੇ ਮਹਾਦੇਵ ਨੂੰ ਪਾਸੀਆਂ ਦੇ ਚੌਕ ਦੀ ਚੁੰਗੀ ਸਾਰੀ ਆਮਦਨ ਦੇ ਦਿੱਤੀ। ਸੂਰਜ ਪ੍ਰਕਾਸ਼ ਅਨੁਸਾਰ :

*ਕਛੁਕ ਦੁਕਾਨਨ ਕੋ ਤਹਿ ਭਾਰਾ।*
*ਅਰ ਜਗਾਤ ਜੋ ਆਇ ਬਾਜ਼ਾਰਾ।*
*ਸੋ ਸਭ ਪ੍ਰਥੀਏ ਕੋ ਤਬ ਦੀਨ।*
*ਚੌਕ ਪਾਸੀਆਂ ਕੇ ਜਹਿ ਚੀਨ।*
*ਮਹਾਦੇਵ ਕੋ ਸੋ ਬਲ ਦਯੋ।*
*ਧਨ ਜਗਾਤ ਕੋ ਤਿਸ ਨੇ ਲਯੋ।*

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ – ਇਤਿਹਾਸ ਦ੍ਰਿਸ਼ਟਾ ਵਜੋਂ

*ਡਾ. ਸੁਰਿੰਦਰ ਸਿੰਘ ਨੂਰ**

ਗੁਰੂ ਅਰਜਨ ਜੀ ਨੂੰ ਇਤਿਹਾਸ ਦ੍ਰਿਸ਼ਟਾ ਵਜੋਂ ਦੇਖਦਿਆਂ ਅਸੀਂ ਕਈ ਮਹੱਤਵ ਯੋਗ ਨਿਰਣਿਆਂ ਦੇ ਸਾਹਵੇਂ ਹੁੰਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਤੋਂ ਹੀ ਇਕ ਇਤਿਹਾਸ-ਦ੍ਰਿਸ਼ਟੀ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ, ਗੁਰੂ ਨਾਨਕ ਦੇਵ ਤੇ ਅਗਲੇਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਤੇ ਆਪਣੇ ਸਾਰੇ ਕਾਰਜ ਵਿਚ ਇਤਿਹਾਸ ਦ੍ਰਿਸ਼ਟੀ ਨੂੰ ਸਿਧਾਂਤਕ ਤੌਰ 'ਤੇ ਪ੍ਰਪੱਕ ਕਰ ਦਿੱਤਾ ਤੇ ਇਤਿਹਾਸ ਦ੍ਰਿਸ਼ਟੀ ਉਸ ਸਮੇਂ ਲਹਿਰ ਦਾ ਆਧਾਰ ਬਣੀ। ਇਤਿਹਾਸ ਦੇ ਨਜ਼ਰ ਮਾਰਿਆਂ ਇਹ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਇਕ ਵਿੱਥ ਪੈਣਾ ਸ਼ੁਰੂ ਹੋ ਜਾਂਦਾ ਹੈ, ਪੌਰਾਣ-ਦ੍ਰਿਸ਼ਟੀ ਅਤੇ ਇਤਿਹਾਸ-ਦ੍ਰਿਸ਼ਟੀ ਦੇ ਦਰਮਿਆਨ। ਹਿੰਦੂ ਦਰਸ਼ਨ ਜਾਂ ਬ੍ਰਾਹਮਣੀ-ਪ੍ਰਬੰਧ ਦਾ ਸੰਚਾਰ ਕਰਨ ਵਾਲੇ ਵਧੇਰੇ ਗ੍ਰੰਥਾਂ ਦਾ ਸੰਬੰਧ ਵਧੇਰੇ ਪੌਰਾਣ-ਦ੍ਰਿਸ਼ਟੀ ਨਾਲ ਸੀ, ਬਹੁਤ ਥਾਂ ਨਿਰਗੁਣ ਨੂੰ ਵਿਚਾਰਦਿਆਂ ਵੀ ਸਰਗੁਣ ਸੰਕਲਪ ਨਾਲ ਸੀ ਤੇ ਵਿਸ਼ਿਸ਼ਟ ਅਦਵੈਤ ਵਿਚੋਂ ਵੀ ਜੋ ਮਾਇਆ ਦਾ ਸੰਕਲਪ ਉਘੜਿਆ ਸੀ, ਉਸਨੇ ਸਮਾਜ ਵਿਚਲੇ ਇਤਿਹਾਸਕ-ਵਿਰੋਧਾਂ ਤੇ ਮਨੁੱਖ ਦਾ ਵਿਸ਼ਵਾਸ ਖਤਮ ਕਰ ਦਿੱਤਾ ਸੀ। ਮਾਨਸਿਕ ਪਲਾਇਣ ਨੇ ਇਸੇ 'ਚੋਂ ਜਨਮ ਲਿਆ ਤੇ ਸਮਾਜ ਖੀਣ ਖੀਣ ਹੋ ਕੇ ਸਿਥਲ ਹੋ ਗਿਆ। ਇਸ ਬਿੰਦੂ ਤੇ ਇਹ ਬਹੁਤ ਵੱਡੀ ਵੰਗਾਰ ਸੀ ਕਿ ਇਸ ਸਥਿਤੀ ਦੀ ਪਹਿਚਾਣ ਕਿਵੇਂ ਕੀਤੀ ਜਾਵੇ, ਇਸ ਵੰਗਾਰ ਦੇ ਹੀ ਸਿੱਖ-ਦਰਸ਼ਨ ਤੇ ਗੁਰਬਾਣੀ ਵਿਚ ਇਤਿਹਾਸ ਦ੍ਰਿਸ਼ਟੀ ਦਾ ਉਦੈ ਹੋਇਆ। ਇਹ ਸਮੁੱਚੇ ਭਾਰਤ ਵਿਚ ਇਕ ਨਵੀਂ ਵਿਚਾਰਧਾਰਕ ਕ੍ਰਾਂਤੀ ਸੀ। ਆਧੁਨਿਕ/ਚਿੰਤਨ ਤੱਕ ਪਹੁੰਚਦਿਆਂ ਇਤਿਹਾਸ-ਦ੍ਰਿਸ਼ਟੀ ਜਿਵੇਂ ਵਿਸ਼ਵ ਵਿਚ ਵਿਚਾਰਧਾਰਾ ਦੇ ਅੰਗ ਸੰਗ ਰਹੀ ਹੈ, ਇਸ ਗੱਲ ਨੂੰ ਉਸ ਪਰਿਪੇਖ ਵਿਚ ਵੀ ਦੇਖਿਆ ਜਾ ਸਕਦਾ ਹੈ।

ਗੁਰਬਾਣੀ ਵਿਚ ਜੋ ਇਤਿਹਾਸ-ਦ੍ਰਿਸ਼ਟੀ ਉਕਰਣੀ ਸ਼ੁਰੂ ਹੋਈ, ਉਸ ਨੇ ਭਾਰਤ ਲਈ ਇਕ ਨਵਾਂ-ਧਰਮ ਪ੍ਰਬੰਧ ਵੀ ਸੋਚਿਆ, ਸਮਾਜਕ, ਸਭਿਆਚਾਰਕ ਤੇ ਕਿਸੇ ਹੱਦ ਤੱਕ ਆਰਥਕ ਪ੍ਰਬੰਧ ਵੀ। ਇਸ ਲਈ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੇ ਵਿਚਾਰ ਧਾਰਮਕ ਕਾਰਜ ਨੇ ਦੋ ਦ੍ਰਿਸ਼ਟੀਆਂ ਦਾ ਵਿਰੋਧ ਕੀਤਾ। ਇਕ ਦ੍ਰਿਸ਼ਟੀ ਬ੍ਰਾਹਮਣਵਾਦ ਦੀ ਸੀ ਤੇ ਦੂਸਰੀ ਇਸਲਾਮੀ ਕੱਟੜਤਾ ਦੀ। ਜੋ ਰਾਜੇ ਜਾਂ ਬਾਦਸ਼ਾਹ ਦਾ ਸੰਕਲਪ ਬਣਿਆ ਹੋਇਆ ਸੀ, ਉਸਨੂੰ ਵੀ ਰੱਦ

* ਡੀ-132, ਮਾਨਸਰੋਵਰ ਗਾਰਡਨ, ਨਵੀਂ ਦਿੱਲੀ – 15.

Sri Satguru Jagjit Singh Ji Elibrary NamdhariElibrary@gmail.com

ਕਰ ਦਿੱਤਾ। ਕਬੀਰ ਨੇ ਹੀ ਆਖ ਦਿੱਤਾ :

*ਕੋਊ ਹਰਿ ਸਮਾਨ ਨਹੀ ਰਾਜਾ॥*
*ਏ ਭੂਪਤਿ ਸਭਿ ਦਿਵਸ ਚਾਰਿ ਕੇ,*
*ਝੂਠੇ ਕਰਤ ਦਿਵਾਜਾ॥*

(ਬਿਲਾਵਲ ਕਬੀਰ ਪੰਨਾ 856)

ਗੁਰੂ ਨਾਨਕ ਦੇਵ ਨੇ ਤਾਂ 'ਕੂੜ ਰਾਜਾ ਕੂੜੁ ਪਰਜਾ' ਤੋਂ ਲੈ ਕੇ 'ਤਿਸੁ ਬਿਨ ਰਾਜਾ ਅਵਰ ਨ ਕੋਈ' ਤੱਕ ਕਹਿੰਦਿਆਂ ਸਾਰੇ ਰਾਜ-ਸੰਕਲਪ ਨੂੰ ਹੀ ਰੱਦ ਕਰ ਦਿੱਤਾ ਸੀ। ਸੱਚੇ ਪਾਤਸ਼ਾਹ ਦਾ ਸੰਕਲਪ ਇਸੇ ਇਤਿਹਾਸ-ਦ੍ਰਿਸ਼ਟੀ ਚੋਂ ਪੈਦਾ ਹੋਇਆ ਸੀ।

ਬ੍ਰਾਹਮਣਵਾਦ ਪੌਰਾਣ ਇਕ-ਦ੍ਰਿਸ਼ਟੀ ਜੋ ਹਿੰਦੂ-ਪ੍ਰੰਪਰਾ ਨਾਲ ਜੁੜੀ ਹੋਈ ਸੀ। ਗੁਰੂ ਨਾਨਕ ਦੇਵ ਨੇ ਵੀ ਇਸ ਬਾਰੇ ਆਖ ਦਿੱਤਾ ਸੀ :

*ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥*
*ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥*
*ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥*

(ਵਾਰ ਬਿਹਾਗੜਾ 1, ਪੰਨਾ 556)

ਇਹ ਗੁਰਬਾਣੀ ਵਿਚ ਇਤਿਹਾਸ-ਦ੍ਰਿਸ਼ਟੀ ਦਾ ਇਕ ਸੰਕਲਪ ਤੇ ਮਾਰਗ ਤਿਆਰ ਹੋ ਗਿਆ ਸੀ। ਇਹ ਇਤਿਹਾਸ-ਦ੍ਰਿਸ਼ਟੀ ਬ੍ਰਾਹਮਣਵਾਦ ਰਾਜ-ਸੰਕਲਪ ਦਾ ਹੀ ਨਿਰੀਖਣ ਨਹੀਂ ਸੀ ਕਰ ਰਹੀ; ਇਹ ਇਸਲਾਮ ਦਾ ਵੀ ਨਿਰੀਖਣ ਕਰ ਰਹੀ ਸੀ :

*ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥*
*ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜੁ॥*
*ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥*

(ਵਾਰ ਮਾਝ 1, ਪੰਨਾ 140)

ਇਹ ਨਿਰੀਖਣ ਇਸੇ ਲਈ ਸੀ ਕਿਉਂਕਿ ਇਕ ਨਵੀਂ ਸਮਾਜਕ-ਸੰਰਚਨਾ ਦੀ ਸਿਰਜਣਾ ਹੋ ਰਹੀ ਸੀ। ਗੁਰੂ ਅਰਜਨ ਦੇਵ ਦੀ ਇਤਿਹਾਸ-ਚੇਤਨਾ ਜਾਂ ਇਤਿਹਾਸ ਦ੍ਰਿਸ਼ਟੀ ਨੂੰ ਇਸੇ ਪਰਿਪੇਖ ਵਿਚ ਦੇਖਿਆ ਜਾ ਸਕਦਾ ਹੈ। ਇਸ ਪਰਿਪੇਖ ਵਿਚ ਹੀ ਉਹ ਹੋਰ ਗਤੀਸ਼ੀਲ ਤੇ ਵੱਧ ਕਾਰਜਸ਼ੀਲ ਹੁੰਦੇ ਹਨ। ਉਨ੍ਹਾਂ ਬ੍ਰਾਹਮਣਵਾਦ ਬਾਰੇ ਕਿਹਾ :

*ਦਾਨੁ ਦੇਇ ਕਰਿ ਪੂਜਾ ਕਰਨਾ॥*
*ਲੈਤ ਦੇਤ ਉਨ੍ ਮੂਕਰਿ ਪਰਨਾ॥*
*ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ॥*
*ਤਿਤੁ ਦਰਿ ਤੂੰਹੀ ਹੈ ਪਛੁਤਾਣਾ॥*
*ਐਸੇ ਬ੍ਰਾਹਮਣ ਡੂਬੇ ਭਾਈ॥*

*ਨਿਰਾਪਰਾਧ ਚਿਤਵਹਿ ਬੁਰਿਆਈ॥*

(ਆਸਾ ਮਹਲਾ 5, ਪੰਨਾ 372)

ਰਾਜ-ਪ੍ਰਬੰਧ ਰਾਜਿਆਂ ਬਾਰੇ ਉਨ੍ਹਾਂ ਨੇ ਆਪਣਾ ਦ੍ਰਿਸ਼ਟੀਕੋਣ ਪ੍ਰਗਟਾਉਂਦਿਆਂ ਆਖਿਆ :

1. *ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥*
*ਸੰਚੰਤਿ ਬਿਖਿਆ ਛਲੰ ਛਿਦ੍ਰੰ*
*ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥*

(ਜੈਤਸਰੀ ਕੀ ਵਾਰ, ਪੰਨਾ 708)

2. *ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥*

(ਸੋਰਠਿ ਮਹਲਾ 5, ਪੰਨਾ 642)

ਸਮਕਾਲੀ ਸਮੇਂ ਵਿਚ ਅਕਬਰ ਦੇ 'ਦੀਨ ਇਲਾਹੀ' ਦੇ ਕੁਝ ਵੱਖਰੀ ਮਾਨਸਿਕਤਾ ਨੂੰ ਸਾਹਮਣੇ ਲਿਆਂਦਾ ਪਰ ਜਹਾਂਗੀਰ ਨੇ ਫਿਰ ਉਸੇ ਮੁਗ਼ਲ ਬਾਦਸ਼ਾਹੀ ਮਾਨਸਿਕਤਾ ਨੂੰ ਅਪਣਾਅ ਲਿਆ, ਉਹੀ ਜੀਵਨ-ਜਾਚ, ਉਹੀ ਵਿਰੋਧ। ਚੰਦੂ, ਸੁਲਹੀ, ਸੁਲਭੀ, ਪ੍ਰਿਥੀਆ ਇਹ ਸਭ ਉਸ ਜੀਵਨ-ਜਾਚ ਕੂੜ ਦੇ ਮੋਹਰੇ ਤੇ ਚਿਹਨ ਹਨ। ਗੁਰੂ ਅਰਜਨ ਦੀ ਇਤਿਹਾਸ-ਦ੍ਰਿਸ਼ਟੀ, ਇਤਿਹਾਸਕ ਚੇਤਨਾ ਇਤਿਹਾਸਕ-ਜ਼ਿੰਮੇਵਾਰੀ ਇਸ ਸਭ ਕੁਝ ਨਾਲ ਸਮਝੌਤਾ ਨਹੀਂ ਸੀ ਕਰ ਸਕਦੀ। ਉਨ੍ਹਾਂ ਦੀ ਇਤਿਹਾਸ ਦ੍ਰਿਸ਼ਟੀ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ ਤੇ ਇਕ ਸਮਾਨਾਂਤਰ ਵਿਚਾਰਧਾਰਾ ਦੀ ਵੰਗਾਰ ਵੀ ਖੜ੍ਹੀ ਕਰ ਦਿੱਤੀ ਤੇ ਉਸ ਨੂੰ ਪ੍ਰਮੁੱਖ ਰੂਪ ਵਿਚ ਹਰਿਮੰਦਰ ਵਿਚ ਸਥਾਪਤ ਵੀ ਕਰ ਦਿੱਤਾ। ਗਿਆਨ ਦਾ ਪ੍ਰਵਚਨ ਬਦਲ ਗਿਆ। ਗਿਆਨ ਦੇ ਸੰਕਲਪੀ ਸ਼ਬਦ ਨਵੇਂ ਅਰਥ ਧਾਰਨ ਕਰਵਾਏ। ਸੰਗਤ, ਪੰਗਤ, ਗੁਰਮੁਖ, ਸਚਿਆਰਾ ਨੇ ਇਕ ਨਵੀਂ ਨੈਤਿਕਤਾ ਸਾਹਮਣੇ ਲੈ ਆਂਦੀ। ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਇਕ ਨਵੇਂ ਮਨੁੱਖ ਨੇ ਜਨਮ ਲੈ ਲਿਆ। ਸਾਂਝੀਵਾਲਤਾ ਦੀ ਵਿਚਾਰਧਾਰਾ। ਊਚ ਨੀਚ, ਜਾਤ-ਪਾਤ ਦੀਆਂ ਸ਼ਕ ਸਿੱਲਾਂ ਖਤਮ। ਹਰ ਕਿਸਮ ਦੀ ਹਿੰਸਾ ਤੇ ਕੱਟੜਤਾ ਦਾ ਵਿਰੋਧ। ਕੌਮੀ ਏਕਤਾ ਦਾ ਪਹਿਲੀ ਵਾਰ ਇਕ ਮਾਡਲ ਉਭਰਿਆ।

ਵਿਹਾਰਕ ਤੇ ਪ੍ਰਬੰਧਕ ਤੌਰ ਤੇ ਅਜਿਹੀ ਇਤਿਹਾਸ-ਦ੍ਰਿਸ਼ਟੀ ਉਦੋਂ ਹੀ ਉਪਰ ਆਈ ਸੀ ਜਦੋਂ ਗੁਰੂ ਅਮਰਦਾਸ ਨੇ ਬਾਈ ਮੰਜੀਆਂ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਮੰਜੀਆਂ ਵਿਚ ਮੁਸਲਮਾਨ ਵੀ ਸ਼ਾਮਲ ਸਨ। ਅੱਲਾ ਯਾਰ ਖ਼ਾਂ ਦਿੱਲੀ ਦਾ ਪਠਾਣ ਸੀ। ਇਨ੍ਹਾਂ ਵਿਚ ਜੱਟ, ਖੱਤਰੀ, ਬ੍ਰਾਹਮਣ ਸਾਰੇ ਹੀ ਸ਼ਾਮਲ ਸਨ, ਪਰ ਇਹ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਪਰਚਾਰ ਦੀ ਜ਼ਿੰਮੇਵਾਰੀ ਨੂੰ ਸਮਝਦੇ ਸਨ। ਮਾਇਆ ਇਕੱਠੀ ਕਰਨ ਲਈ ਗੁਰੂ ਰਾਮਦਾਸ ਨੇ ਮਸੰਦਾਂ ਨੂੰ ਜ਼ਿੰਮੇਵਾਰ ਬਣਾਇਆ ਸੀ ਪਰ ਇਸ ਪ੍ਰਸੰਗ ਵਿਚ ਇਕ ਤਣਾਉ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਗੁਰੂ ਅਰਜਨ ਦੇ ਸਮੇਂ ਅੰਮ੍ਰਿਤਸਰ ਨੂੰ ਆਉਣ ਵਾਲੇ ਸਾਰੇ ਰਾਹਾਂ ਤੇ ਆਪਣੇ ਮਸੰਦ ਬਿਠਾ ਦਿੰਦਾ ਹੈ। ਗੁਰੂ ਅਰਜਨ ਜਿਸ ਇਤਿਹਾਸ-ਚੇਤਨਾ ਨਾਲ ਜੁੜੇ ਹੋਏ ਹਨ। ਉਹ ਇਸਨੂੰ ਸੁਲਝਾਉਂਦੇ ਹੀ ਨਹੀਂ, ਉਸ ਕੂੜ ਨਾਲ ਕੋਈ ਸਮਝੌਤਾ ਨਹੀਂ ਕਰਦੇ।

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੀ ਇਤਿਹਾਸ ਚੇਤਨਾ ਉਨ੍ਹਾਂ ਨੂੰ ਸੂਫੀਵਾਦ ਮੀਆਂਮੀਰ ਦੇ ਨੇੜੇ ਲਿਆਉਂਦੀ ਹੈ। ਉਹ ਗੁਰੂ ਨਾਨਕ ਤੇ ਬਾਬਾ ਫਰੀਦ ਦੇ ਵਰੋਸਾਏ ਪਰਿਪੇਖ ਵਿਚ ਇਸਲਾਮ, ਸੂਫੀਵਾਦ ਅਤੇ ਕੱਟੜ ਇਸਲਾਮ ਵਿਚ ਇਕ ਨਿਖੇੜ ਕਰ ਲੈਂਦੇ ਹਨ, ਉਹ ਚੇਤੰਨ ਹਨ ਕਿ ਪੰਜਾਬੀ ਸਭਿਆਚਾਰ ਦਾ ਮਾਡਲ ਗੁਰਮਤਿ ਤੇ ਸੂਫੀਵਾਦ ਦੀ ਸੰਯੁਕਤੀ 'ਚੋਂ ਬਨਣਾ ਹੈ। ਉਨ੍ਹਾਂ ਦੀ ਇਤਿਹਾਸ ਦ੍ਰਿਸ਼ਟੀ ਅਤੀਤ ਵਰਤਮਾਨ ਦਾ ਨਿਰੀਖਣ ਕਰਦੀ ਭਵਿੱਖ ਮੁਖੀ ਹੈ, ਜਿਸਨੂੰ ਅੱਜ ਦੇ ਪਰਿਪੇਖ ਵਿਚ ਵੀ ਪਛਾਣਿਆ ਜਾ ਸਕਦਾ ਹੈ। ਅਜਿਹੇ ਇਤਿਹਾਸ-ਦ੍ਰਿਸ਼ਟਾ ਨੂੰ ਉਹ ਮੁਗਲ ਬਾਦਸ਼ਾਹੀ ਦ੍ਰਿਸ਼ਟੀ ਕਿਵੇਂ ਸਵੀਕਾਰ ਕਰ ਸਕਦੀ ਹੈ। ਜਿਸਦਾ ਸੰਬੰਧ ਕੁਰਾਨੀ ਇਸਲਾਮ ਸੂਫੀਵਾਦ ਜਾਂ ਤੌਹੀਦ ਨਾਲ ਨਹੀਂ ਰਿਹਾ, ਸਗੋਂ ਉਸ ਕੱਟੜਤਾ ਨਾਲ ਸੀ, ਜੋ ਹਿੰਸਕ ਤੇ ਗੈਰ-ਇਨਸਾਨੀ ਸੀ, ਜਿਸ ਦੀਆਂ ਜੜ੍ਹਾਂ ਬਰਾਬਰ ਕੱਟੜਤਾ ਵਿਚ ਸਨ। ਗੁਰੂ ਅਰਜਨ ਜਿਸ ਸਮਾਜਕ ਸੰਰਚਨਾ ਦੀ ਉਸਾਰੀ ਕਰ ਰਹੇ ਸਨ, ਉਸਦਾ ਇਸ ਬਰਾਬਰ ਕੱਟੜਤਾ ਨਾਲ ਸਿਧਾਂਤਕ ਵਿਰੋਧ ਸੀ।

ਮੈਂ ਇਸਦਾ ਕੁਝ ਵਿਸਥਾਰ ਕਰਨਾ ਚਾਹੁੰਦਾ ਸਾਂ। ਇਸਲਾਮ ਵਿਚ ਪਹਿਲਾਂ ਸ਼ਹੀਦ ਇਕ ਔਰਤ ਸੀ। ਇਸ ਔਰਤ ਦਾ ਨਾਂ ਸੁਮੱਈਆ ਸੀ। ਇਸਲਾਮ ਸਾਹਮਣੇ ਆਇਆ ਕੁਝ ਦਿਨ ਹੀ ਹੋਏ ਸਨ। ਉਸਦੇ ਦੋਵੇਂ ਬੇਟੇ ਇਸਲਾਮ ਵਿਚ ਸ਼ਾਮਲ ਹੋ ਗਏ। ਕੁਝ ਦਿਨਾਂ ਬਾਅਦ ਮਾਂ-ਬਾਪ ਵੀ ਸ਼ਾਮਲ ਹੋ ਗਏ। ਦੋਨੋਂ ਪੁੱਤਰਾਂ ਅਤੇ ਮਾਂ-ਬਾਪ ਨੂੰ ਕਬੀਲੇ ਵਾਲਿਆਂ (ਜੋ ਹਜ਼ਰਤ ਮੁਹੰਮਦ ਦੇ ਰਿਸ਼ਤੇਦਾਰ ਤੇ ਕਬੀਲੇ 'ਚੋਂ ਹੀ ਸਨ, ਪਰ ਉਨ੍ਹਾਂ ਅਜੇ ਇਸਲਾਮ ਨਹੀਂ ਸੀ ਧਾਰਨ ਕੀਤਾ) ਨੇ ਇਸਲਾਮ ਤਿਆਗਣ ਲਈ ਆਖਿਆ, ਪਰ ਉਨ੍ਹਾਂ ਨੇ ਇਹ ਨਾ ਮੰਨਿਆ। ਸਭ ਤੋਂ ਪਹਿਲਾਂ ਮਾਂ ਨੂੰ ਸ਼ਹੀਦ ਕੀਤਾ ਗਿਆ। ਇਹ ਗੱਲ ਹਿਜ਼ਰਤ ਤੋਂ ਵੀ ਪਹਿਲਾਂ ਦੀ ਹੈ।

ਬਾਅਦ ਵਿਚ ਉਹ ਰਾਜਸ਼ਾਹੀ ਜੋ ਕੁਰਾਨ ਤਸ਼ੱਦਦ ਤੇ ਤੌਹੀਦ ਨੂੰ ਭੁੱਲ ਕੇ ਆਪਣੇ ਆਪ ਨੂੰ ਸੰਸਥਾਪਤ ਰੱਖਣ ਲਈ 'ਬ-ਸਿਆਸਤ ਵਬ-ਯਾਸਾ' ਦੀ ਗੱਲ ਕਰਦੀ ਰਹੀ, ਉਸਨੇ ਵਿਰੋਧੀਆਂ ਨੂੰ ਸ਼ਹੀਦ ਕਰਨ ਲਈ ਉਸੇ ਬਰਾਬਰ ਕੱਟੜਤਾ ਨੂੰ ਅਪਣਾਇਆ ਤੇ ਤੀਹ ਕਿਸਮ ਦੇ ਤਸੀਹੇ ਆਇਦ ਕੀਤੇ।

ਗੁਰੂ ਅਰਜਨ ਦੀ ਇਤਿਹਾਸ-ਦ੍ਰਿਸ਼ਟੀ ਦਾ ਵਿਰੋਧ ਇਸ 'ਬ-ਸਿਆਸਤ ਵਬ-ਯਾਸਾ' ਦੇ ਸੰਕਲਪ ਨਾਲ ਸੀ। ਦੋ ਸੰਕਲਪਾਂ ਦਾ ਟਕਰਾ ਸੀ। ਉਨ੍ਹਾਂ ਨੇ ਪੂਰੇ ਸਿਸਟਮ ਨੂੰ ਢਾਹੁਣ ਦੀ ਲਹਿਰ ਨੂੰ ਅੱਗੇ ਤੋਰਨਾ ਸੀ। ਉਨ੍ਹਾਂ ਦੀ ਸ਼ਹੀਦੀ ਇਸ ਸਾਰੀ ਇਤਿਹਾਸ ਚੇਤਨਾ 'ਚੋਂ ਪੈਦਾ ਹੋਈ ਸੀ। ਇਹ ਟੱਕਰ ਬਾਦਸ਼ਾਹ ਜਹਾਂਗੀਰ ਨਾਲ ਸੀ। ਚੰਦੂ, ਪ੍ਰਿਥੀਏ, ਸੁਲਹੀ, ਸੁਲਭੀ ਅਜਿਹੇ ਹੋਰ ਮਾਤਰ ਤਾਂ ਨਿਗੁਣੇ ਜਿਹੇ ਮੋਹਰੇ ਸਨ। ਕਿਸੇ ਨੂੰ ਸ਼ਹੀਦ ਕਰਨ ਦਾ ਹੁਕਮ ਕੇਵਲ ਬਾਦਸ਼ਾਹ ਦੇ ਸਕਦਾ ਸੀ।

ਜਹਾਂਗੀਰ ਤਖ਼ਤ ਤੇ ਬੈਠਣ ਤੋਂ ਬਾਅਦ ਸਿੱਖਾਂ ਦੀ ਉਭਰ ਰਹੀ ਤਾਕਤ ਤੋਂ ਭੈ ਭੀਤ ਸੀ। ਖੁਸਰੋ ਜਿਸਨੇ ਉਸਦੇ ਖਿਲਾਫ਼ ਬਗਾਵਤ ਕਰ ਦਿੱਤੀ ਸੀ। ਉਸਨੇ ਗੋਇੰਦਵਾਲ ਜਾ ਕੇ ਗੁਰੂ ਅਰਜਨ ਤੋਂ ਅਸੀਸ ਵੀ ਲਈ ਸੀ। 'ਤੁਜ਼ਕਿ-ਜਹਾਂਗੀਰੀ' ਵਿਚ ਜੋ ਲਿਖਿਆ ਮਿਲਦਾ ਹੈ, ਉਸਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਕਈ ਵਿਦਵਾਨਾਂ ਨੇ ਇਹ ਸਿੱਧ ਕਰਨ ਦਾ ਯਤਨ

Sri Satguru Jagjit Singh Ji Elibrary NamdhariElibrary@gmail.com

ਕੀਤਾ ਹੈ ਕਿ ਇਹ ਜਹਾਂਗੀਰ ਦੀ ਆਪਣੀ ਲਿਖਤ ਨਹੀਂ ਪਰ ਕਿਸੇ ਕੋਲ ਕੋਈ ਢੱਜ ਦਾ ਤਰਕ ਨਹੀਂ। ਜੇ ਜਹਾਂਗੀਰ ਨੇ ਆਪ ਲਿਖਣ ਦੀ ਬਜਾਏ ਹੋਰ ਦੇ ਲੇਖਕਾਂ ਨੂੰ ਇਹ ਨਾਲੋਂ ਲਿਖਣ ਲਈ ਆਖਿਆ ਵੀ ਤੇ ਆਪੇ ਸੁਧਾਈ ਕੀਤੀ ਫਿਰ ਵੀ ਇਹ ਲਿਖਤ ਉਸੇ ਦੀ ਗਿਣੀ ਜਾਏਗੀ। ਇਸ ਲਿਖਤ ਦੀਆਂ ਸਤਰਾਂ ਪੜ੍ਹਣਯੋਗ ਹਨ :

"ਦਰਿਆ ਬਿਆਸ ਦੇ ਕੰਢੇ ਉਤੇ ਗੋਇੰਦਵਾਲ ਵਿਖੇ ਅਰਜਨ ਨਾਮ ਦਾ ਇਕ ਹਿੰਦੂ ਪੀਰਾਂ ਅਤੇ ਸੂਤਾਂ ਦੇ ਲਿਬਾਸ ਵਿਚ ਰਹਿੰਦਾ ਸੀ। ਦੁਨੀਆਂ 'ਚ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਨਾਦਾਨ ਅਤੇ ਬੇਸਮਝ ਮੁਸਲਮਾਨਾਂ ਨੂੰ ਵੀ ਉਸਨੇ ਆਪਣੀ ਰਹਿਤ ਵਿਚ ਖਿੱਚ ਲਿਆਂਦਾ ਸੀ ਅਤੇ ਉਸਨੇ ਆਪਣੀ ਪੀਰ ਦੇ ਢੋਲ ਨੂੰ ਉਚੀ ਆਵਾਜ਼ ਵਿਚ ਵਜਾਇਆ ਹੋਇਆ ਸੀ। ਉਸ ਨੂੰ ਲੋਕ ਗੁਰੂ ਆਖਦੇ ਸਨ। ਹਰ ਪਾਸਿਉਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਉਸ ਵੱਲ ਧਾਹ ਕੇ ਆਉਂਦੇ ਸਨ ਅਤੇ ਉਸ ਉੱਤੇ ਪੂਰਾ ਈਮਾਨ ਲਿਆਉਂਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਹਨਾਂ ਨੇ ਇਸ ਦੁਕਾਨ ਨੂੰ ਗਰਮ ਰੱਖਿਆ ਸੀ। ਮੁੱਦਤਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ, ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲੇ ਆਂਦਾ ਜਾਵੇ।"

ਅਖੀਰ ਇਸ ਸਮੇਂ ਵਿਚ ਖੁਸਰੋ ਇਸ ਰਾਹ ਤੋਂ ਲੰਘਿਆ ਅਤੇ ਇਸ ਤੁੱਛ ਵਿਅਕਤੀ ਨੇ ਉਸਨੂੰ ਮਿਲਣ ਦਾ ਇਰਾਦਾ ਕੀਤਾ। ਖੁਸਰੋ ਦਾ ਉਤਾਰਾ ਉਥੋਂ ਹੋਇਆ ਜਿਥੇ ਕਿ ਉਸਦੀ (ਗੁਰੂ ਦੀ) ਰਹਿਣ ਵਾਲੀ ਥਾਂ ਸੀ। ਉਹ ਉਸਨੂੰ ਆ ਕੇ ਮਿਲਿਆ। ਉਸ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਅਤੇ ਕਈ ਪਰਕਾਰ ਦੀਆਂ ਪਹਿਲਾਂ ਸੋਚੀਆਂ ਗੱਲਾਂ ਉਸ ਤੱਕ ਪਹੁੰਚਾਈਆਂ, ਫੇਰ ਉਸਨੇ ਆਪਣੀ ਉਂਗਲ ਨਾਲ ਉਸਦੇ ਮੱਥੇ ਉਤੇ ਕੇਸਰ ਦਾ ਟਿੱਕਾ ਲਾਇਆ, ਜਿਸਨੂੰ ਹਿੰਦੂਆਂ ਦੀ ਬੋਲੀ ਵਿਚ ਕਸ਼ਕਾ ਕਹਿੰਦੇ ਹਨ ਅਤੇ ਸ਼ਗਨ ਮੰਨਦੇ ਹਨ। ਜਦੋਂ ਇਹ ਗੱਲ ਸਾਡੀ ਜਾਹੋ ਜਲਾਲ ਵਾਲੀ ਸ਼ਾਹੀ ਹਜ਼ੂਰੀ ਤੱਕ ਪਹੁੰਚੀ ਤਾਂ ਉਸਨੂੰ ਆਪਣੀ ਹਜ਼ੂਰੀ ਵਿਚ ਲਿਆਉਣ ਦਾ ਹੁਕਮ ਦਿੱਤਾ ਅਤੇ ਉਸਦੇ ਘਰ, ਰਹਿਣ ਵਾਲੀਆਂ ਹੋਰ ਥਾਵਾਂ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਂ ਦੇ ਹਵਾਲੇ ਕਰਕੇ ਅਤੇ ਉਸਦੀ ਜਾਇਦਾਦ ਨੂੰ ਜ਼ਬਤ ਕਰਕੇ ਉਸ ਨੂੰ ਇਸਲਾਮੀ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਜਾਵੇ। (ਓਰਾ ਬ-ਸਿਆਸਤ ਵ ਬ-ਯਾਸਾ ਰਸਾਨੰਦ) (ਅਨੁਵਾਦ ਹਰਿੰਦਰ ਸਿੰਘ ਮਹਿਬੂਬ ਦੀ 'ਸਹਿਜੇ ਰਚਿਓ ਖਾਲਸਾ' ਦੇ ਪੰਨਾ 571-72 ਦੇ ਅਨੁਸਾਰ)।

'ਤੁਜ਼ਕਿ-ਜਹਾਂਗੀਰੀ' ਲਿਖਣ ਵਿਚ ਜਹਾਂਗੀਰ ਨੇ ਕਿਸੇ ਦੀ ਵੀ ਸਹਾਇਤਾ ਲਈ ਹੋ ਸਕਦੀ ਹੈ, ਮੱਸਲਾ ਇਹ ਨਹੀਂ ਮਸਲਾ ਇਹ ਹੈ ਕਿ ਇਹ ਲਿਖਤ ਫ਼ਾਰਸੀ ਦੀ ਉਸ ਪੁਸਤਕ ਦੇ ਪੰਨਾ 35 ਤੇ ਮੌਜੂਦ ਹੈ ਤੇ ਇਹ ਸਪੱਸ਼ਟ ਕਰ ਦਿੰਦੀ ਹੈ ਕਿ ਗੁਰੂ ਅਰਜਨ ਦੇਵ ਦੀ ਸ਼ਹੀਦੀ ਲਈ ਜਹਾਂਗੀਰ ਜ਼ਿੰਮੇਵਾਰ ਹੈ।

ਗੁਰੂ ਅਰਜਨ ਦੀ ਇਤਿਹਾਸ-ਦ੍ਰਿਸ਼ਟੀ ਨੂੰ ਉਦੋਂ ਤੱਕ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ, ਜਦੋਂ ਤੱਕ ਨਕਸ਼ਬੰਦੀ ਸਿਲਸਿਲੇ ਨਾਲ ਪੈਦਾ ਹੁੰਦੇ ਤਨਾਉ ਨੂੰ ਵੀ ਨਾ ਸਮਝਿਆ ਜਾਏ। ਅਹਿਮਦ ਸਰਹਿੰਦੀ ਨਾਲ ਜਹਾਂਗੀਰ ਦਾ ਪਹਿਲਾਂ ਤਾਂ ਵਿਰੋਧ ਪੈਦਾ ਹੋਇਆ ਤੇ ਉਸਨੂੰ

Sri Satguru Jagjit Singh Ji Elibrary NamdhariElibrary@gmail.com

ਤਿੰਨ ਵਰ੍ਹੇ ਲਈ ਜੇਲ੍ਹ ਵਿਚ ਸੁਟਿਆ ਪਰ ਬਾਅਦ ਵਿਚ ਜਹਾਂਗੀਰ ਆਪ ਉਸਦਾ ਚੇਲਾ ਬਣਿਆ। ਸੁੰਨੀ ਰਹਿਤ ਮਰਿਯਾਦਾ ਨੂੰ ਰਾਜ ਦੇ ਕਾਨੂੰਨ ਵਜੋਂ ਲਾਗੂ ਕਰ ਦਿੱਤਾ ਗਿਆ। ਉਸਦੀ ਕੱਟੜਤਾ ਇਸ ਤੋਂ ਸਪੱਸ਼ਟ ਹੈ, ਉਸ ਨੇ ਆਖਿਆ।

"ਰੱਬ ਨੇ ਹਜ਼ਰਤ ਮੁਹੰਮਦ ਦੇ ਵਜੂਦ ਦੀ ਸਥਾਪਨਾ ਸਮੇਂ ਬਚੀ ਸਮਗਰੀ ਵਿਚੋਂ ਮੇਰਾ ਸਰੀਰ ਘੜਿਆ ਹੈ।"

ਇਉਂ ਨਕਸ਼ਬੰਦੀ ਸਿਲਸਿਲੇ ਹਾਕਸ਼ਾਹੀ ਦੀ ਮੱਦਦ ਨਾਲ ਪੰਜਾਬ ਵਿਚ ਆਪਣਾ ਪਾਸਾਰ ਕਰ ਰਿਹਾ ਸੀ। ਗੁਰੂ ਅਰਜਨ ਦੇਵ ਦੀ ਇਤਿਹਾਸ-ਦ੍ਰਿਸ਼ਟੀ ਇਸ ਤੋਂ ਉਘੜਦੀ ਹੈ ਕਿ ਉਨ੍ਹਾਂ ਨੇ ਇਸ ਪਾਸਾਰ ਨੂੰ ਰੋਕ ਦਿੱਤਾ। ਇਸ ਚੇਤਨਾ ਤੋਂ ਹੀ ਸ਼ਹੀਦੀ ਦਿੱਤੀ। ਇਸ ਇਤਿਹਾਸ-ਚੇਤਨਾ 'ਚੋਂ ਹੀ ਗੁਰੂ ਹਰਿਗੋਬਿੰਦ ਨੇ ਮੀਰੀ-ਪੀਰੀ ਦੇ ਸੰਕਲਪ ਨੂੰ ਸਿਰਜਿਆ। ਅਕਾਲ ਤਖਤ ਤੇ ਅਗਲੇਰੀ ਸਿੱਖ ਲਹਿਰ ਨੂੰ ਸਮਝਦਿਆਂ ਇਸ ਇਤਿਹਾਸ-ਦ੍ਰਿਸ਼ਟੀ ਨੂੰ ਚੇਤਨਾ ਵਿਚ ਠੱਮਣਾ ਜ਼ਰੂਰੀ ਹੈ। (ਭਗਤ ਸਿੰਘ, ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ ਪੰ. ਯੂ. ਪਟਿਆਲਾ, 1987, ਪੰਨੇ 115-20)।

Sri Satguru Jagjit Singh Ji Elibrary NamdhariElibrary@gmail.com

# ਬਾਰਹ ਮਾਹਾ ਮਾਝ ਅਤੇ ਲੋਕ ਮਾਨਸਿਕਤਾ

*ਡਾ. ਕਰਨੈਲ ਸਿੰਘ ਥਿੰਦ**

ਸਮੇਂ ਨਾਲ ਸੰਬੰਧਿਤ ਕਾਵਿ-ਰੂਪਾਂ ਵਿਚ ਬਾਰਹ ਮਾਹਾ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਵਾਸਤਵ ਵਿਚ ਇਹ ਰਿਤੂ ਵਰਣਨ ਦਾ ਹੀ ਵਿਕਸਤ ਰੂਪ ਹੈ। ਬਾਰਹ ਮਾਹ ਵਿਚ ਬਿਕਰਮੀ ਸੰਮਤ ਅਥਵਾ ਦੇਸੀ ਮਹੀਨਿਆਂ ਨੂੰ ਆਧਾਰ ਬਣਾ ਕੇ ਕਵਿਤਾ ਰਚੀ ਜਾਂਦੀ ਹੈ। ਅਜੇਹੀ ਕਵਿਤਾ ਵਿਚ ਆਮ ਤੌਰ 'ਤੇ ਬਿਰਹਨ ਦੀ ਮਾਨਸਿਕ ਪੀੜਾ ਦਾ ਦਰਦ ਬਿਆਨ ਕਰਦੇ ਸਮੇਂ ਚੇਤ ਮਹੀਨੇ ਤੋਂ ਅਰੰਭ ਕਰਕੇ ਫੱਗਣ ਤਕ ਮਹੀਨਿਆਂ ਦੇ ਪਿਛੋਕੜ ਵਿਚ ਪ੍ਰਕਿਰਤੀ ਦੇ ਢੁਕਵੇਂ ਚਿੱਤਰ ਉਲੀਕੇ ਜਾਂਦੇ ਹਨ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਿੱਥੇ ਖੱਟ ਰਿਤੂ ਵਰਣਨ (ਛੇ ਰੁੱਤਾਂ ਦਾ ਬਿਆਨ) ਵਿਚ ਖ਼ੁਸ਼ੀ ਅਤੇ ਗਮੀ ਦੀ ਭਾਵਨਾ ਦੇ ਉਲੇਖ ਉਪਰ ਬਲ ਦਿੱਤਾ ਜਾਂਦਾ ਹੈ ਉਥੇ ਬਾਰਹ ਮਾਹਾ ਵਿਚ ਵਧੇਰੇ ਕਰਕੇ ਬਿਰਹਾ ਦੇ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਪਰ, ਅਜੇਹੀ ਕੋਈ ਬੰਦਸ਼ ਨਹੀਂ ਹੈ ਅਤੇ ਦੋਹਾਂ ਕਾਵਿ-ਵੰਨਗੀਆਂ ਵਿਚ ਸੰਜੋਗ ਅਤੇ ਵਿਯੋਗ ਦੇ ਵਿਸ਼ੇ ਪ੍ਰਗਟਾਏ ਮਿਲਦੇ ਹਨ। ਨਾਇਕ ਜਾਂ ਨਾਇਕਾ ਦੇ ਮਨੋਭਾਵਾਂ ਨੂੰ ਬਿਆਨ ਕਰਦੇ ਸਮੇਂ ਮਹੀਨੇ ਜਾਂ ਰੁੱਤ ਅਨੁਸਾਰ ਪ੍ਰਕਿਰਤੀ ਚਿੱਤਰਨ ਦਾ ਸਹਾਰਾ ਜ਼ਰੂਰ ਲਿਆ ਜਾਂਦਾ ਹੈ।

ਬਾਰਹ ਮਾਹਾ ਕੋਈ ਵਿਸ਼ੇਸ਼ ਕਾਵਿ-ਸ਼ੈਲੀ ਨਹੀਂ ਹੈ। ਨਾ ਹੀ ਇਸ ਲਈ ਕੋਈ ਖ਼ਾਸ ਨਿਸ਼ਚਿਤ ਹੈ। ਕਿਸੇ ਵੀ ਮਾਤ੍ਰਿਕ ਜਾਂ ਵਰਣਿਕ ਛੰਦ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਸਮੇਂ ਦੇ ਗੁਜ਼ਰਨ ਨਾਲ ਵਿਸ਼ਿਆਂ ਵਿਚ ਵੀ ਕੋਈ ਪਾਬੰਦੀ ਨਹੀਂ ਰਹੀ। ਸ਼ਿੰਗਾਰਨ ਕਿੱਸੇ, ਸੂਰਮਗਤੀ ਦੇ ਪ੍ਰਸੰਗ, ਅਧਿਆਤਮਿਕ ਅਥਵਾ ਰਹੱਸਵਾਦੀ ਸਿੱਧਾਂਤ ਅਤੇ ਸਮਾਜਵਾਦੀ ਵਿਚਾਰ ਇਸ ਕਾਵਿ ਰੂਪ ਰਾਹੀਂ ਪ੍ਰਗਟਾਏ ਮਿਲਦੇ ਹਨ। ਕਈ ਕਵੀ ਮਹੀਨਿਆਂ ਦੇ ਨਾਂਵਾਂ ਤੋਂ ਕੇਵਲ ਕਾਵਿ-ਬੰਦਾਂ ਨੂੰ ਨਿਖੇੜਨ ਦਾ ਕੰਮ ਲੈਂਦੇ ਹਨ। ਉਹ ਇਸ ਕਾਵਿ ਰੂਪ ਦੇ ਬੁਨਿਆਦੀ ਤੱਤਾਂ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ।

ਆਧੁਨਿਕ ਹਿੰਦ ਆਰਿਆਈ ਭਾਸ਼ਾਵਾਂ ਵਿਚੋਂ ਹਿੰਦੀ ਤੇ ਪੰਜਾਬੀ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਲਿਖੇ ਗਏ ਬਾਰਹ ਮਾਹੇ ਮਿਲਦੇ ਹਨ। ਆਮ ਧਾਰਨਾ ਇਹ ਹੈ ਕਿ ਹਿੰਦੀ ਵਿਚ ਪਹਿਲਾ ਬਾਰਹ ਮਾਹਾ ਜਾਇਸੀ ਦੀ ਪ੍ਰਸਿੱਧ ਰਚਨਾ 'ਪਦਮਾਵਤ' ਵਿਚ ਦਰਜ ਹੈ। ਭਗਤੀ ਕਾਵਿਧਾਰਾ ਦੇ ਅਨੁਯਾਈਆਂ ਨੇ ਵੀ ਇਸ ਰੂਪ ਨੂੰ ਅਪਣਾਇਆ। ਗੁਰੂ ਨਾਨਕ ਦੇਵ ਜੀ ਨੇ ਸਮੇਂ ਦੀ ਵੰਡ ਨੂੰ ਮੁੱਖ ਰੱਖ ਕੇ ਜਿਥੇ ਪਹਰੇ, ਦਿਨ ਰੈਣ, ਥਿਤੀ, ਸਭ ਰੁੱਤੀਂ, ਆਦਿ

---

* ਲਾਈਫ਼ ਫੈਲੋ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਕਾਵਿ ਰੂਪਾਂ ਦੀ ਵਰਤੋਂ ਕੀਤੀ ਉੱਥੇ ਤੁਖਾਰੀ ਰਾਗ ਵਿਚ ਬਾਰਹ ਮਾਹਾ ਦੀ ਰਚਨਾ ਕੀਤੀ। ਇਸ ਨੂੰ ਪੰਜਾਬੀ ਦਾ ਪਹਿਲਾ ਬਾਰਹ ਮਾਹਾ ਮੰਨਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੂਜਾ ਬਾਰਹ ਮਾਹਾ ਮਾਝ ਹੈ, ਜੋ ਗੁਰੂ ਅਰਜਨ ਦੇਵ ਦੀ ਰਚਨਾ ਹੈ। ਇਨ੍ਹਾਂ ਦੋਹਾਂ ਬਾਰਹ ਮਾਹਾ ਵਿਚ ਮੂਲ ਰੂਪ ਵਿਚ ਇਹ ਭਾਵਨਾ ਪ੍ਰਗਟ ਕੀਤੀ ਗਈ ਹੈ ਕਿ ਗੁਰਮਤਿ ਅਨੁਸਾਰ ਮਨੁੱਖੀ ਜੀਵਨ ਨੂੰ ਕਿਵੇਂ ਕਿਸੇ ਆਦਮੀ ਨੇ ਲੇਖੇ ਲਾਉਣਾ ਹੈ। ਜ਼ਿੰਦਗੀ ਦੀ ਕਾਮਯਾਬੀ ਇਸੇ ਵਿਚ ਹੈ ਕਿ ਇਕ ਪਲ ਵੀ ਵਿਅਰਥ ਨਾ ਗਵਾਇਆ ਜਾਏ। ਗੁਰੂ ਸਾਹਿਬਾਨ ਨੇ ਇਨ੍ਹਾਂ ਬਾਰਹ ਮਾਹਾ ਵਿਚ ਪਰਮਾਤਮਾ ਨੂੰ ਨਾਇਕ ਅਤੇ ਜੀਵ ਆਤਮਾ ਨੂੰ ਨਾਇਕਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਜੀਵ ਆਤਮਾ ਆਪਣੇ ਅਸਲੇ ਨੂੰ ਮਿਲਣ ਲਈ ਵਿਲਕਦੀ ਹੈ ਅਤੇ ਮਨ ਨੂੰ ਸ਼ਾਂਤੀ ਕੇਵਲ ਪ੍ਰਭੂ ਮਿਲਾਪ ਨਾਲ ਹੀ ਮਿਲਦੀ ਹੈ। ਪਿਆਰਾ ਸਿੰਘ ਪਦਮ ਨੇ ਪੰਜਾਬੀ ਬਾਰਹ ਮਾਹਾ ਨਾਂ ਦੀ ਪੁਸਤਕ ਵਿਚ ਇਕ ਸੌ ਬਾਰਹ ਮਾਹ ਸੰਪਾਦਿਤ ਕੀਤੇ ਹਨ ਅਤੇ ਦੋ ਸੌ ਸੱਤ ਹੱਥ-ਲਿਖਤੀ ਬਾਰਹ ਮਾਹਾ ਬਾਰੇ ਸੂਚਨਾ ਵੀ ਦਰਜ ਕੀਤੀ ਹੈ।

'ਬਾਰਹ ਮਾਹਾ ਮਾਝ' ਨਾਂ ਦੀ ਰਚਨਾ ਵਿਚ ਚੇਤਰ ਅਤੇ ਫੱਗਣ ਤਕ ਬਾਰਾਂ ਮਹੀਨਿਆਂ ਨਾਲ ਸੰਬੰਧਿਤ ਬਾਰਾਂ ਬੰਦਾਂ/ਸ਼ਬਦਾਂ ਤੋਂ ਛੁਟ ਆਦਿ ਤੇ ਅੰਤ ਵਿਚ ਇਕ ਸ਼ਬਦ ਦਰਜ ਹੈ। ਅਰੰਭ ਵਿਚ ਦਿੱਤੇ ਗਏ ਸ਼ਬਦ ਦਾ ਮੁਢਲਾ ਬੰਦ ਹੈ :

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*

(ਆਦਿ ਗ੍ਰੰਥ, ਪੰਨਾ 133)

ਇਸ ਆਦਿ ਸ਼ਬਦ ਦੀ ਮੂਲ ਭਾਵਨਾ ਇਹ ਹੈ ਕਿ ਕੀਤੇ ਕਰਮਾਂ ਤੇ ਸੰਸਕਾਰਾਂ ਦੇ ਪ੍ਰਭਾਵ ਅਧੀਨ ਮਨੁੱਖ ਪਰਮਾਤਮਾ ਨੂੰ ਵਿਸਾਰ ਦੇਂਦਾ ਹੈ। ਭੈੜੇ ਕਾਰਿਆਂ ਦੀ ਅੱਗ ਨਾਲ ਉਸਦਾ ਹਿਰਦਾ ਤਪਦੀ ਭੱਠੀ ਵਾਂਗ ਬਣ ਜਾਂਦਾ ਹੈ। ਇਸ ਤਰ੍ਹਾਂ ਸਾਰਾ ਜੀਵਨ ਉਹ ਅੰਞਾਣੀ ਗਵਾ ਲੈਂਦਾ ਹੈ। ਇਸ ਉਪਰੰਤ ਹਰ ਮਹੀਨੇ ਦੇ ਆਧਾਰ 'ਤੇ ਅਕਾਲ ਪੁਰਖ ਦੀ ਕਿਰਪਾ ਨਾਲ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਦਾਤ ਅਤੇ ਸਿਮਰਨ ਉਪਰ ਬਲ ਦਿੱਤਾ ਗਿਆ ਹੈ। 'ਚੇਤ' ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾਂ ਬਾਕੀ ਦੇ ਕਾਰਜ ਆਤਮਿਕ ਜੀਵਨ ਦਾ ਅੰਗ ਨਹੀਂ ਬਣ ਸਕਦੇ। ਉਹ ਅਜੇਹਾ ਨਹੀਂ ਕਰਦਾ ਤਾਂ ਦੁਖੀ ਜੀਵਨ ਬਤੀਤ ਕਰਦਾ ਹੈ। 'ਵੈਸਾਖ' ਨਾਮ ਸਿਮਰਨ ਨਾਲ ਇਨਸਾਨ ਲੋਕ ਤੇ ਪਰਲੋਕ ਵਿਚ ਸੋਭਾ ਖਟਦਾ ਹੈ 'ਜੇਠ' ਵਾਹਿਗੁਰੂ ਆਸਰੇ ਤੋਂ ਬਿਨਾਂ ਕਿਸੇ ਹੋਰ ਦੀ ਟੇਕ ਲੈਣ ਨਾਲ ਖੁਆਰ ਹੋਈਦਾ ਹੈ ਅਤੇ ਜਮ ਦੀ ਫਾਹੀ ਗਲ ਵਿਚ ਪੈ ਜਾਣ ਦਾ ਡਰ ਰਹਿੰਦਾ ਹੈ। ਜਿਸ ਪ੍ਰਕਾਰ ਦੇ ਕਰਮ, ਤੇਹਾ ਫਲ। 'ਹਾੜ' ਪ੍ਰਭੂ ਦਾ ਨਾਮ ਹੀ ਜੀਵਨ ਦਾ ਸਭ ਤੋਂ ਵੱਡਾ ਸਹਾਰਾ ਹੈ। 'ਸਾਵਣ' ਜਿਸ ਦਿਨ ਸਰੀਰ ਨਾਸ ਹੋ ਜਾਏਗਾ। ਸਾਕ-ਸਬੰਧੀ ਵੀ ਉਸ ਨੂੰ ਅਪਵਿੱਤਰ ਸਮਝਣਗੇ। ਸੰਸਾਰਕ ਪਦਾਰਥਾਂ ਨਾਲ ਮੋਹ ਇਨਸਾਨ ਨੂੰ ਕੁਰਾਹੇ ਪਾਉਂਦਾ ਹੈ। 'ਭਾਦੋਂ' ਪਰਮਾਤਮਾ ਦੀ ਯਾਦ/ਸਿਮਰਨ ਤੋਂ ਬਿਨਾਂ ਸੁਖ ਨਹੀਂ ਮਿਲ ਸਕਦਾ। 'ਅੱਸੂ' ਜਿਹੜਾ ਮਨੁੱਖ ਪਰਮਾਤਮਾ ਨੂੰ ਭੁਲਾ ਦੇਂਦਾ ਹੈ। ਉਹ ਦੁੱਖਾਂ, ਕਲੇਸ਼ਾਂ ਦੀ ਚੱਕੀ ਵਿਚ ਫਸਿਆ ਰਹਿੰਦਾ ਹੈ। ਪ੍ਰਭੂ ਦੀ ਮਿਹਰ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। 'ਕੱਤਕ' ਪ੍ਰਭੂ ਦਾ ਸਿਮਰਨ ਕੀਤਿਆਂ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਮਿਲ ਜਾਂਦਾ ਹੈ। 'ਮੱਘਰ'

Sri Satguru Jagjit Singh Ji Elibrary NamdhariElibrary@gmail.com

ਜੀਵਨ ਦੀ ਅਸਲ ਕਮਾਈ ਵਾਹਿਗੁਰੂ ਦੀ ਸਿਫ਼ਤ ਸਲਾਹ ਹੀ ਹੈ। 'ਪੋਹ' ਗੁਰਮੁਖਾਂ ਦੀ ਸੰਗਤ ਵਿਚ ਬੈਠਣਾ, ਨਾਮ ਜਪਣਾ, ਦੂਜਿਆਂ ਨੂੰ ਨਾਮ ਦੀ ਦਾਤ ਵੰਡਣਾ ਹੀ ਤੀਰਥ ਇਸ਼ਨਾਨ ਹੈ। ਅਜੇਹਾ ਕੀਤਿਆਂ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ। ਕਾਮ, ਕ੍ਰੋਧ, ਲੋਭ ਆਦਿ ਕਿਸੇ ਦਾ ਦੁਬੇਲ ਨਹੀਂ ਬਣਦਾ। 'ਮਾਘ' ਪ੍ਰਭੂ ਦੀ ਸਿਫ਼ਤ ਸਲਾਹ ਕੀਤਿਆਂ ਮਨੁੱਖ ਦਾ ਜੀਵਨ ਐਨਾ ਉੱਚਾ ਹੋ ਜਾਂਦਾ ਹੈ ਕਿ ਉਸ ਦੀ ਪਰਮਾਤਮਾ ਨਾਲ ਦੂਰੀ ਮਿਟ ਜਾਂਦੀ ਹੈ। 'ਫੱਗਣ' ਆਖ਼ਰੀ ਸ਼ਬਦ ਦੀ ਅੰਤਲੀ ਤੁਕ ਹੈ :

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*

(ਆਦਿ ਗ੍ਰੰਥ, ਪੰਨਾ 136)

ਜਿਨ੍ਹਾਂ ਜੀਵਾਂ ਉਪਰ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ ਅਤੇ ਨਾਮ ਦੀ ਦਾਤ ਮਿਲੀ ਹੋਈ ਹੈ, ਉਨ੍ਹਾਂ ਲਈ ਸਾਰੇ ਦਿਨ, ਸਾਰੇ ਮੂਰਤ ਇਕ ਸਾਰ ਹਨ। ਉਨ੍ਹਾਂ ਲਈ ਕੋਈ ਵਿਸ਼ੇਸ਼ ਦਿਨ ਜਾਂ ਖ਼ਾਸ ਮਹੀਨਾ ਕੋਈ ਮਹੱਤਵ ਨਹੀਂ ਰਖਦਾ। ਉਹ ਪਰਮਾਤਮਾ ਦੇ ਦਰ ਤੋਂ ਉਸ ਦੇ ਦਰਸ਼ਨਾਂ ਦੀ ਦਾਤ ਮੰਗਦੇ ਹਨ। ਇਸ ਸ਼ਬਦ ਦਾ ਨਿਚੋੜ ਇਹ ਹੈ ਕਿ ਜਿਹੜਾ ਮਨੁੱਖ ਪ੍ਰਭੂ ਦਾ ਸਿਮਰਨ ਕਰਦਾ ਹੈ, ਉਸ ਦੇ ਦੁਨਿਆਵੀ ਕਾਰ-ਵਿਹਾਰਾਂ ਵਿਚ ਵੀ ਕੋਈ ਵਿਘਨ ਨਹੀਂ ਪੈਂਦਾ। ਉਹ ਅਕਾਲ ਪੁਰਖ ਦੀ ਹਜ਼ੂਰੀ ਵਿਚ ਵੀ ਸੁਰਖਰੂ ਹੋ ਜਾਂਦਾ ਹੈ। ਉਸ ਲਈ ਸਾਰੇ ਮਹੀਨੇ ਹੀ ਭਾਗਾਂ ਵਾਲੇ ਹਨ। ਉਸ ਦੇ ਮਨ ਅੰਦਰ ਸੰਗਰਾਂਦ, ਪੁੰਨਿਆਂ ਅਤੇ ਮੱਸਿਆ ਸੰਬੰਧੀ ਪਵਿਤਰਤਾ ਦਾ ਭੁਲੇਖਾ ਨਹੀਂ ਰਹਿੰਦਾ। ਕਿਸੇ ਕੰਮ ਲਈ ਵਿਸ਼ੇਸ਼ ਮਹੂਰਤ ਦੀ ਲੋੜ ਨਹੀਂ। ਉਹ ਹਰ ਕਾਰਜ ਸਮੇਂ ਕੇਵਲ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ।

ਗੁਰੂ ਅਰਜਨ ਰਚਿਤ 'ਬਾਰਹਮਾਹਾ ਮਾਝ' ਨੂੰ ਮੁੱਖ ਰੱਖ ਕੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ। ਸੰਗਰਾਂਦ ਸੰਸਕ੍ਰਿਤ ਦੇ ਸ਼ਬਦ ਸਾਕ੍ਰਾਂਤਿ ਦਾ ਹੀ ਤਦ ਭਵ ਰੂਪ ਹੈ, ਜਿਸ ਦਾ ਭਾਵ ਹੈ ਸੂਰਜ ਦਾ ਇਕ ਰਾਸ ਤੋਂ ਦੂਜੀ ਵਿਚ ਲੰਘਣਾ। 'ਜੋਤਿਸ਼' ਵਿਦਿਆ ਦੇ ਮਾਹਿਰਾਂ ਨੇ ਗੁਰੂ ਆਸ਼ੇ ਦੇ ਉਲਟ ਸੰਗਰਾਂਦ ਦੇ ਵੀਹ ਫਲ ਦਰਸਾਏ ਹਨ, ਜਿਸ ਕਾਰਨ ਸੰਗਰਾਂਦ ਨੂੰ ਪਵਿੱਤਰ ਸਮਝ ਕੇ, ਇਸ ਭਾਵਨਾ ਅਧੀਨ ਗੁਰਦੁਆਰਿਆਂ ਵਿਚ ਵਿਸ਼ੇਸ਼ ਸਮਾਗਮ ਰਚਾਏ ਜਾਂਦੇ ਹਨ। ਮਹੀਨੇ ਦਾ ਨਾਂ ਸੁਣਨ ਵਿਚ ਉਚੇਚ ਕੀਤਾ ਜਾਂਦਾ ਹੈ। ਬਾਰਹ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਨਾਲ ਹੈ। ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸੂਰਜ ਇਕ ਰਾਸ ਛੱਡ ਕੇ ਦੂਜੀ ਵਿਚ ਪ੍ਰਵੇਸ਼ ਕਰਦਾ ਹੈ। ਇਸ ਤਰ੍ਹਾਂ ਜਿਹੜੇ ਲੋਕ ਸੂਰਜ ਦੇਵਤੇ ਦੇ ਉਪਾਸ਼ਕ ਹਨ, ਉਨ੍ਹਾਂ ਲਈ ਹਰ ਸੰਗਰਾਂਦ ਵਾਲਾ ਦਿਨ ਵਿਸ਼ੇਸ਼ ਵੀ ਹੈ ਅਤੇ ਪਵਿੱਤਰ ਵੀ। ਗ੍ਰੰਥੀ ਸਿੰਘਾਂ ਵੱਲੋਂ ਬੜੀ ਸ਼ਰਧਾ ਨਾਲ ਮਹੀਨੇ ਵਾਲਾ ਸ਼ਬਦ ਪੜ੍ਹਿਆ ਜਾਂ ਸੁਣਾਇਆ ਜਾਂਦਾ ਹੈ ਤਾਂ ਜੋ ਸੂਰਜ ਦੇਵਤਾ ਇਸ ਨਵੀਂ ਰਾਸ ਵਿਚ ਰਹਿੰਦਿਆਂ ਸ਼ਰਧਾਲੂਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇਗਾ। ਘਰਾਂ, ਗੁਰਦੁਆਰਿਆਂ, ਇਤਿਹਾਸਿਕ ਜਾਂ ਧਾਰਮਿਕ ਮਹੱਤਵ ਵਾਲੇ ਤੀਰਥ ਅਸਥਾਨਾਂ ਵਿਚ ਵੀ ਪਾਠੀ, ਗ੍ਰੰਥੀ ਸਿੰਘ, ਪ੍ਰਚਾਰਕ, ਢਾਡੀ, ਰਾਗੀ, ਕੀਰਤਨੀਏ ਸਿੰਘ ਵੱਲੋਂ ਅਰਦਾਸ ਸਮੇਂ ਸੰਗਰਾਂਦ ਵਾਲੇ ਮਹੀਨੇ ਦਾ ਨਾਂ ਲੈ ਕੇ ਉਚੇਚੀ ਅਰਦਾਸ ਕੀਤੀ ਜਾਂਦੀ ਹੈ ਕਿ ਸੰਬੰਧਿਤ ਮਹੀਨਾ ਸੁਖੀਂ ਸਾਂਦੀ ਬਤੀਤ ਹੋਵੇ। ਸੁਭਾਵਕ ਹੀ ਮਨ ਵਿਚ ਇਹ ਵਿਚਾਰ ਉਠਦਾ ਹੈ ਕਿ ਜੇ

Sri Satguru Jagjit Singh Ji Elibrary NamdhariElibrary@gmail.com

ਅਸੀਂ ਗੁਰਮਤਿ ਦੇ ਦਰਸਾਏ ਰਾਹ ਉਪਰ ਚਲਣ ਵਾਲੇ ਹਾਂ ਤਾਂ ਸੰਗਰਾਂਦ ਬਾਕੀ ਦਿਨਾਂ ਦੇ ਟਾਕਰੇ ਕਿਵੇਂ ਵਧੇਰੇ ਪਵਿੱਤਰ ਹੈ। ਕੀ ਅਜੇਹੀ ਭਾਵਨਾ ਗੁਰੂ ਆਸ਼ੇ ਦੇ ਉਲਟ ਤਾਂ ਨਹੀਂ? ਜਿਵੇਂ ਕਿ ਉਪਰ ਦਰਸਾਇਆ ਗਿਆ ਹੈ, ਹਰ ਮਹੀਨੇ ਦਾ ਮਨੋਰਥ ਪ੍ਰਭ ਦਾ ਸਿਮਰਨ ਹੈ, ਦਿਨਾਂ ਮਹੀਨਿਆਂ ਵਿਚ ਕੋਈ ਵਿਤਕਰਾ ਨਹੀਂ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ :

*ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥*
*ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥*

(ਆਦਿ ਗ੍ਰੰਥ, ਪੰਨਾ 357)

ਸਮੇਂ ਦੀ ਐਨੀ ਵੰਡ ਹੁੰਦਿਆਂ ਵੀ ਸੂਰਜ ਇਕੋ ਹੈ। ਇਸੇ ਪ੍ਰਕਾਰ ਅਨੇਕਤਾ ਵਿਚ ਪ੍ਰਭੂ ਦੀ ਏਕਤਾ 'ਬਾਰਹਮਾਹ ਤੁਖਾਰੀ' ਦੇ ਅੰਤਲੇ ਬੰਦ ਵਿਚ ਗੁਰੂ ਨਾਨਕ ਦਾ ਕਥਨ ਹੈ :

*ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥*
*ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥*

(ਆਦਿ ਗ੍ਰੰਥ, ਪੰਨਾ 1109)

ਜਿਸ ਜੀਵ ਰੂਪੀ ਇਸਤਰੀ (ਆਤਮਾ) ਦੇ ਅਡੋਲ ਹਿਰਦੇ ਵਿਚ ਅਥਿਰ ਪਰਮਾਤਮਾ ਆ ਟਿਕਦਾ ਹੈ ਪਲ, ਮਹੂਰਤ, ਘੜੀਆਂ, ਰੁੱਤਾਂ ਅਤੇ ਸਾਰੇ ਮਹੀਨੇ ਇਕ ਸਾਰ ਅਤੇ ਭਾਗਾਂ ਵਾਲੇ ਲਗਦੇ ਹਨ। ਉਸ ਦੇ ਮਨ ਅੰਦਰ ਸੰਗਰਾਂਦ ਬਾਰੇ ਕੋਈ ਭੁਲੇਖਾ ਨਹੀਂ ਰਹਿੰਦਾ। ਗੁਰੂ ਅਰਜਨ ਦੇਵ ਨੇ ਵੀ ਥਾਂ ਥਾਂ ਉਪਰ ਇਸ ਭਾਵਨਾ ਦਾ ਉੱਲੇਖ ਕੀਤਾ ਹੈ। ਉਹ ਥਿੱਤਾਂ, ਵਾਰਾਂ, ਮਹੀਨਿਆਂ ਨੂੰ ਪਵਿੱਤਰ ਤੇ ਅਪਵਿੱਤਰ ਕਹਿਣ ਵਾਲਿਆਂ, ਸੰਗਰਾਂਦ ਜਾਂ ਮਹੀਨਿਆਂ ਆਦਿ ਦੀ ਪੂਜਾ ਕਰਨ ਵਾਲਿਆਂ ਨੂੰ ਭੰਡਦੇ ਹਨ, ਫਟਕਾਰ ਪਾਉਂਦੇ ਹਨ :

*ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥*
*ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥*

(ਸਲੋਕ ਮ: 5, ਆਦਿ ਗ੍ਰੰਥ, ਪੰਨਾ 318)

... ... ...

*ਸੋਈ ਦਿਵਸੁ ਭਲਾ ਮੇਰੇ ਭਾਈ॥*
*ਹਰਿ ਗੁਨ ਗਾਇ ਪਰਮ ਗਤਿ ਪਾਈ॥*

(ਆਸਾ ਮ: 5, ਆਦਿ ਗ੍ਰੰਥ, ਪੰਨਾ 395)

... ... ...

*ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ॥*

(ਆਸਾ ਮ: 5, ਬਿਰਹੜੇ, ਆਦਿ ਗ੍ਰੰਥ, ਪੰਨਾ 432)

ਗੁਰਬਾਣੀ ਵਿੱਚ ਗੁਰੂ ਸਾਹਿਬਾਨ ਦੁਆਰਾ ਸਮੇਂ, ਰੁੱਤਾਂ, ਤਿੱਥਾਂ, ਮਹੀਨਿਆਂ, ਦਿਨ ਦਿਹਾੜਾ ਸੰਬੰਧੀ ਸਪੱਸ਼ਟ ਤੌਰ ਤੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਬਾਵਜੂਦ ਵੀ ਬਾਰਹ ਮਾਹਾ ਮਾਝ ਅਥਵਾ ਸੰਗਰਾਂਦ ਬਾਰੇ ਆਮ ਸਿੱਖ ਜਗਤ ਵਿਚ ਪ੍ਰਚਲਿਤ ਵਿਸ਼ਵਾਸਾਂ, ਭਰਮਾਂ, ਭੁਲੇਖਿਆਂ ਦੀ ਲੜੀ ਬਹੁਤ ਲੰਮੀ ਹੈ। ਅਸੀਂ ਸੰਗਰਾਂਦ ਨੂੰ ਭਾਗਾਂ ਵਾਲਾ ਦਿਹਾੜਾ ਸਮਝ ਕੇ

Sri Satguru Jagjit Singh Ji Elibrary NamdhariElibrary@gmail.com

ਉਚੇਚੇ ਤੌਰ 'ਤੇ ਗੁਰਦੁਆਰਿਆਂ ਅਤੇ ਧਾਰਮਿਕ ਸਥਾਨਾਂ ਉਪਰ ਜਾਂਦੇ ਹਾਂ। ਘਰਾਂ ਵਿਚ ਵੀ ਇਸ ਦਿਨ ਵਿਸ਼ੇਸ਼ ਤੌਰ 'ਤੇ ਕੜ੍ਹਾਹ ਪ੍ਰਸਾਦਿ ਦੀ ਦੇਗ਼ ਤਿਆਰ ਕੀਤੀ ਜਾਂਦੀ ਹੈ। ਮਹੀਨੇ ਵਾਲੇ ਦਿਨ ਚੰਗੇ ਪੁਰਸ਼ ਦੇ ਮੱਥੇ ਲੱਗਣ ਦੀ ਕਾਮਨਾ ਕੀਤੀ ਜਾਂਦੀ ਹੈ। ਇਹ ਵੀ ਲੋਚਾ ਕੀਤੀ ਜਾਂਦੀ ਹੈ ਕਿ ਮਹੀਨੇ ਦਾ ਦਿਨ ਕਿਸੇ ਖਾਸ ਪੁਰਸ਼, ਗ੍ਰੰਥੀ, ਪਾਠੀ ਦੇ ਮੂੰਹੋਂ ਸੁਣਿਆ ਜਾਏ। ਔਰਤ ਦੇ ਮੂੰਹੋਂ ਮਹੀਨਾ ਸੁਣਨ ਨੂੰ ਬਦਸ਼ਗਨੀ ਸਮਝਿਆ ਜਾਂਦਾ ਹੈ। ਜੇ ਸਹਿਵਣ ਹੀ ਕੋਈ ਘਟਨਾ ਵਾਪਰ ਜਾਏ ਜਾਂ ਇੱਛਾ ਦੇ ਉਲਟ ਕੋਈ ਗੱਲ ਹੋ ਜਾਏ ਤਾਂ ਸੋਚਣਾ ਕਿ ਕਿਹੜਾ ਮਨਹੂਸ ਵਿਅਕਤੀ ਮੱਥੇ ਲੱਗਾ ਸੀ।

ਵਿਚਾਰਯੋਗ ਗੱਲ ਇਹ ਹੈ ਕਿ ਕੀ ਅਸੀਂ ਗੁਰਬਾਣੀ ਤੇ ਗੁਰਬਾਣੀ ਵਿਚ ਵਿਤਕਰਾ ਤਾਂ ਨਹੀਂ ਕਰ ਰਹੇ। 'ਬਾਰਹਮਾਹ ਤੁਖਾਰੀ' ਸੰਗਰਾਂਦ ਦੇ ਰੂਪ ਵਿਚ ਕਿਉਂ ਸਾਡੀ ਸ਼ਰਧਾ ਦਾ ਕੇਂਦਰ ਨਹੀਂ ਬਣ ਸਕਿਆ? ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਵਿਚ ਵੀ ਸੰਗਰਾਂਦ ਦਾ ਵਿਸ਼ੇਸ਼ ਧਿਆਨ ਰਖਿਆ ਜਾਂਦਾ ਹੈ। ਕਈ ਵਾਰ ਇਹ ਵੀ ਸੋਚਿਆ ਜਾਂਦਾ ਹੈ ਕਿ ਸੰਗਰਾਂਦ ਵਾਲੇ ਦਿਨ ਬਦੇਸ਼ ਨਹੀਂ ਜਾਣਾ। ਮਹੀਨੇ ਵਾਲੇ ਦਿਨ ਹੱਥੋਂ ਪੈਸੇ ਖਰਚ ਕਰਨ, ਉਧਾਰ ਦੇਣ ਜਾਂ ਲੈਣ ਅਤੇ ਇਸ 'ਪਵਿੱਤਰ' ਦਿਹਾੜੇ ਡਾਕਟਰ ਪਾਸ ਜਾਣ ਤੋਂ ਵੀ ਸੰਕੋਚ ਕੀਤਾ ਜਾਂਦਾ ਹੈ। ਹੋਰ ਵੀ ਕਈ ਪ੍ਰਕਾਰ ਦੀਆਂ ਗ਼ਲਤ ਭਾਵਨਾਵਾਂ, ਭਰਮ ਜਾਂ ਵਹਿਮ ਸੰਗਰਾਂਦ ਨਾਲ ਜੁੜੇ ਹੋਏ ਹਨ।

ਗੁਰਮਤਿ ਸਿਧਾਂਤ ਇਹ ਦ੍ਰਿੜ੍ਹ ਕਰਾਉਂਦਾ ਹੈ ਕਿ ਸਿੱਖ ਅਕਾਲ ਪੁਰਖ ਦੇ ਪੁਜਾਰੀ ਹਨ ਅਤੇ ਇਕ ਪਰਮਾਤਮਾ ਵਿਚ ਵਿਸ਼ਵਾਸ ਰਖਦੇ ਹਨ। ਸੂਰਜ ਜਾਂ ਚੰਦਰਮਾਂ ਨਾਲ ਸੰਬੰਧ ਪੁੰਨਿਆ, ਸੰਗਰਾਂਦ, ਸੋਮਵਾਰੀ ਮੱਸਿਆ ਜਾਂ ਰੱਖੜੀ ਵਾਲੀ ਪੁੰਨਿਆ ਵਿਚ ਵਿਸ਼ਵਾਸ ਨਹੀਂ ਰਖਦੇ ਨਾਂ ਹੀ ਗੁਰੂ ਦੇ ਸਿੱਖਾਂ ਦਾ ਇਕਾਦਸੀ, ਅਸ਼ਟਮੀ ਨਾਲ ਵਿਸ਼ੇਸ਼ ਸੰਬੰਧ ਹੈ। ਪਰੰਤੂ ਅਸਲੀ ਤੌਰ ਤੇ ਲਗਪਗ ਸਾਰੇ ਸਿੱਖ ਤਿਉਹਾਰਾਂ ਤੇ 'ਵਿਸ਼ੇਸ਼ ਦਿਨਾਂ' ਨਾਲ ਜੁੜੇ ਹੋਏ ਹਨ। ਕਿਸੇ ਕਾਰਜ ਜਾਂ ਮਹੂਰਤ ਲਈ ਸੰਗਰਾਂਦ ਜਾਂ ਕਿਸੇ ਹੋਰ ਵਿਸ਼ੇਸ਼ ਦਿਨ ਦੀ ਉਡੀਕ ਕੀਤੀ ਜਾਂਦੀ ਹੈ। 'ਗੁਰੂ ਦਾ ਸਿੱਖ' ਇਹ ਸੋਚਦਾ ਹੈ ਕਿ ਜੇ ਸੰਗਰਾਂਦ ਵਾਲੇ ਦਿਨ ਕੋਈ ਗ਼ਲਤਕਾਰਾ ਹੋ ਗਿਆ ਤਾਂ ਸਾਰਾ ਮਹੀਨਾ ਕਿਸੇ ਮਾੜੀ ਘਟਨਾ ਵਾਪਰਨ ਦੀ ਸੰਭਾਵਨਾ ਬਣੀ ਰਹੇਗੀ। ਪੁਰਾਣੇ ਬਜ਼ੁਰਗ ਦਸਦੇ ਹਨ ਕਿ ਪਾਂਧੇ 'ਪੰਡਿਤ' ਦੇ ਇਹ ਦੱਸਣ ਉਪਰੰਤ ਕਿ ਫਲਾਂ ਦਿਨ ਜ਼ਮੀਨ ਸੁੱਤੀ ਪਈ ਹੈ ਤਾਂ ਕਿਸਾਨ ਉਨ੍ਹਾਂ ਖੇਤਾਂ ਵਿਚ ਹਲ ਨਾ ਚਲਾ ਕੇ ਵੱਤਰ ਸੁਕਾ ਲੈਂਦੇ ਸਨ।

ਗੁਰਬਾਣੀ ਜਾਂ ਸਿੱਖ ਇਤਿਹਾਸ ਵਿਚ ਕਿਧਰੇ ਵੀ ਸੰਗਰਾਂਦ ਜਾਂ ਦੇਸੀ ਮਹੀਨਿਆਂ ਨੂੰ ਉਚੇਚੇ ਤੌਰ 'ਤੇ ਮਨਾਏ ਜਾਣ ਸੰਬੰਧੀ ਕੋਈ ਪ੍ਰਮਾਣ ਨਹੀਂ ਮਿਲਦਾ। ਫਿਰ ਇਸ ਦਾ ਕੀ ਕਾਰਨ ਹੈ? ਇਸ ਸੰਬੰਧ ਵਿਚ ਇਤਿਹਾਸਿਕ ਜਾਂ ਸਮਾਜਿਕ ਪਿਛੋਕੜ ਇਹ ਕਿਆਸਿਆ ਜਾ ਸਕਦਾ ਹੈ ਕਿ ਜਦ ਖਾਲਸਾ ਪੰਥ ਉਪਰ ਭੀੜ ਬਣੀ ਹੋਈ ਸੀ। ਸਿੰਘ ਜੰਗਾਂ ਯੁੱਧਾਂ ਵਿਚ ਲੀਨ ਸਨ। ਜੰਗਲਾਂ ਤੇ ਮਾਰੂਥਲਾਂ ਵਿਚ ਵਿਚਰ ਰਹੇ ਸਨ, ਉਸ ਸਮੇਂ ਉਦਾਸੀ ਜਾਂ ਸਨਾਤਨੀ ਸੰਪਰਦਾਵਾਂ ਦੇ ਅਨੁਯਾਈ ਹੀ ਗੁਰਦੁਆਰਿਆਂ ਦੀ ਸਾਂਭ ਸੰਭਾਲ ਕਰ ਰਹੇ ਸਨ। ਗੁਰਦੁਆਰਾ ਸੁਧਾਰ ਲਹਿਰ ਅਧੀਨ ਲੱਗੇ ਮੋਰਚਿਆਂ ਤੋਂ ਪਿੱਛੋਂ ਹੀ ਹਰਿਮੰਦਰ ਸਾਹਿਬ, ਨਨਕਾਣਾ ਸਾਹਿਬ ਤੇ ਹੋਰ

Sri Satguru Jagjit Singh Ji Elibrary NamdhariElibrary@gmail.com

ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਅਕਾਲੀਆਂ ਦੇ ਹੱਥ ਆਇਆ। ਅਨੁਸ਼ਠਾਨਾਂ ਦੀ ਸ਼ਕਲ ਵਿਚ ਜੋ ਕੁਝ ਨਵੇਂ ਪ੍ਰਬੰਧਕਾਂ ਨੂੰ ਵਿਰਸੇ ਵਿਚ ਮਿਲਿਆ ਗ੍ਰੰਥੀਆਂ, ਰਾਗੀਆਂ, ਢਾਡੀਆਂ ਤ ਪ੍ਰਚਾਰਕਾਂ ਨੇ ਇਸ ਪਰੰਪਰਾ ਨੂੰ ਅੱਗੇ ਤੋਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

ਲੋਕ ਮਾਨਸ ਦੀ ਦ੍ਰਿਸ਼ਟੀ ਤੋਂ ਅਨੁਸ਼ਠਾਨ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮਕਾਂਡਾਂ ਰਹੁਰੀਤਾਂ, ਪੂਜਾ-ਵਿਧੀਆਂ, ਪ੍ਰਥਾਵਾਂ, ਵਰਤਾਂ ਤੇ ਸੰਸਕਾਰਾਂ ਆਦਿ ਦਾ ਸਮੂਹ ਹੈ ਇਸ ਤਰ੍ਹਾਂ ਧਾਰਮਿਕ ਵਿਸ਼ਵਾਸਾਂ, ਦੇਵੀ ਦੇਵਤਿਆਂ ਦੀ ਅਰਾਧਨਾ, ਉਨ੍ਹਾਂ ਦੀ ਕਰੋਪੀ ਦੁਆਰਾ ਡੰਨ ਅਤੇ ਕ੍ਰਿਪਾ ਦ੍ਰਿਸ਼ਟੀ ਜਾਂ ਮਿਹਰ ਰਾਹੀਂ ਚੰਗੇ ਫਲ ਦੀ ਪ੍ਰਾਪਤੀ ਦੀ ਅਭਿਲਾਸ਼ਾ, ਉਨ੍ਹਾਂ ਨੂੰ ਰੁਝਾਉਣ ਲਈ ਭਿੰਨ-ਭਿੰਨ ਵਿਧੀਆਂ ਅਤੇ ਪਹੁੰਚੇ ਹੋਏ ਮਹਾਂਪੁਰਸ਼ਾਂ ਤੇ ਅਵਤਾਰਾਂ ਪ੍ਰਤਿ ਸਾਡੀ ਸ਼ਰਧਾ ਨੇ ਕਈ ਉਤਸਵਾਂ, ਤਿਉਹਾਰਾਂ ਤੇ ਮੇਲਿਆਂ ਆਦਿ ਨੂੰ ਜਨਮ ਦਿੱਤਾ। ਮੱਸਿਆ, ਪੁੰਨਿਆ, ਸੰਗਰਾਂਦ, ਦੁਸਹਿਰਾ, ਦੀਵਾਲੀ, ਨੌਰਾਤੇ, ਸ਼ਰਾਧ, ਲੋਹੜੀ, ਮਾਘੀ, ਬਸੰਤ-ਪੰਚਮੀ, ਹੋਲੀ, ਕਰਵਾ ਚੌਥ, ਗੁਰਪੁਰਬ ਅਤੇ ਹੋਰ ਕਈ ਅਵਸਰਾਂ ਨਾਲ ਸਾਡੀ ਧਾਰਮਿਕ ਭਾਵਨਾ ਜੁੜੀ ਹੋਈ ਹੈ। ਇਹੀ ਭਾਵਨਾ ਲੋਕ ਧਰਮ ਦੀ ਜਨਮਤ ਹੈ। ਵਧੇਰੇ ਕਰਕੇ ਅਸੀਂ ਲੋਕ ਧਰਮ ਨੂੰ ਹੀ ਜੀਵਨ ਦਾ ਆਧਾਰ ਬਣਾਇਆ ਹੋਇਆ ਹੈ। ਲੋਕ ਧਰਮ ਵਿਚ ਨਰਕ ਸੁਰਗ, ਚੌਰਾਸੀ ਲੱਖ ਜੂਨ, ਸ਼ਰਾਧ ਸੁਖਣਾਂ, ਮਨੌਤਾਂ, ਚੜ੍ਹਾਵੇ, ਵਰਤ, ਤੀਰਥ-ਯਾਤਰਾ, ਤੀਰਥ ਅਸ਼ਨਾਨ, ਸੂਰਜ ਅਤੇ ਚੰਦਰ-ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ-ਪਾਠ, ਜੰਤਰ-ਮੰਤਰ, ਸ਼ਗਨ-ਅਪਸ਼ਗਨ ਸ਼ਾਮਲ ਹਨ। ਇਸ ਤਰ੍ਹਾਂ ਲੋਕ ਧਰਮ, ਅਨੁਸ਼ਠਾਨਾਂ ਦਾ ਹੀ ਪ੍ਰਤਿਰੂਪ ਹੈ। ਤਿਉਹਾਰਾਂ ਦੀਆਂ ਰੂੜ੍ਹੀਆਂ ਅਤੇ ਸ਼ਰਧਾ ਭਾਵਨਾ ਨਾਲ ਜੁੜੇ ਵਿਸ਼ਵਾਸ ਇਨ੍ਹਾਂ ਦਾ ਅਨਿੱਖੜਵਾਂ ਅੰਗ ਹਨ। ਧਾਰਮਿਕ ਸੰਸਕ੍ਰਿਤੀ ਇਨ੍ਹਾਂ ਥੰਮਾਂ ਉਪਰ ਹੀ ਖੜੀ ਹੈ। ਇਸ ਤਰ੍ਹਾਂ ਪੰਜਾਬ ਦੇ ਲੋਕ ਜੀਵਨ ਵਿਚ ਸਦੀਆਂ ਤੋਂ ਚਲਿਆ ਆ ਰਿਹਾ ਇਹ ਪ੍ਰਵਾਹ ਸਾਡੀ ਲੋਕ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ।

ਇਸ ਪਿਛੋਕੜ ਤੋਂ ਵੇਖਦਿਆਂ ਬਾਰਹ ਮਾਹਾ ਮਾਝ ਸੰਬੰਧੀ ਸੰਗਰਾਂਦ ਦਾ ਮਨਾਏ ਜਾਣਾ ਲੋਕ ਮਾਨਸਿਕਤਾ ਦਾ ਅੱਨਿਖੜਵਾਂ ਅੰਗ ਬਣ ਚੁੱਕਾ ਹੈ। ਲੋਕ ਮਾਨਸ ਯਥਾਰਥ ਅਤੇ ਕਲਪਨਾ ਵਿਚ ਭੇਦ ਨਹੀਂ ਕਰਦਾ, ਜਾਦੂ-ਟੂਣਿਆਂ ਤੇ ਮੰਤਰਾਂ-ਜੰਤਰਾਂ ਵਿਚ ਵਿਸ਼ਵਾਸ ਰਖਦਾ ਹੈ ਅਤੇ ਅਨੁਸ਼ਠਾਨ ਚਿੰਤਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਵਿਧੀ ਦੁਆਰਾ ਕੰਮ ਕਰਕੇ ਮਨ-ਇਛਿੱਤ ਲਾਹਾ ਪ੍ਰਾਪਤ ਕਰਨ ਦੀ ਅਭਿਲਾਸ਼ਾ ਕਰਦਾ ਹੈ। ਇਸੇ ਭਾਵਨਾ ਅਧੀਨ ਬਾਹਰ ਮਾਹ ਮਾਝ ਦੇ ਹਰ ਮਹੀਨੇ ਦੀ ਸੰਗਰਾਂਦ ਨੂੰ ਵਾਚਿਆ ਜਾ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਰਾਜਨੀਤਿਕ ਕਾਰਨ

*ਡਾ. ਕ੍ਰਿਪਾਲ ਸਿੰਘ**

ਜੇਕਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦੇ ਕਾਰਨ ਨੂੰ ਸਮਕਾਲੀ ਫਾਰਸੀ ਲਿਖਤਾਂ ਦੇ ਆਧਾਰ ਤੇ ਵਿਚਾਰੀਏ ਤਾਂ ਨਿਸ਼ਚੇ ਹੀ ਇਹ ਸਪੱਸ਼ਟ ਹੋਵੇਗਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਦਾ ਇਕ ਵੱਡਾ ਕਾਰਨ ਕੱਟੜ ਪੰਥੀ ਮੁਸਲਮਾਨਾਂ ਨੂੰ ਗੁਰੂ ਸਾਹਿਬ ਦੇ ਸਮੇਂ ਸਿੱਖ ਧਰਮ ਫੈਲਣਾ ਅਤੇ ਉੱਨਤ ਹੋਣਾ[1] ਬਹੁਤ ਰੜਕਦਾ ਸੀ। ਗੁਰੂ ਸਾਹਿਬ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸਥਾਪਨ ਕਰਨਾ, ਤਰਨ-ਤਾਰਨ ਸਾਹਿਬ ਅਤੇ ਜਲੰਧਰ ਦੁਆਬੇ ਵਿਚ ਕਰਤਾਰਪੁਰ ਅਬਾਦ ਕਰਨਾ, ਅਬੁਲ ਫਜ਼ਲ ਅਨੁਸਾਰ ਗੁਰੂ ਜੀ ਦਾ ਅਕਬਰ ਬਾਦਸ਼ਾਹ ਨੂੰ ਨਵੰਬਰ 24, 1598 ਵਿਚ ਮਿਲਣਾ ਅਤੇ ਮਾਲੀਏ ਦਾ ਕੁਝ ਹਿੱਸਾ ਮੁਆਫ ਕਰਵਾਉਣਾ[2] ਕੱਟੜ ਪੰਥੀ ਮੁਸਲਮਾਨਾਂ ਅਤੇ ਸਰਹਿੰਦ ਦੇ ਨਕਸ਼ਬੰਦੀ ਸਿਲਸਿਲੇ ਨੂੰ ਬਹੁਤ ਬੁਰਾ ਲਗਦਾ ਸੀ। ਉੱਤਰ ਪੱਛਮੀ ਭਾਰਤ ਵਿਚ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਕੱਟੜ ਮੁਸਲਮਾਨਾਂ ਦਾ ਲੀਡਰ ਸ਼ੇਖ ਅਹਿਮਦ ਸਰਹੰਦੀ, ਮੁਜਦਦ ਅਲਫ਼ਸਾਨੀ ਸੀ। ਇਹ ਨਕਸ਼ਬੰਦੀ ਸਿਲਸਿਲੇ ਦਾ ਆਗੂ ਸੀ। ਉਹ ਖਵਾਜਾ ਬਾਕੀ ਬਿਲਾ ਦਾ ਮੁਰੀਦ ਸੀ[3]। ਜਿਸ ਨੇ ਉਸ ਨੂੰ 1599-01 ਵਿਚ ਨਕਸ਼ ਬੰਦੀਆਂ ਵਿਚ ਪ੍ਰਵੇਸ਼ ਕਰਵਾਇਆ। ਸ਼ੇਖ ਅਹਿਮਦ ਫਰੂਕੀ ਸਰਹਿੰਦੀ ਜੋ ਮੁਜਦਦ ਅਲਫ ਸਾਨੀ ਕਰਕੇ ਪ੍ਰਸਿੱਧ ਹੈ, ਦਾ ਜਨਮ 26 ਮਈ, 1564 ਵਿਚ ਹੋਇਆ। ਉਹ ਦੂਜੇ ਖਲੀਫਾ ਉਮਰ (634-644 ਈ.) ਦੀ ਔਲਾਦ ਵਿਚੋਂ ਸੀ। ਸ਼ੇਖ ਅਹਿਮਦ ਦਾ ਜਨਮ ਸਰਹੰਦ ਵਿਚ ਹੋਇਆ ਇਸ ਲਈ ਉਹ ਇੱਥੇ ਰਹਿਣ ਲੱਗਾ ਅਤੇ ਇਸਲਾਮ ਦਾ ਪ੍ਰਚਾਰ ਕਰਨ ਲੱਗਾ। ਇਕ ਕੱਟੜ ਮੁਸਲਮਾਨ ਹੋਣ ਕਰਕੇ ਅਕਬਰ ਦੀ ਸੁਲਹ ਕੁਲ ਨੀਤੀ ਦੇ ਵਿਰੁੱਧ ਸੀ। ਕਿਹਾ ਜਾਂਦਾ ਹੈ ਕਿ ਉਸਨੇ ਮੁਗਲ ਸਾਮਰਾਜ ਨੂੰ ਅਕਬਰ ਦੀ ਨੀਤੀ ਤੋਂ ਜਹਾਂਗੀਰ ਰਾਹੀਂ ਇਸਲਾਮ ਫੈਲਾਉਣ ਲਈ ਬਚਾਇਆ।[4]

ਸ਼ੇਖ ਫਰੀਦ ਬੁਖਾਰੀ ਜਿਸ ਨੂੰ ਜਹਾਂਗੀਰ ਨੇ ਬਾਦਸ਼ਾਹ ਬਣਨ ਤੇ ਮੁਰਤਜਾ ਖ਼ਾਂ ਦਾ ਖਿਤਾਬ ਦਿੱਤਾ। ਇਹ ਅਕਬਰ ਦੇ ਸਮੇਂ ਭਾਰਤ ਵਿਚ ਆਇਆ ਸੀ। ਜਹਾਂਗੀਰ ਅਤੇ ਖੁਸਰੋ ਦੇ ਬਾਦਸ਼ਾਹ ਬਣਨ ਦੀ ਖਿੱਚੋਤਾਣ ਵਿਚ ਇਸ ਨੇ ਜਹਾਂਗੀਰ ਦਾ ਸਾਥ ਦਿੱਤਾ। ਉਹ ਸ਼ੇਖ ਅਹਿਮਦ ਸਰਹੰਦੀ ਦੇ ਪ੍ਰਸਿੱਧ ਮੁਰੀਦਾਂ ਵਿਚੋਂ ਸੀ ਅਤੇ ਆਪਣੇ ਮੁਰਸ਼ਦ ਵਾਂਗੂੰ ਕੱਟੜ ਸੁੰਨੀ ਸੀ। ਇਹ ਜਹਾਂਗੀਰ ਦਾ ਵਿਸ਼ੇਸ਼ ਅਧਿਕਾਰੀ ਸੀ ਜਿਸ ਨੂੰ ਤਖਤ ਤੇ ਬੈਠਣ ਸਾਰ ਹੀ ਜਹਾਂਗੀਰ ਨੇ ਉਸ ਦਾ ਰੁਤਬਾ ਵਧਾ ਦਿੱਤਾ ਸੀ ਅਤੇ ਖੁਸਰੋ ਨੂੰ ਪਕੜਨ ਲਈ ਨਿਯੁਕਤ ਕਰ ਦਿੱਤਾ।[5]

---

* 1288, ਸੈਕਟਰ 15-ਬੀ, ਚੰਡੀਗੜ੍ਹ।

Sri Satguru Jagjit Singh Ji Elibrary NamdhariElibrary@gmail.com

ਹੁਣ ਖੁਸਰੋ ਅੱਗੇ ਜਾ ਰਿਹਾ ਸੀ ਤੇ ਸ਼ੇਖ ਫਰੀਦ ਉਸ ਦਾ ਪਿਛਾ ਕਰ ਰਿਹਾ ਸੀ। ਜਦੋਂ ਖੁਸਰੋ ਨੂੰ ਪਤਾ ਲੱਗਾ ਕਿ ਸ਼ੇਖ ਫਰੀਦ ਉਸ ਦਾ ਪਿੱਛਾ ਕਰ ਰਿਹਾ ਹੈ ਤਾਂ ਉਸ ਨੇ ਲਾਹੌਰ ਦੇ ਕਿਲੇ ਤੇ ਕਬਜ਼ਾ ਨਾ ਕੀਤਾ ਤੇ ਪਿਛੇ ਮੁੜ ਕੇ ਸ਼ੇਖ ਫਰੀਦ ਦੀਆਂ ਫੌਜਾਂ ਦਾ ਰਸਤਾ ਰੋਕਣ ਦਾ ਯਤਨ ਕੀਤਾ। ਕਿਉਂਕਿ ਉਸ ਵੇਲੇ ਖੁਸਰੋ ਦੀਆਂ ਫੌਜਾਂ ਬਹੁਤ ਜਿਆਦਾ ਸਨ ਤੇ ਸ਼ੇਖ ਫਰੀਦ ਕੋਲ ਥੋੜ੍ਹੀਆਂ ਫੌਜਾਂ ਸਨ। ਸ਼ੇਖ ਫਰੀਦ ਖ਼ਾਂ ਨੇ ਥੋੜ੍ਹੀਆਂ ਫੌਜਾਂ ਨਾਲ ਹੀ ਖੁਸਰੋ ਨੂੰ ਹਰਾ ਦਿੱਤਾ ਉਹ ਲੜਾਈ ਦੇ ਮੈਦਾਨ ਵਿਚੋਂ ਭੱਜ ਗਿਆ।[6] ਇਹ ਲੜਾਈ ਗੋਇੰਦਵਾਲ ਦੇ ਨੇੜੇ ਹੋਈ ਤੇ ਇਸ ਦਾ ਕਥਨ "ਸ਼ਾਹਜਹਾਨ-ਨਾਮੇ" ਵਿਚ ਹੈ।[7] ਸ਼ਾਇਦ ਇਸੇ ਸਮੇਂ ਨੂੰ ਹੀ ਮਹਿਮਾ ਪ੍ਰਕਾਸ਼ ਵਿਚ ਸ਼ਾਹਜਾਦੇ ਦਾ ਆਫਿਤ ਵਿਚ ਲੰਗਰ ਵਿਚੋਂ ਰੋਟੀ ਛਕਣ ਦਾ ਕਥਨ ਹੈ। ਮਹਿਮਾ ਪ੍ਰਕਾਸ਼ ਵਿਚ ਅੰਕਿਤ ਹੈ :

*ਸੋ ਬਡ ਦੁਖੀ ਤਾ ਪਰ ਭਈ ਆਫਤ। ਦੇਖ ਦਿਆਲ ਗੁਰ ਕਰੀ ਜਿਆਫਤ।*
*ਤਾਕੋ ਖਾਨ ਪਾਨ ਸਭ ਦੀਆ। ਨਿਸ ਕਰ ਗੁਜਾਰਨ ਕੂਚ ਤਿਨ ਕੀਆ।*[8]

ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਜੀ ਉਸ ਸਮੇਂ ਤਰਨ ਤਾਰਨ ਸਨ। ਮਹਿਮਾ ਪ੍ਰਕਾਸ਼ ਦੇ ਕਰਤਾ ਅੱਗੇ ਜਾ ਕੇ ਲਿਖਦੇ ਹਨ ਕਿ

*ਸਹਜਾਦੇ ਜੀ ਭਾਗ ਕਰ ਗਏ ਗੁਰ ਅਰਜਨ ਪਾਸ।*
*ਕਛੂ ਮਦਦ ਖਜਾਨੇ ਕੀ ਕਰੀ ਕੀਨੀ ਬਹੁਤ ਸੁਪਾਸ॥੬॥*[9]

ਭਾਵ ਇਹ ਨਿਕਲਦਾ ਹੈ ਕਿ ਸ਼ਹਿਜਾਦਾ ਰਾਤ ਗੁਰੂ ਅਰਜਨ ਸਾਹਿਬ ਕੋਲ ਗੁਜਰਾਨ ਕਰਕੇ ਚਲਿਆ ਗਿਆ। ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਕੋਈ ਦੁਖੀ ਜੋ ਆਫਤ ਵਿਚ ਫਸਿਆ ਹੋਵੇ, ਉਸਦੀ ਮਦਦ ਕਰਨਾ ਗੁਰੂਆਂ ਦੀ ਰਵਾਇਤ ਸੀ। ਸ਼ਹਿਜਾਦਾ ਖੁਸਰੋ ਜਿਵੇਂ ਮਹਿਮਾ ਪ੍ਰਕਾਸ਼ ਵਿਚ "ਸੋ ਬਡ ਦੁਖੀ ਤਾ ਪਰ ਭਈ ਆਫਤ" ਇਕ ਦੁਖੀ ਆਫਤ-ਜ਼ਦਾ ਵਿਅਕਤੀ ਸੀ ਜਿਸ ਕਰਕੇ ਗੁਰੂ ਜੀ ਨੇ ਉਸ ਨੂੰ ਭੋਜਨ ਛਕਾਇਆ ਜਿਵੇਂ ਗੁਰੂ ਜੀ ਦੀ ਪ੍ਰਥਾ ਸੀ। ਇਹ ਸਭ ਕੁਝ ਇਕ ਦੁਖੀ, ਲਾਚਾਰ ਹੋਣ ਦੇ ਨਾਤੇ ਗੁਰੂ ਜੀ ਨੇ ਕੀਤੀ। "ਜੋ ਸਰਣਿ ਆਵੈ ਤਿਸੁ ਕੰਠ ਲਾਵੈ" ਉਨ੍ਹਾਂ ਦਾ ਸਿਧਾਂਤ ਸੀ।

ਇਸ ਛੋਟੀ ਲੜਾਈ ਦੇ ਤੁਰੰਤ ਪਿੱਛੋਂ ਜਹਾਂਗੀਰ ਹੋਰ ਫੌਜਾਂ ਲੈ ਕੇ ਸ਼ੇਖ ਫਰੀਦ ਨੂੰ ਮਿਲ ਪਿਆ। ਫਰੀਦ ਖ਼ਾਂ ਬੁਖਾਰੀ ਅਤੇ ਜਹਾਂਗੀਰ ਇਕੱਠੇ ਫਤੇਹਾਬਾਦ ਨਗਰ ਵਿਚ ਰਹੇ। ਖੁਸਰੋ ਚਨਾਬ ਦਰਿਆ ਪਾਰ ਕਰਦਾ ਹੋਇਆ ਪਕੜਿਆ ਗਿਆ। ਜਹਾਂਗੀਰ ਨੂੰ ਗੁਰੂ ਅਰਜਨ ਸਾਹਿਬ ਦੇ ਵਿਰੁੱਧ ਭੜਕਾਉਣ ਵਾਲਾ ਸ਼ੇਖ ਫਰੀਦ ਹੀ ਜਾਪਦਾ ਹੈ ਜਿਵੇਂ ਕਿ ਨਿਮਨ-ਲਿਖਤ ਸ਼ੇਖ ਅਹਿਮਦ ਸਰਹੰਦੀ ਦੀ ਚਿਠੀ ਤੋਂ ਪਤਾ ਲਗਦਾ ਹੈ। (ਚਿਠੀ ਨੰਬਰ 193)।

"ਇਸ ਸਮੇਂ ਲਾਨਤੀ ਗੋਇੰਦਵਾਲ ਦੇ ਕਾਫਿਰ ਨੂੰ ਮਾਰਨਾ ਸੱਚ-ਮੁੱਚ ਵੱਡੀ ਪ੍ਰਾਪਤੀ ਹੈ ਅਤੇ ਇਹ ਘਿਰਣਤ ਹਿੰਦੂਆਂ ਦੀ ਹਾਰ ਦਾ ਵੱਡਾ ਕਾਰਨ ਬਣਦਾ ਹੈ। ਭਾਵੇਂ ਕਿਸ ਭਾਵਨਾ ਨਾਲ ਉਨ੍ਹਾਂ ਨੂੰ ਮਾਰਿਆ ਜਾਵੇ ਅਤੇ ਭਾਵੇਂ ਕਿਸ ਆਸ਼ੇ ਨਾਲ ਉਨ੍ਹਾਂ ਨੂੰ ਬਰਬਾਦ ਕੀਤਾ ਜਾਏ। ਮੁਸਲਮਾਨਾਂ ਵਾਸਤੇ ਇਹ ਸੁਆਬ ਦਾ ਕੰਮ ਹੈ। ਇਸ ਕਾਫਿਰ ਦੇ ਮਾਰੇ ਜਾਣ ਤੋਂ ਪਹਿਲਾਂ ਮੈਨੂੰ ਸੁਪਨਾ ਆਇਆ ਕਿ ਬਾਦਸ਼ਾਹ ਨੇ ਕਾਫਰਾਂ ਦੇ ਵੱਡੇ ਮੁਖੀ ਨੂੰ ਖਤਮ ਕਰ ਦਿੱਤਾ ਹੈ। ਇਹ ਸੱਚ ਹੈ ਕਿ ਇਹ ਕਾਫਰਾਂ ਦਾ ਲੀਡਰ ਸੀ ਅਤੇ ਬੇਦੀਨਾਂ ਦਾ ਮੁਖੀਆ। ਉਨ੍ਹਾਂ ਤੇ ਜਜ਼ੀਆ ਲਾਉਣ

Sri Satguru Jagjit Singh Ji Elibrary NamdhariElibrary@gmail.com

ਦਾ ਮਨੋਰਥ ਉਨ੍ਹਾਂ ਨੂੰ ਹੀਣਾ ਕਰਨਾ ਤੇ ਬੇਇਜ਼ਤ ਕਰਨਾ ਹੈ। ਇਸਲਾਮ ਧਰਮ ਵਿਚ ਉਨ੍ਹਾਂ ਵਿਰੁੱਧ ਜਿਹਾਦ ਅਤੇ ਵਿਰੋਧ ਕਰਨ ਦੀ ਲੋੜ ਹੈ"।[10]

ਇਉਂ ਜਾਪਦਾ ਹੈ ਕਿ ਜਹਾਂਗੀਰ ਦੇ ਮਨ ਵਿਚ ਪਹਿਲਾਂ ਹੀ ਗੁਰੂ ਅਰਜਨ ਸਾਹਿਬ ਬਾਰੇ ਤੁਅਸਬ ਭਰਿਆ ਪਿਆ ਸੀ। ਉਸ ਨੇ ਤੋਜ਼ਕ-ਇ-ਜਹਾਂਗੀਰੀ ਵਿਚ ਲਿਖਿਆ ਹੈ ਕਿ ਕਿੰਨੇ ਹੀ ਚਿਰ ਤੋਂ ਮੇਰੇ ਦਿਲ ਵਿਚ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿਆਂ ਜਾਂ ਉਸਨੂੰ ਮੁਸਲਮਾਨ ਬਣਾ ਲਵਾਂ ਉਹ ਲਿਖਦਾ ਹੈ :

"ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬੇ-ਅਕਲ ਮੁਸਲਮਾਨਾਂ ਨੂੰ ਭੀ ਆਪਣੇ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਨਾਲ ਵਜਾਇਆ ਹੋਇਆ ਸੀ। ਉਸਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਕਿਤਨੇ ਚਿਰ ਤੋਂ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ"।[11]

ਇਉਂ ਜਾਪਦਾ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਕੋਈ ਬਹਾਨਾ ਹੀ ਲੱਭ ਰਿਹਾ ਸੀ। ਇਹ ਬਹਾਨਾ ਸ਼ੇਖ ਫਰੀਦ ਮੁਰਤਜ਼ਾ ਖ਼ਾਂ ਨੇ ਜਾਂ ਉਸਦੇ ਕਿਸੇ ਖਾਸ ਵਿਅਕਤੀ ਨੇ ਬਾਦਸ਼ਾਹ ਨੂੰ ਗੁਰੂ ਅਰਜਨ ਸਾਹਿਬ ਦਾ ਖੁਸਰੋ ਲਈ ਦੁਆ ਕਰਨਾ ਅਤੇ ਉਸ ਦੇ ਮੱਥੇ ਤੇ ਤਿਲਕ ਲਾਉਣ ਦੀ ਝੂਠੀ ਸ਼ਿਕਾਇਤ ਲਾ ਕੇ ਦੇ ਦਿੱਤਾ। ਤੋਜ਼ਕ-ਇ-ਜਹਾਂਗੀਰੀ ਵਿਚ ਲਿਖਿਆ ਹੈ ਕਿ :

"ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ ਪੁਰਸ਼ (ਭਾਵ ਗੁਰੂ ਜੀ) ਨੇ ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੋ। ਉਸ ਪੜਾਅ ਉਤੇ ਜਿੱਥੇ ਕਿ ਉਸ ਦੀ ਜਗ੍ਹਾ ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ ਤੇ ਉਸਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਏਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ। ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕਰਨ, ਉਸਦੇ ਘਰ ਬਾਰ ਤੇ ਪੁੱਤ੍ਰਾਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿੱਤਾ ਤੇ ਉਸ ਦੇ ਮਾਲ ਜਾਇਦਾਦ ਨੂੰ ਜਬਤ ਕਰਕੇ ਮੈਂ ਹੁਕਮ ਕੀਤਾ ਉਸ ਨੂੰ (ਯਾਸਾ ਰਾਹੀਂ ਤਸੀਹੇ ਦੇ ਕੇ) ਮਾਰਿਆ ਜਾਵੇ"।[12]

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਹਾਂਗੀਰ ਅੱਗੇ ਸ਼ਿਕਾਇਤ ਚੰਦੂ ਸ਼ਾਹ ਨੇ ਭੀ ਕੀਤੀ :

*ਇਕ ਦੁਸ਼ਟ ਖਤਰੀ ਚੰਦੂ ਸਾਹੀ। ਤਿਨ ਪਾਤਸ਼ਾਹ ਪੈ ਚੁਗਲੀ ਲਾਈ।*[13]

ਚੰਦੂਸ਼ਾਹ ਗੁਰੂ ਸਾਹਿਬ ਨਾਲ ਵੈਰ ਰੱਖਦਾ ਸੀ ਕਿਉਂਕਿ ਸੰਗਤ ਦੇ ਕਹਿਣ ਤੇ ਗੁਰੂ ਸਾਹਿਬ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਲਈ ਮੋੜ ਦਿੱਤਾ ਸੀ। ਹੈਰਾਨੀ ਦੀ

Sri Satguru Jagjit Singh Ji Elibrary NamdhariElibrary@gmail.com

ਗੱਲ ਹੈ ਕਿ ਚੰਦੂ ਸ਼ਾਹ ਦਾ ਕਥਨ "ਮੁਆਰੁਲ ਉਮਰਾ, ਦਬਿਸਤਾਨ ਜਾਂ ਕਿਸੇ ਹੋਰ ਸਮਕਾਲੀ ਫਾਰਸੀ ਲਿਖਤ ਵਿਚ ਨਹੀਂ ਆਉਂਦਾ।

ਸਪੇਨ ਦਾ ਪਾਦਰੀ ਗੁਰੇਰਿਉ ਜੋ 1606 ਈਸਵੀ ਵਿਚ ਲਾਹੌਰ ਸੀ ਆਪਣੀ 5 ਸਤੰਬਰ 1606 ਦੀ ਚਿੱਠੀ ਜੋ ਉਸਨੇ ਸਪੇਨ ਭੇਜੀ, ਵਿਚ ਲਿਖਦਾ ਹੈ ਇਕ ਦੌਲਤਮੰਦ ਹਿੰਦੂ ਨੇ ਗੁਰੂ ਅਰਜਨ ਸਾਹਿਬ ਕੋਲੋਂ ਜੁਰਮਾਨਾ ਵਸੂਲ ਕਰਨ ਦਾ ਜਿੰਮਾ ਲਿਆ ਤੇ ਤਸੀਹੇ ਦਿੱਤੇ ਇਸ ਭਾਵ ਦੀ ਇਕ ਚਿੱਠੀ ਵਿਚ ਫਰਾਂਸੀਸੀ ਪਾਦਰੀ ਡੋਜੇਰਿਕ ਨੇ 8 ਅਗਸਤ, 1607 ਈਸਵੀ ਇਹੋ ਹੀ ਗੱਲ ਅੰਕਿਤ ਕੀਤੀ। ਦੋਵੇਂ ਪਾਦਰੀ ਚੰਦੂ ਦਾ ਨਾਂ ਨਹੀਂ ਲਿਖਦੇ ਕੇਵਲ ਇਕ "ਦੌਲਤ ਮੰਦ ਹਿੰਦੂ" ਜਾਂ ਦੌਲਤਮੰਦ ਜੇਨਟੀਨ ਹੀ ਲਿਖਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਚੁਗਲੀ ਲਾਉਣ ਵਾਲਾ ਚੰਦੂ ਵੀ ਸੀ ਤੇ ਸ਼ੇਖ ਫਰੀਦ ਵੀ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ।[14]

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਚੰਦੂ ਦੇ ਕਹਿਣ ਤੇ ਬਾਦਸ਼ਾਹ ਨੇ ਦੋ ਲੱਖ ਰੁਪਏ ਜੁਰਮਾਨਾ ਕੀਤਾ।[15]

ਦਾਬਿਸਤਾਨ ਦੇ ਲੇਖਕ ਨੇ ਵੀ ਗੁਰੂ ਅਰਜਨ ਤੇ ਭਾਰੀ ਰਕਮ ਦਾ ਜੁਰਮਾਨਾ ਲਿਖਿਆ ਹੈ[16] ਜੇਕਰ ਜਹਾਂਗੀਰ ਨੇ ਗੁਰੂ ਜੀ ਤੇ ਜੁਰਮਾਨਾ ਕੀਤਾ ਹੁੰਦਾ ਤਾਂ ਜ਼ਰੂਰ ਜਹਾਂਗੀਰ ਇਸ ਦਾ ਜ਼ਿਕਰ ਕਰਦਾ। ਜਿਥੇ ਜਿਥੇ ਜੁਰਮਾਨੇ ਕੀਤੇ ਹਨ ਉਨ੍ਹਾਂ ਦਾ ਕਥਨ ਜਹਾਂਗੀਰ ਦੀ ਲਿਖਤ ਵਿਚ ਲਿਖਿਆ ਮਿਲਦਾ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੂੰ ਜੁਰਮਾਨੇ ਦਾ ਹੁਕਮ ਬਾਅਦ ਵਿਚ ਜਹਾਂਗੀਰ ਨੇ ਕੀਤਾ ਹੋਵੇ।

ਤਿਲਕ ਲਾਉਣ ਵਾਲੀ ਗੱਲ ਵੀ ਸੁਣੀ ਸੁਣਾਈ ਜਾਪਦੀ ਹੈ ਕਿਉਂ ਕਿ ਸਿੱਖਾਂ ਵਿਚ ਗੁਰੂ ਕਿਸੇ ਨੂੰ ਤਿਲਕ ਨਹੀਂ ਲਾਉਂਦੇ। ਕੇਵਲ ਗੁਰਿਆਈ ਦੇਣ ਲੱਗਿਆਂ ਤਿਲਕ ਲਾਉਂਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗੱਲ ਵੀ ਸ਼ੱਕੀ ਹੋ ਜਾਂਦੀ ਹੈ ਜਦ ਅਸੀਂ ਵੇਖਦੇ ਹਾਂ ਜਹਾਂਗੀਰ ਲਾਹੌਰ ਸਹਿਜੇ-ਸਹਿਜੇ ਠਹਿਰ ਠਹਿਰ ਕੇ ਜਾਂਦਾ ਹੈ ਜਿਵੇਂ ਕਿ ਤੋਜ਼ਕ ਵਿਚ ਲਿਖਿਆ ਹੈ। ਜੇਕਰ ਗੁਰੂ ਜੀ ਖੁਸਰੋ ਨੂੰ ਮਿਲੇ ਹੁੰਦੇ ਤਾਂ ਜਹਾਂਗੀਰ ਨੂੰ ਜ਼ਰੂਰ ਪਤਾ ਲਗ ਜਾਣਾ ਸੀ। ਕੋਈ ਨਾ ਕੋਈ ਜਹਾਂਗੀਰ ਨੂੰ ਇਹ ਖਬਰ ਦੇ ਕੇ ਇਨਾਮ ਹਾਸਲ ਕਰਦਾ। ਤੋਜ਼ਕ-ਇ-ਜਹਾਂਗੀਰ ਵਿਚ ਬਾਦਸ਼ਾਹ ਦੇ ਸਫ਼ਰ ਦਾ ਹਾਲ ਸੁਲਤਾਨਪੁਰ ਤੋਂ ਲਾਹੌਰ ਤਕ ਇਸ ਤਰ੍ਹਾਂ ਲਿਖਿਆ ਹੈ :

"16 ਤਰੀਕ ਜ਼ੀਉਲਰਜ (ਮੁਤਾਬਕ 15 ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ, 17 ਜ਼ੀ : (ਮੁਤਾ: 16 ਅਪ੍ਰੈਲ) ਦੀ ਸਵੇਰੇ ਸੁਲਤਾਨ ਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇਹ ਹੋ ਗਈ ਹੈ"। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। "28 ਜ਼ੀ: ਹੱਜ (27 ਅਪ੍ਰੈਲ) ਨੂੰ ਜੇਪਾਲ ਅੱਪੜਦਾ ਹੈ।[17] ਇਹ ਪਿੰਡ ਲਾਹੌਰੋਂ "7 ਕੋਹ ਉਰੇ ਹੈ"। 17 ਤੋਂ 28, ਗੋਯਾ ਲਗ-ਪਗ 12 ਦਿਨ ਮਾਂਝੇ ਵਿਚ ਪਾਤਸ਼ਾਹ ਰਹਿੰਦਾ ਹੈ ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗੱਲੀ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖ਼ਬਰਾਂ, ਥਾਨੇਸਰੀ ਪੀਰ

Sri Satguru Jagjit Singh Ji Elibrary NamdhariElibrary@gmail.com

ਦਾ ਮਨੋਰਥ ਉਨ੍ਹਾਂ ਨੂੰ ਹੀਣਾ ਕਰਨਾ ਤੇ ਬੇਇਜ਼ਤ ਕਰਨਾ ਹੈ। ਇਸਲਾਮ ਧਰਮ ਵਿਚ ਉਨ੍ਹਾਂ ਵਿਰੁੱਧ ਜਿਹਾਦ ਅਤੇ ਵਿਰੋਧ ਕਰਨ ਦੀ ਲੋੜ ਹੈ"।[10]

ਇਉਂ ਜਾਪਦਾ ਹੈ ਕਿ ਜਹਾਂਗੀਰ ਦੇ ਮਨ ਵਿਚ ਪਹਿਲਾਂ ਹੀ ਗੁਰੂ ਅਰਜਨ ਸਾਹਿਬ ਬਾਰੇ ਤੁਅਸਬ ਭਰਿਆ ਪਿਆ ਸੀ। ਉਸ ਨੇ ਤੌਜ਼ਕ-ਇ-ਜਹਾਂਗੀਰੀ ਵਿਚ ਲਿਖਿਆ ਹੈ ਕਿ ਕਿੰਨੇ ਹੀ ਚਿਰ ਤੋਂ ਮੇਰੇ ਦਿਲ ਵਿਚ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿਆਂ ਜਾਂ ਉਸਨੂੰ ਮੁਸਲਮਾਨ ਬਣਾ ਲਵਾਂ ਉਹ ਲਿਖਦਾ ਹੈ :

"ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬੇ-ਅਕਲ ਮੁਸਲਮਾਨਾਂ ਨੂੰ ਭੀ ਆਪਣੇ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਨਾਲ ਵਜਾਇਆ ਹੋਇਆ ਸੀ। ਉਸਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਕਿਤਨੇ ਚਿਰ ਤੋਂ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ"।[11]

ਇਉਂ ਜਾਪਦਾ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਕੋਈ ਬਹਾਨਾ ਹੀ ਲੱਭ ਰਿਹਾ ਸੀ। ਇਹ ਬਹਾਨਾ ਸ਼ੇਖ ਫਰੀਦ ਮੁਰਤਜ਼ਾ ਖ਼ਾਂ ਨੇ ਜਾਂ ਉਸਦੇ ਕਿਸੇ ਖਾਸ ਵਿਅਕਤੀ ਨੇ ਬਾਦਸ਼ਾਹ ਨੂੰ ਗੁਰੂ ਅਰਜਨ ਸਾਹਿਬ ਦਾ ਖੁਸਰੋ ਲਈ ਦੁਆ ਕਰਨਾ ਅਤੇ ਉਸ ਦੇ ਮੱਥੇ ਤੇ ਤਿਲਕ ਲਾਉਣ ਦੀ ਝੂਠੀ ਸ਼ਿਕਾਇਤ ਲਾ ਕੇ ਦੇ ਦਿੱਤਾ। ਤੌਜ਼ਕ-ਇ-ਜਹਾਂਗੀਰੀ ਵਿਚ ਲਿਖਿਆ ਹੈ ਕਿ :

"ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ ਪੁਰਸ਼ (ਭਾਵ ਗੁਰੂ ਜੀ) ਨੇ ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪੜਾਅ ਉਤੇ ਜਿੱਥੇ ਕਿ ਉਸ ਦੀ ਜਗ੍ਹਾ ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ ਤੇ ਉਸਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਏਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ। ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕਰਨ, ਉਸਦੇ ਘਰ ਬਾਰ ਤੇ ਪੁੱਤ੍ਰਾਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿੱਤਾ ਤੇ ਉਸ ਦੇ ਮਾਲ ਜਾਇਦਾਦ ਨੂੰ ਜਬਤ ਕਰਕੇ ਮੈਂ ਹੁਕਮ ਕੀਤਾ ਉਸ ਨੂੰ (ਯਾਸਾ ਰਾਹੀਂ ਤਸੀਹੇ ਦੇ ਕੇ) ਮਾਰਿਆ ਜਾਵੇ"।[12]

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਹਾਂਗੀਰ ਅੱਗੇ ਸ਼ਿਕਾਇਤ ਚੰਦੂ ਸ਼ਾਹ ਨੇ ਭੀ ਕੀਤੀ :

*ਇਕ ਦੁਸ਼ਟ ਖਤਰੀ ਚੰਦੂ ਸਾਹੀ। ਤਿਨ ਪਾਤਸ਼ਾਹ ਪੈ ਚੁਗਲੀ ਲਾਈ।*[13]

ਚੰਦੂਸ਼ਾਹ ਗੁਰੂ ਸਾਹਿਬ ਨਾਲ ਵੈਰ ਰੱਖਦਾ ਸੀ ਕਿਉਂਕਿ ਸੰਗਤ ਦੇ ਕਹਿਣ ਤੇ ਗੁਰੂ ਸਾਹਿਬ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਲਈ ਮੋੜ ਦਿੱਤਾ ਸੀ। ਹੈਰਾਨੀ ਦੀ

Sri Satguru Jagjit Singh Ji Elibrary NamdhariElibrary@gmail.com

ਗੱਲ ਹੈ ਕਿ ਚੰਦੂ ਸ਼ਾਹ ਦਾ ਕਥਨ "ਮੁਆਰੁਲ ਉਮਰਾ, ਦਬਿਸਤਾਨ ਜਾਂ ਕਿਸੇ ਹੋਰ ਸਮਕਾਲੀ ਫਾਰਸੀ ਲਿਖਤ ਵਿਚ ਨਹੀਂ ਆਉਂਦਾ।

ਸਪੇਨ ਦਾ ਪਾਦਰੀ ਗੁਰੇਰਿਉ ਜੋ 1606 ਈਸਵੀ ਵਿਚ ਲਾਹੌਰ ਸੀ ਆਪਣੀ 5 ਸਤੰਬਰ 1606 ਦੀ ਚਿੱਠੀ ਜੋ ਉਸਨੇ ਸਪੇਨ ਭੇਜੀ, ਵਿਚ ਲਿਖਦਾ ਹੈ ਇਕ ਦੌਲਤਮੰਦ ਹਿੰਦੂ ਨੇ ਗੁਰੂ ਅਰਜਨ ਸਾਹਿਬ ਕੋਲੋਂ ਜ਼ੁਰਮਾਨਾ ਵਸੂਲ ਕਰਨ ਦਾ ਜਿੰਮਾ ਲਿਆ ਤੇ ਤਸੀਹੇ ਦਿੱਤੇ ਇਸ ਭਾਵ ਦੀ ਇਕ ਚਿੱਠੀ ਵਿਚ ਫਰਾਂਸੀਸੀ ਪਾਦਰੀ ਡੇਜੇਰਿਕ ਨੇ 8 ਅਗਸਤ, 1607 ਈਸਵੀ ਇਹੋ ਹੀ ਗੱਲ ਅੰਕਿਤ ਕੀਤੀ। ਦੋਵੇਂ ਪਾਦਰੀ ਚੰਦੂ ਦਾ ਨਾਂ ਨਹੀਂ ਲਿਖਦੇ ਕੇਵਲ ਇਕ "ਦੌਲਤ ਮੰਦ ਹਿੰਦੂ" ਜਾਂ ਦੌਲਤਮੰਦ ਜੈਨਟੀਨ ਹੀ ਲਿਖਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਚੁਗਲੀ ਲਾਉਣ ਵਾਲਾ ਚੰਦੂ ਵੀ ਸੀ ਤੇ ਸ਼ੇਖ ਫਰੀਦ ਵੀ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ।[14]

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਚੰਦੂ ਦੇ ਕਹਿਣ ਤੇ ਬਾਦਸ਼ਾਹ ਨੇ ਦੋ ਲੱਖ ਰੁਪਏ ਜ਼ੁਰਮਾਨਾ ਕੀਤਾ।[15]

ਦਾਬਿਸਤਾਨ ਦੇ ਲੇਖਕ ਨੇ ਵੀ ਗੁਰੂ ਅਰਜਨ ਤੇ ਭਾਰੀ ਰਕਮ ਦਾ ਜ਼ੁਰਮਾਨਾ ਲਿਖਿਆ ਹੈ[16] ਜੇਕਰ ਜਹਾਂਗੀਰ ਨੇ ਗੁਰੂ ਜੀ ਤੇ ਜ਼ੁਰਮਾਨਾ ਕੀਤਾ ਹੁੰਦਾ ਤਾਂ ਜ਼ਰੂਰ ਜਹਾਂਗੀਰ ਇਸ ਦਾ ਜ਼ਿਕਰ ਕਰਦਾ। ਜਿਥੇ ਜਿਥੇ ਜ਼ੁਰਮਾਨੇ ਕੀਤੇ ਹਨ ਉਨ੍ਹਾਂ ਦਾ ਕਥਨ ਜਹਾਂਗੀਰ ਦੀ ਲਿਖਤ ਵਿਚ ਲਿਖਿਆ ਮਿਲਦਾ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੂੰ ਜ਼ੁਰਮਾਨੇ ਦਾ ਹੁਕਮ ਬਾਅਦ ਵਿਚ ਜਹਾਂਗੀਰ ਨੇ ਕੀਤਾ ਹੋਵੇ।

ਤਿਲਕ ਲਾਉਣ ਵਾਲੀ ਗੱਲ ਵੀ ਸੁਣੀ ਸੁਣਾਈ ਜਾਪਦੀ ਹੈ ਕਿਉਂ ਕਿ ਸਿੱਖਾਂ ਵਿਚ ਗੁਰੂ ਕਿਸੇ ਨੂੰ ਤਿਲਕ ਨਹੀਂ ਲਾਉਂਦੇ। ਕੇਵਲ ਗੁਰਿਆਈ ਦੇਣ ਲੱਗਿਆਂ ਤਿਲਕ ਲਾਉਂਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗੱਲ ਵੀ ਸ਼ੱਕੀ ਹੋ ਜਾਂਦੀ ਹੈ ਜਦ ਅਸੀਂ ਵੇਖਦੇ ਹਾਂ ਜਹਾਂਗੀਰ ਲਾਹੌਰ ਸਹਿਜੇ-ਸਹਿਜੇ ਠਹਿਰ ਠਹਿਰ ਕੇ ਜਾਂਦਾ ਹੈ ਜਿਵੇਂ ਕਿ ਤੋਜ਼ਕ ਵਿਚ ਲਿਖਿਆ ਹੈ। ਜੇਕਰ ਗੁਰੂ ਜੀ ਖੁਸਰੋ ਨੂੰ ਮਿਲੇ ਹੁੰਦੇ ਤਾਂ ਜਹਾਂਗੀਰ ਨੂੰ ਜ਼ਰੂਰ ਪਤਾ ਲਗ ਜਾਣਾ ਸੀ। ਕੋਈ ਨਾ ਕੋਈ ਜਹਾਂਗੀਰ ਨੂੰ ਇਹ ਖਬਰ ਦੇ ਕੇ ਇਨਾਮ ਹਾਸਲ ਕਰਦਾ। ਤੋਜ਼ਕ-ਇ-ਜਹਾਂਗੀਰ ਵਿਚ ਬਾਦਸ਼ਾਹ ਦੇ ਸਫ਼ਰ ਦਾ ਹਾਲ ਸੁਲਤਾਨਪੁਰ ਤੋਂ ਲਾਹੌਰ ਤਕ ਇਸ ਤਰ੍ਹਾਂ ਲਿਖਿਆ ਹੈ :

"16 ਤਰੀਕ ਜ਼ੀਉਲਹਜ (ਮੁਤਾਬਕ 15 ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ, 17 ਜ਼ੀ : (ਮੁਤਾ: 16 ਅਪ੍ਰੈਲ) ਦੀ ਸਵੇਰੇ ਸੁਲਤਾਨ ਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇਹ ਹੋ ਗਈ ਹੈ"। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। "28 ਜ਼ੀ: ਹੱਜ (27 ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ।[17] ਇਹ ਪਿੰਡ ਲਾਹੌਰੋਂ "7 ਕੋਹ ਉਰੇ ਹੈ"। 17 ਤੋਂ 28, ਗੋਯਾ ਲਗ-ਪਗ 12 ਦਿਨ ਮਾਂਝੇ ਵਿਚ ਪਾਤਸ਼ਾਹ ਰਹਿੰਦਾ ਹੈ ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗੱਲੀ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖ਼ਬਰਾਂ, ਥਾਨੇਸਰੀ ਪੀਰ

Sri Satguru Jagjit Singh Ji Elibrary NamdhariElibrary@gmail.com

ਵਰਗੇ ਦੀਆਂ ਖੁਸਰੋ ਨੂੰ ਮਿਲਣ ਦੀਆਂ ਸੋਆਂ ਸਭ ਪਾਤਸਾਹ ਨੂੰ ਭੇਜੀਆਂ ਜਾਂਦੀਆਂ ਮਿਲਦੀਆਂ ਰਹੀਆਂ, ਹੁਣ 12 ਦਿਨ ਮਾਝੇ ਵਿਚ ਰਹਿਕੇ ਪਾਤਸ਼ਾਹ ਨੂੰ ਕਿਉਂ ਖ਼ਬਰ ਨਾ ਮਿਲੀ?[19]

ਭਾਈ ਵੀਰ ਸਿੰਘ ਜੀ ਲਿਖਦੇ ਹਨ "ਪਾਤਸ਼ਾਹ ਦੇ ਸੂਹੀਏ ਤੇ ਇਨਾਮ ਲੈਣ ਦੇ ਲਾਲਚੀ ਚੁਗਲ ਖੋਰ ਚੱਪੇ ਚੱਪੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖ਼ਬਰਾਂ ਲੈਣ ਤੇ ਉਸਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਹ ਪਠਾਨਕੋਟ ਦਾ ਰਾਜਾ ਸੀ। ਇਸ ਦਾ ਹਾਲ ਮੁਅਸਰਲ ਉਮਰਾ ਵਿਚ ਲਿਖਿਆ ਹੈ ਇਸ ਨੂੰ ਵੀ ਗੁਰੂ ਜੀ ਦੀ ਖ਼ਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨਪੁਰ, ਗੋਇੰਦਵਾਲ ਤੇ 12 ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ।"

29 ਜ਼ੀ : ਹਜ (28 ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰਕੇ ਮਿਰਜ਼ਾ ਕਾਮਰਾਨ ਦੇ ਬਾਗ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖੁਸਰੋ ਦੇ ਹਾਰ ਪਾ ਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖ਼ਬਰ ਪੁੱਜੀ ਤੇ ਚੌਥੇ ਦਿਨ ਅਰਥਾਤ 3 ਮਹੱਰਮ (1 ਮਈ) ਨੂੰ ਖੁਸਰੋ ਗ੍ਰਿਫਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ, ਉਸੇ ਵੇਲੇ ਖੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ ਜੋ ਗ੍ਰਿਫਤਾਰ ਸਨ ਸੂਲੀ ਚਾੜ ਦਿੱਤੇ ਗਏ। ਪਾਤਸ਼ਾਹ 9 ਮੁਹੱਰਮ (7 ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ, ਜਿਨ੍ਹਾਂ ਖਿਦਮਤਾਂ ਕੀਤੀਆਂ ਸਨ, ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ।[20]

ਉਪਦਾ-ਤੁਲ-ਤਵਾਰੀਖ, ਦਫਤਰ ਪਹਿਲੀ, ਵਿਚ ਗੁਰੂ ਜੀ ਦੀ ਸ਼ਹੀਦੀ ਇਸ ਤਰ੍ਹਾਂ ਦਿੱਤਾ ਹੈ ਕਿ ਚੰਦੂ ਨੇ ਬਾਦਸ਼ਾਹ ਕੋਲ ਇਸ ਤਰ੍ਹਾਂ ਦੀ ਸ਼ਿਕਾਇਤ ਲਾਈ।

(ਦੀਵਾਨ ਚੰਦੂ ਨੇ) ਜਹਾਂਗੀਰ ਬਾਦਸ਼ਾਹ ਦੀ ਖਿਜ਼ਮਤ ਵਿਚ ਦੱਸਿਓ ਸੁ ਕਿ ਗੁਰੂ ਅਰਜਨ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖਲਲ ਪਾ ਦਿੱਤੇ ਗਏ ਹਨ। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪਰੋਕਤ ਗੁਰੂ ਦੀ ਤਾਬਿਆਦਾਰੀ ਦੀ ਰੱਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਅਰਥਾਤ ਸਿੱਖ ਬਣ ਰਹੇ ਹਨ)। ਜੇ ਕਦੀ ਹਜ਼ੂਰ ਆਪ ਇਹਦਾ ਬੰਦੋਬਸਤ ਕਰਨ ਤਾਂ ਚੰਗਾ ਹੈ, ਨਹੀਂ ਤਾਂ ਇਸ ਤੋਂ ਪਿੱਛੋਂ ਥੋੜਾ ਸਮਾਂ ਗੁਜ਼ਰ ਜਾਣ ਤੇ ਸਲਤਨਤ ਤੇ ਇਸਲਾਮ ਦਾ ਥੰਮ ਗਿਰ ਜਾਏਗਾ। ਮੈਂ ਗੁਲਾਮ ਹੋਣ ਕਰਕੇ ਸਿਰਫ ਸ਼ੁਭ ਚਿੰਤਕਾਂ ਤੌਂ ਇਸ ਮਾਮਲੇ ਬਾਬਤ ਬੇਨਤੀ ਕੀਤੀ ਹੈ। ਬਾਦਸ਼ਾਹ ਨੇ ਗੁਰੂਆਂ ਦੇ ਇਸ ਉੱਚੇ ਦਰਜੇ, ਵੱਡੇ ਮਰਤਬੇ ਵਾਲੇ ਫਕੀਰਾਂ ਦੇ ਸਿਰਤਾਜਾਂ ਦੇ ਹਾਲ ਤੋਂ ਵਾਕਫ ਨਾ ਹੋਣ ਕਰਕੇ, ਇਸ ਗੱਲ ਦੀ ਖੋਜ ਪੜਤਾਲ ਕੀਤੇ ਬਗੈਰ ਹੀ ਕਹਿ ਦਿੱਤਾ, ਕਿ ਜਿਸ ਤਰ੍ਹਾਂ ਦੀ ਸਜ਼ਾ ਮੁਨਾਸਬ ਹੋਵੇ ਦਿੱਤੀ ਜਾਏ। ਦੀਵਾਨ ਚੰਦੂ ਬਾਦਸ਼ਾਹ ਦੇ ਵੱਲੋਂ ਦਿੱਤੇ ਗਏ ਇਸ ਹੁਕਮ ਨੂੰ ਗ਼ੈਬੀ ਮਦਦ ਜਾਣਿਆਂ, ਲੰਮੀ ਸੋਚ ਤੋਂ ਕੰਮ ਨਾ ਲੈ ਕੇ ਇਸ ਤਰ੍ਹਾਂ ਦੀ

Sri Satguru Jagjit Singh Ji Elibrary NamdhariElibrary@gmail.com

ਅਯੋਗ ਬਣਤਰ ਬਣਾਈ ਕਿ ਉਸ ਨੂੰ ਲਿਖਣ ਲੱਗਿਆਂ ਕਲਮ ਰੱਤ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਤੇ ਜਾਨ ਹੈਰਾਨ ਹੋ ਜਾਂਦੀ ਹੈ।[21]

ਸ਼ੇਖ ਅਹਿਮ ਸਰਹੰਦੀ ਮੁਜਦੱਦ ਅਲਫ ਸਾਨੀ ਨੇ ਸ਼ੇਖ ਫਰੀਦ ਮੁਰਤਜਾ ਖ਼ਾਂ ਰਾਹੀਂ ਪੂਰਾ ਜ਼ੋਰ ਲਾਇਆ ਸੀ ਤੇ ਗੁਰੂ ਅਰਜਨ ਸ਼ਹੀਦ ਕੀਤਾ ਕਿਉਂਕਿ ਉਹ ਇਸ ਨੂੰ "ਵੱਡੀ ਪ੍ਰਾਪਤੀ" ਸਮਝਦਾ ਸੀ।

## ਹਵਾਲੇ ਅਤੇ ਟਿੱਪਣੀਆਂ

1. ਦਬਿਸਤਾਨ, ਮਾਖ-ਇ-ਤਾਰੀਖ-ਇ-ਸਿੰਘ, ਗੰਡਾ ਸਿੰਘ, ਅੰਮ੍ਰਿਤਸਰ 1949, ਸਫਾ 33.
2. ਅਕਬਰ ਨਾਮ ਦੀ ਟੂਕ ਦਾ ਅਨੁਵਾਦ, ਪ੍ਰਸਪੈਕਟਿਵ ਆਨ ਸਿੱਖ ਗੁਰੂਜ਼, ਕ੍ਰਿਪਾਲ ਸਿੰਘ ਦਿੱਲੀ 2000 ਈ., ਪੰਨਾ 31-32.
3. ਉਕਤ, ਪੰਨਾ 32.
4. ਸਰਹਿੰਦ ਥਰੂ ਦੀ ਏਜਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 54.
5. ਤੋਜ਼ਕ-ਇ-ਜਹਾਂਗੀਰ ਅਨੁਵਾਦਕ ਅਲਗਜ਼ਾਂਡਰ ਰੋਜ਼ਰਜ਼, ਸੰਪਾਦਕ ਹੈਨਰੀ ਬੇਵਰਿਜ, ਜਿਲਦ ਪਹਿਲੀ, ਦਿੱਲੀ 1965, ਪੰਨਾ 49, 65.
6. ਮੁਆਸੁਰਲ ਉਮਰਾ ਅਨੁਵਾਦਕ ਐਚ. ਬੀਵਰਿਜ ਸੰਪਾਦਕ ਬੈਨੀ ਪ੍ਰਸ਼ਾਦ ਪਟਨਾ, 1979, ਪੰਨਾ 524.
7. ਉਕਤ, ਪੰਨਾ 525, ਗਲੇਡਵਿਨ ਦਾ ਫੁੱਟਨੋਟ : ਮੁਹੰਮਦ ਸਲਹ ਕੰਬੋਜ ਨੇ ਲਿਖਿਆ ਹੈ ਕਿ ਫਰੀਦ ਮੁਰਤਜਾ ਖਾਂ ਕੋਲ ਕੇਵਲ 4000 ਤਕੜੇ ਸਵਾਰ ਸਨ। ਖੁਸਰੋ ਕੋਲ 10,000 ਲਾਹੌਰ ਜਾਂਦਿਆਂ ਸਵਾਰ ਇਕੱਠੇ ਹੋ ਗਏ। ਇਸ ਲਈ ਉਸਨੇ ਫਰੀਦ ਮੁਰਤਜ਼ਾ ਖਾਂ ਦਾ ਰਸਤਾ ਬਿਆਸ ਦੇ ਕੰਢੇ ਰੋਕਣ ਦਾ ਯਤਨ ਕੀਤਾ ਪਰ ਹਾਰ ਗਿਆ। ਲਾਹੌਰ ਤੱਕ ਉਸ ਦੇ ਕਿਧਰੇ ਪੈਰ ਨਾ ਟਿਕੇ।

   ਸ਼ਾਹਜਹਾਨ ਨਾਮਾ, ਮੁਹੰਮਦ ਸਲਹ ਕੰਬੋਜ, ਲਾਹੌਰ 1967, ਪੰਨਾ 34.
8. ਮਹਿਮਾ ਪ੍ਰਕਾਸ਼ ਭਾਗ ਦੂਜਾ, ਭਾਸ਼ਾ ਵਿਭਾਗ ਪਟਿਆਲਾ, ਪੰਨਾ 391.
9. ਉਕਤ, ਪੰਨਾ 391.
10. ਮਕਤੂਬਾਤ-ਇ-ਇਮਾਮਰਬਾਨੀ, ਸ਼ੇਖ ਅਹਿਮਦ ਮੁਜੱਦਦ ਅਲਫਸਾਨੀ, ਜਿਲਦ ਦੂਜੀ (ਫਾਰਸੀ) ਚਿਠੀ ਨੰਬਰ 193, ਦਾ ਅਨੁਵਾਦ ਕਿਤਾਬ ਪ੍ਰਸਪੈਕਟਿਵ ਆਨ ਸਿੱਖ ਗੁਰਜ (ਅੰਗ੍ਰੇਜ਼ੀ), ਕ੍ਰਿਪਾਲ ਸਿੰਘ, ਪੰਨਾ 33.
11. ਤੋਜ਼ਕ-ਇ-ਜਹਾਂਗੀਰੀ, ਅੰਗ੍ਰੇਜ਼ੀ ਅਨੁਵਾਦ ਜਿਲਦ ਪਹਿਲੀ, ਅਲਗਜ਼ਾਂਡਰ ਰੋਜ਼ਰਜ਼, ਪੰਨਾ 72-73.
12. ਉਕਤ ਪੰਨਾ 72-73.
13. ਮਹਿਮਾ ਪ੍ਰਕਾਸ਼ ਭਾਗ ਦੂਜਾ, ਪੰਨਾ 391.

Sri Satguru Jagjit Singh Ji Elibrary NamdhariElibrary@gmail.com

14. ਪ੍ਰਸਪੈਕਟਿਵ ਆਨ ਸਿੱਖ ਗੁਰੂਜ਼, ਕ੍ਰਿਪਾਲ ਸਿੰਘ ਪੰਨਾ 46-50.
15. ਮਹਿਮਾ ਪ੍ਰਕਾਸ਼ ਭਾਗ ਦੂਜਾ, ਪੰਨਾ 391.
16. ਮਾਖਜ਼-ਇ-ਤਵਾਰੀਖਇ ਸਿੱਖਾਂ, ਗੰਡਾ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ 1949, ਪੰਨਾ 35.
17. ਤੋਜ਼ਕ-ਇ-ਜਹਾਂਗੀਰੀ, ਅੰਗ੍ਰੇਜ਼ੀ ਅਨੁਵਾਦ ਅਲਗਜਾਂਡਰ ਰੋਜ਼ਰਜ ਜਿਲਦ ਪਹਿਲੀ, ਪੰਨਾ 65.
18. ਗੁਰ ਪ੍ਰਤਾਪ ਸੂਰਜ ਗ੍ਰੰਥ ਭਾਈ ਸੰਤੋਖ ਸਿੰਘ, ਰਾਸ 4 ਅੰਸੂ, ਭਾਈ ਵੀਰ ਸਿੰਘ ਜੀ ਦੇ ਫੁੱਟਨੋਟ ਪੰਨਾ 2379.
19. ਉਕਤ, ਪੰਨਾ 2380.
20. ਤੋਜ਼ਕ-ਇ-ਜਹਾਂਗੀਰੀ, ਅਲਗਜਾਂਡਰ ਰੋਜਰਜ ਜਿਲਦ ਪਹਿਲੀ, ਪੰਨਾ 68.
21. ਗੁਰ ਪ੍ਰਤਾਪ ਸੂਰਜ ਗ੍ਰੰਥ ਭਾਈ ਵੀਰ ਸਿੰਘ ਜੀ ਦਾ ਫੁੱਟਨੋਟ, ਪੰਨਾ 2383.

Sri Satguru Jagjit Singh Ji Elibrary NamdhariElibrary@gmail.com

# ਪ੍ਰਧਾਨਗੀ ਭਾਸ਼ਣ

*ਭਾਈ ਅਸ਼ੋਕ ਸਿੰਘ ਬਾਗੜੀਆਂ**

ਐਨੇ ਵਿਦਵਾਨਾਂ ਦੀਆਂ ਗੱਲਾਂ ਸੁਣ ਕੇ ਕੁਝ ਨਿਰਣਾ ਕਰਨਾ ਜਾਂ ਕੁਝ ਕਹਿਣਾ ਬੜਾ ਮੁਸ਼ਕਿਲ ਹੋ ਜਾਂਦਾ ਹੈ ਪਰ ਜੋ ਆਪਣੇ ਮਨ ਦੀ ਗੱਲ ਹੈ ਉਹ ਤੁਹਾਡੇ ਨਾਲ ਸਾਂਝੀ ਕਰਦਾ ਹਾਂ ਕਿ ਸਿੱਖ ਧਰਮ ਨੂੰ ਸਮਝਣ ਵਾਸਤੇ ਪਹਿਲੀ ਚੀਜ਼ ਇਹ ਕਿ ਅਸੀਂ ਇਸਨੂੰ ਹਿੰਦੂ ਪ੍ਰਸੰਗ 'ਚੋਂ ਜਾਂ ਹਿੰਦੂ ਨਜ਼ਰੀਏ ਤੋਂ ਦੇਖਦੇ ਹਾਂ ਜਿਸ ਕਰਕੇ ਇਸਦਾ ਜਿਹੜਾ ਸਹੀ ਸਰੂਪ ਹੈ ਉਹ ਸਾਡੇ ਸਾਹਮਣੇ ਨਹੀਂ ਆਉਂਦਾ। ਜਿਹੜਾ ਦੋਹਾਂ ਵਿਚ ਸਭ ਤੋਂ ਵੱਡਾ ਅੰਤਰ ਹੈ ਉਹ ਇਹ ਹੈ ਕਿ ਸਿੱਖ ਧਰਮ ਤੋਂ ਪਹਿਲਾਂ ਜਿਹੜੇ ਧਰਮ ਹਨ ਉਹ ਵਿਅਕਤੀਗਤ ਧਰਮ ਹਨ, ਵਿਅਕਤੀ ਪ੍ਰਧਾਨ ਧਰਮ ਹਨ। ਸਿੱਖ ਧਰਮ ਸੋਸ਼ਲ ਧਰਮ ਹੈ, ਕਮਿਊਨਿਟੀ ਦਾ ਧਰਮ ਹੈ; ਸਮਾਜ ਪ੍ਰਧਾਨ ਹੈ, ਏਥੇ ਸਰਬੱਤ ਦਾ ਭਲਾ ਹੈ। ਲੇਕਿਨ ਸਿੱਖ ਧਰਮ ਤੋਂ ਪਹਿਲਾਂ ਜਿੰਨੇ ਵੀ ਧਰਮ ਹਨ ਉਹ, ਆਪੋ-ਆਪਣੇ ਵਿਧਾਨਾਂ ਅਨੁਸਾਰ, ਜੋ ਕੁਝ ਹਨ, ਉਹ ਉਨ੍ਹਾਂ ਨੂੰ ਮੁਬਾਰਕ। ਲੇਕਿਨ ਉਥੇ ਅਗਰ ਕੋਈ ਵਿਅਕਤੀ ਉਹਦੇ ਵਿਚੋਂ ਮੋਕਸ਼ ਚਾਹੁੰਦਾ ਹੈ, ਉਹ ਪਰਿਵਾਰ ਆਪਣੀ ਧੀ-ਭੈਣ ਦੀ ਨਹੀਂ ਚਾਹੁੰਦਾ, ਹੋਰ ਕਿਸੇ ਦੀ ਨਹੀਂ, ਉਹ ਸਿਰਫ਼ ਆਪਣੀ ਮੋਕਸ਼ ਹੀ ਚਾਹੁੰਦਾ ਹੈ ਤੇ ਸਾਡੇ ਵਿਚ ਇਹ ਹੈ ਕਿ ਅਸੀਂ ਕਿਤੇ ਵੀ ਅਰਦਾਸ ਕਰਦੇ ਹਾਂ, ਸਰਬੱਤ ਦਾ ਭਲਾ ਮੰਗਦੇ ਹਾਂ। ਸਿਰਫ਼ ਸਿੱਖ ਦਾ ਭਲਾ ਨਹੀਂ ਬਲਕਿ ਰੱਬ ਨੂੰ ਮੰਨਣ ਵਾਲਿਆਂ ਸਭ ਦਾ ਹੀ ਭਲਾ। ਜਦ ਸਰਬੱਤ ਦਾ ਭਲਾ ਮੰਗਦੇ ਹਾਂ ਤਾਂ ਉਹਦੇ ਵਿਚ ਲੋਕਾਈ ਆ ਜਾਂਦੀ ਹੈ। ਇਕ ਤਾਂ ਇਹ ਨੁਕਤਾ ਸਾਨੂੰ ਵਿਚਾਰਨਾ ਚਾਹੀਦਾ ਹੈ। ਦੂਸਰਾ ਕਿਉਂਕਿ ਅੱਜ ਆਪਾਂ ਪੰਜਵੇਂ ਸਤਿਗੁਰੂ ਦੇ ਪ੍ਰਸੰਗ ਵਿਚ ਜੁੜੇ ਹਾਂ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਸੀਂ ਕਿਸੇ ਗੁਰੂ ਨੂੰ ਨੇੜੇ ਜਾਂ ਕਿਸੇ ਗੁਰੂ ਦੀ ਸੰਖਿਆ ਜਾਂ ਗੁਰੂ ਕਾਲ ਨੂੰ ਵੱਖਰਾ ਕਰਕੇ, ਵਿਕੋਲਿਤਰੇ ਕਰਕੇ, ਨਾ ਦੇਖੀਏ। ਇਹ ਇਕ ਮਿਸ਼ਨ ਹੈ, ਜਿਹੜਾ ਗੁਰੂ ਨਾਨਕ ਨੇ ਸ਼ੁਰੂ ਕੀਤਾ ਅਤੇ ਦਸਵੇਂ ਜਾਮੇ ਵਿਚ ਉਨ੍ਹਾਂ ਨੇ ਮੁਕੰਮਲ ਕੀਤਾ। ਇਹਦੇ ਵਿਚ ਕੋਈ ਅੰਤਰ ਨਹੀਂ, ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ। ਕੋਈ ਐਸੀ ਵਿਰੋਧਾਭਾਸ ਵਾਲੀ ਗੱਲ, ਗੁਰੂ ਨਾਨਕ ਮਹਾਰਾਜ ਦੇ ਉੱਤਰਾਅਧਿਕਾਰੀਆਂ ਨੇ ਨਾ ਕੋਈ ਆਖੀ ਕਹੀ, ਨਾ ਕੀਤੀ। (ਜਿਸ ਦੀ ਕਿ ਸਾਨੂੰ ਚਾਹੇ ਥੋੜ੍ਹੀ ਜਿਹੀ ਵੀ ਜਾਣਕਾਰੀ ਹੋਵੇ)। ਗੁਰੂ ਨਾਨਕ ਦੀ ਬਾਣੀ ਵਿਚੋਂ ਸੋਧ ਮਿਲਦੀ ਹੈ ਇਹ ਸਭ ਤੋਂ ਵੱਡਾ ਇਤਿਹਾਸਕ ਤੱਥ ਹੈ, ਜਿਸਨੂੰ ਤੁਸੀਂ ਝੁਠਲਾ ਨਹੀਂ ਸਕਦੇ, (ਕੋਈ ਕੁਝ ਕਹੀ ਜਾਵੇ) ਪੰਜ ਪਿਆਰੇ ਜਿੱਥੋਂ ਜਿੱਥੋਂ ਆਏ ਉਥੇ ਜਿਥੇ ਗੁਰੂ ਨਾਨਕ ਦੇਵ ਜੀ ਗਏ ਸਨ। ਗੁਰੂ ਨਾਨਕ ਦੇ ਉਪਦੇਸ਼ ਨੇ ਉਨ੍ਹਾਂ ਨੂੰ ਸਿੰਘ ਸਜਾਇਆ ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ

---

* ਸੈਕਟਰ 36-ਡੀ 1557, ਚੰਡੀਗੜ੍ਹ।

ਉਪਦੇਸ਼ ਨੇ। ਇਸ ਨੁਕਤੇ ਨੂੰ ਮੈਂ ਇਸ ਕਰਕੇ ਜ਼ੋਰ ਦੇ ਕੇ ਕਿਹਾ ਹਾਂ ਕਿਉਂਕਿ ਅੱਜ-ਕੱਲ੍ਹ ਬਹੁਤ ਐਸੇ ਮੱਤ ਹਨ, ਚੰਚਲ ਬੁਧੀ ਵਾਲੇ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਗੁਰੂ ਸਾਹਿਬਾਨ ਦੀ ਜੋ ਸਿੱਖਿਆ ਹੈ ਜਾਂ ਉਨ੍ਹਾਂ ਦੇ ਉਪਦੇਸ਼ਾਂ ਵਿਚ ਜੋ ਫਰਕ ਪਾਉਣਾ ਚਾਹੁੰਦੇ ਹਨ ਕਿ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਇਹ ਤਾਂ ਪਹਿਲਾਂ ਹੀ ਕਹਿ ਗਏ। ਤਬ ਥਾ ਅਬ ਹੈ ਆਗੇ ਹੋਏ ਹੈ ਇਹ ਦਸ਼ਮੇਸ਼ ਪਿਤਾ ਨੇ ਕਹਿ ਦਿੱਤਾ। ਇਸਦੇ ਵਿਚ ਫਰਕ ਕੀ ਹੈ, ਲਫਜ਼ਾਂ ਦਾ ਹੀ ਫਰਕ ਹੈ। ਇਹ ਚੀਜ਼ਾਂ ਸਾਨੂੰ ਪਹਿਲਾਂ ਹੀ ਵਾਚ ਲੈਣੀਆਂ ਚਾਹੀਦੀਆਂ ਹਨ। ਉਸ ਤੋਂ ਬਾਅਦ ਅੱਗੇ ਚੱਲੀਏ।

ਦੂਸਰਾ ਹੁਣ ਮਨਜੀਤ ਸਿੰਘ ਹੁਰਾਂ ਨੇ ਦੱਸਿਆ ਕਿ ਜਿਹੜਾ ਮਿਥਿਹਾਸਕ ਸੰਕੇਤ ਹੋਵੇਗਾ ਕਿ ਉਹ ਇਤਿਹਾਸਕ ਸੰਕੇਤ ਇਸ ਕਰਕੇ ਜ਼ਰੂਰੀ ਬਣ ਜਾਂਦੇ ਹਨ ਕਿਉਂਕਿ ਇਹ ਸਾਂਝੀ ਪੂੰਜੀ ਹੈ। ਇਸਲਾਮ ਦੇ ਵਿਚ ਅਤੇ ਇਸਾਈ ਮਤ ਵਿਚ ਤੁਹਾਨੂੰ ਮਿਥਿਹਾਸ ਮਿਲੇਗਾ ਉਨ੍ਹਾਂ ਨੂੰ ਚਾਹੇ ਇਬਰਾਹਿਮ ਕਹਿ ਲਓ, ਫਾਤਮਾ ਕਹਿ ਲਓ, ਚਾਹੇ ਕੁਝ ਕਹਿ ਲਓ ਉਹ ਉਹੀ ਪੂੰਜੀ ਹੈ ਜਿਸ ਤੋਂ ਉਹ ਧਰਮ ਨਿਕਲਦੇ ਹਨ। ਇਹ ਸਾਡਾ ਸਰੋਤ ਹੈ ਜਿਥੋਂ ਸਿੱਖ ਧਰਮ ਨਿਕਲਦਾ ਹੈ, (ਮਤਲਬ ਕਿਉਂਕਿ ਸਨਾਤਨਤਾ ਹੁੰਦਾ ਹੈ) ਅਗਲੇ ਨੂੰ ਕਹਿ ਕੇ ਨਾਲ ਫਿਰ ਉਸਦਾ ਖੰਡਨ ਕੀਤਾ। ਕਿਤੇ ਵੀ ਤਥ ਅਸਤੂ ਰੂਪ ਵਿਚ ਪ੍ਰਵਾਨ ਨਹੀਂ ਕੀਤਾ। ਗੁਰੂ ਵੱਲੋਂ ਚਿਤਾਰੀਆਂ ਜੋ ਗੱਲਾਂ ਜਾਂ ਚੀਜ਼ਾਂ ਹਨ ਉਹ ਬਹੁਤ ਲਾਜ਼ਮੀ ਹਨ। ਦੂਸਰਾ ਨੁਕਤਾ ਹੈ ਬਾਣੀ, ਜੋ ਬਹੁਤ ਠੀਕ ਹੈ। 'ਮਹਲਾ' ਲਿਖ ਲਈਦਾ ਹੈ ਜਾਂ ਲਿਖਿਆ ਹੋਇਆ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਕਿਹੜੇ ਗੁਰੂ ਦੇ ਰਾਹੀਂ ਇਹ ਬਾਣੀ ਆਈ ਹੈ। ਜਦ ਅਸੀਂ ਕਹਿੰਦੇ ਹਾਂ ਕਿ ਇਹ ਧੁਰ ਕੀ ਬਾਣੀ ਹੈ, ਪਰ ਫੇਰ ਸਾਨੂੰ ਇਹ ਕਹਿਣਾ ਕਿ ਇਹ 'ਇਸ ਗੁਰੂ' ਨੇ ਕਿਹਾ, ਇਹਦਾ ਕੋਈ ਮਿਹਣਾ ਨਹੀਂ ਬਣਦਾ। ਬਾਣੀ ਤਾਂ ਉਹੀ ਹੀ ਹੈ ਜੋ ਅਕਾਲ ਪੁਰਖ ਤੋਂ ਆਈ। ਇਹ ਫਲਾਣੇ ਗੁਰੂ ਰਾਹੀਂ ਆ ਗਈ, ਉਨ੍ਹਾਂ ਰਾਹੀਂ ਆ ਗਈ, ਬਾਣੀ ਤਾਂ ਇਹ ਧੁਰ ਕੀ ਬਾਣੀ ਹੈ ਇਹ ਚੀਜ਼ਾਂ ਸਾਨੂੰ ਧੁਰੋਂ ਆਈਆਂ।

ਇਕ ਨੁਕਤਾ ਹੋਰ, ਜਿਹੜਾ ਤੁਹਾਨੂੰ ਦੱਸਣਾ ਹੈ ਉਹ ਹੈ ਪੰਜਵੇਂ ਮਹਾਰਾਜ ਦੇ ਮੁਤਾਲਿਕ, ਇਹਨਾਂ ਦੇ ਸਮੇਂ ਦੇ ਮੁਤਾਲਿਕ, ਸਮਾਂ ਜੋ ਇਨ੍ਹਾਂ ਦਾ ਹੈ, ਜਿੰਨਾ ਵੀ, ਜਿਹੜੀ ਮੈਂ ਮੂਵਮੈਂਟ ਦੀ ਗੱਲ ਕਰ ਰਿਹਾ ਹਾਂ, ਉਹਦੇ ਵਿਚ ਪੰਜਵੇਂ ਮਹਾਰਾਜ ਦਾ ਇਕ ਬਹੁਤ ਹੀ ਗੰਭੀਰ ਰਾਜਨੀਤਿਕ ਉਥਲ-ਪੁਥਲ ਦਾ ਸਮਾਂ ਸੀ। ਜਿਹੜਾ ਸਾਡਾ ਸੰਵਿਧਾਨ ਬਣਨਾ ਹੈ, ਜੋ ਗੁਰੂ ਨਾਨਕ ਨੇ ਸ਼ੁਰੂ ਕੀਤਾ, ਉਹ ਸੰਵਿਧਾਨ ਪੰਜਵੇਂ ਮਹਾਰਾਜ ਨੇ ਮੁਕੰਮਲ ਕਰਕੇ, ਗ੍ਰੰਥ ਸਾਹਿਬ ਤਿਆਰ ਕਰਕੇ, ਸਾਨੂੰ ਉਹ ਸੰਵਿਧਾਨ ਦੇ ਦਿੱਤਾ। ਮੁੰਦਾਵਣੀ ਤੋਂ ਬਾਅਦ ਗੁਰੂ ਸਾਹਿਬ ਦੀ ਬਾਣੀ ਨਹੀਂ ਆਉਂਦੀ, ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਥੋੜ੍ਹੀ ਜਿਹੀ ਹੈ, ਹੋਰ ਨਹੀਂ। ਉਸ ਤੋਂ ਬਾਅਦ ਉਹਦੇ ਉਪਰ ਅਮਲ ਚਾਲੂ ਹੁੰਦਾ ਹੈ। ਪੰਜਵੇਂ ਮਹਾਰਾਜ ਨੇ ਸਾਨੂੰ ਅਹਿਲ-ਏ-ਕਿਤਾਬ ਬਣਾ ਦਿੱਤਾ। ਅਹਿਲ-ਏ-ਮੁਕਾਮ ਬਣਾ ਦਿੱਤਾ, ਜਗ੍ਹਾ ਦੇ ਦਿੱਤੀ, ਹਰਿਮੰਦਰ ਸਾਹਿਬ; ਸਾਨੂੰ ਪੁਸਤਕ ਦੇ ਰੂਪ ਵਿਚ ਗ੍ਰੰਥ ਦੇ ਦਿੱਤਾ ਧੁਰ ਕੀ ਬਾਣੀ। ਉਸ ਤੋਂ ਬਾਅਦ ਉਸਦੇ ਉਪਰ ਅਮਲ ਸ਼ੁਰੂ ਹੁੰਦਾ ਹੈ। ਇਹ ਇਕ ਬਹੁਤ ਹੀ ਨਿਠ ਕੇ ਕੀਤੇ ਜਾਣ ਵਾਲਾ ਮਹੱਤਵਪੂਰਨ ਕਾਰਜ-ਕਾਲ ਸੀ। ਬਾਕੀ ਜਿਥੋਂ ਤੱਕ ਸ਼ਹਾਦਤ ਦਾ ਸਵਾਲ ਹੈ, ਸ਼ਹਾਦਤ ਦੇ ਕਾਰਨ ਕਈ ਹੋ ਸਕਦੇ ਹਨ।

Sri Satguru Jagjit Singh Ji Elibrary NamdhariElibrary@gmail.com

ਲੇਕਿਨ ਜਦੋਂ ਲੋਕ ਇਹ ਕਹਿੰਦੇ ਹਨ ਕਿ ਪੰਜਵੇਂ ਮਹਾਰਾਜ ਦੀ ਸ਼ਹਾਦਤ ਤੋਂ ਬਾਅਦ ਮੀਰੀ-ਪੀਰੀ ਦਾ ਜਿਹੜਾ ਵਿਚਾਰ ਹੈ ਉਹ ਸਾਹਮਣੇ ਆਇਆ ਤਾਂ ਮੈਂ ਕਹਿੰਦਾ ਹਾਂ ਕਿ ਇਸ ਤੋਂ ਜ਼ਿਆਦਾ ਵੱਡਾ ਝੂਠ ਨਹੀਂ ਕੋਈ ਹੋ ਸਕਦਾ। ਤਖਤ ਦਾ ਵਿਚਾਰ ਤਾਂ ਪਹਿਲਾਂ ਹੀ ਆ ਗਿਆ; ਤਖਤ ਬਹੈ ਤਖਤੈ ਲਾਇਕ, ਰਾਜ ਜੋਗ ਜਨਿ ਮਾਣਿਆ। ਉਹ ਤਾਂ ਪਹਿਲੇ ਮਹਾਰਾਜ ਬਾਰੇ ਵੀ ਲਿਖਿਆ ਹੈ। ਜੇ ਘਰ ਦੇ ਵਿਚ ਤਲਵਾਰਾਂ ਸਨ ਤਾਂ ਗੁਰੂ ਹਰਿਗੋਬਿੰਦ ਨੇ ਆਪਣੀ ਗੱਦੀ 'ਤੇ ਬੈਠਣ ਵੇਲੇ ਤਲਵਾਰਾਂ ਮੰਗੀਆਂ। ਇਹ ਕਹਿ ਦੇਣਾ ਕਿ ਉਨ੍ਹਾਂ ਦੇ ਗਲਤੀ ਨਾਲ ਤਲਵਾਰ ਕਮਰ ਵਿਚ ਪੈ ਗਈ। ਗਲਤੀ ਤੁਹਾਡੇ ਕੋਲੋਂ ਹੋ ਸਕਦੀ ਹੈ, ਉਨ੍ਹਾਂ ਕੋਲੋਂ ਨਹੀਂ ਹੋ ਸਕਦੀ। ਫ਼ਿਰ ਇਹ ਕਿਹਾ ਕਿ 'ਇਹਨੂੰ ਇਧਰ ਹੀ ਰਹਿਣ ਦਿਓ' ਇਕ ਹੋਰ ਲੈ ਆ। ਉਹ ਐਡੀ ਛੋਟੀ ਬਣਾ ਕੇ ਤਾਂ ਨਹੀਂ ਲੈ ਆਏ, ਉਹ ਉਸ ਵੇਲੇ ਤਿਆਰ ਸਨ। ਪੰਜਵੇਂ ਮਹਾਰਾਜ ਦਾ ਆਪਣਾ ਹੁਕਮ ਹੈ ਕਿ 'ਵਿਚਾਰ ਨਹੀਂ ਕਰਨਾ', ਸ਼ਸਤਰਧਾਰੀ ਹੋ ਕੇ ਤਖਤ ਤੇ ਬੈਠਣਾ ਅਤੇ ਯਥਾਸ਼ਕਤ ਫੌਜ ਰੱਖਣੀ। ਤਖਤ ਉਪਰ ਬੈਠਣ ਵਾਸਤੇ ਫੌਜ ਰਖਣ ਦੇ ਵਾਸਤੇ, ਉਨ੍ਹਾਂ ਦੀ ਟਰੇਨਿੰਗ ਜ਼ਰੂਰੀ ਹੈ (ਮਨੋਵਿਗਿਆਨਕ, ਸਰੀਰਕ), ਟ੍ਰੇਨਿੰਗ ਸੰਵਿਧਾਨ ਪਹਿਲਾਂ ਤੋਂ ਹੀ ਮੌਜੂਦ ਸੀ ਨਹੀਂ ਤਾਂ ਚੁਤਾਲੀ ਸੇਰ ਦੀਆਂ ਦੋ ਕਿਰਪਾਨਾਂ ਪਾ ਕੇ ਚਲ ਨਹੀਂ ਸਕੀਦਾ। ਅਸੀਂ ਇਹਨੂੰ ਸਾਰੇ ਨੁਕਤਿਆਂ ਨੂੰ ਇਕਠੇ ਕਰਕੇ ਵਿਚਾਰੀਏ।

ਦੂਸਰੀ ਗੱਲ ਜੇ ਆਪਾਂ ਇਸਨੂੰ ਹੋਰ ਸੌਖਿਆਂ ਕਰ ਲਈਏ ਕਿ ਸਿੱਖ ਧਰਮ ਦੇ ਦਾਰਸ਼ਨਿਕ ਅਤੇ ਮਨੋਵਿਗਿਆਨਕ ਪਹਿਲੂਆਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। It is more this worldly than otherwordly; ਜੇ ਇਸ ਤਰੀਕੇ ਨਾਲ ਅਸੀਂ ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਬੜੀ ਆਸਾਨੀ ਹੋ ਜਾਵੇਗੀ। ਇਕ ਹੋਰ ਚੀਜ਼ ਕਹਿ ਕੇ ਫ਼ਿਰ ਮੈਂ ਮੁਆਫੀ ਚਾਹਾਂਗਾ; ਇਹ ਗੱਲ ਮੈਂ ਇਸ ਕਰਕੇ ਕਹਿੰਦਾ ਹਾਂ ਕਿ ਅੱਜ ਕੱਲ੍ਹ ਵਿਰੋਧੀ ਬੜੇ ਤੇਜ਼ ਹੋਏ ਹਨ, ਜਿਹੜੇ ਕਹਿੰਦੇ ਹਨ ਕਿ ਗੁਰੂ ਨਾਨਕ ਅਨਪੜ੍ਹ ਸੀ ਤੇ ਉਨ੍ਹਾਂ ਨੇ ਪੇਂਡੂ ਬੋਲੀ ਵਿਚ ਜਾਂ ਗਵਾਰ ਬੋਲੀ ਵਿਚ ਆਪਣੀ ਕਵਿਤਾ ਲਿਖੀ ਹੈ। ਇਕ ਥਾਂ ਇਹ ਵੀ ਲਿਖਿਆ ਹੈ ਕਿ ਕਿਤੇ-ਕਿਤੇ ਸੰਸਕ੍ਰਿਤ ਵਿਚ ਵੀ ਪੈਰ ਫ਼ਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਲਫਜ਼ ਗੁਰੂ ਨਾਨਕ ਮਹਾਰਾਜ ਬਾਰੇ ਲਿਖੇ ਮਿਲਦੇ ਹਨ। ਇਸਨੂੰ ਇਸ ਤਰੀਕੇ ਨਾਲ ਦੇਖੋ ਕਿ ਇਹ ਉਨ੍ਹਾਂ ਲੋਕਾਂ ਦਾ ਕਹਿਣਾ ਹੈ ਜਿਨ੍ਹਾਂ ਨੇ ਸੰਸਕ੍ਰਿਤ ਅਤੇ ਅਰਬੀ ਦੇ ਰਾਹੀਂ ਸਮਾਜ ਦੇ ਉਪਰ ਆਪਣਾ ਗਲਬਾ ਪਾਇਆ ਹੋਇਆ ਸੀ। ਉਸਦੇ ਵਿਚ ਦੋਵੇਂ ਆ ਜਾਂਦੇ ਹਨ, ਪੰਡਤ ਵੀ ਆ ਜਾਂਦਾ ਹੈ, ਮੁੱਲ੍ਹਾਂ ਵੀ ਆ ਜਾਂਦਾ ਹੈ। ਕਿਉਂਕਿ ਉਨ੍ਹਾਂ ਨੇ ਗਿਆਨ ਦੇ ਰਾਹੀਂ ਸਮਾਜ ਉਤੇ ਕਬਜਾ ਕੀਤਾ ਹੋਇਆ ਸੀ। ਕੁਰਾਨ ਨੂੰ ਵੀ ਅਤੇ ਵੇਦਾਂ ਉਪਰ ਵੀ ਕਬਜ਼ਾ ਕੀਤਾ ਹੋਇਆ ਸੀ। ਆਮ ਜਨਤਾ ਨੂੰ ਗੁਮਰਾਹ ਕਰਕੇ ਉਨ੍ਹਾਂ ਦੀ ਦੁਰਵਰਤੋਂ ਕੀਤੀ। ਲੇਕਿਨ ਗੁਰੂ ਨਾਨਕ ਨੇ ਤਾਂ ਗੁਮਰਾਹ ਹੋ ਚੁੱਕੀ ਲੋਕਾਈ ਨੂੰ ਸੰਬੋਧਨ ਕਰਨਾ ਸੀ, ਲੋਕਾਈ ਦਾ ਉਧਾਰ ਕਰਨਾ ਸੀ। ਨੀਚਾਂ ਤੋਂ ਉਚ ਕਰਨਾ ਸੀ, ਉਚਿਆਂ ਤੋਂ ਨੀਚ ਨਹੀਂ। ਉਨ੍ਹਾਂ ਨੂੰ ਚੁੱਕ ਕੇ ਉਨ੍ਹਾਂ ਦੇ ਬਰਾਬਰ ਕਰਨਾ ਸੀ। ਇਸ ਕਰਕੇ ਜਿਹੜੀ ਮਹਾਰਾਜ ਦੀ ਭਾਸ਼ਾ ਹੈ, ਉਹ ਉਹੀ ਹੈ, ਜੋ ਉਸ ਸਮੇਂ ਦਾ ਆਮ ਆਦਮੀ ਸਮਝ ਸਕਦਾ ਸੀ। ਦੂਜੇ ਪਾਸੇ ਜਿਹੜੇ ਆਪਣੀ ਯੂਨੀਵਰਸਿਟੀ ਦੇ ਵਿਦਵਾਨ ਹਨ ਉਹ ਇਹ ਵੀ ਦੇਖਣ ਕਿ ਉਸ ਕਾਲ ਦੌਰਾਨ ਕਿਤੇ ਹੋਰ ਇੰਨੀ ਵੱਡੀ ਕ੍ਰਾਂਤੀ ਆਈ ਸੀ। ਪੰਜਾਬੀ ਭਾਸ਼ਾ ਦੇ ਮਹਿਕਮੇ ਅਤੇ

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਲੋਕਾਂ ਲਈ। ਪੰਜਾਬੀ ਦੀ ਗੱਲ ਕਰਨੀ ਵੀ ਲੋੜੀਂਦੀ ਹੈ। ਆਪਾਂ ਥੋੜ੍ਹੀ ਗੱਲ ਪੰਜਾਬੀ 'ਚ ਕਰਦੇ ਹਾਂ ਇਹ ਸੋਚ ਕੇ ਪੇਂਡੂ ਪੰਜਾਬੀ ਗਵਾਰ ਬੋਲੀ ਹੈ। ਜਿਹੜੀ ਗੱਲ ਨੂੰ ਸਨਾਤਨਤਾ ਜਾਂ ਵਿਰਸੇ ਵਿਚ ਲਿਖਤੀ ਰੂਪ ਦਿੱਤਾ ਗਿਆ ਹੈ ਉਸਦਾ ਰੁਤਬਾ ਸੰਸਕ੍ਰਿਤ, ਅਰਬੀ, ਲਾਤੀਨੀ ਗ੍ਰੰਥਾਂ ਦੇ ਬਰਾਬਰ ਗੁਰੂ ਗ੍ਰੰਥ ਦੀ ਬਾਣੀ ਦੇ ਰੂਪ ਵਿਚ ਬਣ ਗਿਆ ਹੈ, ਬੋਲੀ ਪਰੰਪਰਾ ਬਣ ਗਈ ਹੈ। ਇਹ ਪੰਜਾਬੀ ਬੋਲੀ ਲਿਪੀ ਨੂੰ ਪਰੰਪਰਾ ਬਣਾ ਦੇਣ ਦੀ ਇਹ ਪੰਜਵੇਂ ਮਹਾਰਾਜ ਦੀ ਦੇਣ ਹੈ। ਉਨ੍ਹਾਂ ਨੇ ਇਸ ਬੋਲੀ ਨੂੰ ਕਿੰਨਾ ਉੱਚਾ ਬਣਾ ਦਿੱਤਾ। ਲੇਕਿਨ ਹੁਣ ਇਸ ਬੋਲੀ ਲਿੱਪੀ ਦੇ ਉਪਰ ਹਮਲੇ ਪੈ ਰਹੇ ਹਨ। ਇਸ ਪਾਸੇ ਵਾਲੇ ਖੋਜੀ ਕਹਿੰਦੇ ਹਨ ਕਿ ਲੋਕ ਬੋਲੀ ਸਾਡੇ ਤੋਂ ਵੀ ਹਜ਼ਾਰਾਂ ਸਾਲ ਪਹਿਲਾਂ ਦੇ ਰਿਗਵੇਦ ਨਾਲ ਜਾ ਰਲਦੀ ਹੈ ਜਿਹੜੀ ਮੌਲਿਕ ਪੰਜਾਬ ਹੈ ਗੁਰੂ ਗ੍ਰੰਥ ਸਾਹਿਬ ਦੇ ਰਚਣ ਤੋਂ ਵੀ ਪਹਿਲਾਂ ਸ਼ੇਖ ਫਰੀਦ ਲਿਖ ਗਏ ਸਨ। ਇਕ ਬੋਲੀ ਲਈ ਲਿੱਪੀ ਬਹੁਤ ਜ਼ਰੂਰੀ ਹੈ। ਜਦੋਂ ਲਿੱਪੀ ਦੇ ਨਾਲ ਗੁਰਮੁਖੀ ਸ਼ਬਦ ਲੱਗ ਗਿਆ ਭਾਵ ਜਦੋਂ ਦੀ ਇਹ ਪੰਜਾਬੀ ਬੋਲੀ ਸਿੱਘਣੀ ਸਜ ਗਈ, ਉਦੋਂ ਤੋਂ ਇਹਦੀ ਮੁਖ਼ਾਲਫ਼ਤ ਸ਼ੁਰੂ ਹੋ ਗਈ ਹੈ। ਇਥੇ, ਇਸੇ ਜਗ੍ਹਾ ਦੇ ਉਪਰ, ਮੇਰੇ ਖਿਆਲ ਵਿਚ ਡਾ. ਧਨਵੰਤ ਕੌਰ ਜੀ ਨੂੰ ਯਾਦ ਹੋਣਾ ਹੈ ਕਿ ਸਾਲ 2004 ਵਿਚ ਧਨੋਆ ਸਾਹਿਬ ਨੇ ਕਿਹਾ ਸੀ ਕਿ ਥਈ ਇਸ ਚੀਜ਼ ਬਾਰੇ ਤੁਸੀਂ ਇਹ ਪੜਚੋਲ ਕਰੋ ਕਿ ਜਿਹੜੇ ਦੂਸਰੇ ਪੰਜਾਬੀ, ਪਾਕਿਸਤਾਨੀ-ਹਿੰਦੁਸਤਾਨੀ ਹਨ ਉਨ੍ਹਾਂ ਨੇ ਗੁਰਮੁਖੀ ਲਿੱਪੀ ਦੇ ਵਿਚ ਪੰਜਾਬੀ ਨੂੰ ਲਿਖੇ ਜਾਣਾ ਕਿਉਂ ਨਕਾਰਿਆ ਜਾਂ ਛੱਡਿਆ ਹੈ? ਪਰ ਅਸੀਂ ਉਸ ਪਾਸੇ ਧਿਆਨ ਨਹੀਂ ਕੀਤਾ। ਇਸ ਤਰ੍ਹਾਂ ਨਾਲ ਪੰਜਾਬੀ ਨੂੰ ਬੜਾ ਨੁਕਸਾਨ ਹੋਇਆ। ਜੇਕਰ ਅਸੀਂ ਇਹ ਕਹੀਏ ਕਿ ਜ਼ੁਬਾਨ ਦਾ ਮਜ਼੍ਹੱਬੀਕਰਨ ਹੋ ਗਿਆ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ, ਪੰਜਾਬੀ ਜਿੰਨੀ ਗੈਰ-ਸਿੱਖਾਂ ਕੋਲ ਵਧੀਆ ਸੀ, ਹੁਣ ਸਾਡੇ ਕੋਲ ਉਹੋ ਜਿਹੀ ਪੰਜਾਬੀ ਨਹੀਂ ਹੈ। ਟਾਇਲਟ ਦੇ ਬਾਹਰ ਇਕ ਥਾਂ ਪ੍ਰਸਾਦਨ ਲਿਖਿਆ ਹੋਇਆ ਸੀ 'ਸੰਸਕ੍ਰਿਤ ਸ਼ਬਦ'। ਗੁਰਬਾਣੀ ਵਿਚ ਪ੍ਰਸਾਦਿ ਸ਼ਬਦ ਚੰਗਾ ਵਧੀਆ ਲਗਦਾ ਹੈ ਪਰ ਜੇ ਟਾਇਲਟ ਨੂੰ ਪ੍ਰਸਾਦਨ ਬਣਾ ਦਿੱਤਾ ਜਾਵੇ। ਰੇਲਵੇ ਸਟੇਸ਼ਨ ਉਤੇ ਲਿਖੇ ਬੋਰਡ ਅਨੁਸਾਰ ਇਹ ਇਕ ਹਾਸੋਹੀਣੀ ਗੱਲ ਹੋਵੇਗੀ। ਜਿਹੜੀ ਸਾਡੀ ਪੰਜਾਬੀ ਬੋਲੀ ਹੈ ਉਹ ਗੁਰੂ ਗ੍ਰੰਥ ਸਾਹਿਬ ਦੀ ਪੰਜਾਬੀ ਦੇ ਅਨੁਕੂਲ ਅਤੇ ਅਨੁਸਾਰ ਹੀ ਰਹੇ ਤਾਂ ਠੀਕ ਹੈ। ਉਸਦੀ ਲਗਾਤਾਰਤਾ, ਉਸਦੇ ਹਿੱਜੇ ਅਤੇ ਉਸਦੀ ਪੜ੍ਹਾਈ ਹੈ। ਉਹ ਗੁਰੂ ਗ੍ਰੰਥ ਸਾਹਿਬ ਦੇ ਅਨੁਕੂਲ ਰਹੇ ਤਾਂ ਜੋ ਪੰਜਾਬੀ ਦੇ ਰਾਹੀਂ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਉਸੇ ਅਨੁਕੂਲ ਤਰੀਕੇ ਨਾਲ ਸਮਝ ਸਕੀਏ, ਪੜ੍ਹ ਸਕੀਏ ਜਿਸ ਮਨਸਾ ਨਾਲ ਗੁਰੂ ਸਾਹਿਬਾਨ ਨੇ ਇਹ ਸਾਰਾ ਕੁਝ ਸਾਨੂੰ ਇਕ ਵਿਰਾਸਤ ਦੇ ਰੂਪ ਵਿਚ ਦਿੱਤਾ ਹੈ। ਇੰਨਾ ਕੁਝ ਕਹਿੰਦੇ ਹੋਇਆਂ ਕੋਈ ਵੱਧ ਘਟ ਹੋ ਗਿਆ ਹੋਵੇ ਤਾਂ ਮਾਫ਼ ਕਰਨਾ।

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

Sri Satguru Jagjit Singh Ji Elibrary NamdhariElibrary@gmail.com

# ਦੂਸਰਾ ਅਕਾਦਮਿਕ ਸੈਸ਼ਨ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਗੁਰੂ ਅਰਜਨ ਦੇਵ ਦੀ ਸੰਪਾਦਨ ਦ੍ਰਿਸ਼ਟੀ

*ਡਾ. ਗੁਰਦੇਵ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਾਰੇ ਹਰਿੰਦਰ ਸਿੰਘ ਮਹਿਬੂਬ 'ਸਹਿਜੇ ਰਚਿਓ ਖ਼ਾਲਸਾ' ਦੇ ਪੰਨਾ 223 ਉੱਤੇ ਸ਼ਰਧਾ ਵੱਸ ਹੋ ਕੇ ਸੋਚਦੇ ਹਨ ਅਤੇ ਇਹ ਸ਼ਰਧਾਲੂ ਸੋਚ, ਗੁਰੂ ਗ੍ਰੰਥ ਸਾਹਿਬ ਨੂੰ 'ਇਲਾਹੀ ਸ਼ਾਨ' ਵਾਲੀ 'ਪਾਕ ਕਿਤਾਬ' ਕਹਿ ਕੇ, ਤੇ ਇਸ ਨੂੰ 'ਚਾਰ ਵੇਦਾਂ, ਦੋਵੇਂ ਪਵਿੱਤਰ ਅੰਜੀਲਾਂ ਅਤੇ ਕੁਰਾਨ ਸ਼ਰੀਫ਼ ਨਾਲੋਂ ਬਿਲਕੁੱਲ ਵੱਖਰੇ ਅੰਦਾਜ਼ ਵਿਚ ਵਜੂਦ ਵਿਚ ਆਈ ਮੰਨ ਕੇ, ਘੋਸ਼ਿਤ ਕਰਦੀ ਹੈ ਕਿ 'ਸ਼ਹੀਦਾਂ ਦੇ ਸਿਰਤਾਜ ਦੀ *ਗੁਰੂ ਲਿਵ* ਵਿਚੋਂ *ਪਾਵਨ ਬੀੜ ਦਾ ਪ੍ਰਕਾਸ਼* ਹੋਇਆ। ਪਾਵਨ ਬੀੜ ਦੀ ਤਰਤੀਬ ਇਕ ਸਾਰ ਅਤੇ ਉੱਜਲ ਸਾਦਗੀ ਵਾਲੀ ਹੈ ਪਰ ਇਸ ਨੂੰ *ਸੰਪਾਦਨਾ ਆਖਣਾ ਭੁਲ ਹੈ* ਕਿਉਂਕਿ ਇਸ ਦਾ ਪ੍ਰਕਾਸ਼ ਹੋਇਆ ਸੀ...।"[1]

ਦੂਜੇ ਪਾਸੇ ਅਨੇਕ ਇਤਿਹਾਸਕ ਹਵਾਲੇ ਅਜਿਹੇ ਮਿਲਦੇ ਹਨ ਜੋ ਦਸਦੇ ਹਨ ਕਿ ਇਸ ਪਾਵਨ ਗ੍ਰੰਥ ਦਾ ਸੰਪਾਦਨ ਸਜਗ ਹੋ ਕੇ ਕੀਤਾ ਗਿਆ ਤੇ ਇਹ ਸਜਗਤਾ ਗੁਰੂ ਨਾਨਕ ਤੋਂ ਆਰੰਭ ਹੋ ਚੁੱਕੀ ਸੀ ਕਿਉਂਕਿ ਜਿੱਥੇ ਗੁਰੂਦੇਵ ਨੇ ਆਪਣੀ ਉਚਾਰੀ ਬਾਣੀ ਦੀ ਸੰਭਾਲ ਕੀਤੀ ਓਥੇ ਆਪਣੇ ਹਮਖ਼ਿਆਲ ਹੋਰ ਮਹਾਨ ਬਾਣੀਕਾਰਾਂ ਦੀ ਬਾਣੀ ਨੂੰ ਵੀ ਇਕੱਤਰ ਕੀਤਾ। ਇਉਂ ਸਾਰੀ ਬਾਣੀ ਗੁਰੂ ਅਰਜਨ ਦੇਵ ਤਕ ਪੁਜਦੀ ਹੋਈ। ਜਿਹੜੀ ਬਾਣੀ ਹਾਲੀ ਵੀ ਪ੍ਰਾਪਤ ਹੋਣੋਂ ਰਹਿ ਗਈ ਉਸ ਨੂੰ ਭਿੰਨ ਭਿੰਨ ਸੋਮਿਆਂ ਤੋਂ ਇਕੱਤਰ ਕਰਨ ਉਪਰੰਤ ਉਸਦੀ ਛਾਂਟ-ਛਟਾਈ ਕੀਤੀ ਗਈ, ਉਸ ਨੂੰ ਤਰਤੀਬਿਆ ਗਿਆ ਤੇ ਸੰਪਾਦਿਤ ਕੀਤਾ ਗਿਆ। ਇੱਕਤਰੀਕਰਨ, ਛਾਂਟਣ ਤੇ ਤਰਤੀਬਣ ਜਾਂ ਸੰਪਾਦਨ ਦੇ ਪਿਛੋਕੜ ਵਿਚ ਜੋ ਦ੍ਰਿਸ਼ਟੀ-ਵਿਸ਼ੇਸ਼ ਖਲੋਤੀ ਹੋਈ ਹੈ ਉਸ ਨੂੰ *ਬ੍ਰਹਮੰਡੀ ਚੇਤਨਾ ਦੁਆਰਾ ਅਨੁਸ਼ਾਸਿਤ ਹੋਈ ਸੰਪਾਦਨਾ ਦ੍ਰਿਸ਼ਟੀ* ਕਹਾਂਗੇ। ਇਹੀ ਚੇਤਨਾ ਪਿੰਡ ਤੇ ਬ੍ਰਹਮੰਡ ਨੂੰ ਸਮਰੂਪ ਦਿਖਾ ਕੇ, ਸਮੁੱਚੇ ਦਿਖਾ ਕੇ, ਸਮੁੱਚੇ ਬ੍ਰਹਮੰਡ ਤੇ ਪਿੰਡ ਵਿਚੋਂ, ਖੋਜ ਉਪਰੰਤ ਹੋਣ ਵਾਲੀ ਪ੍ਰਾਪਤੀ ਨੂੰ ਵੀ ਸਮਰੂਪ ਮੰਨਦੀ ਹੋਈ ਫ਼ਰਮਾਉਂਦੀ ਹੈ :

- *ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*
  *ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥*

(ਧਨਾਸਰੀ ਪੀਪਾ, ਪੰਨਾ 695)

- *ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥*
  *ਗੁਰਮੁਖਿ ਬੂਝਹੁ ਸਬਦਿ ਪਛਾਣਹੁ॥*

---

* 410, ਫੇਜ਼-1, ਅਰਬਨ ਅਸਟੇਟ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

*ਘਟਿ ਘਟਿ ਭੋਗੈ ਭੋਗਣਹਾਰਾ ਰਹੈ ਅਤੀਤੁ ਸਬਾਇਆ॥*

(ਮਾਰੂ ਮਹਲਾ 1, ਪੰਨਾ 1041)

ਇਹ ਦ੍ਰਿਸ਼ਟੀ ਏਨੀ ਵਿਸ਼ਾਲ ਤੇ ਦੂਰਗਾਮੀ ਹੈ ਕਿ ਆਪਣੀ ਪਕੜ ਵਿਚ ਇਕ ਨਹੀਂ, ਅਨੇਕਾਂ ਬ੍ਰਹਮੰਡਾਂ ਨੂੰ ਲੈ ਆਉਣ ਦੀ ਸਮਰਥਾ ਰੱਖਦੀ ਹੈ ਤੇ ਇਨ੍ਹਾਂ ਬ੍ਰਹਮੰਡਾਂ ਨੂੰ ਅਨੁਸ਼ਾਸਿਤ ਕਰਨ ਲਈ ਸ਼ਕਤੀ ਬਾਰੇ ਵੀ ਅਧਿਆਤਮਕ ਖੋਜਾਰਥੀ ਨੂੰ ਭਲੀ ਭਾਂਤ ਸੂਚਿਤ ਕਰਦੀ ਹੋਈ ਫ਼ਰਮਾਉਂਦੀ ਹੈ :

- *ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥*
  *ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥*

(ਸੋਰਠਿ ਮਹਲਾ 5, ਪੰਨਾ 612)

- *ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥*
  *ਕੋਟਿ ਮਹੇਸ ਉਪਾਇ ਸਮਾਏ॥ ਕੋਟ ਬ੍ਰਹਮੇ ਜਗੁ ਸਾਜਣ ਲਾਏ॥*

(ਭੈਰਉ ਮਹਲਾ 5, ਪੰਨਾ 1156)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਭਾਰਤੀ ਕਲਾਸਕੀ ਰਾਗਾਂ ਅਨੁਸਾਰ ਤੇ *ਸਨਤਨੀ ਸੰਗੀਤ-ਪਰੰਪਰਾ ਦੀ ਦ੍ਰਿਸ਼ਟੀ* ਤੋਂ ਕੀਤੀ ਗਈ ਹੈ। ਸਾਰੇ ਪਾਕ ਗ੍ਰੰਥ ਵਿਚਲੀਆਂ ਬਾਣੀਆਂ ਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ, ਇਕ ਉਹ ਜਿਹੜੀਆਂ ਰਾਗ ਯੁਕਤ ਹਨ ਤੇ ਦੂਜੀਆਂ ਉਹ ਜੋ ਰਾਗ ਮੁਕਤ ਹਨ। ਸੰਪਾਦਕ ਦੀ ਇਸ ਦ੍ਰਿਸ਼ਟੀ-ਵਿਸ਼ੇਸ਼ ਨੂੰ ਜੇ ਗਹੁ ਨਾਲ ਤੇ ਅਨੁਭਵ ਕਰਕੇ ਦੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਰਾਗਾਂ ਦੀ ਤਰਤੀਬ, ਗਾਇਨ ਵਿਧੀਆਂ ਤੇ ਗਾਇਨ ਸ਼ੈਲੀਆਂ ਇਕ ਵਿਸ਼ੇਸ਼ ਆਦਰਸ਼ ਨੂੰ ਮੁੱਖ ਰਖ ਕੇ, ਅੰਗੀਕਾਰ ਕੀਤੀਆਂ ਗਈਆਂ ਹਨ। ਸੰਪਾਦਕ ਨੇ ਰਾਗ ਜਾਂ ਗਾਇਨ ਨੂੰ ਮੁੱਖ ਨਹੀਂ, ਬਲਕਿ ਇਸ ਦੇ ਸਾਧਨਗਤ ਮਹੱਤਵ ਨੂੰ ਮੁੱਖ ਮੰਨਿਆ ਹੈ। ਇਸ ਦੇ ਤਿੰਨ ਪੜਾ ਅੰਕੇ ਜਾ ਸਕਦੇ ਹਨ :

1. ਸੰਗੀਤ ਜੋ ਕੰਨਾਂ ਵਿਚ ਰਸ ਘੋਲਦਾ ਹੈ,
2. ਸੰਗੀਤ ਤੇ ਸੰਕੀਰਤਨ ਦੀ ਸੰਗਤ ਜਾਂ ਆਵਾਜ਼ ਤੇ ਸਾਜ਼ ਦਾ ਤਾਲ
3. ਸੰਗੀਤ ਤੇ ਸੰਕੀਰਤਨ ਦੀ ਸੰਗਤ ਤੋਂ ਆਨੰਦ ਅਤੇ ਉਪਰੰਤ ਪਰਮ ਆਨੰਦ ਦੀ ਪ੍ਰਾਪਤੀ।

ਸੋ ਰਾਗਾਂ ਦੀ ਮਹੱਤਤਾ ਕੀਰਤਨ ਤੇ ਪਰਮਾਨੰਦ ਦੀ ਪ੍ਰਾਪਤੀ ਲਈ ਸਾਧਨ ਮਾਤਰ ਹੋਣ ਕਰਕੇ ਕੀਰਤਨ ਨੂੰ 'ਨਿਰਮੋਲਕ ਹੀ ਕਿਹਾ ਹੈ, ਰਾਗ ਨੂੰ ਨਹੀਂ; ਬਲਕਿ ਰਾਗਾਂ ਨੂੰ ਤਾਂ ਉਨ੍ਹਾਂ ਦੇ ਸਫ਼ਲ ਹੋਣ ਲਈ ਅਨੇਕ ਸ਼ਰਤੀਆਂ-ਪਰਖਾਂ ਵਿਚੋਂ ਦੀ ਲੰਘਣਾ ਪੈਂਦਾ ਹੈ। ਇਨ੍ਹਾਂ ਸ਼ਰਤਾਂ/ਪਰਖਾਂ ਬਾਰੇ ਕੁਝ ਸੰਕੇਤ ਗੁਰਬਾਣੀ ਵਿਚ ਇਹ ਆਏ ਹਨ ਜੋ ਪਾਵਨ ਗ੍ਰੰਥ ਦੇ ਸੰਪਾਦਨ ਦੀ ਰਾਗਾਂ ਪ੍ਰਤਿ ਵਿਲੱਖਣ ਦ੍ਰਿਸ਼ਟੀ ਦੇ ਧਾਰਨੀ ਹਨ :

*ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥*
*ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥*
*ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥*
*ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ॥*

Sri Satguru Jagjit Singh Ji Elibrary NamdhariElibrary@gmail.com

*ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ॥*

(ਸਲੋਕ ਮਹਲਾ 4, ਪੰਨਾ 1423)

*ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥*
*ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥*

(ਸਿਰੀ ਰਾਗ ਕੀ ਵਾਰ ਮਹਲਾ 4, ਪੰਨਾ 83)

*ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥*
*ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥*

(ਸਲੋਕ ਮਹਲਾ 5, ਪੰਨਾ 1425)

*ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥...*
*ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ॥*
*ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ॥*

(ਰਾਗ ਸੋਰਠਿ ਵਾਰ ਮਹਲੇ 4 ਕੀ, ਪੰਨਾ 642)

*ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ॥*
*ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰ॥*
*ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ॥*
*ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ॥*

(ਵਡਹੰਸ ਕੀ ਵਾਰ ਮਹਲਾ 4, ਪੰਨਾ 585)

*ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥*
*ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥*
*ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ॥*
*ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ॥*

(ਬਿਲਾਵਲ ਕੀ ਵਾਰ ਮਹਲਾ 4, ਪੰਨਾ 849)

*ਗਾਵਹਿ ਗੀਤੇ ਚੀਤਿ ਅਨੀਤੇ॥*
*ਰਾਗ ਸੁਣਾਇ ਕਹਾਵਹਿ ਬੀਤੇ॥*
*ਬਿਨੁ ਨਾਵੈ ਮਨਿ ਝੂਠੁ ਅਨੀਤੇ॥*

(ਆਸਾ ਮਹਲਾ 1, ਪੰਨਾ 414)

*ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥*
*ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥*
*ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ॥*
*ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ॥*

(ਸਲੋਕ ਮਹਲਾ 3, ਪੰਨਾ 311)

ਇਹ ਉਦਾਹਰਣਾਂ ਦੇਣ ਦਾ ਮੰਤਵ ਉੱਕਾ ਇਹ ਨਹੀਂ ਕਿ ਸੰਪਾਦਕ ਨੇ ਭਾਰਤੀ ਕਲਾਸਕੀ ਰਾਗਾਂ ਨੂੰ ਮਹੱਤਤਾ ਨਹੀਂ ਦਿੱਤੀ ਕਿਉਂਕਿ ਜੇ ਅਜਿਹਾ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਤੋਂ

Sri Satguru Jagjit Singh Ji Elibrary NamdhariElibrary@gmail.com

ਲੈ ਕੇ ਹੁਣ ਤਕ ਹਰਿਮੰਦਰ ਸਾਹਿਬ ਵਿਚ ਹੋਣ ਵਾਲੇ ਕੀਰਤਨ ਨੂੰ, ਕਿਉਂ ਰਾਗਾਂ ਅਨੁਸਾਰ ਗਾਉਣ 'ਤੇ ਜ਼ੋਰ ਨਾ ਦਿੱਤਾ ਜਾਂਦਾ ਰਿਹਾ ਹੁੰਦਾ। ਅੰਮ੍ਰਿਤ ਵੇਲੇ ਰਾਗ ਆਸਾ ਵਿਚਲੀ ਆਸਾ ਦੀ ਵਾਰ, ਫੇਰ ਦਿਨ ਚੜ੍ਹਦਿਆਂ, ਆਥਣ ਵੇਲੇ, ਰਾਤ ਹੁੰਦਿਆਂ ਰਾਗਾਂ ਅਨੁਸਾਰ ਕੀਰਤਨ ਹੁੰਦਾ ਹੈ ਤੇ ਇਹ ਮਰਿਆਦਾ ਨਿਰਵਿਘਨ ਚਲਦੀ ਆ ਰਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਨੇ ਇਕ ਹੋਰ ਦ੍ਰਿਸ਼ਟੀ ਅਪਣਾਈ ਹੈ ਜਿਸ ਨੂੰ *ਵਰਣ-ਵੰਡ, ਵਰਣ-ਭੇਦ, ਵਰਣ-ਚੇਤਨਾ ਆਦਿ ਨੂੰ ਨਕਾਰਨ ਵਾਲੀ ਦ੍ਰਿਸ਼ਟੀ* ਕਹਾਂਗੇ। ਆਪ ਨੇ ਇਕ ਅਜਿਹਾ ਸਾਂਝਾ ਮਾਨਵੀ ਤੇ ਸ਼ਾਬਦਿਕ ਮੰਚ ਸਿਰਜਿਆ ਜਿੱਥੇ ਬ੍ਰਹਮਣ, ਖੱਤਰੀ, ਵੈਸ਼ ਤੇ ਸ਼ੂਦਰ ਰਲ ਕੇ ਤੇ ਇਕ ਦੂਜੇ ਦੇ ਮੋਢੇ ਨਾਲ ਮੋਢਾ ਲਾ ਕੇ ਬੈਠੇ ਹੋਏ ਹਨ ਅਤੇ ਰਲ ਕੇ ਕੀਰਤਨ ਕਰ ਰਹੇ ਹਨ। ਕੀਰਤਨ ਦੇ ਸ਼ਬਦ ਹਨ :

- *ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥*
  *ਨਉ ਨਿਧਿ ਤੇਰੈ ਅਖੁਟ ਭੰਡਾਰਾ॥*
  *ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥2॥*
  *ਸਭੁ ਕੋ ਆਸੈ ਤੇਰੀ ਬੈਠਾ॥*
  *ਘਟ ਘਟ ਅੰਤਰਿ ਤੂੰ ਹੈ ਵੁਠਾ॥*
  *ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥*

  (ਮਾਝ ਮਹਲਾ 5, ਪੰਨਾ 97)
- *ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*

  (ਸੋਰਠਿ ਮਹਲਾ 5, ਪੰਨਾ 611)

ਏਸੇ ਦ੍ਰਿਸ਼ਟੀ ਅਨੁਸਾਰ ਸੰਪਾਦਕ ਦੀ ਇਕ ਹੋਰ ਮਹੱਤਵਪੂਰਨ ਦੇਣ ਵੱਲ ਸਾਡਾ ਧਿਆਨ ਜਾਂਦਾ ਹੈ। ਉਹ ਦੇਣ ਇਹ ਹੈ ਕਿ ਪਾਵਨ ਗ੍ਰੰਥ ਵਿਚ *ਗੰਗਾ ਤੇ ਜ਼ਮਜ਼ਮ ਦਾ ਸੰਗਮ* ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਅਰਥਾਤ ਹਿੰਦੀ ਤੇ ਸੈਮਟਿਕ ਧਰਮ ਆਪਸ ਵਿਚ ਅਤੇ ਇਕ ਦੂਜੇ ਨੂੰ ਗਲਵਕੜੀ ਪਾ ਰਹੇ ਹਨ। ਬਾਬਾ ਫ਼ਰੀਦ ਇਸਲਾਮ ਦੇ ਪ੍ਰਚਾਰ ਪ੍ਰਤਿ ਆਪਣਾ ਸਾਰਾ ਜੀਵਨ ਅਰਪਿਤ ਕਰ ਚੁੱਕੇ ਹਨ ਪਰ ਉਨ੍ਹਾਂ ਦੇ ਅਨੇਕ ਬਚਨ ਸੰਪਾਦਕ ਨੂੰ ਰੱਬੀ ਪਿਆਰ ਵਿਚ ਰੰਗੇ ਲੱਗੇ ਜਿਸ ਕਰਕੇ ਉਹ ਵੀ ਪਾਵਨ-ਗ੍ਰੰਥ ਦਾ ਅੰਗ ਬਣ ਗਏ।

ਗੁਰੂ-ਸੰਪਾਦਕ ਦੀ ਇਹੀ ਦ੍ਰਿਸ਼ਟੀ ਦਲਿਤ, ਕੰਮੀ, ਕਮੀਨ, ਅਛੂਤ ਆਦਿ ਨਾਵਾਂ ਨਾਲ ਸੱਦੇ ਜਾਂਦੇ ਸਮਾਜ ਦੇ ਸਦੱਸ ਨੂੰ ਇਸ ਪਾਵਨ-ਗ੍ਰੰਥ ਦਾ ਅੰਗ-ਉਪਾਂਗ ਬਣਾਉਂਦੀ ਹੈ। ਇਹ ਸਦੱਸ ਸਾਧਨਾ-ਸੰਪੰਨ ਹੋ ਕੇ ਏਨੇ ਉੱਚੇ ਉਠ ਗਏ ਸਨ ਕਿ ਕਈ ਕੁਲੀਨ ਜਾਤੀਆਂ ਵੀ ਇਨ੍ਹਾਂ ਨੂੰ ਰਸ਼ਕ ਦੀਆਂ ਨਿਗਾਹਾਂ ਨਾਲ ਦੇਖਣ 'ਤੇ ਮਜ਼ਬੂਰ ਹੋ ਗਈਆਂ। ਕਬੀਰ, ਨਾਮਦੇਵ, ਰਵਿਦਾਸ, ਸੈਣ ਆਦਿ ਕਿੰਨੇ ਹੀ ਅਜਿਹੇ ਨਾਂ ਹਨ ਜੋ ਸੰਪਾਦਕ ਦੀਅ ਦ੍ਰਿਸ਼ਟੀ ਨੇ ਨਾ ਕੇਵਲ ਸਤਿਕਾਰ ਸਹਿਤ ਸਵੀਕਾਰੇ ਬਲਕਿ ਉਨ੍ਹਾਂ ਨੂੰ ਇਸ ਪਾਵਨ ਗ੍ਰੰਥ ਦਾ ਸਦੱਸ ਬਣਾਇਆ। ਅਕਬਰ ਕਾਲੀਨ ਸਮਾਜ ਵਿਚ ਦੁੱਲੇ ਭੱਟੀ ਨੇ ਵੀ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਸੀ ਤੇ ਇਸ ਉਪਰਾਲੇ ਨੇ ਫੱਲੇ ਮਰਾਸੀ, ਸੁਰਮਖੂ ਚੂਹੜੇ ਤੇ ਮੇਘੇ ਖੱਤ੍ਰੀ ਨੂੰ ਇੱਕੋ ਕਤਾਰ ਵਿਚ ਲਿਆ ਖੜ੍ਹਾ ਕੀਤਾ ਸੀ, ਪਰ ਉਸ ਕੋਲ ਕੋਈ ਸੁਚਾਰੂ ਸੇਧ ਨਾ ਹੋਣ ਕਰਕੇ ਉਹ ਇਨ੍ਹਾਂ ਦਲਿਤ

ਵਰਗ ਦੇ ਲੋਕਾਂ ਨੂੰ ਉਸ ਤਰ੍ਹਾਂ ਨਿਸ਼ਕਾਮ ਇਰਾਦੇ ਨਾਲ ਨਹੀਂ ਅਪਣਾ ਸਕਿਆ ਜਿਵੇਂ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਅਪਣਾਇਆ।

ਗੁਰੂਦੇਵ ਨੇ ਇਸ ਪਾਵਨ ਗ੍ਰੰਥ ਵਿਚ ਸਮੁੱਚੇ ਭਾਰਤਵਰਸ਼ ਤੇ ਇਸ ਦੇ ਭਿੰਨ-ਭਿੰਨ ਪ੍ਰਾਂਤਾਂ ਨੂੰ ਨੁਮਾਇੰਦਗੀ ਪ੍ਰਦਾਨ ਕੀਤੀ। ਇਹ ਆਪ ਦੀ ਦੂਰ ਦ੍ਰਿਸ਼ਟੀ ਹੀ ਸੀ ਕਿ ਆਪ ਭਾਰਤ ਨੂੰ ਇਕ ਇਕਾਈ ਤੇ ਅਖੰਡ ਰੂਪਾਕਾਰ ਵਿਚ ਵਸਦਾ ਦੇਖਣ ਦੀ ਸ਼ੁਭ-ਇੱਛਾ ਦੇ ਧਾਰਨੀ ਸਨ। ਮੈਨੂੰ ਮਹਿਸੂਸ ਹੁੰਦਾ ਹੈ ਕਿ ਭਾਰਤ ਦੀ ਏਕਤਾ ਤੇ ਅਖੰਡਤਾ ਵੱਲ ਚੁੱਕਿਆ ਗੁਰੂਦੇਵ ਦਾ ਇਹ ਸਭ ਤੋਂ ਪਹਿਲਾ ਕਦਮ ਸੀ। ਪੰਜਾਬ ਤੋਂ ਬਾਹਰਲੇ ਜਿਨ੍ਹਾਂ ਬਾਣੀਕਾਰਾਂ ਨੂੰ ਪਾਵਨ ਗ੍ਰੰਥ ਵਿਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਭੀਖਨ, ਰਵਿਦਾਸ ਅਤੇ ਕਬੀਰ (ਉੱਤਰ ਪ੍ਰਦੇਸ਼), ਤ੍ਰਿਲੋਚਨ ਤੇ ਨਾਮਦੇਵ (ਮਹਾਰਾਸ਼ਟਰ), ਬੇਣੀ (ਬਿਹਾਰ), ਧੰਨਾ (ਰਾਜਸਥਾਨ), ਜੈਦੇਵ (ਬੰਗਾਲ), ਸੈਣ (ਮੱਧ ਪ੍ਰਦੇਸ਼), ਪੀਪਾ (ਗੁਜਰਾਤ), ਸਧਨਾ (ਸਿੰਧ), ਰਾਮਾਨੰਦ (ਦੱਖਣੀ ਭਾਰਤ), ਪਰਮਾਨੰਦ (ਮਹਾਰਾਸ਼ਟਰ), ਸੂਰਦਾਸ (ਅਵਧ) ਆਦਿਕ ਆਦਿਕ।

ਸੰਪਾਦਕ ਗੁਰੂਦੇਵ ਦੀ ਸੰਪਾਦਨ-ਦ੍ਰਿਸ਼ਟੀ ਦਾ ਇਕ ਹੋਰ ਰੂਪ ਵੀ ਹੈ ਤੇ ਉਹ ਹੈ ਗੁਰੂਦੇਵ ਦੀ ਸੰਸਲੇਸ਼ਨਾਤਮਕ ਤੇ ਸੰਤੁਲਿਤ ਦ੍ਰਿਸ਼ਟੀ। ਜਿਵੇਂ ਕਿ ਪਹਿਲਾਂ ਵਿਚਾਰ ਆਏ ਹਨ ਕਿ ਇਸ ਪਾਵਨ ਗ੍ਰੰਥ ਵਿਚ ਭਿੰਨ-ਭਿੰਨ ਜੀਵਨ-ਦ੍ਰਿਸ਼ਟੀਆਂ ਨੂੰ ਸੰਸਲੇਸ਼ਿਤ ਰੂਪ ਦਿੱਤਾ ਗਿਆ ਹੈ। ਜਿੱਥੇ ਜਿੱਥੇ ਕੋਈ ਜੀਵਨ-ਅਨੁਭਵ ਜਾਂ ਦ੍ਰਿਸ਼ਟੀ ਅਸਪਸ਼ਟ ਜਾਂ ਸੰਸਲੇਸ਼ਣੀ ਸੋਚ ਦੇ ਵਿਪਰੀਤ ਆਭਾਸਦੀ ਸੀ ਉਥੇ ਜਾਂ ਤਾਂ ਉਸ ਨੂੰ ਸਪਸ਼ਟ ਕਰ ਦਿੱਤਾ ਗਿਆ ਹੈ ਜਾਂ ਉਸ ਨੂੰ ਜ਼ਰਾ ਕੁ ਸੋਧ ਕੇ ਆਪਣੇ ਵੱਲੋਂ ਬਾਣੀ ਦਰਜ ਕਰ ਦਿੱਤੀ ਗਈ ਹੈ। ਭਾਰਤ ਹੀ ਨਹੀਂ, ਦੁਨੀਆਂ ਭਰ ਵਿਚ ਸ਼ਾਇਦ ਇਹ ਪਹਿਲਾ ਧਰਮ ਗ੍ਰੰਥ ਹੈ ਜਿਸ ਵਿਚ ਹਰ ਵਰਗ, ਹਰ ਧਾਰਮਿਕ ਸੋਚ, ਹਰ ਵਰਨ, ਬਲਕਿ ਦਲਿਤ ਵਰਗਾਂ ਤੇ ਗੁਰੂ ਘਰ ਦੇ ਸੇਵਕਾਂ ਤੇ ਭੱਟਾਂ ਆਦਿ ਦੀ ਬਾਣੀ ਨੂੰ ਵੀ ਸਥਾਨ ਮਿਲਿਆ ਹੈ। ਇਹੀ ਗ੍ਰੰਥ ਹੈ ਜਿਸ ਵਿਚ ਆਉਣ ਵਾਲਾ ਹਰ ਬਾਣੀਕਾਰ, ਸੰਪਾਦਕ ਦੀ ਖ਼ੁਦ ਦੀ ਸੰਤੁਲਿਤ ਦ੍ਰਿਸ਼ਟੀ ਤੇ ਪੂਰਾ ਉੱਤਰਿਆ ਹੈ। ਇਸ ਸੰਤੁਲਿਤ ਦ੍ਰਿਸ਼ਟੀ ਦਾ ਰੂਪ ਬੜੇ ਸਪੱਸ਼ਟ ਸ਼ਬਦਾਂ ਵਿਚ ਅਨੇਕ ਥਾਂਵਾਂ ਉੱਤੇ ਸੁਸ਼ੋਭਤ ਹੈ ਜਿਵੇਂ :

ਪਦਾਰਥ ਤੇ ਅਧਿਆਤਮ ਵਿਚਾਰ ਸੰਤੁਲਨ :

(ੳ) *ਭੂਖੇ ਭਗਤਿ ਨ ਕੀਜੈ॥*
*ਯਹ ਮਾਲਾ ਅਪਨੀ ਲੀਜੈ॥*

(ਸੋਰਠਿ ਕਬੀਰ, ਪੰਨਾ 656)

(ਅ) *ਮਾਧੋ ਕੈਸੀ ਬਨੈ ਤੁਮ ਸੰਗੇ॥*
*ਆਪਿ ਨ ਦੇਹੁ ਤ ਲੇਵਉ ਮੰਗੇ॥ ਰਹਾਉ॥*
*ਦੁਇ ਸੇਰ ਮਾਂਗਉ ਚੂਨਾ॥*
*ਪਾਉ ਘੀਉ ਸੰਗਿ ਲੂਨਾ॥*
*ਅਧ ਸੇਰੁ ਮਾਂਗਉ ਦਾਲੇ॥*
*ਮੋ ਕਉ ਦੋਨਉ ਵਖਤ ਜਿਵਾਲੇ॥ 2॥*

Sri Satguru Jagjit Singh Ji Elibrary NamdhariElibrary@gmail.com

*ਖਾਟ ਮਾਂਗਉ ਚਉਪਾਈ॥*
*ਸਿਰਹਾਨਾ ਅਵਰ ਤੁਲਾਈ॥*
*ਊਪਰ ਕਉ ਮਾਂਗਉ ਖੀਂਧਾ॥*
*ਤੇਰੀ ਭਗਤਿ ਕਰੈ ਜਨੁ ਥੀਂਧਾ॥ 3॥*

(ਸੋਰਠਿ ਕਬੀਰ, ਪੰਨਾ 656)

(ੲ) *ਜਬ ਲਗੁ ਦੁਨੀਆ ਰਹੀਐ ਨਾਨਕ*
*ਕਿਛੁ ਸੁਣੀਐ ਕਿਛੁ ਕਹੀਐ॥*

(ਧਨਾਸਰੀ ਮਹਲਾ 1, ਪੰਨਾ 661)

ਬਹੁਤਾ ਬੋਲਣ ਤੇ ਖ਼ਾਮੋਸ਼ ਰਹਿਣ ਵਿਚਕਾਰ ਸੰਤੁਲਨ :

(ੳ) *ਜੇ ਤਨਿ ਬਾਣੀ ਵਿਸਰਿ ਜਾਇ॥*
*ਜਿਉ ਪਕਾ ਰੋਗੀ ਵਿਲਲਾਇ॥*
*ਬਹੁਤਾ ਬੋਲਣੁ ਝਖਣੁ ਹੋਇ॥*
*ਵਿਣੁ ਬੋਲੇ ਜਾਣੈ ਸਭੁ ਸੋਇ॥*

(ਧਨਾਸਰੀ ਮਹਲਾ 1, ਪੰਨਾ 661)

ਸੰਤੁਲਿਤ ਦ੍ਰਿਸ਼ਟੀ ਤੇ ਸੰਤੁਲਿਤ ਅਮਲੀ ਜੀਵਨ ਦੀਆਂ ਹੋਰ ਅਨੇਕ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਇਸ ਪਾਵਨ ਗ੍ਰੰਥ ਨੂੰ ਅਦੁੱਤੀ ਗੁਰੂ ਗ੍ਰੰਥ ਬਣਾ ਦਿੰਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਨਾਲ ਸੰਬੰਧਿਤ ਮੁੱਖ ਸਰੋਤ-ਪਰਿਚੈ ਤੇ ਇਤਿਹਾਸਕ ਮੁਲਾਂਕਣ

ਡਾ. ਜੀ. ਐਸ. ਨਈਅਰ*

ਅਸਲ ਵਿਚ ਗੁਰੂ ਕਾਲ ਨਾਲ ਸੰਬੰਧਿਤ ਮੁੱਖ ਸਰੋਤ ਬਹੁਤ ਘੱਟ ਮਾਤਰਾ ਵਿਚ ਉਪਲੱਬਧ ਹਨ। ਗੁਰੂ ਅਰਜਨ ਸੰਬੰਧੀ ਸਰੋਤ ਘੱਟ, ਅਧੂਰੇ ਤੇ ਖਿੰਡਰੇ ਪੁੰਡਰੇ ਰੂਪ ਵਿਚ ਦ੍ਰਿਸ਼ਟੀਮਾਨ ਹੁੰਦੇ ਹਨ। ਪ੍ਰੰਤੂ ਕੁੱਝ ਸਰੋਤ ਅਜਿਹੇ ਹਨ ਜੋ ਮੂਲ ਤੇ ਪ੍ਰਮਾਣਿਕ ਕਹੇ ਜਾ ਸਕਦੇ ਹਨ ਜਿਵੇਂ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੁਆਰਾ ਰਚਿਤ ਵਾਰਾਂ, ਕਬਿੱਤ, ਸਵਯੇ ਆਦਿ। ਕੁੱਝ ਅਜਿਹੇ ਸੋਮੇ ਵੀ ਸੁਰੱਖਿਅਤ ਰੂਪ ਵਿਚ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚ ਇਤਿਹਾਸ ਤੇ ਮਿਥਿਹਾਸ ਇਸ ਪ੍ਰਕਾਰ ਸੰਮਿਲਤ ਹੈ ਕਿ ਮਿਥਿਹਾਸ ਨੂੰ ਇਤਿਹਾਸ ਤੋਂ ਨਿਖੇੜੇ ਜਾਣਾ ਕਠਿਨ ਪਰਤੀਤ ਹੁੰਦਾ ਹੈ। ਇੱਥੋਂ ਤੱਕ ਕਿ ਇਤਿਹਾਸਕਾਰ ਸੱਚ ਨੂੰ ਝੂਠ ਤੋਂ ਨਿਖੇੜਨ ਜਾਂ ਪਰੰਪਰਾ ਨੂੰ ਇਤਿਹਾਸਕ ਰੂਪ ਦੇਣ ਤੋਂ ਅਸਮਰਥ ਹੋ ਜਾਂਦਾ ਹੈ। ਅਧਿਆਤਮਕ ਰਚਨਾਵਾਂ ਵਿਚ ਧਰਮ ਦੇ ਅੰਸ਼ ਦਾ ਸਾਧਾਰਨ ਜਾਣਕਾਰੀ ਉਤੇ ਹਾਵੀ ਤੇ ਪ੍ਰਭਾਵਿਤ ਹੋਣਾ ਸੁਭਾਵਿਕ ਹੈ ਜਿਵੇਂ *ਮਹਿਮਾ ਪ੍ਰਕਾਸ਼*, *ਗੁਰਬਿਲਾਸ* ਆਦਿ ਰਚਨਾਵਾਂ ਭਾਵੇਂ ਸਾਨੂੰ ਬਹੁਤ ਦੁਰਲੱਭ ਤੇ ਕੀਮਤੀ ਗੁਰ ਇਤਿਹਾਸ ਤੋਂ ਜਾਣੂ ਕਰਾਉਣ ਵਾਲੀਆਂ ਰਚਨਾਵਾਂ ਹਨ ਪ੍ਰੰਤੂ ਇਨ੍ਹਾਂ ਵਿਚ ਸੁਭਾਵਕ ਹੀ ਲੇਖਕ ਦੇ ਭਾਵੁਕ ਹੋਣ ਤੇ ਅੱਤ-ਉਕਤੀ ਦੇ ਅਵਸਰ ਵਧੇਰੇ ਮਾਤਰਾ ਵਿਚ ਨਜ਼ਰ ਆਉਂਦੇ ਹਨ। ਗੁਰਮੁਖੀ ਵਿਚ ਕੁੱਝ ਮੂਲ ਸਰੋਤ ਜਿਨ੍ਹਾਂ ਦੀ ਪ੍ਰਮਾਣਿਕਤਾ ਅਟੱਲ ਤੇ ਅਮਰ ਹੈ, ਗੁਰੂ ਕਾਲ ਅਤੇ ਇਸੇ ਪ੍ਰਕਾਰ ਗੁਰੂ ਅਰਜਨ ਦੇਵ ਸੰਬੰਧੀ ਉਪਲੱਬਧ ਸਮੱਗਰੀ ਨਿਸ਼ਚੇ ਹੀ ਸਾਡੀ ਵੱਡਮੁੱਲੀ ਵਿਰਾਸਤ ਹੈ ਅਤੇ ਇਨ੍ਹਾਂ ਸਰੋਤਾਂ ਤੋਂ ਬਿਨਾਂ ਅਸੀਂ ਕਿਸੇ ਹੋਰ ਸੋਮੇ ਉਤੇ ਗੌਰਵ ਨਹੀਂ ਕਰ ਸਕਦੇ। ਲੋੜ ਇਸ ਗੱਲ ਦੀ ਹੈ ਕਿ ਇਸ ਵਡਮੁੱਲੀ ਸਮੱਗਰੀ ਦੇ ਖਰੜਿਆਂ ਦੀ ਸਾਂਭ-ਸੰਭਾਲ ਕੀਤੀ ਜਾਵੇ ਅਤੇ ਇਨ੍ਹਾਂ ਵਿਚੋਂ ਮਿਥਿਹਾਸਕ, ਨਿੱਜੀ ਜਾਂ ਮਜ਼ਾਜ਼ੀ ਅੰਸ਼ ਨੂੰ ਦੂਰ ਕਰਕੇ ਇਨ੍ਹਾਂ ਸਰੋਤਾਂ ਨੂੰ ਵਧਰੇ ਤਰਕਸ਼ੀਲ, ਵਿਚਾਰਸ਼ੀਲ ਤੇ ਯੁਕਤੀਪੂਰਨ ਬਣਾਇਆ ਜਾ ਸਕੇ। ਵੇਖਣ ਵਿਚ ਆਇਆ ਹੈ ਕਿ ਕਈ ਵਾਰੀ ਅਸੀਂ ਅਥਾਹ ਕੀਮਤੀ ਸਾਹਿਤ ਨੂੰ ਇਹ ਸਮਝ ਕੇ ਨਜ਼ਰੋਂ ਉਹਲੇ ਕਰ ਦਿੰਦੇ ਹਾਂ ਕਿ ਇਸ ਵਿਚ ਧਾਰਮਿਕ ਪੱਖ ਪ੍ਰਬਲ ਹੈ। ਫਲਸਰੂਪ ਨਿਸ਼ਚੇ ਹੀ ਅਸੀਂ ਉਸ ਸਾਹਿਤ ਤੋਂ ਵਡਮੁੱਲੀ ਜਾਣਕਾਰੀ ਲੈਣ ਤੋਂ ਵੰਚਿਤ ਹੋ ਜਾਂਦੇ ਹਾਂ ਅਤੇ ਇਸ ਪ੍ਰਕਾਰ ਕੀਮਤੀ ਸਿੱਖ ਵਿਰਾਸਤ ਤੋਂ ਹੱਥ ਧੋ ਬੈਠਦੇ ਹਾਂ। ਹਥਲੇ ਖੋਜ ਪੱਤਰ ਵਿਚ

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਅਜਿਹੀ ਠੋਸ ਉਦਾਹਰਣਾਂ ਦੀ ਨਿਸ਼ਚਿਤ ਤੇ ਅਨੁਕੂਲ ਥਾਂ ਉੱਤੇ ਹਵਾਲਾ ਸਹਿਤ ਵਰਤੋਂ ਕੀਤੀ ਗਈ ਹੈ।

ਗੁਰਮੁਖੀ ਤੋਂ ਛੁੱਟ ਗੁਰੂ ਅਰਜਨ ਦੇਵ ਸਬੰਧੀ ਫ਼ਾਰਸੀ ਵਿਚ ਲਿਖੇ ਗਏ ਕਈ ਖਿੰਡੇ-ਪੁੰਡੇ ਸਰੋਤ ਬਹੁਤ ਵਡਮੁੱਲੇ ਸਿੱਧ ਹੋਏ ਹਨ ਜੋ ਗੁਰੂ ਸਾਹਿਬਾ ਦੀਆਂ ਪ੍ਰਾਪਤੀਆਂ ਅਤੇ ਵਿਸ਼ੇਸ਼ ਰੂਪ ਵਿਚ ਉਨ੍ਹਾਂ ਦੀ ਸ਼ਹੀਦੀ ਸਬੰਧੀ ਵਿਸ਼ੇਸ਼ ਜਾਣਕਾਰੀ ਦੇਣ ਵਿਚ ਬੇਮਿਸਾਲ ਹਨ। ਹਥਲੇ ਨਿਬੰਧ ਵਿਚ ਗੁਰਮੁਖੀ ਅਤੇ ਫ਼ਾਰਸੀ ਵਿਚ ਲਿਖੇ ਕੁਝ ਸਰੋਤ ਨਿਮਨ ਲਿਖਤ ਹਨ ਜਿਨ੍ਹਾਂ ਦਾ ਇਤਿਹਾਸਕ ਮੁਲਾਂਕਣ ਜਾਂ ਕੁਝ ਤਿਕ ਦਾ ਸੰਖੇਪ ਵੇਰਵਾ ਇਥੇ ਪੇਸ਼ ਕੀਤਾ ਜਾਂਦਾ ਹੈ।

**ਗੁਰੂ ਗ੍ਰੰਥ ਸਾਹਿਬ** : ਗੁਰੂ ਗੋਬਿੰਦ ਸਿੰਘ ਦੀ ਗੁਰਗੱਦੀ ਸਮੇਂ (1675-1798 ਈ.) ਆਦਿ ਗ੍ਰੰਥ ਸਾਹਿਬ ਦੇ ਦੋ ਸੰਸਕਰਨ ਮੌਜੂਦ ਸਨ। ਇਕ ਸੰਸਕਰਨ ਦਾ ਮੂਲ ਰੂਪ ਵਿਚ ਗੁਰੂ ਅਰਜਨ ਦੇਵ ਦੁਆਰਾ ਨਿਰੀਖਣ ਤੇ ਸੰਪਾਦਨਾ ਉਪਰੰਤ ਭਾਈ ਗੁਰਦਾਸ ਤੋਂ ਲਿਖਵਾਕੇ ਜਾਂ ਪ੍ਰਤੀਲਿਪੀ ਬਣਵਾਕੇ ਪ੍ਰਸਾਰਨ ਕੀਤਾ ਗਿਆ। ਦੂਜਾ ਸੰਸਕਰਨ ਭਾਈ ਬੰਨੋ ਵਾਲਾ ਸੀ ਜੋ ਵਿਸ਼ਾ ਅਟੁੱਟ ਸਿੱਖ ਪਰੰਪਰਾ ਦਾ ਚਰਚਾ ਭਰਪੂਰ ਵਿਸ਼ਾ ਬਣ ਚੁੱਕਾ ਹੈ। ਮੂਲ ਬੀੜ ਦਾ ਇਕ ਸੰਸਕਰਨ ਗੁਰੂ ਗੋਬਿੰਦ ਸਿੰਘ ਨੇ ਆਪ ਆਪਣੇ ਸਮੇਂ ਭਾਈ ਮਨੀ ਸਿੰਘ ਤੋਂ ਮੁਕੰਮਲ ਰੂਪ ਵਿਚ ਤਿਆਰ ਕਰਵਾਇਆ। ਭਾਈ ਗੁਰਦਾਸ ਤੇ ਭਾਈ ਬੰਨੋ ਵਾਲੇ ਸੰਸਕਰਨ ਅਜੋਕੇ ਸਮੇਂ ਤੱਕ ਅਸਤਿਤਵ ਰੱਖਦੇ ਹਨ ਪ੍ਰੰਤੂ ਭਾਈ ਮਨੀ ਸਿੰਘ ਵਾਲਾ ਗ੍ਰੰਥ ਸਾਹਿਬ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਅਲੋਪ ਹੋ ਗਿਆ।

ਸਿੱਖ ਧਰਮ ਵਿਚ ਨਾਮ ਜਪਣ ਉਤੇ ਅਥਾਹ ਜ਼ੋਰ ਦਿੱਤਾ ਗਿਆ ਹੈ। ਇਸ ਲਈ ਅਜਿਹੇ ਧਰਮ ਲਈ ਸਿੱਖ ਸੰਗਤਾਂ ਦੇ ਰਹਿਨੁਮਾ ਗੁਰੂ ਸਾਹਿਬਾਨ ਦੇ ਉਚਾਰੇ ਸ਼ਬਦ ਸਿੱਧੇ ਰੂਪ ਵਿਚ ਸ਼ਰਧਾਲੂਆਂ ਤੱਕ ਪੁਜਣੇ ਅੰਨ ਖਾਣ ਜਿੰਨੀ ਲੋੜ ਦੇ ਸੂਚਕ ਸਨ। ਗੁਰਬਾਣੀ ਵਿਚ ਇਸ ਤੱਕ ਦੀ ਗਵਾਹੀ ਦੇ ਲਖਾਇਕ ਕਈ ਪ੍ਰਮਾਣ ਮਿਲਦੇ ਹਨ। ਗੁਰੂ ਅਰਜਨ ਰਾਗ ਆਸਾ ਵਿਚ ਲਿਖਦੇ ਹਨ ਕਿ ਉਨ੍ਹਾਂ ਦਾ 'ਯੋਗ' ਪਰਮਾਤਮਾ ਦੇ ਸ਼ਬਦ ਗਾਇਨ ਦੇ ਅਭਿਆਸ ਵਿਚੋਂ ਦ੍ਰਿਸ਼ਟੀਮਾਨ ਹੈ। ਗੁਰੂ ਅਰਜਨ ਦੇ ਸਮੇਂ ਅਜਿਹੀ ਸਥਿਤੀ ਵਿਚ ਗੁਰੂ ਘਰ ਦੇ ਵਿਰੋਧੀਆਂ ਵਿਚ ਗੁਰੂ ਸਾਹਿਬ ਦਾ ਵੱਡਾ ਭਾਈ ਪ੍ਰਿਥੀ ਚੰਦ ਜੋ ਸਿੱਖ ਇਤਿਹਾਸ ਵਿਚ ਘ੍ਰਿਣਤ ਸ਼ਬਦਾਂ ਵਿਚ ਪ੍ਰਿਥੀਏ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਸ਼ਾਮਲ ਸੀ। ਉਸ ਦੇ ਪੁੱਤਰ ਮਿਹਰਬਾਨ ਦੀ ਰਚਨਾ ਨੂੰ ਸੰਗਤਾਂ ਵਿਚ ਪ੍ਰਚਾਰਿਆ ਗਿਆ ਜਿਸ ਦਾ ਕਾਰਨ ਇਹ ਸੀ ਕਿ ਮੂਲ ਬਾਣੀ ਵਿਚ ਵਿਤਰਤ ਕੀਤੇ ਗਏ 'ਨਾਨਕ' ਸ਼ਬਦ ਸਦਕਾ ਅੰਤਰ ਨੂੰ ਛੁਪਾਉਣ ਦੇ ਯਤਨ ਸੌਖੇ ਸਿੱਧ ਹੋਏ ਅਤੇ ਗੁਰੂ ਅਰਜਨ ਦੇਵ ਦੇ ਮੂਲ ਬਾਣੀ ਦਾ ਸੰਕਲਪ ਬਰਨ ਕਾਰਨ ਅਸਫਲ ਰਹੇ। ਪ੍ਰਿਥੀ ਚੰਦ ਨੇ ਗੁਰੂ ਘਰ ਦੇ ਕੁੱਝ ਅਨੁਯਾਈਆਂ ਨੂੰ ਵਰਗਲਾ ਕੇ ਆਪਣੇ ਨਾਲ ਗੁਰੂ ਘਰ ਦੀ ਵਿਰੋਧਤਾ ਵਿਚ ਸ਼ਾਮਲ ਕਰ ਲਿਆ।

ਕੇਸਰ ਸਿੰਘ ਛਿੱਬਰ ਆਪਣੀ ਰਚਨਾ *ਬੰਸਾਵਲੀ ਨਾਮਾ* (1769) ਵਿਚ ਇਸ ਸਥਿਤੀ ਦਾ ਵਿਸਤਾਰ ਦਿੰਦਾ ਹੋਇਆ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਨੇ ਭਾਈ ਗੁਰਦਾਸ ਨੂੰ ਫੁਰਮਾਇਆ :

ਬਚਨ ਕੀਤਾ : ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ।

Sri Satguru Jagjit Singh Ji Elibrary NamdhariElibrary@gmail.com

*ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ।*
*ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ।*
*ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ।*
*... ... ... ...*
*ਰੂਪਾ ਖਿਡਾਵਾ ਭੀ ਨਾਲ ਉਨ੍ਹਾਂ ਦੇ ਮਿਲਿਆ।*
*ਕਰਾ ਡੋਗਰਾ ਕਰਿ ਬੁਰਿਆਈ ਨਿਕਲਿਆ।*
*ਜੋ ਗੁਰੂ ਦੇ ਘਰੋਂ ਨਿਕਲੇ ਸੋ 'ਮੀਣਿਆਂ' ਦੇ ਜਾਇ ਰਹੇ।*
*ਭੇਦ ਸਾਰਾ ਆਇ 'ਮੀਣਿਆਂ' ਨੂੰ ਕਹੇ।*

(5-94)

ਗੁਰੂ ਗ੍ਰੰਥ ਸਾਹਿਬ ਦੇ ਸਰੋਤ ਤੋਂ ਪਤਾ ਚਲਦਾ ਹੈ ਕਿ ਗੁਰੂ ਰਾਮਦਾਸ ਦੀ ਗੁਰਗੱਦੀ ਸਮੇਂ ਮੂਲ ਬਾਣੀ ਦੀ ਤਰਜ਼ ਉੱਤੇ ਬਾਣੀ ਦੀ ਰਚਨਾ ਕਰਨ ਵਾਲੇ ਤੇ ਝੂਠ ਉੱਤੇ ਆਧਾਰ ਰੱਖਣ ਵਾਲੇ ਕਈ ਵਿਅਕਤੀ ਪੈਦਾ ਹੋ ਗਏ ਸਨ :

*ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ*
*ਸੇ ਕੂੜਿਆਰ ਕੂੜੇ ਝੜਿ ਪੜੀਐ॥*

(ਪੰਨਾ 304)

ਇਸ ਤੋਂ ਛੁੱਟ ਗੁਰੂ ਅਰਜਨ ਦੇਵ ਨੇ ਇਹ ਅਨੁਭਵ ਕੀਤਾ ਕਿ ਗੁਰਬਾਣੀ ਦਾ ਸੰਕਲਨ ਸਿੱਖ ਧਰਮ ਨੂੰ ਦ੍ਰਿੜਤਾ ਪ੍ਰਦਾਨ ਕਰੇਗਾ। ਗੁਰਬਾਣੀ ਦਾ ਲਿਖਤੀ ਰੂਪ ਵਿਚ ਪਾਸਾਰ ਭਿੰਨ ਭਿੰਨ ਰਸਮਾਂ, ਵਿਸ਼ਵਾਸ਼ਾਂ ਜਾਂ ਅਕੀਦਿਆਂ ਤੋਂ ਸੁਰੱਖਿਅਤ ਰੱਖਣ ਦਾ ਲਖਾਇਕ ਹੋਵੇਗਾ। ਸਿੱਖ ਸੰਗਤਾਂ ਦੇ ਰਾਖੇ ਦੇ ਰੂਪ ਵਿਚ ਵੀ ਅਜਿਹਾ ਕਰਨਾ ਅਨਮੋਲ ਪ੍ਰਤੀਤ ਹੋਇਆ ਸਿੱਧ ਹੁੰਦਾ ਹੈ। ਇਸ ਦੇ ਨਾਲ ਨਾਲ ਗੁਰੂ ਅਰਜਨ ਨੂੰ ਸਰਲ ਭਾਸ਼ਾ ਵਿਚ ਅਜਿਹਾ ਸਾਹਿਤ ਪ੍ਰਾਪਤ ਹੋਣ ਦੀ ਸੰਭਾਵਨਾ ਸੀ ਜੋ ਸਿੱਖ ਧਰਮ ਦੇ ਵਿਕਾਸ ਲਈ ਦੁਰਲੱਭ ਸੀ।

ਉਪਰੋਕਤ ਕਾਰਨਾਂ ਦੀ ਲੋਅ ਵਿਚ ਗੁਰੂ ਅਰਜਨ ਦੇਵ ਨੇ ਸਮੁੱਚੇ ਸਿੱਖ ਜਗਤ ਵਿਚ ਆਪਣੇ ਉੱਤਰਾਧਿਕਾਰੀਆਂ ਦੀ ਬਾਣੀ ਨੂੰ ਇਕੱਤਰ ਕਰਨ ਲਈ ਸੁਨੇਹੇ ਭੇਜੇ ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਦੂਰ ਦੁਰੇਡੇ ਦੇ ਧਾਰਮਿਕ ਪ੍ਰਚਾਰ ਦੌਰਿਆਂ ਵਿਚ ਆਪਣੀ ਬਾਣੀ ਦਾ ਸਪੱਸ਼ਟ ਰੂਪ ਵਿਚ ਪ੍ਰਭਾਵ ਛੱਡਿਆ ਹੋਇਆ ਸੀ। ਫਲਸਰੂਪ ਉਨ੍ਹਾਂ ਦੇ ਅਨੁਯਾਈਆਂ ਨੇ ਕੁਝ ਬਾਣੀ ਲਿਖਤੀ ਰੂਪ ਵਿਚ ਉਪਲਬਧ ਕਰ ਰੱਖੀ ਸੀ ਜਦੋਂ ਕਿ ਕੁਝ ਬਾਣੀ ਮੌਲਿਕ ਰੂਪ ਵਿਚ ਅਗਲੀਆਂ ਪੀੜ੍ਹੀਆਂ ਤੱਕ ਪੁੱਜਣ ਦੀ ਸੂਚਕ ਸੀ।

ਗੁਰੂ ਅਰਜਨ ਦੇਵ ਨੇ ਆਪਣੇ ਉੱਤਰਾਧਿਕਾਰੀਆਂ ਦੀ ਬਾਣੀ ਨੂੰ ਇਕੱਤਰ ਕਰਨ ਦੇ ਪੁਰਜ਼ੋਰ ਉਪਰਾਲੇ ਕੀਤੇ। ਗੁਰੂ ਅਮਰਦਾਸ ਦੇ ਸਪੁੱਤਰ ਬਾਬਾ ਮੋਹਨ ਕੋਲ ਉਨ੍ਹਾਂ ਦੇ ਪਿਤਾ ਦੁਆਰਾ ਲਿਖੀ ਗਈ ਬਾਣੀ ਦਾ ਖਜ਼ਾਨਾ ਸੀ ਜੋ ਬੜੀ ਕਠਿਨਾਈ ਤੇ ਸਾਧਨਾ ਨਾਲ ਪ੍ਰਾਪਤ ਕੀਤਾ ਗਿਆ। ਗੁਰੂ ਅਰਜਨ ਦੀ ਆਪਣੀ ਬਾਣੀ ਇਸ ਦੀ ਸੰਕੇਤਕ ਹੈ ਜਿਸ ਦਾ ਚਰਚਾ ਉਨ੍ਹਾਂ ਦੇ ਅਨੁਯਾਈਆਂ ਦੇ ਦਿਲਾਂ ਵਿਚ ਅਜੋਕੇ ਦਿਨਾਂ ਤੱਕ ਘਰ ਕਰ ਗਿਆ ਹੈ। ਗੁਰੂ ਸਾਹਿਬ ਨੇ ਉੱਘੇ ਭਾਰਤੀ ਸੰਤਾਂ, ਸੂਫੀਆਂ ਤੇ ਭੱਟਾਂ ਦੀ ਬਾਣੀ ਨੂੰ ਵੀ ਇਕੱਤਰ ਕੀਤਾ ਜੋ

Sri Satguru Jagjit Singh Ji Elibrary NamdhariElibrary@gmail.com

ਹਿੰਦੂ ਤੇ ਇਸਲਾਮ ਧਰਮ ਨਾਲ ਸੰਬੰਧਿਤ ਸਨ। ਅਜਿਹੀ ਬਾਣੀ ਸਿੱਖ ਧਾਰਮਿਕ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਜੋ ਸਿੱਖ ਸਿਧਾਂਤਾਂ ਦੀ ਪੁਸ਼ਟੀ ਦੀ ਲਖਾਇਕ ਸੀ। ਗੁਰੂ ਅਰਜਨ ਦੀ ਆਪਣੀ ਬਹੁਤ ਵੱਡੇ ਆਕਾਰ ਵਿਚ ਰਚੀ ਬਾਣੀ ਦਾ ਭੰਡਾਰ ਵੀ ਇਸ ਪਵਿੱਤਰ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ। ਬਾਣੀ ਨੂੰ ਇਕੱਤਰ ਕਰਨ ਦਾ ਕੰਮ ਇਕ ਪ੍ਰਥਮ ਯਤਨ ਨਹੀਂ ਕਿਹਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਦੇ ਕੋਲ ਵੀ ਭਗਤ ਬਾਣੀ ਦੇ ਹੋਣ ਦੇ ਸੰਕੇਤ ਪ੍ਰਾਪਤ ਹੁੰਦੇ ਹਨ। ਅਜਿਹੇ ਕੁਝ ਸਲੋਕ ਤੇ ਵਾਕ ਭਗਤ ਕਬੀਰ ਦੀ ਅਧਿਆਤਮਕ ਭਾਵਨਾ ਨਾਲ ਨਿਕਟਵਰਤੀ ਸਬੰਧ ਦਰਸਾਉਂਦੇ ਹਨ ਜਿਵੇਂ 'ਮਨ ਜੀਤੈ ਜਗ ਜੀਤ' ਆਦਿ। ਗੁਰੂ ਅੰਗਦ ਤੇ ਗੁਰੂ ਅਮਰਦਾਸ ਨੇ ਵੀ ਇਸ ਲਾਭਦਾਇਕ ਤੇ ਸਿੱਖ ਧਰਮ ਦੇ ਵਿਕਾਸ ਨਾਲ ਸੰਬੰਧਿਤ ਕੰਮ ਵਿਚ ਆਪਣਾ ਯੋਗਦਾਨ ਪਾਇਆ ਸੀ। ਫਲਸਰੂਪ ਗੁਰੂ ਅਰਜਨ ਦੇ ਅਥਾਹ ਉਪਰਾਲਿਆਂ ਸਦਕਾ ਰੂਹਾਂ ਨੂੰ ਟੁੰਬਣ ਤੇ ਸ਼ਾਂਤ ਕਰਨ ਵਾਲੇ ਸ਼ਿਰੋਮਣੀ, ਗੌਰਵਮਈ ਤੇ ਪ੍ਰਭਾਵਸ਼ਾਲੀ, ਇਸ ਆਪਣੀ ਹੀ ਕਿਸਮ ਦੇ ਸਰਵਉੱਚ ਤੇ ਪ੍ਰਮਾਣਿਕ ਧਾਰਮਿਕ ਗ੍ਰੰਥ ਦਾ 1604 ਈ. ਵਿਚ ਸੰਕਲਨ ਕੀਤਾ ਗਿਆ ਜੋ ਸਮਾਜਿਕ, ਆਰਥਿਕ ਤੇ ਰਾਜਨੀਤਕ ਸਮਕਾਲੀ ਸਥਿਤੀਆਂ ਦਾ ਦਰਪਨ ਹੈ। ਇਹ ਪਹਿਲੇ ਪੰਜ ਗੁਰੂ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਲਖਾਇਕ ਹੈ ਅਤੇ ਦੂਜੇ ਹਮਖਿਆਲ ਧਰਮਾਂ ਦੀ ਸਿੱਖਿਆ ਨੂੰ ਵੀ ਆਪਣੇ ਨਾਲ ਸੰਮਿਲਤ ਕਰਦਾ ਹੈ ਤਾਂ ਹੀ ਇਸ ਵਿਚ ਅਨੇਕਾਂ ਪ੍ਰਮਾਣਿਕ ਤੇ ਵਡਮੁੱਲੇ ਤੱਥ ਸਮਾਏ ਹੋਏ ਹਨ।

ਗੁਰੂ ਅਰਜਨ ਦੁਆਰਾ ਉਚਾਰੀ ਬਾਣੀ ਇਕ ਵਿਸ਼ਾਲ ਖਜ਼ਾਨਾ ਹੈ ਜਿਸ ਦੀ ਗਿਣਤੀ ਵਿਦਵਾਨਾਂ ਨੇ ਆਪਣੇ ਆਪਣੇ ਢੰਗ ਨਾਲ ਕੀਤੀ ਹੈ। ਫਲਸਰੂਪ ਗਿਣਤੀ ਵਿਚ ਅੰਤਰ ਦ੍ਰਿਸ਼ਟੀਮਾਨ ਹੁੰਦਾ ਹੈ। ਇਕ ਅਜੋਕੇ ਵਿਦਵਾਨ ਇਸ ਬਾਣੀ ਨੂੰ ਚਾਰ ਮੁੱਖ ਵਰਗਾਂ ਵਿਚ ਵੰਡਣ ਦੀ ਵਿਧੀ ਅਪਣਾਉਂਦੇ ਹਨ- ਵੱਡੇ ਆਕਾਰ ਵਾਲੀਆਂ ਤੇ ਲਘੂ ਰਚਨਾਵਾਂ, ਵਾਰਾਂ ਤੇ ਮੁਕਤਕ ਪਦ। ਸੁਤੰਤਰ ਸਰੂਪ ਵਾਲੀਆਂ ਬਾਣੀਆਂ ਤੋਂ ਛੁੱਟ ਸੰਖਿਪਤ ਸ਼ਬਦਾਂ, ਪਦਿਆਂ, ਸਲੋਕਾਂ ਆਦਿ ਦੀ ਵੀ ਰਚਨਾ ਕੀਤੀ ਗਈ ਹੈ। ਇਹ ਕੁੱਲ 1349 ਪਦਿਆਂ ਦੀ ਰਚਨਾ ਉਪਲੱਬਧ ਹੁੰਦੀ ਹੈ। ਲੋਕ ਧਾਰਨਾ ਉਤੇ 62 ਛੰਤਾਂ ਦੀ ਰਚਨਾ ਮਿਲਦੀ ਹੈ। ਇਨ੍ਹਾਂ ਵਿਚ ਕੁਝ ਛੰਤਾਂ ਨਾਲ ਸਲੋਕ ਵੀ ਸ਼ਾਮਲ ਹਨ। ਮਾਰੂ ਰਾਗ ਵਿਚ ਗੁਰੂ ਅਰਜਨ ਨੇ 14 ਸੋਲਹਿਆਂ ਦੀ ਰਚਨਾ ਕੀਤੀ ਹੈ। ਸੋਲਾਂ ਬੰਦਾਂ ਵਾਲੇ ਸ਼ਬਦ ਕੇਵਲ ਮਾਰੂ ਰਾਗ ਵਿਚ ਮਿਲਦੇ ਹਨ। ਗੁਰੂ ਅਰਜਨ ਨੇ ਸਾਰੇ ਪ੍ਰਕਰਣਾਂ ਵਿਚ ਕੁੱਲ 545 ਸਲੋਕ ਰਚੇ ਹਨ। (ਰ. ਸ. ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, I, ਪਟਿਆਲਾ, 2002)।

ਰਵਾਇਤ ਹੈ ਕਿ ਸਮਰਾਟ ਅਕਬਰ ਅੱਗੇ ਸ਼ਿਕਾਇਤ ਕੀਤੀ ਗਈ ਕਿ ਇਹ ਗ੍ਰੰਥ ਇਸਲਾਮ ਅਤੇ ਦੂਜੇ ਧਰਮਾਂ ਲਈ ਅਪਮਾਨ ਜਨਕ ਸੀ। ਅਕਬਰ ਜੋ ਉਸ ਸਮੇਂ ਪੰਜਾਬ ਵਿਚੋਂ ਲੰਘ ਰਿਹਾ ਸੀ ਨੇ ਗੁਰੂ ਅਰਜਨ ਨੂੰ ਬੁਲਾਇਆ ਜਿਨ੍ਹਾਂ ਨੇ ਬਾਬਾ ਬੁੱਢਾ ਤੇ ਭਾਈ ਗੁਰਦਾਸ ਨੂੰ ਪਵਿੱਤਰ ਗ੍ਰੰਥ ਦੇ ਨਾਲ ਬਾਦਸ਼ਾਹ ਕੋਲ ਭੇਜਿਆ। ਗ੍ਰੰਥ ਸਾਹਿਬ ਨੂੰ ਬਾਦਸ਼ਾਹ ਦੇ ਹੁਕਮ ਅਨੁਸਾਰ ਬੇਤਰਤੀਬ ਖੋਲ੍ਹ ਕੇ ਸੰਕੇਤਕ ਥਾਵਾਂ ਤੋਂ ਪੜ੍ਹਿਆ ਗਿਆ। ਸਮੂਹ ਸ਼ਬਦ ਪਰਮਾਤਮਾ ਦੀ ਸਿਫਤ ਸਲਾਹ ਵਿਚ ਸਨ। ਇਕ ਰਵਾਇਤ ਅਨੁਸਾਰ ਅਕਬਰ ਇੰਨਾ ਪ੍ਰਸੰਨ ਹੋਇਆ ਕਿ ਉਸ ਨੇ 51 ਸੋਨੇ ਦੀਆਂ ਮੋਹਰਾਂ ਗੁਰੂ ਗ੍ਰੰਥ ਸਾਹਿਬ ਨੂੰ ਨਜ਼ਰਾਨੇ ਵਜੋਂ ਭੇਟ ਕੀਤੀਆਂ ਅਤੇ

Sri Satguru Jagjit Singh Ji Elibrary NamdhariElibrary@gmail.com

ਬਾਬਾ ਬੁੱਢਾ ਤੇ ਭਾਈ ਗੁਰਦਾਸ ਨੂੰ ਖਿੱਲਤ ਨਾਲ ਸਨਮਾਨਦਿਆਂ ਹੋਇਆਂ ਗੁਰੂ ਸਾਹਿਬ ਨੂੰ ਵੀ ਖਿੱਲਤ ਭੇਜੀ।

### ਭਾਈ ਗੁਰਦਾਸ ਰਚਨਾ : ਵਾਰਾਂ

ਭਾਈ ਗੁਰਦਾਸ ਦੇ ਪਿਤਾ ਈਸ਼ਰ ਦਾਸ ਗੁਰੂ ਅਮਰਦਾਸ ਦੇ ਚਾਚੇ ਚੰਦਰ ਭਾਨ ਦੇ ਸਪੁੱਤਰ ਸਨ। ਇਸ ਰਿਸ਼ਤੇ ਵਜੋਂ ਉਹ ਗੁਰੂ ਅਮਰਦਾਸ ਦੇ ਭਤੀਜੇ ਸਨ। ਆਪ ਜੀ ਦਾ ਜਨਮ ਪਿੰਡ ਗਿਲਵਾਲੀ ਵਿਚ ਹੋਇਆ ਅਤੇ ਮੁੱਢਲੀ ਸਿੱਖਿਆ ਗੋਇੰਦਵਾਲ (ਅੰਮ੍ਰਿਤਸਰ) ਵਿਚ ਹੀ ਪੂਰਨ ਹੋਈ। ਆਪ ਜੀ ਦੇ ਸੁਲਤਾਨਪੁਰ ਲੋਧੀ ਵਿਖੇ ਇਸਲਾਮ ਧਰਮ ਸੰਬੰਧੀ ਵਿਦਿਆ ਪ੍ਰਾਪਤੀ ਦੇ ਸੰਕੇਤ ਵੀ ਮਿਲਦੇ ਹਨ। ਗੁਰੂ ਰਾਮਦਾਸ ਦੇ ਗੁਰਗੱਦੀ ਸਮੇਂ ਆਪ ਨੇ ਕਈ ਦੂਰ ਦੁਰੇਡੇ ਦੇ ਅਸਥਾਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਗੁਰੂ ਅਰਜਨ ਦੇਵ ਸਮੇਂ ਅੰਮ੍ਰਿਤਸਰ ਬਿਰਾਜੇ ਰਹੇ। ਇਤਿਹਾਸ ਦੇ ਵਿਦਿਆਰਥੀ ਭਲੀ ਭਾਂਤੀ ਜਾਣਦੇ ਹਨ ਕਿ ਕਿਸ ਸਥਿਤੀ ਵਿਚ ਗੁਰੂ ਅਰਜਨ ਦੇਵ ਨੇ ਭਿੰਨ ਭਿੰਨ ਸਾਧਨਾਂ ਤੋਂ ਗ੍ਰੰਥ ਸਾਹਿਬ ਦੇ ਸੰਕਲਨ ਹਿਤ ਬਾਣੀ ਇਕੱਤਰ ਕਰ ਕੇ ਮਨਸਾ ਰਾਮ, ਭਾਈ ਹਰੀਆ, ਭਾਈ ਸੰਤ ਦਾਸ, ਭਾਈ ਸੁੱਖਾ ਆਦਿ ਆਪਣੇ ਭਰੋਸੇਯੋਗ ਅਨੁਯਾਈਆਂ ਤੋਂ ਉਤਾਰਾ ਕਰਵਾ ਕੇ ਸੰਪਾਦਨਾ ਉਪਰੰਤ ਸਮੁੱਚੀ ਬਾਣੀ ਨੂੰ ਭਾਈ ਗੁਰਦਾਸ ਕੋਲੋਂ ਲਿਖਵਾਇਆ। ਗੁਰੂ ਹਰਿਗੋਬਿੰਦ ਸਮੇਂ ਆਪ ਜੀ ਉਨ੍ਹਾਂ ਦੀ ਦੱਸੀ ਸੇਧ ਅਨੁਸਾਰ ਗੁਰੂ ਘਰ ਦੀ ਸੇਵਾ ਕਰਦੇ ਰਹੇ। ਅਕਾਲ ਤਖਤ ਦੀ ਨੀਂਹ ਰੱਖਣ ਸਮੇਂ (1606) ਆਪ ਬਾਬਾ ਬੁੱਢਾ ਜੀ ਨਾਲ ਸਨ ਜਦੋਂ ਛੇਵੇਂ ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਇਸ ਅਦਾਰੇ ਨੂੰ ਅਰੰਭਿਆ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ।

ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰੂ ਗ੍ਰੰਥ ਸਾਹਿਬ ਦੀ ਕੁੰਜੀ' ਕਹਿ ਕੇ ਸਨਮਾਨਿਆ ਜਾਂਦਾ ਹੈ। ਇਨ੍ਹਾਂ ਵਾਰਾਂ ਵਿਚ ਭਾਈ ਸਾਹਿਬ ਦਾ ਵਿਸ਼ਾਲ ਗਿਆਨ ਖੇਤਰ, ਗੁਰਮਤ ਉਤੇ ਖੋਜ, ਬੋਲੀ ਉਤੇ ਕਮਾਂਡ ਤੇ ਦ੍ਰਿਸ਼ਟਾਂਤਾਂ ਦੀ ਭਰਮਾਰ ਡੁੱਲ੍ਹ ਡੁੱਲ੍ਹ ਪੈਂਦੇ ਹਨ। ਦ੍ਰਿਸ਼ਟਾਂਤਾਂ ਦੀ ਅਧਿਕਤਾ ਇਸ ਕਦਰ ਜ਼ਿਆਦਾ ਹੈ ਕਿ ਪੜ੍ਹਨ ਵਾਲਾ ਨਿਸ਼ਚੇ ਹੀ ਛੋਹੇ ਗਏ ਵਿਸ਼ੇ ਦੀ ਡੂੰਘਾਈ ਉਤੇ ਪਕੜ ਹਾਸਲ ਕਰ ਲੈਂਦਾ ਹੈ ਅਤੇ ਵਾਹ ਵਾਹ ਕਰ ਉਠਦਾ ਹੈ।

ਇਥੇ ਅਸੀਂ ਭਾਈ ਗੁਰਦਾਸ ਦੀਆਂ ਉਨ੍ਹਾਂ ਵਾਰਾਂ ਦੀ ਚਰਚਾ ਕਰਦੇ ਹਾਂ ਜਿਨ੍ਹਾਂ ਦਾ ਸੰਬੰਧ ਗੁਰੂ ਅਰਜਨ ਦੇਵ ਨਾਲ ਹੈ। ਇਨ੍ਹਾਂ ਵਾਰਾਂ ਨੂੰ ਪੰਜਵੇਂ ਗੁਰੂ ਨਾਲ ਸੰਬੰਧ ਮੂਲ ਤੇ ਸਮਕਾਲੀ ਸਰੋਤ ਮੰਨਣਾ ਕੋਈ ਅਤਕਥਨੀ ਨਹੀਂ ਹੋਵੇਗੀ। ਇਹ ਵਾਰਾਂ ਇਸ ਪ੍ਰਕਾਰ ਹਨ :

ਵਾਰ ਪਉੜੀ : 1-47, 48, 3-12, 13-25, 20-1, 24-18, 19, 23, 26-34, 38-20, 30-2, 1-47, 7.

- *...ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।*
  *ਜਾਣ ਨ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ।*
  *ਘਰ ਹੀ ਕੀ ਵਥੁ ਘਰੇ ਰਹਾਵੈ।*
- *ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ।*
  *ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।*
- *...ਗੁਰ ਅਰਜਨ ਕਰਿ ਸੇਉ ਦੂੰਐ ਢੋਇਆ।*

Sri Satguru Jagjit Singh Ji Elibrary NamdhariElibrary@gmail.com

*...ਸਚਾ ਸਚਿ ਸੁਚੇਉ ਸਚਿ ਖਲੋਇਆ।*
*ਆਤਮ ਅਗਹ ਗਹੇਉ ਸਬਦੁ ਪਰੋਇਆ।*
*ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ।*

– *ਪਾਰਬ੍ਰਹਮ ਪੂਰਣ ਬ੍ਰਹਮੁ ਗੁਰ ਨਾਨਕ ਦੇਉ।*
... ... ...
ਰਾਮ ਰਸਕ ਅਰਜਨ ਗੁਰੂ ਅਬਿਚਲ ਅਰਖੇਉ।

– *ਸਤਿਗੁਰ ਨਾਨਕ ਦੇਉ ਆਪੁ ਉਪਾਇਆ।*
... ... ...
*ਗੁਰੂ ਅਰਜਨ ਗੁਰ ਸਿਖੁ ਪਰਗਟੀ ਆਇਆ।*

– *ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ।*
*ਰਵਿ ਸਸਿ ਜੋਤਿ ਉਦੋਤ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ।*
*ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ।*
*ਨਮਸਕਾਰ ਸੰਸਾਰ ਵਿਚਿ ਆਦਿ ਪੁਰਖ ਆਦੇਸ ਉਧਾਰਾ।*
*ਚਾਰਿ ਵਰਨ ਛਿਅ ਦਰਸਨਾਂ ਗੁਰਮੁਖਿ ਮਾਰਗਿ ਸਚੁ ਅਚਾਰਾ।*
*ਨਾਮੁਦਾਨੁ ਇਸਨਾਨੁ ਦਿੜਿ ਗੁਰਮੁਖਿ ਭਾਇ ਭਗਤਿ ਨਿਸਤਾਰਾ।*
*ਗੁਰੁ ਅਰਜਨੁ ਸਚੁ ਸਿਰਜਣਹਾਰਾ॥*

– *ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕ ਅਜਰਾਵਰ ਨਤਾ।*
*ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।*

– *ਰਹਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ*
*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰ ਉਪਦੇਸ ਨ ਵਿਸਰੇ ਬਾਬੀਹੇ ਜਿਉ ਆਖ ਵਖਾਣੀ।*
*ਗੁਰਸਿਖ ਸੁਖ ਫਲੁ ਪਿਰਮਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰੁ ਅਰਜਨ ਵਿਟਹੁ ਕੁਰਬਾਣੀ॥*
... ... ... ...

– *ਰਾਮ ਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਾਇਆ।*
*ਹਰਿ ਗੋਵਿੰਦ ਗੁਰੂ ਅਰਜਨਹੁ ਆਦਿ ਪੁਰਖ ਆਦੇਸ ਕਰਾਇਆ।*
*ਸੁਝੈ ਸੁਝ ਨ ਲੁਕੈ ਲੁਕਾਇਆ॥*

– *ਰਾਮਦਾਸਹੁ ਅਰਜਨ ਗੁਰੂ ਗੁਰ ਸਬਦ ਸਥੋਈ।*
*ਹਰਿਗੋਵਿੰਦ ਗੁਰੂ ਅਰਜਨਹੁ ਗੁਰ ਗੋਬਿੰਦ ਹੋਈ।*
*ਗੁਰਮੁਖ ਸੁੱਖ ਫਲ ਪਿਰਮਰਸ ਸਤਿਸੰਗ ਅਲੋਈ।*
*ਗੁਰੁ ਗੋਵਿੰਦਹੁ ਬਾਹਿਰਾ ਦੂਜਾ ਨਹੀਂ ਕੋਈ।*

Sri Satguru Jagjit Singh Ji Elibrary NamdhariElibrary@gmail.com

– *ਸਤਿਗੁਰੁ ਨਾਨਕ ਦੇਉ ਹੈ ਗੁਰੁ ਅੰਗਦੁ ਉਪਜਾਇਆ।*
*ਅੰਗਦੁ ਤੇ ਗੁਰ ਅਮਰਪਦ ਅੰਮ੍ਰਿਤ ਰਾਮ ਨਾਮ ਗੁਰ ਭਾਇਆ।*
*ਰਾਮਦਾਸ ਗੁਰੁ ਅਰਜਣ ਛਾਇਆ॥*

ਉਪਰੋਕਤ ਰਚਿਤ ਗੁਰੂ ਅਰਜਨ ਦੇਵ ਸੰਬੰਧੀ ਵਾਰਾਂ ਗੁਰੂ ਸਾਹਿਬ ਉਤੇ ਵਡਮੁੱਲੀ ਰੌਸ਼ਨੀ ਪਾਉਂਦੀਆਂ ਹਨ ਅਤੇ ਮੂਲ ਸਰੋਤ ਹੋਣ ਕਾਰਨ ਪ੍ਰਮਾਣਿਕਤਾ ਦੀਆਂ ਪ੍ਰਤੀਕ ਹਨ। ਕੁਝ ਵਾਰਾਂ ਗੁਰੂ ਅਰਜਨ ਦਾ ਗੁਰੂ ਰਾਮਦਾਸ ਦੇ ਸੰਦਰਭ ਵਿਚ ਪਰਿਚੈ ਕਰਵਾਉਂਦੀਆਂ ਹਨ। ਛੇ ਗੁਰ ਸਿਮਰਨ ਉਤੇ ਜ਼ੋਰ ਦਿੱਤਾ ਗਿਆ ਹੈ ਅਤੇ ਸਾਰੇ ਗੁਰੂਆਂ ਵਿਚ ਇਕ ਜੋਤ ਉਤੇ ਚਰਚਾ ਕੀਤੀ ਗਈ ਹੈ। ਗੁਰੂ ਸਾਹਿਬ ਸੂਰਜ ਤੇ ਚੰਦਰਮਾਂ ਦੀ ਪ੍ਰਗਟ ਜੋਤਿ ਤੋਂ ਅੱਗੇ ਲੰਘ ਪਰਮੇਸਰ ਦੀ ਪਰਮਜੋਤਿ ਨੂੰ ਪਿਆਰ ਕਰਦੇ ਹਨ। ਭਾਈ ਗੁਰਦਾਸ ਅਨੁਸਾਰ ਗੁਰੂ ਅਰਜਨ ਜਗਤ ਦਾ ਜੀਵਨ ਰੂਪ ਹਨ ਤੇ ਜਗਤ ਉਨ੍ਹਾਂ ਦੀ ਜੈ ਜੈ ਕਾਰ ਕਰ ਰਿਹਾ ਹੈ। ਗੁਰੂ ਸਾਹਿਬ ਨੇ ਆਚਰਣ ਵਾਲਾ ਗੁਰਮੁਖ ਮਾਰਗ ਦਰਸਾਇਆ ਹੈ ਅਤੇ ਸ਼ਬਦ ਵਿਚ ਸੁਰਤ ਜੋੜਨ ਦਾ ਸਤਿਕਾਰ ਯੋਗ ਵਿਉਪਾਰ ਅਪਣਾਇਆ ਹੈ। ਗੁਰੂ ਅਰਜਨ ਦੇਵ ਨੇ ਗੁਰਬਾਣੀ ਦੇ ਖਜ਼ਾਨੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਸੰਕਲਣ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦਾ ਸੱਚਾ ਦੀਵਾਨ ਤੇ ਸੱਚਾ ਨਿਸ਼ਾਨ ਹੈ ਅਤੇ ਉਨ੍ਹਾਂ ਨੂੰ ਸੱਚਾ ਸਤਿਕਾਰ ਤੇ ਵਡਿਆਈ ਹਾਸਲ ਹੈ। ਉਨ੍ਹਾਂ ਦਾ 'ਰਾਜ' ਅਟੱਲ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਗੁਰਮੁਖ ਦਾ ਮਾਰਗ ਅਲੂਣੀ ਸਿਲ ਚੱਟਣ ਦੇ ਨਿਆਈਂ ਹੈ। ਗੁਰੂ ਮੂਰਤਿ ਗੁਰ ਸ਼ਬਦ ਹੈ ਅਤੇ ਸਾਧਸੰਗਤ ਵਿਚ ਪ੍ਰਗਟ ਹੁੰਦਾ ਹੈ। ਭਾਈ ਗੁਰਦਾਸ ਗੁਰਿਆਈ ਦੀ ਪੀੜ੍ਹੀ ਦਾ ਕਈ ਵਾਰ ਵਰਣਨ ਕਰਦੇ ਹਨ ਅਤੇ ਪਿਰਮ ਰਸ ਪ੍ਰਾਪਤੀ ਦਾ ਵਸੀਲਾ ਗੁਰੂ, ਸਤਿਸੰਗ, ਨਾਮ, ਹਉਮੈ ਤਿਆਗ ਦੱਸਦੇ ਹਨ। ਨਿਰਸੰਦੇਹ ਭਾਈ ਗੁਰਦਾਸ ਨੇ ਗੁਰੂ ਅਰਜਨ ਸੰਬੰਧੀ ਇਨ੍ਹਾਂ ਵਾਰਾਂ ਵਿਚ ਕਈ ਅਧਿਆਤਮਕ ਭੇਦ ਸਪੱਸ਼ਟ ਕੀਤੇ ਹਨ ਅਤੇ ਸਿੱਖ ਸਿਧਾਂਤਾਂ ਤੇ ਗੁਰਬਾਣੀ ਦੀ ਸ਼ਲਾਘਾਯੋਗ ਵਿਆਖਿਆ ਕੀਤੀ ਹੈ। ਇਨ੍ਹਾਂ ਵਾਰਾਂ ਵਿਚ ਗੁਰੂ ਸਾਹਿਬ ਦੀ ਸ਼ਹੀਦੀ ਦੇ ਵੀ ਸੰਕੇਤ ਮਿਲਦੇ ਹਨ। ਭਾਈ ਗੁਰਦਾਸ ਰਚਿਤ ਕਬਿਤ ਸਵੈਯੇ ਅਨੁਕ੍ਰਮਣਿਕਾ ਤੇ ਕੋਸ਼ ਪੰਜਾਬੀ ਯੂਨੀਵਰਸਿਟੀ, ਪਟਿਆਲਾ-1993, ਕਬਿਤ ਨੰ. 6 ਪੰਨਾ 2 ਉਪਲੱਬਧ ਹਨ। ਇਨ੍ਹਾਂ ਦੀ ਭਾਵੇਂ ਬਹੁਤੀ ਵਰਤੋਂ ਨਹੀਂ ਹੋਈ ਫਿਰ ਵੀ ਇਹ ਇਕ ਬਹੁਮੁੱਲਾ ਸਾਹਿਤ ਹੈ।

**ਪਰਚੀਆਂ ਸੇਵਾ ਦਾਸ :** ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ, ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ; ਸਿੱਖ ਹਿਸਟਰੀ ਰਿਸਰਚ (S.H.R.), ਖਾਲਸਾ ਕਾਲਜ, ਅੰਮ੍ਰਿਤਸਰ; ਭਾਸ਼ਾ ਵਿਭਾਗ, ਪੰਜਾਬ ਪਟਿਆਲਾ (ਸੰਪਾ. ਹਰੀ ਸਿੰਘ), 1961, ਸਾਖੀਆਂ ਦੀ ਗਿਣਤੀ ਗੁਰੂ ਅਰਜਨ ਦੇਵ-1, ਪੰਨੇ 67-70.

ਸੇਵਾਦਾਸ ਦੇ ਜੀਵਨ ਸੰਬੰਧੀ ਵੇਰਵੇ ਉਪਲੱਬਧ ਨਹੀਂ ਹਨ ਪਰੰਤੂ ਇਹ ਸਪੱਸ਼ਟ ਹੈ ਕਿ ਉਹ ਉਦਾਸੀ ਸੰਪਰਦਾਇ ਨਾਲ ਸੰਬੰਧਿਤ ਸੀ ਅਤੇ ਰੱਬੀ ਰਮਜ਼ਾ ਤੇ ਰਹੱਸਵਾਦ ਨਾਲ ਭਲੀ ਭਾਂਤੀ ਪਰਿਚਤ ਸੀ। *ਪਰਚੀਆਂ ਸੇਵਾ ਦਾਸ* ਵਿਚ ਸਿੱਖ ਗੁਰੂ ਸਾਹਿਬ ਸੰਬੰਧੀ 50 ਸਾਖੀਆਂ ਹਨ ਜਿਨ੍ਹਾਂ ਦਾ ਮੂਲ ਮਨੋਰਥ ਗੁਰ ਉਸਤਤ ਕਰਨਾ ਹੈ। ਇਸ ਰਚਨਾ ਵਿਚ ਬਹੁਤੇ ਸਾਰੇ ਇਤਿਹਾਸਕ ਥਾਲ ਨਾਲ ਦੇਸ਼ ਸੰਬੰਧੀ ਵੇਰਵੇ ਮਿਲਦੇ ਹਨ ਪ੍ਰੰਤੂ ਇਤਿਹਾਸਕ ਵਿਸ਼ਲੇਸ਼ਣ

Sri Satguru Jagjit Singh Ji Elibrary NamdhariElibrary@gmail.com

ਉਪਰੰਤ ਇਹ ਸਾਖੀਆਂ ਵਡਮੁੱਲੀ ਰਚਨਾ ਕਹੀਆਂ ਜਾ ਸਕਦੀਆਂ ਹਨ। ਰਚਨਾ ਦਾ ਸਾਲ ਇਕ ਖਰੜੇ ਅਨੁਸਾਰ ਸੰਮਤ 1765 (1708 ਈ.) ਮੰਨਿਆ ਗਿਆ ਹੈ ਜੋ ਬੇਮੇਲ ਹੈ।

ਸਾਖੀ ਕਰਤਾ ਅਨੁਸਾਰ ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਗੁਰੂ ਨਾਨਕ ਦੇਵ ਜੀ ਦੀ ਭੇਟਾ ਕੀਤੀ ਸੀ ਜਿਸ ਲਈ ਉਨ੍ਹਾਂ ਨੇ ਸੋਚਿਆ ਕਿ ਕੁਝ ਬਾਣੀ ਹੋਰ ਸੰਤਾਂ ਦੀ ਵੀ ਭੇਟ ਕੀਤੀ ਜਾਵੇ। ਇਸ ਲਈ ਆਪ ਨੇ ਕੁਝ ਸ਼ਬਦ ਆਪ ਰਚੇ ਪ੍ਰੰਤੂ ਭੋਗ ਭਗਤਾਂ ਦਾ ਪਾਇਆ। ਇਕ ਸ਼ਬਦ ਗਾਉੜੀ ਰਾਗ ਵਿਚ ਭਗਤ ਕਬੀਰ ਜੀ ਦੀ ਭੇਟ ਕੀਤਾ ਗਿਆ ਗਉੜਾ ਮਹਲਾ ਪੰਜਵਾਂ : ਐਸੋ ਅਚਰਜ ਦੇਖਿਉ ਕਬੀਰ ਦਧ ਕੇ ਭੋਲੇ ਬਿਰੋਲੈ ਨੀਰ।੧। ਰਹਾਉ ... ਭੈਰਉ ਰਾਗ ਵਿਚ ਹੋਰ ਦੋ ਸ਼ਬਦ ਕਬੀਰ ਜੀ ਦੀ ਭੇਟ ਕੀਤੇ : ਮਹਲਾ ਪੰਜਵਾਂ : 'ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ'; ਦੂਜਾ ਸ਼ਬਦ ਮਹਲਾ ਪੰਜਾਵਾਂ ... 'ਜੋ ਪਾਥਰ ਕਉ ਕਹਿਤ ਦੇਵ ਤਾ ਕੀ ਬਿਰਥਾ ਹੋਵੈ ਸੇਵ'; ਆਸਾ ਰਾਗ ਵਿਚ ਇਸ ਪ੍ਰਕਾਰ ਇਕ ਸ਼ਬਦ ਸ਼ੇਖ ਫਰੀਦ ਜੀ ਦੀ ਭੇਟਾ ਕੀਤਾ ਗਿਆ ... ਆਸਾ ਮਹਲਾ ਪੰਜਵਾਂ ... 'ਦਿਲਹੁ ਮੁਹਬਤ ਜਿਨਿ ਸੇਈ ਸਚਿਆ। ਜਿਨਿ ਮਨ ਹੋਰ ਮੁਖਿ ਹੋਰ ਸੇ ਕਾਂਢੇ ਕਚਿਆ॥' ਆਸਾ ਰਾਗ ਵਿਚ ਹੀ ਦੂਜਾ ਸ਼ਬਦ ਧੰਨੇ ਭਗਤ ਦੀ ਭੇਅ ਕੀਤਾ ਗਿਆ।...'ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦਿਉ ਮਨੁ ਲੀਨਾ'; ਸਾਰੰਗ ਰਾਗ ਵਿਚ ਇਕ ਸ਼ਬਦ ਸੂਰਦਾਸ ਦੀ ਭੇਟ ਕੀਤਾ ਗਿਆ ... 'ਹਰਿ ਕੇ ਸੰਗ ਬਸੇ ਹਰਿ ਲੋਕ ...' ਇਥੇ ਇਹ ਸੰਕੇਤ ਕਰਨਾ ਜ਼ਰੂਰੀ ਹੈ ਕਿ ਉਹ ਵਿਦਵਾਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਵਿਚਾਰਸ਼ੀਲਤਾ ਨਾਲ ਅਧਿਐਨ ਕੀਤਾ ਹੈ ਇਹ ਮਤ ਰੱਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਜੋ ਵੀ ਬਾਣੀ ਬਾਹਰੋਂ ਪ੍ਰਾਪਤ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕੀਤੀ ਉਸ ਨੂੰ ਇਕ ਵਿਵਸਥਾ ਜਾਂ ਯੋਜਨਾ ਅਨੁਸਾਰ ਕਲਮਬੱਧ ਕਰਵਾਇਆ। ਇਹ ਉਹ ਸਮੱਗਰੀ ਸੀ ਜੋ ਸਿੱਖ ਸਿਧਾਂਤਾਂ ਦੇ ਪੂਰਨ ਰੂਪ ਵਿਚ ਅਨੁਕੂਲ ਕਹੀ ਜਾ ਸਕਦੀ ਹੈ। ਆਪ ਨੇ ਗੰਭੀਰਤਾ ਨਾਲ ਸ਼ੰਪਾਦਨਾ ਉਪਰੰਤ ਅਜਿਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਇਆ। ਇਸ ਪ੍ਰਕਿਰਿਆ ਵਿਚ ਕਈ ਥਾਈਂ ਸਵੈ ਰਚਿਤ ਬਾਣੀ ਨੂੰ ਅਪਣਾਇਆ ਗਿਆ ਅਤੇ ਭਗਤਾਂ ਦੀ ਬਾਣੀ ਦਾ ਸਮਾਯੋਜਨ ਕੀਤਾ ਗਿਆ।

*ਗੁਰਬਿਲਾਸ ਪਾਤਸ਼ਾਹੀ ਛੇਵੀਂ* ਰਚਿਤ ਸੋਹਨ ਕਵੀ (1718), ਖਰੜਾ ਨੰ. 651, ਸ.ਹ.ਰ. ਅੰਮ੍ਰਿਤਸਰ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਖਰੜਾ ਪਰਕਾਸ਼ਤ ਸਾਲ 1970), ਨਿੱਜੀ ਪੁਸਤਕਾਲਿਆਂ ਵਿਚ ਉਪਲਬਧ ਖਰੜੇ; ਸੋਹਨ ਕਵੀ ਰਚਿਤ ਗੁਰਬਿਲਾਸ-ਪੁਸ਼ਟੀ ਲਈ ਵੇਖੋ ਗੰਡਾ ਸਿੰਘ, *ਏ ਬਿਬਲਿਓਗਰਾਫੀ ਆਵ ਦਾ ਪੰਜਾਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966 ਅਤੇ ਸ਼ਮਸ਼ੇਰ ਸਿੰਘ ਅਸ਼ੋਕ *ਪੰਜਾਬੀ ਹੱਥ ਲਿਖਤਾਂ ਦੀ ਸੂਚੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1965, II, ਪੰਨੇ 256-257; ਪ੍ਰਕਾਸ਼ਤ ਪੋਥੀਆਂ-*ਗੁਰਬਿਲਾਸ ਪਾਤਸ਼ਾਹੀ ਛੇਵੀਂ* (ਸੰਪਾਦਕ ਗਿਆਨੀ ਇੰਦਰ ਸਿੰਘ ਗਿੱਲ, ਅੰਮ੍ਰਿਤਸਰ 1968 ਪੰਨੇ 143-47; *ਗੁਰਬਿਲਾਸ ਪਾਤਸ਼ਾਹੀ ਛੇਵੀਂ*"(ਸੰਪਾਦਕ ਗੁਰਮੁਖ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997)।

ਇਸ ਰਚਨਾ ਵਿਚ ਇਤਿਹਾਸਕ ਭੁੱਲਾਂ-ਇਤਿਹਾਸ ਵਿਚ ਤਿੱਥਾਂ ਦੀ ਗਲਤੀ ਅਤੇ ਇਤਿਹਾਸਕ ਕਾਲ ਦੋਸ਼ ਪਾਏ ਜਾਂਦੇ ਹਨ ਪ੍ਰੰਤੂ ਲੇਖਕ ਅਤੇ ਲਿਖਾਰੀ ਭਾਵ ਨਕਲ ਨਵੀਸ ਦੁਆਰਾ ਦਿੱਤੇ ਗਏ ਵੇਰਵਿਆਂ ਦੀ ਸੂਝ ਬਹੁਤ ਹੱਦ ਤੱਕ ਸਮੱਸਿਆ ਦੂਰ ਕਰਨ ਦੀ ਸੂਚਕ

Sri Satguru Jagjit Singh Ji Elibrary NamdhariElibrary@gmail.com

ਹੈ। ਜਿਥੋਂ ਤੱਕ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਚਿਤਰਨ ਦਾ ਪ੍ਰਸ਼ਨ ਹੈ, ਇਹ ਪੁਸਤਕ ਵਡਮੁੱਲੀ ਰਚਨਾ ਹੈ ਜਿਸ ਵਿਚ ਇਸ ਸੰਬੰਧੀ ਵਿਸਤਾਰ ਪ੍ਰਾਪਤ ਹੈ।

ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਅਤੇ ਇਸ ਤੋਂ ਤੁਰੰਤ ਪਿਛੋਂ ਸਥਿਤੀ ਦੀ ਵਿਆਖਿਆ ਬੇਮਿਸਾਲ ਹੈ। ਗੁਰੂ ਅਰਜਨ ਦੇਵ ਦਾ ਆਪਣੇ ਸਪੁੱਤਰ ਹਰਿਗੋਬਿੰਦ ਲਈ ਚੰਦੂ ਦੀਵਾਨ ਦੀ ਲੜਕੀ ਦਾ ਰਿਸ਼ਤਾ ਕਬੂਲ ਨਾ ਕਰਨਾ ਅਤੇ ਪਤਵੰਤੇ ਸਿੱਖਾਂ ਦੀ ਇਸ ਰਿਸ਼ਤੇ ਲਈ ਅਸਹਿਮਤੀ ਆਦਿ ਵਿਸ਼ੇ ਦ੍ਰਿਸ਼ਟੀਮਾਨ ਕੀਤੇ ਗਏ ਹਨ ਪ੍ਰੰਤੂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਚੰਦੂ, ਪ੍ਰਿਥੀ ਚੰਦ ਤੇ ਸੁਲਹੀ ਖਾਂ ਆਦਿ ਦੀ ਦੁਸ਼ਮਨੀ ਦੱਸਿਆ ਗਿਆ ਹੈ ਜਦੋਂ ਕਿ ਸਮਰਾਟ ਜਹਾਂਗੀਰ ਦੀ ਸਵੈ-ਜੀਵਨੀ ਇਸ ਮਸਲੇ ਉਤੇ ਡੂੰਘੀ ਤੇ ਪ੍ਰਮਾਣਿਕ ਰੋਸ਼ਨੀ ਪਾਉਂਦੀ ਹੈ।

*ਗੁਰਬਿਲਾਸ* ਦਾ ਕਰਤਾ ਲਿਖਦਾ ਹੈ ਕਿ ਸਮਰਾਟ ਜਹਾਂਗੀਰ ਨੇ ਗੁਰੂ ਅਰਜਨ ਦੇਵ ਨੂੰ ਆਪਣੇ ਪਾਸ ਬੁਲਾ ਕੇ ਕੁਝ ਅਧਿਆਤਮਕ ਰਮਜ਼ਾਂ ਸੰਬੰਧੀ ਪੁੱਛ ਗਿੱਛ ਕੀਤੀ। ਫਲਸਰੂਪ ਉਹ ਗੁਰੂ ਸਾਹਿਬ ਉਤੇ ਪ੍ਰਸੰਨ ਹੋਇਆ ਅਤੇ ਨਿਮਨ ਲਿਖਤ ਭਾਵ ਪਰਗਟ ਕਰਨ ਉਪਰੰਤ ਚੰਦੂ ਨੇ ਗੁਰੂ ਸਾਹਿਬ ਦੀ ਹਿਫਾਜ਼ਤ ਤੇ ਸਤਿਕਾਰ ਵਜੋਂ ਬਾਦਸ਼ਾਹ ਪਾਸੋਂ ਉਨ੍ਹਾਂ ਦੀ ਸਪੁਰਦਗੀ ਦੀ ਪ੍ਰਵਾਨਗੀ ਲੈਣ ਉਪਰੰਤ ਉਸ ਦੀ ਜਾਣਕਾਰੀ ਤੋਂ ਬਿਨਾਂ ਉਨ੍ਹਾਂ ਨੂੰ ਤਸੀਹੇ ਦਿੱਤੇ :

*ਡਾਰ ਅੰਦਰ ਗੁਰ ਪਗ ਪਰ ਪਰਿਓ...*

... ... ...

*ਤੁਰਕ ਜਨਮ ਹੈ ਮੋਹਿ ਸਰੀਰ। ਸੇਵਾ ਤੋਹਿ ਨ ਹੋਵੇ ਪੀਰ।*
*ਸਭ ਨਿਵਾਸ ਹੈ ਪ੍ਰਭੁ ਤੁਮਾਰੇ, ਜਹਿੰ ਇਛਾ ਤਹਿੰ ਰਹੋ ਸੁਖਾਰੇ।*
*ਚੰਦੁ ਕਹੇ ਸ਼ਾਹ ਕੋ ਬੈਨਾ। ਸ੍ਰੀ ਗੁਰ ਰਹੇ ਹਮਾਰੇ ਐਨਾ।*
*ਮੈਂ ਖਤਰੀ ਇਨ ਸੇਵ ਕਰਾਵੌਂ। ਕਹਾ ਸ਼ਾਹ ਨਿਜ ਸੰਗ ਲੈ ਜਾਵੋਂ।*

... ... ... ... ...

*ਤਬੈ ਦੁਸਟਿ ਗ੍ਰਿਹਿ ਜਾਇ ਕੈ ਕੀਨੋ ਐਸ ਉਪਾਇ।*
*ਸਿਖ ਪਾਂਚੋ ਕੋ ਕੈਦ ਕਰ ਗੁਰ ਕੋ ਇਹ ਆਲਾਇ।*
*ਤੁਮ ਕੂਕਰ ਮੁਹਿ ਕੀਨ ਉਚਾਰਾ। ਸੋ ਫਲ ਲੇਹੁ ਅਬੈ ਤਤਕਾਰਾ।*
*ਬਡੀ ਦੇਗ ਜਲ ਤਪਤ ਕਰਾਏ। ਪਾਛੇ ਇਹ ਬਿਧ ਬੈਨ ਸੁਨਾਏ।*
*ਸਗਾਈ ਮਮ ਪੁਤ੍ਰੀ ਕੀ ਲੀਜੈ। ਨਹੀਂ ਤੋ ਇਸ ਮੈ ਬੈਠਨਿ ਕੀਜੈ॥*

... ... ... ... ...

*ਗੋਕਾ ਕੱਚਾ ਚਰਮ ਉਤਾਰਯੋ। ਆਨ ਅੱਗਰ ਸ੍ਰੀ ਗੁਰ ਕੇ ਡਾਰਿਓ।*
*ਹੋਇ ਸਨਮੁਖ ਪਾਪੀ ਤਬ ਕਹਾ। ਮਾਨ ਸਗਾਈ ਨਹਿ ਦੁਖ ਮਹਾ।*
*ਸ੍ਰੀ ਗੁਰ ਕਹਿ ਸਨਾਨ ਹਮ ਕੱਯੋ। ਪਾਂਚ ਸਿੱਖ ਹਮਰੇ ਸੰਗ ਦੱਯੋ।*
*ਚੰਦੂ ਸੁਨ ਮਨ ਮੈ ਸੁਖ ਪਾਯੋ। ਬੋਲੇ ਅਬ ਬਚ ਮੋਰ ਮਨਾਯੋ।*
*ਪਾਂਚ ਸਿੱਖ ਕੋ ਸੰਗ ਲੈ ਸ੍ਰੀ ਗੁਰ ਚਲੇ ਮੁਰਾਰ।*
*ਨਿਜ ਮਾਨੁਖ ਕੋ ਚੰਦੂ ਭਾਖਿਯੋ। ਕਛੂ ਨ ਕਹੋ ਨਜ਼ਰ ਮੈ ਰਾਖਯੋ।*

Sri Satguru Jagjit Singh Ji Elibrary NamdhariElibrary@gmail.com

*ਰਾਵੀ ਓਰ ਗੁਰ ਕਰ ਪਿਆਨਾ। ਜੇਠੋ ਆਦਿ ਸਿੱਖ ਗੁਨਵਾਨਾ।*

... ... ... ... ...

*ਸ੍ਰੀ ਗੁਰ ਰਾਵੀ ਕੀਉ ਸਨਾਨਾ। ਸਿੱਖ ਭੀ ਪਾਂਚ ਮਜਨ ਠਾਨਾ।*

*ਗੁਰਬਿਲਾਸ* ਅਨੁਸਾਰ ਚੰਦੂ ਨੇ ਗੁਰੂ ਸਾਹਿਬ ਕੋਲੋਂ ਆਪਣੀ ਪੁੱਤਰੀ ਦੀ ਸਗਾਈ ਉਨ੍ਹਾਂ ਦੇ ਸਪੁੱਤਰ ਹਰਿਗੋਬਿੰਦ ਨਾਲ ਪ੍ਰਵਾਨ ਨਾ ਕਰਨ ਸਦਕਾ ਬਦਲੇ ਵਜੋਂ ਉਨ੍ਹਾਂ ਨੂੰ ਤਸੀਹੇ ਦਿੱਤੇ ਅਤੇ ਗੋਕੇ ਚਮੜ ਵਿਚ ਮੜ੍ਹਨ ਦੀ ਧਮਕੀ ਵੀ ਦਿੱਤੀ ਜਿਸ ਕਾਰਨ ਗੁਰੂ ਸਾਹਿਬ ਨੇ ਰਾਵੀ ਵਿਚ ਇਸ਼ਨਾਨ ਕਰਨ ਦੀ ਪ੍ਰਵਾਨਗੀ ਲੈ ਜੇਠੇ ਆਦਿ ਪੰਜ ਸਿੱਖਾਂ ਨਾਲ ਦਰਿਆ ਵਿਖੇ ਪੁੱਜੇ ਅਤੇ ਨਹਾਉਣ ਸਮੇਂ ਜੋਤੀ ਜੋਤ ਸਮਾ ਗਏ। *ਗੁਰਬਿਲਾਸ* ਦੀ ਗਵਾਹੀ ਅਨੁਸਾਰ ਸਮਰਾਟ ਜਹਾਂਗੀਰ ਦੀ ਕੋਈ ਦਖਲਅੰਦਾਜ਼ੀ ਨਹੀਂ ਸੀ ਪ੍ਰੰਤੂ ਇਤਿਹਾਸ ਇਸ ਤੋਂ ਪ੍ਰਤੀਕੂਲ ਗਵਾਹੀ ਦਿੰਦਾ ਹੈ।

ਅਸਲ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਉਨ੍ਹਾਂ ਦੇ ਹਰਦਿਲ ਅਜ਼ੀਜ਼ ਹੋਣ ਦਾ ਸੂਚਕ ਹਨ। ਉਨ੍ਹਾਂ ਨੇ ਲੋਕ ਭਲਾਈ ਲਈ ਕਈ ਸਰੋਵਰ ਅਤੇ ਅਧਿਆਤਮਕ ਅਸਥਾਨ ਬਣਵਾਏ। ਅੰਮ੍ਰਿਤਸਰ ਵਿਖੇ ਸਰੋਵਰ ਕੰਢੇ ਹਰਿਮੰਦਰ ਸਾਹਿਬ ਸਿੱਖਾਂ ਦੇ ਰੂਹਾਨੀ ਤੇ ਸਭਿਆਚਾਰਕ ਕਿਰਿਆਵਾਂ ਦੇ ਕੇਂਦਰ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ। ਮੋਬਿਦ ਜ਼ੁਲਫਕਾਰ ਅਰਦਿਸਤਾਨੀ (ਮੋਹਸਨਫਾਨੀ) ਲਿਖਦਾ ਹੈ ਕਿ ਹਰ ਮਹਲ ਦੀ ਗੁਰਗੱਦੀ ਸਮੇਂ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਇਆ। ਗੁਰੂ ਅਰਜਨ ਸਮੇਂ ਇਸ ਗਿਣਤੀ ਨੂੰ ਵਿਸ਼ੇਸ਼ ਰੂਪ ਵਿਚ ਦੱਸਿਆ ਗਿਆ ਹੈ। ਗੁਰੂ ਸਾਹਿਬ ਦੀਆਂ ਸਰਗਰਮੀਆਂ ਤੇ ਰੁਝੇਂਵਿਆਂ ਕਾਰਨ ਸ਼ੇਖ ਅਹਿਮਦ ਸਰਹੰਦੀ, ਮੁਜਦਿਦ-ਏ-ਅਲਫ-ਸਾਨੀ ਜੋ ਧਾਰਮਿਕ ਕੱਟੜਤਾ ਦਾ ਪੁਤਲਾ ਸੀ ਅਤੇ ਇਸਲਾਮ ਦੀ ਧਾਰਮਿਕ ਪੁਨਰ ਜਾਂਗਰਨਵਾਦੀ ਲਹਿਰ ਦਾ ਆਗੂ ਸੀ ਮਾਝੇ ਵਿਚ ਆਪਣੇ ਧਰਮ ਦੇ ਫੈਲਾਉਣ ਦੇ ਮੌਕੇ ਕਾਫੀ ਮਾਤਰਾ ਵਿਚ ਤੇਜ਼ੀ ਨਾਲ ਘਟ ਰਹੇ ਪ੍ਰਤੀਤ ਕਰ ਰਿਹਾ ਸੀ। ਸ਼ੇਖ ਫਰੀਦ ਬੁਖਾਰੀ ਜਾਂ ਮੁਰਤਜਾ ਖਾਂ ਜੋ ਮੁਜਦਿਦ ਦਾ ਅੰਧਵਿਸ਼ਵਾਸ਼ੀ ਅਨੁਯਾਈ ਸੀ ਹੁਣ ਬਾਦਸ਼ਾਹ ਜਹਾਂਗੀਰ ਦਾ ਵੱਡਾ ਸਲਾਹਕਾਰ ਬਣਿਆ ਬੈਠਾ ਸੀ। ਇਨ੍ਹਾਂ ਲੋਕਾਂ ਨੇ ਮੁਸਲਿਮ ਅਮੀਰਾਂ ਵਜ਼ੀਰਾਂ ਕੋਲ ਇਹ ਪ੍ਰਣ ਲੈ ਰੱਖਿਆ ਸੀ ਕਿ ਜੇ ਉਹ ਸਲੀਮ (ਬਾਅਦ ਵਿਚ ਬਾਦਸ਼ਾਹ ਜਹਾਂਗੀਰ) ਦੀ ਉੱਤਰਾਧਿਕਾਰੀਆਂ ਦੀ ਜੰਗ ਵਿਚ ਹਮਾਇਤ ਕਰਨਗੇ ਤਾਂ ਉਹ ਬਾਦਸ਼ਾਹ ਬਣਨ ਉਪਰੰਤ ਉਨ੍ਹਾਂ ਦੀ ਪਿੱਠ ਪੂਰੇਗਾ ਅਤੇ ਇਸਲਾਮ ਦਾ ਪੂਰਨ ਰੂਪ ਵਿਚ ਹਾਫਜ਼ ਬਣੇਗਾ। ਸ਼ਹਿਜ਼ਾਦਾ ਖੁਸਰੋ ਦੇ ਕੇਸ ਵਿਚ ਮੌਕਾ ਪਾ ਕੇ ਬਾਦਸ਼ਾਹ ਨੂੰ ਗੁਰੂ ਅਰਜਨ ਵਿਰੁੱਧ ਉਕਸਾਇਆ ਗਿਆ। ਗੁਰੂ ਸਾਹਿਬ ਦੀ ਗ੍ਰਿਫਤਾਰੀ ਅਤੇ ਤਸੀਹਿਆਂ ਉਪਰੰਤ ਮੌਤ ਦੇ ਹੁਕਮ ਬਾਦਸ਼ਾਹ ਤੋਂ ਪ੍ਰਾਪਤ ਕਰ ਲਏ ਗਏ ਜਿਸ ਨੇ ਇਨ੍ਹਾਂ ਹੁਕਮਾਂ ਉਪਰੰਤ ਸਮੁੱਚਾ ਮਾਮਲਾ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤਾ। ਇਸ ਉਪਰੰਤ ਧਾਰਮਿਕ ਪੁਨਰ ਜਾਗਰਨਵਾਦੀ ਲਹਿਰ ਦੇ ਦੀਵਾਨਿਆਂ ਨੇ ਆਪਣੀ ਕੱਟੜਤਾ ਦੇ ਸ਼ਿਕਾਰ ਗੁਰੂ ਅਰਜਨ ਨੂੰ ਕਿਵੇਂ ਹਿੰਦੂ ਦੀਵਾਨ ਚੰਦੂ ਦੇ ਹਵਾਲੇ ਕੀਤਾ ਇਕ ਅਚਰਜ ਜਿਹਾ ਪ੍ਰਸ਼ਨ ਹੈ। ਹਿੰਦੂ ਆਪਣੇ ਨਿੱਜੀ ਮਨੋਰਥ ਪੂਰੇ ਹੋਣ ਉਤੇ ਗੁਰੂ ਸਾਹਿਬ ਨੂੰ ਰਿਹਾ ਵੀ ਕਰ ਸਕਦਾ ਸੀ ਜੋ ਉਨ੍ਹਾਂ ਲਈ ਸਹਿਣਯੋਗ ਨਹੀਂ ਸੀ। ਇਸ ਲਈ ਸਪੱਸ਼ਟ ਹੈ ਕਿ ਗੁਰੂ ਸਾਹਿਬ ਧਾਰਮਿਕ ਕੱਟੜਤਾ ਦੇ ਸ਼ਿਕਾਰ ਬਣਾਏ ਗਏ। ਬਾਦਸ਼ਾਹ

Sri Satguru Jagjit Singh Ji Elibrary NamdhariElibrary@gmail.com

ਜਹਾਂਗੀਰ ਦੀ ਆਪਣੀ ਸਵੈ-ਜੀਵਨੀ ਜਿਸ ਦਾ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਵਰਣਨ ਕੀਤਾ ਹੈ ਸਪੱਸ਼ਟ ਕਰਦੀ ਹੈ ਕਿ ਬਾਦਸ਼ਾਹ ਜਹਾਂਗੀਰ ਨੇ ਉਸ ਦੇ ਆਪਣੇ ਸ਼ਬਦਾਂ ਅਨੁਸਾਰ 'ਦੁਕਾਨ-ਏ-ਬਾਤਲ' ਨੂੰ ਬੰਦ ਕਰਨ ਲਈ ਇਹ ਕਦਮ ਉਠਾਇਆ। *ਗੁਰਬਿਲਾਸ* ਅਤੇ ਕੁਝ ਹੋਰ ਸਿੱਖ ਲੇਖਕਾਂ ਨੂੰ *ਤੁਜ਼ਕ-ਏ-ਜਹਾਂਗੀਰੀ* ਦਾ ਅਤਾ ਪਤਾ ਹੀ ਪਰਤੀਤ ਨਹੀਂ ਹੁੰਦਾ। ਇਸ ਲਈ ਇਨ੍ਹਾਂ ਲੇਖਕਾਂ ਨੇ ਚੰਦੂ ਦੀ ਦੁਸ਼ਮਣੀ ਉਤੇ ਜ਼ੋਰ ਦਿੱਤਾ ਹੈ।

*ਗੁਰਬਿਲਾਸ* ਦਾ ਕਰਤਾ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਬਾਦਸ਼ਾਹ ਜਹਾਂਗੀਰ ਦੀ ਅਗਿਆਨਤਾ, ਬੇਸਮਝੀ ਤੇ ਨਾਦਾਨੀ ਨੂੰ ਇਸ ਪ੍ਰਕਾਰ ਪੇਸ਼ ਕਰਦਾ ਹੈ। ਉਹ ਬਾਦਸ਼ਾਹ ਕੋਲੋਂ ਇਹ ਵਾਕ ਅਖਵਾਉਂਦਾ ਹੈ :

*ਹਿੰਦੂ ਹੋਇ ਤਹਿ ਐਸੀ ਕਈ*
*ਗੁਰੂ ਮੰਘਾਰ ਖ਼ਬਰ ਨਹਿ ਦਈ।*
… … … …
*ਖਾਂ ਵਜ਼ੀਰ ਤਬ ਹਾਹ ਉਚਾਰੀ।*
*ਗੁਰ ਅਰਜਨ ਬੇ ਰੂਪ ਮੁਰਾਰੀ।*
*ਹਮ ਕੋ ਭੀ ਸੁਧ ਨਹਿ ਕਰੀ*
*ਜੋ ਤਿਹ ਕਰਤ ਇਲਾਜ।*

*ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਭਾਈ ਕੇਸਰ ਸਿੰਘ ਛਿੱਬਰ* (1769 ਈ.) ਖਰੜੇ ਨੰ. 103, ਸਿੱਖ ਹਿਸਟਰੀ ਰਿਸਰਚ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਨੰ. 5290 ਸਿੱਖ ਰੈਫਰੈਂਸ ਲਾਇਬਰੇਰੀ ਗੋਲਡਨ ਟੈਂਪਲ, ਅੰਮ੍ਰਿਤਸਰ (ਸੰਪਾਦਕ) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨੇ 73-85.

ਇਸ ਰਚਨਾ ਦਾ ਅੰਦਰਲੀ ਗਵਾਹੀ ਅਨੁਸਾਰ ਨਾਮ 'ਕੁਰਸੀਨਾਮਾ' ਵੀ ਤਜਵੀਜ਼ ਕੀਤਾ ਗਿਆ ਹੈ ਪ੍ਰੰਤੂ ਇਹ ਗੁਰੂ ਸਾਹਿਬ ਦਾ ਸਜਰਾ ਜਾਂ ਗੋਬਵਾਰਾ ਨਹੀਂ ਜਿਵੇਂ ਕਿ ਇਸ ਰਚਨਾ ਦੇ ਸਿਰਲੇਖ ਤੋਂ ਦ੍ਰਿਸ਼ਟੀਮਾਨ ਹੁੰਦਾ ਹੈ। ਚੌਦਾਂ ਅਧਿਆਵਾਂ ਵਿਚ ਇਹ ਦਸ ਗੁਰੂ ਸਾਹਿਬਾਨ ਦਾ ਪੂਰਨ ਇਤਿਹਾਸ ਤਾਂ ਨਹੀਂ ਕਿਹਾ ਜਾ ਸਕਦਾ ਪਰ ਜਿੰਨੀ ਵੀ ਜਾਣਕਾਰੀ ਇਸ ਤੋਂ ਪ੍ਰਾਪਤ ਹੁੰਦੀ ਹੈ ਅਤਿਅੰਤ ਵਡਮੁੱਲੀ ਹੈ ਅਤੇ ਗੁਰੂ ਸਾਹਿਬਾਨ ਦੇ ਵੱਡੇ ਵਡੇਰਿਆਂ ਅਤੇ ਬੱਚਿਆਂ ਸੰਬੰਧੀ ਥਾਂ ਥਾਂ ਉਪਰ ਸੰਮਤ ਦੇ ਕੇ ਲਿਖਤ ਨੂੰ ਲਾਭਦਾਇਕ ਬਣਾਇਆ ਤੇ ਸ਼ਿੰਗਾਰਿਆ ਗਿਆ ਹੈ।

ਲੇਖਕ ਨੇ ਆਪਣੀ ਇਸ ਰਚਨਾ ਵਿਚ ਕਈ ਥਾਂ ਆਪਣਾ ਨਾਮ ਦਰਜ ਕੀਤਾ ਹੈ। ਲੇਖਕ ਗੋਤ ਦਾ ਛਿੱਬਰ ਸੀ ਜਿਸ ਦਾ ਵੱਡਾ ਵਡੇਰਾ ਬਾਬਾ ਗੌਤਮ ਬਹਿਲੋਲ ਲੋਧੀ ਸਮੇਂ ਦਾ ਇਕ ਯੋਧਾ ਸੀ। ਇਹ ਪਰਿਵਾਰ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ ਜਿਸ ਨੇ ਵੱਖਰੇ ਸਮੇਂ ਗੁਰੂ ਸਾਹਿਬਾਨ ਦੀ ਸੇਵਾ ਹਿਤ ਨਾਮਣਾ ਖੱਟਿਆ। ਇਸੇ ਪਰਿਵਾਰ ਦੇ ਦੋ ਮੈਂਬਰ ਗੁਰੂ ਗੋਬਿੰਦ ਸਿੰਘ ਦੇ ਦੀਵਾਨ ਵੀ ਰਹੇ ਸਨ। ਇਸ ਰਚਨਾ ਦੀ ਅੰਦਰਲੀ ਗਵਾਹੀ ਤੋਂ ਲੇਖਕ ਆਪ ਵੀ ਇਕ ਸੁਘੜ ਵਿਦਵਾਨ ਪ੍ਰਤੀਤ ਹੁੰਦਾ ਹੈ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦਾ ਚੋਖਾ ਗਿਆਨ ਸੀ।

Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਸਰੋਕਾਰਾਂ ਸੰਬੰਧੀ ਲੇਖਕ ਮਹੱਤਵਪੂਰਨ ਰੋਸ਼ਨੀ ਪਾਉਂਦਾ ਹੈ। ਗੁਰੂ ਸਾਹਿਬ ਦੀ ਗੁਰਗੱਦੀ ਲਈ ਚੋਣ, ਉਨ੍ਹਾਂ ਦਾ ਬਾਸਰਕੇ, ਗੋਇੰਦਵਾਲ ਅਤੇ ਅੰਮ੍ਰਿਤਸਰ ਆਦਿ ਅਸਥਾਨਾਂ ਉੱਤੇ ਰਿਹਾਇਸ਼ ਰੱਖਣਾ, ਧਾਰਮਿਕ ਅਸਥਾਨਾਂ ਦਾ ਬਣਾਉਣਾ, ਗੁਰੂ ਸਾਹਿਬ ਨਾਲ ਉਨ੍ਹਾਂ ਦੇ ਵੱਡੇ ਭਰਾ ਦੀ ਗੁਰਗੱਦੀ ਤੋਂ ਲਗਾਤਾਰ ਦੁਸ਼ਮਣੀ, ਗੁਰੂ ਅਰਜਨ ਦੇਵ ਜੀ ਦੁਆਰਾ ਗੁਰਗੱਦੀ ਦੀ ਪੂਰਨ ਯੋਗਤਾ ਨਾਲ ਸਾਂਭ ਸੰਭਾਲ, ਬਾਣੀ ਦਾ ਸੰਕਲਨ ਅਤੇ ਗ੍ਰੰਥ ਸਾਹਿਬ ਦਾ ਸਿੱਖਾਂ ਦੀ ਅਧਿਆਤਮਕ ਸੇਧ ਲਈ ਹੋਂਦ ਵਿਚ ਆਉਣਾ ਆਦਿ ਵੇਰਵਿਆਂ ਦੀ ਲਖਾਇਕ ਇਹ ਰਚਨਾ ਅਜੋਕੇ ਲੇਖਕਾਂ ਤੇ ਇਤਿਹਾਸਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬੜੇ ਫ਼ਖਰ ਤੇ ਭਰੋਸੇ ਸਹਿਤ ਵਰਤੀ ਹੈ। ਕੇਸਰ ਸਿੰਘ ਛਿੱਬਰ ਦੀ ਲਿਖਤ ਭਲੀ ਭਾਂਤੀ ਇਹ ਸਿੱਧ ਕਰਦੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਇਕੱਤਰ ਕਰਕੇ ਕਿਨ੍ਹਾਂ ਹਾਲਾਤਾਂ ਵਿਚ ਗ੍ਰੰਥ ਸਾਹਿਬ ਦੇ ਰੂਪ ਵਿਚ ਭਾਈ ਗੁਰਦਾਸ ਤੋਂ ਲਿਖਵਾਈ ਸੀ। ਉਸ ਸਮੇਂ ਗੁਰੂ ਵਿਰੋਧੀਆਂ ਕੋਲੋਂ ਕੱਚੀ ਬਾਣੀ ਦੇ ਗੁਰੂ ਨਾਨਕ ਤੇ ਉਨ੍ਹਾਂ ਦੇ ਚਾਰ ਉਤਰਾਧਿਕਾਰੀਆਂ ਦੀ ਬਾਣੀ ਵਿਚ ਮਿਲਾਵਟ ਦੇ ਖਤਰੇ ਦਿਨ ਬਦਿਨ ਵਧਦੇ ਜਾ ਰਹੇ ਸਨ। ਇਹ ਤੱਥ ਗੁਰੂ ਅਰਜਨ ਦੁਆਰਾ ਗ੍ਰੰਥ ਸਾਹਿਬ ਲਈ ਬਾਣੀ ਨੂੰ ਇਕੱਤਰ ਤੇ ਸੰਕਲਤ ਕਰਨ ਦਾ ਇਕ ਵੱਡਾ ਕਾਰਨ ਸੀ। ਛਿੱਬਰ ਲਿਖਦਾ ਹੈ :

*ਮਿਹਰਬਾਨ ਪੁੱਤ ਪ੍ਰਿਥੀਏ ਦਾ ਕਬੀਸਰੀ ਕਰੇ।*
*ਪਾਰਸੀ, ਹਿੰਦਵੀ, ਸੰਹਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।*
*ਤਿਨ ਭੀ ਬਾਣਾ ਬਹੁਤ ਬਣਾਈ। ਤੇਗ ਗੁਰੂ ਨਾਨਕੇ ਜੀ ਦਾ ਹੀ ਪਾਏ।*
*ਡੂਮ ਲਗੀ ਸਬਦ ਮੀਣਿਆਂ ਦੇ ਗਾਵਣ। ਦੂਜਾ ਦਰਬਾਰ ਵਡਾ ਗੁਰਿਆਈ ਦਾ ਲਗੇਸ ਬਣਾਵਣ।*

ਕੇਸਰ ਸਿੰਘ ਛਿੱਬਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਚੰਦੂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਜਿਸਨੇ ਤਸੀਹੇ ਦੇਣ ਉਪਰੰਤ ਗੁਰੂ ਸਾਹਿਬ ਨੂੰ ਰਾਵੀ ਦਰਿਆ ਦੀ ਬਰੇਤੀ ਵਿਚ ਸੁੱਟਾ ਦਿੱਤਾ। ਉਹ ਇਸਲਾਮ ਦੇ ਅਨੁਯਾਈਆਂ ਪਾਸੋਂ ਅਨਿਆ ਹੋਇਆ ਦੱਸਦਾ ਹੈ :

*ਸੱਤ ਮਾਸ ਸ੍ਰਮ ਅਦਿ ਪਾਇਆ। ਦੋਖੀ ਖਤ੍ਰੀ ਤਿਨ ਬਾਦ ਉਠਾਇਆ।*
*ਖਖੇ ਦਾ ਖਖਾ ਵੈਰੀ ਹੁੰਦਾ ਆਇਆ।*
*ਵਿਗਾੜੀ ਖਤਰੀਆਂ, ਤੁਰਕਾਂ ਨਿਆਉਂ ਨਾ ਕੀਤਾ।*
*ਸੋ ਇਹ ਬਚਨਾ ਤੁਰਕਾਂ ਪਾਸੋਂ ਕਿਸੇ ਸਿਖ ਨਾ ਲੀਤਾ।*

*ਗੁਰਰਤਨਾਵਲੀ* (ਸੰਮਤ 1773 ਈ.) ਖਰੜਾ ਸਿੱਖ ਹਿਸਟਰੀ ਰਿਸਰਚ, ਖਾਲਸਾ ਕਾਲਜ ਅੰਮ੍ਰਿਤਸਰ, ਸਿਖ ਰੈਫਰੈਂਸ ਲਾਇਬਰੇਰੀ, ਗੋਲਡਨ ਟੈਂਪਲ, ਅੰਮ੍ਰਿਤਸਰ; ਸੰਪਾਦਨਾ ਮਨਵਿੰਦਰ ਸਿੰਘ ਅੰਮ੍ਰਿਤਸਰ, 1995, ਪੰਨੇ 93-100, ਲੇਖਕ ਗੁਰੂ ਅਰਜਨ ਦੇਵ ਜੀ ਨੂੰ ਸਮਾਨ ਰੂਪ ਸਿੱਧ ਕਰਦਾ ਹੈ।

*ਮਹਿਮਾ ਪ੍ਰਕਾਸ਼* (ਵਾਰਤਕ) (1773 ਈ.) ਖਰੜਾ ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਪਾ. ਕੁਲਵਿੰਦਰ ਸਿੰਘ ਬਾਜਵਾ, ਅੰਮ੍ਰਿਤਸਰ, 2004, ਪੰਨੇ 110-124.

Sri Satguru Jagjit Singh Ji Elibrary NamdhariElibrary@gmail.com

*ਮਹਿਮਾ ਪ੍ਰਕਾਸ਼* (ਕਵਿਤਾ) (1776 ਈ.) ਕਿਰਤ ਸਰੂਪ ਦਾਸ ਭੱਲਾ, ਖਰੜਾ ਸਿੱਖ ਹਿਸਟਰੀ ਰਿਸਰਚ ਖਾਲਸਾ ਕਾਲਜ, ਅੰਮ੍ਰਿਤਸਰ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, (ਸੰਪਾਦਕ ਉੱਤਮ ਸਿੰਘ ਭਾਈਆ) ਭਾਗ ਦੂਜਾ ਖੰਡ 1-2, 1999, 2003.

*ਗੁਰ ਪ੍ਰਣਾਲੀਆਂ* (ਸੰਪਾ. ਭਾਈ ਰਣਧੀਰ ਸਿੰਘ), ਅੰਮ੍ਰਿਤਸਰ, 1977, 90-92; 125-6, 146-7, 217, 236, 242, 248, 256, 264.

*ਸ੍ਰੀ ਗੁਰਪਰਤਾਪ ਸੂਰਜ ਗ੍ਰੰਥ* (1843 ਈ.) 14 ਸੈਂਚੀਆਂ, (ਸੰਪਾ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1929, ਸੈਂਚੀ 6.

*ਸ੍ਰੀ ਗੁਰ ਪੰਥ ਪ੍ਰਕਾਸ਼* : ਰਚਿਤ ਗਿਆਨੀ ਗਿਆਨ ਸਿੰਘ : ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999, ਪੰਨੇ 377-433.

*ਸਿੱਖਾਂ ਦੀ ਭਗਤ ਮਾਲ* (1737 ਈ.) (ਸੰਪਾ. ਭਾਈ ਵੀਰ ਸਿੰਘ), ਭਾਈ ਵੀਰ ਸਿੰਘ ਸਾਹਿਤ ਸਦਨ, ਨਿਊ ਦਿੱਲੀ, 2004, ਪੰਨੇ 73-143.

*ਆਲੋਚਨਾ* (ਮੁੱਖ ਸੰਪਾਦਕ ਰਵਿੰਦਰ ਭੱਠਲ) 'ਗੁਰੂ ਅਰਜਨ ਦੇਵ ਜੀ : ਸਮਕਾਲੀ ਤੇ ਨਿਕਟ-ਸਮਕਾਲੀ ਸਰੋਤ ਸੂਚਨਾ' ਲੇਖਕ ਗੁਰਮੇਲ ਸਿੰਘ - ਵਿਸਤਾਰ ਸਹਿਤ ਸੰਬੰਧਤ ਜਾਣਕਾਰੀ ਤੇ ਅਧਿਐਨ ਲਈ ਵਡਮੁਲਾ ਲੇਖ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ (ਜੁਲਾਈ-ਸਤੰਬਰ 2006)।

**ਫ਼ਾਰਸੀ ਸਰੋਤ** : ਫ਼ਾਰਸੀ ਸਰੋਤਾਂ ਨਾਲੋਂ ਗੁਰੂ ਅਰਜਨ ਦੇਵ ਸੰਬੰਧੀ ਵਿਸਤਾਰ ਸਹਿਤ ਅਤੇ ਵਡਮੁੱਲੀ ਜਾਣਕਾਰੀ ਪ੍ਰਾਪਤ ਕਰਨ ਲਈ ਗੁਰਮੁਖੀ ਸਰੋਤ ਵਧੇਰੇ ਸਹਾਇਕ ਤੇ ਲਾਭਦਾਇਕ ਹਨ। ਗੁਰੂ ਸਾਹਿਬ ਦੀ ਸ਼ਹੀਦੀ ਸੰਬੰਧੀ ਫ਼ਾਰਸੀ ਸਰੋਤ ਦੁਰਲੱਭ ਹਨ। ਇਸ ਲਈ ਇਥੇ ਸ਼ਹੀਦੀ ਸੰਬੰਧੀ ਰੋਸ਼ਨੀ ਪਾਉਣ ਵਾਲੇ ਮੁੱਖ ਸਰੋਤਾਂ ਦੇ ਵਿਸ਼ਾ ਵਸਤੂ ਉਤੇ ਇਕਾਗਰ ਕੀਤਾ ਜਾਂਦਾ ਹੈ।

**ਅਕਬਰਨਾਮਾ ਰਚਿਤ ਅਬੁਲ ਫਜ਼ਲ** : ਅਬੁਲ ਫਜ਼ਲ ਦੀ ਰਚਨਾ ਨਿਰਸੰਦੇਹ ਹੀ ਪ੍ਰਮਾਣਿਕ ਰਚਨਾ ਹੈ ਜੋ ਸਮਰਾਟ ਅਕਬਰ ਦੇ ਕਾਰਜਾਂ ਉਤੇ ਲਾਭਦਾਇਕ ਰੋਸ਼ਨੀ ਪਾਉਂਦੀ ਹੈ। *ਅਕਬਰਨਾਮਾ* (ਭਾਗ-III) ਸਮਰਾਟ ਅਕਬਰ ਦੀ ਗੁਰੂ ਅਰਜਨ ਸਾਹਿਬ ਨਾਲ ਗੋਇੰਦਵਾਲ ਵਿਖੇ (1598 ਈ.) ਮੁਲਾਕਾਤ ਦਾ ਸੂਚਕ ਹੈ ਜਦੋਂ ਬਾਦਸ਼ਾਹ ਲਾਹੌਰ ਤੋਂ ਵਾਪਸ ਜਾ ਰਿਹਾ ਸੀ। ਇਸ ਰਚਨਾ ਦਾ ਵੀ. ਏ. ਸਮਿਥ (ਦਿੱਲੀ-1962) ਰਾਹੀਂ ਕੀਤਾ ਉੱਲਥਾ ਭਰੋਸੇਯੋਗ ਪ੍ਰਤੀਤ ਹੁੰਦਾ ਹੈ। ਸੰਬੰਧਿਤ ਹਵਾਲੇ ਲਈ ਵੇਖੋ 'ਅਕਬਰਨਾਮਾ' *ਮਾਖਜ-ਏ-ਤਵਾਰੀਖ-ਏ-ਸਿੱਖਾਂ* (ਸੰਪਾ. ਗੰਡਾ ਸਿੰਘ ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1949, ਪੰਨੇ 17-19.

ਉਪਰੋਕਤ ਸੂਚਨਾ ਦਾ ਇਕ ਹੋਰ ਸਰੋਤ 'Akbar meets Guru Arjun, 1595' ਹੈ ਜੋ ਸ਼ੀਰੀਂ ਮੁਸਵੀ ਦੁਆਰਾ ਕੀਤਾ ਗਿਆ ਅਬੁਲ ਫਜ਼ਲ ਦੀ ਰਚਨਾ 'ਅਕਬਰਨਾਮਾ' ਦਾ ਅੰਗਰੇਜ਼ੀ ਭਾਸ਼ਾ ਵਿਚ ਉੱਲਥਾ ਹੈ। ਉੱਲਥਾਕਾਰ ਨੇ ਦੱਸਿਆ ਹੈ ਕਿ ਇਹ ਉੱਲਥਾ ਆਗਾਹ ਅਹਿਮਦ ਅਲੀ ਅਤੇ ਅਬਦੁਰ ਰਹੀਮ ਦੁਆਰਾ ਸੰਪਾਦਨ ਕੀਤੀ ਗਈ ਛਪੀ ਹੋਈ ਟੈਕਸਟ (ਏਸ਼ੀਆਟਕ ਸੋਸਾਇਟੀ, ਕਲਕੱਤਾ, 1886, III, ਪੰਨਾ 746) ਤੋਂ ਕੀਤਾ ਗਿਆ ਹੈ ਜੋ H. Beveridges ਦੇ ਉੱਲਥੇ ਤੋਂ ਨਿਰਪੇਖ ਹੈ।

'Akbar meets Guru Arjan, 1598. From Aboul Fazil, Abkarnama (Tr. Shireen Moosvi) in *Sikh History from Persian Sources* (Translation of Major Texts) ed. J. S. Grewal and Irfan Habib, Indian History Congress, 2001, Tulika, New Delhi, p. 55.

**ਤੁਜ਼ਕ-ਏ-ਜਹਾਂਗੀਰੀ :** ਫ਼ਾਰਸੀ ਭਾਸ਼ਾ ਵਿਚ ਲਿਖਿਆ ਗਿਆ ਇਹ ਪ੍ਰਮਾਣਿਕ ਸਰੋਤ ਮੁਗਲ ਬਾਦਸ਼ਾਹ ਜਹਾਂਗੀਰ ਦੀ ਸਵੈ-ਜੀਵਨੀ ਹੈ ਅਤੇ ਨਾ ਕੇਵਲ ਸਿੱਖ ਲੇਖਕਾਂ ਦੀਆਂ ਲਿਖਤਾਂ ਦਾ ਵੱਡਾ ਸਰੋਤ ਹੀ ਹੈ ਸਗੋਂ ਇਨ੍ਹਾਂ ਲਿਖਤਾਂ ਤੋਂ ਵਿਲੱਖਣ ਵੀ ਹੈ ਜੋ ਉਸ ਦੀ ਧਾਰਮਿਕ ਕੱਟੜਤਾ ਦਾ ਸੂਚਕ ਹੈ।

(i) (ਫ਼ਾਰਸੀ) *ਤੁਜ਼ਕ-ਏ-ਜਹਾਂਗੀਰੀ*, (ਮੂਲ ਰੂਪ ਵਿਚ)।

(ii) *ਤੁਜ਼ਕ-ਏ-ਜਹਾਂਗੀਰੀ*, ਸੰਪਾਦਕ ਸਈਅਦ ਅਹਿਮਦ ਅਲੀਗੜ੍ਹ), 1864.

(iii) (ਫ਼ਾਰਸੀ) *ਮਾਂਖਜ਼-ਏ-ਤਵਾਰੀਖ-ਏ-ਸਿੱਖਾਂ* (ਸੰਪਾ. ਗੰਡਾ ਸਿੰਘ), ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1949, ਪੰਨੇ 20-22.

(iv) ਅੰਗਰੇਜ਼ੀ ਉੱਲਥਾ, ਅਲੈਗਜੈਂਡਰ ਰੋਜਰਜ਼ ਤੇ ਐਚ. ਬੇਰੀਅਰਜ (ਦੋ ਜਿਲਦਾਂ), ਦਿੱਲੀ 1968 (ਦੂਜੀ ਛਾਪ) (Alexander Rogers & H. Bereridge)।

(v) ਗੁਰੂ ਅਰਜਨ ਦੇਵ ਦੀ ਸ਼ਹੀਦੀ-1600, *ਤੁਜ਼ਕ-ਏ-ਜਹਾਂਗੀਰੀ* ਵਿਚੋਂ ਉੱਲਥਾ ਸ਼ੀਰੀਂ ਮੂਸਵੀ, ਸਿੱਖ ਹਿਸਟਰੀ ਫਰਾਮ ਪਰਸੀਅਨ ਸੋਰਸ਼ਿਦ, ਸੰਪਾ. ਜੇ. ਐਸ. ਗਰੇਵਾਲ ਤੇ ਇਰਫਾਨ ਹਬੀਬ, ਤੁਲਿਕਾ, ਇੰਡੀਅਨ ਹਿਸਟਰੀ ਕਾਂਗਰਸ 2001 (ਨਵੀਂ ਦਿੱਲੀ 2001)।

' ਭਿੰਨ ਭਿੰਨ ਲੇਖਕਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੰਦਰਭ ਵਿਚ 'ਤੁਜ਼ਕ' ਵਿਚ ਦਰਜ ਸ਼ਬਦਾਂ ਦੀ ਵਿਆਖਿਆ ਕੀਤੀ ਹੈ।

*ਮਕਤੂਬਾਤ* (ਫ਼ਾਰਸੀ) ਇਹ ਉਹ ਇਤਿਹਾਸਕ ਪੱਤਰ ਹਨ ਜੋ ਨਕਸ਼ਬੰਦੀ ਸਿਲਸਿਲੇ ਦੇ ਮੁਖੀ ਸ਼ੇਖ ਅਹਿਮਦ ਸਰਹੰਦੀ ਵੱਲੋਂ ਸ਼ੇਖ ਫਰੀਦ ਬੁਖਾਰੀ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਲਿਖੇ ਗਏ। ਇਹ ਪੱਤਰ ਨਵਲ ਕਿਸ਼ੋਰ ਪ੍ਰੈਸ, ਲਖਨਊ ਤੋਂ (1919 ਈ.) ਛਪੇ। ਇਨ੍ਹਾਂ ਦਾ ਅੰਗਰੇਜ਼ੀ ਅਨੁਵਾਦ *ਪੰਜਾਬ ਪਾਸਟ ਐਂਡ ਪ੍ਰੈਜ਼ੈਂਟ*, ਅਪ੍ਰੈਲ 1988 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਨੇ 160-177) ਸਾਇਆ ਹੋਇਆ। ਸ਼ੇਖ ਅਹਿਮਦ ਸਰਹੰਦੀ ਦੀ ਕੱਟੜਤਾ, ਅਖੌਤੀ ਹੈ ਜਿਸ ਨੇ ਭੋਲੇ ਭਾਲੇ ਇਸਲਾਮ ਦੇ ਪੈਰੋਕਾਰਾਂ ਨੂੰ ਆਪਣੀ ਕੱਟੜਤਾ ਦੇ ਦਾਇਰੇ ਵਿਚ ਲਿਆਉਣ ਦੇ ਯਤਨ ਕੀਤੇ।

*ਦਬਿਸਤਾਨ-ਏ-ਮਜ਼ਾਹਿਬ ਰਹਿਤ ਮੋਬਿਦ* (ਮੋਹਸਿਨ ਫਾਨੀ/ਜ਼ੁਲਫਕਾਰ ਅਰਦਸਤਾਨੀ), *ਮਾਖਜ਼-ਏ-ਤਵਾਰੀਖ-ਏ-ਸਿਖਾਂ* (ਸੰਪਾ. ਗੰਡਾ ਸਿੰਘ), ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1949, ਪੰਨੇ 30-31; ਨਵਲ ਕਿਸ਼ੋਰ ਪ੍ਰੈਸ, 1877, ਉੱਲਥਾ (ਅੰਗਰੇਜ਼ੀ) ਡੀ. ਸੀਅ ਏ. ਟਰੌਇਰ (ਤਿੰਨ ਸੈਂਚੀਆਂ), ਲੰਦਨ 1843.

*ਪੰਜਾਬ ਪਾਸਟ ਐਂਡ ਪ੍ਰੈਜ਼ੈਂਟ*, ਅਪ੍ਰੈਲ 1967, ਪੰਨੇ 47-71, ਉੱਲਥਾ ਇਰਫਾਨ ਹਬੀਬ ਸਾਹਿਬ, 'ਸਿੱਖਇਜ਼ਮ ਐਂਡ ਦਾ ਸਿੱਖਜ 1645-46'- *ਸਿੱਖ ਹਿਸਟਰੀ ਫਰਾਮ ਪਰਸੀਅਨ*

Sri Satguru Jagjit Singh Ji Elibrary NamdhariElibrary@gmail.com

*ਸੋਰਸਿਜ* (ਸੰਪਾ.) ਜੇ. ਐਸ. ਗਰੇਵਾਲ ਐਂਡ ਇਰਫਾਨ ਹਬੀਬ, ਤੁਲਕਾ, ਨਵੀਂ ਦਿੱਲੀ, 2001, ਪੰਨੇ 59-84.

**ਅੰਗਰੇਜ਼ੀ :**

Extract from Father Gerome Xaviers letter dated Lahore, September 25, 1606, translated by John D. Silva (English) *Early European Accounts of the Sikhs* (Reprint Indian Studies Past and Present, pp.48-49.

"ਜਦੋਂ ਰਾਜਕੁਮਾਰ (ਖੁਸਰੋ) ਆਗਰੇ ਤੋਂ ਭੱਜ ਰਿਹਾ ਸੀ, ਉਸ ਸੜਕ ਉਤੇ (ਗੁਰੂ) ਅਰਜਨ ਦੇਵ ਬਿਰਾਜਮਾਨ ਸਨ ਜਿਨ੍ਹਾਂ ਨੂੰ ਗੁਰੂ ਆਖਿਆ ਜਾਂਦਾ ਸੀ ਜੋ ਅਧਰਮੀਆਂ ਵਿਚ ਸਾਡੇ ਪੋਪ ਵਾਂਗ ਸਮਝੇ ਜਾਂਦੇ ਸਨ। ਉਨ੍ਹਾਂ ਨੂੰ ਪਵਿੱਤਰ ਸਮਝਿਆ ਜਾਂਦਾ ਸੀ ਅਤੇ ਸਤਿਕਾਰਿਆ ਜਾਂਦਾ ਸੀ। ਉਨ੍ਹਾਂ ਦੀ ਸ਼ਾਨ ਅਤੇ ਪ੍ਰਸਿੱਧਤਾ ਕਾਰਨ ਰਾਜਕੁਮਾਰ ਉਨ੍ਹਾਂ ਤੋਂ ਚੰਗੀ ਭਵਿੱਖਬਾਣੀ ਸੁਣਨ ਦਾ ਅਭਿਲਾਖੀ ਹੋਣ ਕਾਰਨ ਉਨ੍ਹਾਂ ਕੋਲ ਗਿਆ। ਗੁਰੂ ਸਾਹਿਬ ਨੇ ਉਸ ਨੂੰ ਹਕੂਮਤ/ਪ੍ਰਭੂਤਾ ਧਾਰਨ ਕਰਨ ਉਤੇ ਵਧਾਈ ਦਿੱਤੀ (ਇਹ ਪ੍ਰਮਾਣਕ ਤੱਥ ਨਹੀਂ ਹੈ) ਅਤੇ ਉਸ ਦੇ ਮੱਥੇ ਉਤੇ ਤਿੰਨ ਨਿਸ਼ਾਨ (ਟਿੱਕੇ) ਲਗਾਏ (ਸਿੱਖਾਂ ਵਿਚ ਕੇਵਲ ਗੁਰਿਆਈ ਦੇ ਸਮੇਂ ਤੋਂ ਛੁੱਟ ਇਸ ਪ੍ਰਕਾਰ ਦੀ ਕੋਈ ਪ੍ਰਥਾ ਨਹੀਂ ਸੀ) ਗੁਰੂ ਸਾਹਿਬ ਭਾਵੇਂ 'ਅਧਰਮੀ' (ਗੁਰੂ ਸਾਹਿਬ ਨਾਲ ਕਦੇ ਮੁਲਾਕਾਤ ਨਾ ਹੋਣ ਕਾਰਨ ਅਤੇ ਸਹੀ ਜਾਣਕਾਰੀ ਨਾ ਹੋਣ ਕਾਰਨ ਇਹ ਸ਼ਬਦ ਵਰਤੇ ਗਏ ਹਨ) ਸਨ ਅਤੇ ਰਾਜਕੁਮਾਰ ਇਕ ਮੁਸਲਮ, ਫਿਰ ਵੀ ਉਹ ਰਾਜਕੁਮਾਰ ਦੇ ਮੱਥੇ ਇਹ ਨਿਸ਼ਾਨ ਲਾ ਕੇ ਪ੍ਰਸੰਨ ਹੋਏ। ਇਹ ਉਸ ਦੇ ਜੋਖਿਮ ਦੇ ਕੰਮ ਵਿਚ ਚੰਗੀ ਸਫਲਤਾ ਦਾ ਪ੍ਰਤੀਕ ਸੀ ਅਤੇ ਉਸ ਨੂੰ ਇਕ 'ਅਧਰਮੀ' ਦੀ ਮਾਤਾ ਦਾ ਪੁੱਤਰ ਸਮਝਿਆ ਗਿਆ। ਰਾਜਕੁਮਾਰ ਦੇ ਇਕ ਨਿਸ਼ਾਨ (ਟਿੱਕਾ) ਲਗਾਉਣ ਦਾ ਕਾਰਨ ਇਹ ਸੀ ਕਿ ਉਹ ਗੁਰੂ ਸਾਹਿਬ ਦੀ ਪਵਿੱਤਰਤਾ ਤੇ ਪੂਰਨ ਪ੍ਰਸਿੱਧਤਾ ਤੋਂ ਜਾਣੂ ਸੀ। ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ। ਉਸ ਨੇ ਰਾਜਕੁਮਾਰ ਨੂੰ ਕੈਦੀ ਬਣਾ ਕੇ ਗੁਰੂ ਸਾਹਿਬ ਨੂੰ ਆਪਣੇ ਕੋਲ ਬੁਲਾਇਆ ਅਤੇ ਉਨ੍ਹਾਂ ਨੂੰ ਵੀ ਕੈਦ ਵਿਚ ਪਾ ਦਿੱਤਾ।"

ਕਈ 'ਅਧਰਮੀ' ਲੋਕਾਂ ਨੇ ਬਾਦਸ਼ਾਹ ਨੂੰ ਗੁਰੂ ਸਾਹਿਬ ਨੂੰ ਰਿਹਾ ਕਰਨ ਲਈ ਬੇਨਤੀ ਕੀਤੀ ਕਿਉਂਕਿ ਉਹ ਉਨ੍ਹਾਂ ਦੇ ਸੰਤ ਸਨ। ਅੰਤ ਵਿਚ ਇਹ ਫੈਸਲਾ ਲਿਆ ਗਿਆ ਕਿ ਉਹ100,000 ਕਰੂਜ਼ਾਡੋ (Cruzados) ਦੇ ਜ਼ੁਰਮਾਨੇ ਦਾ ਭੁਗਤਾਨ ਕਰਨ। ਇਹ ਕੰਮ ਇਕ ਅਮੀਰ 'ਅਧਰਮੀ' (ਸੰਭਾਵਕੀ ਚੰਦੂ) ਦੇ ਕਹਿਣ ਉਤੇ ਕੀਤਾ ਗਿਆ ਜੋ ਉਨ੍ਹਾਂ ਦੀ ਜ਼ਮਾਨਤ ਬਣਿਆ ਰਿਹਾ। ਉਸ ਨੇ ਸੋਚਿਆ ਕਿ ਹੋ ਸਕਦਾ ਹੈ ਬਾਦਸ਼ਾਹ ਇਸ ਜੁਰਮਾਨੇ ਨੂੰ ਮਾਫ਼ ਕਰ ਦੇਣ ਜਾਂ ਸੰਤ ਆਪ ਚੁਕਾ ਦੇਣ ਜਾਂ ਉਹ ਰਕਮ ਉਧਾਰ ਲੈ ਲੈਣ, ਪ੍ਰੰਤੂ ਇਸ ਗੱਲ ਵਿਚ ਉਸ ਅਮੀਰ ਵਿਅਕਤੀ ਨੂੰ ਨਿਰਾਸ਼ਾ ਹੋਈ... ਇਸ ਪ੍ਰਕਾਰ ਬਹੁਤ ਸਾਰੇ ਦੁਖ, ਕਸ਼ਟ ਤੇ ਅਪਮਾਨ ਸਹਿਣ ਉਪਰੰਤ ਜੋ ਉਨ੍ਹਾਂ ਦੁਆਰਾ ਦਿੱਤੇ ਗਏ ਸਨ ਜੋ ਉਨ੍ਹਾਂ ਨੂੰ ਸਨਮਾਨਦੇ ਸਨ ਵਿਚਾਰੇ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ। ਜ਼ਮਾਨਤ ਦੇਣ ਵਾਲਾ ਬਚ ਕੇ ਨਿਕਲਣਾ ਚਾਹੁੰਦਾ ਸੀ ਪ੍ਰੰਤੂ ਉਸ ਨੂੰ ਕੈਦੀ ਬਣਾ ਲਿਆ ਗਿਆ ਅਤੇ ਉਸ ਦਾ ਸਾਰਾ ਧਨ ਮਾਲ ਦੌਲਤ ਖੋਹਣ ਉਪਰੰਤ ਉਸ ਨੂੰ ਮਾਰ ਦਿੱਤਾ ਗਿਆ।

Sri Satguru Jagjit Singh Ji Elibrary NamdhariElibrary@gmail.com

ਇਥੇ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੋਵੇਗਾ ਕਿ ਉਪਰੋਕਤ ਪੱਤਰ ਲਿਖਣ ਵਾਲਾ ਵਿਅਕਤੀ ਸੁਣੀ ਸੁਣਾਈ ਜਾਣਕਾਰੀ ਉਤੇ ਭਰੋਸਾ ਰਖਦਾ ਅਨੁਭਵ ਹੁੰਦਾ ਹੈ। ਉਸ ਦੁਆਰਾ ਦਿੱਤੀ ਬਹੁਤ ਸਾਰੀ ਸੂਚਨਾ ਇਤਿਹਾਸ ਦੇ ਪੰਨੇ ਸਾਬਤ ਨਹੀਂ ਕਰਦੇ। ਜਹਾਂਗੀਰ ਨੇ ਤੁਜ਼ਕ ਵਿਚ ਜੁਰਮਾਨੇ ਦਾ ਕੋਈ ਵਰਣਨ ਨਹੀਂ ਕੀਤਾ। ਗੁਰੂ ਸਾਹਿਬ ਨੂੰ ਇਕ ਪਰਮਾਤਮਾ ਉਤੇ ਪੂਰਨ ਭਰੋਸਾ ਸੀ ਅਤੇ ਉਨ੍ਹਾਂ ਨੂੰ 'ਅਧਰਮੀ' ਕਹਿਣਾ ਨਿਸ਼ਚੇ ਹੀ ਅਨਿਆਂ ਹੈ।

ਜਾਰਜ ਫੋਸਟਰ, *ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ*, ਲੰਦਨ, 1798, I, ਦੂਜੀ ਛਾਪ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1977, ਪੰਨੇ 297-98.

ਸਿੱਖ ਲੇਖਕਾਂ ਦੀਆਂ ਲਿਖਤਾਂ ਦੇ ਨਿਆਈਂ ਜਾਰਜ ਫੋਸਟਰ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਚੰਦੂ ਨੂੰ ਮੰਨਦਾ ਹੈ। ਫੌਰਸਟਰ ਦੀ ਲਿਖਤ ਨੂੰ *ਤੁਜ਼ਕ-ਏ-ਜਹਾਂਗੀਰੀ* ਦੀ ਲੋਅ ਵਿਚ ਪੜ੍ਹਨ ਨਾਲ ਪ੍ਰਮਾਣਿਕ ਸਿੱਟੇ ਨਿਕਲਦੇ ਹਨ ਭਾਵੇਂ ਇਸ ਸ਼ਹੀਦੀ ਲਈ ਕਈ ਹੋਰ ਸਰੋਤ ਵੀ ਵਡਮੁੱਲੇ ਸਿੱਧ ਹੁੰਦੇ ਹਨ। ਫੌਰਸਟਰ ਅਨੁਸਾਰ :

Ramdas died at the town he has founded, about the year 1581, and was succeeded by his son Arjun, who having incurred the displeasure of a Hindu (Chandu) favoured by Jahangir, was committed by that prince to the persecution of his enemy; and his death which happened in the year 1606, at Lahore, was caused, it is said, by the rigour of confinement.

ਮੈਕਸ ਆਰਥਰ ਮੈਕਾਲਿਫ, *ਦਾ ਸਿੱਖ ਰਿਲੇਜਨ, ਇਟਸ ਗੁਰੂਜ਼, ਸੇਕਰਡ ਰਾਈਟਿੰਗਜ਼ ਐਂਡ ਆਥਰਜ਼*, ਔਕਸਫੋਰਡ, 1909, III, 85, ਮੈਕਾਲਿਫ ਦੀ ਉਕਤ ਪੰਨਿਆਂ ਉਤੇ ਦਰਜ ਰਾਜਕੁਮਾਰ ਖੁਸਰੋ ਦੀ ਗੁਰੂ ਅਰਜਨ ਦੇਵ ਜੀ ਵੱਲੋਂ ਸਹਾਇਤਾ ਪ੍ਰਮਾਣਿਕ ਸਾਬਤ ਨਹੀਂ ਹੁੰਦੀ। ਇਸ ਤੋਂ ਛੁੱਟ ਮੈਕਾਲਿਫ ਖੁਸਰੋ ਦੀ ਮੁਲਾਕਾਤ ਤਰਨਤਾਰਨ ਵਿਚ ਹੋਈ ਲਿਖਦਾ ਹੈ।

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਜੀ ਦੀ ਸੰਪਾਦਨ-ਪ੍ਰਤਿਭਾ

*ਡਾ. ਧਰਮ ਸਿੰਘ**

ਬਾਣੀ ਰਚਨ, ਭਗਤ ਬਾਣੀ ਇਕੱਠੀ ਕਰਨ ਅਤੇ ਫਿਰ ਇਸ ਸਾਰੇ ਸੰਗ੍ਰਹਿ ਨੂੰ ਇਕ ਪ੍ਰਸਤਾਵਿਤ ਗ੍ਰੰਥ ਤਿਆਰ ਕਰਨ ਦੀ ਯੋਜਨਾ ਤਹਿਤ ਅਗਲੇ ਗੁਰੂ ਸਾਹਿਬ ਤਕ ਪ੍ਰੁੱਜਦਾ ਕਰਨ ਦਾ ਵਿਚਾਰ, ਨਿਰਸੰਦੇਹ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦਾ ਸੀ। ਇਸ ਵਿਚਾਰ ਨੇ ਹੀ ਗੁਰੂ ਗ੍ਰੰਥ ਸਾਹਿਬ ਤੇ ਸੰਪਾਦਨ ਦੀ ਨੀਂਹ ਰੱਖੀ ਕਿਉਂਕਿ ਧਰਮ-ਗ੍ਰੰਥ ਕਿਸੇ ਵੀ ਧਰਮ ਨੂੰ ਪ੍ਰਚਲਿਤ ਕਰਨ ਅਤੇ ਉਸਨੂੰ ਸਿਧਾਂਤਕ ਸੇਧ ਦੇਣ ਵਿਚ ਅਤਿਅੰਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਧਰਮ ਗ੍ਰੰਥ ਤੋਂ ਬਿਨਾਂ ਧਰਮ ਨਹੀਂ ਚੱਲ ਸਕਦਾ ਅਤੇ ਇਸ ਵਿਚਲੇ ਵਿਚਾਰ ਹੀ ਇਕ ਧਰਮ ਨੂੰ ਦੂਸਰੇ ਤੋਂ ਨਿਖੇੜ ਕੇ ਉਸਦੀ ਵੱਖਰਤਾ ਕ਼ਾਇਮ ਕਰਦੇ ਹਨ। ਕਿਸੇ ਵੀ ਵਿਚਾਰਧਾਰਾ ਦੀ ਸਾਰਥਕਤਾ ਦੀ ਪਰਖ ਇਸ ਗੱਲ ਤੋਂ ਕੀਤੀ ਜਾਂਦੀ ਹੈ ਕਿ ਉਸਨੇ ਕਿਸ ਕਿਸਮ ਦਾ ਵਿਅਕਤੀ ਅਤੇ ਸਮਾਜ ਪੈਦਾ ਕੀਤਾ ਹੈ। *ਭਾਗਵਤ ਗੀਤਾ*, *ਕੁਰਾਨ ਸ਼ਰੀਫ਼* *ਧਮੁਪੱਦ* ਅਤੇ ਹੋਰ ਗ੍ਰੰਥ ਉਪਰੋਕਤ ਲੋੜਾਂ ਵਿਚੋਂ ਹੀ ਪੈਦਾ ਹੋਏ ਮੰਨੇ ਜਾ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਵੀ ਉਪਰੋਕਤ ਮੱਧਕਾਲੀਨ ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਹੀ ਰੱਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦੀ ਲੋੜ ਕਿਉਂ ਪਈ? ਇਸ ਬਾਰੇ ਸਿੱਖ ਜਗਤ ਵਿਚ ਪਹਿਲਾਂ ਦੋ ਹੀ ਵਿਚਾਰ ਵਧੇਰੇ ਪ੍ਰਚਲਿਤ ਸਨ। ਪਹਿਲਾਂ ਵਿਚਾਰ ਇਹ ਸੀ ਕਿ ਗੁਰੂ ਗ੍ਰੰਥ ਸਾਹਿਬ ਇਕ ਗੁਰਸਿੱਖ ਦੀ ਸਿਧਾਂਤਕ ਅਤੇ ਧਾਰਮਿਕ ਅਗਵਾਈ ਕਰਕੇ ਉਸਨੂੰ ਦੀਨ ਅਤੇ ਦੁਨੀਆਂ ਵਿਚ ਸੁਰਖਰੂ ਕਰਦਾ ਹੈ। ਦੂਜਾ ਵਿਚਾਰ ਗੁਰੂ ਘਰ ਵਿਚ ਪੈਦਾ ਹੋ ਰਹੇ ਵਿਰੋਧ ਕਾਰਣ ਸੱਚੀ ਤੇ ਪ੍ਰਮਾਣਿਕ ਬਾਣੀ ਨੂੰ ਕੱਚੀ ਤੇ ਅਪ੍ਰਮਾਣਿਕ ਬਾਣੀ ਨਾਲ ਨਿਖੇੜ ਕੇ ਹਮੇਸ਼ਾਂ ਲਈ ਅਬਦਲ ਰੂਪ ਵਿਚ ਸੁਰੱਖਿਅਤ ਕਰਨ ਦਾ ਸੀ। ਮੱਧਕਾਲੀ ਸਿਖ ਇਤਿਹਾਸਕ ਗ੍ਰੰਥਾਂ *ਬੰਸਾਵਲੀਨਾਮਾ* ਕ੍ਰਿਤ ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਕ੍ਰਿਤ *ਮਹਿਮਾ ਪ੍ਰਕਾਸ਼* ਕਵੀ ਸੋਹਣ ਰਚਿਤ *ਗੁਰਬਿਲਾਸ ਪਾਤਸ਼ਾਹੀ 6* ਆਦਿ ਵਿਚ ਏਸੇ ਕਾਰਣ ਨੂੰ ਹੀ ਪ੍ਰਮੁੱਖ ਮੰਨਿਆ ਗਿਆ ਹੈ। ਹੱਥਲੇ ਖੋਜ-ਪੱਤਰ ਵਿਚ ਅਸੀਂ ਇਕ ਹੋਰ ਅਹਿਮ ਕਾਰਣ ਦੀ ਚਰਚਾ ਕਰਨੀ ਚਾਹਾਂਗੇ ਅਤੇ ਉਹ ਕਾਰਣ ਹੈ ਸੰਸਕ੍ਰਿਤ ਦੇ ਟਾਕਰੇ ਤੇ ਲੋਕ-ਭਾਸ਼ਾ ਨੂੰ ਦੇਵੀ ਪ੍ਰਵਾਨਗੀ ਦਿਵਾਉਣੀ। ਗੁਰੂ ਨਾਨਕ ਤੋਂ ਪਹਿਲਾਂ ਧਰਮ ਕਰਮ ਦੇ ਕੰਮਾਂ ਦੇ ਨਿਰਬਾਹ ਲਈ ਮਹਾਤਮਾ ਬੁੱਧ ਨੇ ਪਾਲੀ ਦੀ ਵਰਤੋਂ ਕਰਕੇ ਬ੍ਰਾਹਮਣ ਦੀ ਇਸ ਖੇਤਰ ਵਿਚ ਕਾਇਮ ਕੀਤੀ ਗਈ ਇਜ਼ਾਰੇਦਾਰੀ ਨੂੰ ਤੋੜਨ ਦਾ ਉਪਰਾਲਾ ਕੀਤਾ ਸੀ। ਮਹਾਤਮਾ ਬੁੱਧ ਤੋਂ ਬਾਅਦ ਗੁਰੂ ਨਾਨਕ ਅਤੇ ਉਨ੍ਹਾਂ ਦੇ

---

* ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

ਉੱਤਰਾਧਿਕਾਰੀਆਂ ਨੇ ਇਸ ਪਾਸੇ ਸੁਚੇਤ ਅਤੇ ਉਚੇਚੇ ਯਤਨ ਕੀਤੇ। ਬ੍ਰਾਹਮਣਾਂ ਨੇ ਧਰਮ ਕਰਮ ਦੇ ਕੰਮਾਂ ਵਿਚ ਆਪਣੀ ਇਜ਼ਾਰਾਦਾਰੀ ਕਾਇਮ ਰੱਖਣ ਲਈ ਬਾਣੀ (ਗ੍ਰੰਥ), ਭਾਸ਼ਾ ਅਤੇ ਲਿਪੀ ਬਾਰੇ ਕਈ ਮਿੱਥਾਂ ਪ੍ਰਚਲਿਤ ਕਰ ਰੱਖੀਆਂ ਸਨ। ਇਨ੍ਹਾਂ ਵਿਚ ਇਕ ਮਿੱਥ ਇਹ ਵੀ ਸੀ ਕਿ ਹਿੰਦੂ ਧਰਮ ਗ੍ਰੰਥ ਸੰਸਕ੍ਰਿਤ ਵਿਚ ਹੋਣ ਕਰਕੇ ਇਹ ਦੇਵ ਬਾਣੀ ਹੈ, ਸੰਸਕ੍ਰਿਤ ਦੇਵ ਭਾਸ਼ਾ ਹੈ ਅਤੇ ਦੇਵਨਾਗਰੀ ਦੇਵ ਲਿਪੀ ਹੈ। ਇਨ੍ਹਾਂ ਵਿਚ ਦੇਵ ਸ਼ਬਦ ਘੋਖਣਯੋਗ ਹੈ। ਅਜੇਹਾ ਕਰਕੇ ਚਤੁਰ ਬ੍ਰਾਹਮਣਾਂ ਨੇ ਇੰਨਾ ਨਾਲ ਦਿੱਬਤਾ (Divinity) ਅਤੇ ਪਵਿੱਤਰਤਾ (Sanctity) ਜੋੜ ਦਿੱਤੀ। ਏਥੇ ਧਾਰਨਾ ਅਧੀਨ ਹੀ ਇਨ੍ਹਾਂ ਤੋਂ ਬਿਨਾਂ ਕਿਸੇ ਵੀ ਹੋਰ ਗ੍ਰੰਥ, ਭਾਸ਼ਾ ਅਤੇ ਲਿਪੀ ਵਿਚ ਲਿਖੀ ਹੋਈ ਚੀਜ਼ ਪਵਿੱਤਰ ਨਾ ਹੋਣ ਕਰਕੇ ਧਰਮ ਕਰਮ ਦੇ ਕੰਮ ਲਈ ਪ੍ਰਵਾਨ ਨਹੀਂ ਸੀ ਹੋ ਸਕਦੀ। ਬ੍ਰਾਹਮਣਾਂ ਨੇ ਸੰਸਕ੍ਰਿਤ ਤੋਂ ਵਿਕਸਿਤ ਹੋਈਆਂ ਭਾਸ਼ਾਵਾਂ ਨੂੰ ਅਪਭ੍ਰੰਸ਼ ਦਾ ਨਾਂ ਦਿੱਤਾ ਜਿਸ ਦਾ ਸ਼ਾਬਦਿਕ ਅਰਥ ਹੈ : ਗਿਰਨਾ, ਡਿੱਗਣਾ ਜਾਂ ਵਿਗੜਿਆ ਹੋਇਆ।[1] ਉਪਰੋਕਤ ਸਵਰਣ ਭਾਂਤ ਦੀਆਂ ਮਿੱਥਾਂ ਨੂੰ ਤੋੜ ਕੇ ਲੋਕਾਂ ਦੀ ਭਾਸ਼ਾ ਵਿਚ ਰਚੀਆਂ ਗਈਆਂ ਰਚਨਾਵਾਂ (ਬਾਣੀ, ਗ੍ਰੰਥ) ਨੂੰ ਪ੍ਰਵਾਨਗੀ ਦਿਵਾਉਣੀ ਗੁਰੂ ਸਾਹਿਬਾਨ ਦੇ ਲੋਕ-ਕਲਿਆਣ ਦੇ ਆਸ਼ਿਆਂ ਵਿਚੋਂ ਇਕ ਪ੍ਰਮੁੱਖ ਆਸ਼ਾ ਸੀ। ਏਥੇ ਇਹ ਦੁਹਰਾਉ ਦੀ ਲੜੀ ਨਹੀਂ ਕਿ ਗੁਰੂ ਸਾਹਿਬਾਨ ਨੇ ਬੇਸ਼ੁਮਾਰ ਉਨ੍ਹਾਂ ਮਿੱਥਾਂ ਦਾ ਖੰਡਨ ਵੀ ਕੀਤਾ ਜੋ ਤਤਕਾਲੀ ਧਰਮ, ਸਮਾਜ ਅਤੇ ਸਭਿਆਚਾਰ ਲਈ ਹਾਨੀਕਾਰਕ ਸਨ। ਗੁਰੂ ਗ੍ਰੰਥ ਸਾਹਿਬ ਦਾ ਗੁਰੂ ਅਰਜਨ ਦੇਵ ਜੀ ਵੱਲੋਂ ਕੀਤਾ ਗਿਆ ਸੰਪਾਦਨ ਏਸੇ ਮਿੱਥ-ਖੰਡਨ ਦਾ ਇਕ ਨਿੱਗਰ ਉਪਰਾਲਾ ਹੈ।

ਬਾਣੀ ਇਕ ਭਾਸ਼ਾਈ ਰਚਨਾ ਹੈ, ਇਸ ਲਈ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਭਾਸ਼ਾਈ-ਸੰਕਲਪ ਨੂੰ ਜਾਨਣਾ ਨਿਹਾਇਤ ਜ਼ਰੂਰੀ ਹੈ। ਬਾਣੀ ਸਧਾਰਨ ਮਨੁੱਖਾਂ ਦੇ ਕਲਿਆਣ ਹਿਤ ਲਿਖੀ ਗਈ, ਇਸ ਲਈ ਇਹ ਸਮੂਹ ਨੂੰ ਸੰਬੋਧਿਤ ਹੈ। ਸਮੂਹ ਅਥਵਾ ਲੋਕਾਂ ਦੀ ਭਾਸ਼ਾ ਵਿਚ ਬਾਣੀ ਦੀ ਰਚਨਾ ਕਰਨਾ ਹੀ ਗੁਰੂ ਨਾਨਕ ਦਾ ਭਾਸ਼ਾ-ਸੰਕਲਪ ਸੀ, ਏਸੇ ਲਈ ਉਹ ਕਹਿੰਦੇ ਹਨ ਕਿ ਜਿਹੜੀ ਗੱਲ ਮੈਂ ਕਹਿ ਰਿਹਾ ਹਾਂ, ਉਹ ਸਾਰੇ ਸੁਣੋ :

*ਏਹੁ ਜੀਉ ਬਹੁਤੇ ਜਨਮ ਭਰੰਮਿਆ*
*ਤਾ ਸਤਿਗੁਰਿ ਸਬਦੁ ਸੁਣਾਇਆ॥*
*ਸਤਿਗੁਰ ਜੇਵਡੁ ਦਾਤਾ ਕੋ ਨਹੀ*
*ਸਭਿ ਸੁਣਿਅਹੁ ਲੋਕ ਸਬਾਇਆ॥*[2]

ਸੰਸਕ੍ਰਿਤ ਗ੍ਰੰਥਾਂ, ਭਾਸ਼ਾ ਅਤੇ ਦੇਵਨਾਗਰੀ ਲਿਪੀ ਦੇ ਸਮਾਨੰਤਰ ਸੰਕਲਪ ਦੇਣ ਅਤੇ ਇਨ੍ਹਾਂ ਨਾਲ ਜੁੜੇ ਆਦਰ-ਮਾਣ ਅਤੇ ਦਿੱਬਤਾ ਨੂੰ ਗੁਰਬਾਣੀ ਦੇ ਪ੍ਰਸੰਗ ਵਿਚ ਪ੍ਰਵਾਨਗੀ ਦਿਵਾਉਣ ਲਈ ਗੁਰੂ ਸਾਹਿਬਾਨ ਨੇ ਉਚੇਚੇ ਯਤਨ ਕੀਤੇ। ਏਸੇ ਲਈ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬਾਨ ਨੇ ਸ਼ਬਦ/ਬਾਣੀ/ਗੁਰਬਾਣੀ ਅਤੇ ਪੋਥੀ ਆਦਿ ਸ਼ਬਦ ਵਰਤ ਕੇ ਜਿੱਥੇ ਇਸ ਦੀ ਮਹਿਮਾ ਕੀਤੀ ਹੈ, ਉਥੇ ਜਿਗਿਆਸੂ ਦੇ ਮਨ ਵਿਚ ਉੱਠਣ ਵਾਲੇ ਤਮਾਮ ਭਰਮਾਂ ਦਾ ਨਿਵਾਰਣ ਵੀ ਕੀਤਾ ਹੈ। ਏਥੇ ਇਹ ਉੱਲੇਖਯੋਗ ਹੈ ਕਿ ਗੁਰਬਾਣੀ ਦੇ ਮਹੱਤਵ ਨੂੰ ਦ੍ਰਿੜ੍ਹ ਕਰਨ ਕਰਾਉਣ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਸ਼ੁਰੂ ਕਰ ਦਿੱਤਾ ਸੀ ਜੋ ਪਿਛਲੇਰੇ ਗੁਰੂ ਸਾਹਿਬਾਨ ਤਕ ਗੁਰੂ ਅਰਜਨ ਦੇਵ ਜੀ ਤਕ ਪੁੱਜਾ। ਸ਼ਬਦ/ਬਾਣੀ/ਗੁਰਬਾਣੀ/ਪੋਥੀ ਦੀ

Sri Satguru Jagjit Singh Ji Elibrary NamdhariElibrary@gmail.com

ਮਹਿਮਾ ਵਿਚ ਸਭ ਤੋਂ ਵੱਧ ਬਚਨ ਗੁਰੂ ਅਰਜਨ ਦੇਵ ਜੀ ਦੇ ਹੀ ਹਨ। ਸ਼ਾਇਦ ਏਸੇ ਲਈ ਕਿ ਉਨ੍ਹਾਂ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਪਾਦਿਤ ਕਰਕੇ ਇਸ ਨੂੰ ਅੰਤਿਮ ਰੂਪ ਵਿਚ ਸਾਂਭਣਾ ਸੀ। ਏਸੇ ਲਈ ਉਨ੍ਹਾਂ ਇਸ ਨੂੰ 'ਧੁਰ ਕੀ ਬਾਣੀ' ਅਰਥਾਤ ਦੈਵੀ ਬਚਨ ਕਹਿ ਕੇ ਸਤਿਕਾਰਿਆ ਜੋ ਹਰ ਤਰ੍ਹਾਂ ਦੀ ਚਿੰਤਾ ਮਿਟਾ ਦਿੰਦੀ ਹੈ :

*ਧੁਰ ਕੀ ਬਾਣੀ ਆਈ*
*ਤਿਨਿ ਸਗਲੀ ਚਿੰਤ ਮਿਟਾਈ॥*[8]

ਦੈਵੀ ਬਚਨ ਦੱਸ ਕੇ ਇਸ ਨੂੰ ਸੁਣਨ ਅਤੇ ਗਾਉਣ ਦੀ ਸੂਰਤ ਵਿਚ ਇਸ ਨੂੰ ਆਵਾਗੌਣ ਤੋਂ ਮੁਕਤ ਕਰਨ ਵਾਲੀ ਤੇ ਭਵਸਾਗਰ ਤੋਂ ਪਾਰ ਉਤਾਰਣਹਾਰ ਕਿਹਾ ਹੈ :

*ਜਨ ਨਾਨਕ ਬੋਲੇ ਬ੍ਰਹਮ ਬੀਚਾਰ॥*
*ਜੋ ਸੁਣੈ ਕਮਾਵੈ ਸੁ ਉਤਰੈ ਪਾਰ॥*
*ਜਨਮਿ ਨ ਮਰੈ ਨ ਆਵੈ ਜਾਇ॥*
*ਹਰਿ ਸੇਤੀ ਓਹੁ ਰਹੈ ਸਮਾਇ॥*[9]

ਗੁਰੂ ਅਰਜਨ ਦੇਵ ਜੀ ਗੁਰਬਾਣੀ ਦੇ ਮਹਾਤਮ ਨੂੰ ਸਮੇਟਦੇ ਹੋਏ ਇਸਨੂੰ ਆਪਣੇ ਪੂਰਵਜਾਂ ਵੱਲ ਬਖਸ਼ਿਆ ਉਹ ਖ਼ਜ਼ਾਨਾ ਦੱਸਦੇ ਹਨ ਜੋ ਅਮੋਲਕ ਹੋਣ ਦੇ ਨਾਲ ਨਾਲ ਅਤੋਲ ਵੀ ਹੈ ਅਤੇ ਅਮੁੱਕ ਵੀ। ਇਹ ਖ਼ਜ਼ਾਨਾ ਏਨਾ ਭਰਪੂਰ ਹੈ ਕਿ ਉੱਮਤ ਵੱਲੋਂ ਰਲ ਕੇ ਮਿਲ ਕੇ ਖਾਣ ਖਰਚਣ ਨਾਲ ਇਸ ਵਿਚ ਤੋਟ ਤਾਂ ਕੀ ਆਉਣੀ ਹੈ, ਸਗੋਂ ਇਹ ਹੋਰ ਵੀ ਵਧਦਾ ਜਾਂਦਾ ਹੈ :

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥*
*ਤਾ ਮੇਰੈ ਮਨਿ ਭਇਆ ਨਿਧਾਨਾ ॥1॥*
*ਰਤਨ ਲਾਲ ਜਾ ਕਾ ਕਛੂ ਨ ਮੋਲੁ॥*
*ਭਰੇ ਭੰਡਾਰ ਅਖੂਟ ਅਤੋਲ ॥2॥*
*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥*[10]

ਗੁਰੂ ਸਾਹਿਬਾਨ ਦੇ ਲੋਕ-ਮੁੱਖਤਾ ਅਤੇ ਬਾਣੀ ਵਿਚਲੀ ਲੋਕ-ਯੋਗਤਾ ਦੇ ਇਸ ਸੰਕਲਪ ਨੂੰ ਪਿਛਲੇਰੇ ਸਿਖ ਲੇਖਕਾਂ ਨੇ ਆਪਣੇ ਆਪਣੇ ਅੰਦਾਜ਼ ਵਿਚ ਹੋਰ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਹੈ। *ਸਿੱਖਾਂ ਦੀ ਭਗਤਮਾਲਾ* ਵਿਚ ਇਕ ਸਾਖੀ ਅਜੇਹੀ ਹੈ ਜੋ ਬ੍ਰਾਹਮਣਾਂ ਵੱਲੋਂ ਬਹੁਤੀ ਪ੍ਰਚਾਰੀ ਗਈ ਸੰਸਕ੍ਰਿਤ ਵਾਲੀ ਮਿੱਥ ਦਾ ਬੜੇ ਜ਼ੋਰਦਾਰ, ਪਰ ਦਲੀਲਮਈ ਢੰਗ ਨਾਲ ਖੰਡਨ ਕਰਦੀ ਹੈ। ਸਾਖੀ ਅਨੁਸਾਰ ਕਸ਼ਮੀਰ ਦੇ ਪੰਡਿਤ ਸਿੱਖਾਂ ਨੂੰ ਬਾਣੀ ਨਹੀਂ ਸਨ ਪੜ੍ਹਨ ਦੇਂਦੇ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਇਹ ਸੰਸਕ੍ਰਿਤ ਦੇ ਟਾਕਰੇ ਤੇ ਮਨੁੱਖੀ ਭਾਸ਼ਾ ਹੋਣ ਕਰਕੇ ਪਵਿੱਤਰ ਨਹੀਂ ਸੀ। ਇਸ ਲਈ ਇਹ ਧਰਮ ਕਰਮ ਦੇ ਕੰਮਾਂ ਲਈ ਪਵਿੱਤਰ ਨ ਹੋਣ ਕਰਕੇ ਪ੍ਰਵਾਨ ਨਹੀਂ ਸੀ ਹੋ ਸਕਦੀ। ਉਹ ਆਪਣੀ ਫਰਿਆਦ ਲੈ ਕੇ ਗੁਰੂ ਅਰਜਨ ਦੇਵ ਜੀ ਪਾਸ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੂੰ ਆਪਣੀ ਇਹ ਸਮੱਸਿਆ ਦੱਸੀ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਮੋਦੀ ਮਾਧੋ ਦਾਸ ਨੂੰ ਦੋ ਗੱਲਾਂ ਕਹੀਆਂ। ਪਹਿਲੀ ਇਹ ਕਿ ਉਹ ਪੰਡਤਾਂ ਨੂੰ ਪੁੱਛਣ

Sri Satguru Jagjit Singh Ji Elibrary NamdhariElibrary@gmail.com

ਕਿ ਉਹ ਸੰਸਕ੍ਰਿਤ ਗ੍ਰੰਥਾਂ ਦੀ ਵਿਆਖਿਆ ਕਿਸ ਭਾਸ਼ਾ ਵਿਚ ਕਰਦੇ ਹਨ, ਕਿਉਂਕਿ ਆਮ ਲੋਕ ਤਾਂ ਸੰਸਕ੍ਰਿਤ ਸਮਝਦੇ ਨਹੀਂ? ਦੂਜੀ ਇਹ ਕਿ ਜੇਕਰ ਘਿਉ ਨੂੰ ਭਾਵੇਂ ਧਾਤ ਦੇ ਬਰਤਨ ਵਿਚ ਪਾਇਆ ਜਾਵੇ, ਭਾਵੇਂ ਮਿੱਟੀ ਦੇ ਭਾਂਡੇ ਵਿਚ ਕੀ ਇਸ ਨਾਲ ਘਿਉ ਦੀ ਪਵਿੱਤਰਤਾ ਅਤੇ ਗੁਣਵਤਾ ਵਿਚ ਕੋਈ ਫਰਕ ਆਉਂਦਾ ਹੈ। ਮਹੱਤਵਪੂਰਨ ਗੱਲ ਵਸਤੂ ਦੀ ਹੈ, ਭਾਂਡੇ ਦੀ ਨਹੀਂ। ਵਿਚਾਰ ਜਾਂ ਸਿੱਧਾਂਤ ਮੁੱਲਵਾਨ ਹਨ, ਭਾਸ਼ਾ ਨਹੀਂ।[6]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਤੇ ਹੱਕ ਵਿਚ ਇਕ ਅਜੇਹਾ ਉਤਸ਼ਾਹਜਨਕ ਮਾਹੌਲ ਸਿਰਜ ਦਿੱਤਾ ਸੀ, ਜਿਸ ਨਾਲ ਇਸ ਦੇ ਪ੍ਰਚਾਰ ਪ੍ਰਸਾਰ ਵਿਚ ਇਕ ਨਵੀਂ ਤੇਜ਼ੀ ਆਈ ਅਤੇ ਲੋਕ-ਮਨਾਂ ਵਿਚ ਗੁਰਬਾਣੀ ਨੂੰ ਪੜ੍ਹਨ ਅਤੇ ਸਮਝਣ ਦੀ ਜਿਗਿਆਸਾ ਪੈਦਾ ਹੋਈ।

ਗੁਰੂ ਅਰਜਨ ਦੇਵ ਜੀ ਦੀ ਸੰਪਾਦਨਾ-ਪ੍ਰਤਿਭਾ ਦਾ ਦੂਜਾ ਉੱਲੇਖਯੋਗ ਪੱਖ ਗੁਰਬਾਣੀ ਦੇ ਵਿਸ਼ਾਲ ਸੰਗ੍ਰਹਿ ਨੂੰ ਇਕ ਨਿਸ਼ਚਿਤ ਤਰਤੀਬ ਦੇ ਕੇ ਇਸ ਨੂੰ ਇਕ ਗ੍ਰੰਥ ਦੇ ਰੂਪ ਵਿਚ ਇਸਥਿਤ ਕਰਨਾ ਸੀ। ਸੰਪਾਦਕ, ਗੁਰੂ ਅਰਜਨ ਦੇਵ ਜੀ ਪਾਸ ਕਾਵਿ ਪ੍ਰਤਿਭਾ, ਰਾਗ ਵਿਦਿਆ ਦੀ ਡੂੰਘੀ ਸੂਝ, ਕਾਵਿ ਸ਼ਾਸਤਰ ਦੀ ਵਿਸ਼ਾਲ ਜਾਣਕਾਰੀ ਅਤੇ ਸਭ ਤੋਂ ਵੱਧ ਇਕ ਨਿਸ਼ਚਿਤ ਸੰਪਾਦਕੀ ਵਿਉਂਤ ਸੀ ਜਿਸ ਕਰਕੇ ਉਹ ਗੁਰੂ ਗ੍ਰੰਥ ਸਾਹਿਬ ਨੂੰ ਇਕ ਯੋਜਨਾ-ਬੱਧ ਰੂਪ ਦੇ ਸਕੇ। ਉਨ੍ਹਾਂ ਸਾਰੀ ਬਾਣੀ ਨੂੰ ਪਹਿਲਾਂ ਰਾਗਾਂ ਅਨੁਸਾਰ ਵੰਡਿਆ ਅਤੇ ਫਿਰ ਰਾਗਾਂ ਨੂੰ ਗਾਇਨ ਸਮੇਂ ਦੀ ਤਰਤੀਬ ਅਨੁਸਾਰ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਸ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਤੌਰ ਤੇ ਤਿੰਨ ਹਿੱਸੇ ਹਨ; ਪਹਿਲਾ ਰਾਗ ਮੁਕਤ ਬਾਣੀ ਹੈ, ਫਿਰ ਰਾਗਬੱਧ ਅਤੇ ਆਖਿਰ ਵਿਚ ਅੰਤਿਕਾਵਾਂ ਹਨ। ਗੁਰੂ ਗ੍ਰੰਥ ਸਾਹਿਬ ਦਾ ਵਡੇਰਾ ਭਾਗ ਰਾਗ-ਬੱਧ ਬਾਣੀ ਦਾ ਹੈ। ਇਸ ਲਈ ਅਗਾਂਹ ਹਰ ਰਾਗ ਵਿਚਲੀ ਬਾਣੀ ਦੀ ਇਕ ਅੰਦਰੂਨੀ ਤਰਤੀਬ ਹੈ। ਹਰ ਰਾਗ ਵਿਚ ਪਹਿਲਾਂ ਲੰਮੀਆਂ ਬਾਣੀਆਂ ਹਨ, ਫਿਰ ਵਾਰ ਤੇ ਆਖਰੀ ਭਗਤ ਬਾਣੀ। ਅੰਤਿਕਾਵਾਂ ਵਾਲੇ ਭਾਗ ਵਿਚ ਵਧੇਰੇ ਕਰਕੇ ਉਹ ਸਲੋਕ ਹਨ ਜੋ ਵਾਰਾਂ ਦੀਆਂ ਪਉੜੀਆਂ ਵਿਚ ਨਹੀਂ ਸਮਾ ਸਕੇ, ਕੁਝ ਅਭਿਨੰਦਨੀ ਸਵੱਈਏ ਹਨ, ਮੁੰਦਾਵਣੀ ਹੈ ਅਤੇ ਆਖਰ ਤੇ ਰਾਗ ਮਾਲਾ ਹੈ। ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਪ੍ਰਤਿਭਾ ਦਾ ਸਭ ਤੋਂ ਮਹੱਤਵਪੂਰਨ ਪੱਖ ਉਹ ਸੰਪਾਦਕੀ ਹਦਾਇਤਾਂ ਹਨ ਜੋ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਤੇ ਦਰਜ ਹਨ। ਇਨ੍ਹਾਂ ਹਾਲਤਾਂ ਰਾਹੀਂ ਮੂਲ ਪਾਠ ਨੂੰ ਸਮਝਣ ਅਤੇ ਗ੍ਰਹਿਣ ਕਰਨ ਲਈ ਸੁਖੈਨਤਾ ਅਤੇ ਸੁਗਮਤਾ ਪੈਦਾ ਹੋ ਗਈ ਹੈ। ਇਸ ਵਿਚ ਸਭ ਤੋਂ ਪਹਿਲੀ ਗੱਲ ਬਾਣੀ ਦੇ ਕਰਤ੍ਰਿਤਵ ਦਾ ਨਿਖੇੜਾ ਹੈ। ਸਾਰੀ ਗੁਰਬਾਣੀ ਵਿਚ ਕੇਵਲ ਇਕ ਹੀ ਕਵੀ ਛਾਪ ਨਾਨਕ ਵਰਤੀ ਗਈ ਹੈ, ਇਸ ਲਈ ਇਹ ਨਿਖੇੜਾ ਨਿਹਾਇਤ ਮੁਸ਼ਕਲ ਸੀ ਕਿ ਕਿਹੜੀ ਬਾਣੀ ਕਿਹੜੇ ਗੁਰੂ ਸਾਹਿਬ ਦੀ ਹੈ? ਗੁਰੂ ਅਰਜਨ ਦੇਵ ਜੀ ਦੇ *ਮਹਲਾ* ਦੀ ਜੁਗਤ ਨਾਲ ਇਹ ਮੁਸ਼ਕਲ ਹੱਲ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਮਿਲਦੀਆਂ ਦੱਸੀਆਂ ਜਾਂਦੀਆਂ ਬਾਬੇ ਮੋਹਨ ਵਾਲੀਆਂ ਪੋਥੀਆਂ (ਹੋਰ ਪ੍ਰਸਿੱਧ ਨਾਂ ਗੋਇੰਦਵਾਲ ਵਾਲੀਆਂ ਪੋਥੀਆਂ ਜਾਂ ਅਹੀਆਪੁਰ ਵਾਲੀ ਪੋਥੀ) ਵਿਚ ਮਹਲੇ ਦੇ ਸੰਕੇਤ ਨਹੀਂ ਹਨ। ਇਸ ਲਈ ਸੰਭਾਵਨਾ ਏਹੀ ਹੈ ਕਿ ਲੇਖਕ-ਸੰਕੇਤ ਵਾਲੀ ਕਾਢ ਗੁਰੂ ਅਰਜਨ ਦੇਵ ਜੀ ਦੀ ਹੀ ਹੈ। ਵਾਰਾਂ ਵਿਚ ਪਉੜੀਆਂ

Sri Satguru Jagjit Singh Ji Elibrary NamdhariElibrary@gmail.com

ਹੋਰ ਗੁਰੂ ਸਾਹਿਬਾਨ ਦੀਆਂ ਹਨ ਤੇ ਸਲੋਕ ਹੋਰ ਗੁਰੂ ਸਾਹਿਬਾਨ ਦੇ, ਇਸ ਸੂਰਤ ਵਿਚ ਇਹ ਨਿਖੇੜਾ ਹੋਰ ਵੀ ਜ਼ਰੂਰੀ ਬਣ ਜਾਂਦਾ ਸੀ। ਭਗਤ ਬਾਣੀ ਵਿਚਲੇ ਸ਼ਬਦਾਂ ਵਿਚ ਆਖ਼ਰ ਤੇ ਬੇਸ਼ਕ ਭਗਤ ਕਵੀ ਦਾ ਨਾਂ (ਅੱਧਾ ਜਾਂ ਪੂਰਾ) ਆਉਂਦਾ ਹੈ ਪਰ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਸ਼ਿਸ਼ਟ ਭਗਤ ਦਾ ਨਾਂ ਵੀ ਦੇ ਦਿੱਤਾ ਹੈ। ਕੁਝ ਉਦਾਹਰਣਾਂ ਹਨ : ਆਸਾ ਬਾਣੀ ਨਾਮਦੇਉ ਜੀ ਕੀ, ਧਨਾਸਰੀ ਭਗਤ ਰਵਿਦਾਸ ਜੀ ਕੀ, ਗੂਜਰੀ ਤ੍ਰਿਲੋਚਨ ਜੀ ਕੇ ਪਦੇ ਆਦਿ। ਪਾਠਕ ਇਨ੍ਹਾਂ ਉਦਾਹਰਣਾਂ ਵਿਚੋਂ ਆਦਰਸੂਚਕ ਸ਼ਬਦ 'ਜੀ', 'ਜੀਉ' ਅਤੇ 'ਸ੍ਰੀ' ਦੇਖਣ ਜੋ ਇਸ ਗੱਲ ਦਾ ਪ੍ਰਮਾਣ ਹਨ ਕਿ ਇਹ ਸ਼ਬਦ ਗੁਰੂ ਅਰਜਨ ਦੇਵ ਜੀ ਵੱਲੋਂ ਹੀ ਵਰਤੇ ਗਏ ਹੋਣਗੇ ਕਿਉਂਕਿ ਇਨ੍ਹਾਂ ਦੀ ਵਰਤੋਂ ਕੋਈ ਵੀ ਆਪਣੇ ਨਾਂ ਨਾਲ ਆਪ ਨਹੀਂ ਕਰਦਾ।

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਇਕ ਵਿਸ਼ੇਸ਼ ਗੁਣ ਰਾਗਬੱਧਤਾ ਅਤੇ ਭਿੰਨ ਭਿੰਨ ਗਾਇਨ ਸ਼ੈਲੀਆਂ ਵਿਚ ਹੋਣਾ ਹੈ। ਏਸੇ ਲਈ ਬਹੁਤ ਸਾਰੀਆਂ ਹਦਾਇਤਾਂ ਇਨ੍ਹਾਂ ਬਾਰੇ ਹਨ। ਵਾਰ ਗਾਇਕੀ ਨੇ ਗੁਰਬਾਣੀ ਦੀ ਗਾਇਨ ਸ਼ੈਲੀ ਨੂੰ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕੀਤਾ। ਕੁਝ ਵਾਰਾਂ ਅਜੇਹੀਆਂ ਹਨ ਜੋ ਪੂਰਵ ਨਾਨਕ ਕਾਲ ਦੀਆਂ ਮੰਨੀਆਂ ਜਾਂਦੀਆਂ ਹਨ ਅਤੇ ਗਾਇਨ ਦੀ ਦ੍ਰਿਸ਼ਟੀ ਤੋਂ ਮੁੱਲਵਾਨ ਹਨ। ਗੁਰੂ ਅਰਜਨ ਦੇਵ ਜੀ ਨੇ ਜਿਹੜੀ ਵਾਰ ਨੂੰ ਖ਼ਾਸ ਵਾਰ ਦੀ ਤਰਜ਼ ਤੇ ਗਾਉਣ ਦੀ ਲੋੜ ਨੂੰ ਮਹਿਸੂਸ ਕੀਤਾ, ਉਸਦੇ ਅਰੰਭ ਵਿਚ ਪ੍ਰਚਲਿਤ ਵਾਰ ਦਾ ਨਾਂ ਦੇ ਦਿੱਤਾ ਤਾਂ ਜੋ ਕਿਸੇ ਪ੍ਰਕਾਰ ਦੀ ਕੋਈ ਅਸਪਸ਼ਟਤਾ ਨ ਰਹੇ। ਇਹ ਵਾਰਾਂ ਗਿਣਤੀ ਵਿਚ ਨੌ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਬਾਈ ਵਾਰਾਂ ਵਿਚੋਂ ਨੌ ਵਾਰਾਂ ਨੂੰ ਇਨ੍ਹਾਂ ਦੀ ਤਰਜ਼ ਤੇ ਗਾਉਣ ਦਾ ਆਦੇਸ਼ ਹੈ। ਕੁਝ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਇਹ ਧੁਨੀਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਈਆਂ ਅਤੇ ਕੁਝ ਇਸ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਚੜ੍ਹਾਈਆਂ ਮੰਨਦੇ ਹਨ ਪਰ ਭਾਈ ਕਾਨ੍ਹ ਸਿੰਘ ਨਾਭਾ ਦਾ ਨਿਰਣਾ ਹੈ ਕਿ ਇਨ੍ਹਾਂ ਧੁਨੀਆਂ ਦਾ ਸੰਕੇਤ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਕੀਤਾ ਸੀ।[7] ਸ਼ਬਦਾਰਥ ਦੇ ਸੰਪਾਦਕਾਂ ਦਾ ਵੀ ਏਹੋ ਮੰਨਣਾ ਹੈ।[8] ਗਾਇਨ ਬਾਰੇ ਹੀ ਅਗਲੀ ਹਦਾਇਤ ਕਿਸੇ ਵਿਸ਼ੇਸ਼ ਲੋਕ ਛੰਦ ਜਾਂ ਧਾਰਣਾ ਬਾਰੇ ਹੈ। ਮਿਸਾਲ ਵਜੋਂ ਕੁਝ ਸਿਰਲੇਖ ਹਨ; ਵਡਹੰਸ ਮਹਲਾ 4 ਘੋੜੀਆਂ, ਰਾਗ ਵਡਹੰਸ ਮਹਲਾ 1 ਘਰੁ ॥੧॥, ਅਲਾਹੁਣੀਆਂ, ਗਉੜੀ ਪੂਰਬੀ ਮਹਲਾ 4, ਕਰਹਲੇ ਅਤੇ ਰਾਮਕਲੀ ਸਦੁ। ਇਨ੍ਹਾਂ ਵਿਚੋਂ ਘੋੜੀਆਂ ਮੰਗਲ ਗੀਤ ਹਨ, ਅਲਾਹੁਣੀਆਂ ਸ਼ੋਕ ਗੀਤ। ਤੇ ਕਰਹਲੇ ਉਹ ਲੰਮੀ ਸੁਰ ਵਾਲੇ ਗੀਤ ਹਨ ਜੋ ਵਪਾਰੀ ਊਠਾਂ ਤੇ ਮਾਲ ਲੱਦ ਕੇ ਦੂਸਰੇ ਦੇਸ਼ਾਂ ਵਿਚ ਪਹੁੰਚਾਉਣ ਲਈ ਵਕਤ ਕਟੀ 'ਤੇ ਮਨੋਰੰਜਨ ਲਈ ਸਫ਼ਰ ਵਿਚ ਗਾਉਂਦੇ ਹਨ। ਜਦੋਂ ਕਿ ਸਦ ਲੰਮੀ ਹੇਕ ਵਾਲਾ ਗੀਤ ਹੈ। ਅਸੀਂ ਜਾਣਦੇ ਹਾਂ ਕਿ ਜਿਹੜੀ ਭਗਤ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਉਸ ਵਿਚ ਹਰ ਤਰ੍ਹਾਂ ਦੀ ਸੰਪਾਦਕੀ ਇਕਸਾਰਤਾ ਹੈ, ਜਦਕਿ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿਚ ਅਜਿਹੀ ਇਕਸਾਰਤਾ ਨਹੀਂ ਲੱਭਦੀ। ਜ਼ਾਹਰ ਹੈ ਕਿ ਇਹ ਸਭ ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਪ੍ਰਤਿਭਾ ਅਤੇ ਤਰੱਦਦ ਦਾ ਹੀ ਸਿੱਟਾ ਹੈ।

ਰਚਨਾ ਵਿਸ਼ੇਸ਼ ਦੇ ਕਾਵਿ ਰੂਪ ਜਾਂ ਉਸ ਵਿਚਲੇ ਭਾਵਾਂ/ਵਿਚਾਰਾਂ ਨੂੰ ਆਧਾਰ ਬਣਾ ਕੇ ਉਸਦਾ ਢੁਕਵਾਂ ਨਾਂ ਰੱਖਣਾ ਜਾਂ ਉਸ ਨੂੰ ਸਿਰਲੇਖ ਦੇਣਾ ਵੀ ਸੰਪਾਦਕ ਦੇ ਕਾਰਜਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਸ਼ਾਮਲ ਹੈ, ਵਿਸ਼ੇਸ਼ ਕਰਕੇ ਜਦੋਂ ਮੂਲ ਲੇਖਕ ਨੇ ਆਪਣੇ ਕੋਲੋਂ ਕੋਈ ਸਿਰਲੇਖ ਨ ਦਿੱਤਾ ਹੋਵੇ। ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਪ੍ਰਤਿਭਾ ਦਾ ਇਹ ਵਿਸ਼ੇਸ਼ ਪਹਿਲੂ ਹੈ ਕਿ ਉਨ੍ਹਾਂ ਤਕਰੀਬਨ ਹਰ ਲੰਮੇਰੀ ਜਾਂ ਛੁਟੇਰੀ ਬਾਣੀ ਨੂੰ ਢੁਕਵਾਂ ਸਿਰਲੇਖ ਦਿੱਤਾ ਹੈ। ਇਸ ਦਾ ਆਧਾਰ ਕਦੀ ਕਿਸੇ ਛੰਦ ਜਾਂ ਕਾਵਿ ਰੂਪ ਦੀਆਂ ਰੂੜ੍ਹੀਆਂ ਹਨ ਤੇ ਕਦੀ ਉਸ ਵਿਚਲਾ ਕੇਂਦਰੀ ਵਿਚਾਰ ਅਤੇ ਕਦੀ ਕਿਸੇ ਸ਼ਬਦ ਦੀ ਅਰੰਭਲੀ/ਅਖੀਰਲੀ ਸਤਰ ਵਿਚ ਆਇਆ ਸ਼ਬਦ ਵਿਸ਼ੇਸ਼। 'ਸੋਦਰੁ', 'ਸੋਹਿਲਾ', 'ਸੁਖਮਨੀ', 'ਆਨੰਦ' ਅਤੇ 'ਓਅੰਕਾਰ' ਆਦਿ ਸਿਰਲੇਖ ਸ਼ਬਦ ਵਿਸ਼ੇਸ਼ ਦੇ ਆਧਾਰ ਤੇ ਦਿੱਤੇ ਗਏ ਨਾਂ ਹਨ। ਇਹ ਬਾਣੀਆਂ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਹਨ ਜਿਨ੍ਹਾਂ ਵਿਚ ਨਾਂ ਦੀ ਸੰਪਾਦਕੀ ਇਕਸਾਰਤਾ ਹੈ। 'ਸੋਦਰੁ' ਅਤੇ 'ਸੋਹਿਲਾ' ਸੰਪਾਦਿਤ ਬਾਣੀਆਂ ਹਨ ਜੋ ਗੁਰੂ ਅਰਜਨ ਦੇਵ ਜੀ ਨੇ ਹੀ ਸੰਪਾਦਿਤ ਕੀਤੀਆਂ ਹੋਣਗੀਆਂ ਕਿਉਂਕਿ ਇਨ੍ਹਾਂ ਵਿਚਲੇ ਸਾਰੇ ਸ਼ਬਦ ਏਥੇ ਸੰਚਿਤ ਹੋਣ ਦੇ ਨਾਲ ਨਾਲ ਸੰਬੰਧਿਤ ਰਾਗਾਂ ਵਿਚ ਵੀ ਮਿਲਦੇ ਹਨ। 'ਸ਼ਲੋਕ ਵਾਰਾਂ ਤੇ ਵਧੀਕ' ਅਜਿਹਾ ਸਿਰਲੇਖ ਹੈ ਜੋ ਯਕੀਨਨ ਸੰਪਾਦਕ, ਗੁਰੂ ਅਰਜਨ ਦੇਵ ਜੀ ਦਾ ਹੀ ਦਿੱਤਾ ਹੋਇਆ ਹੈ।

ਹਰ ਰਾਗ ਵਿਚ ਕਾਵਿ ਰੂਪ ਵਿਸ਼ੇਸ਼ ਦੀਆਂ ਇਕਾਈਆਂ ਦੀ ਆਪਣੀ ਅਤੇ ਕਾਵਿ ਰੂਪ/ਛੰਦ ਦੀ ਆਪਣੀ ਗਿਣਤੀ ਨਾਲੋ ਨਾਲ ਚਲਦੀ ਹੈ। ਜਿਥੇ ਇਕ ਵਿਸ਼ੇਸ਼ ਕਾਵਿ ਰੂਪ ਵਿਚਲੀ ਬਾਣੀ ਖ਼ਤਮ ਹੁੰਦੀ ਹੈ, ਉਥੇ ਇਕਾਈਆਂ (ਚਰਣਾਂ) ਅਤੇ ਛੰਦਾਂ ਦੀ ਗਿਣਤੀ ਵੀ ਦੇ ਦਿੱਤੀ ਗਈ ਹੈ। ਮਿਸਾਲ ਵਜੋਂ *ਸੁਖਮਨੀ ਸਾਹਿਬ* ਅਸ਼ਟਪਦੀਆਂ ਵਿਚ ਲਿਖੀ ਗਈ ਰਚਨਾ ਹੈ। ਅਸ਼ਟਪਦੀ ਦੇ ਅੱਠ ਪਦ ਹੁੰਦੇ ਹਨ, ਇਸ ਲਈ ਹਰ ਪਦੇ ਦੀ ਆਪਣੀ ਗਿਣਤੀ ਵੀ ਨਾਲ ਹੀ ਚਲਦੀ ਹੈ ਅਤੇ ਅਸ਼ਟਪਦੀਆਂ ਦੀ ਗਿਣਤੀ ਵੀ। ਸੁਖਮਨੀ ਦੇ ਆਖਰ ਤੇ ਦੋ ਅੰਕ ਹਨ। ॥੮॥੨੪॥ ਇਥੇ ॥੮॥ ਅਸ਼ਟਪਦੀ ਦੇ ਆਖਰੀ ਬੰਦ ਦਾ ਸੂਚਕ ਹੈ ਅਤੇ ੨੪ ਅਸ਼ਟਪਦੀਆਂ ਦੀ ਕੁਲ ਗਿਣਤੀ ਦਾ। ਜਿਥੇ ਬਾਰਾਂਮਾਹ ਤੁਖਾਰੀ ਖ਼ਤਮ ਹੁੰਦਾ ਹੈ ਉਥੇ ਇਹ ਸੂਚਨਾ ਦਰਜ ਹੈ :॥੧੭॥ ॥੧॥ ਇਥੇ ੧੭ ਦੀ ਗਿਣਤੀ ਬੰਦਾਂ ਦੀ ਹੈ ਜਦਕਿ ਇਕ ਬਾਰਾਮਾਹ ਕਾਵਿ ਰੂਪ ਦਾ ਸੂਚਕ ਹੈ। ਕਈ ਥਾਈਂ ਕੁਲ ਜੋੜ ਦਾ ਸੂਚਕ ਪਦ 'ਜੁਮਲਾ' ਵੀ ਆਇਆ ਹੈ ਜਿਥੇ ਸ਼ਬਦਾਂ ਦੀ ਗਿਣਤੀ ਕਰਕੇ ਦਰਜ ਕੀਤੀ ਗਈ ਹੈ।

ਕਈ ਥਾਵਾਂ ਤੇ ਉਚਾਰਣ ਸੰਬੰਧੀ ਸੰਪਾਦਕੀ ਹਦਾਇਤਾਂ ਵੀ ਦਰਜ ਹਨ। ਇਹ ਹਦਾਇਤਾਂ ਆਮ ਕਰਕੇ ਉਥੇ ਹਨ ਜਿਥੇ ਅੰਕ/ਅੰਕਾਂ ਦੀ ਵਰਤੋਂ ਹੋਈ ਹੈ। ਅਜਿਹੇ ਮੌਕਿਆਂ ਤੇ ਅੰਕ ਦੇ ਉਚਾਰਣ ਨੂੰ ਮਨ-ਇੱਛਿਤ ਤਰੀਕੇ ਨਾਲ ਗ੍ਰਹਿਣ ਕਰਨ ਹਿਤ ਸੰਪਾਦਕ ਨੇ ਇਹ ਸੂਚਨਾ ਆਪਣੇ ਕੋਲੋਂ ਦਿੱਤੀ ਹੈ। ਕੁਝ ਉਦਾਹਰਣਾਂ ਹਨ; ਗਉੜੀ ਗੁਆਰੇਰੀ ਮਹਲਾ ੪ ਚਉਥਾ ਲਿਖਣ ਦਾ ਭਾਵ ਹੈ ਕਿ ਅੰਕ ੪ ਨੂੰ ਚਾਰ ਨਹੀਂ, ਚਉਥਾ ਪੜ੍ਹਨਾ ਹੈ। ਏਸੇ ਤਰ੍ਹਾਂ ੧ ਨੂੰ ਪਹਿਲਾ, ੨ ਨੂੰ ਦੂਜਾ, ੩ ਨੂੰ ਤੀਜਾ ਪੜ੍ਹਨਾ ਹੈ। ਇਹ ਹਦਾਇਤ ਰਹਾਉ ਦੇ ਪ੍ਰਸੰਗ ਵਿਚ ਵੀ ਮਿਲਦੀ ਹੈ ਜਿਵੇਂ ਰਹਾਉ ਦੂਜਾ, ਰਹਾਉ ਤੀਜਾ ਆਦਿ।

ਅਕਸਰ ਇਸ ਤਰ੍ਹਾਂ ਹੁੰਦਾ ਹੈ ਕਿ ਜਿਹੜੀ ਸਮੱਗਰੀ ਕਿਸੇ ਕਾਰਣ ਮੂਲ ਗ੍ਰੰਥ ਦੀ ਸੰਪਾਦਨ ਯੋਜਨਾ ਦੀ ਹਿੱਸਾ ਨਹੀਂ ਬਣੀ ਹੁੰਦੀ, ਪਰ ਦੇਣੀ ਜ਼ਰੂਰੀ ਹੁੰਦੀ ਹੈ, ਉਸਨੂੰ ਅੰਤਿਕਾ (Appendix) ਦੇ ਰੂਪ ਵਿਚ ਦੇ ਦਿੱਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ

Sri Satguru Jagjit Singh Ji Elibrary NamdhariElibrary@gmail.com

ਅਰਜਨ ਦੇਵ ਜੀ ਨੇ ਵੀ ਏਹੋ ਵਿਧੀ ਵਰਤੀ ਹੈ। ਇਸ ਗ੍ਰੰਥ ਦੇ ਪੰਨਾ 1410 ਤੋਂ 1420 ਤਕ ਦਿੱਤੀ ਗਈ ਸਮੱਗਰੀ ਅਸਲ ਵਿਚ ਇਸ ਦੀ ਅੰਤਿਕਾ ਹੀ ਹੈ। "ਸਲੋਕ ਵਾਰਾਂ ਤੇ ਵਧੀਕ" ਦੇ ਅਰਥ ਇਹ ਲਏ ਜਾਂਦੇ ਹਨ ਕਿ ਕੁਝ ਸਲੋਕ ਤਾਂ ਵਾਰਾਂ ਵਿਚ ਪਉੜੀਆਂ ਨਾਲ ਮਿਲਾ ਕੇ ਪਾ ਦਿੱਤੇ ਗਏ ਅਤੇ ਜੋ ਬਚ ਰਹੇ, ਉਹ ਏਥੇ ਦਰਜ ਕਰ ਦਿੱਤੇ ਗਏ। ਇਸ ਅੰਤਿਕਾ ਵਿਚ ਹੀ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਵਾਲੇ ਸ਼ਬਦ "ਤੇਰਾ ਕੀਤਾ ਜਾਤੋ ਨਾਹੀ" ਵਿਚ ਸੰਪਾਦਨ ਕਾਰਜ ਮੁਕੰਮਲ ਹੋਣ ਤੇ ਪਰਮਾਤਮਾ ਦਾ ਧੰਨਵਾਦ ਕੀਤਾ ਹੈ। ਸੰਪਾਦਨ ਸ਼ਾਸਤਰ ਦੀ ਸ਼ਬਦਾਵਲੀ ਵਿਚ ਇਸ ਨੂੰ ਪੁਸ਼ਪਿਕਾ (Colophon) ਕਿਹਾ ਜਾ ਸਕਦਾ ਹੈ ਜਿਸ ਦਾ ਉਚਿਤ ਥਾਂ ਗ੍ਰੰਥ ਦਾ ਅੰਤਲਾ ਰਾਗ ਹੈ। ਮੁੰਦਾਵਣੀ ਦਾ ਸ਼ਾਬਦਿਕ ਅਰਥ ਹੀ ਅੰਤਿਮ ਮੁਹਰ ਛਾਪ ਤੋਂ ਹੈ।[9]

ਮੱਧਕਾਲੀਨ ਭਾਰਤੀ ਗ੍ਰੰਥਾਂ ਦੇ ਲਿਖਣ ਅਥਵਾ ਤਰਤੀਬ ਦੇਣ ਵਾਸਤੇ ਇਕ ਨਿਯਮ ਪ੍ਰਚਲਿਤ ਸੀ ਜਿਸ ਨੂੰ ਉਪਕ੍ਰਮ-ਉਪਸੰਹਾਰ ਦਾ ਨਾਂ ਦਿੱਤਾ ਜਾਂਦਾ ਸੀ।[10] ਇਸ ਦਾ ਭਾਵ ਇਹ ਹੁੰਦਾ ਸੀ ਕਿ ਗ੍ਰੰਥ ਦੀ ਭੂਮਿਕਾ ਅਤੇ ਉਸਦੇ ਅੰਤਿਮ ਹਿੱਸੇ ਵਿਚ ਸਿੱਧਾਂਤ ਦੀ ਏਕਤਾ। ਇਸ ਨਿਯਮ ਅਨੁਸਾਰ ਆਦਿ ਗ੍ਰੰਥ ਦੇ ਤਿੰਨ ਭਾਗ ਹਨ; 'ਨਿਤਨੇਮ ਦੀਆਂ ਬਾਣੀਆਂ' ਅਥਵਾ ਭੂਮਿਕਾ (ਪੰਨੇ 1-13) ਰਾਗ ਬੱਧ ਬਾਣੀ, (ਪੰਨੇ 14-1352) ਅਤੇ ਰਾਗ ਮੁਕਤ ਬਾਣੀ (ਪੰਨੇ 1353-1430) ਨਿਤਨੇਮ ਦੀਆਂ ਬਾਣੀਆਂ ਵਿਚ 'ਜਪੁ' ਆਦਿ ਗ੍ਰੰਥ ਦੀ ਭੂਮਿਕਾ ਹੈ ਜਿਸ ਉਪਰ ਸਮੁੱਚੇ ਆਦਿ ਗ੍ਰੰਥ ਦਰਸ਼ਨ ਦੀ ਉਸਾਰੀ ਹੋਈ ਹੈ ਅਤੇ ਅਗਲੇ ਦੋਵੇਂ ਭਾਗ ਇਸ ਦੇ ਹੀ ਵਿਸਤਾਰ ਹਨ। ਏਸੇ ਨਿਯਮ ਦਾ ਇਕ ਉਪ-ਨਿਯਮ ਇਹ ਹੈ ਕਿ ਸੰਪਾਦਿਤ ਗ੍ਰੰਥ ਜਿਸ ਅੱਖਰ ਨਾਲ ਅਰੰਭ ਹੋਵੇ, ਉਸੇ ਨਾਲ ਹੀ ਖ਼ਤਮ ਹੋਵੇ। ਗੁਰੂ ਗ੍ਰੰਥ ਸਾਹਿਬ ਦਾ ਅਰੰਭ 'ਸ' ਅੱਖਰ ਨਾਲ ਹੁੰਦਾ ਹੈ (ਸਤਿਨਾਮੁ) ਅਤੇ ਅਖੀਰ ਵੀ 'ਸ' ਅੱਖਰ ਨਾਲ (ਅਠਾਰਹ ਦਸ ਬੀਸ) ਏਥੇ ਸਿਧਾਂਤ ਦੀ ਏਕਤਾ ਤੇ ਗ੍ਰੰਥ ਦੀ ਤਕਨੀਕੀ ਲੋੜ ਦਾ ਨਿਰਬਾਹ ਕੀਤਾ ਗਿਆ ਹੈ।

ਸੰਪਾਦਨ ਦੀ ਆਖਰੀ ਪਰ ਪੁਸਤਕ ਦੀ ਪਹਿਲੀ ਲੋੜ ਹੈ ਤਤਕਰਾ। ਤਤਕਰੇ ਵਿਚ ਪੁਸਤਕ ਵਿਚਲੇ ਵੇਰਵਿਆਂ ਨੂੰ ਅਰੰਭ ਵਿਚ ਅੰਕਿਤ ਕੀਤਾ ਜਾਂਦਾ ਹੈ। ਤਤਕਰੇ ਤੇ ਪਾਠਕ ਨੂੰ ਲੋੜੀਂਦਾ ਵੇਰਵਾ ਲੱਭਣ ਵਿਚ ਬਹੁਤ ਆਸਾਨੀ ਰਹਿੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀ-ਭੰਡਾਰ ਵਿਚੋਂ ਜੇ ਕੋਈ ਸ਼ਬਦ ਸਹਿਜੇ ਹੀ ਲੱਭਣਾ ਹੋਵੇ ਤਾਂ ਕਾਫੀ ਸਮਾਂ ਖਰਚ ਕਰਨਾ ਪਵੇਗਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਉਂਕਿ ਰਾਗ-ਬੱਧ ਹੈ, ਇਸ ਲਈ "ਤਤਕਰਾ ਰਾਗਾਂ ਕਾ" ਬਣਾ ਕੇ ਅਰੰਭ ਵਿਚ ਦੇ ਦਿੱਤਾ ਗਿਆ ਹੈ, ਪਰ ਇਹ ਗੱਲ ਏਥੇ ਹੀ ਖ਼ਤਮ ਨਹੀਂ ਹੋ ਗਈ। ਵਿਸ਼ੇਸ਼ ਰਾਗ ਵਿਚ ਜਿੰਨੇ ਸ਼ਬਦ/ਪਦੇ ਆਉਂਦੇ ਹਨ, ਉਨ੍ਹਾਂ ਦੀਆਂ ਅਰੰਭਲੀਆਂ ਸਤਰਾਂ ਦੇ ਕੁਝ ਅਰੰਭਲੇ ਸ਼ਬਦ ਵੀ ਇਸ ਤਤਕਰੇ ਵਿਚ ਅੰਕਿਤ ਕਰ ਦਿੱਤੇ ਗਏ ਹਨ ਤਾਂ ਕਿ ਸ਼ਬਦ ਵਿਸ਼ੇਸ਼ ਵਿਚ ਅੌਕੜ ਨਾ ਆਵੇ। ਅਜ ਏਸੇ ਤਤਕਰੇ ਦਾ ਮਾਡਲ ਵਿਕਾਸ ਕਰਕੇ ਕਈਆਂ ਕੋਸ਼ਾਂ, ਵਿਸ਼ਵ ਕੋਸ਼ਾਂ ਅਤੇ ਅਨੁਕ੍ਰਮਣਿਕਾਵਾਂ ਵਿਚ ਤਬਦੀਲ ਹੋ ਚੁੱਕਾ ਹੈ।

ਅਖੀਰ ਤੇ ਇਕ ਗੱਲ ਨਿਰਣੇ ਵਜੋਂ ਕਹੀ ਜਾ ਸਕਦੀ ਹੈ ਕਿ ਗੁਰੂ ਅਰਜਨ ਦੇਵ ਜੀ ਨ ਕੇਵਲ ਇਕ ਬਾਣੀਕਾਰ ਹੀ ਸਗੋਂ ਇਕ ਸੁਘੜ ਸੰਪਾਦਕ ਵੀ ਸਨ। ਸੰਸਕ੍ਰਿਤ ਦੇ ਟਾਕਰੇ ਗੁਰਬਾਣੀ ਬਾਰੇ ਲੋਕਾਂ ਦੇ ਮਨਾਂ ਵਿਚ ਆਦਰ ਮਾਣ ਪੈਦਾ ਕਰਕੇ ਇਸ ਨੂੰ ਧਰਮ ਕਰਮ ਦੇ ਕੰਮਾਂ

Sri Satguru Jagjit Singh Ji Elibrary NamdhariElibrary@gmail.com

ਲਈ ਪਵਿੱਤਰਤਾ ਪ੍ਰਦਾਨ ਕਰਨਾ ਉਚੇਚੇ ਯਤਨਾਂ ਦੇ ਨਾਲ ਨਾਲ ਗੁਰਬਾਣੀ ਦੇ ਵਿਸ਼ਾਲ ਸੰਗ੍ਰਹਿ ਨੂੰ ਇਕ ਨਿਸ਼ਚਿਤ ਸੰਪਾਦਕੀ ਵਿਉਂਤ ਵਿਚ ਬੰਨ੍ਹਣਾ, ਕਰਤ੍ਰਿਤਵ ਦੇ ਨਿਖੇੜ ਲਈ ਸੰਕੇਤ ਵਰਤਣੇ, ਸਮੁੱਚੇ ਪਾਠ ਨੂੰ ਸੁਗਮ, ਸੁਖੇਨ ਅਤੇ ਸਮਝਣਗੋਚਰਾ ਬਣਾਉਣ ਲਈ ਆਪਣੇ ਕੋਲੋਂ ਸੰਪਾਦਕੀ ਹਦਾਇਤਾਂ ਦੇਣੀਆਂ, ਨਿਸ਼ਚੇ ਹੀ ਗੁਰੂ ਅਰਜਨ ਦੇਵ ਜੀ ਦੀ ਸੰਪਾਦਨ-ਪ੍ਰਤਿਭਾ ਦਾ ਕ੍ਰਿਸ਼ਮਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਚੌਥੀ ਵਾਰ, 1981, ਪੰਨਾ 66.
2. *ਗੁਰੂ ਗ੍ਰੰਥ ਸਾਹਿਬ*, ਪੰਨਾ 465.
3. *ਉਹੀ*, ਪੰਨਾ 628.
4. *ਉਹੀ*, ਪੰਨਾ 370.
5. *ਉਹੀ*, ਪੰਨਾ 186.
6. *ਸਿੱਖਾਂ ਦੀ ਭਗਤਮਾਲਾ*, (ਸੰਪਾ. ਧਰਮ ਚੰਦ ਵਾਤਿਸ਼), ਪੰਨਾ 218.
7. *ਮਹਾਨ ਕੋਸ਼*, ਚੌਥੀ ਵਾਰ 1981, ਪੰਨਾ 1081.
8. *ਸ਼ਬਦਾਰਥ* (ਪੋਥੀ ਪਹਿਲੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਚੌਥੀ ਵਾਰ, ਮਈ 1969, ਪੰਨਾ 137.
9. *ਮਹਾਨ ਕੋਸ਼*, ਪੰਨਾ 986.
10. *ਉਹੀ*, ਪੰਨਾ 12.

Sri Satguru Jagjit Singh Ji Elibrary NamdhariElibrary@gmail.com

# ਸੁਖਮਨੀ ਸਾਹਿਬ ਦਾ ਅਧਿਐਨ

ਡਾ. ਐਨ. ਮੁਰੁ ਮੋਹਨ*

## ਜਾਣ-ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੁਖਮਨੀ ਸਾਹਿਬ' ਦੀ ਬਾਣੀ ਨੂੰ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹ ਬਾਣੀ ਕਾਵਿ-ਰੂਪ ਸਿੱਖਾਂ ਦੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਹੈ। ਜ਼ਿਆਦਾਤਰ ਸਿੱਖ ਵਿਦਵਾਨ 'ਸੁਖਮਨੀ' ਸ਼ਬਦ ਦਾ ਅੰਗਰੇਜ਼ੀ ਉਲਥਾ 'Psalm of Peace' ਕਰਦੇ ਹਨ ਜਿਸ ਦਾ ਸ਼ਾਬਦਿਕ ਅਰਥ ਹੈ 'ਸ਼ਾਂਤੀ ਦੀ ਬਾਣੀ'। ਇਹ ਸਮਝਿਆ ਜਾਂਦਾ ਹੈ ਕਿ 'ਸੁਖਮਨੀ' ਦੀ ਬਾਣੀ ਇਕ ਵਿਆਕੁਲ ਅਤੇ ਬੇਚੈਨ ਮਨ ਨੂੰ ਸ਼ਾਂਤ ਅਵਸਥਾ ਵਿਚ ਸਥਿਤ ਕਰਨ ਦੇ ਰਸਤੇ ਪ੍ਰਦਾਨ ਕਰਦੀ ਹੈ। ਇਉਂ ਸਮਝ ਲੈਣਾ ਇਕ ਠੀਕ ਸੋਚ ਹੈ ਕਿ ਸੁਖਮਨੀ ਜੀਵ ਆਤਮਾ ਪ੍ਰਤਿ ਮੁਖਾਤਬ ਹੈ। ਕਿਉਂਕਿ ਸੁਖਮਨੀ ਸਾਹਿਬ ਦੀ ਬਾਣੀ ਪੜ੍ਹਨ ਨਾਲ ਮਨੁੱਖੀ ਮਨ ਜਿਸ ਵਿਚ ਕੋਈ ਸ਼ਕ ਨਹੀਂ ਕਿ ਗਲ ਇਹੋ ਵਾਪਰਦੀ ਹੈ। ਇਕ ਤਾਮਿਲ ਵਿਦਿਆਰਥੀ, ਜਿਸ ਨੂੰ ਮੈਂ 'ਸੁਖਮਨੀ' ਦੀ ਤਾਮਿਲ ਤਰਜਮੇ ਦੀ ਪੁਸਤਕ ਦਿੱਤੀ ਸੀ, ਕੁਝ ਮਹੀਨਿਆਂ ਬਾਅਦ ਆਇਆ ਤੇ ਦੱਸਿਆ ਕਿ ਉਹ ਅਤਿ ਦੀ ਮਾਨਸਿਕ ਬੇਚੈਨੀ ਦੇ ਸਮੇਂ 'ਸੁਖਮਨੀ ਸਾਹਿਬ' ਦਾ ਪਾਠ ਕਰਦਾ ਹੁੰਦਾ ਸੀ ਤੇ ਇਸ ਦੇ ਪਾਠ ਨੇ ਉਸ ਨੂੰ ਲਾਜ਼ਮੀ ਸ਼ਾਂਤੀ ਦਿੱਤੀ ਜਿਸ ਦੀ ਉਸ ਨੂੰ ਬਹੁਤ ਲੋੜ ਸੀ। ਖੈਰ ਜੋ ਵੀ ਹੋਵੇ 'ਸੁਖਮਨੀ ਸਾਹਿਬ' ਨੂੰ ਸਿੱਖ ਧਰਮ ਦੇ ਸਾਰੇ ਮੂਲ ਤਾਤਵਿਕ ਗਿਆਨ ਦੀ ਅਧਿਆਤਮਿਕਤਾ ਨੂੰ ਸਮਝਣ ਅਤੇ ਦੁਨਿਆਵੀ ਪਾਸਾਰਾਂ ਵਾਲੀ ਬਾਣੀ ਦੇ ਰੂਪ ਵਿਚ ਜਾਣਿਆ ਜਾ ਸਕਦਾ ਹੈ। ਹਥਲਾ ਪਰਚਾ ਇਸ ਬਾਣੀ ਦੇ ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਹੈ, ਤਾਂ ਜੋ ਇਸ ਦੇ ਗੂੜ੍ਹ, ਅਰਥਾਂ ਨੂੰ ਵਿਸਤ੍ਰਿਤ ਪਰਿਪੇਖ ਵਿਚ ਸਮਝ ਸਕੀਏ।

## ਸ੍ਰੀ ਗੁਰੂ ਅਰਜਨ ਦੇਵ

ਸੁਖਮਨੀ ਸਾਹਿਬ ਵਿਚ ਮਨੁੱਖ ਮਾਤਰ ਦੇ ਜੀਵਨ ਦੀਆਂ ਗੰਭੀਰ ਅਤੇ ਅਹਿਲ ਘੜੀਆਂ ਦਾ ਸੰਗੀਤ ਗੂੰਜਦਾ ਹੋਣਾ ਐਸੀ ਸੰਗੀਤਾਤਮਿਕ ਹੂਕ ਜੋ ਦਿਲ ਤੋਂ ਉਠਦੀ ਹੈ ਤੇ ਜਿਸ ਦਿਲ ਨੇ ਇਹ ਦੁਖੀ ਘੜੀਆਂ ਹੰਢਾਈਆਂ ਹੁੰਦੀਆਂ ਅਤੇ ਨਾਲ ਦੀ ਨਾਲ ਅੰਤਾਂ ਦੀ ਸ਼ਾਂਤੀ ਵੀ ਪ੍ਰਾਪਤ ਕੀਤੀ ਹੁੰਦੀ ਹੈ। ਇਹ ਉਹ ਸ਼ਾਂਤੀ ਹੈ ਜਿਸ ਪਿੱਛੇ ਦਰਦ ਭਰੀ ਪ੍ਰਬਲ ਘਾਲਣਾ ਹੈ। ("The Psalm of Peace" p. vii), ਤੇਜਾ ਸਿੰਘ ਸਾਨੂੰ ਯਾਦ ਕਰਾਉਂਦੇ ਹਨ

* ਰੀਡਰ ਅਤੇ ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ, ਕਾਮਰਾਜ ਯੂਨੀਵਰਸਿਟੀ, ਤਾਮਿਲਨਾਡੂ।

Sri Satguru Jagjit Singh Ji Elibrary NamdhariElibrary@gmail.com

ਕਿ ਇਹ ਬਾਣੀ ਉਸ ਗੁਰੂ ਦੁਆਰਾ ਰਚੀ ਗਈ ਹੈ ਜੋ ਏਨਾ ਉਦਾਰਚਿੱਤ ਸੀ ਕਿ ਜਿਸ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਹਿੰਦੂ ਅਤੇ ਮੁਸਲਿਮ ਸੰਤਾਂ ਦੀ ਬਾਣੀ ਨੂੰ ਸ਼ਾਮਲ ਕੀਤਾ, ਜਿਸ ਨੇ ਆਪਣੀ ਵਿਅਕਤੀਗਤ ਜਾਇਦਾਦ ਆਪਣੇ ਭਰਾਵਾਂ ਨੂੰ ਦੇ ਦਿੱਤੀ ਅਤੇ ਜੋ ਸਿੱਖ ਇਤਿਹਾਸ ਵਿਚ ਪਹਿਲਾ ਸ਼ਹੀਦ ਹੋਇਆ। ਤੇਜਾ ਸਿੰਘ ਇਸ 'ਸ਼ਾਂਤੀ ਦੀ ਬਾਣੀ' ਨੂੰ "ਸਿੱਖ ਚਰਿੱਤਰ ਨਾਲ ਵੀ ਜੋੜਦੇ ਹਨ, ਜਿਸ ਦੀ ਨੀਂਹ ਸੱਚ ਤੇ ਸਿਧਾਂਤ ਲਈ ਦੁੱਖ ਸਹਿਣ 'ਤੇ ਰੱਖੀ ਗਈ ਸੀ।" (The Psalm of Peace, p. x) ਇਹ ਸਭ ਕੁਝ ਵਿਧੀ ਵਿਗਿਆਨ ਦੇ ਨਿਰਦੇਸ਼ਨ ਹਨ ਜੋ ਸਾਨੂੰ ਇਸ ਦੇ ਤਰਜਮਾਕਾਰ ਤੋਂ 'ਸੁਖਮਨੀ ਸਾਹਿਬ' ਦੇ ਪਾਠ ਕਰਨ ਤੋਂ ਪਹਿਲਾਂ ਮਿਲਦੇ ਹਨ। ਉਹ ਸਾਡੇ ਲਈ ਬਾਣੀ ਦੇ ਵਿਸ਼ਾ-ਵਸਤੂ ਦੇ ਸਿੱਧੇ ਅਤੇ ਅੰਦਰਲੇ/ਡੂੰਘੇ ਸੰਦਰਭ ਦੀ ਖੋਜ ਕਰਦੇ ਹਨ। ਗੁਰੂ ਅਰਜਨ ਦੇਵ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਸਥਾਨ ਰੱਖਦੇ ਹਨ। ਉਹਨਾਂ ਦੇ ਸਮੇਂ ਪੰਜਾਬ ਵਿਚ ਸਿੱਖ ਧਰਮ ਦੀ ਸਥਾਪਨਾ ਪੱਕੇ ਤੌਰ ਤੇ ਹੋਈ ਅਤੇ ਇਹ ਦੂਰ ਦੂਰ ਤੱਕ ਫੈਲਿਆ, ਤੇ ਗੁਰੂ ਸਾਹਿਬ ਨੇ ਇਸ ਤੱਥ ਨੂੰ ਧਿਆਨ ਵਿਚ ਲਿਆਂਦਾ। ਗੁਰੂ ਸਾਹਿਬ ਨੇ 'ਹਰਿਮੰਦਰ ਸਾਹਿਬ' ਦੀ ਇਮਾਰਤ ਜੋ, ਅੰਮ੍ਰਿਤਸਰ ਦੇ ਸਵਰਨ ਸ਼ਹਿਰ ਦੇ ਮੱਧ ਵਿਚ ਸਥਿਤ ਹੈ, ਨੂੰ ਸੰਪੂਰਨ ਕਰਨ ਦਾ ਅਤੇ ਸਿੱਖਾਂ ਨੂੰ ਇਸ ਨਵੇਂ ਸ਼ਹਿਰ ਵਿਚ ਵਸਾਉਣ ਦਾ ਖ਼ਾਸ ਉਪਰਾਲਾ ਕੀਤਾ। ਜਿੱਥੇ, ਸਿੱਖ ਧਰਮ ਦੇ ਫ਼ੈਲਣ ਦੀ ਖ਼ੁਸ਼ੀ ਸੀ, ਓਥੇ ਨਾਲ ਹੀ ਇਸ ਨੇ ਉਸ ਸਮੇਂ ਦੇ ਦਿੱਲੀ ਦੇ ਹਾਕਮਾਂ ਦੇ ਧਿਆਨ ਨੂੰ ਸੱਦਾ ਦਿੱਤਾ। ਹਾਕਮਾਂ ਨੇ ਸਿੱਖ ਧਰਮ ਦੀ ਪ੍ਰਫੁੱਲਤਾ ਅਤੇ ਇਸ ਦੀ ਪ੍ਰਪੱਕਤਾ ਵਿਚ ਕੁਝ ਰਾਜਨੀਤੀ ਨੂੰ ਸੁੰਘਿਆ ਹੋਣਾ ਹੈ, ਜਿਵੇਂ ਕਿ ਸਿੱਖ ਧਰਮ ਦਾ ਭਵਿੱਖ ਅਜੇ ਉਸਰ ਰਿਹਾ ਸੀ, ਭਾਵੇਂ ਕਿ ਇਸ ਦਾ ਮੁੱਢ ਤੋਂ ਹੀ ਸੁਭਾਵਿਕ ਵਿਕਾਸ ਹੋ ਰਿਹਾ ਸੀ। ਗੁਰੂ ਸਾਹਿਬ ਨੇ ਇਸ ਦੇ ਨਵੇਂ ਵਿਕਾਸ ਬਾਰੇ ਦਬਾਅ ਅਤੇ ਜ਼ਿੰਮੇਵਾਰੀਆਂ ਨੂੰ ਮਹਿਸੂਸ ਕੀਤਾ ਹੋਣਾ ਹੈ। ਉਹਨਾਂ ਦੀਆਂ ਆਪਣੇ ਸਿੱਖਾਂ ਪ੍ਰਤਿ ਜ਼ੁੰਮੇਵਾਰੀਆਂ ਕੇਵਲ ਬਾਹਰੀ ਨਹੀਂ ਸਨ ਪਰੰਤੂ ਅੰਦਰੂਨੀ ਵੀ ਸਨ। ਜਦੋਂ ਅਸੀਂ ਗੁਰੂ ਸਾਹਿਬ ਦੀਆਂ ਬਹੁਗਿਣਤੀ ਵਿਚ ਰਚੀਆਂ ਬਾਣੀਆਂ ਜਾਂ ਸ਼ਬਦਾਂ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਇਹ ਗੱਲ ਸਮਝ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਸਮੇਂ ਦੀ ਵੰਗਾਰ ਨਾਲ ਰੂ-ਬਰੂ ਹੋਣ ਲਈ ਬਹੁਤ ਵੱਡੀ ਉਤਰਦਾਇਤਾ ਆਪਣੇ ਸਿਰ ਲਈ। ਇਸ ਨੂੰ ਅਸੀਂ 'ਸੁਖਮਨੀ ਸਾਹਿਬ' ਦਾ ਆਮ ਸੰਦਰਭ ਸਮਝਦੇ ਹਾਂ।

### ਸੱਚ/ਅਸਤਿਤਵ ਦਾ ਪ੍ਰਤਿਬਿੰਬ

ਜ਼ਿੰਦਗੀ ਦਾ ਪ੍ਰਤਿਬਿੰਬ ਜੋ ਗੁਰੂ ਸਾਹਿਬ ਨੇ ਦਰਸਾਇਆ ਹੈ, 'ਸੁਖਮਨੀ ਸਾਹਿਬ' ਦੇ ਪਿਛੋਕੜ ਨੂੰ ਬਹੁਤ ਵਿਸ਼ਾਲ ਬਣਾਉਂਦਾ ਹੈ। ਜਿਵੇਂ ਕਿ ਬਾਣੀ ਦੇ ਅਖੀਰਲੇ ਹਿੱਸੇ ਵਿਚ ਗੁਰੂ ਸਾਹਿਬ ਨੇ ਫ਼ਰਮਾਇਆ ਹੈ ਕਿ ਪਰਮਾਤਮਾ ਦੇ ਕ੍ਰਿਸ਼ਮੇ ਉਸ ਦੀ ਆਪਣੀ ਰਚਨਾ ਹੈ। ਸਿਟੇ ਵਜੋਂ, 'ਸੱਚ' ਨੂੰ ਸਮਝਣ ਲਈ ਸਾਡਾ ਪਹਿਲਾ ਨੁਕਤਾ ਸ੍ਰਿਸ਼ਟੀ ਰਚਨਾ ਆਪ ਹੀ ਹੈ। ਦਸਵੀਂ ਅਸਟਪਦੀ ਵਿਚ ਗੁਰੂ ਸਾਹਿਬ ਪਰਮਾਤਮਾ ਦੀ ਰਚਨਾ ਦੀ ਸੀਮਾ ਅਤੇ ਭਿੰਨ ਭਿੰਨ ਕਿਸਮਾਂ ਦਾ ਬਿਆਨ ਕਰਦੇ ਹਨ। ਲਗਭਗ, ਸੁਖਮਨੀ ਸਾਹਿਬ ਵਿਚ ਗੁਰੂ ਸਾਹਿਬ ਪਰਮਾਤਮਾ ਦੀ ਰਚਨਾ ਦੀਆਂ ਅਨੰਤ ਕਿਸਮਾਂ ਦਾ ਵਰਣਨ ਕਰਦੇ ਹਨ। ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੀ 'ਜਪੁਜੀ ਸਾਹਿਬ' ਦੀ ਬਾਣੀ ਵਿਚ ਹੋਇਆ ਹੈ :

Sri Satguru Jagjit Singh Ji Elibrary NamdhariElibrary@gmail.com

*ਕਈ ਕੋਟਿ ਪੰਖੀ ਸਰਪ ਉਪਾਏ॥*
*ਕਈ ਕੋਟਿ ਪਾਥਰ ਬਿਰਖ ਨਿਪਜਾਏ॥*
*ਕਈ ਕੋਟਿ ਪਵਣ ਪਾਣੀ ਬੈਸੰਤਰ॥*
*ਕਈ ਕੋਟਿ ਦੇਸ ਭੂ ਮੰਡਲ॥*
*ਕਈ ਕੋਟਿ ਸਸੀਅਰ ਸੂਰ ਨਖ੍ਯ੍ਰ॥*
*ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥*
*ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥ 3॥*

(ਅਸਟਪਦੀ 10)

ਗੁਰੂ ਸਾਹਿਬ ਆਪਣੇ ਵਿਵਰਨ ਨੂੰ ਕੁਦਰਤੀ/ਭੌਤਿਕ ਜਗਤ ਦੀਆਂ ਬਹੁ-ਰੰਗੀ ਕਿਸਮਾਂ ਤੱਕ ਹੀ ਸੀਮਿਤ ਨਹੀਂ ਕਰਦੇ। ਸਮਾਜਿਕ ਜਗਤ ਵੀ ਬਹੁਤ ਕਿਸਮ ਦਾ ਹੈ। ਸਮਾਜਿਕ ਸੰਸਾਰ ਦੀ ਭਿੰਨਤਾ ਅੱਛੇ ਅਤੇ ਬੁਰੇ, ਸੰਤ ਅਤੇ ਹੰਕਾਰੀ, ਸ਼ਕਤੀਸ਼ਾਲੀ ਅਤੇ ਸ਼ਕਤੀਹੀਣ ਲੋਕਾਂ ਨਾਲ ਆਈ ਹੈ। ਗੁਰੂ ਸਾਹਿਬ ਜੀਵਨ ਦੀਆਂ ਬੁਰਾਈਆਂ ਨੂੰ ਬਹੁਤ ਹੀ ਯਥਾਰਥਕ ਢੰਗ ਨਾਲ ਪੇਸ਼ ਕਰਦੇ ਹਨ :

*ਕਈ ਕੋਟਿ ਭਏ ਅਭਿਮਾਨੀ॥*
*ਕਈ ਕੋਟਿ ਅੰਧ ਅਗਿਆਨੀ॥*
*ਕਈ ਕੋਟਿ ਕਿਰਪਨ ਕਠੋਰ॥*
*ਕਈ ਕੋਟਿ ਅਭਿਗ ਆਤਮ ਨਿਕੋਰ॥*
*ਕਈ ਕੋਟਿ ਪਰ ਦਰਬ ਕਉ ਹਿਰਹਿ॥*
*ਕਈ ਕੋਟਿ ਪਰ ਦੂਖਨਾ ਕਰਹਿ॥ 3॥*

(ਅਸਟਪਦੀ 10)

ਠੀਕ ਹੈ, ਸੱਚ/ਸੰਸਾਰਿਕ ਸੱਚ ਪੂਰੀ ਤਰ੍ਹਾਂ ਨਾਕਾਰਾਤਮਿਕ ਨਹੀਂ ਹੈ। ਬਹੁਤ ਸਾਰੇ ਹਨ ਜਿਨ੍ਹਾਂ ਵਿਚ ਪ੍ਰਭੂ ਨੂੰ ਮਿਲਨ ਦੀ ਪਿਆਸ ਹੈ ਅਤੇ ਉਹ ਉਸ ਨੂੰ ਮਿਲਨ ਦੇ ਕਈ ਰਸਤੇ ਖੋਜਦੇ ਹਨ :

*ਕਈ ਕੋਟਿ ਭਏ ਤੀਰਥ ਵਾਸੀ॥*
*ਕਈ ਕੋਟਿ ਬਨ ਭ੍ਰਮਹਿ ਉਦਾਸੀ॥*
*ਕਈ ਕੋਟਿ ਬੇਦ ਕੇ ਸ੍ਰੋਤੇ॥*
*ਕਈ ਕੋਟਿ ਤਪੀਸੁਰ ਹੋਤੇ॥*

(ਅਸਟਪਦੀ 10)

ਗੁਰੂ ਸਾਹਿਬ ਕਿਸੇ ਗੱਲ/ਸਥਿਤੀ ਦਾ ਵਰਣਨ ਕਰਦੇ ਸਮੇਂ ਰੱਤੀ ਭਰ ਵੀ ਸੰਪਰਦਾਇਕਤਾ ਅਤੇ ਨਿਵੇਕਲੇਪਣ/ਵਖਰੇਵੇਂ ਦੀ ਭਾਵਨਾ ਨਹੀਂ ਲਿਆਉਂਦੇ। ਉਹ ਸੰਸਾਰ ਦੇ ਸਾਰੇ ਧਰਮਾਂ ਬਾਰੇ ਉਹਨਾਂ ਦੀ ਇਤਿਹਾਸਕ ਪ੍ਰਮਾਣਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਬੜੀ ਉਦਾਰਤਾ ਨਾਲ ਵਿਚਾਰ ਕਰਦੇ ਹਨ। ਓਵੇਂ ਹੀ ਗੁਰੂ ਸਾਹਿਬ ਸਾਰੀਆਂ ਭਿੰਨਤਾਵਾਂ ਨੂੰ ਉਹਨਾਂ ਦੀਆਂ ਸਾਰੀਆਂ ਖੰਡਨਾਤਮਿਕਤਾਵਾਂ ਅਤੇ ਵਿਪੱਖਤਾਵਾਂ ਨੂੰ ਆਪਣੇ ਧਿਆਨ ਵਿਚ ਰੱਖਦੇ ਹਨ।

Sri Satguru Jagjit Singh Ji Elibrary NamdhariElibrary@gmail.com

ਚਾਹੇ ਕੁੱਝ ਵੀ ਹੋਵੇ, ਗੁਰੂ ਸਾਹਿਬ ਇਸ ਸੰਸਾਰ ਨੂੰ 'ਮਾਇਆ' ਕਹਿ ਕੇ ਨਹੀਂ ਦੱਸਦੇ ਤਾਂ ਜੋ ਇਸ ਨੂੰ ਤਿਆਗ ਦਿਤਾ ਜਾਏ। ਅਸਤਿਤਵ ਦੀ ਭਿੰਨਤਾ, ਇਥੋਂ ਤੱਕ ਕਿ ਬੁਰੀਆਂ ਗਤੀਵਿਧੀਆਂ ਦੀ ਸਚਾਈ ਹੋਂਦ ਵੀ ਸਾਨੂੰ ਹੋਂਦ/ਸੱਚ ਨੂੰ ਪੂਰੀ ਤਰ੍ਹਾਂ ਤਿਆਗ ਦੇਣ ਦੀ ਵਜ੍ਹਾ ਨਹੀਂ ਦਿੰਦੀ, ਭਾਵੇਂ ਇਹੋ ਜਿਹਾ ਛੋਟਾ ਰਸਤਾ ਪਰੰਪਰਾਗਤ ਧਰਮਾਂ ਵਿਚ ਪ੍ਰਚਲਿਤ ਸੀ। ਗੁਰੂ ਸਾਹਿਬ ਅਨੁਸਾਰ ਅਸਤਿਤਵ, ਖ਼ਾਸ ਤੌਰ ਤੇ ਇਸ ਧਰਤੀ ਤੇ ਮਨੁੱਖਾ ਜਨਮ ਪਰਮਾਤਮਾ ਦੀ ਵੱਡਮੁੱਲੀ ਸੌਗਾਤ ਹੈ। ਗੁਰੂ ਸਾਹਿਬ ਇਸ ਬਹੁ-ਰੰਗੀ ਹੋਂਦ ਨੂੰ ਪਰਮਾਤਮਾ ਦੀ ਨੇਕੀ ਦੇ ਕ੍ਰਿਸ਼ਮੇ ਦੱਸਦੇ ਹਨ :

*ਗਰਭ ਅਗਨਿ ਮਹਿ ਜਿਨਹਿ ਉਬਾਰਿਆ॥*
*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥*
*ਭਰਿ ਜੋਬਨ ਭੋਜਨ ਸੁਖ ਸੂਧ॥*
*ਬਿਰਧਿ ਭਇਆ ਊਪਰਿ ਸਾਕ ਸੈਨ॥*
*ਮੁਖਿ ਅਪਿਆਉ ਬੈਠ ਕਉ ਦੈਨ॥ 1॥*

(ਅਸਟਪਦੀ 4)

ਇਸ ਤੱਥ ਨੂੰ ਕਿਵੇਂ ਸਮਝਿਆ ਜਾਵੇ ਕਿ ਇਕ ਪਾਸੇ ਤਾਂ ਜਗ ਰਚਨਾ ਸੱਚੀ ਤੇ ਵੰਨ-ਸੁਵੰਨੀ ਮੰਨੀ ਜਾਂਦੀ ਹੈ ਤੇ ਦੂਜੇ ਪਾਸੇ ਇਹ ਕਿਹਾ ਜਾਂਦਾ ਹੈ ਕਿ ਇਹ ਛਲ ਹੈ, ਭੁਲਾਵਾ ਹੈ? ਕੀ ਇਹ ਵਿਰੋਧਾਭਾਸ ਨਹੀਂ? ਸਾਡੇ ਖ਼ਿਆਲ ਵਿਚ ਇਸ ਨੂੰ ਹੇਠਾਂ ਦੱਸੇ ਤਰੀਕੇ ਨਾਲ ਸਮਝਿਆ ਜਾਣਾ ਚਾਹੀਦਾ ਹੈ। ਦਾਰਸ਼ਨਿਕ ਪੱਖੋਂ ਸੰਸਾਰ ਦੇ ਸੱਚ ਦੀ ਪੁਸ਼ਟੀ ਇਸ ਆਧਾਰ 'ਤੇ ਕੀਤੀ ਗਈ ਹੈ ਕਿ ਇਹ ਪਰਮਾਤਮਾ ਦੀ ਸੱਚੀ ਕਿਰਤ ਹੈ। ਸੰਸਾਰਿਕ ਅਸੱਤ ਅਤੇ ਇਸ ਦੀ ਵੰਨ-ਸੁਵੰਨਤਾ ਤੇ ਤੱਤ ਸ਼ਾਸਤਰ ਸੰਬੰਧੀ ਵੇਦਾਂਤਿਕ ਦ੍ਰਿਸ਼ਟੀ ਨੂੰ ਤਰਜੀਹ ਨਹੀਂ ਦਿੱਤੀ ਗਈ। ਫਿਰ, ਇਸ ਦਾ ਇਹ ਅਰਥ ਨਹੀਂ ਨਿਕਲਦਾ ਕਿ ਇਸ ਸੱਚੇ ਜਗਤ ਵਿਚ ਜੀਵਨ ਨਾਲ ਸੰਬੰਧਿਤ ਹਰ ਪੱਖ ਨੂੰ ਬਿਨਾਂ ਕਿਸੇ ਮੁੱਲਾਂਕਣ ਜਾਂ ਵਿਰੋਧਾਭਾਸ ਤੋਂ ਸਵੀਕਾਰ ਕੀਤਾ ਜਾਵੇ। ਇਹ ਨੈਤਿਕ ਜਾਂ ਕੀਮਤ ਆਧਾਰਿਤ ਜੀਵਨ ਜਿਊਣ ਦੀ ਪਹੁੰਚ ਹੈ। ਇਸ ਲਈ, ਸਿੱਖ ਧਰਮ ਸੰਸਾਰਿਕ ਜੀਵਨ ਨੂੰ ਤਿਆਗਣ ਅਤੇ ਸੰਨਿਆਸ ਦਾ ਇਕੋ ਇਕ ਰਸਤਾ ਚੁਣਨ ਦੀ ਸਿਧਾਂਤਕ ਪਹੁੰਚ ਨਹੀਂ ਦਿੰਦਾ। ਦੂਜਾ, ਜੀਵਨ ਦੀ ਸਚਾਈ ਦੇ ਵਿਸ਼ਵਾਸ ਨੂੰ, ਸਾਨੂੰ ਸਮਾਜਿਕ ਬੁਰਾਈਆਂ ਪ੍ਰਤਿ ਅੰਨੇ ਅਤੇ ਅਲਗਰਜ਼ ਨਹੀਂ ਬਣਾਉਣਾ ਚਾਹੀਦਾ। ਮੈਨੂੰ ਸ਼ੈਵ ਸਿਧਾਂਤ/ਦਰਸ਼ਨ ਰਾਹੀਂ ਉਤਪੰਨ ਕੀਤੀ ਇਕ ਬਹਿਸ ਦੀ ਯਾਦ ਆਉਂਦੀ ਹੈ ਕਿ ਅਖੀਰਲੇ ਮੱਧਕਾਲੀ ਸਮੇਂ ਦਾ ਇਕ ਤਾਮਿਲ ਦਾਰਸ਼ਨਿਕ ਸਕੂਲ ਜੋ ਸੰਸਾਰਿਕ ਜੀਵਨ ਦਾ ਸਮਰਥਨ ਕਰਦਾ ਹੈ ਕਿ ਇਹ ਪਰਮਾਤਮਾ ਦੀ ਮਿਹਰ ਸਦਕਾ ਹੈ ਮਨੁੱਖ ਜਾਤੀ ਦੇ ਜੀਵਨ ਜਿਊਣ ਲਈ ਰਚਿਆ ਗਿਆ ਹੈ ਤਾਂ ਜੋ ਉਹ ਆਪਣੇ ਆਪ ਨੂੰ ਪਰਖ ਸਕਣ ਅਤੇ ਅਖੀਰ ਪਰਮਾਤਮਾ ਦਾ ਰਸਤਾ ਚੁਣ ਲੈਣ। ਦੋਵੇਂ ਸਿੱਖ ਧਰਮ ਅਤੇ ਸ਼ੈਵ ਸਿਧਾਂਤ ਵੇਦਾਂਤ ਤੋਂ ਬਾਅਦ ਅਣ-ਵੇਦਾਂਤਿਕ ਦਰਸ਼ਨ ਦਾ ਸਥਾਨ ਰੱਖਦੇ ਹਨ ਜਿਥੇ ਕਿ ਧਾਰਮਿਕ ਕਾਰਜ ਸਮਾਜਿਕ ਅਤੇ ਮਾਨਵੀ ਅਰਥ ਗ੍ਰਹਿਣ ਕਰਦਾ ਹੈ। ਇਹ ਦਿਲਚਸਪੀ ਵਾਲੀ ਗੱਲ ਹੈ ਕਿ ਸ਼ੈਵ ਧਰਮ ਵੀ ਦਾਅਵਾ ਕਰਦਾ ਹੈ ਕਿ ਇਹ ਇਸ ਸਥਾਨ ਦੇ

Sri Satguru Jagjit Singh Ji Elibrary NamdhariElibrary@gmail.com

ਖੇਤੀਬਾੜੀ ਵਾਲੇ ਵਰਗ 'ਚ ਲੋਕਾਂ ਦਾ ਧਰਮ ਹੈ ਜੋ ਉਹਨਾਂ ਦੀ ਅਧਿਆਤਮਿਕ ਅਤੇ ਸੰਸਾਰਿਕ ਭਲਾਈ ਨੂੰ ਅਭਿਵਿਅਕਤ ਕਰਦਾ ਹੈ।

**ਚੋਣ ਦਾ ਸੁਝਾਅ**

ਅਸਤਿਤਵ ਭਿੰਨ ਅਤੇ ਵਿਰੋਧਾਭਾਸੀ ਹੈ ਅਤੇ ਇਸ ਦਾ ਕੀ ਰਸਤਾ ਹੈ? ਮੌਜੂਦਾ ਹਾਲਤਾਂ ਵਿਚ ਸਭਿਆਚਾਰ ਦਾ ਜੀਵਨ ਕਿਵੇਂ ਜੀਵਿਆ ਜਾਏ? ਇਹ ਸਵਾਲ ਇਕ ਵਾਰ 'ਜਪੁਜੀ ਸਾਹਿਬ' ਦੇ ਅਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪੁੱਛੇ ਗਏ ਸਨ?

ਉਹ ਸਵਾਲ 'ਸੁਖਮਨੀ ਸਾਹਿਬ' ਵਿਚ ਪੰਚਮ ਗੁਰੂ ਰਾਹੀਂ ਪੁੱਛੇ ਗਏ ਹਨ। ਜਦੋਂ ਅਸੀਂ ਉਹੋ ਜਿਹੀਆਂ ਭਿੰਨਤਾਵਾਂ ਅਤੇ ਸਮੱਸਿਆਵਾਂ ਵਰਤਮਾਨ ਜੀਵਨ ਦੀਆਂ ਅੱਛਾਈਆਂ ਅਤੇ ਬੁਰਾਈਆਂ ਸਮੇਤ ਪਾਉਂਦੇ ਹਾਂ ਤਾਂ ਇਹ ਸਵਾਲ ਅੱਜ ਵੀ ਓਨੇ ਹੀ ਢੁਕਵੇਂ ਹਨ।

ਇਕ ਉੱਤਰ ਗੁਰੂ ਸਾਹਿਬ ਵੱਲੋਂ ਪਾਇਆ ਗਿਆ ਹੈ ਕਿ ਮਾਨਵ ਪਰਮਾਤਮਾ ਵੱਲੋਂ ਦਿੱਤੀਆਂ ਸਹੂਲਤਾਂ ਪ੍ਰਤਿ ਨਾਸ਼ੁਕਰਾ ਹੋ ਗਿਆ ਹੈ ਅਤੇ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਇਸ ਲਈ ਪਰਮਾਤਮਾ ਤੋਂ ਬਹੁਤ ਸੌਗਾਤਾਂ ਪਾਉਣ ਦੇ ਬਾਵਜੂਦ ਵੀ ਇਨਸਾਨ ਜ਼ਿੰਦਗੀ ਵਿਚ ਬਹੁਤ ਸਾਰੇ ਨੁਕਸਾਨ ਉਠਾਉਂਦਾ ਹੈ :

*ਦਸ ਬਸਤੂ ਲੇ ਪਾਛੈ ਪਾਵੈ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥ 1॥*

(ਅਸਟਪਦੀ 5)

*ਬਿਰਥ ਕੀ ਛਾਇਆ ਸਿਉ ਰੰਗ ਲਾਵੈ॥*
*ਓਹ ਬਿਨਸੈ ਉਹੁ ਮਨਿ ਪਛੁਤਾਵੈ॥ 3॥*

(ਅਸਟਪਦੀ 5)

ਗੁਰੂ ਸਾਹਿਬ ਮਨੁੱਖ ਦੀ ਮਾਨਸਿਕ ਬਿਮਾਰੀ ਦਾ ਮੂਲ ਕਾਰਨ ਉਸ ਦੀਆਂ ਆਪਣੀਆਂ ਵਸਤਾਂ ਪ੍ਰਤਿ ਪੈਦਾ ਹੋਇਆ ਮੋਹ ਦੱਸਦੇ ਹਨ। ਇਸ ਦਾ ਸਹੀ ਬਦਲਾਵ ਵੀ ਗੁਰੂ ਸਾਹਿਬ ਨੇ ਲੱਭਿਆ ਹੈ।

ਸੰਸਾਰ ਨੂੰ ਇਕ ਛਲਾਵੇ ਵਜੋਂ ਰੱਦ ਕਰਨ ਬਿਨਾਂ ਪਰਮਾਤਮਾ ਪ੍ਰਤਿ ਵਾਪਸੀ ਇਸ ਦਾ ਇਕ ਰਸਤਾ ਹੈ ਵਿਦਵਤਾ, ਮਹਿੰਗੇ ਕਰਮ-ਕਾਂਡ, ਯੋਗ ਸਮਾਧੀ, ਹਉਮੈ ਨਾਲ ਵਾਪਸੀ ਨਹੀਂ ਬਲਕਿ ਸਧਾਰਨ ਨਿਮਰਤਾ ਨਾਲ ਪਰਮਾਤਮਾ ਪ੍ਰਤਿ ਵਾਪਸੀ ਹੀ ਗੁਰੂ ਸਾਹਿਬ ਵੱਲੋਂ ਤਜਵੀਜ਼ ਕੀਤੀ ਗਈ ਹੈ :

*ਰੂਪ ਸਤਿ ਜਾ ਕਾ ਸਤਿ ਅਸਥਾਨੁ॥*
*ਪੁਰਖ ਸਤਿ ਕੇਵਲ ਪਰਧਾਨੁ॥*
*ਕਰਤੂਤਿ ਸਤਿ ਸਤਿ ਜਾ ਕੀ ਬਾਣੀ॥*
*ਸਤਿ ਪੁਰਖ ਸਭ ਮਾਹਿ ਸਮਾਣੀ॥*
*ਸਤਿ ਕਰਮੁ ਜਾ ਕੀ ਰਚਨਾ ਸਤਿ॥*
*ਮੂਲੁ ਸਤਿ ਸਤਿ ਉਤਪਤਿ॥*

Sri Satguru Jagjit Singh Ji Elibrary NamdhariElibrary@gmail.com

*ਸਤਿ ਕਰਣੀ ਨਿਰਮਲ ਨਿਰਮਲੀ॥*

(ਅਸਟਪਦੀ 16)

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਅਨੁਸਾਰ 'ਸੱਚ' ਹੀ ਮੂਲ ਸ਼ਬਦ ਤੇ ਕਾਜ ਹੈ। ਜਦੋਂ ਕਿ ਜੀਵਨ ਵਿਚ ਬਹੁਤ ਸਾਰਾ ਅਸੱਤ ਹੈ, ਧਾਰਮਿਕ ਮਾਮਲਿਆਂ ਵਿਚ ਅਤੇ ਸਮਾਜਿਕ-ਰਾਜਨੀਤਿਕ ਜ਼ਿੰਦਗੀ ਵਿਚ ਗੁਰੂ ਸਾਹਿਬਾਨ ਲੋਕਾਂ ਨੂੰ ਸੱਚ ਅਤੇ ਸੱਚੀ ਕਾਰ ਜਾਂ ਸੱਚੇ ਮਾਰਗ 'ਤੇ ਚੱਲਣ ਲਈ ਪ੍ਰੇਰਦੇ ਹਨ। ਸੱਚ ਨੂੰ ਤੁਹਾਨੂੰ ਦੁਬਾਰਾ ਘੜਨ ਦਿਓ! ਸੱਚ ਨੂੰ ਆਪਣੇ ਦਿਲ ਵਿਚ ਖੋਜੋ, ਇਸ ਵੱਲ ਬਾਰ ਬਾਰ ਤਵੱਜੋ ਦਿਓ। ਉਹ ਤੁਹਾਨੂੰ ਜਿਉਂਦਾ ਕਰਦਾ ਹੈ ਭਾਵ ਸੱਚਾ ਜੀਵਨ ਦਾਨ ਦਿੰਦਾ ਹੈ।

ਨਾਮ ਵੱਲ ਵਾਪਸੀ ਗੁਰੂ ਸਾਹਿਬ ਵੱਲੋਂ ਮਨੁੱਖ ਨੂੰ ਇਕ ਤਜ਼ਵੀਜ ਪੇਸ਼ ਕੀਤੀ ਗਈ ਹੈ। ਆਪਣੇ ਮਨ ਨੂੰ ਪਰਮਾਤਮਾ ਦੇ ਸਿਮਰਨ ਨਾਲ ਭਰ ਦਿਓ। ਇਸ ਨੂੰ ਆਪਣੀ ਅਗਵਾਈ ਕਰਨ ਦਿਓ। ਨਾਮ ਨੂੰ ਆਪਣੇ ਮਨ ਦੀਆਂ ਬੁਰਾਈਆਂ ਨੂੰ ਕੱਢਣ ਦਿਓ। ਪਰਮਾਤਮਾ ਦੀ ਵਡਿਆਈ ਬਾਰੇ ਸੋਚੋ, ਪਰਮਾਤਮਾ ਦੀ ਅੱਛਾਈ ਬਾਰੇ ਸੋਚੋ, ਇਸ ਨੂੰ ਅਪਣਾਓ। ਇਸ ਨੂੰ ਆਪਣੇ ਕਮਜ਼ੋਰ ਪਲਾਂ ਵਿਚ ਸ਼ਕਤੀ ਪ੍ਰਦਾਨ ਕਰਨ ਦਿਓ :

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*
*ਸਗਲ ਕ੍ਰਿਆ ਮਹਿ ਊਤਮ ਕਿਰਿਆ॥*
*ਸਾਧਸੰਗਿ ਦੁਰਮਤਿ ਮਲੁ ਹਿਰਿਆ॥*
*ਸਗਲ ਉਦਮ ਮਹਿ ਉਦਮੁ ਭਲਾ॥*
*ਹਰਿ ਕਾ ਨਾਮੁ ਜਪਹੁ ਜੀਅ ਸਦਾ॥*
*ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥*
*ਹਰਿ ਕੋ ਜਸੁ ਸੁਨਿ ਰਸਨ ਬਖਾਨੀ॥*
*ਸਗਲ ਥਾਨ ਤੇ ਓਹੁ ਊਤਮ ਥਾਨੁ॥*
*ਨਾਨਕ ਜਿਹ ਘਟਿ ਵਸੈ ਹਰਿਨਾਮੁ॥ 8॥*

(ਅਸਟਪਦੀ 3)

ਅਸੀਂ ਇਹ ਵੀ ਵੇਖਦੇ ਹਾਂ ਕਿ ਇਸ ਨਾਲ ਸੰਬੰਧਿਤ ਤਜਵੀਜ਼ ਜੋ ਗੁਰੂ ਸਾਹਿਬ ਨੇ ਦੱਸੀ ਹੈ, ਉਹ ਹੈ, ਅੱਛੇ ਲੋਕਾਂ ਦੀ ਸੰਗਤ ਵਿਚ ਇਕੱਠੇ ਰਹਿਣਾ, ਜਿਸ ਨੂੰ 'ਸਤਸੰਗ' ਕਿਹਾ ਹੈ। ਮਾਨਵ ਨੂੰ ਸਰੀਰਿਕ ਅਤੇ ਮਾਨਸਿਕ ਤੌਰ ਤੇ ਅੱਡ ਰਹਿਣ ਤੇ ਜਿਊਣ ਤੇ ਤਰੀਕਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਸੱਤਵੀਂ ਅਸਟਪਦੀ ਵਿਚ ਗੁਰੂ ਸਾਹਿਬ ਸਾਧ ਸੰਗਤ ਵਿਚ ਰਹਿਣ ਦੇ ਫ਼ਾਇਦੇ ਬਿਆਨ ਕਰਦੇ ਹਨ। ਇਕੱਠੇ ਰਹਿਣਾ ਤੇ ਸਤਸੰਗ ਤੋਂ ਸਿਖਣ ਬਾਰੇ, ਗੁਰੂ ਸਾਹਿਬ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਸੁੰਦਰ ਪੰਗਤੀਆਂ ਵਿਚ ਸਿਖਿਆ ਦਿੱਤੀ ਗਈ ਹੈ। ਇਹ ਗੁਰੂ ਸਾਹਿਬ ਵੱਲੋਂ ਸੁਝਾਇਆ ਗਿਆ ਆਪਸੀ ਸੰਬੰਧ ਦੇ ਸੰਚਾਰ ਦਾ ਨਮੂਨਾ ਹੈ ਜੋ ਭਾਰਤੀ ਪਰੰਪਰਾ ਵਿਚ ਪ੍ਰਚਲਿਤ ਪਲਾਇਣਵਾਦ ਦੇ ਨਮੂਨੇ ਤੋਂ ਵੱਖਰਾ ਹੈ। ਗੁਰੂ ਸਾਹਿਬ ਵੱਲੋਂ ਪੇਸ਼ ਕੀਤਾ ਬੁੱਧ ਧਰਮ ਦੇ 'ਸੰਘ' ਵਾਂਗ 'ਸਤਸੰਗ' ਆਦਰਸ਼ ਸਮਾਜ ਦਾ ਨਮੂਨਾ ਹੈ। ਚੰਗਿਆਂ

Sri Satguru Jagjit Singh Ji Elibrary NamdhariElibrary@gmail.com

ਬੰਦਿਆਂ ਨਾਲ ਰਹਿਣ ਨਾਲ ਤੁਸੀਂ ਵੀ ਚੰਗੇ ਬਣ ਜਾਂਦੇ ਹੋ। ਸੱਚ ਸੱਚ ਨੂੰ ਬੁਲਾਉਂਦਾ ਹੈ। ਪ੍ਰੇਮ ਪ੍ਰੇਮ ਨੂੰ ਪ੍ਰੇਰਿਤ ਕਰਦਾ ਹੈ। ਅੱਛਾ ਅੱਛਾ ਪੈਦਾ ਕਰਦਾ ਹੈ। ਇਹ ਬਹੁਤ ਕਿਰਿਆਤਮਿਕ ਹੈ ਕਿ ਮਾਨਵ ਕੇਵਲ ਆਦਰਸ਼ ਵਿਚਾਰਾਂ ਨਾਲ ਹੀ ਆਪਣੇ ਆਪ ਨੂੰ ਚੰਗਾ/ਨੇਕ ਨਹੀਂ ਬਣਾਉਂਦੇ ਪਰੰਤੂ ਸੰਸਾਰ ਵਿਚ ਜੋ ਅੱਛਾ ਹੈ ਉਸ ਨੂੰ ਪਹਿਚਾਣ ਕੇ ਤੇ ਉਸ ਨਾਲ ਸੰਬੰਧ ਜੋੜ ਕੇ ਕਰਦੇ ਹਨ। ਇਹ ਗੁਰੂ ਸਾਹਿਬ ਦੀ ਉਦਾਰਤਾਵਾਦੀ ਮਾਨਵੀ ਆਸ਼ਾ ਨੂੰ ਦਰਸਾਉਂਦੀ ਹੈ ਕਿ ਬੁਰਾਈ ਦੇ ਬਹੁਤ ਤਾਦਾਦ ਵਿਚ ਵਿਆਪਕ ਹੋਣ ਦੇ ਬਾਵਜੂਦ ਵੀ ਅਸਲੀ ਜਗਤ ਵਿਚ ਚੰਗਿਆਈ ਦੀ ਹੋਂਦ ਵੀ ਹੈ, ਭਾਵੇਂ ਇਹ ਜੀਵਨ ਦੇ ਅਣਗੌਲੇ ਅਤੇ ਜੀਵਨ ਦੇ ਕਿਸੇ ਕੋਨੇ ਵਿਚ ਖੁੰਜੇ ਲੱਗੀ ਹੋਈ ਹੈ। ਸਾਧਕ ਨੂੰ ਇਸ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਆਪਣੇ ਆਪ ਦਾ ਇਸ ਨਾਲ ਸੰਬੰਧ ਜੋੜਨਾ ਚਾਹੀਦਾ ਹੈ। ਇਹ ਇਕ ਸਲਾਹ ਹੈ ਕਿ ਮਨੁੱਖ ਆਪਣੇ ਆਪ ਲਈ ਅੱਛਾਈ ਪੈਦਾ ਕਰਨ ਤੋਂ ਪਹਿਲਾਂ ਜ਼ਿੰਦਗੀ ਵਿਚ ਇਸ ਨੂੰ ਲੱਭ ਸਕਦਾ ਹੈ। ਇਹ ਇਕ ਮਸ਼ਵਰਾ ਹੈ ਕਿ ਹਰ ਇਕ ਚੀਜ਼ ਨੂੰ ਮੁੱਢੋਂ ਹੀ ਸ਼ੁਰੂ ਨਹੀਂ ਕਰਨਾ ਹੁੰਦਾ ਬਲਕਿ ਇਹ ਛੋਟੇ ਰੂਪ ਵਿਚ ਪਹਿਲਾਂ ਹੀ ਮੌਜੂਦ ਹੋ ਸਕਦੀ ਹੈ। ਕੱਟੜਵਾਦੀ ਨਹੀਂ ਬਲਕਿ ਇਕ ਵਿਹਾਰਕ ਤਰੀਕਾ ਪੇਸ਼ ਕੀਤਾ ਗਿਆ ਹੈ। ਕੱਟੜਵਾਦੀ ਲਈ ਨਿਰਾਸ਼ਾਵਾਦ ਦਾ ਭਾਵ ਇਹ ਹੋ ਸਕਦਾ ਹੈ ਕਿ ਹਰ ਇਕ ਚੀਜ਼ ਬੇਕਾਰ ਹੈ। ਆਪਣੇ ਸਮੇਂ ਵਿਚ ਪੈਦਾ ਹੋਈਆਂ ਬਹੁਤ ਬਿਖਮ ਪਰਿਸਥਿਤੀਆਂ ਦੀ ਹੋਂਦ ਦੇ ਬਾਵਜੂਦ ਗੁਰੂ ਸਾਹਿਬਾਨ ਨੇ ਆਪਣੇ ਪਿਆਰੇ ਸਿੱਖਾਂ ਨੂੰ ਅਨੁਭਵੀ ਰਸਤੇ ਦਰਸਾਉਣ ਵਿਚ ਜ਼ਿਆਦਾਤਰ ਯਥਾਰਥਕ ਹੋਣ ਦੀ ਕੋਸ਼ਿਸ਼ ਕੀਤੀ।

ਅਖੀਰ ਵਿਚ, ਗੁਰੂ ਸਾਹਿਬ ਅਧਿਆਤਮਿਕ ਰਾਹ ਵਿਚ ਮਾਨਵ ਦੀ ਅਗਵਾਈ ਅਤੇ ਅਨੁਸ਼ਠਾਨ ਲਈ ਗੁਰੂ ਦਾ ਮਹੱਤਵ ਦੱਸਦੇ ਹਨ। ਸਾਰੇ ਦੱਸੇ ਰਸਤਿਆਂ ਵਿਚੋਂ ਗੁਰੂ ਦਾ ਸਥਾਨ ਸਿੱਖ ਧਰਮ ਵਿਚ ਮਹੱਤਵਪੂਰਨ ਹੈ। ਗੁਰੂ ਇਕ ਜਿਉਂਦੀ ਉਦਾਹਰਨ ਹੈ, ਉਹ ਸਹੀ ਅਧਿਆਤਮਿਕ ਰਾਹ ਦੀ ਜਿਸ ਤੇ ਸਿੱਖਾਂ ਨੇ ਚੱਲਣਾ ਹੈ। ਇਹ ਬਹੁਤ ਕਰਕੇ ਪੂਰਬੀ ਗਿਆਨ ਵਰਗਾ ਹੈ ਜੋ ਇਕ ਜਿਉਂਦੇ ਵਿਅਕਤੀ ਰਾਹੀਂ ਅਨੁਭਵ ਕੀਤੇ ਆਦਰਸ਼ ਨੂੰ ਦੇਖਦਾ ਹੈ। ਕੋਈ ਸ਼ਬਦ, ਕੋਈ ਆਦਰਸ਼, ਕੋਈ ਸਿਧਾਂਤ ਭਾਵੇਂ ਜਿਸਦੀ ਕਿੰਨੀ ਵੀ ਵਿਵੇਕਸ਼ੀਲਤਾ ਨਾਲ ਛਾਣਬੀਣ ਕੀਤੀ ਗਈ ਹੋਵੇ ਅਤੇ ਬਹੁਤ ਧਿਆਨ ਨਾਲ ਸੁਲਝਾਇਆ ਗਿਆ ਹੋਵੇ, ਇਕ ਜਿਉਂਦੇ ਜਾਗਦੇ ਵਿਅਕਤੀ ਨਾਲੋਂ ਜੋ ਆਪਣੇ ਕਰਮਾਂ ਵਿਚ ਉਹਨਾਂ ਨੂੰ ਪ੍ਰਦਰਸ਼ਿਤ ਕਰਦਾ ਹੈ, ਨਾਲੋਂ ਪ੍ਰਭਾਵਸ਼ਾਲੀ ਅਤੇ ਸੱਚਾ ਨਹੀਂ ਹੋ ਸਕਦਾ। ਕੀ ਇਕ ਉਹੀ ਨਹੀਂ ਜੋ ਪ੍ਰਥਮ ਗੁਰੂ ਨੇ ਫ਼ਰਮਾਇਆ ਹੈ ਕਿ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ'। "ਸੁਖਮਨੀ ਸਾਹਿਬ" ਵਿਚ ਗੁਰੂ ਬਾਰੇ ਕਿਹਾ ਗਿਆ ਹੈ :

*ਸਰਬ ਨਿਧਾਨ ਜੀਅ ਕਾ ਦਾਤਾ॥*
*ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥*
*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥*
*ਏਕਹਿ ਆਪਿ ਨਹੀ ਕਛੁ ਭਰਮੁ॥*
*ਸਹਸ ਸਿਆਨਪ ਲਇਆ ਨ ਜਾਈਐ॥*

Sri Satguru Jagjit Singh Ji Elibrary NamdhariElibrary@gmail.com

*ਨਾਨਕ ਐਸ ਗੁਰੂ ਬਡਭਾਗੀ ਪਾਈਐ॥ 3॥*

(ਅਸਟਪਦੀ 18)

*ਆਪਿ ਕਥੈ ਆਪਿ ਸੁਨਨੈਹਾਰੁ॥*
*ਆਪਹਿ ਏਕੁ ਆਪਿ ਬਿਸਥਾਰੁ॥ 1॥*

(ਅਸਟਪਦੀ 22)

**ਅੰਤਿਮ ਦ੍ਰਿਸ਼**

ਹੁਣ ਅਸੀਂ ਇਸ ਸਥਿਤੀ ਵਿਚ ਹਾਂ ਕਿ 'ਸੁਖਮਨੀ ਸਾਹਿਬ' ਦੀ ਵਾਰਤਾਲਾਪ ਵਿਚੋਂ ਵਿਕਸਿਤ ਹੋਏ ਪੂਰੇ ਚਿੱਤਰ ਨੂੰ ਸੰਪੂਰਨ ਕਰ ਸਕੀਏ।

ਇਹ ਲਗਦਾ ਹੈ ਕਿ 'ਸੁਖਮਨੀ ਸਾਹਿਬ' ਵਿਚ ਵਰਨਿਤ ਸੱਚ/ਅਸਤਿਤਵ ਦੇ ਦੋ ਸਤਰ ਹਨ। ਪਹਿਲਾ, ਬ੍ਰਹਿਮੰਡਿਕ ਜਾਂ ਤਤ ਬਾਸਤਰਿਕ ਹੋਂਦ/ਤਾਤਵਿਕ ਹੋਂਦ। ਇਸ ਵਿਚ ਅਸੀਂ ਪਰਮਾਤਮਾ ਅਤੇ ਰਚਨਾਤਮਿਕ ਸੰਸਾਰ ਨੂੰ ਇਸ ਦੀਆਂ ਸਾਰੀਆਂ ਭਿੰਨਤਾਵਾਂ ਵਿਚ ਦੇਖਦੇ ਹਾਂ। ਰਚਨਾਤਮਿਕ ਸੰਸਾਰ ਵਿਚ ਚੰਗਾ ਅਤੇ ਮਾੜਾ ਰਲੇ-ਮਿਲੇ ਹਨ। ਗੁਰੂ ਸਾਹਿਬ ਜੀਵਨ ਨੂੰ ਉੱਤਮ ਮੰਨਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਇਹ ਸੱਚ ਹੈ। ਇਸ ਸਤਰ ਤੇ ਜੀਵਨ ਪਰਮਾਤਮਾ ਦਾ ਇਨਸਾਨ ਨੂੰ ਤੋਹਫਾ ਹੈ। ਕੁੱਝ ਵੀ ਹੋ ਜਾਏ, ਇਸ ਸਤਰ ਤੇ ਸੱਚ ਖੰਡਨਾਤਮਿਕ ਅਤੇ ਵਿਰੋਧਾਭਾਸੀ ਹੈ। ਬੰਦੇ ਖੁਦ ਪਰਮਾਤਮਾ ਰਾਹੀਂ ਬਣਾਏ ਕੁਦਰਤ ਦੇ ਰਹੱਸਾਂ ਨੂੰ ਨਹੀਂ ਸਮਝਦੇ। ਅਸੀਂ ਇਸ ਨੂੰ ਦੇਖਦੇ ਹਾਂ ਤੇ ਹੈਰਾਨ ਹੁੰਦੇ ਹਾਂ। ਪਰਮਾਤਮਾ ਅਸਤਿਤਵ ਦੀਆਂ ਭਿੰਨਤਾਵਾਂ ਵਿਚ ਵਿਆਪਕ ਹੈ – 'ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ'। ਉਹ ਅਖੰਡ ਨਿਰੰਤਰਤਾ ਅਤੇ ਏਕਤਾ ਬਣਾਉਂਦੇ ਹਨ।

ਦੂਜਾ ਹੈ ਪਿੰਡ ਜਾਂ ਸਿਰਜਿਤ ਸੱਚ ਜੋ ਸੰਪੂਰਨ ਕਾਇਨਾਤ ਵਿਚ ਇਕ ਚੁਣੀ ਹੋਈ ਥਾਂ ਰੱਖਦਾ ਹੈ। ਇਸ ਖੇਤਰ ਦੇ ਸਾਰ ਤੱਤ ਹਨ- ਗੁਰੂ ਸਾਧਸੰਗਤ, ਨਾਮ, ਸੱਚਾ ਆਚਾਰ ਅਤੇ ਸਾਧਕ। ਇਸ ਨੂੰ ਅਸੀਂ ਸਿਰਜਿਤ ਅਸਤਿਤਵ ਕਹਿੰਦੇ ਹਾਂ ਕਿਉਂਕਿ ਇਹ ਅੰਦਰਲਾ ਚੱਕਰ, ਗੁਰੂ ਦੀ ਅਗਵਾਈ ਸਦਕਾ ਅਤੇ ਜਗਿਆਸੂ ਦੇ ਅਨੁਸਾਰੀ ਨੈਤਿਕ ਅਤੇ ਅਧਿਆਤਮਿਕ ਕਰਮਾਂ ਕਰਕੇ ਹੋਂਦ ਵਿਚ ਆਉਂਦਾ ਹੈ। ਗੁਰੂ ਦੇ ਨਾਲ, ਇਹ ਸਿੱਖਾਂ ਦਾ ਭਾਈਚਾਰਾ ਹੈ ਜੋ ਬਦਲਾਵ ਦਾ ਸਾਧਨ ਬਣਦਾ ਹੈ ਅਤੇ ਜੋ ਸਭ ਜਗ੍ਹਾ ਤਤ-ਬਾਸਤਰਿਕ ਸੱਚ ਨੂੰ ਫੈਲਾਏਗਾ।

ਸਿੱਖ ਧਰਮ ਦੁਆਰਾ ਪੇਸ਼ ਕੀਤਾ ਆਦਰਸ਼ ਤਤ-ਬਾਸਤਰਿਕ ਅਤੇ ਸਿਰਜਿਤ ਸੱਚ ਦਾ ਨਤੀਜਾ ਹੈ।

(ਅਨੁਵਾਦਕ ਡਾ. ਸੁਰੀਤ ਕੌਰ)

Sri Satguru Jagjit Singh Ji Elibrary NamdhariElibrary@gmail.com

## ਵਿਚਾਰ-ਵਟਾਂਦਰਾ

## ਸ. ਗੁਰਮੀਤ ਸਿੰਘ

ਸਤਿਕਾਰਯੋਗ ਪ੍ਰਧਾਨ ਜੀ ਤੇ ਹਾਜ਼ਰ ਵਿਦਵਾਨੋਂ। ਬਿਨਾਂ ਕਿਸੇ ਭੂਮਿਕਾ ਤੋਂ ਮੈਂ ਸਿਰਫ਼ ਸਵਾਲ ਹੀ ਕਰਾਂਗਾ ਜਿਹੜੇ ਕਿ ਮੇਰੇ ਮਨ ਵਿਚ ਮੈਨੂੰ ਜ਼ਿਆਦਾ ਤੰਗ ਕਰ ਰਹੇ ਸੀ। ਡਾ. ਗੁਰਦੇਵ ਸਿੰਘ ਜੀ ਦਾ ਪੇਪਰ ਹੈ, ਇਹ ਪੰਨਾ ਨੰ. 5 ਤੇ ਲਿਖਦੇ ਹਨ ਕਿ ਜਿਹੜਾ ਗੁਰੂ ਗ੍ਰੰਥ ਸਾਹਿਬ ਹੈ ਉਹ ਤਾਂ ਭਾਰਤ ਦੀ ਏਕਤਾ ਤੇ ਅਖੰਡਤਾ ਵੱਲ ਚੁਕਿਆ ਗਿਆ ਕਦਮ ਹੈ। ਪੰਨਾ ਨੰ. 4 ਤੇ ਇਨ੍ਹਾਂ ਨੇ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਨੇ ਮਹੱਤਵ ਦੇ ਕੇ ਵਰਨ-ਵੰਡ, ਵਰਨ-ਭੇਦ, ਵਰਨ-ਚੇਤਨਾ ਪ੍ਰਤਿ ਨਿਸ਼ਾਨਾ ਸਾਧਿਆ ਹੈ। ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਨੇ ਦੋਨੋਂ ਕੰਟਰਾਡਿਕਟਰੀ ਗੱਲਾਂ ਕੀਤੀਆਂ ਹਨ। ਦੂਸਰੀ ਗੱਲ ਕਿ ਗੁਰੂ ਗ੍ਰੰਥ ਸਾਹਿਬ ਦਾ ਜਿਹੜਾ ਸੰਦੇਸ਼ ਹੈ, ਇਸਨੂੰ ਅਸੀਂ ਕਿਸੇ ਸੀਮਾ ਵਿਚ ਨਹੀਂ ਬੰਨ੍ਹ ਸਕਦੇ; ਭਾਰਤ ਦੀ 'ਏਕਤਾ-ਅਖੰਡਤਾ' ਦਾ ਮਤਲਬ ਹੀ ਨਹੀਂ ਹੈ ਸਗੋਂ ਸਾਰੇ ਸੰਸਾਰ ਲਈ ਇਕ ਸਾਂਝਾ ਸੁਨੇਹਾ ਹੈ। ਦੂਸਰਾ ਸਵਾਲ ਕਿ ਰਾਗ ਭਾਰਤੀ ਸ਼ਾਸਤਰੀ ਸੰਗੀਤ ਅਨੁਸਾਰ ਹਨ। ਭਾਰਤੀ ਸ਼ਾਸਤਰੀ ਸੰਗੀਤ ਦੇ ਬਾਬੇ ਕੱਲ੍ਹ ਵੀ ਭਾਈ ਬਲਦੀਪ ਸਿੰਘ ਜੀ ਗੱਲ ਕਰ ਰਹੇ ਸਨ ਕਿ ਗੁਰੂ ਸਾਹਿਬ ਨੇ ਜਿਥੇ ਪਰੰਪਰਾ ਨੂੰ ਲਿਆ ਹੈ ਉਥੇ ਰਾਗ ਵੀ ਬਣਾਏ ਹਨ। ਸਿਵਾਏ ਰਾਗ-ਰਾਗਣੀਆਂ ਦੇ ਜਿਹੜੇ ਸ਼ਾਸਤਰੀ ਰਾਗ ਹਨ, ਉਹਨਾਂ ਨੂੰ ਇਕ ਨਵੇਂ ਰੂਪ ਵਿਚ ਗੁਰੂ ਸਾਹਿਬ ਨੇ ਪੇਸ਼ ਕੀਤਾ ਹੈ। ਸਾਡੇ ਅੰਦਰਲੇ ਸ਼ੌਂਕ ਦੇ ਵਿਚ ਜਿਹੜੀ ਭਾਰਤੀਅਤਾ ਵੜੀ ਹੋਈ ਹੈ ਇਹਨੂੰ ਥੋੜ੍ਹਾ ਜਿਹਾ ਡਾਕਟਰ ਸਾਹਿਬ, ਐਕਸਪਲੇਨ ਕਰਨਗੇ? ਇਕ ਮੇਰਾ, ਦੋਨਾਂ ਵਿਦਵਾਨਾਂ ਨੂੰ ਜਿਹੜਾ, ਸੰਪਾਦਨਾ ਦੇ ਸੰਬੰਧ ਵਿਚ, ਸਵਾਲ ਹੈ, ਡਾ. ਧਰਮ ਸਿੰਘ ਜੀ ਲਈ ਵੀ ਹੋ ਸਕਦਾ ਹੈ ਤੇ ਡਾ. ਗੁਰਦੇਵ ਸਿੰਘ ਜੀ ਸ਼ਾਇਦ ਇਸਦਾ ਜੁਆਬ ਦੇਣ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਸ਼ਵ-ਵਿਆਪੀ ਗ੍ਰੰਥ ਹੈ। ਇਕ ਜ਼ਰੂਰੀ ਗੱਲ ਹੋਰ ਵੀ ਹੈ ਕਿ ਇਸਦੀ ਰਚਨਾ ਪੰਜਾਬ ਵਿਚ ਹੀ ਕਿਉਂ ਹੋਈ? ਸਾਨੂੰ ਇਹ ਸਵਾਲ ਵੀ ਛੂਹਣਾ ਚਾਹੀਦਾ ਹੈ। ਇਕ ਹੋਰ ਸਵਾਲ ਵੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਪਿੱਛੇ ਇਕ ਸਮਾਜਕ ਪਛਾਣ ਦੀ ਸਮੁੱਚੀ ਕਾਇਮ-ਕਲਪ ਦਾ ਵਿਚਾਰ ਕੰਮ ਕਰ ਰਿਹਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਸਾਰੀ ਕੌਮ ਨੂੰ ਸਾਰੇ ਸੰਸਾਰ ਨੂੰ ਕਹਿ ਰਹੇ ਨੇ ਕਿ 'ਗੁਰੂ ਮਾਨਿਓ ਗ੍ਰੰਥ।' ਕੀ ਇਹਨੂੰ *ਗੁਰੂ* ਦੇ ਰੂਪ ਵਿਚ ਪ੍ਰਗਟ ਕਰਨ ਦੇ ਪਿੱਛੇ ਗੁਰੂ ਦੀ ਦ੍ਰਿਸ਼ਟੀ ਨਹੀਂ ਸੀ? ਇਹ ਸਵਾਲ ਸ਼ਾਇਦ ਦੋਨਾਂ ਵਿਚੋਂ ਕਿਸੇ ਵੀ ਵਿਦਵਾਨ ਨੇ ਛੂਹਿਆ ਨਹੀਂ।

ਧੰਨਵਾਦ।

## ਡਾ. ਬਲਦੇਵ ਸਿੰਘ ਚੀਮਾ

ਪ੍ਰਧਾਨ ਜੀ ਅਤੇ ਵਿਦਵਾਨ ਦੋਸਤੋ ਮੈਂ ਛੋਟੀਆਂ-ਛੋਟੀਆਂ ਗੱਲਾਂ ਤਿੰਨ ਪੇਪਰਾਂ ਬਾਰੇ

Sri Satguru Jagjit Singh Ji Elibrary NamdhariElibrary@gmail.com

ਕਰਨੀਆਂ ਨੇ। ਪਹਿਲੀ ਗੱਲ ਤਾਂ ਡਾ. ਗੁਰਦੇਵ ਸਿੰਘ ਹੁਰਾਂ ਦੇ ਪੇਪਰ ਬਾਰੇ ਕਰਾਂਗਾ। ਉਨ੍ਹਾਂ ਨੇ ਆਪਣੇ ਪਰਚੇ ਦੇ ਪੰਨਾ ਨੰਬਰ 5 ਉਤੇ ਲਿਖਿਆ ਹੈ ਕਿ ਗੁਰੂ ਸਾਹਿਬਾਨ ਨੇ ਭਗਤਾਂ ਦੀ ਬਾਣੀ ਦੀ ਸੋਧ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ ਪਰ ਭਗਤ ਬਾਣੀ ਬਾਰੇ ਇਨ੍ਹਾਂ ਦੀ ਧਾਰਨਾ ਨਿਰਮੂਲ ਹੈ। ਗੁਰੂ ਬਾਣੀਕਾਰਾਂ ਨੇ ਭਗਤ ਬਾਣੀ ਤਾਂ ਕੀ ਕਿਸੇ ਵੀ ਬਾਣੀ ਦੀ ਸੋਧ ਨਹੀਂ ਕੀਤੀ। ਇਸ ਸੰਬੰਧੀ ਮੈਂ ਇਕ ਉਦਾਹਰਣ ਦੇਣਾ ਮੁਨਾਸਬ ਸਮਝਦਾ ਹਾਂ। ਪਿਛੇ ਜਿਹੇ ਮੈਂ ਜਦੋਂ ਭਗਤ ਕਬੀਰ ਦੀ ਬਾਣੀ ਪੜ੍ਹ ਰਿਹਾ ਸੀ ਤਾਂ ਮੈਨੂੰ ਵੀ ਇਸੇ ਤਰ੍ਹਾਂ ਮਹਿਸੂਸ ਹੋਇਆ ਸੀ ਪਰ ਮੈਂ ਦੇਵਨਾਗਰੀ ਵਿਚ ਲਿਖੀ ਬਾਵਨ ਅੱਖਰੀ ਪੜ੍ਹੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਵਨ ਅੱਖਰੀ ਦਾ ਮਿਲਾਨ ਕੀਤਾ ਤਾਂ ਮੈਂ ਹੈਰਾਨ ਰਹਿ ਗਿਆ ਕਿ ਦੋਹਾਂ ਵਿਚ ਅੰਤਰ ਕੇਵਲ ਉਨ੍ਹਾਂ ਵਿਆਕਰਨਕ ਸ਼ਬਦਾਂ ਦਾ ਸੀ ਜਿਨ੍ਹਾਂ ਦੀ ਪੰਜਾਬੀ ਦੇ ਮੁਹਾਵਰੇ ਕਰਕੇ ਲੋੜ ਸੀ ਜਿਸ ਨਾਲ ਅਰਥਾਂ ਵਿਚ ਅੰਤਰ ਨਹੀਂ ਜਾਪਦਾ ਜਦੋਂ ਕਿ ਬਾਕੀ ਸਾਰੀ ਬਾਣੀ ਦਾ ਲਿਪਾਂਤਰਣ ਹੀ ਕੀਤਾ ਗਿਆ ਹੈ ਪਰ ਜੇਕਰ ਡਾ. ਸਾਹਿਬ ਭਗਤਾਂ ਸੰਬੰਧੀ ਗੁਰੂਆਂ ਦੀਆਂ ਟਿੱਪਣੀਆਂ ਨੂੰ ਸੋਧ ਮੰਨਦੇ ਹਨ ਤਾਂ ਮੈਂ ਉਸ ਨੂੰ ਸੋਧ ਨਹੀਂ ਮੰਨਦਾ। ਇਸ ਸੰਬੰਧੀ ਡਾ. ਜੱਗੀ ਹੋਰੀਂ ਵਿਸਥਾਰ ਸਹਿਤ ਚਾਨਣਾ ਪਾ ਸਕਦੇ ਹਨ।

ਡਾ. ਨਈਅਰ ਨੇ ਆਪਣੇ ਪਰਚੇ ਵਿਚ ਗੁਰੂ ਅਰਜਨ ਦੇਵ ਦੀ ਸ਼ਹੀਦੀ ਬਾਰੇ ਮਿਲਦੇ ਸਰੋਤਾਂ ਦੀ ਗੱਲ ਕੀਤੀ ਹੈ। ਇਕ ਪਾਸੇ ਤਾਂ ਭੱਟ ਬਾਣੀ, ਭਾਈ ਗੁਰਦਾਸ ਜਾਂ ਹੋਰ ਇਸ ਭਾਂਤ ਦੇ ਸਰੋਤ ਹਨ ਦੂਜੇ ਪਾਸੇ ਇਤਿਹਾਸਕਾਰਾਂ ਦੀਆਂ ਟਿੱਪਣੀਆਂ ਸਰੋਤ ਵਜੋਂ ਵੇਖੀਆਂ ਜਾ ਸਕਦੀਆਂ ਹਨ ਪਰ ਡਾ. ਸਾਹਿਬ ਇਤਿਹਾਸ ਦੇ ਵਿਦਵਾਨ ਹਨ, ਇਨ੍ਹਾਂ ਦੇ ਪਰਚੇ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਸ਼ਹੀਦੀ ਸੰਬੰਧੀ ਪ੍ਰਸਤੁਤ ਟਿੱਪਣੀਆਂ ਨੂੰ ਇਕ ਲੜੀ ਪ੍ਰਦਾਨ ਕਰਦੇ ਤਾਂ ਜੋ ਇਸ ਸੰਬੰਧੀ ਨਿਰਨਾ ਕੀਤਾ ਜਾ ਸਕਦਾ ਪਰ ਇਸ ਭਾਂਤ ਦੀ ਦ੍ਰਿਸ਼ਟੀ ਇਨ੍ਹਾਂ ਦੇ ਪਰਚੇ ਤੋਂ ਨਜ਼ਰੀਂ ਨਹੀਂ ਪੈਂਦੀ। ਇਸ ਲਈ ਸ਼ਹੀਦੀ ਸੰਬੰਧੀ ਰਾਵਾਂ ਨੂੰ ਇਕੱਠਾ ਤਾਂ ਕਰ ਦਿੱਤਾ ਗਿਆ ਜਿਸ ਤੋਂ ਕੋਈ ਸੇਧ ਨਹੀਂ ਪ੍ਰਾਪਤ ਹੁੰਦੀ।

ਤੀਜਾ ਪ੍ਰਸ਼ਨ ਡਾ. ਧਰਮ ਸਿੰਘ ਹੁਰਾਂ ਦੇ ਪਰਚੇ ਨਾਲ ਸੰਬੰਧਿਤ ਹੈ। ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਵਰਗੀਕਰਨ ਹੀ ਆਪਣੇ ਹਿਸਾਬ ਨਾਲ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਵਿਚਲੀ ਬਾਣੀ ਪੰਨਾ 1410 ਤੋਂ 1430 ਨੂੰ ਅੰਤਿਕਾ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦਾ ਸਿਰਲੇਖ ਸਲੋਕ ਵਾਰਾਂ ਤੇ ਵਧੀਕ ਹੈ ਪਰ ਮੈਨੂੰ ਇਹ ਗੱਲ ਜਚੀ ਨਹੀਂ। ਸਲੋਕ ਵਾਰਾਂ ਤੇ ਵਧੀਕ ਹੋਰ ਬਾਣੀਆਂ ਵਾਂਗ ਇਕ ਬਾਣੀ ਹੈ। ਇਸ ਬਾਣੀ ਵਿਚ ਗੁਰੂ ਸਾਹਿਬਾਨ ਦੇ ਉਹ ਸਲੋਕ ਦਰਜ ਕੀਤੇ ਗਏ ਹਨ ਜਿਹੜੇ ਵਾਰਾਂ ਜਾਂ ਹੋਰ ਵੱਡੀਆਂ ਬਾਣੀਆਂ ਵਿਚ ਨਹੀਂ ਸਨ ਦਰਜ ਕੀਤੇ ਜਾ ਸਕਦੇ। ਇਨ੍ਹਾਂ ਸਲੋਕਾਂ ਨੂੰ ਸੰਪਾਦਕ ਗੁਰੂ ਅਰਜਨ ਨੇ ਬਾਕੀ ਬਾਣੀਆਂ ਵਿਚ ਇਸ ਕਰਕੇ ਨਹੀਂ ਦਰਜ ਕੀਤਾ ਕਿਉਂਕਿ ਇਹ ਪਉੜੀਆਂ ਜਾਂ ਅਸਟਪਦੀਆਂ ਨਾਲ ਭਾਵ ਦੇ ਪੱਧਰ ਤੇ ਮੇਲ ਖਾਣ ਵਾਲੇ ਨਹੀਂ ਸਨ ਜੇ ਹੁੰਦੇ ਤਾਂ ਜ਼ਰੂਰ ਦਰਜ ਕੀਤੇ ਜਾਂਦੇ ਕਿਉਂਕਿ ਸਲੋਕਾਂ ਨੂੰ ਦਰਜ ਕਰ ਲੱਗਿਆਂ ਸਲੋਕਾਂ ਦੀ ਗਿਣਤੀ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ ਸਗੋਂ ਵਿਸ਼ੇ ਜਾਂ ਭਾਵ ਨੂੰ ਧਿਆਨ ਵਿਚ ਰੱਖਿਆ ਗਿਆ, ਪਰ ਡਾ. ਸਾਹਿਬ ਦਾ ਇਹ ਵਿਚਾਰ ਕਿ ਇਹ ਅੰਤਿਕਾ ਹੈ, ਨਿਰਮੂਲ ਹੈ ਕਿਉਂਕਿ

Sri Satguru Jagjit Singh Ji Elibrary NamdhariElibrary@gmail.com

ਅੰਤਿਕਾ ਕਿਸੇ ਰਚਨਾਤਮਿਕ ਗ੍ਰੰਥ ਵਿਚ ਨਹੀਂ ਹੁੰਦੀ ਸਗੋਂ ਇਸ ਦਾ ਸਥਾਨ ਆਲੋਚਨਾਤਮਿਕ ਗ੍ਰੰਥ ਵਿਚ ਹੁੰਦਾ ਹੈ ਪਰ ਜੇਕਰ ਅੰਤਿਕਾ ਦੀ ਗੱਲ ਕਰਨੀ ਹੋਵੇ ਤਾਂ ਰਾਗ ਮਾਲਾ ਨੂੰ ਅੰਤਿਕਾ ਮੰਨਿਆ ਜਾ ਸਕਦਾ ਹੈ ਪਰ ਜੇਕਰ ਡਾ. ਧਰਮ ਸਿੰਘ ਹੁਰੀਂ ਸਲੋਕ ਵਾਰਾਂ ਤੇ ਵਧੀਕ ਨੂੰ ਅੰਤਿਕਾ ਮੰਨਦੇ ਹਨ ਤਾਂ ਮੇਰਾ ਮੰਨਣਾ ਹੈ ਕਿ ਜਪੁ ਇਕ ਸਿਧਾਂਤਕ ਬਾਣੀ ਹੈ ਜਿਸ ਦੀ ਵਿਆਖਿਆ ਬਾਕੀ ਸਾਰੇ ਗੁਰੂ ਗ੍ਰੰਥ ਵਿਚ ਕੀਤੀ ਗਈ ਹੈ ਜਿਸ ਦਾ ਆਧਾਰ ਮੂਲ ਮੰਤਰ ਹੈ ਪਰ ਮੈਂ ਡਾ. ਸਾਹਿਬ ਤੋਂ ਇਹ ਪੁੱਛਣਾ ਚਾਹਾਂਗਾ ਕਿ ਜਪੁ ਤੋਂ ਪਿਛੋਂ ਸੋ ਦਰੁ, ਸੋ ਪੁਰਖੁ, ਸੋਹਿਲਾ ਬਾਣੀਆਂ ਮਿਸ਼ਰਤ ਰਾਗਾਂ ਵਿਚ ਹਨ ਜੋ ਸਿਰੀ ਰਾਗ ਤੋਂ ਪਹਿਲਾਂ ਦਿੱਤੀਆਂ ਗਈਆਂ ਹਨ ਅਤੇ ਮੁੜ ਇਨ੍ਹਾਂ ਨੂੰ ਆਪੋ ਆਪਣੇ ਸਥਾਨਾਂ ਤੇ ਦਰਜ ਕੀਤਾ ਗਿਆ ਹੈ। ਇਸ ਤਰਤੀਬ ਦਾ ਸਿਧਾਂਤਕ ਆਧਾਰ ਕੀ ਹੈ?

ਧੰਨਵਾਦ।

## ਡਾ. ਸਰਬਜਿੰਦਰ ਸਿੰਘ

ਪ੍ਰਧਾਨ ਜੀ! ਵੈਸੇ ਤਾਂ ਡਾ. ਚੀਮਾ ਨੇ ਤਾਂ ਸਵਾਲ ਕੋਈ ਛੱਡਿਆ ਹੀ ਨਹੀਂ ਹੈ, ਪੁੱਛਣ ਜੋਗਾ ਕਿਉਂਕਿ ਮੈਂ ਆਪਣਾ ਨਾਂ ਲਿਖ ਕੇ ਭੇਜ ਚੁੱਕਾ ਸੀ। ਇਸ ਕਰਕੇ ਇਕ-ਦੋ ਅਸਹਿਮਤੀਆਂ ਜਿਹੜੀਆਂ ਨੇ, ਉਹ ਜ਼ਰੂਰ ਸਾਂਝੀਆਂ ਕਰਨੀਆਂ ਬਣਦੀਆਂ ਹਨ। ਮੇਰੀ ਪਹਿਲੀ ਅਸਹਿਮਤੀ ਡਾ. ਗੁਰਦੇਵ ਸਿੰਘ ਹੋਰਾਂ ਨਾਲ, ਬੇਸ਼ੱਕ ਇਹ ਮੇਰੇ ਅਧਿਆਪਕ ਨੇ, ਇਨ੍ਹਾਂ ਕੋਲੋਂ ਬਹੁਤ ਕੁਝ ਸਿੱਖਿਆ ਵੀ ਹੈ। ਪਰ ਮੈਨੂੰ ਇਹਨਾਂ ਦੀ ਇਹ ਗੱਲ ਬੜੀ ਅਜੀਬ ਲੱਗੀ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਇਹੋ ਜਿਹਾ ਇਕ ਉਪਰਾਲਾ ਦੁਲਾ ਭੱਟੀ ਵੀ ਕਰ ਚੁੱਕਾ ਸੀ, ਗੁਰੂ ਪਾਤਸ਼ਾਹ ਦੇ ਇਸ ਦੈਵੀ ਪ੍ਰਬੰਧ ਨੂੰ ਦੁੱਲਾ ਭੱਟੀ ਦੇ ਕਾਰਜ ਨਾਲ ਜੋੜਨਾ? ਗੁਰੂ ਬਚਾਵੇ! ਦਰਅਸਲ ਇਹਨਾਂ ਨੇ ਨਾਂ ਲਿਆ ਛੱਲੇ ਮਰਾਸੀ ਦਾ। ਇਕ ਡਾ. ਤਨਬੀਰ ਅਬਾਸੀ ਦੀ ਕਿਤਾਬ ਹੈ ਜਿਹੜੀ ਪੰਜਾ ਸਾਹਿਬ ਕਾਲਜ ਦੇ ਵਿਚ ਪੜ੍ਹਾਉਂਦਾ ਹੈ। ਉਹ ਆਪਣੀ ਪੁਸਤਕ ਮੈਨੂੰ ਦੇ ਕੇ ਗਏ। ਪੁਸਤਕ ਮੇਰੇ ਕੋਲ ਹੈ ਤੇ ਬੜੀ ਪਿਆਰੀ ਹੈ। ਪੁਸਤਕ ਅਨੁਸਾਰ ਤਿੰਨ ਜਣੇ ਜਿਹੜੇ ਡਾਕੇ ਮਾਰਦੇ ਹੁੰਦੇ ਹਨ। ਦੁੱਲਾ, ਛੱਲਾ ਤੇ ਮਿਹਰੂ ਡਾਕਾ ਮਾਰਨ ਜਾਣ ਵੇਲੇ ਉਸੇ ਤਰ੍ਹਾਂ ਜਿਵੇਂ ਕਿਸਾਨ ਖੇਤਾਂ ਵਿਚ ਪਾਣੀ ਦੇਣ ਜਾਂਦਾ ਹੈ ਤੇ ਟੱਪੇ ਗਾਉਂਦਾ ਜਾਂਦਾ ਹੈ। ਲਾਈਨ ਯਾਦ ਹੈ : ਐਗਜ਼ੇਕਟਲੀ ਤਿੰਨੇ ਜਦੋਂ ਜਾਂਦੇ ਤੇ ਟੱਪੇ ਗਾਉਂਦੇ ਤੇ ਉਨ੍ਹਾਂ ਟੱਪਿਆਂ ਵਿਚ ਮੈਨੂੰ ਪਿਆਰੀ ਲਾਈਨ ਯਾਦ ਹੈ 'ਜਦ ਦੁੱਲੇ ਗਾਇਆ ਛੱਲੇ ਨੇ ਢੋਲ ਵਜਾਇਆ'। ਹੁਣ ਇਸ ਗੱਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਨਾਲ ਜੋੜਨਾ ਅਸਲ ਵਿਚ ਮੈਨੂੰ ਬੁਰਾ ਲੱਗਾ। ਇਸ ਤਰ੍ਹਾਂ ਦੇ ਕਾਰਜ ਨੂੰ ਸੰਸਾਰ ਦੇ ਇਸ ਸਰਵ ਉੱਚ ਗ੍ਰੰਥ ਨਾਲ ਜੋੜਨਾ ਤੇ ਉਹ ਵੀ ਡਾ. ਸਾਹਿਬ ਵਰਗੇ ਬੰਦੇ ਵਲੋਂ? ਦੂਸਰਾ ਪ੍ਰਸ਼ਨ ਡਾ. ਨਈਅਰ ਸਾਹਿਬ ਲਈ ਹੈ ਜਿਹੜੇ ਸਰੋਤ ਇਨ੍ਹਾਂ ਨੇ ਦੱਸੇ ਹਨ ਬਹੁਤ ਹੀ ਮਹੱਤਵਪੂਰਨ ਸਰੋਤ ਹਨ, ਕੋਈ ਸ਼ੱਕ ਹੀ ਨਹੀਂ ਪਰ ਉਹਦੇ ਵਿਚ ਇਕ ਸਰੋਤ ਹੈ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ* ਕਿਰਤ ਭਾਈ ਕੇਸਰ ਸਿੰਘ ਛਿੱਬਰ, ਇਹ ਬਹੁਤ ਹੀ

Sri Satguru Jagjit Singh Ji Elibrary NamdhariElibrary@gmail.com

ਵਡਮੁੱਲੀ ਰਚਨਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿਉਂਕਿ ਗੁਰੂ ਸਾਹਿਬਾਨ ਦੇ ਵੱਡੇ ਵਡੇਰਿਆਂ ਤੇ ਬੱਚਿਆਂ ਸੰਬੰਧੀ ਥਾਂ-ਥਾਂ ਉਪਰ ਸੰਮਤ ਦੇ ਕੇ ਲਿਖਤ ਨੂੰ ਲਾਭਦਾਇਕ ਬਣਾਇਆ ਤੇ ਸ਼ਿੰਗਾਰਿਆ ਹੈ ਅਤੇ ਇਸ ਸੁਘੜ ਵਿਦਵਾਨ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦਾ ਚੋਖਾ ਗਿਆਨ ਸੀ। ਹੁਣ ਸਮੱਸਿਆ ਇਹ ਖੜ੍ਹੀ ਹੋ ਗਈ ਕਿ ਤੁਸੀਂ ਇਕ ਪੰਨੇ ਤੋਂ ਲੈ ਕੇ ਅਖੀਰ ਤੱਕ ਤੇ ਛਿੱਬਰ ਸਾਹਿਬ ਦਾ ਬੰਸਾਵਲੀਨਾਮਾ ਪੜ੍ਹ ਲਓ ਉਥੇ ਦਸਮ ਗ੍ਰੰਥ ਦਾ ਕਿਤੇ ਵੀ ਜ਼ਿਕਰ ਹੀ ਨਹੀਂ ਆਉਂਦਾ ਕਿ ਦਸਮ ਗ੍ਰੰਥ ਨਾਮ ਦੀ ਕੋਈ ਰਚਨਾ ਹਕੀਕਤ ਵਿਚ ਹੈ ਵੀ ਸੀ ਕਿ ਨਹੀਂ। ਦੋ ਗ੍ਰੰਥਾਂ ਦਾ ਜ਼ਿਕਰ ਉਥੇ ਹੈ ਸਮੁੰਦ ਸਾਗਰ ਤੇ ਅਵਤਾਰ ਲੀਲਾ ਤੇ ਇਸ ਤੋਂ ਪਹਿਲਾਂ ਜਿਹੜੀ ਇਨ੍ਹਾਂ ਗੱਲ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਦਾ ਉਹਨਾਂ ਨੂੰ ਸੰਪੂਰਨ ਗਿਆਨ ਸੀ। ਜੇ ਗੁਰੂ ਗ੍ਰੰਥ ਦਾ ਉਹਨਾਂ ਨੂੰ ਸੰਪੂਰਨ ਗਿਆਨ ਸੀ ਤੇ ਪ੍ਰਸ਼ਨ ਖੜ੍ਹਾ ਹੋ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੈਣਾਂ ਦੇਵੀ ਦੇ ਤਰਲੇ ਲੈਂਦੇ ਦਿਖਾਏ ਗਏ ਹਨ ਕਿ ਉਹ ਤਾਕਤ ਦੇਵੇ ਤੇ ਮੈਂ ਦੁਸ਼ਮਣਾਂ ਦਾ ਮੁਕਾਬਲਾ ਕਰ ਸਕਾਂ। ਕੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਰੱਖਣ ਵਾਲਾ ਵਿਦਵਾਨ ਇਹੋ ਜਿਹੀ ਗੱਲ ਕਰ ਸਕਦਾ ਹੈ?

ਧੰਨਵਾਦ।

## ਪ੍ਰੋ. ਹਿੰਮਤ ਸਿੰਘ

ਮੈਂ ਸਹਿਜ ਵਿਚ ਹੀ ਪ੍ਰਸ਼ਨ ਕਰਾਂਗਾ। ਪਹਿਲੇ ਵਕਤਾ ਡਾ. ਗੁਰਦੇਵ ਸਿੰਘ ਹੁਰੀਂ ਹਨ, ਜਿਨ੍ਹਾਂ ਨੂੰ ਫ਼ਾਰਸੀ ਦਾ ਚੰਗਾ ਗਿਆਨ ਹੈ। ਉਹਨਾਂ ਨੂੰ ਸਿਰਫ਼ ਇਹ ਬੇਨਤੀ ਕਰਾਂਗਾ ਕਿ ਮਸਨਵੀ ਮੌਲਾਨਾ ਰੂਮ ਉਦੋਂ ਮੌਲਾਨਾ ਰੂਮ ਦੇ ਹਿਰਦੇ ਅੰਦਰ ਪ੍ਰਜੁਲਿਤ ਰੂਪ ਵਿਚ ਆ ਗਈ ਸੀ ਜਦੋਂ ਉਹਦੇ ਗੁਰੂ-ਮੁਰਸ਼ਦ 'ਮਨਸੂਰ ਅਲਹਿਲਾਜ' ਨੇ ਐਸੀ ਵਿਧੀ ਬਣਾਈ ਕਿ ਉਹਦੇ ਸਾਰੇ ਕਾਗਜ਼-ਪੁਸਤਕ ਸੜ ਫੁੱਕੇ ਸਨ। ਗੁਰਬਾਣੀ ਪ੍ਰਜੁਲਿਤ ਸ਼ਬਦ-ਜੋਤਿ ਹੈ। 'ਮੀਣਿਆਂ' ਨੇ ਕਰਤਾਰਪੁਰੀ ਬੀੜ ਦੇ ਅੱਖਰ-ਅੰਕੜਿਆਂ ਉਪਰ ਕਬਜ਼ਾ ਕੀਤਾ ਸੀ। ਸ਼ਬਦ-ਜੋਤਿ ਉਪਰ ਕਾਅਦਾ ਕਬਜ਼ਾ? ਗੁਰੂ ਅਰਜਨ ਤਾਂ ਸਭ ਕੁਝ ਪ੍ਰਿਥੀਏ ਨੂੰ ਦੇ ਕੇ ਛਿਹਰਟੇ ਆਣ ਬੈਠੇ ਸੀ। ਭਾਵ ਇਹ ਕਿ ਪ੍ਰਜੁਲਿਤ ਪ੍ਰਕਾਸ਼ਮਾਨਤਾ ਕਿਸੇ ਕਾਗਜ਼ ਜਾਂ ਅੱਖਰ-ਅੰਕੜੇ ਦੀ ਹੀ ਗੁਲਾਮ ਨਹੀਂ ਹੁੰਦੀ। ਅੱਖਰ-ਅੰਕੜਾ ਇਤਿਹਾਸ ਦੀ ਚੱਕੀ ਦੇ ਦੁਫਾੜ ਵਿਚ ਗ੍ਰਸੇ ਹੁੰਦੇ ਹਨ। ਜੋਤਿ-ਪ੍ਰਜੁਲਨ ਨੂੰ ਕੌਣ ਦਰੜ ਸਕਦਾ ਹੈ?

ਦੂਜਾ ਪ੍ਰਸ਼ਨ : ਦੂਜੇ ਵਕਤਾ ਨੂੰ, ਕੁਝ ਸੌਖੇ ਰੂਪ ਵਿਚ, ਇਉਂ ਹੈ ਕਿ, ਇਹਨਾਂ ਨੇ ਸਾਰੇ ਦੇ ਸਾਰੇ ਸਰੋਤ (ਜਿਥੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਜ਼ਿਕਰ ਮਿਲ ਸਕਦਾ ਹੈ) ਦਰਸਾਏ ਹਨ। ਇਹ ਸਰੋਤ ਫ਼ਾਰਸੀ ਤੋਂ ਆਏ ਨੇ (ਪੰਜਾਬੀ ਵਿਚ)। ਲਿਖਤੀ ਰੂਪ ਵਿਚ ਅਤੇ ਅਲਿਖਤ ਰੂਪ ਵਿਚ (ਸਾਡੇ ਇਤਿਹਾਸ ਵਿਚ) ਜੋ ਜਿਉਂਦੀਆਂ-ਗਵਾਹੀਆਂ ਜਾਂ ਹਕੀਕਤਾਂ ਨੇ, ਉਹਨਾਂ ਬਾਰੇ ਬਿਲਕੁਲ ਜ਼ਿਕਰ ਨਹੀਂ ਕੀਤਾ ਗਿਆ (ਸਾਡੀ ਇਤਿਹਾਸਕਾਰੀ ਦੀ ਵਿਧੀ ਦੇ ਅੰਦਰ)। (ਦੋ ਹਕੀਕਤਾਂ ਦਾ ਮੈਂ ਜ਼ਿਕਰ ਕਰਦਾ ਹਾਂ, ਅਸਲ ਵਿਚ ਇਤਿਹਾਸ ਨੂੰ ਘੜਨ-ਸੰਵਾਰਨ ਵਾਲੀ ਘਟਨਾ ਜਾਂ ਗੱਲ ਦਾ ਹਕੀਕੀ ਪਹਿਲੂ ਕੁਝ ਹੋਰ ਹੁੰਦਾ ਹੈ, ਲਿਖਤ ਵਿਚ

Sri Satguru Jagjit Singh Ji Elibrary NamdhariElibrary@gmail.com

ਜ਼ਿਕਰ ਕੁਝ ਹੋਰ ਆਉਂਦਾ ਹੈ)। ਲੇਕਿਨ ਜੋ ਲਿਖਤੀ ਤੱਥ, ਮੁਜੱਦਿਦ ਅਲਿਫ਼ ਸਾਨੀ ਸੰਬੰਧੀ, (ਗੁਰੂ ਅਰਜਨ ਦੇਵ ਜੀ ਦੇ ਪ੍ਰਸੰਗ ਵਿਚ) ਹੈ (ਅਤੇ ਦੂਜਾ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸੰਗ ਵਿਚ ਹੈ) ਉਹ ਸਾਡੀ ਇਤਿਹਾਸਕਾਰੀ ਦੀ ਪਹੁੰਚ ਉਪਰ ਪ੍ਰਸ਼ਨ ਚਿੰਨ੍ਹ ਲਗਾ ਦਿੰਦਾ ਹੈ। ਪਹਿਲੇ ਤੱਥ ਬਾਰੇ ਜ਼ਿਕਰ ਥੋੜ੍ਹਾ ਕਰਾਂਗਾ ਪਰ ਗੁਰੂ ਗੋਬਿੰਦ ਸਿੰਘ ਬਾਰੇ ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ ਉਸ ਗੱਲ ਦੀ ਹਕੀਕਤ ਵਿਚੋਂ ਹੀ ਵਕਤਾ ਸਵਾਲ ਨੂੰ ਪਕੜ ਲੈਣ। ਇਕ ਪਾਸੇ, ਪੰਜਾਬ ਦੇ ਵਿਚ, ਔਰੰਗਜ਼ੇਬ ਨੇ, ਲਿਖਤੀ ਤੌਰ 'ਤੇ ਫ਼ੌਜੀ ਹੁਕਮ ਦਿੱਤੇ ਹੋਏ ਸਨ ਕਿ ਕੋਈ ਵੀ ਹਿੰਦੂ ਔਰ ਸਿੱਖ ਜਾਂ ਮੁਸਲਮਾਨ ਵਾਲ (ਕੇਸ) ਨਹੀਂ ਰੱਖ ਸਕਦਾ। ਜ਼ਬਰਦਸਤੀ ਵਾਲ ਕਟਵਾਏ ਗਏ। ਇਹ 1599 ਦੇ ਵੇਲੇ ਦੀ ਗੱਲ ਹੈ। ਉਸੇ ਹੀ ਸਮੇਂ ਇਕ ਕਰੋੜ ਰੁਪਏ ਦਾ ਇਕ ਵਾਲ (ਅਸ਼ਕਬਾਰੀ ਵਲੋਂ) ਖਰੀਦਿਆ ਗਿਆ, ਹਜ਼ਰਤ ਮੁਹੰਮਦ ਦਾ (ਮੂਇਮੁਬਾਰਕ), ਦੱਖਣ ਵਿਚੋਂ ਅਤੇ ਕਸ਼ਮੀਰ ਦੀ ਬਹੁਤ ਵੱਡੀ ਤੇ ਕੀਮਤੀ ਮਸਜਿਦ (ਹਜ਼ਰਤ ਬਾਲ) ਵਿਚ ਅਜੇ ਤੱਕ ਸਾਂਭਿਆ ਪਿਆ ਹੈ (ਸ੍ਰੀਨਗਰ ਵਿਖੇ)। 'ਇਕ' ਵਾਲ ਦੀ ਖਾਤਰ ਇਕ ਪਾਸੇ ਤਾਂ ਕਰੋੜਾਂ ਰੁਪਇਆ ਖਰਚਿਆ ਗਿਆ ਤੇ ਦੂਜੇ ਪਾਸੇ ਕਰੋੜਾਂ ਨੂੰ ਮਾਰਿਆ ਜਾ ਰਿਹਾ ਸੀ ਕਿ ਤੁਸੀਂ ਵਾਲ ਕਿਉਂ ਰੱਖੇ ਹਨ। ਇਹ ਇਤਿਹਾਸਕ ਤੱਥ ਸਾਡੇ ਖੂਨੀ ਇਤਿਹਾਸ ਵਿਚ ਲਿਖਿਆ ਹੋਇਆ ਹੈ। ਇਸ ਵੱਡੀ ਹਕੀਕਤ ਨੂੰ ਇਕ ਗੁਰੂ ਦਾ ਪਿਆਰਾ ਭਾਈ ਨੰਦ ਲਾਲ ਇਉਂ ਦੱਸਦਾ ਹੈ, "ਦੀਨੋ ਦੁਨੀਆਂ ਦਰਕਮੰਦੇ ਆਂ ਪਰੀਰੁਖਸਾਰੇਮਾ। ਹਰ ਦੋ ਆਲਮ ਕੀਮਤੇ ਯਕਤਾਰ ਮੂਏ ਯਾਰਿਮਾ"। ਅਰਥ ਇਹ ਕਿ : "ਤੁਸੀਂ ਖਰੀਦਿਆ ਹੈ 'ਇਕ' ਵਾਲ ਕਰੋੜ ਰੁਪਏ ਦਾ; ਮੇਰੇ ਮੁਰਸ਼ਦ (ਸ੍ਰੀ ਦਸਮੇਸ਼) ਦੇ ਇਕ ਵਾਲ ਦੀ ਕੀਮਤ ਦੋਨੋਂ ਆਲਮ ਹਨ, ਕੀਮਤ ਪਾ ਕੇ ਕੀ ਕਰੋਗੇ? ਅਤੇ ਇਸ ਹਕੀਕਤ ਦੇ ਜਵਾਬ ਵਿਚ ਭਾਈ ਨੰਦ ਲਾਲ ਵੱਲੋਂ ਇਹ ਇਤਿਹਾਸਕ 'ਤੱਥ' ਅਸੀਂ ਇਤਿਹਾਸਕਾਰ ਕਿਥੋਂ ਪੈਦਾ ਕਰ ਸਕਦੇ ਹਾਂ? ਇਹ ਲਿਖਤੀ ਸਬੂਤ ਅਸੀਂ ਕਿਥੋਂ ਲਿਆ ਸਕਾਂਗੇ? ਇਹ ਦੋ ਪ੍ਰਸ਼ਨ ਇਹਨਾਂ ਇਤਿਹਾਸਕਾਰ ਵਕਤਾਵਾਂ ਨੂੰ ਹਨ।

ਤੀਸਰੀ ਮੇਰੀ ਬੇਨਤੀ ਹੈ ਕਿ ਸਭ ਤੋਂ ਅਖੀਰ ਜਿਹੜੇ ਵਕਤਾ ਹਨ (ਮੁਖ਼ ਮੋਹਨ) ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੀ 'ਸੁਖਮਨੀ' ਬਾਰੇ ਵਿਚਾਰ ਪੇਸ਼ ਕੀਤੇ। ਮੈਂ ਉਹਨਾਂ ਨੂੰ ਬੇਨਤੀ ਕਰਦਾ ਹਾਂ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਪ੍ਰੰਪਰਾਵਾਂ ਨੂੰ ਲਾਂਭੇ ਰੱਖ ਕੇ ਅਤੇ ਸਿੱਖ-ਮਤਿ ਨੂੰ ਸਾਹਮਣੇ ਰੱਖ ਕੇ ਹੀ ਸੁਖਮਨੀ ਸਾਹਿਬ ਸਮਝ ਆਵੇਗੀ, ਕਿਉਂਕਿ ਮੂਲ-ਪਾਠ ਹੀ ਨਹੀਂ ਸਮਝਿਆ ਜਾ ਸਕਦਾ ਉਹਨਾਂ ਪਰੰਪਰਾਵਾਂ ਨੂੰ ਛੱਡਣ ਤੋਂ ਬਗੈਰ। ਮੈਂ ਇਕ ਮਿਸਾਲ ਦਿੰਦਾ ਹਾਂ, ਸੁਖਮਨੀ ਸਾਹਿਬ ਦੀ, ਬ੍ਰਹਮ ਮਹਿ ਜਨੁ, ਜਨੁ ਮਹਿ ਪਾਰਬ੍ਰਹਮ'। ਨਾ ਹਿੰਦੂ ਧਰਮ ਵਿਚ ਇਹ ਵਿਚਾਰ ਹੈ ('ਜਨ' ਵਿਚ 'ਪਾਰਬ੍ਰਹਮ' ਹੋਣ ਦਾ) ਨਾ ਇਸਲਾਮ ਵਿਚ ਹੀ। ਇਹ ਗੱਲ ਵੀ ਸਮਝ ਆਵੇਗੀ ਕਿ "ਬ੍ਰਹਮ ਮਹਿ ਜਨੁ ਜਨੁ ਮਹਿ ਬ੍ਰਹਮ" ਨਹੀਂ ਕਿਹਾ ਸਗੋਂ ਬਲਕਿ 'ਜਨੁ ਮਹਿ ਪਾਰਬ੍ਰਹਮ' ਕਿਹਾ ਹੈ। ਇਹ ਅਧਿਆਤਮਕ ਚਿੰਤਨ ਦਾ ਬਹੁਤ ਹੀ ਉਚ ਪਾਏ ਵਾਲਾ ਸੰਕਲਪ ਹੈ। ਸੋ ਧਿਆਨ ਦੇਣ ਨਾਲ ਸੁਖਮਨੀ ਸਾਹਿਬ ਦੀ ਹੋਰ ਜ਼ਿਆਦਾ ਸਮਝ ਆਵੇਗੀ। ਮੈਂ ਉਨ੍ਹਾਂ (ਮੁਖ਼ ਮੋਹਨ) ਨੂੰ ਫੇਰ ਬੇਨਤੀ ਕਰਦਾ ਹਾਂ ਕਿ ਹਿੰਦੂ-ਮੁਸਲਮਾਨ ਪਰੰਪਰਾਗਤ ਵਿਰੋਧੀ ਰਹੇ ਹਨ, ਪਰੰਪਰਾਗਤ ਰਹੱਸਵਾਦ ਜਾਂ ਅਧਿਆਤਮਵਾਦ ਦੇ ਨੁਕਤੇ ਤੋਂ ਵੀ। ਇਕ ਧਿਰ ਸਮਾਨੰਤਰਵਾਦ (Parallelism) ਨਾਲ ਸੰਬਧਿਤ ਹੈ ਅਤੇ ਦੂਜੀ ਸਰਵਬ੍ਰਹਮਵਾਦ (Monism) ਨਾਲ। ਇਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਦੋਹਾਂ ਵਿਰੋਧੀ ਧਿਰਾਂ ਨੂੰ ਇਕ ਪਾਸੇ ਛੱਡਣ ਤੋਂ ਬਿਨਾਂ ਸੁਖਮਨੀ ਜਾਂ ਗੁਰਬਾਣੀ ਦੀ ਸਮਝ ਨਹੀਂ ਆ ਸਕਦੀ ਹੈ?

## ਕੈਪਟਨ ਮਹਿੰਦਰ ਸਿੰਘ

ਡਾ. ਮੁਬੂ ਮੋਹਨ ਹੋਰਾਂ ਨੇ ਜ਼ਿਕਰ ਕੀਤਾ ਹੈ ਨਾਮ ਦਾ। ਅਸੀਂ ਅਕਸਰ ਕਹਿ ਦਿੰਦੇ ਹਾਂ ਨਾਮ ਜਪਣਾ। ਬਾਕੀ ਡੇਰੇਦਾਰ ਲੋਕ ਨਾਮ ਦਿੰਦੇ ਹਨ। ਮੈਨੂੰ ਹਾਲੇ ਤੱਕ ਇਹ ਸਮਝ ਨਹੀਂ ਆਇਆ ਕਿ ਇਨ੍ਹਾਂ ਦੋਹਾਂ ਵਿਚ ਕੀ ਫ਼ਰਕ ਹੈ। ਮੈਂ ਇਕ ਵਿਦਵਾਨ ਸ਼ਖ਼ਸ ਤੋਂ ਇਕ ਵਾਰ ਪੁਛਿਆ ਕਿ ਨਾਮ ਕੀ ਹੈ, ਦੱਸਣ ਦੀ ਕਿਰਪਾ ਕਰੋ। ਉਹ ਸ਼ਖ਼ਸ ਲਾਲ-ਪੀਲੇ ਹੋ ਗਏ ਤੇ ਕਹਿੰਦੇ ਜੇ ਹੁਣ ਵੀ ਤੁਹਾਨੂੰ ਨਾਮ ਨਹੀਂ ਸਮਝ ਆਇਆ ਤਾਂ ਕੋਈ ਮੁਸਲਮਾਨ ਦੱਸ। ਤੁਹਾਨੂੰ ਮੈਂ ਇਸੇ ਗੱਲ ਨੂੰ ਮੁੜ ਕੇ ਸਵਾਲ ਦੇ ਰੂਪ ਵਿਚ ਪੁੱਛਦਾ ਹਾਂ ਕਿ ਜਿਵੇਂ ਕਿ ਵਕਤਾ ਦਾ ਖ਼ਿਆਲ ਹੈ ਕਿ ਨਾਮ ਇਕ ਹੈ। ਬਾਕੀ ਸਭ ਕੁਝ ਉਸ ਦੀ ਬਾਅਦ ਦੀ ਵਿਆਖਿਆ ਹੈ। ਡਾ. ਮੁਬੂ ਮੋਹਨ ਨੂੰ ਮੇਰਾ ਪ੍ਰਸ਼ਨ ਹੈ ਕਿ ਜੀਵਨ ਦੇ ਤੱਥ ਸਿਰਫ਼ ਵਿਆਖਿਆਮਈ ਨਹੀਂ ਹੁੰਦੇ ਕਿ ਉਹ ਨਾਮ ਦੀ ਇਸੇ ਤਰ੍ਹਾਂ ਹੀ ਵਿਆਖਿਆ ਸਮਝਦੇ ਹਨ? ਅਸੀਂ ਰੋਜ਼ਾਨਾ ਸ਼ੁਰੂ ਤੋਂ ਰਾਮ ਨਾਮ ਜਪਦੇ ਹਾਂ ਪਰ ਸਤਿਨਾਮੁ ਭਾਵ ਹਕੀਕੀ ਨਾਮ ਤੋਂ ਅਸੀਂ ਅਣਜਾਣ ਹਾਂ। ਮੇਰੇ ਖਿਆਲ ਵਿਚ ਕਿਸੇ ਨੂੰ ਵੀ ਸਤਿਨਾਮ ਦੀ ਪ੍ਰਮਾਣਿਕਤਾ ਦਾ ਪਤਾ ਨਹੀਂ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

## ਖੋਜ-ਪੱਤਰ ਲੇਖਕਾਂ ਵੱਲੋਂ ਸਪਸ਼ਟੀਕਰਨ
## ਡਾ. ਗੁਰਦੇਵ ਸਿੰਘ

ਮੈਨੂੰ ਬੜੀ ਖੁਸ਼ੀ ਹੈ ਕਿ ਮੇਰਾ ਪਰਚਾ ਥੋੜ੍ਹਾ ਉਤੇਜਨਾ ਭਰਪੂਰ ਜਾਂ ਟੁੰਬਣ ਵਾਲਾ ਤਾਂ ਸੀ ਹੀ, ਵੈਸੇ ਸੰਪੂਰਨ ਗਿਆਤਾ ਹੋਣ ਦਾ ਦਾਅਵਾ ਨਾ ਮੈਂ ਕਰ ਸਕਦਾ ਹਾਂ ਨਾ ਹੋਰ ਕੋਈ ਕਰ ਸਕਦਾ ਹੈ।

ਕਦਮ ਭਾਰਤੀ ਏਕਤਾ ਵੱਲ ਪੁੱਟਿਆ ਗਿਆ ਹੈ। ਗੁਰੂਦੇਵ ਦਾ ਇਹ ਪਹਿਲਾ ਸਰਬ ਪ੍ਰਥਮ ਕਦਮ ਸੀ। ਇਸ ਤੋਂ ਮੁਨਕਰ ਹੋਇਆ ਨਹੀਂ ਜਾ ਸਕਦਾ ਤੇ ਮੈਂ ਕਿਤੇ ਨਹੀਂ ਕਿਹਾ ਮੈਂ ਤਾਂ ਕਿਹਾ ਵੱਖਰੇ-ਵੱਖਰੇ ਇਲਾਕਿਆਂ ਦੇ ਲੋਕਾਂ ਨੂੰ ਵੱਖਰੇ-ਵੱਖਰੇ ਵਿਸ਼ਵਾਸਾਂ ਦੇ ਲੋਕਾਂ ਨੂੰ ਇਕ ਵਿਚਾਰ ਮੰਚ ਤੇ ਲਿਆਂਦਾ।

ਮੇਰੇ ਪਹਿਲੇ ਵਿਦਵਾਨ ਦੋਸਤ ਨੂੰ ਮੁੰਗਾਲਤਾ (ਭੁਲੇਖਾ) ਲੱਗਿਆ ਹੈ। ਭੁਲੇਖਾ ਵਿਰੋਧਾਭਾਸ ਨਹੀਂ ਹੈ। ਇਹ ਜਦੋਂ ਮੈਂ ਇਹ ਕਹਿੰਦਾ ਹਾਂ ਗੰਗਾ ਤੇ ਜ਼ਮ-ਜ਼ਮ ਨੂੰ ਮਿਲਾਇਆ ਹੈ। ਗੁਰੂ ਸਾਹਿਬ ਨੇ ਉਸਦਾ ਜਿਹੜਾ ਸੰਗਮ ਕਰਾਇਆ ਹੈ, ਉਸ ਦਾ ਕੀ.ਮਤਲਬ ਹੈ! ਵਿਸ਼ਵਾਸ-ਪੱਧਤੀਆਂ ਸਾਰੀਆਂ ਨੂੰ ਇਕੱਠਾ ਕੀਤਾ ਹੈ। ਇਸ ਬਾਰੇ ਪ੍ਰਸ਼ਨ ਕਰਤਾ ਫੇਰ ਪੇਪਰ ਪੜ੍ਹ ਲੈਣ। ਬਾਕੀ ਭਾਰਤੀ ਕਲਾਸਕੀ ਪਰੰਪਰਾ ਦੇ ਪ੍ਰਸੰਗ ਵਿਚ ਇਹ ਕਿਹਾ ਕਿ ਪਰਚਾ ਲਿਖਣ ਵਾਲੇ ਦੀ ਕਮਜ਼ੋਰੀ ਹੈ। ਤੁਸੀਂ ਭਾਰਤ ਦਾ ਖੰਡ ਹੋ, ਭਾਰਤ ਦਾ ਅੰਗ ਹੋ। ਭਾਰਤ ਭੂਮੀ ਦਾ ਇਕ ਸੂਬਾ ਹੈ ਜਿਸਦਾ ਨਾਂ ਪੰਜਾਬ ਹੈ। ਉਹ ਜੇ ਛੋਟਾ ਕਰ ਲਿਆ ਉਸਦੇ ਵਿਚ ਕਸੂਰ ਕਿਸਦਾ ਹੈ। ਵੱਡਾ ਪੰਜਾਬ ਵੀ ਤਾਂ ਸੀ ਉਹ ਕਿਹੜਾ ਸੰਭਾਲਿਆ ਗਿਆ। ਪਹਿਲਾਂ ਤਾਂ ਜੇ ਇਹ ਗੱਲ ਚੁਭਦੀ ਹੈ ਕਿ ਅਸੀਂ ਭਾਰਤੀ ਕਲਾਸੀਕਲ ਟਰੇਡੀਸ਼ਨ ਦਾ ਨਾਂ ਕਿਉਂ ਲੈਂਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਹ ਸਾਡੀ ਆਪਣੀ ਤੁੱਛ ਬੁੱਧੀ ਦਾ ਸਬੂਤ ਹੈ ਕਿਉਂਕਿ ਭਾਰਤੀ ਕਲਾਸਕੀ ਪਰੰਪਰਾ, ਤਾਂ ਤੁਸੀਂ ਦੇਖੋ, ਕਿ ਗੁਰੂ ਗ੍ਰੰਥ ਦੇ ਵਿਚ ਜਿਹੜੀ ਬਾਣੀ ਆਈ ਹੈ ਉਹ ਕਲਾਸਕੀ ਰਾਗਾਂ ਅਨੁਸਾਰ ਹੀ ਆਈ ਹੈ। ਉਨ੍ਹਾਂ ਤੋਂ ਮੁਨਕਰ ਕਿਵੇਂ ਹੋਵਾਂਗੇ! ਕੋਈ ਵੀ ਸਾਡਾ ਵਿਸ਼ਵਾਸ ਹੋਵੇ ਕੋਈ ਵੀ ਸਾਡਾ ਵਿਚਾਰ ਹੋਵੇ, ਇਸ ਗੱਲ ਨੂੰ ਅਸੀਂ ਇਸ ਮਨੋਦ੍ਰਿਸ਼ਟੀ ਤੋਂ ਵਾਚੀਏ। ਹੁਣ ਤੱਕ ਅਸੀਂ ਬਥੇਰਾ ਝੱਲ ਲਿਆ ਤੇ ਬਥੇਰਾ ਅਸੀਂ ਤੋੜ ਲਿਆ ਅੱਗੇ ਨੂੰ ਨਾ ਤੋੜੀਏ।

ਮੈਂ ਇਕ ਮਿਸਾਲ ਦਿੰਦਾ ਹੁੰਦਾ ਹਾਂ। 1984 ਦੇ ਦੰਗਿਆਂ ਤੋਂ ਬਾਅਦ ਦਿੱਲੀ ਵਿਚ ਇਕ ਸੈਮੀਨਾਰ ਹੋਇਆ। ਸਾਡੇ ਵਿਚੋਂ ਕਈ ਗਏ ਹੋਣੇ ਨੇ ਤੇ ਮੈਂ ਉਥੋਂ ਸੰਤ ਵਿਰਸਾ ਸਿੰਘ ਦੇ ਸਥਾਨ ਤੋਂ ਬਸ ਚੜ੍ਹ ਕੇ ਦਿੱਲੀ ਕੈਂਟ ਪਹੁੰਚਣਾ ਸੀ। ਆਪਣੀ ਭੈਣ ਨੂੰ ਮਿਲਣਾ ਸੀ। ਜਿਹੜੀ ਬੱਸ ਪਿੰਡ ਵਿਚੋਂ ਦੀ ਆਈ, ਜਦੋਂ ਮੈਂ ਬੱਸ ਵਿਚ ਚੜ੍ਹਿਆ ਮੇਰੇ ਹੱਥ ਵਿਚ ਉਹ ਬੈਗ ਸੀ ਜਿਹੜੇ ਆਪਣੇ ਸੈਮੀਨਾਰਾਂ ਵਿਚ ਹੁੰਦੇ ਹਨ। ਉਹ ਮੇਰੇ ਕੋਲ ਸੀ। ਇਕ ਬੰਦਾ ਬੈਠਾ ਬੋਲਿਆ ਉਹ ਸਿੱਖ ਚੜ੍ਹਿਆ ਹੈ। ਉਸ ਦੇ ਹੱਥ ਵਿਚ ਬੈਗ ਹੈ, ਬੈਗ ਵਿਚ ਆਮ ਤੌਰ ਤੇ ਬੰਬ ਹੁੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਮੈਂ, ਖੈਰ! ਸੁਣੀ-ਅਣਸੁਣੀ ਕਰ ਦਿੱਤੀ ਕਿਉਂਕਿ ਡਰ ਸੀ ਕਿ ਇਥੇ ਕਿਤੇ ਲਾਹ ਨਾ ਦੇਣ ਮੈਨੂੰ। ਅੱਗੇ ਗਿਆ ਤਾਂ ਡਰਾਈਵਰ ਨੇ ਪਿਛੇ ਤੋਂ ਗੱਲ ਕਹੀ। ਫਿਰ ਉਹ ਇਕ ਦੂਜੇ ਨੂੰ ਕਹਿੰਦੇ ਨੇ ਕਿ ਇਹਦੇ ਬੈਗ ਦਾ ਧਿਆਨ ਰਖਿਓ। ਉਤਰਨ ਲੱਗਿਆ ਬੈਗ ਲੈ ਕੇ ਜਾਂਦਾ ਹੈ ਕਿ ਛੱਡ ਕੇ ਜਾਂਦਾ ਹੈ। ਉਸ ਰਾਤ ਮੈਂ ਸਾਰੀ ਰਾਤ ਸੁੱਤਾ ਨਹੀਂ, ਜਾਗਦਾ ਹੀ ਰਿਹਾ। ਦੰਗਿਆਂ ਵਿਚ ਮੇਰੀ ਭੈਣ ਦਾ ਸਾਰਾ ਘਰ ਲੁੱਟ ਕੇ ਲੈ ਗਏ ਸੀ, ਦੁਕਾਨ ਲੁੱਟ ਕੇ ਲੈ ਗਏ ਸੀ। ਮੇਰੀਆਂ ਦੋ ਭੈਣਾਂ ਵਿਧਵਾ ਹੋ ਗਈਆਂ ਸਨ। ਤੇ ਫੇਰ ਅਸੀਂ ਕਿਹੜੀ ਗੱਲ ਕਰਦੇ ਹਾਂ। ਅਸੀਂ ਕਿਵੇਂ ਭਾਰਤੀ ਕਲਾਸਕੀ ਜਾਂ ਸਨਾਤਨ ਛੋਟ ਤੋਂ ਟੁੱਟ ਸਕਦੇ ਹਾਂ? ਮੇਰੀ ਬੜੀ ਆਜ਼ਿਜ਼ਾਨਾ ਇਲਤਜਾ ਹੈ ਉਸ ਭੜਕਾਊ ਨੌਜਵਾਨ ਨੂੰ, ਕਿ ਆਪਾਂ ਬਹੁਤ ਕੁਝ ਪਹਿਲਾਂ ਹੀ ਗੁਆ ਲਿਆ ਹੈ। ਦੂਜਾ ਪ੍ਰਸ਼ਨ ਬਾਬਾ ਫਰੀਦ ਦੀ ਬਾਣੀ ਦੇ ਸੋਧਣ ਜਾਂ ਸਪਸ਼ਟ ਕਰਨ ਬਾਰੇ ਸੀ। ਸ਼ੇਖ ਫਰੀਦ ਦੇ ਸਲੋਕ ਜਿਥੇ ਅਸਪਸ਼ਟ ਹਨ ਗੁਰੂ ਸਾਹਿਬ ਨੇ ਉਥੇ ਸਪਸ਼ਟ ਕੀਤੇ ਹਨ, ਜਿਥੇ ਸੋਧਣਾ ਸੀ ਉਹ ਸੋਧਿਆ ਵੀ ਹੈ।

*ਪੈਰੀ ਥਕਾ ਸਿਰ ਜੁਲਾ*, ਬਾਬੇ ਨੇ ਕਿਹਾ *ਸਿਰ ਪੈਰੀ ਕਿਆ ਫੇੜਿਆ* ਹੋਰ ਵੀ ਮਿਸਾਲਾਂ ਬਹੁਤ ਹਨ। ਪ੍ਰੋ. ਸਾਹਿਬ ਉਹਨਾਂ ਨੂੰ ਪੜ੍ਹਨ ਤਾਂ ਲਭ ਸਕਦੀਆਂ ਹਨ।

ਇਕ ਸਜਣ ਨੂੰ ਆਪੱਤੀ ਹੈ ਕਿ ਮੈਂ ਦੁੱਲੇ ਨੂੰ ਕਿਉਂ ਜੋੜ ਦਿੱਤਾ ਹੈ ਗੁਰੂ ਅਰਜਨ ਦੇਵ ਪਾਤਸ਼ਾਹ ਨਾਲ। ਨਹੀਂ ਬਿਲਕੁਲ ਨਹੀਂ, ਮੈਂ ਤੇ ਇਕ ਪੰਜਾਬੀ ਨੂੰ ਦੂਜੇ ਪੰਜਾਬੀ ਨਾਲ ਮਿਲਾ ਕੇ ਦੇਖਿਆ ਹੈ। ਉਹ ਪੰਜਾਬੀ ਜਿਹਦੇ ਪਿਓ ਤੇ ਦਾਦੇ ਨੂੰ ਉਨ੍ਹਾਂ ਦੀਆਂ ਖੱਲਾਂ ਵਿਚ ਰੂੰ ਭਰ ਕੇ ਲਾਹੌਰ ਦੇ ਸ਼ਹਿਰ ਦੇ ਅੰਦਰ ਦਿੱਲੀ ਦਰਵਾਜ਼ੇ ਤੇ ਟੰਗ ਦਿੱਤਾ ਗਿਆ ਸੀ।

ਦੁੱਲਾ ਉਨ੍ਹਾਂ ਦਾ ਪੁੱਤ ਤੇ ਪੋਤਰਾ ਸੀ। ਫਰੀਦ ਸਾਦਲ ਦਾ ਪੋਤਰਾ ਸੀ ਤੇ ਗੁਰੂ ਗੋਬਿੰਦ ਸਿੰਘ ਆਪਣੇ ਸ਼ਹੀਦਾਂ ਦਾ ਬਦਲਾ ਲੈਣ ਵਾਸਤੇ ਮੁਗਲਾਂ ਨਾਲ ਆਢਾ ਲਾ ਸਕਦਾ ਸੀ ਤੇ ਜੇ ਦੁੱਲੇ ਨੇ ਆਢਾ ਲੈ ਲਿਆ ਤਾਂ ਉਹਨੂੰ ਡਾਕੂ ਚੋਰ ਬਣਾ ਦਿੱਤਾ ਉਹ ਸੱਚਾ ਪੰਜਾਬੀ ਹੈ, ਅਮਰ ਹੈ, ਉਹ ਸੱਚਾ ਪੰਜਾਬੀ ਸੀ ਪੰਜਾਬ ਦੇ ਲੋਕਾਂ ਨੂੰ ਇਕੱਤਰ ਕਰਕੇ ਮੁਗਲਾਂ ਨਾਲ ਟਾਕਰਾ ਕਰਨਾ ਚਾਹੁੰਦਾ ਸੀ।

ਧੰਨਵਾਦ।

## ਡਾ. ਜੀ. ਐਸ. ਨਈਅਰ

ਵਿਦਵਾਨਾਂ ਵੱਲੋਂ ਮੇਰੇ ਪਰਚੇ ਤੇ ਹੋਏ ਪ੍ਰਸ਼ਨਾਂ ਦਾ ਵਿਸਤ੍ਰਿਤ ਰੂਪ ਵਿਚ ਉੱਤਰ ਦੇਣਾ ਚਾਹਾਂਗਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਬੰਧੀ ਸਿੱਖ ਲੇਖਕ ਆਮ ਤੌਰ ਤੇ ਚੰਦੂ ਨੂੰ ਜ਼ੁੰਮੇਵਾਰ ਠਹਿਰਾਉਂਦੇ ਹਨ। ਜੇਕਰ ਭਿੰਨ-ਭਿੰਨ ਸਰੋਤਾਂ ਨਾਲ ਇਨ੍ਹਾਂ ਸਰੋਤਾਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਕ ਚੀਜ਼ ਉਭਰ ਕੇ ਸਾਹਮਣੇ ਆਉਂਦੀ ਹੈ, ਉਹ ਹੈ ਤੁਜ਼ਕ-ਏ-ਜਹਾਂਗੀਰੀ ਵਿਚ ਬਾਦਸ਼ਾਹ ਜਹਾਂਗੀਰ ਦੇ ਆਪਣੇ ਕਥਨ। ਉਨ੍ਹਾਂ ਨੇ ਗੁਰੂ ਅਰਜਨ ਦੇਵ ਸੰਬੰਧੀ *ਦੁਕਾਨੇ ਬਾਤਲ* ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਉਨ੍ਹਾਂ ਦੀ ਕੱਟੜਤਾ ਦਾ ਸੰਕੇਤਕ ਹੈ।

ਸੰਭਵ ਹੈ ਕਿ ਸਿੱਖ ਲੇਖਕਾਂ ਦੇ ਸਾਹਮਣੇ ਤੁਜ਼ਕ-ਏ-ਜਹਾਂਗੀਰੀ ਅਤੇ ਮਕਤੂਬਾਤ ਆਦਿ ਸਰੋਤ ਆਏ ਹੀ ਨਾ ਹੋਣ ਅਤੇ ਜਹਾਂਗੀਰ ਦੇ ਆਪਣੇ ਨਿੱਜੀ ਵਿਚਾਰ ਪ੍ਰਗਟ ਨਾ ਹੋ ਸਕੇ ਹੋਣ। ਤੁਜ਼ਕ ਦਾ ਸਰੋਤ ਆਪਣੇ-ਆਪ ਵਿਚ ਇਕ ਅਜਿਹੀ ਗਵਾਹੀ ਹੈ ਜੋ ਸਮਕਾਲੀ

Sri Satguru Jagjit Singh Ji Elibrary NamdhariElibrary@gmail.com

ਹੋਣ ਕਾਰਨ ਬਿਨਾਂ ਕਿਸੇ ਸਬੂਤ ਦੇ ਰੁਕਵਾਈ ਨਹੀਂ ਜਾ ਸਕਦੀ। ਬਾਦਸ਼ਾਹ ਅਕਬਰ ਦੇ ਸਮੇਂ ਉਸਦੀ ਸਲਾਹਕੁਲ ਨੀਤੀ ਹੋਣ ਕਾਰਨ ਸਿੱਖਾਂ ਨਾਲ ਸੰਬੰਧ ਬਹੁਤ ਉੱਤਮ ਅਤੇ ਚੰਗੇ ਰਹੇ। ਅਬੁਲ ਫਜ਼ਲ ਜੋ ਅਕਬਰਨਾਮਾ ਦਾ ਰਚਨਹਾਰ ਹੈ ਲਿਖਦਾ ਹੈ ਕਿ ਅਕਬਰ ਗੁਰੂ ਅਰਜਨ ਦੇਵ ਜੀ ਪਾਸ ਉਨ੍ਹਾਂ ਦੇ ਦਰਬਾਰ ਵਿਚ ਦਰਸ਼ਨਾਂ ਲਈ ਆਇਆ ਸੀ ਪਰੰਤੂ ਜਹਾਂਗੀਰ ਦੇ ਗੱਦੀ ਤੇ ਬੈਠਣ ਉਪਰੰਤ ਜਹਾਂਗੀਰ ਦੀ ਆਪਣੀ ਕੱਟੜਤਾ ਵਾਲੀ ਖੇਡ ਕਾਰਨ ਇਹ ਸੰਬੰਧ ਵਿਗੜ ਗਏ। ਇਸਦੇ ਕਈ ਕਾਰਨ ਸਨ। ਇਤਿਹਾਸ ਵਿਚਲੇ ਕਈ ਸਰੋਤ ਦੱਸਦੇ ਹਨ ਕਿ ਜਹਾਂਗੀਰ ਉਤੇ ਦਬਾਅ ਪਾਇਆ ਜਾ ਰਿਹਾ ਸੀ ਜਿਸ ਕਾਰਨ ਉਸਨੇ ਗੁਰੂ ਅਰਜਨ ਦੇਵ ਸੰਬੰਧੀ ਦੁਖਾਂਤ ਭਰੇ ਵਤੀਰੇ ਤੋਂ ਕੰਮ ਲਿਆ। ਉਪਰੋਕਤ ਦੀ ਲੋਅ ਵਿਚ ਅਸੀਂ ਕਹਿ ਸਕਦੇ ਹਾਂ ਕਿ ਬਾਦਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਜ਼ੁੰਮੇਵਾਰ ਸੀ ਭਾਵੇਂ ਸਿੱਖ ਅਤੇ ਸਿੱਖ ਧਰਮ ਇਸਲਾਮ ਆਪੋ ਵਿਚ ਇਕਸਾਰਤਾ ਅਤੇ ਨਿਕਟਤਾ ਦੇ ਸੂਚਕ ਹਨ। ਮੈਂ ਉਮੀਦ ਹੈ ਕਿ ਸਾਰੇ ਵਿਦਵਾਨ ਮੇਰੇ ਆਲੋਚਨਾਤਮਿਕ ਵਿਚਾਰਾਂ ਨਾਲ ਪੂਰਨ ਰੂਪ ਵਿਚ ਸਹਿਮਤ ਹੋ ਗਏ ਸਨ।

ਧੰਨਵਾਦ।

## ਡਾ. ਧਰਮ ਸਿੰਘ

ਮੇਰੇ ਪੇਪਰ ਬਾਰੇ ਡਾ. ਚੀਮਾ ਨੇ ਦੋ ਤਿੰਨ ਸਵਾਲ ਉਠਾਏ ਸੀ। ਸੱਤ ਨੰਬਰ ਸਫ਼ੇ ਤੇ ਹੈ ਸਲੋਕ, ਵਾਰਾਂ ਤੇ ਵਧੀਕ। ਵਾਰਾਂ ਦੇ, ਵਾਕਿਆ ਹੀ, ਜਿਹੜੇ ਸਲੋਕ ਕਿਸੇ ਸਕੀਮ ਵਿਚ ਨਹੀਂ ਆਏ ਉਹ ਆਖਰ ਵਿਚ ਦੇ ਦਿੱਤੇ ਗਏ ਹਨ। ਕਈ ਵਾਰਾਂ ਇਹੋ ਜਿਹੀਆਂ ਹਨ, ਜਿਵੇਂ ਬਸੰਤ ਦੀ ਵਾਰ ਹੈ ਜਿਥੇ ਪੌੜੀਆਂ ਦੀ ਗਿਣਤੀ ਵੀ ਤਿੰਨ ਹੈ। ਇਸ ਕਰਕੇ ਸਾਰੇ ਸਲੋਕ *ਵਧੀਕ* ਅਧੀਨ ਉਥੇ ਇਕੱਠੇ ਕਰ ਦਿੱਤੇ ਗਏ। ਦੂਸਰੀ ਗੱਲ ਹੈ *ਵਸਤਰਾਂ* ਵਾਲੀ। ਅਸਲ ਵਿਚ ਸਿੱਖਾਂ ਦੀ ਭਗਤ-ਮਾਲਾ ਵਾਲੀ ਜਿਹੜੀ ਗੱਲ ਕੀਤੀ ਹੈ ਉਹ *ਵਸਤਰ* ਨਹੀਂ ਕਿਹਾ ਉਹ *ਬਰਤਨ* ਹੀ ਕਿਹਾ ਹੈ। ਨਾਲ ਹੀ ਇਸ ਗੱਲ ਦੀ ਗੁਰੂ ਸਾਹਿਬ ਨੇ ਬੜੀ ਮਹਿਮਾ ਕੀਤੀ ਹੈ ਅਤੇ ਖਾਸ ਤੌਰ ਤੇ ਜਿਹੜਾ ਬਲ ਦਿੱਤਾ ਹੈ ਇਸ ਗੱਲ ਉਤੇ ਕਿ ਬਾਣੀ ਦੇ ਨਾਲ ਜਿਹੜਾ ਵੀ ਸੰਵੇਦਨਾ ਜੋੜਨ ਦੀ ਗੱਲ ਉਨ੍ਹਾਂ ਨੇ ਕੀਤੀ ਹੈ, ਉਹ ਆਪਣੇ ਆਪ ਵਿਚ ਬੜੀ ਇਨਕਲਾਬੀ ਕਿਸਮ ਦੀ ਗੱਲ ਸੀ। ਇਹ ਗੱਲ ਜਿਹੜੀ ਹੈ ਸਿੱਖਾਂ ਦੀ ਭਗਤ ਮਾਲਾ ਵਾਲੀ ਗੱਲ ਦੇ ਪ੍ਰਸੰਗ ਵਿਚ ਸਪੱਸ਼ਟ ਹੈ ਕਿ ਗੁਰੂ ਅਰਜਨ ਨੇ ਬੜੀ ਸਾਫ਼ ਗੱਲ ਕਹੀ ਹੈ ਕਿ ਉਹ ਸੰਸਕ੍ਰਿਤ (ਤਤਸਮ) ਵਾਲਾ ਜੋ ਮੂਲ ਸੀ, ਅਸੀਂ ਤੋੜ ਰਹੇ ਹਾਂ। ਇਸੇ ਕਰਕੇ ਵਾਰ ਵਾਰ ਜਿਹੜੀ ਗੁਰਬਾਣੀ ਦੀ ਮਹਿਮਾ ਹੁੰਦੀ ਹੈ, ਪੋਥੀ ਦੀ ਮਹਿਮਾ ਹੁੰਦੀ ਹੈ, ਉਹ ਸਾਰੀ ਗੱਲ ਹੋ ਗਈ। ਆਮ ਤੌਰ ਤੇ ਜੇ ਅਸੀਂ ਆਪਣੇ-ਆਪ ਸੋਚੀਏ ਥੋੜ੍ਹਾ ਬਹੁਤਾ ਅਸਰ ਹੈ ਇਹਦਾ। ਕਿੰਨੀ ਕੁ ਇਨਕਲਾਬੀ ਗੱਲ ਹੈ? ਅਸੀਂ ਸਾਰੇ ਅੰਦਾਜ਼ਾ ਲਗਾ ਸਕਦੇ ਹਾਂ।

ਅਗਲੀ *ਅਲਾਹੁਣੀਆਂ* ਦੀ ਗੱਲ ਹੈ। ਅਲਾਹੁਣੀਆਂ ਬੁਨਿਆਦੀ ਤੌਰ ਤੇ ਇਕ ਸ਼ੋਭਾ-ਗੀਤ ਹੀ ਹੈ। ਬੇਸ਼ਕ ਇਸਦੇ ਵਿਚ *ਮਰ ਚੁੱਕ* ਵਿਅਕਤੀ ਦੀ ਮਹਿਮਾ ਹੁੰਦੀ ਹੈ ਪਰ ਇਹ ਮੰਗਲ-ਗੀਤ ਤਾਂ ਨਹੀਂ ਹੋ ਸਕਦਾ ਇਹ ਤਾਂ ਸੋਗ-ਗੀਤ ਹੀ ਹੈ। ਇਸ ਕਰਕੇ ਅਲਾਹੁਣੀਆਂ ਘੋੜੀਆਂ ਦਾ ਬਦਲ ਨਹੀਂ ਬਣ ਸਕਦੀਆਂ ਭਾਵੇਂ ਦੋਹਾਂ ਵਿਚ ਮਹਿਮਾ ਹੁੰਦੀ ਹੈ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

# ਪ੍ਰਧਾਨਗੀ ਭਾਸ਼ਣ

*ਡਾ. ਰਤਨ ਸਿੰਘ ਜੱਗੀ**

ਵਿਦਵਾਨ ਦੋਸਤੋ ! ਸਮਾਂ ਬਹੁਤ ਜ਼ਿਆਦਾ ਹੋ ਚੁੱਕਿਆ ਹੈ। ਮੈਨੂੰ ਹਦਾਇਤਾਂ ਤੇ ਸੰਕੇਤ ਆ ਰਹੇ ਹਨ ਕਿ ਸੈਸ਼ਨ ਨੂੰ ਖ਼ਤਮ ਕੀਤਾ ਜਾਵੇ। ਇਕ ਦੋ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਹਨ।

ਚਾਰ ਵਿਦਵਾਨਾਂ ਨੇ ਪੇਪਰ ਪੜ੍ਹੇ ਹਨ, ਦੋ ਪੇਪਰ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸੰਬੰਧੀ ਤੇ ਇਕ ਇਤਿਹਾਸਕ ਸਰੋਤਾਂ ਬਾਰੇ ਹੈ ਤੇ ਇਕ ਗੁਰੂ ਸਾਹਿਬ ਦੇ ਕਿਰਦਾਰ ਤੇ ਯੋਗਦਾਨ ਬਾਰੇ ਹੈ। ਜਿਥੋਂ ਤੱਕ ਡਾ. ਨਈਅਰ ਦੇ ਪੇਪਰ ਦਾ ਸੰਬੰਧ ਹੈ ਇਹਨਾਂ ਨੇ ਮਿਹਨਤ ਕਰਕੇ ਸਾਰੀ ਸਰੋਤ ਸਮੱਗਰੀ ਇਕੱਠੀ ਕੀਤੀ ਹੈ। ਇਹ ਬਹੁਤ ਚੰਗਾ ਉੱਦਮ ਹੈ। ਅੱਛਾ ਹੁੰਦਾ ਜੇ ਇਹ ਫ਼ਾਰਸੀ ਤੇ ਪੰਜਾਬੀ ਦੇ ਸਰੋਤਾਂ ਦੇ ਆਧਾਰ ਤੇ ਜੋ ਗੁਰੂ ਸਾਹਿਬ ਦਾ ਬਿੰਬ ਉਘੜਦਾ ਸੀ, ਉਸ ਬਿੰਬ ਨੂੰ ਸਪਸ਼ਟ ਕਰਦੇ ਤੇ ਉਸ ਬਿੰਬ ਦੇ ਨਾਲ ਤਿੰਨਾਂ ਦਾ ਆਪਸ ਵਿਚ ਮੁਕਾਬਲਾ ਕਰਦੇ ਤੇ ਇਹ ਬਿੰਬ ਉਸਾਰਨ ਵਿਚ ਕਿਸ-ਕਿਸ ਦਾ ਕੀ ਯੋਗਦਾਨ ਹੈ? ਇਸ ਕਿਸਮ ਦੇ ਬਿੰਬ ਉਹਨਾਂ ਨੇ ਕਿਉਂ ਉਸਾਰੇ ਨੇ? ਇਉਂ ਸਾਡੇ ਸਾਹਮਣੇ ਜਿਹੜੀ ਪਰਿਸਥਿਤੀ ਹੈ ਉਹ ਸਹੀ ਨੁਕਤੇ ਤੋਂ ਸਾਡੇ ਸਾਹਮਣੇ ਆ ਜਾਵੇ। ਜਿਹੜੇ ਪੇਪਰ ਸੰਪਾਦਨ ਸੰਬੰਧੀ ਪੜ੍ਹੇ ਗਏ ਹਨ ਉਹਨਾਂ ਦੇ ਬਾਰੇ ਕਈ ਪ੍ਰਸ਼ਨ ਹੋਏ ਨੇ ਪਰ ਉਹਨਾਂ ਨੇ ਵੀ ਆਪਣੇ ਸਿਧਾਂਤ, ਵਿਚਾਰਧਾਰਾ ਜਾਂ ਮਾਨਤਾਵਾਂ ਪੇਸ਼ ਕੀਤੀਆਂ ਹਨ। ਬੜੀ ਮਿਹਨਤ ਕੀਤੀ ਹੈ। ਇਕ ਗੱਲ ਧਿਆਨ ਰੱਖਣ ਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਸ਼ਾਸਤਰ ਮਾਰਗੀ ਗ੍ਰੰਥ ਨਹੀਂ ਹੈ, ਲੋਕ ਮਾਰਗੀ ਗ੍ਰੰਥ ਹੈ। ਇਸ ਵਾਸਤੇ ਸ਼ਾਸਤਰਾਂ ਦੀਆਂ ਪੁਰਾਣੀਆਂ ਮਾਨਤਾਵਾਂ ਜਾਂ ਉਹਨਾਂ ਦੇ ਸਿਸਟਮ ਨੂੰ ਗੁਰੂ ਗ੍ਰੰਥ ਤੇ ਆ ਕੇ ਅਸੀਂ ਲਾਗੂ ਕਰੀਏ ਤੇ ਉਹ ਠੀਕ ਨਹੀਂ ਜਚਦੇ। ਇਹਨਾਂ ਨੂੰ ਸੁਤੰਤਰ ਹੀ ਮੰਨਣਾ ਉਚਿਤ ਨਹੀਂ ਤੇ ਅਸੀਂ ਕਈਆਂ ਥਾਵਾਂ ਤੇ ਗਲਤ ਮਾਰਗ ਤੇ ਪੈ ਜਾਵਾਂਗੇ, ਅਸੀਂ ਇਸ ਸਿਧਾਂਤ ਨੂੰ ਸਮਝ ਨਹੀਂ ਸਕਾਂਗੇ। ਗੁਰੂ ਗ੍ਰੰਥ ਸਾਹਿਬ ਸਾਡੇ ਸਾਹਮਣੇ ਇਕ ਬਹੁਤ ਮਹੱਤਵਪੂਰਨ ਰਚਨਾ ਹੈ। ਇਕ ਵਿਦਵਾਨ ਨੇ ਇਥੇ ਆ ਕੇ ਪ੍ਰਸ਼ਨ ਵੀ ਕੀਤਾ ਸੀ ਕਿ ਇਹ ਪੰਜਾਬ ਵਿਚ ਕਿਉਂ ਰਚਿਆ ਗਿਆ। ਅਸੀਂ ਭਾਰਤੀ ਸੰਸਕ੍ਰਿਤੀ ਤੇ ਜ਼ਰਾ ਨਜ਼ਰ ਮਾਰੀਏ। ਜੋ ਕੋਈ ਯੋਗਦਾਨ ਹੈ ਭਾਰਤੀ ਸੰਸਕ੍ਰਿਤੀ ਨੂੰ ਤਾਂ ਉਹ ਪੰਜਾਬ ਦਾ ਹੈ। ਭਾਰਤੀ ਸੰਸਕ੍ਰਿਤੀ ਦੇ ਚਾਰ ਪਿਲਰ ਮੰਨੇ ਜਾਂਦੇ ਹਨ। ਉਹਨਾਂ ਵਿਚੋਂ ਪਹਿਲਾਂ ਰਿਗਵੇਦ ਹੈ। ਰਿਗਵੇਦ ਦੀਆਂ ਜਿਹੜੀਆਂ ਰਚਨਾਵਾਂ ਨੇ ਉਹ ਪੰਜਾਬ

* 4163, ਅਰਬਨ ਅਸਟੇਟ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਦੇ ਦਰਿਆਵਾਂ ਦੇ ਕੰਢੇ ਬੈਠੇ ਹੋਏ ਰਿਸ਼ੀਆਂ ਮੁਨੀਆਂ ਦੇ ਉਚਾਰੇ ਹੋਏ ਮੰਤਰ ਹਨ। ਜੇ ਅਸੀਂ ਉਸ ਤੋਂ ਬਾਅਦ ਆਈਏ ਤਾਂ ਸਾਡੇ ਸਾਹਮਣੇ ਬਾਲਮੀਕ ਦੀ ਰਮਾਇਣ ਜਿਹੜੀ ਹੈ ਉਹ ਬੜੀ ਮਹੱਤਵਪੂਰਨ ਰਚਨਾ ਹੈ ਅਤੇ ਉਸ ਨੇ ਭਾਰਤੀ ਸੰਸਕ੍ਰਿਤੀ ਵਿਚ ਨਵੇਂ ਝੁਕਾਉ, ਨਵੀਆਂ ਕੀਮਤਾਂ ਲਿਆਂਦੀਆਂ ਹਨ। ਇਹ ਗੱਲ ਗਲਤ ਹੈ ਕਿ ਬਾਲਮੀਕ ਰਮਾਇਣ ਦੀ ਰਚਨਾ ਪੰਜਾਬ ਤੋਂ ਬਾਹਰ ਯੂ.ਪੀ. ਵਿਚ ਹੋਈ ਹੈ। ਇਸ ਦੀ ਰਚਨਾ ਪੰਜਾਬ ਵਿਚ ਹੋਈ ਹੈ। ਇਥੇ ਪੁਰਾਣੀਆਂ ਪਰੰਪਰਾਵਾਂ ਮਿਲਦੀਆਂ ਨੇ। ਇਥੇ ਜੋ ਰਾਮ ਤੀਰਥ ਜਾਂ ਦੂਸਰੇ ਤੀਸਰੇ ਪ੍ਰਸੰਗ ਨੇ, ਬਾਲਮੀਕ ਦਾ ਨਿਵਾਸ ਹੈ। ਪੰਜਾਬ ਵਿਚ ਜਿਹੜੇ ਰਮਾਇਣ ਦੇ ਰਿਸ਼ਤੇ ਨੇ, ਦਸ਼ਰਥ ਦੇ ਦੋ ਵਿਆਹ ਪੰਜਾਬ ਵਿਚ ਹੁੰਦੇ ਹਨ। ਇਥੋਂ ਤੱਕ ਕਿ ਸੀਤਾ ਨੂੰ ਛੱਡਣ ਲਈ ਵੀ ਚੀਕੇ ਤੋਂ ਕੈਥਲ ਵੱਲ ਨੂੰ ਜਾਈਏ ਤਾਂ ਰਸਤੇ ਵਿਚ ਸੱਜੇ ਪਾਸੇ ਇਕ ਥੇਹ ਉਪਰ ਪਿੰਡ ਹੈ ਸੀਵਨ? ਉਹ ਐਕਚੁਅਲੀ ਸੀਆ ਵਣ ਹੈ। ਉੱਥੇ ਆ ਕੇ ਸੀਤਾ ਠਹਿਰੀ ਸੀ। ਹੋਰ ਵੀ ਬਹੁਤ ਸਾਰੇ ਪਿੰਡ ਹਨ ਜਿਨ੍ਹਾਂ ਦੀ ਪਿਛੋਕੜ ਇਸ ਨਾਲ ਰਲਦੀ ਹੈ। ਇਸ ਵਾਸਤੇ ਆਦਿ ਰਮਾਇਣ ਦੀ ਅਤੇ ਬਾਲਮੀਕ ਰਮਾਇਣ ਦੀ ਰਚਨਾ ਪੰਜਾਬ ਵਿਚ ਹੋਈ ਹੈ। ਮਹਾਂਭਾਰਤ ਦੀ ਰਚਨਾ ਪੰਜਾਬ ਵਿਚ ਹੋਈ ਹੈ। ਜਿਸਦੇ ਬਾਰੇ ਕਹਿ ਦਿੱਤਾ ਹੈ ਜੋ ਗਿਆਨ ਦੀ ਗੱਲ ਹੈ ਕਿ ਉਹ ਇੰਜ ਕਹਿ ਦਿੱਤੀ ਗਈ ਹੈ ਜੋ ਗੱਲ ਇਸ ਵਿਚ ਨਹੀਂ ਕਹੀ ਗਈ ਉਹ ਗਿਆਨ ਦੀ ਗੱਲ ਨਹੀਂ। ਉਸ ਤੋਂ ਬਾਅਦ ਜੋ ਸਾਡੇ ਸਾਹਮਣੇ ਆਉਂਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਗ੍ਰੰਥ ਸਾਹਿਬ ਨੇ ਸਾਰੇ ਪੰਜਾਬ ਦੀ ਸੰਸਕ੍ਰਿਤੀ ਨੂੰ ਹੀ ਨਹੀਂ ਬਦਲਿਆ, ਬਲਕਿ ਸਾਰੇ ਹਿੰਦੁਸਤਾਨ ਦੀ ਪ੍ਰਕਿਰਤੀ ਨੂੰ ਬਦਲਿਆ ਹੈ। ਸਾਰੇ ਹਿੰਦੁਸਤਾਨ ਦੇ ਜਿਹੜੇ ਉਸ ਵਕਤ ਦੇ ਬਾਣੀਕਾਰ ਨੇ ਜਾਂ ਬਾਣੀਆਂ ਨੇ ਇਕ ਇਹੋ ਜਿਹੀ ਸਰਬਸਾਂਝੀ ਚੀਜ਼ ਸਾਡੇ ਸਾਹਮਣੇ ਪੇਸ਼ ਕੀਤੀ ਹੈ ਕਿ ਅਸੀਂ ਕਹਿੰਦੇ ਹਾਂ ਸਾਰੇ ਹਿੰਦੁਸਤਾਨ ਦੀ ਅਵਾਜ਼ ਜਿਹੜੀ ਹੈ, ਸਾਰੇ ਹਿੰਦੁਸਤਾਨ ਦੀ ਜਿਹੜੀ ਜੀਵਨ ਵਿਧੀ ਹੈ, ਹਿੰਦੁਸਤਾਨ ਦੀਆਂ ਜਿਹੜੀਆਂ ਮਾਨਤਾਵਾਂ ਹਨ, ਉਹਨਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਆ ਜਾਂਦੀਆਂ ਹਨ। ਧਿਆਨ ਰੱਖਣਾ ਕਿ ਗੁਰੂ ਗ੍ਰੰਥ ਸਾਹਿਬ ਇਕ ਉਪ ਜੀਵਨ ਗ੍ਰੰਥ ਹੈ। ਉਪ ਜੀਵਨ ਗ੍ਰੰਥ ਉਹ ਹੁੰਦੇ ਹਨ ਜਿਸ ਤੋਂ ਅੱਗੇ ਗ੍ਰੰਥ ਪੈਦਾ ਹੋਣ। ਜੇ ਮਹਾਂਭਾਰਤ ਤੋਂ, ਰਿਗਵੇਦ ਤੋਂ, ਆਦਿ ਰਮਾਇਣ ਤੋਂ, ਅਗੋਂ ਪਰੰਪਰਾਵਾਂ ਚਲਦੀਆਂ ਨੇ ਉਹਨਾਂ ਨਾਲ ਸੰਬੰਧਿਤ ਸਾਹਿਤ ਪੈਦਾ ਹੁੰਦਾ ਹੈ। ਇਸ ਤਰੀਕੇ ਨਾਲ ਗੁਰੂ ਗ੍ਰੰਥ ਸਾਹਿਬ ਨਾਲ ਅੱਗੋਂ ਇਨਾਂ ਸਾਹਿਤ ਰਚਿਆ ਗਿਆ ਇਸ ਦੇ ਆਧਾਰ ਤੇ ਖੋਜ ਕਰਨ ਵਾਲਿਆਂ ਨੂੰ ਇਸ ਵਕਤ ਸਭ ਤੋਂ ਜ਼ਿਆਦਾ ਪੀ-ਐਚ.ਡੀ. ਦੇ ਥੀਸਿਸ ਗੁਰੂ ਗ੍ਰੰਥ ਸਾਹਿਬ ਜਾਂ ਇਸ ਵਿਚ ਸੰਕਲਿਤ ਬਾਣੀ ਨਾਲ ਸਵੀਕ੍ਰਿਤ ਹੋ ਚੁੱਕੇ ਹਨ। ਇਸ ਤੋਂ ਜ਼ਿਆਦਾ ਤਾਂ ਇਹਦੇ ਤੇ ਕੰਮ ਵੀ ਹੋ ਰਿਹਾ ਹੈ। ਇਥੇ ਧਿਆਨ ਰੱਖਣਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਡੀ ਗੱਲ ਜਿਹੜੀ ਹੈ ਉਹ ਹੈ ਇਸ ਵਿਚ ਸਵੈ ਆਤਮਾ ਸਵੈ ਚੇਤਨਾ ਹੈ। ਆਪਣੇ ਆਪ ਨੂੰ ਪਛਾਣਨਾ ਤੇ ਆਪਣੇ ਆਪ ਨੂੰ ਇਸ ਦੁਨੀਆਂ ਵਿਚ ਕਾਇਮ ਰੱਖਣਾ। ਜੇ ਅਸੀਂ ਆਪਣੇ ਆਪ ਨੂੰ ਕਿਸੇ ਦੇ ਅਧੀਨ ਸਮਝੀਏ, ਜੇ ਆਪਣੇ ਗੌਰਵ ਨੂੰ ਹੀ ਖ਼ਤਮ ਕਰ ਦਈਏ ਤੇ ਫੇਰ ਸਾਡੀ ਹੈਸੀਅਤ ਕੀ ਰਹਿ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ

ਜਿਹੜੇ ਅਧਿਆਤਮਿਕ ਇਸ਼ਾਰੇ ਅਤੇ ਲਹਿਜੇ ਅਧਿਆਤਮਿਕ ਸੰਕੇਤ ਉਹ ਆਪਣੇ ਵਿਚ ਕਹਿ ਜਾਂਦੇ ਹਨ : 'ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛੁ ਖਾਇ।'

ਇਹ ਬਾਣੀ ਅਧਿਆਤਮਿਕ ਸੰਕੇਤ ਹੈ ਪਰ ਇਸਦੇ ਪਿੱਛੇ ਉਸ ਸਵੈ ਆਤਮ ਦਾ ਸੰਕੇਤ ਹੈ, ਉਸ ਸਵੈ ਆਤਮ ਨੇ ਉਸ ਵੇਲੇ ਦੀ ਮੁਗਲ ਬਾਦਸ਼ਾਹੀ ਨੂੰ ਸਮਝਾ ਦਿੱਤਾ ਸੀ ਕਿ ਐਸ ਵਕਤ ਅਸੀਂ ਉਠ ਰਹੇ ਹਾਂ। ਸਾਡੇ ਅੰਦਰ ਆਪਣੇ ਆਪ ਨੂੰ ਕਾਇਮ ਕਰਨ ਦੀ, ਆਪਣੀ ਹੋਂਦ ਨੂੰ ਦਰਸਾਉਣ ਦੀ ਲਾਲਸਾ ਹੈ। ਉਸੇ ਕਰਕੇ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਹੋਰ ਕਿਤਨੇ ਪ੍ਰਸੰਗ ਜੋੜੀ ਜਾਈਏ ਲੇਕਿਨ ਇਸਦੇ ਨਾਲ ਹੀ ਉਸ ਪ੍ਰਸੰਗ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਵਕਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕ ਖਾਸ ਕਿਸਮ ਦੀ ਚੇਤਨਾ ਪੈਦਾ ਕਰ ਰਹੀ ਹੈ, ਸਾਰਿਆਂ ਨੂੰ ਇਕ ਥਾਂ ਤੇ ਇਕੱਠਾ ਕਰ ਰਹੀ ਹੈ। ਕਈ ਕਹਿੰਦੇ ਹਨ ਦਲਿਤ ਚੇਤਨਾ ਹੈ ਜਾਂ ਇਸ ਵਿਚ ਮੈਂ ਕਹਿੰਦਾ ਹਾਂ ਕਿ ਇਸ ਵਿਚ ਦਲਿਤ ਚੇਤਨਾ ਹੈ ਜਾਂ ਨਹੀਂ, ਜਿਹੜੇ ਪਛੜੇ ਹੋਏ, ਤ੍ਰਿਸਕਾਰੇ ਹੋਏ ਲੋਕ ਜਿਨ੍ਹਾਂ ਨੂੰ ਉਸ ਵਕਤ ਦੀ ਸੋਸਾਇਟੀ ਫ਼ੈਕਲਟੀ ਜਾਂ ਸਮਾਜ ਕੋਈ ਮਹੱਤਵ ਨਹੀਂ ਦੇ ਰਿਹਾ, ਉਹਨਾਂ ਦੀਆਂ ਬਾਣੀਆਂ ਨੂੰ ਅਤੇ ਉਹਨਾਂ ਦੀ ਜੀਵਨ ਵਿਧੀ ਨੂੰ ਦਰਸਾਉਣ ਲਈ ਬਹੁਤ ਕੁਝ ਕਿਹਾ ਗਿਆ ਹੈ। ਇਸ ਵਾਸਤੇ ਇੱਥੇ ਗੁਰੂ ਗ੍ਰੰਥ ਸਾਹਿਬ ਵਿਚ ਇਕ ਖਾਸ ਕਿਸਮ ਦੀ ਲੋਕ ਚੇਤਨਾ ਪੈਦਾ ਹੋਈ ਹੈ। ਭਾਵੇਂ ਅਧਿਆਤਮਿਕਤਾ ਰਾਹੀਂ ਪੈਦਾ ਕੀਤੀ ਗਈ ਲੇਕਿਨ ਉਹ ਪੈਦਾ ਹੋਈ। ਉਸ ਵਕਤ ਦੀ ਹਕੂਮਤ ਨੂੰ ਇਕ ਕਿਸਮ ਦਾ ਚੈਲੰਜ ਸੀ। ਜਿਹੜਾ ਹੌਲੀ-ਹੌਲੀ ਸ਼ਸਤਰਬਧ ਕ੍ਰਾਂਤੀ ਦੇ ਰੂਪ ਵਿਚ ਪਰਿਵਰਤਿਤ ਹੋ ਗਿਆ ਅਤੇ ਸਾਡੇ ਸਾਹਮਣੇ ਇਹ ਚੀਜ਼ ਆਈ। ਮੈਂ ਇਹ ਇਸ ਵਾਸਤੇ ਕਹਿ ਰਿਹਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਸਾਡੇ ਸਾਹਮਣੇ ਗੁਰੂ ਅਰਜਨ ਦੇਵ ਦੀ ਇਕ ਬਹੁਤ ਹੀ ਮਹੱਤਵਪੂਰਨ ਦੇਣ ਹੈ। ਗੁਰੂ ਅਰਜਨ ਦੀ ਸਭ ਤੋਂ ਵੱਡੀ ਜਿਹੜੀ ਕੰਟਰੀਬਿਊਸ਼ਨ ਹੈ ਅਸੀਂ ਹੋਰ ਸਾਰੀਆਂ ਜੋੜ ਲਈਏ ਲੇਕਿਨ ਜੋ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਸਾਡੇ ਸਾਹਮਣੇ ਕਾਇਮ ਕੀਤਾ ਹੈ, ਬਾਣੀ ਇਕੱਠੀ ਕੀਤੀ ਹੈ ਅਤੇ ਉਸਦਾ ਸੰਪਾਦਨ ਕੀਤਾ ਹੈ, ਇਕ ਹੋਰ ਸੰਪਾਦਨ ਸੰਬੰਧ ਵਿਚ ਗੱਲ ਧਿਆਨ ਰੱਖਣ ਵਾਲੀ ਹੈ ਕਿ ਬਾਣੀ ਨੂੰ ਇਕੱਠਾ ਕਰਨਾ ਵੀ ਉਸ ਵਕਤ ਬੜੀ ਸਮੱਸਿਆ ਸੀ। ਠੀਕ ਹੈ ਉਸ ਵਕਤ ਦੀਆਂ ਕੁਝ ਪੋਥੀਆਂ ਸਾਡੇ ਪਾਸ ਮੌਜੂਦ ਹਨ ਲੇਕਿਨ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਇਕੱਠਾ ਕੀਤਾ। ਇਹ ਬਾਣੀ ਕਈ ਸਰੋਤਾਂ ਤੋਂ ਆਈ ਹੈ, ਗੁਟਕਿਆਂ ਦੇ ਰੂਪ ਵਿਚ ਵੀ ਆਈ ਹੈ। ਉਸ ਵਕਤ ਜਿਹੜੀ ਲੋਕਾਂ ਨੂੰ ਜ਼ਬਾਨੀ ਯਾਦ ਸੀ, ਉਹ ਵੀ ਨੋਟ ਕੀਤੀ ਗਈ ਹੈ। ਬਾਬਾ ਮੋਹਨ ਵਾਲੀਆਂ ਪੋਥੀਆਂ ਹਨ। ਇਹ ਨਹੀਂ ਕਿ ਬਾਬਾ ਮੋਹਨ ਵਾਲੀਆਂ ਪੋਥੀਆਂ ਨੂੰ ਉਤਾਰ ਲਿਆ ਗਿਆ, ਜਿਹੜਾ ਛਿਬਰ ਨੇ ਅਬਲ ਬੰਸਾਵਲੀਨਾਮਾ ਵਿਚ ਇਸ ਗੱਲ ਦਾ ਸੰਕੇਤ ਕੀਤਾ ਹੈ ਕਿ ਗੁਰੂ ਸਾਹਿਬ ਪਾਸ ਚਾਰ ਲਿਖਾਰੀ ਸਨ। ਉਹਨਾਂ ਲਿਖਾਰੀਆਂ ਨੂੰ ਲਾ ਕੇ ਜਿਥੋਂ ਜਿਥੋਂ ਜੋ ਜੋ ਸਮੱਗਰੀ ਮਿਲਦੀ ਸੀ ਉਸਦੀ ਉਹ ਨਕਲ ਕਰ ਲੈਂਦੇ ਸੀ। ਇਸ ਤਰੀਕੇ ਨਾਲ ਪਹਿਲਾਂ ਉਹ ਸਾਰੀ ਸਮੱਗਰੀ ਤਿਆਰ ਹੋ ਗਈ ਸੀ, ਫਿਰ ਉਹ ਸਮੱਗਰੀ ਗੁਰੂ ਸਾਹਿਬ ਨੇ ਭਾਈ ਗੁਰਦਾਸ ਨੂੰ ਅੰਤਿਮ ਰੂਪ ਵਿਚ ਦੇਣ ਲਈ ਹਦਾਇਤ ਕੀਤੀ ਸੀ। ਪੰਜਾਬ

ਵਿਚ ਗੁਰੂ ਗ੍ਰੰਥ ਸਾਹਿਬ ਗੁਰੂ ਅਰਜਨ ਦੀ ਸਾਡੇ ਲਈ ਅਜਿਹੀ ਭੇਂਟ ਹੈ, ਅਜਿਹੀ ਦੇਣ ਹੈ, ਅਜਿਹੀ ਸਥਾਪਨਾ ਹੈ, ਸਾਡੇ ਸਾਹਮਣੇ ਜਿਸ ਨੇ ਪੰਜਾਬ ਦਾ ਹੀ ਨਹੀਂ ਭਾਰਤ ਦਾ ਗੌਰਵ ਵਧਾਇਆ ਹੈ ਅਤੇ ਭਾਰਤੀ ਸੰਸਕ੍ਰਿਤੀ ਅਤੇ ਰਹੱਸ ਦੇ ਅਨੁਕੂਲ ਇਕ ਨਵੀਂ ਤਰ੍ਹਾਂ ਵਿਆਖਿਆ ਹੈ। ਆਪਣਾ ਇਕ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਜੇਕਰ ਇਹ ਗ੍ਰੰਥ ਨਾ ਹੁੰਦਾ, ਗੁਰੂ ਗ੍ਰੰਥ ਦੀ ਪ੍ਰੇਰਨਾ ਨਾ ਹੁੰਦੀ, ਗ੍ਰੰਥ ਦੇ ਵਿਚੋਂ ਸਾਨੂੰ ਸੰਕੇਤ ਨਾ ਮਿਲਦੇ, ਅੱਜ ਸਾਡੀ ਹਾਲਤ ਜੋ ਉਸ ਵਕਤ ਮੁਗਲਾਂ ਨੇ ਕਰ ਰੱਖੀ ਸੀ, ਉਸ ਤੋਂ ਵੀ ਬਦਤਰ ਹੋ ਜਾਂਦੀ ਅਤੇ ਪੰਜਾਬ ਦੇ ਵਿਚ ਅਤੇ ਪੰਜਾਬ ਤੋਂ ਬਾਹਰ ਸਾਡੇ ਹਿੰਦੁਸਤਾਨ ਵਿਚ ਅਗਰ ਜੀਵਨ ਵਿਚ ਇਕ ਨਰੋਈ ਚੇਤਨਾ ਪੈਦਾ ਕੀਤੀ ਹੈ, ਉਹ ਗੁਰੂ ਗ੍ਰੰਥ ਸਾਹਿਬ ਨੇ ਪੈਦਾ ਕੀਤੀ ਹੈ। ਅਧਿਆਤਮਿਕਤਾ ਦੇ ਜਾਂ ਸੱਚੇ-ਸੁੱਚੇ ਜੀਵਨ ਦੇ ਵਿਚ ਜਿਊਣ ਦੇ ਲਈ ਜੋ ਚੇਤਨਾ ਪੈਦਾ ਕੀਤੀ ਹੈ ਉਹ ਗੁਰੂ ਗ੍ਰੰਥ ਸਾਹਿਬ ਦੀ ਹੈ। ਮੈਂ ਸਮਝਦਾ ਹਾਂ ਕਿ ਗੁਰੂ ਅਰਜਨ ਸਾਹਿਬ ਦੇ ਯੋਗਦਾਨ ਦੀ ਗਿਣਤੀ ਤਾਂ ਬਹੁਤ ਹੈ ਲੇਕਿਨ ਉਸ ਵਿਚੋਂ ਮਹੱਤਵਪੂਰਨ ਜੋ ਕੋਈ ਦੇਣ ਹੈ ਤਾਂ ਉਹ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੈ। ਅਸੀਂ ਕਦੀ ਵਿਸਾਰ ਨਹੀਂ ਸਕਦੇ ਜਦ ਤਕ ਕਾਇਮ ਹਾਂ ਅਤੇ ਸੰਸਾਰ ਵਿਚ ਜਦ ਤੱਕ ਨਦੀਆਂ ਵਗਦੀਆਂ ਨੇ ਅਤੇ ਜਦ ਤੱਕ ਸੰਸਾਰ ਵਿਚ ਪਹਾੜ ਕਾਇਮ ਨੇ, ਗੁਰੂ ਸਾਹਿਬ ਦਾ ਗੌਰਵ ਤੇ ਇਹਦੀ ਪ੍ਰਸੰਗਿਕਤਾ ਕਾਇਮ ਰਹੇਗੀ। ਇਹਨਾਂ ਸ਼ਬਦਾਂ ਨਾਲ ਮੈਂ ਤੁਹਾਡੇ ਤੋਂ ਇਜਾਜ਼ਤ ਲੈਂਦਾ ਹਾਂ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

# ਤੀਜਾ ਅਕਾਦਮਿਕ ਸ਼ੈਸਨ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਸਾਹਿਬ ਦੀ ਪਾਤਸ਼ਾਹੀ ਸਮੇਂ ਸਿਆਸੀ ਹਾਲਤ

*ਡਾ. ਸੁਰਜੀਤ ਹਾਂਸ**

ਉਪਰੋਕਤ ਵਿਸ਼ੇ ਦੀ ਸੁਲੱਭ ਜਾਣਕਾਰੀ ਕੇਵਲ ਗੁਰੂ ਸਾਹਿਬ ਦੀ ਬਾਣੀ ਹੈ।[1]

ਰਾਜਨੀਤਿਕ ਸੰਕਟ ਸਿੱਖੀ ਦੇ ਪਾਸਾਰ, ਖ਼ੁਸ਼ਹਾਲੀ ਅਤੇ ਵਿਕਾਸ ਕਾਰਨ ਸੀ। ਪ੍ਰਸ਼ਾਸਨ ਦੀ ਕਜ ਨਜ਼ਰੀ ਅਤੇ ਗੁਰਗੱਦੀ ਦੇ ਵਿਰੋਧੀ ਦਾਅਵੇਦਾਰਾਂ ਦੀਆਂ ਕੋਸ਼ਿਸ਼ਾਂ ਨੇ ਸੰਕਟ ਨੂੰ ਇਸ ਹਦ ਤੱਕ ਗਹਿਰਾ ਕਰ ਦਿੱਤਾ ਕਿ ਗੁਰੂ ਅਰਜਨ ਸਾਹਿਬ ਨੂੰ ਸ਼ਹੀਦੀ ਦੇਣੀ ਪਈ।

ਸਾਡੇ ਲਈ ਜਿਹੜੀ ਮਹੱਤਵਪੂਰਨ ਗੱਲ ਹੈ ਉਹ ਇਸ ਸੰਕਟ ਦਾ ਅਰੰਭ ਗੁਰੂ ਰਾਮਦਾਸ ਦੀ ਪਾਤਸ਼ਾਹੀ (1574-81) ਵੇਲੇ ਸ਼ੁਰੂ ਹੁੰਦਾ ਹੈ।[2]

ਗੁਰੂ ਰਾਮਦਾਸ ਬਾਬੇ ਨਾਨਕ ਨੂੰ 'ਜਗਤ ਗੁਰੂ' ਕਹਿੰਦੇ ਹਨ। ਪ੍ਰਮਾਣਿਕ ਅਤੇ ਅਪ੍ਰਮਾਣਿਕ ਬਾਣੀ ਬਾਰੇ ਗੁਰੂ ਸਾਹਿਬ ਵੱਲੋਂ ਚੇਤਾਵਨੀ ਹੈ ਜਿਸ ਨਾਲ ਆਦਿ ਗ੍ਰੰਥ ਦੇ ਸੰਕਲਨ ਦਾ ਸਵਾਲ ਸਿੱਖੀ ਦੇ ਏਜੰਡੇ (Agenda) 'ਤੇ ਆ ਜਾਂਦਾ ਹੈ। ਅੰਮ੍ਰਿਤਸਰ ਵਿਚ ਮੱਜਨ 'ਨਾਮ' ਦਾ ਭੌਤਿਕ ਸਮਾਨਾਰਥ ਹੈ। ਵਾਹਿਗੁਰੂ ਦੀ 'ਦੁੱਖ-ਭੰਜਣ' ਉਪਾਧੀ ਅੱਗੇ ਨੂੰ ਦੁੱਖ-ਭੰਜਣੀ ਬੇਰੀ ਦੀ ਸ਼ਕਲ ਇਖ਼ਤਿਆਰ ਕਰੇਗੀ। ਸਿੱਖ ਪੰਥ ਦੀ ਨਗਰ ਵਸਾਉਣ ਜਿਨੀ ਸਮਰੱਥਾ ਹੈ। ਗੁਰੂ ਘਰ ਦੀ ਅਮੀਰੀ ਨੂੰ 'ਹਰਿ ਧਨ' ਕਿਹਾ ਗਿਆ ਹੈ ਜਿਸ ਨੂੰ ਲਲਚਾਈ ਨਜ਼ਰ ਨਾਲ ਵੇਖਣ ਵਾਲੇ ਹਨ :

> *"ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ*
> *ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿਧਨ ਦੀ ਬਖੀਲੀ ਕਰੇ ਤਿਸਕਾ ਮੁਹੁ*
> *ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ॥ ਹਰਿ ਕੇ ਦਿਤੇ ਨਾਲਿ ਕਿਸੈ ਜੋਰੁ*
> *ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ॥"*

(ਸਲੋਕ ਮਹਲਾ 3, ਪੰਨਾ 853)

ਸਿੱਖ ਧਰਮ ਦਾ ਅਜਿਹਾ ਵਿਕਾਸ ਹੋਇਆ ਹੈ ਕਿ ਇਹਦੇ ਵਿਚ ਸ਼੍ਰੇਣਿਕ ਭਿੰਨਤਾ ਨਜ਼ਰ ਆਉਣ ਲੱਗੀ ਹੈ। ਕੁਝ ਸਿੱਖ ਗੁਰੂ ਘਰ 'ਚ ਸੇਵਾ ਲੱਗੇ ਹਨ। ਕਈ ਦੂਰ ਦੇ ਸਿੱਖਾਂ ਦੀ ਇੰਨੀ ਸਮਰੱਥਾ ਨਹੀਂ ਕਿ ਗੁਰਦਰਸ਼ਨ ਨੂੰ ਅੰਮ੍ਰਿਤਸਰ ਆ ਸਕਣ। ਕਈ ਥਾਵਾਂ ਤੇ ਸਮ੍ਰਿੱਧ ਸਿੱਖਾਂ ਦੇ ਨਿਰਧਨ ਸਿੱਖ ਹਨ, ਨਾਲ ਹੀ ਗੁਰੂ ਸਾਹਿਬ ਅਮੀਰ ਸਿੱਖਾਂ ਨੂੰ ਨਿਰਧਨ ਸਿੱਖਾਂ ਨਾਲ ਦੁਰਵਿਹਾਰ ਦੀ ਚੇਤਾਵਨੀ ਦਿੰਦੇ ਹਨ। ਸਿੱਖੀ ਦੇ ਪੰਜਾਬੀ ਪਾਸਾਰ ਦਾ ਵੱਡਾ ਸਬੂਤ ਹੈ ਕਿ ਹੁਣ 'ਝੂਠੇ' ਸਿੱਖ ਵੀ ਪੰਥ 'ਚ ਘੁਸਣ ਲੱਗੇ ਹਨ।

---

* 1238, 43-ਬੀ, ਚੰਡੀਗੜ੍ਹ।

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ॥*

(ਸੂਹੀ ਮਹਲਾ 4, ਪੰਨਾ 734)

ਇਤਿਹਾਸ ਵਿਚ ਪਹਿਲੀ ਵਾਰ ਸਿੱਖ ਦੀ ਕਾਵਿਕ ਚਿਤਰਾਕਸ਼ੀ (portrait) ਕੀਤੀ ਗਈ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ...*

(ਸਲੋਕ ਮਹਲਾ 4, ਪੰਨਾ 305)

ਵਾਕ ਲੈਣ ਦੀ ਮਰਯਾਦਾ ਦੀ ਨੀਂਹ ਰੱਖੀ ਜਾ ਰਹੀ ਹੈ। ਗੁਰਸ਼ਬਦ ਵਿਚ ਨਾਮਦੇਵ, ਜੈ ਦੇਵ, ਤ੍ਰਿਲੋਚਨ, ਰਵਿਦਾਸ, ਧੰਨਾ ਦਾ ਮਤਲਬ ਹੈ ਕਿ ਹੁਣ ਸਿੱਖ ਧਰਮ ਦੀ ਭਾਰਤ-ਵਿਆਪੀ ਆਕਾਂਕਸ਼ਾ ਹੈ। ਇਹ ਬਾਬੇ ਨਾਨਕ ਦੇ ਜਗਤ ਗੁਰੂ ਹੋਣ ਦਾ ਪੱਖ ਹੈ।

ਗੁਰੂ ਨਾਨਕ ਦੀ ਬਾਣੀ ਵਿਚ ਨਿੰਦਕ ਦੀ ਰੂਪ-ਰੇਖਾ ਕੋਈ ਖਾਸ ਨਹੀਂ, ਨਿੰਦਕ ਅਜਿਹਾ ਮਾਣਸ ਹੈ ਜਿਸਨੂੰ ਧਰਮਾਤਮਾਪਨ ਚੰਗਾ ਨਹੀਂ ਲੱਗਦਾ। ਪਰ ਗੁਰੂ ਰਾਮਦਾਸ ਦੀ ਬਾਣੀ ਵਿਚ ਨਿੰਦਕ ਦਾ ਵਿਸਤ੍ਰਿਤ ਰੂਪ ਹੈ ਜੋ, ਜਲਦੀ ਹੀ, ਵਿਅਕਤੀ ਤੋਂ ਵਿਸ਼ੇਸ਼ ਪੁਰਖ ਹੋ ਜਾਂਦਾ ਹੈ ਜੋ ਸਤਿਗੁਰ ਦੀ ਨਕਲ ਕਰਦਾ ਅਵਾ-ਤਵਾ ਬੋਲਦਾ ਹੈ। ਹੌਲੀ-ਹੌਲੀ ਸਪਸ਼ਟ ਹੋਣ ਲੱਗਦਾ ਹੈ ਕਿ ਗੁਰਗੱਦੀ ਦੇ ਦਾਅਵੇਦਾਰ ਵਿਚ ਨਿੰਦਕ ਵੀ ਜ਼ਿਮਨ 'ਚ ਆਉਂਦੇ ਹਨ :

*"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥*

(ਗਉੜੀ ਕੀ ਵਾਰ ਮਹਲਾ 4, ਪੰਨਾ 304)

*ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ*
*ਹਰਿ ਕਰਤੈ ਆਪਿ ਵਧਾਈ॥*
*ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨਿ*
*ਓਨ੍ਾ ਅੰਦਰਿ ਹਿਰਦੈ ਭਾਈ॥*
*ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ*
*ਓਨਾ ਪਰਾਇਆ ਭਲਾ ਨ ਸੁਖਾਈ॥*
*ਕਿਆ ਹੋਵੈ ਕਿਸ ਹੀ ਕੀ ਝਖ ਮਾਰੀ*
*ਜਾ ਸਚੇ ਸਿਉ ਬਣਿ ਆਈ॥*
*ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ*
*ਸਭ ਝਖਿ ਝਖਿ ਮਰੈ ਲੋਕਾਈ॥*

(ਬਿਲਾਵਲੁ ਕੀ ਵਾਰ ਮਹਲਾ 4, ਪੰਨਾ 850)

*ਗੁਰ ਬਾਬੇ ਫਿਟਕੇ ਸੇ ਫਿਟੇ*
*ਗੁਰਿ ਅਗਦਿ ਕੀਤੇ ਕੂੜਿਆਰੇ॥*
*ਗੁਰਿ ਤੀਜੀ ਪੀੜੀ ਵੀਚਾਰਿਆ*
*ਕਿਆ ਹਥਿ ਏਨਾ ਵੇਚਾਰੇ॥*

*ਗੁਰੁ ਚਉਥੀ ਪੀੜੀ ਟਿਕਿਆ*
*ਤਿਨਿ ਨਿੰਦਕ ਦੁਸਟ ਸਭਿ ਤਾਰੇ*

(ਗਉੜੀ ਕੀ ਵਾਰ ਮਹਲਾ 4, ਪੰਨਾ 307)

ਇਸੇ ਗੱਲ ਨੂੰ ਹੋਰ ਸਪੱਸ਼ਟ ਕੀਤਾ ਹੈ :

*ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ*
*ਧੁਰਹੁ ਹੁਕਮੁ ਬੁਝਿ ਨੀਸਾਣੁ॥*
*ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ*
*ਟੋਲਿ ਡਿਠਾ*
*ਲਾਹਿਓਨੁ ਸਭਨਾ ਕਾ ਅਭਿਮਾਨੁ॥*

(ਬਿਲਾਵਲੁ ਕੀ ਵਾਰ ਮਹਲਾ 4, ਪੰਨਾ 853)

(ਭਾਤੀਈ – ਭਾਈਆਂ ਨੂੰ)

ਗੁਰਗੱਦੀ ਦੇ ਦਾਅਵੇਦਾਰ ਧੜੇ ਬਣਾਉਂਦੇ ਹਨ, ਸਿੱਖਾਂ ਨੂੰ ਵਰਗਲਾਉਣ ਦਾ ਜ਼ਿਕਰ ਹੈ, ਨਾਲੇ ਪ੍ਰਸ਼ਾਸਨ ਦੇ ਕਰਮਚਾਰੀਆਂ ਨਾਲ ਸਾਜ਼ ਬਾਜ਼ ਕਰਦੇ ਹਨ'

*ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥*
*ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥*
*ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥*
*ਹਮਾਰਾ ਧੜਾ ਹਰਿ ਰਹਿਆ ਸਮਾਈ॥*

(ਰਾਗ ਆਸਾ ਘਰ 2 ਮਹਲਾ 4, ਪੰਨਾ 366)

ਗੁਰਗੱਦੀ ਵਿਰੋਧੀਆਂ ਵੱਲੋਂ ਦੋ 'ਡਗੌਂਤੇ' ਸਿੱਖ ਪ੍ਰਸ਼ਾਸਨ ਵੱਲ ਸ਼ਕਾਇਤ ਕਰਨ ਲਈ ਭੇਜੇ ਗਏ ਜਿਸਦੇ ਵੇਰਵੇ ਸਹਿਤ ਪਰ ਤਮਸ-ਵਤ ਜ਼ਿਕਰ ਹੈ। ਉਹਨਾਂ ਨੂੰ ਮੂੰਹ ਦੀ ਖਾਣੀ ਪਈ, ਮਾਰ-ਕੁਟ ਵੀ ਹੋਈ। ਕਿਸੇ ਨੂੰ ਰਿਸ਼ਤੇਦਾਰੀ 'ਚ ਧੀ ਲਗਦੇ ਦੇ ਘਰ ਠਹਿਰਣ ਦੀ ਜ਼ਿੱਲਤ ਉਠਾਉਣੀ ਪਈ। ਕੁਝ ਸਮੇਂ ਲਈ ਗੁਰੂ ਦੀਆਂ ਸੰਗਤਾਂ ਵਿਚ ਪਰਮ-ਸੁਖ ਦਾ ਪ੍ਰਭਾਵ ਸੀ।

*ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ*
*ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥*
*ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ*
*ਗੂਹ ਪੜਿ ਸਗਵੀ ਮਲੁ ਲਾਇ*
*ਮਨਮੁਖੁ ਆਇਆ॥*
*ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ*
*ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥*
*ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੇ ਨਫਰੈ*
*ਪਉਲੀ ਪਉਦੀ ਖਾਵਾ ਹੋਇ ਕੈ*

*ਉਠਿ ਘਰਿ ਆਇਆ॥*
*ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ*
*ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥*
*ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ*
*ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥*
*ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ*
*ਸੋ ਸਾਰੇ ਮਾਰਿ ਪਚਾਇਆ॥*
*ਏਹੁ ਅਖਰੁ ਤਿਨਿ ਆਖਿਆ*
*ਜਿਨਿ ਜਗਤੁ ਸਭੁ ਉਪਾਇਆ॥*

(ਗਉੜੀ ਕੀ ਵਾਰ ਮਹਲਾ 4, ਪੰਨਾ 306)

ਜੂਈ-ਜੂਆਂ; ਖਿਧੋਲੜਾ-ਜੁੱਲਾਂ; ਗੂਹ-ਗੂੰਹ; ਤੜ-ਤੁਰਤ; ਪਉਲੀ-ਜੁੱਤੀਆਂ; ਫਾਵਾ-ਸ਼ਰਮਿੰਦਾ ਮਹਾਨਕੋਸ਼ ਅਨੁਸਾਰ, ਬਉਰਾ ਪਾਗਲ (ਸ਼ਬਦਾਰਥ); ਜਗਤ

ਅ-ਸੁਰੱਖਿਆ ਦਾ ਵਾਤਾਵਰਨ ਗੁਰੂ ਰਾਮਦਾਸ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ ਜਿਸ ਨੇ ਗੁਰੂ ਅਰਜਨ ਸਾਹਿਬ ਦੀ ਪਾਤਿਸ਼ਾਹੀ ਵਿਚ ਹੋਰ ਵੀ ਗੰਭੀਰ ਹੋ ਜਾਣਾ ਸੀ। ਗੁਰੂ ਰਾਮ ਦਾਸ ਵਿਚ ਵੀ ਪੂਰਬਚਿੰਤਾ (Forebodings) ਦੇ ਹਵਾਲੇ ਮਿਲ ਜਾਂਦੇ ਹਨ, ਜਿਵੇਂ :

*ਜੇ ਕੋਈ ਨਿੰਦ ਕਰੇ ਹਰਿਜਨ ਕੀ*
*ਅਪੁਨਾ ਗੁਨੁ ਨ ਗਵਾਵੈ॥*

(ਬੈਰਾੜੀ ਮਹਲਾ 4, ਪੰਨਾ 720)

*ਜੋ ਕਿਛੁ ਕਰੇ ਸੁ ਆਪੇ ਸੁਆਮੀ*
*ਹਰਿਬਿਨੁ ਕੋਈ ਮਾਰਿ ਜੀਵਾਲਿਨ ਸਕੈ*
*ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ*

(ਵਡਹੰਸ ਕੀ ਵਾਰ ਮਹਲਾ 4, ਪੰਨਾ 594)

*ਕਾੜਾ ਆਦੇਸਾ ਕਿਉ ਕੀਜੈ*
*ਜਾ ਨਾਹੀ ਅਧਰਮਿ ਮਾਰਦਾ॥*
*ਸਚਾ ਸਾਹਿਬੁ ਸਚੁ ਨਿਆਉ*
*ਪਾਪੀ ਨਰੁ ਹਾਰਦਾ॥*

(ਸਿਰੀ ਰਾਗ ਕੀ ਵਾਰ ਮਹਲਾ 4, ਪੰਨਾ 90)

(ਕਾੜਾ-ਫ਼ਿਕਰਸ ਅੰਦੇਸ਼ਾ-ਫ਼ਰਮਾਰਨਾ)

*ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ॥*
*ਤਾ ਮੇਰੇ ਮਨ ਕਾਇਤੁ ਕੜਈਐ*

(ਗੋਂਡ ਮਹਲਾ 4, ਪੰਨਾ 861)

ਹੁਣ ਨਿੰਦਕ ਟੋਲੇ ਦਾ ਆਗੂ ਗੁਰੂ ਅਰਜਨ ਸਾਹਿਬ ਦਾ ਵੱਡਾ ਭਾਈ ਪ੍ਰਿਥੀ ਚੰਦ ਸੀ। ਇੰਝ ਪ੍ਰਸ਼ਾਸਨ ਨੂੰ ਪਥ ਦੀ ਖ਼ਬਰ ਪਹੁੰਚਦੀ ਰਹਿੰਦੀ ਸੀ। ਜਿੱਥੇ ਗੁਰ-ਗੱਦੀ ਵਿਰੋਧੀਆਂ ਦੀ ਗੁਰੂ

Sri Satguru Jagjit Singh Ji Elibrary NamdhariElibrary@gmail.com

ਦੇ 'ਹਰਿਧਨ' ਤੇ ਨਜ਼ਰ ਸੀ ਉੱਥੇ ਪ੍ਰਸ਼ਾਸਨ ਦੇ ਕਰਮਚਾਰੀ ਵੀ ਅਜਿਹੀ ਨਜ਼ਰ ਰਖਦੇ ਹਨ। ਇੰਞ ਰਿਆਸਤ ਅਤੇ ਧਰਮ ਦਾ ਤਾਤਵਿਕ ਵਿਰੋਧ ਉਪਰੋਕਤ ਦੀ ਕਾਰ-ਗੁਜ਼ਾਰੀ ਕਾਰਨ ਤੋੜ ਤਕ ਪਹੁੰਚ ਗਿਆ। ਗੁਰੂ ਸਾਹਿਬ ਕਿਸੇ ਨਿੰਦਕ ਦੀ ਮੌਤ ਦਾ ਜ਼ਿਕਰ ਕਰਦੇ ਹਨ।

*ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ॥*
*ਤਾਣੁ ਦੀ ਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ॥*
*ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ॥*
*ਨਿੰਦਕ ਨਿੰਦਾ ਕਰਿ ਪਚੇ ਜਮ ਕਾਲ ਗ੍ਰਸੀਏ॥*

(ਬਿਲਾਵਲੁ ਮਹਲਾ 5, ਪੰਨਾ 815)

(ਅਨ-ਅਨਯ, ਹੋਰ; ਠਾਉ-ਥਾਉ; ਦੀਬਾਣੁ-ਹਾਕਿਮ; ਪਚ-ਜਸ)

*ਕਹੁ ਨਾਨਕ ਸੰਤ ਹਰਿ ਰਾਖੇ*
*ਨਿੰਦਕ ਦੀਏ ਰੁੜਾਈ*

(ਰਾਗ ਆਸਾ ਘਰੁ 6 ਮਹਲਾ 5, ਪੰਨਾ 381)

ਫੇਰ ਤਾਪ ਨਾਲ ਕਿਸੇ ਨਿੰਦਕ ਦੇ ਮਰਨ ਦਾ ਵਰਣਨ ਹੈ। ਇਹ ਕੋਈ ਪ੍ਰਸਿੱਧ ਵਿਅਕਤੀ ਹੋਣਾ ਹੈ ਜਿਹੜਾ ਗੁਰੂ ਸਾਹਿਬ ਦੀ ਨਜ਼ਰੀਂ ਚੜ੍ਹਿਆ। ਪ੍ਰਸਿੱਧ ਤੋਂ ਵੱਧ ਹੋਣਾ ਹੈ ਜਿਸਦਾ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ।

*ਗਰੀਬਾ ਉਪਰਿ ਜਿ ਖਿੰਜੈ ਦਾੜੀ॥*
*ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥1॥*
*ਪੂਰਾ ਨਿਆਉ ਕਰੇ ਕਰਤਾਰੁ॥*
*ਅਪੁਨੇ ਦਾਸ ਕਉ ਰਾਖਨਹਾਰੁ॥1॥ ਰਹਾਉ॥*
*ਆਦਿ ਜੁਗਾਦਿ ਪ੍ਰਗਟਿ ਪਰਤਾਪੁ॥*
*ਨਿੰਦਕੁ ਮੁਆ ਉਪਜਿ ਵਡ ਤਾਪੁ॥2॥...*
*ਅਪੁਨੇ ਦਾਸ ਰਾਖੇ ਕੰਠਿ ਲਾਇ॥*
*ਸਰਣਿ ਨਾਨਕ ਹਰਿ ਨਾਮੁ ਧਿਆਇ॥4॥*

(ਰਾਗ ਗਉੜੀ ਗੁਆਰੇਰੀ ਮਹਲਾ 5, ਚਉਪਦੇ ਦੁਪਦੇ, ਪੰਨਾ 199)

(ਖਿੰਜ-ਸ਼ਬਦਾਰਥ/ਮਹਾਨ ਕੋਸ਼ ਵਿਚ ਅਰਥ ਸਪਸ਼ਟ ਨਹੀਂ ਹਨ। ਮੁਸਲਿਮ ਸ਼ਹੰਸ਼ਾਹ ਕਿਸੇ ਨੂੰ ਮੌਤ ਦੀ ਸਜ਼ਾ ਮੂੰਹੋਂ ਨਹੀਂ ਕਹਿੰਦੇ ਸੀ। ਦਾੜ੍ਹੀ ਦਾ ਵਾਲ ਪੱਟਣਾ ਇਹਦਾ ਐਲਾਨ ਹੁੰਦਾ ਸੀ।)

ਆਉਂਦੇ ਸ਼ਬਦ ਵਿਚ ਕਿਸੇ ਹੋਰ ਵਿਅਕਤੀ ਦਾ ਜ਼ਿਕਰ ਹੈ - ਜਿਉ ਕਾਲਰ ਭੀਤਿ ਗਿਰਿ ਐ (ਕਾਲਰ-ਕੱਲਰ; ਭੀਤਿ-ਕੰਧ)

*ਨਿੰਦਕੁ ਐਸੇ ਹੀ ਝਰਿ ਪਰੀਐ॥...*
*ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ*
*ਹਰਿਜਨ ਸਿਉ ਬਾਦੁ ਉਠਰੀਐ॥*
*ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ*

*ਕਿਆ ਮਾਨਸ ਬਪੁਰੇ ਕਰੀਐ॥*

(ਬਿਲਾਵਲੁ ਮਹਲਾ 5, ਪੰਨਾ 823)

(ਬਾਦ–ਝਗੜਾ; ਬਪੁਰਾ–ਵਿਚਾਰ)

*ਨਿੰਦਕੁ ਗੁਰ ਕਿਰਪਾ ਤੇ ਹਾਟਿਓ॥*
*ਪਾਰਬ੍ਰਹਮ ਪ੍ਰਭ ਭਏ ਦਇਆਲਾ*
*ਸਿਵ ਕੈ ਬਾਣਿ ਸਿਰੁ ਕਾਟਿਓ॥1॥*
*ਭਸਮਾਭੂਤ ਹੋਆ ਖਿਨ ਭੀਤਰਿ*
*ਅਪਨਾ ਕੀਆ ਪਾਇਆ॥*
*ਆਗਮ ਨਿਗਮੁ ਕਹੈ ਜਨੁ ਨਾਨਕੁ*
*ਸਭੁ ਦੇਖੈ ਲੋਕ ਸਬਾਇਆ॥*

(ਟੋਡੀ ਮਹਲਾ 5, ਪੰਨਾ 714)

ਸ਼ਬਦਾਰਥ ਏਸ ਸ਼ਬਦ ਨੂੰ ਸੁਲਹੀ ਨਾਲ ਜੋੜਦਾ ਹੈ। ਸ਼ਾਇਦ – ਭਸਮਾ ਭੂਤ – ਕਾਰਨ।

ਗੁਰੂ ਸਾਹਿਬ ਖ਼ਿਲਾਫ Memorandum ਪੇਸ਼ ਕੀਤਾ ਜਾਂਦਾ ਹੈ – ਮਹਜਰ। ਮਹਜ਼ਰ-ਨਾਮਾ ਅਜਿਹਾ ਮੈਮੋਰੈਂਡਮ ਜਿਸ ਤੇ ਬਹੁਤ ਸਾਰੇ ਦਸਖਤ ਹੋਏ ਹੋਣ, ਕਾਜ਼ੀ ਦੀ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਸੀ।

*ਮਹਜਰੁ ਝੂਠਾ ਕੀਤੋਨੁ ਆਪਿ॥*
*ਪਾਪੀ ਕਉ ਲਾਗਾ ਸੰਤਾਪੁ॥1॥*
*ਜਿਸਹਿ ਸਹਾਈ ਗੋਬਿਦੁ ਮੇਰਾ॥*
*ਤਿਸੁ ਕਉ ਜਮੁ ਨਹੀ ਆਵੈ ਨੇਰਾ॥1॥ ਰਹਾਉ॥*
*ਸਾਚੀ ਦਰਗਹ ਬੋਲੈ ਕੂੜੁ॥*
*ਸਿਰੁ ਹਾਥ ਪਛੋੜੈ ਅਧਾ ਮੂੜੁ॥*
*ਰੋਗ ਬਿਆਪੇ ਕਰਦੇ ਪਾਪ॥*
*ਅਦਲੀ ਹੋਇ ਬੈਠਾ ਪ੍ਰਭੁ ਆਪਿ॥3॥*
*ਆਪਨ ਕਮਾਇਐ ਆਪੇ ਬਾਧੇ॥*
*ਦਰਬੁ ਗਇਆ ਸਭੁ ਜੀਅ ਕੈ ਸਾਥੈ॥4॥*
*ਨਾਨਕ ਸਰਨਿ ਪਰੇ ਦਰਬਾਰਿ॥*
*ਰਾਖੀ ਪੈਜ ਮੇਰੈ ਕਰਤਾਰਿ॥*

(ਗਉੜੀ ਮਹਲਾ 5, ਪੰਨਾ 499)

ਗੁਰੂ ਅਰਜਨ ਸਾਹਿਬ ਅਨੁਸਾਰ ਨਿੰਦਕਾਂ/ਦਾਅਵੇਦਾਰਾਂ ਨੂੰ ਕੁਝ ਲੱਭਣ ਦਾ ਨਹੀਂ :

*ਭਗਤ ਕੀ ਨਿੰਦਾ ਰਾਜ ਤੇ ਟਲੈ॥*

(ਭੈਰਉ ਮਹਲਾ 5, ਪੰਨਾ 34)

ਸਮਕਾਲੀ ਅਰਥਾਂ ਵਿਚ ਜ਼ਿਮੀਂਦਾਰੀ ਨੂੰ ਵੀ ਰਾਜ ਕਿਹਾ ਜਾਂਦਾ ਸੀ, ਜਿਵੇਂ ਦਰਭੰਗਾ

Sri Satguru Jagjit Singh Ji Elibrary NamdhariElibrary@gmail.com

ਰਾਜ ਦਾ ਅੱਜ ਵੀ ਨਾਉਂ ਹੈ। ਜ਼ਿਮੀਂਦਾਰ ਕਿਸਾਨਾਂ ਤੋਂ ਮਾਮਲਾ ਇਕੱਠਾ ਕਰਕੇ ਮੁਗ਼ਲ ਸਰਕਾਰ ਨੂੰ ਦਿੰਦਾ ਸੀ। ਇੱਥੇ ਰਾਜ ਅਲੰਕਾਰਿਕ ਪ੍ਰਤੀਤ ਹੁੰਦਾ ਹੈ।

ਅਗਲੇ ਸ਼ਬਦ ਵਿਚ ਕਿਸੇ ਅਧਿਕਾਰੀ ਨਾਲ ਮੁਲਾਕਾਤ ਦਾ ਜ਼ਿਕਰ ਹੈ। ਗੁਰੂ ਸਾਹਿਬ ਨੂੰ ਇਸ ਗੱਲ ਦੀ ਤਸੱਲੀ ਬਹੁਤੀ ਹੈ ਕਿ ਨਿੰਦਕ ਪਛਾੜੇ ਗਏ ਅਤੇ ਮੇਲ ਦੀ ਸਫ਼ਲਤਾ ਦੀ ਖ਼ੁਸ਼ੀ ਥੋੜ੍ਹੀ ਹੈ। ਗੁਰੂ ਸਾਹਿਬ ਨੂੰ ਇਸੇ ਕਿਸਮ ਦੇ ਖ਼ਤਰੇ ਦੀ ਸ਼ੰਕਾ ਸੀ।

*ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ॥*
*ਕਾਰਜ ਸਗਲ ਸਵਾਰੇ ਸਤਿਗੁਰ*
*ਜਪਿ ਜਪਿ ਸਾਧੂ ਭਏ ਨਿਹਾਲ॥1॥ ਰਹਾਉ॥*
*ਅੰਗੀਕਾਰੁ ਕੀਆ ਪ੍ਰਭਿ ਅਪਨੈ*
*ਦੋਖੀ ਸਗਲੇ ਭਏ ਰਵਾਲ॥*
*ਕੰਠਿ ਲਾਇ ਰਾਖੇ ਜਨ ਅਪਨੇ*
*ਉਧਰਿ ਲੀਏ ਲਾਇ ਅਪਨੈ ਪਾਲ॥1॥*
*ਸਹੀ ਸਲਾਮਤਿ ਮਿਲਿ ਘਰਿ ਆਏ*
*ਨਿੰਦਕ ਕੇ ਮੁਖ ਹੋਏ ਕਾਲ*
*ਕਹੁ ਨਾਨਕ ਮੇਰਾ ਸਤਿਗੁਰੁ ਪੂਰਾ*
*ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ॥*

(ਬਿਲਾਵਲੁ ਮਹਲਾ 5, ਪੰਨੇ 826-27)

ਕਦੇ ਵੈਰ ਆਕਰਮਣ ਹੋਣ ਲੱਗਾ ਹੈ :

*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥*
*ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥*
*ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥*
*ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥...*
*ਜੋ ਕਿਛੁ ਕਰੀ ਸੁ ਤੇਰਾ ਤਾਣੁ॥*
*ਤੂੰ ਮੇਰੀ ਓਟ ਤੂੰ ਹੈ ਦੀਬਾਣੁ॥*

(ਦੀਵਾਨ-ਹਾਕਿਮ)

(ਆਸਾ ਮਹਲਾ 5, ਪੰਨਾ 371)

ਅਗਲਾ ਸ਼ਬਦ ਸੁਲਹੀ ਦੇ ਗੁਰ ਸਾਹਿਬ 'ਤੇ ਹਮਲੇ ਬਾਰੇ ਹੈ, ਸ਼ਬਦਾਰਥ ਅਨੁਸਾਰ। ਮਹਾਨ ਕੋਸ਼ ਸੁਲਹੀ ਦੀ ਮੌਤ ਪ੍ਰਿਥੀ ਚੰਦ ਨੂੰ ਮਿਲਣ ਆਉਂਦਿਆਂ ਦੱਸਦਾ ਹੈ, ਗੁਰੂ ਕੇ ਕੋਠੇ। ਪਹਿਲੀ ਗੱਲ ਤਾਂ ਇਹ ਕਿ ਮੀਣੇ ਅਜੇ ਮਾਲਵੇ 'ਚ ਨਹੀਂ ਆਏ। ਦੂਸਰੇ, ਗੁਰੂ ਸਾਹਿਬ ਨੂੰ ਦੂਰ-ਦੁਰਾਡੇ ਘਟਨਾ ਨਾਲ ਕੀ ਪਿਆ - ਸੁਲਹੀ ਤੇ ਨਾਰਾਇਣ ਰਾਖੁ-ਵਿਚ ਤਤਪਰ-ਤਾ (Im-mediacy) ਹੈ।

Sri Satguru Jagjit Singh Ji Elibrary NamdhariElibrary@gmail.com

*ਸੁਲਹੀ ਤੇ ਨਾਰਾਇਣ ਰਾਖੁ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ॥1॥ ਰਹਾਉ॥*
*ਸੁਲਹੀ ਹੋਇ ਮੂਆ ਨਾਪਾਕੁ*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ॥*
*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ॥1॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ*
*ਛੋਡਿ ਗਇਆ ਸਭ ਭਾਈ ਸਾਕੁ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਨੋ ਪੂਰਨ ਵਾਕੁ॥*

(ਬਿਲਾਵਲੁ ਮਹਲਾ 5, ਪੰਨਾ 825)

ਏਸ ਹਾਲਤ ਵਿਚ ਅ-ਸੁਰੱਖਿਆ (Insecurity) ਦਾ ਵਾਤਾਵਰਨ ਬਣਿਆ ਹੋਇਆ- ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ, (ਮਹਤਾਜੀ) ਵਾਰ ਮਾਰੂ, ਪਉੜੀ 7, (1096); ਹਰਿ ਜੀਉ ਜਾ ਤੂੰ ਮੇਰਾ ਮਿਤ੍ਰ ਹੈ ਤਾ ਕਿਆ ਮੈ ਕਾੜਾ (ਫਿਕਰ) ਵਾਰ ਮਾਰੂ, ਪਉੜੀ 10 (1097); ਮਾਨਸ ਕੀ ਕਹੁ ਕੇਤਕ ਬਾਤ/ਜਮ ਤੇ ਰਾਖੈ ਦੇ ਕਰਿ ਹਾਥ, ਭੈਰਉ 46 (1149); ਤੁਧ ਬਿਨੁ ਅਵਰੁ ਨਾਹੀ ਮੈ ਦੂਜਾ, ਆਸਾ 30 (378); ਤੂੰ ਸਮਰਥੁ ਸਰਨਿ ਕੋ ਦਾਤਾ, ਗੂਜਰੀ 32 (502); ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੂਹੀ 57 (749); ਕਿਆ ਏ ਭੂਪਤਿ ਸਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ, ਸਾਰੰਗ 34 (1211)

ਅੰਤ ਭੈ ਦੀ ਪਰਾਭੌਤਿਕਤਾ metaphysics ਬਣ ਗਈ ਹੈ

*ਭੈ ਮਹਿ ਰਚਿਓ ਸਭੁ ਸੰਸਾਰਾ॥*
*ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥*
*ਭਉ ਨ ਵਿਆਪੈ ਤੇਰੀ ਸਰਣਾ॥*
*ਜੋ ਤੁਧੁ ਭਾਵੈ ਸੋਈ ਕਰਣਾ॥*

(ਗਉੜੀ ਮਹਲਾ 5, ਪੰਨਾ 192)

ਸਿੱਖ ਪੰਥ ਦੇ ਵਿਕਾਸ, ਇਹਦੀ ਖ਼ੁਸ਼ਹਾਲੀ, ਰਿਆਸਤ ਨੂੰ ਇਹਦੇ ਭਵਿੱਖਮਈ ਖ਼ਤਰੇ ਦਾ ਅਨੁਮਾਨ ਸੁਲਤਾਨ ਜਲਾਲ-ਉੱਦ-ਦੀਨ ਖ਼ਲਜੀ ਦੀ ਕਾਰਵਾਈ ਤੋਂ ਲੱਗ ਸਕਦਾ ਹੈ। "ਰਾਜ ਦੇ ਅੰਤਿਮ ਸਮੇਂ ਦਰਵੇਸ਼ ਸੱਯਦੀ ਮੁੱਲਾ ਆਇਆ। ਉਸ ਨੇ ਹਜ਼ਾਰਾਂ ਰੁਪਏ ਲਾ ਕੇ ਵੱਡੀ ਖ਼ਾਨਗਾਹ ਬਣਵਾਈ ਅਤੇ ਲੰਗਰ ਜਾਰੀ ਕੀਤਾ। ਨਿੱਤ ਹਜ਼ਾਰ ਮਣ ਮੈਦਾ, ਪੰਜ ਸੌ ਮਣ ਮਾਸ, ਦੋ ਸੌ ਮਣ ਘੀ ਲੱਗਦਾ... ਲੱਖਾਂ ਆਦਮੀ... ਸੁਲਤਾਨ (ਨੇ)... ਸ਼ਰਧਾਲੂਆਂ ਨੂੰ ਇਧਰ ਉਧਰ ਭੇਜ ਦਿੱਤਾ... ਅਤੇ ਸੱਯਦੀ ਮੁੱਲਾ ਨੂੰ ਹਾਥੀਆਂ ਦੇ ਪੈਰਾਂ ਹੇਠ ਦਰੜਵਾ ਦਿੱਤਾ।"[4]

Sri Satguru Jagjit Singh Ji Elibrary NamdhariElibrary@gmail.com

ਸੰਨ 1605 ਵਿਚ ਅਕਬਰ ਮਰ ਗਿਆ। 'ਨਿੰਦਕਾਂ' ਅਤੇ ਪ੍ਰਸ਼ਾਸਨ ਦੀਆਂ ਸੰਸਥਾਵਾਂ ਨੂੰ ਰਿਆਸਤ ਅਤੇ ਧਰਮ ਦਾ ਵਿਰੋਧ ਸਿਖਰ 'ਤੇ ਲੈ ਜਾਣ ਦਾ ਮੌਕਾ ਮਿਲ ਗਿਆ – ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨਾਲ ਜਿਹੜੀ ਗੱਲ 1581 ਵਿਚ ਹੋ ਸਕਦੀ ਸੀ ਉਹ 1606 ਤਕ ਮੁਲਤਵੀ ਹੋਈ ਰਹੀ।

## ਹਵਾਲੇ ਅਤੇ ਟਿੱਪਣੀਆਂ

1. ਜਿਵੇਂ ਈਸਾ ਬਾਰੇ Gospels ਹਨ
   *The class struggle in the Ancient Greek World*, G.E.M. de ste. Croise, Duch Worth, 1981, 640, 427-28.
2. *Historical Analysis of Sikh Literature* (A.D. 1500-1850), PhD. Thesis, G.N.D.U., Amritsar, 1980, S.S. Hans, 134-201.
3. ਜਿਵੇਂ *The Class Struggle*, 451
4. *ਖ਼ੁਲਾਸਤੁਤ ਤਵਾਰੀਖ਼*, ਸੁਜਾਨ ਰਾਏ ਭੰਡਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, 217-18.

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ : ਸਮਕਾਲੀਆਂ ਦੀ ਨਜ਼ਰ ਵਿਚ

*ਡਾ. ਬਲਵੰਤ ਸਿੰਘ ਢਿੱਲੋਂ**

ਅਪ੍ਰੈਲ 1563 ਈ. ਵਿਚ ਜਨਮੇ ਗੁਰੂ ਅਰਜਨ ਨੇ ਲਗਭਗ 25 ਵਰ੍ਹੇ (ਸਤੰਬਰ 1581 ਮਈ 1606) ਸਿੱਖ ਪੰਥ ਦੀ ਅਗਵਾਈ ਕੀਤੀ। ਸਿੱਖਾਂ ਦੇ ਧਾਰਮਿਕ ਰਹਿਬਰ ਹੋਣ ਤੋਂ ਇਲਾਵਾ ਆਪ ਗੁਰੂ ਪੁੱਤਰ ਤੇ ਗੁਰੂ ਪਿਤਾ ਵੀ ਸਨ। ਉੱਚ-ਅਧਿਆਤਮਿਕ ਤੇ ਇਖ਼ਲਾਕੀ ਕਦਰਾਂ-ਕੀਮਤਾਂ ਨਾਲ ਸ਼ਿੰਗਾਰੀ ਇਸ ਸ਼ਖ਼ਸੀਅਤ ਦੀ ਇਕ ਕਵੀ, ਦਰਸ਼ਨਵੇਤਾ, ਪ੍ਰਚਾਰਕ, ਸੰਗਠਨਕਰਤਾ, ਸੰਗੀਤਕਾਰ, ਸੰਪਾਦਕ, ਭਵਨ ਤੇ ਨਗਰ ਨਿਰਮਾਤਾ ਵਜੋਂ ਨਿਭਾਈ ਭੂਮਿਕਾ ਦੇ ਪ੍ਰਤੱਖ ਪ੍ਰਮਾਣ ਅੱਜ ਵੀ ਪ੍ਰਾਪਤ ਹਨ। ਆਪ ਨੇ ਸਿੱਖ ਧਰਮ ਵਿਚ ਸ਼ਹੀਦੀ ਪਰੰਪਰਾ ਦਾ ਅਜਿਹਾ ਮੁੱਢ ਬੰਨ੍ਹਿਆ ਕਿ ਸਿੱਖ ਪੰਥ ਦਾ ਇਤਿਹਾਸ ਇਕ ਕਿਸਮ ਨਾਲ ਸ਼ਹੀਦਾਂ ਦਾ ਇਤਿਹਾਸ ਹੀ ਬਣ ਗਿਆ ਹੈ। ਸ਼ਹੀਦੀ ਦੌਰਾਨ ਜੋ ਸਬਰ, ਸਿਦਕ, ਆਤਮਿਕ ਤੇ ਮਾਨਸਿਕ ਬਲ ਦਾ ਮੁਜ਼ਾਹਿਰਾ ਗੁਰੂ ਅਰਜਨ ਦੇਵ ਜੀ ਨੇ ਕੀਤਾ ਉਹ ਸਿੱਖ ਸ਼ਹੀਦਾਂ ਲਈ ਸੰਕਟ ਨਾਲ ਜੂਝਣ ਲਈ ਹਮੇਸ਼ਾ ਹੀ ਪ੍ਰੇਰਨਾ ਤੇ ਉਤਸ਼ਾਹ ਦਿੰਦਾ ਰਿਹਾ ਹੈ। ਇਸੇ ਕਰਕੇ ਸਿੱਖ ਪੰਥ ਆਪ ਨੂੰ 'ਸ਼ਹੀਦਾਂ ਦੇ ਸਿਰਤਾਜ' ਵਜੋਂ ਯਾਦ ਕਰਦਾ ਹੈ। ਹੱਥਲੇ ਅਧਿਐਨ ਦਾ ਪ੍ਰਯੋਜਨ ਗੁਰੂ ਸਾਹਿਬ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਵਿਚਾਰ ਕਰਨੀ ਹੈ। ਇਸ ਮਕਸਦ ਲਈ ਉਨ੍ਹਾਂ ਦੇ ਸਮਕਾਲੀਆਂ ਦੀਆਂ ਲਿਖਤਾਂ ਨੂੰ ਹੀ ਆਧਾਰ ਬਣਾਇਆ ਹੈ।

ਖ਼ੁਸ਼ਕਿਸਮਤੀ ਨਾਲ ਗੁਰੂ ਅਰਜਨ ਦੇਵ ਬਾਰੇ ਸਮਕਾਲੀ ਸ੍ਰੋਤਾਂ ਵਿਚ ਕਾਫ਼ੀ ਸਮੱਗਰੀ ਪ੍ਰਾਪਤ ਹੈ। ਭਾਸ਼ਾ ਦੀ ਦ੍ਰਿਸ਼ਟੀ ਤੋਂ ਇਹ ਸਮੱਗਰੀ ਫ਼ਾਰਸੀ, ਗੁਰਮੁਖੀ ਤੇ ਪੁਰਤਗਾਲੀ ਤਿੰਨ ਭਾਸ਼ਾਵਾਂ ਵਿਚ ਪ੍ਰਾਪਤ ਹੈ। ਇਨ੍ਹਾਂ ਦੇ ਰਚਨਾਕਾਰ ਵੱਖੋ-ਵੱਖਰੇ ਧਰਮਾਂ-ਹਿੰਦੂ ਮੱਤ, ਇਸਲਾਮ, ਪਾਰਸੀ ਮੱਤ, ਈਸਾਈ ਮੱਤ ਅਤੇ ਸਿੱਖ ਧਰਮ ਦੇ ਪੈਰੋਕਾਰ ਸਨ। ਰੁਤਬੇ ਤੇ ਪੇਸ਼ੇ ਦੇ ਪੱਖੋਂ ਇਨ੍ਹਾਂ ਵਿਚ ਬਾਦਸ਼ਾਹ, ਦਰਬਾਰੀ ਕਵੀ, ਇਤਿਹਾਸਕਾਰ, ਧਰਮ-ਸ਼ਾਸਤਰੀ ਤੇ ਧਰਮ-ਪ੍ਰਚਾਰਕ ਵੀ ਸ਼ਾਮਲ ਸਨ। ਗੁਰੂ ਅਰਜਨ ਦੇਵ ਬਾਰੇ ਵੰਨ-ਸੁਵੰਨੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ਟੀਕੋਣਾਂ ਤੇ ਵਿਵਿਧ ਪਰਿਪੇਖਾਂ ਵਿਚੋਂ ਉਪਜੀ ਇਹ ਜਾਣਕਾਰੀ ਆਪਣੇ ਆਪ ਵਿਚ ਬੜੀ ਮਹੱਤਾ ਦੀ ਲਖਾਇਕ ਹੈ। ਇਸ ਵਿਚ ਗੁਰੂ ਅਰਜਨ ਦੇਵ ਦੀ ਸ਼ਖ਼ਸੀਅਤ ਬਾਰੇ ਬਾਹਰੀ ਤੇ ਅੰਦਰੂਨੀ ਦੋਨਾਂ ਤਰ੍ਹਾਂ ਦੀਆਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹਨ।

ਗੁਰੂ ਅਰਜਨ ਨੇ ਆਪਣਾ ਬਚਪਨ ਗੋਇੰਦਵਾਲ ਵਿਚ ਬਤੀਤ ਕੀਤਾ ਸੀ। ਉਸ ਵੇਲੇ ਆਪ ਦੀ ਅਸਧਾਰਨ ਪ੍ਰਤਿਭਾ ਨੂੰ ਮਹਿਸੂਸ ਕਰਦਿਆਂ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਨੇ

* ਪ੍ਰੋ. ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

ਆਪ ਨੂੰ 'ਬਾਣੀ ਦੇ ਬੋਹਿਥ' ਹੋਣ ਦਾ ਵਰ ਬਖ਼ਸ਼ਿਸ਼ ਕੀਤਾ ਸੀ। ਗੁਰਬਾਣੀ ਤੇ ਇਸ ਦੇ ਫ਼ਲਸਫ਼ੇ ਨੂੰ ਸਮਝਣ ਦੀ ਰੀਝ ਤੇ ਨੀਝ ਜੋ ਬਚਪਨ ਤੋਂ ਹੀ ਗੁਰੂ ਅਰਜਨ ਵਿਚ ਸੀ ਉਸ ਨੂੰ ਭੱਟ ਕਲ੍ਹ ਨੇ 'ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ' ਦੀ ਅਭਿਵਿਅਕਤੀ ਰਾਹੀਂ ਪ੍ਰਗਟ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੇ ਧਰਮ ਪ੍ਰਚਾਰ ਤੇ ਸਥਾਪਿਤ ਕੀਤੀਆਂ ਸੰਸਥਾਵਾਂ ਸਦਕਾ ਸਿੱਖ ਪੰਥ ਦੀ ਧਾਰਮਿਕ ਤੇ ਸਮਾਜਿਕ ਤੌਰ 'ਤੇ ਵਿਲੱਖਣ ਪਹਿਚਾਣ ਬਿਲਕੁਲ ਸਪੱਸ਼ਟ ਹੋ ਗਈ ਸੀ। ਸਿੱਖ ਧਰਮ ਦੀ ਲੋਕ-ਪ੍ਰਿਯਤਾ ਇਤਨੀ ਵਧੀ ਕਿ ਇਸਨੇ ਮੁਗ਼ਲ ਬਾਦਸ਼ਾਹਾਂ ਦਾ ਧਿਆਨ ਵੀ ਆਪਣੀ ਵੱਲ ਖਿੱਚਿਆ। 16ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਪੰਜਾਬ ਵਿਚ ਭਿਅੰਕਰ ਕਾਲ ਤੇ ਪਲੇਗ ਫੈਲਿਆ ਹੋਇਆ ਸੀ। ਪਿਛਲੇ ਕੁਝ ਸਾਲਾਂ ਤੋਂ ਬਾਦਸ਼ਾਹ ਅਕਬਰ ਦਾ ਸਦਰ ਮੁਕਾਮ ਲਾਹੌਰ ਵਿਚ ਸੀ। 1598 ਈ. ਵਿਚ ਸ਼ਾਹੀ ਲਾਮ-ਲਸ਼ਕਰ ਦੇ ਪੰਜਾਬ ਵਿਚੋਂ ਕੂਚ ਕਰ ਜਾਣ ਨਾਲ ਅਨਾਜ ਸਸਤਾ ਹੋ ਗਿਆ ਸੀ ਜਦੋਂ ਕਿ ਮਾਲੀਏ ਦੀ ਦਰ ਉਹੀ ਪੁਰਾਣੀ ਸੀ। ਇਨ੍ਹਾਂ ਸਥਿਤੀਆਂ ਵਿਚ ਪੰਜਾਬ ਦੀ ਕਿਰਸਾਨੀ ਸਖ਼ਤ ਔੜ ਅਤੇ ਮਾਲੀਏ ਦੇ ਬੋਝ ਦੀ ਦੂਹਰੀ ਮਾਰ ਹੇਠ ਦੱਬੀ ਹੋਈ ਸੀ। ਨਵੰਬਰ 1598 ਈ. ਵਿਚ ਜਦ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਦੇ ਸਥਾਨ 'ਤੇ ਗੁਰੂ ਅਰਜਨ ਦੇਵ ਨਾਲ ਮੁਲਾਕਾਤ ਕੀਤੀ ਤਾਂ ਗੁਰੂ ਸਾਹਿਬ ਦੀ ਸਿਫ਼ਾਰਸ਼ ਉਤੇ ਮਾਲੀਏ ਦਾ ਛੇਵਾਂ ਹਿੱਸਾ ਮੁਆਫ਼ ਕਰ ਦਿੱਤਾ ਤੇ ਅਹਿਲਕਾਰਾਂ ਨੂੰ ਹੁਕਮ ਵੀ ਕੀਤਾ ਕਿ ਉਹ ਕਿਰਸਾਨਾਂ ਨਾਲ ਨਰਮੀ ਨਾਲ ਪੇਸ਼ ਆਉਣ। ਇਹ ਘਟਨਾ ਗੁਰੂ ਸਾਹਿਬ ਦੀ ਆਮ ਲੋਕਾਂ ਦੇ ਦੁੱਖ-ਤਕਲੀਫ਼ਾਂ ਵਿਚ ਭਾਈਵਾਲੀ ਤੇ ਹਮਦਰਦੀ ਦਾ ਨਿਰੂਪਣ ਕਰਦੀ ਹੈ। ਇਸ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਉਹ ਕਿਸ ਤਰ੍ਹਾਂ ਦੇ ਲੋਕ-ਹਿਤਕਾਰੀ ਤੇ ਪਰਉਪਕਾਰੀ ਸੁਭਾਅ ਦੇ ਮਾਲਕ ਸਨ। ਸ਼ਖ਼ਸੀਅਤ ਦੇ ਉਪਰੋਕਤ ਪੱਖ ਨੂੰ ਉਭਾਰਦਿਆਂ ਕਲ੍ਹ ਭੱਟ ਨੇ ਗੁਰੂ ਅਰਜਨ ਦੇਵ ਜੀ ਨੂੰ ਭਯਭੰਜਨ, ਪਰ ਦੁਖ ਨਿਵਾਰ, ਪਰ ਪੀਰ ਨਿਵਾਰਨੁ, ਹਰਿ ਸਮ ਉਦਾਰ, ਮਹਾਦਾਨੀ ਆਦਿ ਹੋਣ ਦੀ ਸ਼ਾਹਦੀ ਭਰੀ ਹੈ।

ਜਹਾਂਗੀਰ ਨੇ ਆਪਣੀ ਆਤਮ-ਕਥਾ, ਤੁਜ਼ਕਿ-ਜਹਾਂਗੀਰੀ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੇ ਧਰਮ-ਪ੍ਰਚਾਰ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ, ਜਿਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ। ਉਹ ਲਿਖਦਾ ਹੈ, "ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਵਿਚ ਗੁਰੂ ਅਰਜਨ ਨੇ ਆਪਣੇ-ਆਪ ਨੂੰ ਇਕ ਬਹੁਤ ਵੱਡਾ ਧਾਰਮਿਕ ਨੇਤਾ ਹੋਣ ਦਾ ਢੌਂਗ ਰਚਾ ਰਖਿਆ ਸੀ ਤੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂ ਤੇ ਮੂਰਖ਼ ਕਿਸਮ ਦੇ ਮੁਸਲਮਾਨ ਗੁਰੂ ਸਾਹਿਬ ਦੇ ਪੈਰੋਕਾਰ ਬਣ ਗਏ ਸਨ। ਸਾਰਿਆਂ ਪਾਸਿਆਂ ਤੋਂ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਉਸ ਪਾਸ ਆ ਕੇ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ। ਕਈ ਚਿਰ ਤੋਂ ਮੇਰੇ ਦਿਲ ਵਿਚ ਖ਼ਿਆਲ ਆਉਂਦਾ ਸੀ ਕਿ ਇਸ ਦੁਕਾਨ-ਏ-ਬਾਤਿਲ (ਝੂਠ ਦੇ ਵਪਾਰ) ਨੂੰ ਬੰਦ ਕਰਨਾ ਚਾਹੀਦਾ ਹੈ।" ਬਾਦਸ਼ਾਹ ਦੀ ਕਲਮ ਤੋਂ ਨਿਕਲਿਆ ਇਹ ਫ਼ਤਵਾ ਕਿ ਗੁਰੂ ਅਰਜਨ ਦੇਵ ਜੀ ਦਾ ਧਾਰਮਿਕ ਕੇਂਦਰ 'ਦੁਕਾਨ-ਏ-ਬਾਤਿਲ' ਹੈ ਤੇ ਏਥੇ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਇਕੱਠੇ ਹੁੰਦੇ ਹਨ, ਹਕੀਕਤ ਨੂੰ ਨਹੀਂ ਬਲਕਿ ਉਸਦੇ ਫ਼ੁਅਸਬੀ ਸੁਭਾਅ ਦੇ ਅਸਹਿਣਸ਼ੀਲ ਵਿਹਾਰ ਦਾ ਨਿਰੂਪਣ ਕਰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਜਨ ਦੇਵ ਵਿਰੁੱਧ ਬਾਦਸ਼ਾਹ ਜਹਾਂਗੀਰ ਦੀ ਕਾਰਵਾਈ ਉਪਰ ਸ਼ੇਖ਼ ਅਹਿਮਦ ਸਿਰਹੰਦੀ ਮੁਜੱਦਿਦ ਅਲਫ਼ ਸਾਨੀ ਜਿੱਥੇ ਪ੍ਰਸ਼ੰਸਾ ਤੇ ਤਸੱਲੀ ਜ਼ਾਹਿਰ ਕਰਦਾ ਹੈ ਉਥੇ ਨਾਲ ਹੀ ਗੁਰੂ ਸਾਹਿਬ ਲਈ ਗੋਇੰਦਵਾਲ ਦਾ ਲਾਅਨਤੀ ਕਾਫ਼ਿਰ, ਕਾਫ਼ਿਰਾਂ ਦਾ ਸਿਰਦਾਰ, ਕੁਫ਼ਰ ਦਾ ਸਿਰਤਾਜ ਆਦਿ ਅਪਮਾਨਜਨਕ ਸ਼ਬਦਾਵਲੀ ਵਿਚ ਆਪਣੀ ਧਾਰਮਿਕ ਕੱਟੜਤਾ ਦਾ ਇਜ਼ਹਾਰ ਕਰਦਾ ਹੈ। ਸਪਸ਼ਟ ਹੈ ਕਿ ਬਾਦਸ਼ਾਹ ਜਹਾਂਗੀਰ ਤੇ ਸ਼ੇਖ਼ ਅਹਿਮਦ ਸਿਰਹੰਦੀ ਨੂੰ ਗੁਰੂ ਅਰਜਨ ਦੇਵ ਅਧੀਨ ਸਿੱਖ ਧਰਮ ਦਾ ਵਧ ਰਿਹਾ ਪ੍ਰਭਾਵ ਨਹੀਂ ਸੀ ਸੁਖਾਉਂਦਾ। ਇਸ ਦੇ ਉਲਟ ਅਬੁਲ ਫ਼ਜ਼ਲ ਉਦਾਰਵਾਦੀ ਵਿਹਾਰ ਦੀ ਪ੍ਰਤਿਨਿਧਤਾ ਕਰਦਾ ਹੋਇਆ ਗੁਰੂ ਅਰਜਨ ਨੂੰ ਇਕ ਧਾਰਮਿਕ ਆਗੂ ਸਵੀਕਾਰਦਾ ਹੈ ਤੇ ਉਨ੍ਹਾਂ ਨੂੰ ਰੂਹਾਨੀ ਪਿਆਰ ਦਾ ਖਜ਼ਾਨਾ ਸਮਝਦਾ ਹੈ। ਈਸਾਈ ਮਿਸ਼ਨਰੀ ਫਾਦਰ ਜੀਰੋਮ ਅਗਜ਼ੇਵੀਅਰ ਨੇ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਚਾਰ ਕੁ ਮਹੀਨੇ ਬਾਅਦ 25 ਸਤੰਬਰ, 1606 ਨੂੰ ਲਾਹੌਰ ਤੋਂ ਲਿਖੇ ਇਕ ਖ਼ਤ ਵਿਚ ਗੁਰੂ ਅਰਜਨ ਨੂੰ ਸਾਮੀ ਪਰੰਪਰਾ ਤੋਂ ਬਾਹਰਲੇ ਇਕ ਐਸੇ ਧਾਰਮਿਕ ਗੁਰੂ ਵਜੋਂ ਪ੍ਰਸਤੁਤ ਕੀਤਾ ਹੈ ਜਿਸ ਦਾ ਰੁਤਬਾ ਈਸਾਈ ਧਰਮ ਦੇ ਪੋਪ ਵਰਗਾ ਹੈ। ਉਹ ਗੁਰੂ ਸਾਹਿਬ ਨੂੰ ਪਵਿੱਤਰ ਤੇ ਸਤਿਕਾਰਿਤ ਸ਼ਖ਼ਸੀਅਤ ਤਸੱਵਰ ਕਰਦਾ ਹੈ ਜਿਸ ਦੀ ਲੋਕਾਂ ਵਿਚ ਕਾਫ਼ੀ ਸ਼ੋਭਾ ਤੇ ਸ਼ੁਹਰਤ ਸੀ।

ਗੁਰੂ ਅਰਜਨ ਦੇਵ ਜੀ ਦੁਆਰਾ ਸੰਚਾਲਿਤ ਧਾਰਮਿਕ ਕੇਂਦਰ 'ਦੁਕਾਨ-ਏ-ਬਾਤਿਲ' ਨਹੀਂ ਬਲਕਿ ਸੱਚ ਦੀ ਧਰਮਸ਼ਾਲ ਸੀ। ਏਥੇ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਨਹੀਂ ਬਲਕਿ ਉੱਚੀਆਂ ਇਖ਼ਲਾਕੀ ਕਦਰਾਂ-ਕੀਮਤਾਂ ਵਾਲੇ ਗੁਰਸਿੱਖ ਇਕੱਠੇ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਤੇ ਸਿੱਖੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ ਗੁਰੂ ਸਾਹਿਬ ਦੇ ਦਰਬਾਰ ਵਿਚ ਝੂਠ ਦਾ ਵਪਾਰ ਨਹੀਂ ਬਲਕਿ ਸੁਰਤਿ ਨੂੰ ਸ਼ਬਦ ਨਾਲ ਜੋੜਨ ਦਾ ਬੜਾ ਲਾਹੇਵੰਦਾ ਵਪਾਰ ਹੁੰਦਾ ਸੀ :

*ਤਖਤ ਬਖਤ ਲੈ ਮਲਿਆ ਸਬਦ ਸੁਰਤਿ ਵਾਪਾਰ ਸਪਤਾ॥*

(24:19)

ਇਸੇ ਹਕੀਕਤ ਨੂੰ ਭਾਈ ਸਾਹਿਬ ਨੇ 'ਗੁਰੂ ਅਰਜਨ ਸਚ ਸਿਰਜਨਹਾਰਾ' ਕਹਿ ਕੇ ਦੁਹਰਾਇਆ ਹੈ। ਦੂਜੇ ਪਾਸੇ ਗੁਰੂ ਘਰ ਦੇ ਰਬਾਬੀ ਤੇ ਗੁਰੂ ਅਰਜਨ ਦੇਵ ਦੇ ਸਮਕਾਲੀ ਸੱਤਾ ਤੇ ਬਲਵੰਡ ਮੁਤਾਬਕ ਗੁਰੂ ਸਾਹਿਬ ਦੀ ਦੂਣੀ-ਚਉਣੀ ਸ਼ੋਭਾ ਏਸੇ ਕਰਕੇ ਸੀ ਕਿ ਉਹ ਆਪ ਸੱਚੇ ਹਨ ਤੇ ਸੱਚ ਦਾ ਹੀ ਉਨ੍ਹਾਂ ਨੂੰ ਆਸਰਾ ਸੀ :

*ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ।*
*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥*

(ਗੁਰੂ ਗ੍ਰੰਥ ਸਾਹਿਬ, ਪੰਨਾ 968)

ਕਲ੍ਹ ਭੱਟ ਦੀ ਨਜ਼ਰ ਵਿਚ ਗੁਰੂ ਅਰਜਨ ਦੇਵ ਨੂੰ ਧਰਮ ਤੋਂ ਬਗ਼ੈਰ ਹੋਰ ਕੋਈ ਸਹਾਰਾ ਹੀ ਨਹੀਂ (ਧਰਮੰ ਧੀਰ)। ਉਸਨੇ ਬਾਦਸ਼ਾਹ ਜਹਾਂਗੀਰ ਦੇ ਉਲਟ ਗੁਰੂ ਅਰਜਨ ਦੇਵ ਜੀ ਦੀ ਧਰਮ ਦੇ ਧਵਜ ਨਾਲ ਤੁਲਨਾ ਕੀਤੀ ਹੈ :

*ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1408)

Sri Satguru Jagjit Singh Ji Elibrary NamdhariElibrary@gmail.com

ਭੱਟ ਕਵੀਆਂ ਦੁਆਰਾ ਪ੍ਰਸਤੁਤ ਬਿੰਬ ਦੀ ਇਹ ਵਿਸ਼ੇਸ਼ਤਾ ਵੀ ਹੈ ਕਿ ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਉੱਚ ਅਧਿਆਤਮਿਕ, ਇਖ਼ਲਾਕੀ ਅਤੇ ਦੈਵੀ ਗੁਣਾਂ ਨਾਲ ਅਲੰਕਰਿਤ ਕੀਤਾ ਹੈ। ਮਥੁਰਾ ਭੱਟ ਨੂੰ ਗੁਰੂ ਸਾਹਿਬ ਤੇ ਪਾਰਬ੍ਰਹਮ ਵਿਚਕਾਰ ਕੋਈ ਭਿੰਨ-ਭੇਦ ਨਹੀਂ ਭਾਸਦਾ :

*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1409)

ਕਲ੍ਯ ਭੱਟ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਸ਼ੋਭਾ ਕਰਦਿਆਂ ਉਨ੍ਹਾਂ ਨੂੰ ਸਬਰ-ਸੰਤੋਖ (ਸੰਤੋਖ ਸਮਾਚਰਿਓ), ਨਿਰਮਲ ਬੁਧ (ਬਿਮਲਿ ਬੁਧਿ), ਬੇਦਾਗ ਸ਼ਖ਼ਸੀਅਤ (ਨਿਰਮਲ ਭੇਖ), ਦੈਵੀ ਅਨੁਭਵ ਨਾਲ ਸਰਸ਼ਾਰ (ਅਪਾਰੁ ਅਨੰਭਉ), ਲੰਮੀ ਨਦਰ ਭਾਵ ਦੂਰ-ਅੰਦੇਸ਼ (ਅਪਰੰਪਰ ਬੀਣਾ), ਰੱਬ ਵਰਗਾ ਉਦਾਰ ਚਿਤ (ਹਰਿ ਸਮ ਉਦਾਰ), ਮਹਾਦਾਨੀ (ਮਹਾਦਾਨਿ), ਚਾਨਣ ਦੇ ਮੁਨਾਰੇ (ਜਗ ਅਉਰੁ ਨ ਯਾਹਿ ਮਹਾ ਤਮ ਮੈ) ਆਦਿ ਗੁਣਾਂ ਨਾਲ ਸੁਸ਼ੋਭਿਤ ਕੀਤਾ ਹੈ। ਭਾਈ ਗੁਰਦਾਸ ਲਈ ਗੁਰੂ ਸਾਹਿਬ ਬ੍ਰਹਮ ਗਿਆਨ ਨੂੰ ਪ੍ਰਾਪਤ ਆਦਰਸ਼ ਮਨੁੱਖ ਹਨ, ਜਿਨ੍ਹਾਂ ਦੀ ਸਿਖਿਆ ਨੇ ਅਨੇਕਾਂ ਸਿੱਖਾਂ ਨੂੰ ਰਾਜਾ ਜਨਕ ਵਰਗੇ ਮਾਇਆ ਵਿਚ ਉਦਾਸ ਰਹਿਣ ਵਾਲੇ ਭਗਤਾਂ ਵਿਚ ਪਰਿਵਰਤਿਤ ਕਰ ਦਿੱਤਾ ਹੈ।

*ਮਾਇਆ ਵਿਚਿ ਉਦਾਸੁ ਕਰਿ ਗੁਰਸਿਖ ਜਨਕ ਅਸੰਖ ਭਗਤਾ॥*

(ਵਾਰ 24:20)

ਸਿੱਖ ਧਰਮ ਆਤਮਿਕ ਪ੍ਰਗਤੀ ਜਾਂ ਦੈਵੀ-ਵਸਲ ਲਈ ਘਰ, ਪਰਿਵਾਰ, ਸਮਾਜ ਤੇ ਸੰਸਾਰ ਦੇ ਤਿਆਗ ਦਾ ਸੰਦੇਸ਼ ਨਹੀਂ ਦਿੰਦਾ। ਹਠ-ਯੋਗ ਦੇ ਸਾਧਨ-ਸੰਨਿਆਸ, ਤਪ, ਵਰਤ, ਨੇਮ ਆਦਿ ਨੂੰ ਏਥੇ ਕੋਈ ਸਥਾਨ ਨਹੀਂ। ਇਹ ਇਕ ਐਸੇ ਆਦਰਸ਼ ਮਨੁੱਖ ਦੀ ਸਿਰਜਣਾ ਕਰਦਾ ਹੈ, ਜੋ ਸੰਸਾਰ ਵਿਚ ਆਪਣੀਆਂ ਸਮਾਜਿਕ ਜ਼ੁੰਮੇਵਾਰੀਆਂ ਵੀ ਨਿਭਾਉਂਦਾ ਹੈ ਤੇ ਮੋਹ-ਮਾਇਆ ਤੋਂ ਨਿਰਲੇਪ ਵੀ ਰਹਿੰਦਾ ਹੈ। ਉਹ ਸਮਾਜ ਵਿਚ ਇਕ ਆਮ ਮਨੁੱਖ ਦੀ ਤਰ੍ਹਾਂ ਕੁਦਰਤੀ ਢੰਗ ਨਾਲ ਜੀਵਨ ਬਸਰ ਕਰਦਾ ਹੋਇਆ ਆਤਮਿਕ ਸ਼ੁੱਧੀ ਤੋਂ ਆਤਮਿਕ ਅਨੁਭੂਤੀ ਦੀ ਮੰਜ਼ਲ ਵੱਲ ਅਗਰਸਰ ਹੁੰਦਾ ਹੈ। ਇਸ ਜੀਵਨ ਜਾਚ ਨੂੰ ਸਹਿਜ-ਮਾਰਗ ਭਾਵ ਸਹਜ ਯੋਗ ਕਿਹਾ ਜਾਂਦਾ ਹੈ। ਏਸੇ ਹੀ ਤਰ੍ਹਾਂ ਸਿੱਖ ਧਰਮ ਗ੍ਰਹਿਸਥ ਮਾਰਗ ਦਾ ਮੁਦੱਈ ਹੈ, ਜਿੱਥੇ ਘਾਲ-ਕਮਾਈ ਤੇ ਉੱਦਮ ਨੂੰ ਬੜੀ ਤਰਜੀਹ ਹੈ। ਮਿਹਨਤ, ਮੁਸ਼ੱਕਤ ਤੇ ਈਮਾਨਦਾਰੀ ਸਹਿਤ ਪ੍ਰਾਪਤ ਕੀਤੀ ਦੁਨਿਆਵੀ ਪ੍ਰਗਤੀ ਤੇ ਰੁਤਬਿਆਂ ਦਾ ਤ੍ਰਿਸਕਾਰ ਨਹੀਂ ਬਲਕਿ 'ਮਾਇਆ ਵਿਚ ਉਦਾਸ' ਭਾਵ ਅਮੀਰੀ ਵਿਚ ਗਰੀਬੀ ਵੇਸ ਰੱਖਣ ਦਾ ਸੰਦੇਸ਼ ਹੈ। ਇਹ ਆਤਮਿਕ ਗਿਆਨ ਦੁਆਰਾ ਪ੍ਰਾਪਤ ਕੀਤੀ ਉਹ ਅਵਸਥਾ ਹੈ, ਜਿਥੇ ਮਨੁੱਖ ਆਪਣੀ ਧਨ-ਦੌਲਤ ਤੇ ਉੱਚੇ ਰੁਤਬੇ ਨੂੰ ਅਹੰਕਾਰ ਵਸ ਆਪਣੇ ਨਿੱਜੀ ਲਾਭ, ਮਨੋ-ਕਾਮਨਾਵਾਂ ਜਾਂ ਵਾਸ਼ਨਾਵਾਂ ਦੀ ਤ੍ਰਿਪਤੀ ਲਈ ਨਹੀਂ ਬਲਕਿ ਮਨੁੱਖਤਾ ਤੇ ਸਮਾਜ ਦੇ ਕਲਿਆਣ ਲਈ ਪ੍ਰਯੋਗ ਕਰਦਾ ਹੈ। ਭਾਰਤੀ ਪਰੰਪਰਾ ਵਿਚ ਇਸ ਜੀਵਨ-ਜੁਗਤ ਨੂੰ ਰਾਜ-ਜੋਗ ਦਾ ਨਾਮ ਦਿੱਤਾ ਜਾਂਦਾ ਹੈ।

ਇਹ ਇਕ ਸੱਚਾਈ ਹੈ ਕਿ ਸਿੱਖਾਂ ਲਈ ਆਪਣੇ ਗੁਰੂ ਪ੍ਰਤਿ ਸ਼ਰਧਾ, ਸਤਿਕਾਰ, ਵਫ਼ਾਦਾਰੀ ਤੇ ਰੁਤਬਾ ਕਿਸੇ ਦੁਨਿਆਵੀ ਪਾਤਸ਼ਾਹ ਨਾਲੋਂ ਕਿਸੇ ਵੀ ਤਰ੍ਹਾਂ ਕਮਤਰ ਨਹੀਂ ਸੀ

Sri Satguru Jagjit Singh Ji Elibrary NamdhariElibrary@gmail.com

ਬਲਕਿ ਸਿੱਖ ਮੁਗ਼ਲ ਬਾਦਸ਼ਾਹ ਦੇ ਮੁਕਾਬਲੇ ਆਪਣੇ ਗੁਰੂ ਨੂੰ ਸੱਚਾ ਪਾਤਸ਼ਾਹ ਤਸੱਵਰ ਕਰਦੇ ਸਨ, ਜਿਸਦੀ ਪੁਸ਼ਟੀ ਦਬਿਸਤਾਨਿ-ਮਜ਼ਾਹਿਬ ਦੇ ਕਰਤਾ ਨੇ ਵੀ ਕੀਤੀ ਹੈ। ਏਸੇ ਦ੍ਰਿਸ਼ਟੀ ਤੋਂ ਸੱਤਾ ਤੇ ਬਲਵੰਡ ਅਤੇ ਹਰਬੰਸ ਭੱਟ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਨੂੰ ਰਾਜਸੀ ਸੱਤਾ ਵਾਲੇ ਅਲੰਕਾਰਾਂ-ਤਖ਼ਤ, ਸਿੰਘਾਸਣ, ਚਵਰ, ਛੱਤਰ ਆਦਿ ਰਾਹੀਂ ਵਰਣਨ ਕਰਦੇ ਹਨ :

*ਤਖ਼ਤ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥*

(ਗੁਰੂ ਗ੍ਰੰਥ ਸਾਹਿਬ, ਪੰਨਾ 968)

ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਨੂੰ 'ਤਖਤ ਬਖਤ ਲੈ ਮਲਿਆ' ਤੇ 'ਅਬਚਲ ਰਾਜ' ਦੇ ਸੰਬੋਧਨਾਂ ਰਾਹੀਂ ਪੇਸ਼ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਖ਼ਸੀਅਤ ਦੇ ਉਪਰੋਕਤ ਸਰੂਪ ਦੀ ਦੁਨਿਆਵੀ ਬਾਦਸ਼ਾਹ ਨਾਲੋਂ ਕਾਫ਼ੀ ਭਿੰਨਤਾ ਸੀ। ਕਲ੍ਹ ਭੱਟ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਹਜ ਜੋਗ (ਸਹਜਿ ਜੋਗ ਨਿਜ ਪਾਯਉ) ਨੂੰ ਨਿੱਜੀ ਤੌਰ 'ਤੇ ਅਨੁਭਵ ਕੀਤਾ ਹੈ। ਏਥੇ ਹੀ ਬਸ ਨਹੀਂ ਉਹ ਪੁਕਾਰ ਕੇ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ 'ਰਾਜ ਮਹਿ ਜੋਗ' ਨੂੰ ਕਮਾਇਆ ਵੀ ਹੈ ਅਤੇ 'ਰਾਜ ਜੋਗ ਰਸੁ' ਨੂੰ ਜਾਣਿਆ ਵੀ ਹੈ। ਇਸ ਤਰ੍ਹਾਂ ਸਾਰੇ ਸਮਕਾਲੀ ਇਕ ਪਾਸੇ ਗੁਰੂ ਜੀ ਦੀ ਸ਼ਖ਼ਸੀਅਤ ਵਿਚ ਸੰਤੁਲਨ ਤੇ ਦੂਸਰੇ ਪਾਸੇ ਗੁਰਿਆਈ ਦੀ ਸੰਸਥਾ ਨੂੰ ਦੈਵੀ ਰਾਜ ਵਿਵਸਥਾ ਦੇ ਬਰਾਬਰ ਦਾ ਦਰਜਾ ਦਿੰਦੇ ਹਨ। ਏਸੇ ਪੱਖ ਨੂੰ ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਭਾਈ ਨੰਦ ਲਾਲ ਨੇ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਦੇ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦੈਵੀ-ਉਦੇਸ਼ ਅਨੁਸਾਰ ਮਨੁੱਖਤਾ ਦੇ ਕਲਿਆਣ ਹਿੱਤ ਪ੍ਰਗਟ ਹੋਏ ਸਨ। ਉਨ੍ਹਾਂ ਦਾ ਮਿਸ਼ਨ ਸਮੁੱਚੇ ਵਿਸ਼ਵ ਨੂੰ ਬਦੀ ਮੁਕਤ ਕਰਕੇ ਸਾਰੀ ਮਨੁੱਖਤਾ ਨੂੰ ਇਕ ਨਵੇਂ ਭਾਈਚਾਰੇ ਵਿਚ ਸੰਗਠਿਤ ਕਰਨਾ ਸੀ, ਇਸ ਲਈ ਭਾਈ ਗੁਰਦਾਸ ਉਨ੍ਹਾਂ ਨੂੰ ਜ਼ਾਹਰ ਪੀਰ ਜਗਤ ਗੁਰ ਬਾਬਾ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ। ਏਸੇ ਪਰੰਪਰਾ ਦਾ ਅਨੁਸਰਨ ਕਰਦਾ ਹੋਇਆ ਕਲ੍ਹ ਭੱਟ ਗੁਰੂ ਅਰਜਨ ਦੇਵ ਜੀ ਦੀ ਤੁਲਨਾ ਭਵ-ਸਾਗਰ ਤੋਂ ਪਾਰ ਲੰਘਾਉਣ ਵਾਲੇ ਦੈਵੀ-ਜਹਾਜ਼ (ਹਰੀ ਕਾ ਬੋਹਿਥਾ) ਨਾਲ ਕਰਦਾ ਹੈ। ਇਵੇਂ ਹੀ ਮਥੁਰਾ ਭੱਟ ਗੁਰੂ ਸਾਹਿਬ ਦੀ ਪ੍ਰਸ਼ੰਸਾ 'ਕਲਿਜੁਗ ਜਹਾਜੁ ਅਰਜਨ ਗੁਰੂ ਸਗਲ ਸ੍ਰਿਸਿ ਲਗਿ ਬਿਤਰਹੁ' ਰਾਹੀਂ ਕਰਦਾ ਹੈ। ਉਹ ਵਿਸ਼ਵਾਸ ਕਰਦਾ ਹੈ ਕਿ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਨੂੰ ਗੁਰਿਆਈ ਜਗਤ ਦੇ ਉਧਾਰ ਹਿਤ ਦਿੱਤੀ ਹੈ :

*ਰਾਮਦਾਸਿ ਗੁਰ ਜਗ ਤਾਰਨ ਕਉ ਗੁਰ ਜੋਤਿ ਅਰਜਨ ਮਾਹਿ ਧਰੀ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1409)

ਹਰਬੰਸ ਭੱਟ ਅਨੁਸਾਰ ਗੁਰੂ ਅਰਜਨ ਦੀ ਗੁਰਿਆਈ ਕਿਸੇ ਖ਼ਾਸ ਦੇਸ਼ ਜਾਂ ਕੌਮ ਤਕ ਸੀਮਿਤ ਨਹੀਂ। ਇਹ ਦੇਸ਼ਾਂ, ਧਰਮਾਂ, ਕੌਮਾਂ, ਨਸਲਾਂ ਆਦਿ ਦੇ ਹਦ-ਬੰਦਿਆਂ ਨੂੰ ਲੰਘਦੀ ਹੋਈ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ :

*ਛਤ੍ਰੁ ਸਿੰਘਾਸਨ ਪ੍ਰਿਥਮੀ ਗੁਰ ਅਰਜਨ ਕਉ ਦੇ ਆਇਅਉ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1409)

Sri Satguru Jagjit Singh Ji Elibrary NamdhariElibrary@gmail.com

ਗੁਰੂ ਸਾਹਿਬ ਦੀ ਮਿਕਨਾਤੀਸੀ ਸ਼ਖ਼ਸੀਅਤ ਤੇ ਮੁਕਤੀਦਾਇਕ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਮਥੁਰਾ ਭੱਟ ਬੁਲੰਦ ਅਵਾਜ਼ ਵਿਚ ਘੋਸ਼ਣਾ ਕਰਦਾ ਹੈ ਕਿ :

*ਜਪਉ ਜਿਨ ਅਰਜਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1409)

ਸਿੱਖ ਧਰਮ ਵਿਚ ਗੁਰੂ ਦਾ ਸਰੂਪ ਸ਼ਖ਼ਸੀ (Personal) ਨਹੀਂ ਬਲਕਿ ਗ਼ੈਰ-ਸ਼ਖ਼ਸੀ (Impersonal) ਹੈ। ਗੁਰਿਆਈ ਲਈ ਉਤਰਾਧਿਕਾਰੀ ਦੀ ਚੋਣ ਵਿਰਾਸਤ ਦੇ ਨਿਯਮਾਂ ਅਨੁਸਾਰ ਨਹੀਂ ਬਲਕਿ ਯੋਗਤਾ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਸਿੱਖ ਗੁਰੂ-ਸਾਹਿਬਾਨ; ਭਾਵੇਂ ਸਰੀਰਕ ਤੌਰ 'ਤੇ ਭਿੰਨ ਸਨ ਪਰ ਉਹ 'ਨਾਨਕ ਜੋਤ' ਦੇ ਹੀ ਵਾਹਨ ਤੇ ਵਾਰਿਸ ਸਨ। 'ਜੋਤ' ਦੇ ਸਿੱਧਾਂਤ ਨੇ ਗੁਰੂ ਨਾਨਕ ਦੇਵ ਜੀ ਦੇ ਅਧਿਕਾਰ ਤੇ ਅਧਿਆਤਮਿਕ ਵਿਰਾਸਤ ਨੂੰ ਦੂਸਰੇ ਸਿੱਖ ਗੁਰੂ ਸਾਹਿਬਾਨ ਤਕ ਵਿਸਥਾਰਨ ਦੀ ਭੂਮਿਕਾ ਨਿਭਾਈ। ਭਾਵੇਂ ਵਿਘਟਨਕਾਰੀ ਤੱਤਾਂ ਖ਼ਾਸ ਕਰਕੇ ਮੀਣਿਆਂ ਨੇ ਸਿੱਖ ਪੰਥ ਦੀ ਗੁਰਿਆਈ ਹਥਿਆਉਣ ਦੇ ਬਥੇਰੇ ਯਤਨ ਕੀਤੇ ਪਰ 'ਜੋਤ' ਦੇ ਸਿਧਾਂਤ ਨੇ ਸਿੱਖ ਪੰਥ ਦੇ ਸੰਗਠਨਾਤਮਿਕ ਏਕੇ ਤੇ ਸਿਧਾਂਤਕ ਸ਼ੁੱਧਤਾ ਨੂੰ ਕਾਇਮ ਰੱਖਿਆ। ਗੁਰੂ ਅਰਜਨ ਦੇਵ ਜੀ ਦੀ ਆਪਣੇ ਤੋਂ ਪੂਰਬਲੇ ਸਿੱਖ ਗੁਰੂ-ਸਾਹਿਬਾਨ ਨਾਲ ਅਭੇਦਤਾ ਤੇ ਉਨ੍ਹਾਂ ਵਿਚ ਉਸੇ 'ਨਾਨਕ ਜੋਤ' ਦੇ ਪ੍ਰਵਾਹ ਦੇ ਵਿਸ਼ਵਾਸ ਨੂੰ ਸਾਰੇ ਹੀ ਸਮਕਾਲੀਆਂ ਨੇ ਪੁਸ਼ਟ ਕੀਤਾ ਹੈ। ਦਬਿਸਤਾਨਿ-ਮਜ਼ਾਹਿਬ ਦਾ ਲੇਖਕ ਮੋਹਸਨ ਫ਼ਾਨੀ ਲਿਖਦਾ ਹੈ ਕਿ "ਸਿੱਖਾਂ ਨੂੰ ਭਰੋਸਾ ਹੈ ਕਿ ਗੁਰੂ ਨਾਨਕ ਦੀ ਰੂਹ ਉਨ੍ਹਾਂ ਪਿਛੋਂ ਉਨ੍ਹਾਂ ਦੇ ਖ਼ਾਸ ਸੇਵਕ ਗੁਰੂ ਅੰਗਦ ਵਿਚ ਪ੍ਰਵੇਸ਼ ਹੋ ਗਈ, ਤੇ ਗੁਰੂ ਅੰਗਦ ਗੁਰੂ ਨਾਨਕ ਹੈ। ਗੁਰੂ ਅੰਗਦ ਤੋਂ ਗੁਰੂ ਅਮਰਦਾਸ ਤੇ ਇਸ ਤਰ੍ਹਾਂ ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਤੇ ਗੁਰੂ ਰਾਮਦਾਸ ਤੋਂ ਗੁਰੂ ਅਰਜਨ ਵਿਚ ਜੋਤ ਪ੍ਰਵੇਸ਼ ਹੋਈ...ਜੋ ਗੁਰੂ ਅਰਜਨ ਨੂੰ ਗੁਰੂ ਨਾਨਕ ਨਹੀਂ ਮੰਨਦਾ ਉਹ ਮਨਮੁਖ ਹੈ।" ਮਥੁਰਾ ਭੱਟ ਗੁਰੂ ਤੇ ਰੱਬ ਵਿਚਕਾਰ ਅਧਿਆਤਮਿਕ ਸਾਂਝ ਨੂੰ ਸਪੱਸ਼ਟ ਕਰਦਾ ਲਿਖਦਾ ਹੈ :

*ਪਰਤਖਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥*

ਦੈਵੀ ਜੋਤ ਦੇ ਇਸ ਇਤਿਹਾਸਗਤ ਸਫ਼ਰ ਨੂੰ ਸਪੱਸ਼ਟ ਕਰਦਾ ਹੋਇਆ ਉਹ ਗੁਰੂ ਅਰਜਨ ਦੇਵ ਜੀ ਨੂੰ ਪੰਚਮ ਨਾਨਕ ਦੇ ਵਜੋਂ ਵਿਸ਼ਵਾਸ ਹੀ ਨਹੀਂ ਕਰਦਾ ਬਲਕਿ ਪੂਰਨ ਤੌਰ 'ਤੇ ਸਵੀਕਾਰ ਕਰਨ ਦਾ ਸੰਦੇਸ਼ ਵੀ ਦਿੰਦਾ ਹੈ :

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1408)

Sri Satguru Jagjit Singh Ji Elibrary NamdhariElibrary@gmail.com

ਗੁਰੂ ਨਾਨਕ ਜੋਤ ਦੇ ਇਤਿਹਾਸਗਤ ਪ੍ਰਗਟਾਵੇ ਤੇ ਇਸਦੇ ਗੁਰੂ ਅਰਜਨ ਦੇਵ ਜੀ ਵਿਚ ਵਿਦਮਾਨ ਹੋਣ ਦੇ ਵਿਸ਼ਵਾਸ ਨੂੰ ਭਾਈ ਗੁਰਦਾਸ ਨੇ ਵੀ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ :

*ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ॥*

(ਵਾਰ 24:19)

ਗੁਰੂ ਨਾਨਕ ਜੋਤ ਦੇ ਪੰਜਵੇਂ ਰੂਪ ਵਿਚ ਪ੍ਰਗਟਾਵੇ ਨੂੰ ਸੱਤਾ ਤੇ ਬਲਵੰਡ 'ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ' ਦੀ ਉਕਤੀ ਰਾਹੀਂ ਪ੍ਰਸਤੁਤ ਕਰਦੇ ਹਨ। ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਗੁਰਿਆਈ ਦੀ ਸੰਸਥਾ ਦੇ ਗੁਰੂ ਅਰਜਨ ਦੇਵ ਜੀ ਸਹੀ ਤੇ ਜਾਇਜ਼ ਵਾਰਿਸ ਸਨ।

ਜਿਵੇਂ ਕਿ ਪਹਿਲਾਂ ਵਰਣਨ ਕੀਤਾ ਹੈ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਵਿਚ 'ਬਾਣੀ ਦੇ ਬੋਹਿਥ' ਵਜੋਂ ਪ੍ਰਸਿੱਧ ਹਨ। ਗੁਰੂ ਸਾਹਿਬ ਦੀਆਂ ਉੱਚ ਅਧਿਆਤਮਿਕ ਮੰਜ਼ਲਾਂ ਨੂੰ ਛੂਹੰਦੀਆਂ ਕਈ ਅਨੂਠੀਆਂ ਕਾਵਿ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਜੋ ਉਨ੍ਹਾਂ ਨੂੰ ਗੁਰਮਤਿ ਕਾਵਿ ਦੇ ਸ਼੍ਰੋਮਣੀ ਕਵੀ ਵਜੋਂ ਪੁਸ਼ਟ ਕਰਦੀਆਂ ਹਨ। ਗੁਰੂ ਸਾਹਿਬ ਦੁਆਰਾ ਸ਼ਬਦ ਨੂੰ ਆਪਣੀ ਰਸਨਾ ਤੋਂ ਬਾਣੀ ਦੇ ਰਾਹੀਂ ਪ੍ਰਕਾਸ਼ ਕਰਨ ਦੀ ਗ਼ੈਰ-ਮਾਮੂਲੀ ਰੁਚੀ ਨੂੰ ਕਲ੍ਯ ਭੱਟ ਨੇ 'ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ' ਰਾਹੀਂ ਵਿਅਕਤ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਉਪਰ ਨਿਤਾ-ਪ੍ਰਤਿ ਵਿਚਾਰ ਤੇ ਕੀਰਤਨ ਰਾਹੀਂ ਇਸ ਦੇ ਪ੍ਰਚਾਰ ਦੀ ਰੁਚੀ ਨੂੰ ਹਰਬੰਸ ਭੱਟ ਨੇ 'ਨਿਤ ਪੁਰਾਨ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ' ਦੀ ਪ੍ਰਤਿਕਾਤਮਿਕ ਸ਼ੈਲੀ ਵਿਚ ਬਿਆਨ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਇਕ ਲਾਸਾਨੀ ਸੰਪਾਦਕ ਸਨ। ਉਨ੍ਹਾਂ ਦੀ ਸੰਪਾਦਕੀ ਸੂਝ, ਕਾਰਜ-ਸ਼ੈਲੀ ਤੇ ਵਿਧੀ ਦੀ ਅਦੁੱਤੀ ਮਿਸਾਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੇ ਪਾਸ ਮੌਜੂਦ ਹੈ। ਗੁਰਬਾਣੀ ਦੀ ਸਾਂਭ-ਸੰਭਾਲ, ਇਸ ਦਾ ਲਿਖਤੀ ਤੇ ਪ੍ਰਮਾਣੀਕ ਸੰਗ੍ਰਹਿ ਤਿਆਰ ਕਰਨ ਤੇ ਫਿਰ ਇਸ ਨੂੰ ਕਥਾ ਤੇ ਕੀਰਤਨ ਦੇ ਰਾਹੀਂ ਪ੍ਰਚਾਰਨ ਦੀ ਜੋ ਯੋਗਤਾ ਤੇ ਰੁਚੀ ਭਾਈ ਗੁਰਦਾਸ ਨੇ ਅੱਖੀਂ ਡਿੱਠੀ ਸੀ, ਉਸ ਨੂੰ ਉਹ ਹੇਠ ਲਿਖੇ ਅੰਦਾਜ਼ ਵਿਚ ਪੇਸ਼ ਕਰਦਾ ਹੈ :

*ਗੁਰਬਾਣੀ ਭੰਡਾਰ ਭਰਿ ਕਥਾ ਕੀਰਤਨ ਰਹੈ ਰੰਗਿ ਰਤਾ॥*

(24:19)

ਗੁਰੂ ਅਰਜਨ ਦੇਵ ਜੀ ਦੇ ਧਰਮ ਪ੍ਰਚਾਰ ਸਦਕਾ ਸਿੱਖ ਧਰਮ ਪੰਜਾਬ ਤੋਂ ਬਾਹਰ ਫੈਲ ਚੁੱਕਾ ਸੀ। ਭਾਰਤੀ ਉਪ-ਮਹਾਂਦੀਪ ਦੇ ਕਈ ਸ਼ਹਿਰਾਂ ਤਕ ਇਸ ਦੇ ਪਾਸਾਰ ਨੂੰ ਸਮਕਾਲੀ ਇਤਿਹਾਸਕਾਰ ਮੋਹਸਨ ਫ਼ਾਨੀ ਨੇ ਵੀ ਅੱਖੀਂ ਡਿੱਠਾ ਸੀ। ਉਸ ਅਨੁਸਾਰ ਮੁਗਲ ਰਾਜ ਦਾ ਕੋਈ ਸ਼ਹਿਰ ਐਸਾ ਨਹੀਂ ਸੀ ਜਿਥੇ ਸਿੱਖ ਨਾ ਰਹਿੰਦੇ ਹੋਣ। ਕਲ੍ਯ ਭੱਟ ਅਨੁਸਾਰ ਗੁਰੂ ਅਰਜਨ ਦੇਵ ਦੀ ਇਕ ਧਾਰਮਿਕ ਰਹਿਬਰ ਵਜੋਂ ਕੀਰਤੀ ਚਾਰੇ ਪਾਸੇ ਫੈਲ ਚੁੱਕੀ ਸੀ :

*ਜੈ ਜੈਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1407)

Sri Satguru Jagjit Singh Ji Elibrary NamdhariElibrary@gmail.com

ਸਤੇ ਤੇ ਬਲਵੰਡ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਦੇਵ ਅਧੀਨ ਪੂਰਬ ਤੋਂ ਪੱਛਮ ਤਕ ਸਿੱਖ ਧਰਮ ਦਾ ਉਦੈ ਹੋ ਗਿਆ ਸੀ :

*ਉਗਵਣਹੁ ਤੈ ਆਥਣਵਹੁ ਚਹੁ ਚਕੀ ਕੀਅਨੁ ਲੋਆ॥*

(ਗੁਰੂ ਗ੍ਰੰਥ ਸਾਹਿਬ, ਪੰਨਾ 968)

ਭਾਈ ਗੁਰਦਾਸ, ਜੋ ਸਿੱਖੀ ਦੇ ਬਹੁਤ ਵੱਡੇ ਪ੍ਰਚਾਰਕ ਸਨ, ਨੇ 'ਪੰਜਾਬੇ ਗੁਰੂ ਦੀ ਵਡਿਆਈ' ਅਤੇ 'ਨਗਰ ਨਗਰ ਮੈ ਸਹੰਸ ਸਿਖ ਦੇਸ਼ ਲਖੇਸਰ' ਦੀ ਸਥਿਤੀ ਨੂੰ ਪ੍ਰਤੱਖ ਅਨੁਭਵ ਕੀਤਾ ਸੀ। ਉਹ ਲਿਖਦਾ ਹੈ ਕਿ ਅਣਗਿਣਤ ਸਿੱਖ ਸੰਗਤਾਂ ਗੁਰੂ ਸਾਹਿਬ ਵਲ ਖਿੱਚੀਆਂ ਆ ਰਹੀਆਂ ਸਨ :

*ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ॥*

(ਵਾਰ 24:20)

ਵੱਖੋ-ਵੱਖਰੀਆਂ ਜਾਤਾਂ, ਧਰਮਾਂ ਤੇ ਪੇਸ਼ਿਆਂ ਦੇ ਲੋਕ ਗੁਰੂ ਅਰਜਨ ਦੇ ਸਿੱਖ ਬਣ ਰਹੇ ਸਨ। ਇਨ੍ਹਾਂ ਵਿਚ ਮੀਆਂ ਜਮਾਲ ਵਰਗੇ ਕਈ ਮੁਸਲਮਾਨ ਵੀ ਸਨ। ਇਨ੍ਹਾਂ ਕਾਰਨਾਂ ਕਰਕੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ ਕੱਟੜਪੰਥੀ ਮੁਸਲਮਾਨਾਂ ਦੀਆਂ ਅੱਖਾਂ ਵਿਚ ਰੜਕਦਾ ਸੀ।

ਵਰਣਨਯੋਗ ਹੈ ਕਿ 18ਵੀਂ ਸਦੀ ਵਿਚ ਕੇਸਰ ਸਿੰਘ ਛਿੱਬਰ ਵਰਗਾ ਇਤਿਹਾਸਕਾਰ ਗੁਰੂ ਅਰਜਨ ਦੇਵ ਦੀ ਸ਼ਖ਼ਸੀਅਤ ਦਾ ਪਿਛੋਕੜ ਮਹਾਂਭਾਰਤ ਦੇ ਅਰਜਨ ਨਾਲ ਜੋੜਦਾ ਹੈ। ਪਰ ਗੁਰੂ ਸਾਹਿਬ ਦੇ ਸਮਕਾਲੀ ਭੱਟਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਦੀ ਜੋ ਤੁਲਨਾ ਮਹਾਂਭਾਰਤ ਦੇ ਅਰਜਨ ਨਾਲ ਕੀਤੀ ਹੈ, ਉਹ ਬੜੀ ਵਿਸ਼ੇਸ਼ ਤੇ ਗੰਭੀਰ ਅਰਥਾਂ ਦੀ ਲਖਾਇਕ ਹੈ। ਕਲ੍ਯ ਭੱਟ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਦੇਵ ਜੀ ਅਜਿਹੇ ਪੂਰਨ ਪੁਰਖ ਹਨ, ਜੋ ਕੁੰਤੀ ਦੇ ਪੁੱਤਰ ਅਰਜਨ ਦੀ ਤਰ੍ਹਾਂ ਸੰਕਟ ਤੋਂ ਮੂੰਹ ਨਹੀਂ ਫੇਰਦੇ। ਉਹ ਸੰਕਟ ਸਮੇਂ ਵੀ ਅਟੱਲ ਅਵਸਥਾ ਵਿਚ ਵਿਚਰਦੇ ਹਨ ਕਿਉਂਕਿ ਉਨ੍ਹਾਂ ਦੇ ਹੱਥ ਵਿਚ ਨਾਮ ਦਾ ਨੇਜ਼ਾ ਹੈ, ਜਿਸ ਨੂੰ ਗੁਰ-ਸ਼ਬਦ ਦੀ ਸ਼ਕਤੀ ਨਾਲ ਸ਼ਿੰਗਾਰਿਆ ਹੈ :

*ਗੁਰੁ ਅਰਜਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ॥*
*ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1408)

ਅਸਲ ਵਿਚ ਸ਼ਹੀਦੀ ਦੇ ਸਾਕੇ ਨੂੰ ਕੋਈ ਫ਼ਰੇਬੀ, ਨਾਮ-ਧਰੀਕ ਗੁਰੂ ਤੇ ਝੂਠ ਦਾ ਵਪਾਰੀ ਨਹੀਂ ਬਲਕਿ ਗੁਰੂ ਅਰਜਨ ਦੀ ਤਰ੍ਹਾਂ ਸਬਰ, ਸੰਤੋਖ, ਸਿਦਕ ਤੇ ਨਿਰਭਉ ਅਵਸਥਾ ਨੂੰ ਪਹੁੰਚੀ ਸ਼ਖ਼ਸੀਅਤ ਹੀ ਸਾਖਿਆਤ ਕਰ ਸਕਦੀ ਹੈ। ਸ਼ਹੀਦੀ ਸਮੇਂ ਅਕਹਿ ਤੇ ਅਸਹਿ ਤਸੀਹਿਆਂ ਨੂੰ, ਜਿਨ੍ਹਾਂ ਸ਼ਖ਼ਸੀ ਗੁਣਾਂ ਦੇ ਆਸਰੇ ਸ਼ਾਂਤ ਚਿਤ ਅਵਸਥਾ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਰੀਰ 'ਤੇ ਸਹਿਣ ਕੀਤਾ, ਉਨ੍ਹਾਂ ਨੂੰ ਭਾਈ ਗੁਰਦਾਸ ਨੇ ਸਾਰ-ਰੂਪ ਵਿਚ ਪੇਸ਼ ਕਰਦਿਆਂ 'ਗੁਰ ਅਰਜਨ ਵਿਟਹੁੰ ਕੁਰਬਾਣੀ' ਦੇ ਸ਼ਬਦਾਂ ਰਾਹੀਂ ਆਪਣੀ ਸ਼ਰਧਾਂਜਲੀ ਪੇਸ਼ ਕੀਤੀ ਹੈ।

ਅਧਿਐਨ ਉਪਰੰਤ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਦੇ ਸਮਕਾਲੀਆਂ

Sri Satguru Jagjit Singh Ji Elibrary NamdhariElibrary@gmail.com

ਵਿਚ ਉਨ੍ਹਾਂ ਦੇ ਪ੍ਰਸ਼ੰਸਕ ਵੀ ਸਨ ਤੇ ਵਿਰੋਧੀ ਵੀ। ਸਾਰੇ ਸਮਕਾਲੀਆਂ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਮੁੱਖ ਤੌਰ 'ਤੇ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਕੀਤੀ ਸਿੱਖ ਪੰਥ ਦੀ ਗੁਰਿਆਈ ਦੀ ਸੰਸਥਾ ਦੇ ਜਾਇਜ਼ ਵਾਰਿਸ ਸਨ। ਵਿਅਕਤੀਗਤ ਤੌਰ 'ਤੇ ਉਹ ਬਹੁਤ ਹੀ ਪ੍ਰਤਿਭਾਸ਼ਾਲੀ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੇ ਧਾਰਮਿਕ ਸੰਦੇਸ਼ ਦੀ ਅਪੀਲ ਇਤਨੀ ਵਿਆਪਕ ਸੀ ਕਿ ਵੱਖੋ-ਵੱਖਰੇ ਖਿੱਤਿਆਂ, ਜਾਤਾਂ, ਨਸਲਾਂ ਤੇ ਫਿਰਕਿਆਂ ਦੇ ਲੋਕ ਸਿੱਖ ਧਰਮ ਵਿਚ ਪਰਵੇਸ਼ ਕਰ ਰਹੇ ਸਨ। ਸਿੱਖ ਧਰਮ ਨੇ ਨਾ ਕੇਵਲ ਉਤਰੀ-ਭਾਰਤ ਵਿਚ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਲਈ ਸੀ ਬਲਕਿ ਇਹ ਭਾਰਤੀ ਉਪ-ਮਹਾਂਦੀਪ ਵਿਚ ਵੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਸੀ। ਗੁਰੂ ਅਰਜਨ ਦੇਵ ਦਾ ਵਧ ਰਿਹਾ ਜਨ-ਆਧਾਰ ਤੇ ਪ੍ਰਭਾਵ ਕੱਟੜ-ਪੰਥੀ ਮੁਸਲਮਾਨਾਂ ਦੀਆਂ ਅੱਖਾਂ ਵਿਚ ਰੜਕਦਾ ਸੀ। ਸਹਾਇਕ ਕਾਰਨ ਭਾਵੇਂ ਕੋਈ ਵੀ ਹੋਵੇ ਪਰ ਇਹੋ ਉਨ੍ਹਾਂ ਦੀ ਸ਼ਹੀਦੀ ਦਾ ਅਸਲ ਕਾਰਨ ਸੀ।

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਅਤੇ ਮੁਗ਼ਲ ਸਲਤਨਤ

*ਪ੍ਰੋ. ਹਰਕਿਸ਼ਨ ਸਿੰਘ ਮਹਿਤਾ**

ਗੁਰੂ ਅਰਜਨ ਦੇਵ ਦਾ ਜੀਵਨ ਅਤੇ ਕਾਰਜ ਸਿੱਖ ਲਹਿਰ ਦੀ ਇਕ ਬਹੁਤ ਅਹਿਮ ਕੜੀ ਹੈ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸੰਪਾਦਕ ਅਤੇ ਸਿੱਖ ਲਹਿਰ ਦੇ ਪਹਿਲੇ ਸ਼ਹੀਦ ਗੁਰੂ ਅਰਜਨ ਦੇਵ ਦੇ ਜੀਵਨ ਕਾਰਜ ਤੋਂ ਕੀ ਕੁਝ ਸਿੱਖਿਆ ਜਾ ਸਕਦਾ ਹੈ, ਕਈ ਪਹਿਲੂਆਂ ਤੋਂ ਮੁਤਾਲਿਆ ਦੀ ਮੰਗ ਕਰਦਾ ਹੈ। ਸਿੱਖ ਲਹਿਰ ਅਧਿਆਤਮਿਕ ਅਤੇ ਦੁਨਿਆਵੀ ਜੀਵਨ ਜਾਂਚ ਦੇ ਸੁਮੇਲ ਦਾ ਇਕ ਵਿਲੱਖਣ ਰੂਪ ਹੈ। ਇਸ ਲਹਿਰ ਦੇ ਗੁਰੂ ਕਾਲ ਦੇ ਸਮੇਂ ਵਿਚ ਲਗਭਗ ਸਾਰੇ ਹਿੰਦੁਸਤਾਨ ਵਿਚ ਮੁਗ਼ਲ ਸਲਤਨਤ ਕਾਇਮ ਸੀ।

ਗੁਰੂ ਘਰ ਅਤੇ ਵੱਖ-ਵੱਖ ਮੁਗ਼ਲ ਰਹਿਬਰਾਂ ਦੇ ਸੰਬੰਧਾਂ ਦਾ ਮੁਤਾਲਿਆ ਕਈ ਵੰਨਗੀਆਂ ਪੇਸ਼ ਕਰਦਾ ਹੈ ਕਿਉਂਕਿ ਸਿੱਖ-ਮੁਗ਼ਲ ਸੰਬੰਧਾਂ ਵਿਚ ਕਈ ਉਤਾਰ-ਚੜ੍ਹਾਅ ਆਏ। ਗੁਰੂ ਅਰਜਨ ਦਾ ਸਮਾਂ ਆਪਣੇ ਆਪ ਵਿਚ ਇਹਨਾਂ ਸੰਬੰਧਾਂ ਦੀ ਪ੍ਰਤਿਨਿਧ ਤਸਵੀਰ ਪੇਸ਼ ਕਰਦਾ ਹੈ। ਜੇ ਅਕਬਰ ਵੇਲੇ (1604) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਸਥਾਪਨਾ ਦਾ ਸਮਾਂ ਹੈ ਤਾਂ ਜਹਾਂਗੀਰ ਵੇਲੇ (1606) ਗੁਰੂ ਸਾਹਿਬ ਦੀ ਸ਼ਹਾਦਤ ਦਾ ਸਮਾਂ ਹੈ। ਘੋਖਣ ਵਾਲੀ ਗੱਲ ਇਹ ਵੀ ਹੈ ਕਿ ਕੀ ਇਹਨਾਂ ਦੋਵੇਂ ਘਟਨਾਵਾਂ ਦਾ ਆਪਸ ਵਿਚ ਕੋਈ ਰਿਸ਼ਤਾ ਹੈ?

**ਅਕਬਰ ਦਾ ਸਮਾਂ**

ਅਕਬਰ ਦਾ ਸਮਾਂ ਧਾਰਮਿਕ ਸਹਿਹੋਂਦ ਦਾ ਸਮਾਂ ਸਮਝਿਆ ਜਾਂਦਾ ਹੈ। ਅਕਬਰ ਨੇ ਹਿੰਦੂ ਅਤੇ ਮੁਸਲਮਾਨ ਵੱਸੋਂ ਦੇ ਧਰਮ ਵਿਸ਼ਵਾਸਾਂ ਨੂੰ ਜੋੜਕੇ ਦੀਨ-ਏ-ਇਲਾਹੀ ਸਥਾਪਿਤ ਕਰਨ ਦਾ ਯਤਨ ਵੀ ਕੀਤਾ ਸੀ। ਕੁਦਰਤੀ ਤੌਰ 'ਤੇ ਇਹ ਮੁਸਲਮਾਨ ਮਸੰਦਾਂ ਨੂੰ ਹਰਗਿਜ਼ ਪਸੰਦ ਨਹੀਂ ਸੀ। ਉਹ ਤਾਂ ਰਾਜਭਾਗ ਨੂੰ ਵਰਤਕੇ ਆਪਣੀ ਸ਼ਕਤ ਵਧਾਣਾ ਲੋਚਦੇ ਸਨ। ਅਕਬਰ ਦੀ 1605 ਈ. ਵਿਚ ਅੱਖ ਬੰਦ ਹੁੰਦਿਆਂ ਸਾਰ ਹੀ ਉਹਨਾਂ ਨੂੰ ਇਹ ਮੌਕਾ ਮਿਲ ਗਿਆ। ਸਿਰਦਾਰ ਕਪੂਰ ਸਿੰਘ ਅਨੁਸਾਰ ਜਹਾਂਗੀਰ ਰਾਜਗੱਦੀ ਉਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਇਹ ਬਚਨ ਦੇ ਚੁੱਕਾ ਸੀ ਕਿ ਉਹ ਗੁਰੂ ਘਰ ਦੀ 'ਝੂਠ ਦੀ ਦੁਕਾਨ' ਨੂੰ ਖ਼ਤਮ ਕਰ ਦੇਵੇਗਾ।[1]

ਸਿੱਖ ਲਹਿਰ ਅਕਬਰ ਦੇ ਦੀਨ-ਏ-ਇਲਾਹੀ ਨਾਲੋਂ ਵੱਖ ਕਿਸਮ ਦੀ ਲਹਿਰ ਸੀ। ਇਹ ਧਾਰਮਿਕ ਸਹਿਹੋਂਦ ਜਾਂ ਇਕ ਨਵਾਂ, ਰਲਵਾਂ-ਮਿਲਵਾਂ ਧਰਮ ਘੜਨ ਦੀ ਲਹਿਰ ਨਹੀਂ

* 877, ਫੇਜ਼ 3, ਬੀ-2, ਸੈਕਟਰ 70, ਮੁਹਾਲੀ 160059.

Sri Satguru Jagjit Singh Ji Elibrary NamdhariElibrary@gmail.com

ਸੀ। ਇਹ 'ਨਾ ਕੋ ਹਿੰਦੂ ਨਾ ਮੁਸਲਮਾਨ' ਵਾਲੀ ਵਿਲੱਖਣ ਮਨੁੱਖੀ ਅਜ਼ਾਦੀ (ਸਣੇ ਧਾਰਮਿਕ ਅਜ਼ਾਦੀ) ਦੀ ਲਹਿਰ ਸੀ। ਗੁਰੂਆਂ ਨੇ ਤਾਂ ਉਸ ਸਮੇਂ ਦੇ ਦੋ ਵੱਡੇ ਧਰਮਾਂ ਹਿੰਦੂ ਅਤੇ ਮੁਸਲਮਾਨ ਸਮਝੇ ਜਾਂਦੇ ਲੋਕਾਂ ਦੇ ਕਈ ਵੰਨਗੀਆਂ ਦੇ ਪ੍ਰਤਿਨਿਧਾਂ ਨਾਲ ਸੰਵਾਦ ਰਚਾਇਆ। ਜਿਨ੍ਹਾਂ ਸੰਤਾਂ, ਸੂਫ਼ੀਆਂ, ਬ੍ਰਾਹਮਣਾਂ, ਸ਼ੂਦਰਾਂ, ਭਗਤਾਂ, ਭੱਟਾਂ, ਜੱਟਾਂ ਆਦਿ ਨਾਲ ਵਿਚਾਰਾਂ ਦੀ ਸਾਂਝ ਲੱਭੀ, ਉਹਨਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਲ ਕਰਕੇ ਪਿਛੋਂ ਇਸ ਗੁਰੂ ਸ਼ਬਦ ਨੂੰ ਸ਼ਬਦ ਗੁਰੂ ਦਾ ਸਥਾਨ ਦਿੱਤਾ। ਇਥੇ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਆਦਿ ਗ੍ਰੰਥ ਵਿਚ ਨਾ ਤਾਂ ਸਾਰੇ ਭਗਤਾਂ, ਸੂਫ਼ੀਆਂ ਆਦਿ ਦੀਆਂ ਬਾਣੀਆਂ ਹਨ ਅਤੇ ਨਾ ਹੀ ਜਿਨ੍ਹਾਂ ਦੀਆਂ ਬਾਣੀਆਂ ਸ਼ਾਮਲ ਕੀਤੀਆਂ ਗਈਆਂ ਉਹਨਾਂ ਦੀ ਸਾਰੀ ਬਾਣੀ ਨੂੰ ਥਾਂ ਮਿਲ ਸਕੀ। ਜਾਪਦਾ ਹੈ ਕਿ ਜਿਹੜੇ ਸ਼ਬਦ ਲਏ ਗਏ ਉਹ ਗੁਰੂ ਨਾਨਕ ਦੇ ਗੱਦੀ ਨਸ਼ੀਨ ਗੁਰੂਆਂ ਦੀ ਬਾਣੀ ਨਾਲ ਰਲਕੇ ਬਾਅਦ ਵਿਚ ਸ਼ਬਦ ਗੁਰੂ ਦਾ ਰੂਪ ਬਣੇ।

ਅਕਬਰ ਦੇ ਰਾਜਕਾਲ ਦੌਰਾਨ ਮੁਗ਼ਲ ਸਲਤਨਤ ਕਾਫ਼ੀ ਸਥਿਰ, ਸ਼ਕਤ ਅਤੇ ਹਰਦਿਲ ਅਜ਼ੀਜ਼ ਸੀ। ਅਕਬਰ ਨੂੰ ਸ਼ੇਖ ਅਹਿਮਦ ਸਰਹੰਦੀ ਵਰਗੇ ਮਸੰਦਾਂ ਅਤੇ ਮੁਲਾਣਿਆਂ ਦੇ ਨੁਮਣਿਆਂ ਦੀ ਕੋਈ ਲੋੜ ਨਹੀਂ ਸੀ। ਉਸਨੂੰ ਗੁਰੂ ਘਰ ਤੋਂ ਕੋਈ ਖਤਰਾ ਨਹੀਂ ਸੀ ਭਾਸਦਾ। ਸਗੋਂ ਉਹ ਤਾਂ ਗੁਰੂ ਘਰ ਵਿਚ ਹਾਜ਼ਰੀ ਵੀ ਭਰ ਸਕਦਾ ਸੀ। ਗੁਰੂ ਅਰਜਨ ਦੀ ਚੜ੍ਹਤ ਤੋਂ ਖਫ਼ਾ ਕਈਂ ਪ੍ਰਿਥੀ ਚੰਦ ਅਤੇ ਚੰਦੂ ਸ਼ਾਹ ਰਾਜ ਦਰਬਾਰ ਵਿਚ ਚੁਗਲੀਆਂ ਕਰਦੇ। ਜਦੋਂ ਆਦਿ ਗ੍ਰੰਥ ਦੀ ਰਚਨਾ ਹੋ ਰਹੀ ਸੀ ਪ੍ਰਿਥੀ ਚੰਦ ਨੇ ਅਕਬਰ ਨੂੰ ਉਕਸਾਣਾ ਚਾਹਿਆ ਕਿ ਇਸ ਗ੍ਰੰਥ ਵਿਚ ਹਿੰਦੂ ਅਤੇ ਮੁਸਲਮਾਨ ਦੋਹਾਂ ਦੇ ਧਰਮਾਂ ਦੀ ਨਿਖੇਧੀ ਕੀਤੀ ਗਈ ਹੈ।[1] ਜਦੋਂ ਅਕਬਰ ਨੂੰ ਕੁਝ ਬਾਣੀਆਂ ਸੁਣਾਈਆਂ ਗਈਆਂ ਤਾਂ ਉਸਨੂੰ ਕੁਝ ਵੀ ਇਤਰਾਜ਼ਯੋਗ ਨਾ ਲਗਾ। ਗੁਰੂ ਦੋਖੀਆਂ ਦੀਆਂ ਚੁਗਲੀਆਂ ਅਤੇ ਚਾਲਾਂ ਅਕਬਰ ਵੇਲੇ ਤਾਂ ਨਹੀਂ ਚਲ ਸਕੀਆਂ ਪਰ ਜਹਾਂਗੀਰ ਵੇਲੇ ਅਸਰਦਾਰ ਸਾਬਤ ਹੋਈਆਂ।

**ਜਹਾਂਗੀਰ ਦਾ ਸਮਾਂ**

ਅਕਬਰ ਦੇ ਅਕਾਲ ਚਲਾਣਾ ਕਰ ਜਾਣ ਪਿਛੋਂ ਮੁਗ਼ਲੀਆ ਸਲਤਨਤ ਸ਼ਹਿਜ਼ਾਦਾ ਸਲੀਮ ਅਧੀਨ ਆਈ ਅਤੇ ਉਹ ਜਹਾਂਗੀਰ ਦੇ ਤੌਰ 'ਤੇ ਜਾਣਿਆ ਜਾਣ ਲਗਾ। ਜਹਾਂਗੀਰ ਮੁੱਢੋਂ-ਸੁੱਢੋਂ ਫਿਰਕੂ ਸੋਚ ਦਾ ਧਾਰਨੀ ਨਹੀਂ ਸੀ। ਆਪਣੇ ਵਾਲਿਦ ਵਾਂਗ ਉਹ ਵੀ ਕਈ ਧਰਮਾਂ ਵਿਚ ਦਿਲਚਸਪੀ ਰਖਦਾ ਸੀ। ਉਹ ਤੁਜ਼ਕ-ਏ-ਜਹਾਂਗੀਰੀ ਵਿਚ ਆਪਣੇ ਆਪ ਨੂੰ ਇਕ ਵੇਦਾਂਤੀ ਵਿਦਵਾਨ ਜਦਰੂਪ ਗੋਸਾਈਂ ਦਾ ਪ੍ਰਸ਼ੰਸਕ ਦਸਦਾ ਹੈ। ਉਸ ਉਪਰ ਅਕਬਰ ਵਿਚ ਜੇਸੂਟ (Jesuit) ਈਸਾਈ ਮਿਸ਼ਨ ਦੇ ਮੁਖੀ ਫਾਦਰ ਰਿਡੋਲਫ਼ੋ ਏਕਉਵਾਇਵਾ (Father Ridoflo Aquiaviva)[4] ਦਾ ਵੀ ਪ੍ਰਭਾਵ ਸੀ। ਜੇ ਇਹ ਗੱਲ ਠੀਕ ਹੈ ਤਾਂ ਉਸਦੀ ਧਾਰਮਿਕ ਨੀਤੀ ਅਕਬਰ ਨਾਲੋਂ ਉਲਟੀ ਕਿਉਂ ਹੋ ਨਿਬੜੀ?

ਮੁਗ਼ਲ ਸਲਤਨਤ ਵਿਚ ਪੱਕੇ ਤੌਰ 'ਤੇ ਪਿਤਾ-ਪੁਰਖੀ ਜਾਨਸ਼ੀਨ ਬਣਨ ਦੀ ਪ੍ਰਥਾ ਨਹੀਂ ਸੀ। ਅਕਬਰ ਵਾਂਗ ਉਸਦਾ ਪੋਤਾ ਖੁਸਰੋ ਵੀ ਗੁਰੂ ਘਰ ਵਿਚ ਹਾਜ਼ਰੀ ਭਰ ਆਇਆ ਸੀ ਅਤੇ ਗੁਰੂ ਅਰਜਨ ਵੇਲੇ ਤੱਕ ਗੁਰੂ ਸਾਹਿਬਾਨ ਦਾ ਦਾਇਰਾ-ਏ-ਰਸੂਖ ਬਹੁਤ ਵੱਧ ਚੁੱਕਾ ਸੀ।

Sri Satguru Jagjit Singh Ji Elibrary NamdhariElibrary@gmail.com

ਖ਼ੁਸਰੋ ਆਪਣੇ ਪਿਤਾ ਜਹਾਂਗੀਰ ਤੋਂ ਬਾਗ਼ੀ ਸੀ। ਸ਼ਾਇਦ ਉਹ ਆਪਣੇ ਦਾਦੇ ਵਾਲੇ ਧਾਰਮਿਕ ਅਜ਼ਾਦੀ-ਬਰਾਬਰੀ ਵਾਲੀ ਨੀਤੀ ਉਤੇ ਚਲਣ ਵਾਲਾ ਰਾਜ ਕਾਇਮ ਕਰਨਾ ਚਾਹੁੰਦਾ ਸੀ। ਪਿਤਾ ਦੀ ਤਾਜਪੋਸ਼ੀ ਮਗਰੋਂ ਉਸ ਨੇ ਬਗ਼ਾਵਤ ਕੀਤੀ ਅਤੇ ਫਿਰ ਗੁਰੂ ਅਰਜਨ ਦੇ ਦਰਸ਼ਨ ਕਰਨ ਦੁਬਾਰਾ ਚਲਿਆ ਗਿਆ। ਇਸ ਬਗ਼ਾਵਤ ਨੂੰ ਦਬਾਉਣ ਵਿਚ ਸ਼ੇਖ ਅਹਿਮਦ ਸਰਹੰਦੀ ਉਸਦੇ ਚੇਲੇ ਜਿਹੜੇ ਸਰਹੰਦ ਅਤੇ ਲਾਹੌਰ ਦੇ ਉਚ-ਕੋਟੀ ਦੇ ਅਧਿਕਾਰੀ ਸਨ, ਜਹਾਂਗੀਰ ਨੂੰ ਬਹੁਤ ਕੰਮ ਆਏ।

**ਗੁਰੂ ਅਰਜਨ ਵੇਲੇ ਸਿੱਖੀ ਦੀ ਚੜ੍ਹਤ**

ਗੁਰੂ ਨਾਨਕ ਦੇ ਸਿੱਖਾਂ ਦੀ ਗਿਣਤੀ ਅਤੇ ਰਸੂਖ਼ ਦਾ ਇਲਾਕਾ ਲਗਾਤਾਰ ਵਧ ਰਿਹਾ ਸੀ। ਗੁਰੂ ਅਰਜਨ ਵੇਲੇ ਤਾਂ ਇਹ ਬਹੁਤ ਵੱਧ ਚੁੱਕਾ ਸੀ। ਭਾਵੇਂ ਗੁਰੂ ਸਾਹਿਬਾਨ ਦਾ ਕੋਈ ਰਾਜ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ ਪਰ ਕਮਜ਼ੋਰ ਹੁਕਮਰਾਨਾਂ, ਜਨੂਨੀ ਅਤੇ ਜਿਹਾਦੀ ਮੁਸਲਮਾਨ ਮਸੰਦਾਂ ਨੂੰ ਭੈ-ਭੀਤ ਕਰਨ ਲਈ ਕਾਫੀ ਸੀ। ਸ਼ਹਿਜ਼ਾਦਾ ਖ਼ੁਸਰੋ ਦਾ ਗੁਰੂ ਅਰਜਨ ਦੇ ਦਰਸ਼ਨ ਕਰਨ ਜਾਣਾ, ਜਹਾਂਗੀਰ ਲਈ ਨਾਕਾਬਿਲ-ਏ-ਬਰਦਾਸ਼ਤ ਹੋਣਾ, ਕਿਸੇ ਬਾਦਸ਼ਾਹ ਦੀ ਹਉਮੈ ਨੂੰ ਹਜ਼ਮ ਹੋ ਸਕਣਾ ਔਖਾ ਸੀ।

ਭਾਵੇਂ ਅਰੰਭ ਵਿਚ ਜਹਾਂਗੀਰ ਜਨੂਨੀ-ਜਿਹਾਦੀ ਨਹੀਂ ਸੀ ਤਾਂ ਵੀ ਤਖ਼ਤਪੋਸ਼ੀ ਤੋਂ ਪਹਿਲਾਂ ਹੀ ਗੁਰੂ ਘਰ ਦੀ ਤੇਜ਼ੀ ਨਾਲ ਵਧਦੀ-ਫੁੱਲਦੀ 'ਝੂਠ ਦੀ ਦੁਕਾਨ' ਨੂੰ ਬੰਦ ਕਰਨਾ ਚਾਹੁੰਦਾ ਸੀ। ਗੁਰੂ ਸਾਹਿਬ ਨੂੰ ਆਪਣੀ ਈਨ ਮਨਾਉਣ ਲਈ, ਇਸਲਾਮ ਕਬੂਲ ਕਰੋ ਜਾਂ ਤਸੀਹਿਆਂ ਵਾਲੀ ਸਜ਼ਾ-ਏ-ਮੌਤ ਦਾ ਹੁਕਮ ਸੁਣਾ ਕੇ ਉਹ ਲਾਹੌਰੋਂ ਦਿੱਲੀ ਵੱਲ ਤੁਰਦਾ ਬਣਿਆ। ਮੁਗ਼ਲ ਸਲਤਨਤ ਦੀ ਧਾਰਮਿਕ ਨੀਤੀ ਵਿਚ ਕੁਝ ਮਾੜੀਆਂ-ਮੋਟੀਆਂ ਤਬਦੀਲੀਆਂ (Fine-tuning of Religious Policy) ਤਾਂ ਆਉਂਦੀਆਂ ਰਹੀਆਂ ਪਰ ਅਕਬਰ ਵਾਲੀ ਤਾਲ ਖ਼ਤਮ ਹੋ ਚੁੱਕੀ ਸੀ। ਸ਼ਾਇਦ ਇਸ ਕਰਕੇ ਹੀ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ' ਵਾਲੀ ਸਿੱਖ ਲਹਿਰ ਨੂੰ ਗੁਰੂ ਅਰਜਨ ਤੋਂ ਬਾਅਦ ਹੋਰ ਸ਼ਹੀਦੀਆਂ ਵੀ ਦੇਣੀਆਂ ਪਈਆਂ।

**ਆਦਿ ਗ੍ਰੰਥ ਅਤੇ ਸ਼ੇਖ ਅਹਿਮਦ ਸਰਹੰਦੀ**

ਇਸਲਾਮ ਦਾ ਹਿੰਦੁਸਤਾਨ ਵਿਚ ਪ੍ਰਭਾਵ ਡੰਡੇ ਦੇ ਜ਼ੋਰ ਨਾਲ ਵੀ ਵਧਿਆ ਪਰ ਇਸ ਤੋਂ ਜ਼ਿਆਦਾ ਉਸ ਵੇਲੇ ਦੇ ਹਿੰਦੂ ਸਮਾਜ ਵਿਚ ਜਾਤ-ਆਧਾਰਿਤ ਨਾ-ਬਰਾਬਰੀ ਅਤੇ ਦਰਜਾਬੰਦੀ ਕਰਕੇ ਵੀ ਹੋਇਆ। ਇਹ ਪ੍ਰਭਾਵ ਬਹੁਤ ਹੱਦ ਤਕ ਸੂਫ਼ੀ ਕਲਾਮ ਅਤੇ ਕੁਰਾਨ ਦੇ ਇਕ ਦਸਤਾਵੇਜ਼ੀ ਧਰਮ-ਗ੍ਰੰਥ ਹੋਣ ਕਰਕੇ ਵੀ ਹੋਇਆ। ਬਹੁਤ ਸਾਰੇ ਕਿਸਾਨ ਅਤੇ ਕਾਰੀਗਰ ਅਲ੍ਹਾ ਦੇ ਪਿਆਰ ਵਿਚ ਮੁਸਲਮਾਨ ਬਣ ਗਏ ਅਤੇ ਹੋਰ ਬਣ ਰਹੇ ਸਨ।

ਸਿੱਖ ਲਹਿਰ ਕੋਲ ਇਸਲਾਮ ਵਾਲਾ ਹਕੂਮਤੀ ਡੰਡਾ ਤਾਂ ਨਹੀਂ ਸੀ ਪਰ ਇਸਲਾਮ ਵਾਲਾ 'ਅੱਵਲ ਅਲਾਹ' ਦਾ ਪ੍ਰੇਮ ਅਤੇ ਜਾਤ ਪਾਤ ਤੋਂ ਬਿਨਾਂ ਮਨੁੱਖੀ ਬਰਾਬਰੀ ਦਾ ਸੰਦੇਸ਼ ਕਿਸਾਨਾਂ-ਕਾਰੀਗਰਾਂ ਤੋਂ ਇਲਾਵਾ ਕਈ ਉੱਚੀ ਜਾਤੀ ਵਾਲੇ ਲੋਕਾਂ ਨੂੰ ਵੀ ਖਿੱਚ ਰਿਹਾ ਸੀ। ਆਦਿ ਗ੍ਰੰਥ ਪ੍ਰਕਾਸ਼ਮਾਨ ਹੋਣ ਉਪਰੰਤ ਜਦੋਂ ਸਿੱਖ ਧਰਮ 'ਅਹਿਲੇ ਕਿਤਾਬ' ਵੀ ਹੋ ਗਿਆ ਤਾਂ

Sri Satguru Jagjit Singh Ji Elibrary NamdhariElibrary@gmail.com

ਇਸ ਦੀ ਖਿੱਚ ਹੋਰ ਵੀ ਵੱਧ ਗਈ। ਕਿਹਾ ਜਾਂਦਾ ਹੈ ਕਿ ਕੁਝ ਮੁਸਲਮਾਨ ਵੀ ਗੁਰੂ ਘਰ ਦੇ ਪ੍ਰੇਮੀ ਹੋ ਗਏ ਸਨ। ਆਦਿ ਗ੍ਰੰਥ ਦਾ ਪ੍ਰਕਾਸ਼ ਹੋਣਾ ਸ਼ੇਖ ਅਹਿਮਦ ਸਰਹੰਦੀ ਵਰਗੇ ਮੁਸਲਮਾਨ ਮਸੰਦਾਂ ਦੇ ਕੰਮ ਵਿਚ ਰੁਕਾਵਟ ਬਣ ਗਿਆ ਸੀ। ਉਹ 'ਇਸਲਾਮ ਖਤਰੇ ਮੇਂ ਹੈ' ਦਾ ਨਾਅਰਾ ਦੇ ਕੇ ਜਹਾਂਗੀਰ ਨੂੰ ਕਾਇਲ ਵੀ ਕਰ ਸਕਦਾ ਸੀ। ਸੂਫ਼ੀ ਲਹਿਰ ਵਿਚ ਮੁਰਸ਼ਿਦ ਅਤੇ ਮੁਰੀਦ ਗੁਰੂ ਅਤੇ ਸਿੱਖ ਵਰਗੇ ਹੀ ਹੁੰਦੇ ਸਨ। ਕੁਝ ਮੁਰੀਦ ਮੁਰਸ਼ਿਦ ਬਣ ਜਾਂਦੇ ਸਨ ਜਿਵੇਂ ਮੀਆਂ ਮੀਰ ਜਾਂ ਭਾਈ ਲਹਿਣਾ ਜੀ ਗੁਰੂ ਅੰਗਦ ਬਣ ਗਏ। ਕੁਝ ਕੇਵਲ ਮਸੰਦ ਹੀ ਬਣਦੇ ਸਨ ਅਤੇ ਉਹਨਾਂ ਵਿਚੋਂ ਕੁਝ ਚੰਗੇ ਜਾਂ ਮਾੜੇ ਸਿੱਖ ਸਾਬਤ ਹੁੰਦੇ। ਇਸੇ ਤਰ੍ਹਾਂ ਅਹਿਮਦ ਸਰਹੰਦੀ ਨੇ ਮੁਰਸ਼ਿਦ ਤਾਂ ਕੀ ਬਣਨਾ ਸੀ, ਚੰਗਾ ਮੁਸਲਮਾਨ ਵੀ ਨਾ ਬਣ ਸਕਿਆ ਅਤੇ ਜਹਾਂਗੀਰ ਨੂੰ ਵਰਗਲਾਉਣ ਅਤੇ ਆਪ ਉਸਦੇ ਰਾਜ ਦਾ ਇਕ ਨੁਮਾਇੰਦਾ ਬਣ ਕੇ ਮਨੁੱਖਤਾ ਅਤੇ ਇਸਲਾਮ ਨਾਲ ਵੀ ਧਰੋਅ ਕਮਾ ਗਿਆ।

**ਰਾਜ ਵਿਵਸਥਾ ਅਤੇ ਗੁਰੂ ਅਰਜਨ ਦੀ ਸ਼ਹੀਦੀ**

ਉਂਝ ਤਾਂ ਰਾਜ ਵਿਵਸਥਾ ਨਾਉਂ ਹੀ ਕਾਨੂੰਨ ਦੇ ਡਰ ਦਾ ਹੈ। ਪਰ ਅਸਲ ਗੱਲ ਤਾਂ ਹੈ ਕਿ ਕਾਨੂੰਨ ਕਿਹੋ ਜਿਹਾ ਹੈ ਅਤੇ ਵੱਖ ਵੱਖ ਸਮੇਂ ਤੇ ਇਸਨੂੰ ਕਿਵੇਂ ਲਾਗੂ ਕੀਤਾ ਜਾਂਦਾ ਹੈ? ਇਹ ਹੀ ਕਿਸੇ ਰਾਜ ਵਿਵਸਥਾ ਦੇ ਮਨੁੱਖੀ, ਗ਼ੈਰ-ਮਨੁੱਖੀ ਜਾਂ ਅੱਧ-ਪਚੱਧ ਹੋਣ ਦਾ ਮਾਪਦੰਡ ਹੁੰਦਾ ਹੈ। ਮੁਗ਼ਲ ਸਲਤਨਤ ਵੱਖ ਵੱਖ ਦੌਰਾਂ ਵਿਚੋਂ ਲੰਘੀ ਅਤੇ ਜਹਾਂਗੀਰ ਵੇਲੇ ਅਤੇ ਖ਼ਾਸ ਕਰਕੇ ਗੁਰੂ ਅਰਜਨ ਨਾਲ ਕੀਤੇ ਵਰਤਾਰੇ ਕਰਕੇ ਤਾਂ ਇਸ ਨੂੰ ਦਹਿਸ਼ਤਗਰਦ ਰਾਜ (Terrorist State) ਹੀ ਕਹਿਣਾ ਬਣਦਾ ਹੈ।

ਰਾਜ ਆਮ ਤੌਰ 'ਤੇ ਦਹਿਸ਼ਤਗਰਦ ਉਸ ਵੇਲੇ ਬਣਦਾ ਹੈ ਜਦੋਂ ਉਸਦੀ ਪ੍ਰਮਾਣਿਕਤਾ (Legitimacy) ਬਹੁਤ ਘੱਟ ਜਾਵੇ। ਉਹ ਆਪ ਹੀ ਇਕ ਡਰਿਆ ਜਿਹਾ (Terror Stricken) ਰਾਜ ਹੁੰਦਾ ਹੈ। ਇਸੇ ਕਰਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਵੇਲੇ ਉਹਨਾਂ ਦੀ ਸੰਗਤ ਨੂੰ ਇਸ ਬਾਰੇ ਜਾਣੂ ਨਹੀਂ ਹੋਣ ਦਿੱਤਾ ਗਿਆ। ਜਹਾਂਗੀਰ ਆਪ ਲਾਹੌਰ ਤੋਂ ਦਿੱਲੀ ਮੁੜ ਗਿਆ ਅਤੇ ਉਸਦੇ ਕਾਰਿੰਦਿਆਂ ਨੇ ਭਾਈ ਗੁਰਦਾਸ ਤੋਂ ਇਲਾਵਾ ਅੰਤ ਸਮੇਂ ਗੁਰੂ ਸਾਹਿਬ ਨੂੰ ਨਹੀਂ ਮਿਲਣ ਦਿੱਤਾ। ਬਾਅਦ ਦੇ ਇਤਿਹਾਸ ਵਿਚ ਭਗਤ ਸਿੰਘ ਦੀ ਸ਼ਹਾਦਤ ਵੇਲੇ ਵੀ ਇਵੇਂ ਹੀ ਡਰੀ ਹੋਈ ਅੰਗਰੇਜ਼ ਸਰਕਾਰ ਨੇ ਕੀਤਾ।

**ਗੁਰੂ ਅਰਜਨ ਦੀ ਸ਼ਹਾਦਤ ਅਤੇ ਸਿੱਖ ਲਹਿਰ ਦਾ ਪ੍ਰਤਿਕਰਮ**

ਗੁਰੂ ਆਪਣੇ ਬਚਨ ਅਤੇ ਕਰਮ ਨਾਲ ਸਿੱਖ ਨੂੰ ਜੀਵਨ ਜਾਚ ਸਿਖਾਉਂਦਾ ਹੈ। ਸਿੱਖ ਲਹਿਰ ਮਨੁੱਖ ਨੂੰ ਨਿਰੰਕਾਰ ਦੇ ਹੁਕਮ ਦੀ ਰਜ਼ਾ ਵਿਚ ਰਹਿਣਾ ਦਸਦੀ ਹੈ। ਹਾਲਾਤ ਕਿਵੇਂ ਦੇ ਵੀ ਹੋਣ 'ਤੇਰਾ ਕੀਆ ਮੀਠਾ ਲਾਗੈ' ਮੰਨ ਕੇ ਚੜ੍ਹਦੀ ਕਲਾ ਵਿਚ ਰਹਿਣਾ ਸਿੱਖੀ ਦਾ ਬੁਨਿਆਦੀ ਅਸੂਲ ਹੈ। ਗੁਰੂ ਅਰਜਨ ਨੂੰ ਤਸੀਹੇ ਦਿੱਤੇ ਗਏ ਅਤੇ ਇਤਨੇ ਅਣ-ਮਨੁੱਖੀ ਜ਼ੁਲਮ ਦੇ ਬਾਵਜੂਦ ਗੁਰੂ ਸਾਹਿਬ ਦੀ ਮਾਨਸਿਕ ਅਵੱਸਥਾ ਬਾਰੇ ਭਾਈ ਗੁਰਦਾਸ ਜਿਹੜੇ ਉਹਨਾਂ ਨੂੰ ਆਖਰੀ ਪਲਾਂ ਵਿਚ ਮਿਲੇ, ਇੰਜ ਲਿਖਦੇ ਹਨ :

*ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।*

*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ ਸੰਪਟ ਵਿਚ ਰੈਣਿ ਵਿਹਾਣੀ।*
*ਗੁਰ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ।*

ਗੁਰੂ ਅਰਜਨ ਜਿਹੜੇ ਉਸ ਵੇਲੇ ਸਿੱਖ ਲਹਿਰ ਦੇ ਸਰਬ-ਉਚ ਪ੍ਰਤਿਨਿਧ ਸਨ ਨੇ ਕੇਵਲ ਆਦਿ ਗ੍ਰੰਥ ਦਾ ਸੰਪਾਦਨ ਹੀ ਨਹੀਂ ਕੀਤਾ, ਇਸ ਵਿਚ ਸਿਖਾਈ ਸੂਰਬੀਰਤਾ 'ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥' ਦੀ ਮਿਸਾਲ ਸਥਾਪਿਤ ਕੀਤੀ। ਪ੍ਰੇਮ ਮਾਰਗ ਉਤੇ ਚਲਦੇ ਕਈ ਹੋਰ ਸਿੱਖ ਸਿਰ ਦੇ ਗਏ। ਸਿੱਖ ਇਤਿਹਾਸ ਵਿਚ ਗੁਰੂ ਅਰਜਨ ਮਗਰੋਂ ਕਈ ਹੋਰ ਮਿਸਾਲਾਂ ਹਨ।

ਗੁਰੂ ਅਰਜਨ ਦੀ ਸ਼ਾਂਤ ਚਿੱਤ ਕੁਰਬਾਨੀ ਨੇ ਇਕ ਐਸਾ ਸਬਕ ਸਿਖਾਇਆ ਕਿ ਮਨੁੱਖੀ ਅਜ਼ਾਦੀ ਦੀ ਲਹਿਰ ਨੇ ਅੰਗਰੇਜ਼ੀ ਹਕੂਮਤ ਵੇਲੇ ਆਪਣੇ ਗੁਰਦੁਆਰੇ ਅਜ਼ਾਦ ਕਰਵਾਉਣ ਲਈ ਅਹਿੰਸਾ-ਸੰਜਮ ਵਿਚ ਰਹਿ ਕੇ ਗੁਰੂ ਕੇ ਬਾਗ ਦੇ ਮੋਰਚੇ ਲਗਾਏ। ਇਸ ਮੋਰਚੇ ਦੀ ਜਿੱਤ ਉਤੇ ਸਿੱਖਾਂ ਨੂੰ ਵਧਾਈ ਦੇਂਦਿਆਂ ਮਹਾਤਮਾ ਗਾਂਧੀ ਨੇ ਕਿਹਾ ਸੀ : "ਇਹ ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ ਦੀ ਜਿੱਤ ਹੈ।" (First battle of India's independence won) ਸੰਨ 1469-1709 ਤਕ ਸਿੱਖ ਲਹਿਰ ਦੇ ਗੁਰ-ਜੀਵਨ ਤੋਂ ਇਹ ਸਮਝਣ ਨੂੰ ਮਿਲਦਾ ਹੈ ਕਿ ਇਹ ਮਨੁੱਖੀ ਅਜ਼ਾਦੀ (ਜਿਸ ਵਿਚ ਧਾਰਮਿਕ ਅਜ਼ਾਦੀ ਵੀ ਸ਼ਾਮਲ ਹੈ) ਦੀ ਲਹਿਰ 'ਜੇ ਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ' ਦੀ ਧਾਰਨੀ ਲਹਿਰ ਹੈ ਪਰ ਲਾਜ਼ਮੀ ਤੌਰ ਤੇ 'ਅਹਿੰਸਾ ਪਰਮੋ ਧਰਮ' ਵਾਲੀ ਲਹਿਰ ਨਹੀਂ। ਜਮਹੂਰੀਅਤ ਦੀ ਇਸ ਲਹਿਰ ਉਤੇ ਜਿੰਨੇ ਗ਼ੈਰ-ਜਮਹੂਰੀ ਤਾਕਤਾਂ ਦੇ ਹਮਲੇ ਹੋਏ ਉਹਨਾਂ ਦਾ ਇਸ ਨੇ 'ਸਿਰ ਦੀਆ ਪਰ ਸਿਰੁ ਨਾ ਦੀਆ' ਦੀ ਭਾਵਨਾ ਨਾਲ ਮੁਕਾਬਲਾ ਕੀਤਾ।

**ਗੁਰੂ ਅਰਜਨ ਦੇਵ ਸਰਬ-ਸੰਸਾਰ ਇਤਿਹਾਸ ਵਿਚ**

ਸਮੁੱਚਾ ਸੰਸਾਰ ਇਤਿਹਾਸ ਦੇ ਕਈ ਦੌਰ ਵੇਖ ਚੁੱਕਾ ਹੈ। ਸਤਿਯੁਗ ਦਾ ਉਹ ਸਮਾਂ ਵੀ ਸੀ ਜਦੋਂ 'ਏਕ ਨੂਰ ਤੇ ਸਭ ਜਗ ਉਪਜਿਆ' ਦੀ ਅਧਿਆਤਮਿਕ ਸਮਝ 'ਕੌਣ ਭਲੇ, ਕੋ ਮੰਦੇ' ਦੇ ਰੂਪ ਵਿਚ ਦੁਨੀਆ ਸਾਹਮਣੇ ਆਈ ਸੀ। ਜੁਗਾਂ ਜੁਗਾਂ ਵਿਚ ਬਹੁਤ ਕੁਝ ਵਾਪਰਿਆ ਜੋ ਕਾਇਨਾਤ ਦੇ ਬੁਨਿਆਦੀ ਅਸੂਲਾਂ ਦੀ ਘੋਰ ਉਲੰਘਣਾ ਸੀ। ਦੁਨਿਆਵੀ ਬੇਗਮਪੁਰੇ ਦੀ ਲੁਕਾਈ ਨੂੰ 'ਏਤੀ ਮਾਰ ਪਈ...' ਅਤੇ ਪੈ ਰਹੀ ਹੈ ਕਿ ਕਲਯੁਗ ਵਿਚ ਕਈ ਲਹਿਰਾਂ ਉਠੀਆਂ ਅਤੇ ਉਠ ਰਹੀਆਂ ਹਨ ਜੋ ਦੁਨੀਆਂ ਵਿਚ ਨਵਾਂ ਸਤਿਯੁਗ ਲਿਆਉਣ ਲਈ ਯਤਨਸ਼ੀਲ ਹਨ।

ਤੌਹੀਦ ਦੀ ਇਕ ਅਵਾਜ਼ ਪੰਜਾਬ ਤੋਂ ਉਠੀ ਜਿਸਦੇ ਪੰਜਵੇਂ ਮੁਰਸ਼ਿਦ ਨੇ ਮੁੜ ਬੇਗਮਪੁਰੇ ਦੇ ਸੰਕਲਪਾਂ ਨੂੰ ਆਦਿ ਗ੍ਰੰਥ ਵਿਚ ਪ੍ਰਕਾਸ਼ਮਾਨ ਕੀਤਾ ਅਤੇ ਸਮੇਂ (ਸਤਾਰ੍ਹਵੀਂ ਸਦੀ ਦੀ

Sri Satguru Jagjit Singh Ji Elibrary NamdhariElibrary@gmail.com

ਸ਼ੁਰੂਆਤ) ਅਤੇ ਸਥਾਨ (ਹਿੰਦੁਸਤਾਨ) ਵਿਚ ਲੋੜੀਂਦਾ ਸੰਘਰਸ਼ ਕੀਤਾ ਅਤੇ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ।

ਗੁਰੂ ਅਰਜਨ ਅਤੇ ਮੁਗ਼ਲ ਸਲਤਨਤ ਦੇ ਸੰਬੰਧਾਂ ਤੋਂ ਮਨੁੱਖੀ ਅਜ਼ਾਦੀ-ਬਰਾਬਰੀ-ਭਾਈਚਾਰੇ ਦੇ ਸੰਘਰਸ਼ ਦੇ ਪ੍ਰਸੰਗ ਵਿਚ ਬਹੁਤ ਕੁਝ ਵੇਖਣ-ਸੁਣਨ-ਸਮਝਣ-ਕਰਨ ਲਈ ਮਿਲਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਮਸੰਦ ਅਤੇ ਮੁਰਸ਼ਿਦ (ਗੁਰੂ) ਵਿਚ ਬਹੁਤ ਅੰਤਰ ਹੈ। ਮੁਰਸ਼ਿਦ ਵਲ ਮੁਰੀਦ (ਸਿੱਖ) ਆਪੇ ਖਿੱਚੇ ਜਾਂਦੇ ਹਨ। ਮਸੰਦਾਂ ਨੂੰ ਲੋਕਾਂ ਨੂੰ ਪ੍ਰੇਰਨ ਲਈ ਕਈ ਪਾਪੜ ਵੇਲਣੇ ਪੈਂਦੇ ਹਨ।
2. *ਸਾਚੀ ਸਾਖੀ* (ਵਿਸਤ੍ਰਿਤ) : ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ, ਜਨਵਰੀ 1993, ਤੀਜਾ ਐਡੀਸ਼ਨ, ਪੰਨਾ 33.
3. *Dr. Gopal Singh : A History of the Sikh People* 1469-1988. World Book Centre, Second (Revised) edition, New Delhi, 1988, pp. 187-189.
4. Beni Prasad, quoted in *History of the Sikhs and their Religion,* Vol-I, The Guru Period (1469-1708 CE). Edited by Harpal Singh and Kharak Singh. Dharam Prachar Committee, S.G.P.C., Sri Amritsar, February 2004. pp. 157-158.
5. *ਵਾਰਾਂ ਗਿਆਨ ਰਤਨਾਵਲੀ* (ਕਠਿਨ ਸ਼ਬਦਾਂ ਆਦਿ ਦੀ ਟਿਪਣੀ ਤੇ ਪ੍ਰਯਾਯਾਂ), ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਸਤਵਾਂ ਐਡੀਸ਼ਨ, 1998, ਵਾਰ 24, ਪਉੜੀ 23, ਪੰਨਾ 265.
6. ਬੇਗਮਪੁਰਾ ਦਾ ਸੰਕਲਪ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ :

*ਬੇਗਮਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨਗਹ ਪਾਈ॥*
*ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥*
*ਦੋਮ ਨ ਸੇਮ, ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥*
*ਊਹਾਂ ਗਨੀ ਬਸਹਿ ਮਾਮੂਰ॥*


Sri Satguru Jagjit Singh Ji Elibrary NamdhariElibrary@gmail.com

*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥*
*ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥*

(ਆਦਿ ਗ੍ਰੰਥ, ਪੰਨਾ 345)

ਇਸ ਸੰਕਲਪ ਨੂੰ ਦਲਿਤ ਤੇ ਦਮਿਤ ਦੇ ਸੰਦਰਭ ਵਿਚ ਸਮਝਣ ਲਈ ਵੇਖੋ : ਹ. ਸ. ਮਹਿਤਾ, *ਗੁਰਬਾਣੀ : ਦਲਿਤ ਤੇ ਦਮਿਤ ਦੇ ਪ੍ਰਵਚਨ ਵੱਜੋਂ। ਸ੍ਰੀ ਗੁਰੂ ਗ੍ਰੰਥ ਸਾਹਿਬ : ਵਿਭਿੰਨ ਪਰਿਪੇਖ* ਸੰਪਾਦਕ ਡਾ. ਜਸਬੀਰ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨੇ 157-160.

Sri Satguru Jagjit Singh Ji Elibrary NamdhariElibrary@gmail.com

## ਵਿਚਾਰ-ਵਟਾਂਦਰਾ

## ਪ੍ਰੋ. ਅਨੂਪ ਸਿੰਘ ਵਿਰਕ

ਵਿਦਵਾਨਾਂ ਦੀ ਇਸ ਹਾਜ਼ਰੀ ਵਿੱਚ ਬਹੁਤ ਕੁਝ ਸਿੱਖਣ ਨੂੰ ਮਿਲਿਆ, ਬਹੁਤ ਕੁਝ ਸੁਣਿਆ, ਮਾਣਿਆ ਪਰ ਕੁਝ ਇਹੋ ਜਿਹੇ ਸ਼ੰਕੇ ਨੇ ਡਾ. ਹਾਂਸ ਹੁਰਾਂ ਦੇ ਪੇਪਰ ਵਿਚ ਕਿ ਮਨ ਦੁਬਿਧਾ ਵਿਚ ਪੈ ਗਿਆ ਹੈ ਕਿ ਉਹਨਾਂ ਨੇ ਇਹ ਕਿਹਾ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਪੰਥ ਨੂੰ ਨੁਕਸਾਨ ਹੋਇਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਇਕੱਲਿਆਂ ਬਾਹਰ ਕੱਢ ਕੇ ਇਉਂ ਵੇਖ ਲੈਣਾ ਮੇਰੇ ਖ਼ਿਆਲ ਵਿਚ ਹਾਂਸ ਸਾਹਿਬ ਦੀ ਥਿਊਰੀ ਹੋ ਸਕਦੀ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਹੀ ਸਮੁੱਚੇ ਮਨੁੱਖ ਦੀ ਸਿਰਜਣ ਦੀ ਪ੍ਰਕਿਰਿਆ ਬਣਦੀ ਹੈ। ਗੁਰੂ ਗ੍ਰੰਥ ਸਾਹਿਬ ਨੇ ਜੋ ਕੁਝ ਇੱਕ ਨਵੇਂ ਮਨੁੱਖਾਂ ਦੀ ਸਿਰਜਣਾ ਕਰਨੀ ਚਾਹੀ ਉਹਦੇ ਵਿਚ ਭਗਤੀ ਤੇ ਸ਼ਕਤੀ ਦਾ ਅਹਿਮ ਮੁੱਦਾ ਵੀ ਹੈ। ਜੇ ਹਾਂਸ ਸਾਹਿਬ ਦੀ ਗੱਲ ਮੰਨ ਲਈਏ ਤਾਂ ਇਹ ਮਹਿਸੂਸ ਹੁੰਦਾ ਹੈ 'ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ' ਜਾਂ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ' ਵਾਲੀ ਭਾਵਨਾ ਵੀ ਸ਼ਹੀਦੀ ਵੱਲ ਇਸ਼ਾਰਾ ਕਰਦੀ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਉਹੀ ਬਾਣੀ ਸ਼ਾਮਲ ਕੀਤੀ ਗਈ ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਅਕੀਦੇ ਅਨੁਸਾਰ ਹੈ। ਮੇਰੇ ਖ਼ਿਆਲ ਵਿਚ ਹਾਂਸ ਸਾਹਿਬ ਨੇ ਸ਼ਾਇਦ ਬਹੁਤ ਹੀ ਬਰੀਕੀ ਵਾਲੀ ਗੱਲ ਕੀਤੀ ਹੈ ਜੋ ਸਾਡੇ ਵਰਗੇ ਮੋਟੀ ਬੁੱਧੀ ਵਾਲੇ ਨੂੰ ਸਮਝ ਨਹੀਂ ਆਈ। ਮੈਂ ਹਾਂਸ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਜੇ ਗੁਰੂ ਗ੍ਰੰਥ ਸਾਹਿਬ ਦੇ ਅਕੀਦੇ ਅਨੁਸਾਰ ਸਿੱਖ ਸ਼ਹਾਦਤ ਦੀ ਸਪਿਰਟ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਤੋਂ ਸ਼ੁਰੂ ਹੋ ਕੇ ਹੁਣ ਤੀਕਰ ਚੱਲੀ ਆ ਰਹੀ ਹੈ ਤਾਂ ਕੀ ਇਸ ਗੱਲ ਨੇ ਪੰਥ ਦਾ ਨੁਕਸਾਨ ਕੀਤਾ ਹੈ ਜਾਂ ਪੰਥ ਨੂੰ ਚੜ੍ਹਦੀਆਂ ਕਲਾਂ ਵੱਲ ਲੈ ਕੇ ਗਈ ਹੈ ਕਿਉਂਕਿ ਸਿਰਫ਼ ਨਾਮ ਜਪਣਾ ਹੀ ਗੁਰਬਾਣੀ ਦਾ ਅਕੀਦਾ ਨਹੀਂ ਤੇ ਪਹਿਰਾ ਦੇਣਾ, ਅਸੂਲਾਂ ਲਈ ਲੜਨਾ, ਨਿਮਾਣਿਆਂ ਦੀ ਰੱਖਿਆ ਕਰਨੀ, ਨਿਤਾਣਿਆਂ ਦਾ ਤਾਣ ਬਣਨਾ ਵੀ ਇਹਦਾ ਅਕੀਦਾ ਹੈ। ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਿਵਾਰ ਦੀ, ਆਪਣੇ ਪਿਤਾ ਦੀ ਸ਼ਹੀਦੀ ਵਜੋਂ ਸਿੱਖੀ ਨੂੰ ਇੱਕ ਪਰੰਪਰਾ ਪ੍ਰਦਾਨ ਕੀਤੀ ਹੈ। ਜਦੋਂ ਕਿਤੇ ਜ਼ੁਲਮ ਹੁੰਦਾ ਹੈ ਉਸਦੀ ਵਿਰੋਧਤਾ ਕਰਨੀ ਸਿੱਖ ਦਾ ਧਰਮ ਹੈ, ਸਿਰਫ਼ ਨਾਮ ਜਪਣਾ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀ ਵੀ ਗੱਲ ਕੀਤੀ। ਹਾਂਸ ਸਾਹਿਬ ਬਹੁਤ ਵੱਡੇ ਵਿਦਵਾਨ ਨੇ। ਗਰੇਵਾਲ ਸਾਹਿਬ ਦੀ ਵਿਦਵਤਾ ਕੱਲ੍ਹ ਵਧੇਰੇ ਖੁੱਲ੍ਹ ਕੇ ਸਾਹਮਣੇ ਆਈ ਹੈ। ਮੈਂ ਇੱਕ ਕੱਚੀ-ਪਿੱਲੀ ਜਿਹੀ ਸਿੱਖ-ਰਹਿਣੀ ਵਾਲਾ ਜੀਅ ਹਾਂ ਪਰ ਹਾਂਸ ਸਾਹਿਬ ਦੀ ਗੱਲ ਨੇ ਮੈਨੂੰ ਪ੍ਰਸ਼ਨ ਕਰਨ ਲਈ ਟੁੰਬਿਆ ਹੈ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

## ਪ੍ਰੋ. ਹਿੰਮਤ ਸਿੰਘ

ਮੈਂ ਆਖਰੀ ਵਕਤਾ ਡਾ. ਮਹਿਤਾ ਨੂੰ ਸੁਣਿਆ ਹੈ। ਉਨ੍ਹਾਂ ਨੇ ਬਹੁਤ ਜ਼ਰੂਰੀ ਗੱਲਾਂ ਛੂਹੀਆਂ ਨੇ। ਮੈਂ ਉਨ੍ਹਾਂ ਅਤੇ ਹੋਰਾਂ ਦੇ ਪ੍ਰਸੰਗ ਵਿਚ ਪ੍ਰਸ਼ਨ ਪੁਛਦਾ ਹਾਂ ਕਿ ਜਿਹੜਾ ਮੁਜੱਦਦ ਅਲਿਫ਼ ਸਾਨੀ (ਸ਼ੇਖ ਸਿਰਹੰਦੀ) ਦਾ ਜ਼ਿਕਰ ਆਇਆ ਹੈ (ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਪ੍ਰਸੰਗ ਵਿਚ) ਉਸ ਮੁਜੱਦਿਦ (ਮੁਜਾਹਿਦ) ਬਾਰੇ ਹੋਰ ਜਾਣਨ ਦੀ ਲੋੜ ਹੈ ਕਿਉਂਕਿ ਸ਼ੇਖ ਸਿਰਹੰਦੀ 'ਸਈਅਦ' ਜਾਂ ਮੁਜੱਦਿਦ ਕਹਾਉਂਦਾ ਸੀ ਜਿਸ ਤੋਂ ਸਿੱਧ ਹੈ ਕਿ ਉਹ ਸੁੰਨੀ ਨਹੀਂ ਸ਼ੀਆ ਸੀ। ਇਸ ਮੁਜੱਦਿਦ ਅਲਿਫਸਾਨੀ ਨੂੰ ਜਹਾਂਗੀਰ ਨੇ ਬਾਅਦ 'ਚ (1619–20) ਕੈਦ ਕਰ ਲਿਆ ਸੀ ਅਤੇ ਫਿਰ ਛੱਡ ਦਿੱਤਾ ਸੀ। ਇਸ ਗੱਲ ਦੇ ਪਿਛੇ ਕੀ ਨੁਕਤਾ ਕੰਮ ਕਰਦਾ ਸੀ? ਕਿਉਂਕਿ ਬਾਦਸ਼ਾਹ ਦੀਨ ਅਤੇ ਦੁਨੀਆਂ ਨੂੰ ਕਾਬੂ ਕਰਨਾ ਚਾਹੁੰਦਾ ਸੀ (ਜਿਸਦੇ ਕਿ ਉਹ ਲਾਇਕ ਨਹੀਂ ਸੀ)। ਦੀਨ-ਦੁਨੀਆਂ ਦੇ ਮਜ਼ਹਬੀ ਦਾਅਵੇਦਾਰਾਂ ਉਪਰ ਇਹਦਾ ਕੀ ਪ੍ਰਤਿਕਰਮ ਸੀ? ਇੱਕ ਪਾਸੇ ਸੁੰਨੀ ਉਹਦੀਆਂ ਕਮਜ਼ੋਰੀਆਂ ਦਾ ਵਿਰੋਧ ਕਰ ਰਹੇ ਸੀ, ਦੂਜੇ ਪਾਸੇ ਸ਼ੇਖ ਸਿਰਹੰਦੀ ਸੁੰਨੀ ਨਹੀਂ ਸੀ ਫਿਰ ਉਹਨੂੰ ਕੈਦ ਕਿਉਂ ਕੀਤਾ ਗਿਆ? ਇਨ੍ਹਾਂ ਸਾਰੀਆਂ ਗੱਲਾਂ ਨੂੰ ਬਹੁਤ ਚੰਗੀ ਤਰ੍ਹਾਂ ਵਿਚਾਰਨ ਦੀ ਲੋੜ ਹੈ ਤੇ ਮੈਂ ਇਸ ਦਿਸ਼ਾ ਵੱਲ ਇਸ਼ਾਰਾ ਹੀ ਕੀਤਾ ਹੈ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

## ਖੋਜ-ਪੱਤਰ ਲੇਖਕਾਂ ਵੱਲੋਂ ਸਪੱਸ਼ਟੀਕਰਨ

### ਡਾ. ਸੁਰਜੀਤ ਹਾਂਸ

ਜਿਹੜੀ ਮਾੜੀ ਮੋਟੀ ਸਬਜੈਕਟ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਤੇ ਤੁਹਾਨੂੰ ਰੋਜ਼ ਉਹ ਸਿਖਾਉਂਦੇ ਨੇ ਕਿ ਕਿਸੇ ਆਦਮੀ ਦਾ ਜਿਹੜਾ ਕੋਈ ਕੰਮ, ਕਿਸੇ ਦਾ ਕੋਈ ਥੀਸਿਜ਼ ਦੇਖਣਾ ਜਾਂ ਕਿਸੇ ਦਾ ਕੋਈ ਲੇਖ ਹੈ 'you can criticise the person for what he has done, you can not criticise the person what he has not done.' ਮੈਂ ਤਾਂ ਬਹੁਤ ਕੁਝ ਨਹੀਂ ਕੀਤਾ, ਜੋ ਕੁਝ ਮੈਂ ਕੀਤਾ ਹੈ ਉਹਦੇ ਬਾਰੇ ਵੀ ਸ਼ਾਇਦ ਮੈਂ ਜਵਾਬ ਨਾ ਦੇ ਸਕਾਂ, ਪਰ ਤੁਸੀਂ ਤਾਂ ਮੈਨੂੰ ਏਨੇ ਸਵਾਲ ਪੁੱਛੇ ਕਿ ਮੈਂ ਤਾਂ ਜਵਾਬ ਦੇ ਹੀ ਨਹੀਂ ਸਕਦਾ।

ਦੂਸਰੀ ਗੱਲ ਇਹ ਹੈ ਕਿ ਕਾਨੂੰਨ ਵੀ ਇਹ ਕਹਿੰਦਾ ਹੈ ਕਿ ਸਜ਼ਾ ਉਸਨੂੰ ਮਿਲਦੀ ਹੈ ਜੋ ਉਸਨੇ ਕੀਤਾ ਹੋਵੇ, ਬਿਨਾਂ ਕੀਤੇ ਦੀ ਸਜ਼ਾ ਨਹੀਂ ਮਿਲਦੀ, ਜੇ ਮਿਲਦੀ ਹੈ ਤਾਂ ਅਪੀਲਾਂ ਹੁੰਦੀਆਂ ਰਹਿੰਦੀਆਂ ਹਨ। ਸੋ ਜੇ ਮੈਂ ਤੁਹਾਡੇ ਸਵਾਲਾਂ ਦੇ ਜਵਾਬ ਦੇ ਵੀ ਦੇਵਾਂ ਤਾਂ ਮੈਨੂੰ ਕਿਸੇ ਇਨਾਮ ਨਹੀਂ ਦੇਣਾ ਕਿਉਂਕਿ ਇੱਕ ਦਵਾਈ ਹਰ ਮਰਜ਼ ਦਾ ਇਲਾਜ ਨਹੀਂ ਹੋ ਸਕਦੀ।

ਧੰਨਵਾਦ।

### ਡਾ. ਹਰਕਿਸ਼ਨ ਮਹਿਤਾ

ਇਹ ਬੜਾ ਚੰਗਾ ਸਵਾਲ ਸੀ (ਸਿਰਹੰਦੀ ਬਾਰੇ) ਕਿ ਇਤਿਹਾਸਕਾਰਾਂ ਨੇ ਸਾਰਾ ਜ਼ੋਰ ਸਿਰਫ਼ ਉਸ ਵਾਧੂ ਗੱਲ (ਚੰਦੂ) ਉਪਰ ਲਗਾ ਦਿੱਤਾ। ਇਸ ਗੱਲ ਦਾ ਸਵੇਰੇ ਕਾਫ਼ੀ ਜ਼ਿਕਰ ਹੋਇਆ ਕਿ ਚੰਦੂ ਵੱਲ ਗੱਲ ਚਲੀ ਗਈ ਤੇ ਫੇਰ ਕੁਝ ਦੀ ਗੱਲ ਜਿਹੜੀ ਹੈ ਉਹ ਸਿਰਹੰਦੀ ਵੱਲ ਚੱਲੀ ਗਈ। ਕੱਲ੍ਹ ਜਿਸ ਤਰ੍ਹਾਂ ਨੂਰ ਸਾਹਿਬ ਨੇ ਕਿਹਾ ਸੀ। ਇਨ੍ਹਾਂ ਸਾਰੀਆਂ ਘਟਨਾਵਾਂ, ਦਾ ਜ਼ਿਕਰ ਕਰਦਿਆਂ ਨਵੀਨਤਮ ਖੋਜ ਵਾਲੀ ਗੱਲ ਕਹਿ ਦਿੱਤੀ ਹੈ ਜਿਸਦਾ ਮੈਂ ਸਪੱਸ਼ਟੀਕਰਨ ਨਹੀਂ ਦੇ ਸਕਦਾ। ਪਰ ਪੁਰਾਣੀ ਇੱਕ ਫਿਲਾਸਫੀਕਲ ਥਿਊਰੀ ਹੈ, ਜਿਸਨੂੰ ਔਰਗੇਨਿਕ ਥਿਊਰੀ ਕਹਿੰਦੇ ਹਨ। ਉਹ ਕਹਿੰਦੇ ਹਨ ਜਦ ਛੋਟੀ ਤੋਂ ਛੋਟੀ ਚੀਜ਼ ਨੂੰ ਤੁਸੀਂ ਸਮਝਦੇ ਹੋ ਤਾਂ ਬਹੁਪਸਾਰੀ ਨੁਕਤੇ ਸਪੱਸ਼ਟ ਹੁੰਦੇ ਹਨ, ਉਹ ਗੱਲ ਸਾਰਿਆਂ ਦੇ ਸਮਤੋਲ ਦੇ ਬਰਾਬਰ ਹੁੰਦੀ ਹੈ ਜਾਂ ਕਹੋ ਉਸ ਤੋਂ ਵੀ ਜ਼ਿਆਦਾ ਹੁੰਦੀ ਹੈ। ਜਿਸ ਵੇਲੇ ਅਸੀਂ ਬਹੁਤ ਸਾਰੇ ਕੋਣਾਂ ਦਾ ਸਾਰ ਦਿੰਦੇ ਹਾਂ। ਜਿਸ ਵੇਲੇ ਜਹਾਂਗੀਰ ਸਿਰਹੰਦੀ ਨੂੰ ਕੈਦ ਕਰਦਾ ਹੈ ਜਾਂ ਜੋ ਉਹ ਉਸਨੂੰ ਛੱਡਦਾ ਹੈ ਤੇ ਬਾਅਦ ਵਿਚ ਉਸਦੀ ਮੰਨਦਾ ਵੀ ਹੈ ਤੇ ਉਸਦਾ ਚੇਲਾ ਸਾਕਾਰ ਹੁੰਦਾ ਹੈ, ਜੇ ਸਾਰੀਆਂ ਚੀਜ਼ਾਂ ਨੂੰ ਇਕੱਠੀਆਂ ਰਲਾ ਕੇ ਦੇਖੀਏ ਤਾਂ ਸ਼ਾਇਦ ਇਹ ਸਮਝਣਾ ਜ਼ਿਆਦਾ ਆਸਾਨ ਹੈ। ਕਦੀ ਅਸੀਂ ਉਹਨੂੰ ਸੁੰਨੀ

Sri Satguru Jagjit Singh Ji Elibrary NamdhariElibrary@gmail.com

ਕੱਟੜ ਦੇ ਤੌਰ ਤੇ ਦੇਖਦੇ ਹਾਂ, ਕਦੀ ਅਸੀਂ ਉਸਨੂੰ ਮੁਸਲਮਾਨ ਕੱਟੜ ਦੇ ਤੌਰ ਤੇ ਦੇਖਦੇ ਹਾਂ। ਇਸੇ ਕਰਕੇ ਮੈਂ ਉਹਦੇ ਲਈ ਲਫ਼ਜ਼ ਮਸੰਦ ਵਰਤਿਆ ਹੈ। ਕਿਉਂਕਿ ਇਥੇ ਬਹੁਤ ਸਿੱਖ ਸਰੋਤੇ ਹਨ, ਇਹ ਮਸੰਦ ਦੇ ਲਫ਼ਜ਼ ਨੂੰ ਸਮਝਦੇ ਹਨ, ਇਸੇ ਕਰਕੇ ਮੈਂ ਇਹ ਕਿਹਾ ਹੈ ਕਿ ਸਿਰਹੰਦੀ ਮੁਸਲਮਾਨ ਮਸੰਦ ਹੈ। ਜਿਸ ਦਾ ਕਾਰਾ ਕੀ ਹੈ? ਉਸ ਨੇ ਆਪਣੀ ਖਲਕਤ ਨੂੰ ਵਧਾਣਾ ਹੈ, ਉਹ ਉਸ ਲਈ ਕਦੀ ਪਾਪੜ ਵੇਲ ਸਕਦਾ ਹੈ। ਕਦੀ ਉਸ ਨੇ ਕੁਝ ਕਰ ਲੈਣਾ ਹੈ ਕਦੀ ਕੁਝ ਕਰ ਲੈਣਾ ਹੈ, ਲੇਕਿਨ ਰਾਜਾ ਜਹਾਂਗੀਰ ਜਿਸਨੇ ਫ਼ੈਸਲਾ ਕੀਤਾ ਵੀ, ਫ਼ੈਸਲਾ ਕਰਨ ਤੋਂ ਬਾਅਦ ਤੁਰ ਵੀ ਗਿਆ, ਆਪ ਉਹ ਉਥੇ ਲਾਹੌਰ ਨਹੀਂ ਰਿਹਾ ਇਹ ਆਪਣੇ ਆਪ ਵਿਚ ਇੱਕ ਹਕੂਮਤ ਦਾ ਲੱਛਣ ਹੈ। ਇਨ੍ਹਾਂ ਗੱਲਾਂ ਦੇ ਜਵਾਬ ਬਹੁਤ ਰਾਜਨੀਤੀ ਵਿਗਿਆਨ ਵਿਚੋਂ ਮਿਲਣਗੇ, ਧਾਰਮਿਕ ਸਟੱਡੀ ਵਿਚੋਂ ਨਹੀਂ ਲੱਭਦੇ। ਫ਼ੈਸਲਾ ਤਾਂ ਰਾਜੇ ਨੇ ਕਰਨਾ ਹੈ। ਸਿਰਹੰਦੀ ਕਿਸੇ ਵੇਲੇ ਉਹਨੂੰ ਮਾਫ਼ਕ ਹੈ, ਕਿਸੇ ਵੇਲੇ ਨਹੀਂ। ਇਹੋ ਹੀ ਉਸਦੀ ਸਿਆਸਤ ਹੈ। ਹੁਣ ਅਕਬਰ ਦੇ ਬਾਰੇ ਮੈਂ ਪਹਿਲਾਂ ਹੀ ਜ਼ਿਕਰ ਕਰ ਚੁੱਕਾ ਹਾਂ ਕਿ ਉਸ ਵੇਲੇ ਜੋ ਰਹੀਮ ਨਾਲ ਕੀਤਾ ਗਿਆ ਸੀ। ਰਹੀਮ ਕੋਈ ਮਾਮੂਲੀ ਆਦਮੀ ਤਾਂ ਸੀ ਨਹੀਂ? ਹੋ ਸਕਦਾ ਹੈ ਸ਼ਾਇਦ ਉਹ (ਜਹਾਂਗੀਰ) ਇਹ ਸੋਚਦਾ ਹੋਵੇ ਕਿ ਮੇਰੇ ਪਿਓ ਅਕਬਰ ਨੇ ਜਿਹੜਾ ਧਰਮ ਚਲਾਇਆ ਹੈ ਜੇ ਉਹ ਚੱਲ ਜਾਂਦਾ ਤੇ ਫੇਰ ਮੈਂ ਉਸਦਾ ਗੱਦੀਨਸ਼ੀਨ ਹੁੰਦਾ, ਫ਼ੇਰ ਤਾ ਮੇਰੀ ਬੱਲੇ-ਬੱਲੇ! ਤੇ ਦੀਨ ਦੁਨੀਆਂ ਦੋਨਾਂ ਦਾ ਮੈਂ ਹੀ ਸੀ ਮਾਲਿਕ। ਪਰ ਰਹੀਮ ਤਾਂ ਇਸ ਗੱਲ ਤੇ ਉਸਨੂੰ ਨਾਂਹ ਕਰ ਰਿਹਾ ਏ ਕਿ ਤੇਰੇ ਕੋਲ ਪੈਗੰਬਰ ਹੈ, ਤੂੰ ਪੈਗੰਬਰ ਕਿਸ ਤਰ੍ਹਾਂ ਬਣ ਸਕਦਾ ਏਂ, ਜੇ ਤੇਰੇ ਕੋਲ ਕੋਈ ਇਲਾਹੀ-ਪੈਗਾਮ ਹੀ ਨਹੀਂ ਤਾਂ ਤੂੰ ਪੈਗੰਬਰ ਬਣ ਹੀ ਨਹੀਂ ਸਕਦਾ। ਪੈਗੰਬਰੀ ਬਗੈਰ ਪੈਗੰਬਰ ਦਾ ਮਤਲਬ ਹੀ ਨਹੀਂ। ਜੇਕਰ ਅਸੀਂ ਇਸ ਗੱਲ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰੀਏ ਤਾਂ ਇਹ ਸਿਆਸੀ ਪਹਿਲੂ ਦੀਆਂ ਲੁਕੀਆਂ ਹੋਈਆਂ ਪਰਤਾਂ ਵਿਚੋਂ ਲੱਭ ਸਕਦਾ ਹੈ, ਸਧਾਰਨ ਢੰਗ ਨਾਲ ਇਹ ਗੰਭੀਰ ਪਹਿਲੂ ਨਹੀਂ ਲੱਭ ਸਕਦਾ।

Sri Satguru Jagjit Singh Ji Elibrary NamdhariElibrary@gmail.com

## ਪ੍ਰਧਾਨਗੀ ਭਾਸ਼ਣ

## ਡਾ. ਜਗਬੀਰ ਸਿੰਘ

ਦੋਸਤੋ! ਮੈਂ ਬਹੁਤੀਆਂ ਗੱਲਾਂ ਨਹੀਂ ਕਰਨੀਆਂ, ਅੱਜ ਤਿੰਨ ਪਰਚੇ ਪੇਸ਼ ਹੋਏ ਨੇ, ਇਹ ਤਿੰਨੇ ਪਰਚੇ ਗੁਰੂ ਅਰਜਨ ਦੇਵ ਤੇ ਉਹਨਾਂ ਦੇ ਯੁੱਗ ਦੇ ਇਤਿਹਾਸਕ ਪਰਿਪੇਖ ਦੀ ਪੁਨਰ-ਉਸਾਰੀ, ਪੁਨਰ-ਅਵਲੋਕਨ ਕਰਨ ਨਾਲ ਸੰਬੰਧ ਰਖਦੇ ਹਨ। ਇਹਨਾਂ ਤਿੰਨਾਂ ਪਰਚਿਆਂ ਵਿਚ ਇੱਕ ਬੜੀ ਦਿਲਚਸਪ ਅਤੇ ਵਿਚਾਰਗਤ ਸਾਂਝ ਨਜ਼ਰ ਆਉਂਦੀ ਹੈ। ਉਹ ਇਹ ਹੈ ਕਿ ਜਿਹੜੇ ਸਾਰੇ ਵਿਦਵਾਨ ਨੇ ਉਹ ਇਤਿਹਾਸਵਾਦੀ ਦ੍ਰਿਸ਼ਟੀ ਨੂੰ ਵੀ ਵਰਤਦੇ ਨੇ ਤੇ ਨਵ-ਇਤਿਹਾਸ ਦੀਆਂ ਕੁਝ ਥੋੜ੍ਹੀਆਂ ਅੰਤਰਦ੍ਰਿਸ਼ਟੀਆਂ ਨੂੰ ਵੀ ਨਾਲ-ਨਾਲ ਰਖਦੇ ਨੇ। ਕਿਉਂਕਿ ਇਤਿਹਾਸ ਵਾਲਾ ਦ੍ਰਿਸ਼ਟੀਕੋਣ ਤਾਂ ਸਿੱਧਾ ਹੈ ਕਿ ਘਟਨਾਵਾਂ ਵਾਪਰੀਆਂ ਨੇ ਤੇ ਸਮਕਾਲੀ ਇਤਿਹਾਸਕਾਰਾਂ ਨੇ ਉਹਨਾਂ ਦੇ ਹਵਾਲੇ ਦਿੱਤੇ ਹੋਏ ਨੇ, ਅਸੀਂ ਆਪਣੀਆਂ ਲਿਖਤਾਂ ਵਿਚ, ਉਹਨਾਂ ਦੀ ਸਹਾਇਤਾ ਦੇ ਨਾਲ, ਉਸ ਯੁੱਗ ਨੂੰ ਮੁੜ ਉਸਾਰਦੇ ਹਾਂ। ਦੂਸਰਾ ਜਿਹੜਾ ਨਵ-ਇਤਿਹਾਸਵਾਦੀ ਨਜ਼ਰੀਆ ਹੈ ਉਹ ਥੋੜ੍ਹਾ ਜਿਹਾ ਜ਼ਿਆਦਾ ਮੁਸ਼ਕਲ ਹੈ। ਉਹ ਇਸ ਰੂਪ ਦੇ ਵਿਚ ਹੈ ਕਿ 'ਟੈਕਸਟ' ਕੋਈ ਮਾਨਵ ਸਿਰਜਤ 'ਟੈਕਸਟ' ਹੁੰਦੀ ਹੈ, ਉਹਦੇ ਅੰਦਰ ਵੀ ਇਕ ਇਤਿਹਾਸ ਉਕਰਿਆ ਹੁੰਦਾ ਹੈ। ਹਾਂਸ ਸਾਹਿਬ ਨੇ ਆਪਣੇ ਪੇਪਰ ਵਿਚ ਇਸ ਦ੍ਰਿਸ਼ਟੀ ਤੋਂ ਆਪਣੀ ਯੋਗਤਾ ਦੇ ਨਾਲ ਅਤੇ ਆਪਣੇ ਬੜੇ ਸਹੀ ਢੰਗ ਨਾਲ ਕੋਸ਼ਿਸ਼ ਕੀਤੀ ਹੈ ਕਿ ਉਸ ਇਤਿਹਾਸ ਨੂੰ ਫਰੋਲਿਆ ਜਾਵੇ ਤੇ ਉਹਦੇ ਜਿਹੜੇ ਚਿਹਨ-ਚੱਕਰ ਨੇ ਉਹ ਪਛਾਣੇ ਜਾਣ। ਇਸ ਕਰਕੇ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਗੱਲ ਗੁਰੂ ਅਰਜਨ ਦੇਵ ਜੀ ਨਾਲ ਵਾਪਰੀ ਹੈ ਉਹ ਗੁਰੂ ਰਾਮਦਾਸ ਨਾਲ ਵੀ ਵਾਪਰ ਸਕਦੀ ਸੀ। ਮੈਨੂੰ ਯਾਦ ਆ ਰਹੀਆਂ ਹਨ ਬਚਿੱਤਰ ਨਾਟਕ ਦੀਆਂ ਲਾਈਨਾਂ 'ਬਾਬੇ ਕੇ ਬਾਬਰ ਦੇ ਦੋਊ॥ ਆਪ ਕਰੇ ਪਰਮੇਸ਼ਰ ਸੋਊ॥' ਪਰ ਮੁਸ਼ਕਿਲ ਇਹ ਹੈ ਕਿ ਉਸ ਵੇਲੇ ਮੱਧ-ਕਾਲੀਨ ਇਤਿਹਾਸ ਦੇ ਵਿਚ ਜਿਹੜਾ ਇਕ ਬਹੁਤ ਜ਼ਬਰਦਸਤ ਵਿਚਾਰਧਾਰਕ ਟਕਰਾਉ ਹੈ, ਜੇਕਰ ਉਹ ਹੁੰਦਾ ਹੈ ਤੇ ਉਸ ਟਕਰਾਉ ਦੇ ਨਾਲ ਹੀ ਅਸੀਂ ਉਸ ਸਮਕਾਲੀ ਸੰਦਰਭ ਨੂੰ ਸਮਝ ਸਕਦੇ ਹਾਂ। ਯਾਨਿ ਇਕ ਪਾਸੇ 'ਬਾਬਰ ਕੇ' ਇਕ ਹਮਲਾਵਰ ਦੇ ਰੂਪ ਵਿਚ ਇਥੇ ਪ੍ਰਵੇਸ਼ ਕਰਦੇ ਨੇ, ਬਾਬਰ ਨੂੰ ਬਾਬਾ ਨਾਨਕ ਇਕ ਧਾੜਵੀ ਦੇ ਰੂਪ ਵਿਚ ਪਛਾਣਦਾ ਹੈ। ਇਸ ਤਰ੍ਹਾਂ ਇਹ ਦੋ ਪਰੰਪਰਾਵਾਂ (ਬਾਬੇ ਕੇ ਅਤੇ ਬਾਬਰ ਕੇ) ਚਲਦੀਆਂ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਬਾਬੇ ਨਾਨਕ ਨੇ ਆਪਣੀ ਬਾਣੀ ਦੇ ਵਿਚ ਪੰਜਾਬ ਸ਼ਬਦ ਨਹੀਂ ਕਿਹਾ, ਉਨ੍ਹਾਂ ਕਿਹਾ 'ਹਿੰਦੁਸਤਾਨ ਡਰਾਇਆ' ਅਤੇ 'ਖੁਰਾਸਾਨ ਖਸਮਾਨਾ ਕੀਆ', ਇਸ ਤੋਂ ਜਿਹੜੀ ਗੱਲ ਉਪਜਦੀ ਹੈ ਉਹ ਟੈਕਸਟ ਵਿਚ ਹੀ ਪਈ ਹੋਈ ਹੈ। ਗੁਰਬਾਣੀ ਵਿਚ ਹੀ ਬਹੁਤ ਸਾਰੇ ਐਸੇ ਸੰਕੇਤ ਪਏ ਹੋਏ ਹਨ ਜਿਹੜੇ ਸਮਕਾਲੀ ਇਤਿਹਾਸ ਨਾਲ ਜੁੜੇ ਹੋਏ ਹਨ। ਉਸ ਤੋਂ ਬਾਅਦ ਅਸੀਂ ਦੇਖਦੇ ਹਾਂ ਕਿ

Sri Satguru Jagjit Singh Ji Elibrary NamdhariElibrary@gmail.com

ਇਸ ਦੌਰਾਨ ਵਿਚਕਾਰ ਅਕਬਰ ਆਉਂਦਾ ਹੈ। ਯਾਨਿ ਬਾਬਰ ਕਿਆਂ ਨੇ ਆਪਣੇ ਆਪ ਨੂੰ ਥੋੜ੍ਹਾ ਸੁਧਾਰਿਆ ਹੈ। ਉਹਨਾਂ ਇਥੋਂ ਦੀ ਲੁਕਾਈ ਦੇ ਸੁਭਾਵ ਨੂੰ ਪਛਾਣਿਆ ਹੈ। ਅਕਬਰ ਦੇ ਵੇਲੇ ਤੋਂ ਇਕ ਤਰ੍ਹਾਂ ਦਾ ਦ੍ਰਿਸ਼ਟੀਕੋਣ ਨਜ਼ਰ ਆਉਂਦਾ ਹੈ। ਵਾਰਤਾਲਾਪ ਰਾਹੀਂ ਜਿਹੜੀ ਸ਼ੁਰੂਆਤ ਹੁੰਦੀ ਹੈ ਉਹ ਐਵੇਂ ਵਾਪਰੀ ਗੱਲ ਨਹੀਂ। ਅਕਬਰ ਨੇ ਇਥੋਂ ਦੇ ਲੋਕਾਂ ਨੂੰ ਸਮਝ ਕੇ ਉਹਨਾਂ ਉਪਰ ਰਾਜ ਕਰਨ ਲਈ ਆਪਣੀ ਇਕ ਵਿਸ਼ੇਸ਼ ਨੀਤੀ ਉਸਾਰ ਲਈ ਸੀ। ਉਹ ਸਮਝਦਾ ਸੀ ਕਿ ਇਨ੍ਹਾਂ ਨਾਲ ਸਹਿਯੋਗ ਕਰਕੇ ਸ਼ਾਇਦ ਜ਼ਿਆਦਾ ਕਾਮਯਾਬੀ ਮਿਲ ਸਕੇ। ਉਹਦੇ ਜਿਸ ਦੀਨ-ਏ-ਇਲਾਹੀ ਦਾ ਦੋਸਤਾਂ ਨੇ ਜ਼ਿਕਰ ਕੀਤਾ ਹੈ, ਇਹ ਵੀ ਏਸੇ ਗੱਲ ਦਾ ਪ੍ਰਮਾਣ ਹੈ ਕਿ ਇਥੋਂ ਦੀ ਸਾਰੀ ਲੁਕਾਈ ਨੂੰ ਆਪਣੀ ਜਨਤਾ ਸਮਝਦਾ ਹੈ। ਇਹ ਇਕ ਮੁਬਾਰਕ ਕਦਮ ਸੀ। ਇਸ ਪਿਛੇ ਇਕ ਵਿਚਾਰਧਾਰਕ ਗੱਲ ਸੀ। ਨਵ-ਜਾਗਰਤੀ ਦੀ ਜਿਹੜੀ ਲਹਿਰ ਭਗਤਾਂ ਨੇ ਸ਼ੁਰੂ ਕੀਤੀ ਸੀ, ਇਸ ਰਾਹੀਂ ਭਗਤਾਂ ਨੇ ਆਮ ਜਨਤਾ ਨੂੰ ਵੀ ਜਾਗਰਿਤ ਕੀਤਾ। ਉਹਨਾਂ ਅੰਦਰ ਸਵੈ-ਮਾਣ ਜਗਾਇਆ ਹੈ। ਉਹਨਾਂ ਨੂੰ ਉਹਨਾਂ ਦੇ ਵਿਰਸੇ ਦੇ ਮਹੱਤਵਪੂਰਨ ਸੰਕਲਪ ਤੇ ਆਦਰਸ਼ ਨਾਲ ਜੋੜਨ ਦੀ ਗੱਲ ਕੀਤੀ ਹੈ। ਇਹ ਗੱਲ ਵੀ ਤਾਂ ਨਾਲ-ਨਾਲ ਚੱਲ ਰਹੀ ਸੀ। ਇਹ ਪ੍ਰਕਿਰਿਆ ਇਕ ਵਿਚਾਰਧਾਰਕ ਤੌਰ ਤੇ ਇਕ ਖ਼ਾਸ ਦਿਸ਼ਾ ਵੱਲ ਵੱਧ ਰਹੀ ਸੀ, ਜਿਹੜੀ ਫੇਰ ਆ ਕੇ ਮੁਜੱਦਦ ਨੇ ਤੋੜੀ ਹੈ, ਮੁਜੱਦਦ ਇਕ ਖ਼ਾਸ ਵਿਚਾਰਧਾਰਾ ਦੀ ਪ੍ਰਤਿਨਿਧਤਾ ਕਰਨ ਵਾਲਾ ਬੰਦਾ ਹੈ, ਉਹ ਇਕ ਬੰਦਾ ਨਹੀਂ ਬਲਕਿ ਇਕ ਖ਼ਾਸ ਵਿਚਾਰਧਾਰਾ ਹੈ। ਉਹ ਵਿਚਾਰਧਾਰਾ ਇਕ ਮੂਲਵਾਦ ਦੀ ਵਿਚਾਰਧਾਰਾ ਹੈ, ਜਿਹੜੀ ਅਕਬਰ ਦੇ ਵਿਰੋਧ ਵਿਚ ਖੜ੍ਹੀ ਹੁੰਦੀ ਹੈ। ਉਹਦੇ ਹੀ ਪੁੱਤਰ ਦੇ ਹੱਥੋਂ ਇਕ ਨਵੀਂ ਤਰ੍ਹਾਂ ਦੀ ਬਗ਼ਾਵਤ ਉਭਰ ਕੇ ਸਾਹਮਣੇ ਆਉਣ ਲੱਗ ਪਈ ਸੀ। ਯਾਨਿ ਜਹਾਂਗੀਰ ਦੇ ਕੋਲੋਂ ਮੂਲਵਾਦੀ ਸ਼ਕਤੀਆਂ ਨੇ ਅਕਬਰ ਦੀ ਨੀਤੀ ਨੂੰ ਬੇਦਖ਼ਲ ਕਰਕੇ ਇਤਿਹਾਸ ਦੀ ਰਾਜ ਸੱਤਾ ਦੀ ਨੀਤੀ ਨੂੰ ਉਲਟੇ ਮੂੰਹ ਪਾ ਦਿੱਤਾ ਤੇ ਉਹਦਾ ਜਿਹੜਾ ਨਤੀਜਾ ਨਿਕਲਿਆ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ ਵਿਚ ਸਾਹਮਣੇ ਆਇਆ। ਇਸ ਗੱਲ ਬਾਰੇ ਅਸੀਂ ਕੱਲ੍ਹ ਤੋਂ ਵਿਚਾਰ ਕਰ ਰਹੇ ਹਾਂ। ਇਸ ਸਾਰੇ ਸੰਦਰਭ ਵਿਚ ਮਹੱਤਵਪੂਰਨ ਦ੍ਰਿਸ਼ਟੀ ਜਿਹੜੀ ਸਾਨੂੰ ਪ੍ਰਾਪਤ ਹੁੰਦੀ ਹੈ ਉਹ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਜੋੜ ਕੇ ਦੇਖਣ ਨਾਲ ਪ੍ਰਾਪਤ ਹੋ ਸਕਦੀ ਹੈ। ਗੁਰੂ ਗ੍ਰੰਥ ਇਕ ਰੂਹਾਨੀ ਪਾਵਨ ਗ੍ਰੰਥ ਹੈ। ਇਹਦੇ ਵਿਚ ਜ਼ਿੰਦਗੀ ਦੇ ਜਿਹੜੇ ਸਦੀਵੀ ਸਰੋਕਾਰਾਂ ਦੀ ਪੇਸ਼ਕਾਰੀ ਹੋਈ ਉਹਨਾਂ ਤੋਂ ਬੰਦੇ ਨੂੰ ਇਕ ਰੂਹਾਨੀ ਮੁਕਤੀ ਦਾ ਸੰਦੇਸ਼ ਵੀ ਮਿਲਦਾ ਹੈ। ਪਰ ਇਹ ਰਚਨਾ ਇਤਿਹਾਸਕ ਪ੍ਰਮਾਣ ਦੀ ਪਾਠ ਸ਼ੈਲੀ ਟੈਕਸਟ ਵੀ ਹੈ। ਯਾਨਿ ਜਿਹੜਾ ਇਤਿਹਾਸ ਨਾਲ ਜੋੜ ਕੇ ਕਿਸੇ ਰਚਨਾ ਨੂੰ ਵਾਚਣਾ ਹੈ ਉਹਦਾ ਵੀ ਇਕ ਮਹੱਤਵ ਹੈ। ਕਿਉਂਕਿ ਇਤਿਹਾਸ ਵਿਚ ਹੀ ਕਿਸੇ ਬੌਧਿਕ ਚਰਚਾ ਦਾ ਜਿਹੜਾ ਅਰਥ ਪਿਆ ਹੁੰਦਾ ਹੈ ਮੈਨੂੰ ਲੱਗਦਾ ਹੈ ਕਿ ਇਸ ਸੈਮੀਨਾਰ ਦੀ ਸਮੁੱਚੀ ਯੋਜਨਾ ਦੇ ਪਿੱਛੇ ਵੀ ਇਹੋ ਮਕਸਦ ਕੰਮ ਕਰ ਰਿਹਾ ਹੈ। ਮੈਂ ਸੰਯੋਜਕਾਂ ਨੂੰ ਮੁਬਾਰਕ ਦਿੰਦਾ ਹਾਂ ਕਿ ਸਾਂਝੇ ਇਕ ਅਮੀਰ ਵਿਰਸੇ ਦੀ ਰਚਨਾ 'ਗੁਰੂ ਗ੍ਰੰਥ ਸਾਹਿਬ' ਹੈ। ਉਸ ਸੰਬੰਧੀ ਦੋਸਤਾਂ ਨੇ ਬੜਾ ਸਹੀ ਕਿਹਾ ਹੈ। ਉਹ ਸਿਰਫ਼ ਪੰਜਾਬ ਜਾਂ ਸਿੱਖੀ ਦੀ ਹੀ ਵਿਰਾਸਤ ਨਹੀਂ ਸਗੋਂ ਸਾਰੇ ਭਾਰਤ ਦੀ ਵਿਰਾਸਤ ਹੈ ਕਿਉਂਕਿ ਉਹਦੇ ਵਿਚ ਆਮ ਲੁਕਾਈ ਦਾ ਜਿਹੜਾ ਪ੍ਰਵਚਨ ਹੈ, ਉਹ ਸਾਹਮਣੇ ਆਉਂਦਾ ਹੈ। ਪਰਚਾ ਪੜ੍ਹਨ ਵਾਲੇ ਇਨ੍ਹਾਂ ਤਿੰਨਾਂ ਵਿਦਵਾਨਾਂ ਨੇ ਆਪੋ ਆਪਣੇ

Sri Satguru Jagjit Singh Ji Elibrary NamdhariElibrary@gmail.com

ਢੰਗ ਦੇ ਨਾਲ ਜੋ ਗੱਲ ਪੇਸ਼ ਕੀਤੀ ਹੈ, ਉਹਦੇ ਨਾਲ ਥੋੜ੍ਹਾ ਜਿਹਾ ਸੰਵਾਦ ਵੀ ਹੋਇਆ ਹੈ। ਮੇਰੀ ਸਮਰੱਥਾ ਨਹੀਂ ਕਿ ਮੈਂ ਇਨ੍ਹਾਂ ਦੇ ਦੱਸੇ ਹੋਏ ਵਿਚਾਰਾਂ ਨੂੰ ਬਦਲ ਸਕਾਂ। ਕਿਉਂਕਿ ਗੱਲ ਸਾਰੀ ਸਾਡੇ ਦਰਮਿਆਨ ਸਪੱਸ਼ਟਤਾ ਦੇ ਨਾਲ ਉਭਰ ਰਹੀ ਹੈ। ਇਸ ਕਰਕੇ ਮੈਂ ਇਨ੍ਹਾਂ ਨੂੰ ਬਹੁਤ ਮੁਬਾਰਕਬਾਦ ਦਿੰਦਾ ਹਾਂ ਕਿ ਇਹਨਾਂ ਨੇ ਬੜੀ ਮਿਹਨਤ ਦੇ ਨਾਲ ਆਪਣੇ ਪੇਪਰ ਪੇਸ਼ ਕੀਤੇ। ਜਿਹੜੇ ਸਰੋਤਾਂ ਵੱਲ ਸੰਕੇਤ ਕੀਤੇ ਹਨ ਉਨ੍ਹਾਂ ਸਰੋਤਾਂ ਨੂੰ ਇਨ੍ਹਾਂ ਬਾਣੀ ਦੇ ਨਾਲ ਮਿਲਾ ਕੇ ਪੇਸ਼ ਕੀਤਾ ਹੈ। ਡਾ. ਢਿਲੋਂ ਹੁਰਾਂ ਨੇ ਸਮਕਾਲੀ ਸਰੋਤਾਂ ਦੀ ਪੁਨਰ-ਉਸਾਰੀ ਕਰਨ ਦਾ ਉਪਰਾਲਾ ਕੀਤਾ ਹੈ। ਮੈਂ ਇਨ੍ਹਾਂ ਦੋਸਤਾਂ ਨੂੰ ਇਕ ਵਾਰ ਫਿਰ ਬਹੁਤ ਮੁਬਾਰਕਬਾਦ ਦਿੰਦਾ ਹਾਂ, ਧੰਨਵਾਦ ਕਰਦਾ ਹਾਂ ਤੇ ਤੁਹਾਡਾ ਸਾਰਿਆਂ ਦਾ, ਜਿਨ੍ਹਾਂ ਨੇ ਇਸ ਸੈਸ਼ਨ ਵਿਚ ਆਪਣੀ ਹਾਜ਼ਰੀ ਲਗਾਈ।

ਬਹੁਤ ਬਹੁਤ ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

# ਚੌਥਾ ਅਕਾਦਮਿਕ ਸੈਸ਼ਨ

# ਗੁਰੂ ਅਰਜਨ ਦੇਵ ਦੀ ਵਿਰਾਸਤ

***ਡਾ. ਨਾਜਰ ਸਿੰਘ***

*ਸੁਖਮਨੀ* ਗੁਰੂ ਅਰਜਨ ਦੀ ਜਾਣੀ-ਪਹਿਚਾਣੀ ਅਤੇ ਇਕ ਲੰਮੀ ਰਚਨਾ ਹੈ। ਗਉੜੀ ਤਾਲ (ਛੰਦ) 'ਚ ਆਈ ਇਸ ਰਚਨਾ ਦਾ ਮੁੱਢਲਾ *ਸਲੋਕ* ਹੈ :

*ਆਦਿ ਗੁਰ ਏ ਨਮਹ॥*
(ਆਦਿ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਹੈ)
*ਜੁਗਾਦਿ ਗੁਰ ਏ ਨਮਹ॥*
(ਆਦਿ ਜੁਗ ਦੇ ਬਾਨੀ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਹੈ)
*ਸਤਿਗੁਰ ਏ ਨਮਹ॥*
(ਸੱਚੇ ਗੁਰੂ ਅਮਰਦਾਸ ਜੀ ਨੂੰ ਨਮਸਕਾਰ ਹੈ)
*ਸ੍ਰੀ ਗੁਰਦੇਵ ਏ ਨਮਹ॥*
(ਸ੍ਰੀ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਹੈ)

*ਸਲੋਕ* ਪਹਿਲੇ ਚਾਰ ਗੁਰੂਆਂ ਨੂੰ ਧਿਆਉਂਦਾ ਹੈ। *ਸੁਖਮਨੀ* ਵਿਚ ਹੋਰ ਥਾਂ ਵੀ ਗੁਰੂ ਨਾਨਕ ਦਾ ਜ਼ਿਕਰ ਹੈ। ਜ਼ਿਕਰ ਲਈ ਸਾਨੂੰ ਪਤਾ ਹੈ ਸਿੱਖ ਸ਼ਬਦ, ਸਿਮਰਤੀ ਜਾਂ ਸਿਮਰਨ ਹੈ। ਨਾਮ ਜਪਣਾ ਵੀ ਹੈ। *ਸੁਖਮਨੀ* ਦੀ ਅਸ਼ਟਪਦੀ ਸੱਤਵੀਂ ਦਾ *ਸਲੋਕ* ਗੁਰੂ ਨਾਨਕ ਨੂੰ 'ਸਤਿ ਪੁਰਖ' ਆਖਦਾ ਹੈ। ਉਹ 'ਸਤਿਗੁਰੂ' ਹਨ। ਉਨ੍ਹਾਂ ਦੀ ਸੰਗਤ ਵਿਚ ਪ੍ਰਭੂ ਸਿਮਰਨ ਕਰਨ ਵਾਲੇ ਜਾਂ ਸਿੱਖ ਮੁਕਤ ਹੋ ਜਾਂਦੇ ਹਨ। ਮੁਕਤੀ ਲਈ ਸਿੱਖ ਸ਼ਬਦ (ਭਵਸਾਗਰ) ਤਰਨਾ ਹੈ। ਇਥੇ ਹੀ ਅਸ਼ਟਪਦੀ ਵਿਚ ਗੁਰੂ ਨਾਨਕ ਨੂੰ ਇੰਝ ਸਿਮਰਿਆ ਗਿਆ ਹੈ :

*ਧੰਨੁ ਧੰਨੁ ਧੰਨੁ ਜਨੁ ਆਇਆ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥....*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥*

ਦੱਸਣ ਦੀ ਜ਼ਰੂਰਤ ਹੈ ਕਿ *ਸੁਖਮਨੀ* ਦੀ ਪਹਿਲੀ ਅਸ਼ਟਪਦੀ 'ਸਿਮਰਉ' ਦੀ ਹਦਾਇਤ ਨਾਲ ਸ਼ੁਰੂ ਹੁੰਦੀ ਹੈ ਅਤੇ ਵਿਸ਼ਵਾਸ ਦਿਵਾਉਂਦੀ ਹੈ ਕਿ ਸਿਮਰਨ ਸੁੱਖ ਦਾ ਸਾਧਨ ਹੈ। ਹਰਿ ਕਾ ਨਾਮ ਅੰਮ੍ਰਿਤ ਵਰਗਾ ਮਿੱਠਾ ਹੈ। ਇਸ ਤੋਂ ਸਿੱਖ ਖ਼ੁਸ਼ੀ, ਸੰਤ ਸ਼ਾਂਤੀ ਪ੍ਰਾਪਤ ਕਰਦੇ ਹਨ :

---

* ਡਾ. ਨਾਜਰ ਸਿੰਘ, ਰੀਡਰ, ਪੱਤਰ ਵਿਹਾਰ ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਨਾਮ ਜਾਂ ਸਿਮਰਨ ਦੀਆਂ ਵਿਸ਼ੇਸ਼ਤਾਵਾਂ ਹੋਰ ਵੇਖੋ :

*ਨਿਰਧਨ ਕਉ ਧਨੁ ਤੇਰੋ ਨਾਉ॥*
*ਨਿਮਾਨੇ ਕਉ ਪ੍ਰਭ ਤੇਰੋ ਮਾਨੁ॥*
*ਸਗਲ ਘਟਾ ਕਉ ਦੇਵਹੁ ਦਾਨ॥*

ਗਰੀਬਾਂ ਦਾ ਧਨ ਪ੍ਰਮਾਤਮਾ ਹੈ। ਨਿਥਾਵੇਂ ਦੀ ਧਿਰ ਨਾਮ ਹੈ। ਉਹ ਹੀ ਨਿਮਾਣੇ ਦਾ ਮਾਣ ਹੈ। ਉਹ ਸਾਰੇ ਜੀਵਾਂ ਨੂੰ ਦਾਨ ਦਿੰਦਾ ਹੈ। ਸੁਖਮਨੀ ਸਿੱਖ ਅਰਦਾਸ ਹੈ। ਸਿੱਖ ਗਰੀਬ, ਨਿਥਾਵਾ ਤੇ ਨਿਮਾਣਾ ਹੈ।

ਨਾਮ ਦਾ ਮਾਰਗ ਸਭ ਲਈ ਹੈ। ਸੁਖਮਨੀ ਦੀਆਂ ਕਈ ਅਸ਼ਟਪਦੀਆਂ ਮਨ (ਮਨੁੱਖ) ਨੂੰ ਸੰਬੋਧਿਤ ਹਨ। ਆਪਣੀ ਦੇਹ ਤੱਕ ਸੀਮਿਤ ਪ੍ਰਾਣੀ ਨੂੰ ਸੁਖਮਨੀ 'ਗਵਾਰ' ਆਖਦੀ ਹੈ। ਗਵਾਰ ਦੀ ਨਿਸ਼ਾਨੀ ਇਹ ਹੈ :

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*

ਗਵਾਰ ਵਿਰੋਧੀ ਨਾਲ ਪਿਆਰ ਕਰਦਾ ਹੈ। ਉਹ ਬਾਲੂ (ਰੇਤ) ਦਾ ਘਰ ਬਣਾਉਂਦਾ ਹੈ। ਮਾਇਆ ਜਾਂ ਮਿਥਿਆ ਕਾਰਨ ਰੰਗ ਤੇ ਰਸ ਨੂੰ ਜੀਵਨ ਸਮਝਦਾ ਹੈ। ਅਸ਼ਟਪਦੀ ਪੰਜਵੀਂ ਦਾ ਪਦ ਚਾਰ ਮਿਥਿਆ ਦੀ ਨਿਸ਼ਾਨਦੇਹੀ ਕਰਦਾ ਹੈ। ਮਾਇਆ ਬ੍ਰਿਛ ਦੀ ਛਾਂ ਵਰਗੀ ਹੈ। ਚਲਨਹਾਰ ਹੈ। ਇਹ ਮੁਸਾਫਰ ਨਾਲ 'ਨੇਹ' ਸਮਾਨ ਹੈ। ਹੱਥ ਕੁਝ ਨਹੀਂ ਆਉਂਦਾ। ਤਨ, ਧਨ, ਪਰਿਵਾਰ, ਹੰਕਾਰ, ਧਨ ਦੀ ਇੱਛਾ, ਰਾਜ, ਜੋਬਨ, ਜਾਇਦਾਦ, ਕਾਮ, ਕਰੋਧ, ਝਰੋਣੇ (ਮਨੁੱਖ), ਰੱਥ, ਹਾਥੀ, ਘੋੜੇ, ਕੱਪੜੇ, ਅਮੀਰ ਦਾ ਹੱਸਣਾ, ਛੱਲ, ਮੋਹ ਤੇ ਆਪੇ ਉੱਪਰ ਮਾਣ-ਸਭ ਮਿਥਿਆ ਹੈ। ਮਿਥਿਆ 'ਚ ਹੀ ਸ਼ਾਮਲ ਹਨ :

(ੳ) ਨਿੰਦਿਆ ਚੁਗਲੀ ਸੁਨਣ ਵਾਲੇ ਕੰਨ
(ਅ) ਪਰਾਇਆ ਧਨ ਖੋਹਣ ਵਾਲੇ ਹੱਥ
(ੲ) ਪਰਾਈ ਇਸਤਰੀ ਤੱਕਣ ਵਾਲੇ ਨੇਤਰ
(ਸ) ਸੁਆਦ ਚੱਖਣ ਵਾਲੀ ਜੀਭ
(ਹ) ਵਿਕਾਰਾਂ ਵੱਲ ਮੁੜਨ ਵਾਲੇ ਪੈਰ
(ਕ) ਪਰਉਪਕਾਰ ਤੋਂ ਸੱਖਣਾ ਸਰੀਰ
(ਮਿਥਿਆ ਤਨ ਨਹੀ ਪਰਉਪਕਾਰਾ)

ਗਵਾਰ ਤੋਂ ਭਿੰਨ ਬ੍ਰਹਮ-ਗਿਆਨੀ ਹੈ। ਬ੍ਰਹਮ-ਗਿਆਨੀ ਦੀ ਪਹਿਲੀ ਨਿਸ਼ਾਨੀ ਨਿਰਲੇਪਤਾ ਹੈ। ਜਿਵੇਂ ਕਮਲ ਦਾ ਫੁੱਲ ਪਾਣੀ 'ਚ ਰਹਿੰਦਾ ਹੈ। ਦੂਸਰੀ ਨਿਸ਼ਾਨੀ ਉਹ ਨਿਰਦੋਖ ਹੈ - ਦੁੱਖ ਤੋਂ ਮੁਕਤ। ਉਸ ਦੇ ਗੁਣ ਸਭ ਵਾਸਤੇ ਹਨ - ਜਿਵੇਂ ਸੂਰਜ ਸਭ ਨੂੰ ਸੁਕਾਉਂਦਾ ਹੈ। ਹਵਾ ਸਭ ਲਈ ਚਲਦੀ ਹੈ। ਤੀਸਰੀ ਨਿਸ਼ਾਨੀ ਹੈ ਕਿ ਉਸ ਦੀ ਨਜ਼ਰ 'ਚ ਸਭ ਬਰਾਬਰ ਹਨ - ਹਵਾ, ਰਾਜੇ ਤੇ ਰੰਕ ਨੂੰ ਇਕੋ ਜਿਹੀ ਲੱਗਦੀ ਹੈ (ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥)

ਚੌਥਾ, ਬ੍ਰਹਮ-ਗਿਆਨੀ 'ਅਨਾਥ ਕਾ ਨਾਥੁ' (patron of the patronless)। ਸਭ ਦਾ ਰਖਵਾਲਾ ਹੈ। ਪੰਜਵਾਂ, ਉਹ ਸਵੈ-ਚੇਤਨ ਪ੍ਰਾਣੀ ਹੈ। ਇੰਦਰੀਆਂ ਦਾ ਜੇਤੂ ਹੈ। ਪੰਜ ਐਬਾਂ ਤੋਂ ਦੂਰ ਹੈ। ਸੁਖਮਨੀ ਅਜਿਹੇ ਮਨੁੱਖਾਂ ਨੂੰ (ਅਨੇਕਾਂ) ਨਾਮ ਦਿੰਦੀ ਹੈ, ਜਿਵੇਂ ਅਪਰਸੁ, ਵੈਸ਼ਨਾਵ ਜਾਂ ਬੈਸਨੋ, ਭਗਾਉਤੀ, ਪੰਡਤ ਅਤੇ ਰਾਮਦਾਸ। ਇਨ੍ਹਾਂ ਪੰਜਾਂ ਦੇ ਗੁਣ ਹੇਠ ਲਿਖੇ ਅਨੁਸਾਰ ਬਿਆਨ ਕੀਤੇ ਹਨ :

1. ਅਪਰਸੁ - ਪੰਜ ਇੰਦਰੀਆਂ ਦਾ ਜੇਤੂ। ਜਿਸ ਉਪਰ ਪਰਮਾਤਮਾ ਪ੍ਰਸੰਨ ਹੈ। ਮੇਹਰਬਾਨ ਹੈ।
2. ਬੈਸਨੋ - ਨਿਹਕਰਮੀ ਭਾਵ ਕਰਮ ਕਰਕੇ ਫਲ ਦੀ ਇੱਛਾ ਨਹੀਂ ਰੱਖਦਾ। ਭਗਤ ਹੈ। ਨਾਮ ਜਪਦਾ ਤੇ ਜਪਾਉਂਦਾ ਹੈ।
3. ਭਗਾਉਤੀ - ਪਰਮਾਤਮਾ ਦੇ ਰੰਗ 'ਚ ਰੰਗਿਆ ਸੇਵਕ - ਜਿਸ ਨੇ ਦੁਸ਼ਟਾਂ ਦਾ ਸੰਗ ਤਿਆਗ ਦਿੱਤਾ ਹੈ। ਸਾਧ ਸੰਗਤ ਵਿਚ ਜਾਂਦਾ ਹੈ।
4. ਪੰਡਤ - ਮਨ ਤੇ ਕਾਬੂ ਪਾਉਣ ਵਾਲਾ। ਚੌਹਾਂ ਵਰਣਾਂ ਨੂੰ ਹੀ ਵੇਦ, ਪੁਰਾਣ, ਸਿਮਰਤੀ ਜਾਂ ਉਪਦੇਸ਼ ਦੇਣ ਵਾਲਾ। ਉਪਦੇਸ ਗੁਰ ਉਪਦੇਸ ਹੈ।
5. ਰਾਮਦਾਸ - ਜਿਸ ਦੇ ਮਨ 'ਚ ਪਾਰਬ੍ਰਹਮ ਵਸਦਾ ਹੈ। ਇਸ ਨੇ ਦਾਸਾਂ ਦੇ ਪ੍ਰੇਮ ਨਾਲ ਹਰੀ ਨੂੰ ਲੱਭ ਲਿਆ ਹੈ। 'ਸਗਲ ਸੰਗ ਆਤਮ ਉਦਾਸ'। ਐਸੀ ਜੁਗਤ ਵਾਲਾ ਰਾਮਦਾਸ ਹੈ।
6. ਜੀਵਨ ਮੁਕਤ - ਪ੍ਰਭੂ ਦੀ ਆਗਿਆ ਜਾਂ ਭਾਣੇ 'ਚ ਰਹਿਣ ਵਾਲਾ। ਹਰਖ ਤੇ ਸੋਗ, ਅੰਮ੍ਰਿਤ ਤੇ ਜ਼ਹਿਰ ਅਤੇ ਰਾਜੇ ਤੇ ਰੰਕ ਨੂੰ ਬਰਾਬਰ ਸਮਝਣ ਵਾਲਾ। ਸਾਈਂ ਦੀ ਜੁਗਤ ਵਰਤਾਉਂਦਾ ਹੈ।

*ਸੁਖਮਨੀ* ਪ੍ਰਭੂ ਦੀ ਸ਼ਨਾਖਤ 'ਸਾਧ' ਵਜੋਂ ਸਥਾਪਿਤ ਕਰਦੀ ਹੈ। ਸਾਧ ਸੰਗ ਦੀ ਮਹਿਮਾ ਕਰਦੇ ਹੋਏ ਗੁਰੂ ਅਰਜਨ ਆਪਣੇ ਨਿੱਜੀ ਤਜ਼ਰਬੇ ਵੱਲ ਇਸ਼ਾਰਾ ਕਰਦੇ ਹਨ :

*ਸਾਧ ਸੰਗਿ ਭਏ ਆਗਿਆਕਾਰੀ॥*
*ਸਾਧ ਸੰਗਿ ਗਤ ਭਈ ਹਮਾਰੀ॥*
*ਸਾਧ ਕੈ ਸੰਗਿ ਮਿਟੇ ਸਭ ਰੋਗ॥*
*ਨਾਨਕ ਸਾਧ ਭੇਟੇ ਸੰਜੋਗ॥* (7)

ਤਜਰਬੇ ਦਾ ਨਤੀਜਾ ਹੈ :

*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦ ਨਾ ਭਾਈ॥*

ਪ੍ਰਭੂ ਸਾਧ ਨੂੰ ਪਾਲਦਾ ਹੈ ਅਤੇ ਗੁਰੂ ਸੇਵਕ ਨੂੰ। ਦੱਸਣ ਦੀ ਲੋੜ ਨਹੀਂ ਕਿ ਸੇਵਕ 'ਚ ਗੁਰੂ ਵੀ ਸ਼ਾਮਲ ਹੈ ਤੇ ਸਿੱਖ ਵੀ। ਪ੍ਰਭੂ ਦੇ ਸੇਵਕ ਕਾਹਦੇ ਲਈ ਹਨ? ਉੱਤਰ ਹੈ :

*ਪ੍ਰਭ ਕੇ ਸੇਵਕ ਸਗਲ ਉਧਾਰਨ*
*ਪ੍ਰਭ ਕੇ ਸੇਵਕ ਦੂਖ ਬਿਸਾਰਨ*

Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਜਨ ਦੇਵ ਦੀ ਵਿਰਾਸਤ *ਸੁਖਮਨੀ* ਹੈ। *ਸੁਖਮਨੀ* ਕੀ ਹੈ? ਅਸ਼ਟਪਦੀ ਦੱਸਦੀ ਹੈ :

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥*
*ਭਗਤ ਜਨਾ ਕੈ ਮਨਿ ਬਿਸ੍ਰਾਮ॥*

ਸਿੱਖ ਦੀ ਮੰਜ਼ਲ ਬਿਸ੍ਰਾਮ ਹੈ। ਸਿਮਰਨ ਦੀ ਪ੍ਰਾਪਤੀ ਵੇਖੋਂ ਕੇ ਇਹ ਸਵਰਾਜ ਵੀ ਹੈ ਅਤੇ ਵਿਸ਼ਵ ਰਾਜ ਵੀ :

*ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥*
*ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥*

ਆਖਰੀ ਅਸਟਪਦੀ (24ਵੀਂ) ਵਿਚ ਦਰਜ ਹੈ :

*ਸੁਖਮਨੀ ਸਹਿਜ ਗੋਬਿੰਦ ਨਾਮ॥*
*ਜਿਸ ਮਨ ਬਸੈ ਸੁ ਹੋਤ ਨਿਧਾਨ॥*
*ਸਰਬ ਇਛਾ ਤਾ ਕੀ ਪੂਰਨ ਹੋਇ॥*
*ਪ੍ਰਧਾਨ ਪੁਰਖੁ ਪ੍ਰਗਟ ਸਭ ਲੋਇ॥*
*ਸਭ ਤੇ ਊਚ ਪਾਏ ਅਸਥਾਨੁ॥*
*ਬਹੁਰਿ ਨਾ ਹੋਵੈ ਆਵਨ ਜਾਨ॥*
*ਹਰਿ ਧਨੁ ਖਾਟਿ ਚਲੈ ਜਨੁ ਸੋਇ॥*
*ਨਾਨਕ ਜਿਸਹਿ ਪਰਾਪਤਿ ਹੋਇ॥*

*ਸੁਖਮਨੀ* ਵਿਚ ਰਾਜ ਤੇ ਖਜ਼ਾਨੇ ਦੀ ਕਲਪਨਾ *ਨਾਮ* ਰਾਹੀਂ ਹੋਂਦੀ ਹੈ। ਨਾਮੁ/ਬਾਣੀ ਸ਼ੋਭਾ ਦਾ ਸਰੋਤ ਹਨ :

*ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ॥*
*ਏਕ ਨਾਮ ਮਨ ਮਾਹਿ ਸਮਾਨੀ॥*
*ਦੂਖ ਰੋਗ ਬਿਨਸੇ ਭੈ ਭਰਮ॥*
*ਸਾਧ ਨਾਮ ਨਿਰਮਲ ਤਾ ਕੇ ਕਰਮ॥*
*ਸਭ ਤੇ ਊਚ ਤਾ ਕੀ ਸੋਭਾ ਬਨੀ॥*
*ਨਾਨਕ ਇਹ ਗੁਣਿ ਨਾਮ ਸੁਖਮਨੀ॥*

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਜੀ : ਸ਼ਬਦ-ਸਰੂਪ

*ਡਾ. ਪਰਮਜੀਤ ਸਿੰਘ ਸਿੱਧੂ**

*ਨਵਦੀਪ ਸਿੰਘ***

ਗੁਰੂ ਵਿਅਕਤੀ ਗੁਰੂ ਅਰਜਨ ਦੇਵ ਗੁਰੂ ਅੰਸ਼ ਵੀ ਸਨ ਅਤੇ ਗੁਰੂ ਆਪ ਵੀ ਸਨ। ਆਪ ਨੂੰ ਸਿੱਖ ਧਰਮ ਦੇ ਸੰਸਥਾਈ ਰੂਪ ਦਾ ਸੰਸਥਾਪਕ, ਸੰਯੋਜਕ ਅਤੇ ਸੰਚਾਲਕ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਗੁਰੂ ਵਿਅਕਤੀ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਨੂੰ ਗੁਰਬਾਣੀ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਿਤ ਸਰੂਪ ਬਖਸ਼ਿਆ ਪਰ ਬਾਣੀਕਾਰ ਵਜੋਂ ਉਹਨਾਂ ਦਾ ਗੁਰੂ ਵਿਅਕਤੀ ਰੂਪ ਸ਼ਬਦ-ਸਰੂਪ ਵਿਚ ਪਰਿਵਰਤਿਤ ਹੋ ਗਿਆ। ਜਿਥੇ ਸਿੱਖ ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਦੋਹਤਰੇ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਪੁੱਤਰ ਵਜੋਂ ਯਾਦ ਕਰਦਾ ਹੈ, ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਗ੍ਰੰਥ ਦੇ ਸੰਪਾਦਕ ਅਤੇ ਬਾਣੀਕਾਰ ਵਜੋਂ ਵੀ ਪਹਿਚਾਣੇ ਜਾਂਦੇ ਹਨ। ਗੁਰੂ ਵਿਅਕਤੀ ਵਜੋਂ ਆਪ ਸਿੱਖ ਇਤਿਹਾਸ ਦੇ ਇਕ ਕਾਲ ਦੀ ਪ੍ਰਤਿਨਿਧਤਾ ਕਰਦੇ ਹਨ ਜਦਕਿ ਬਾਣੀਕਾਰ ਵਜੋਂ ਆਪ ਕਾਲਾਂਤਰ ਅਤੇ ਕਾਲਾਂਤਰ ਤੋਂ ਪਾਰ ਸੀਮਾਵਾਂ ਵਿਚ ਵਿਚਰਦੇ ਹਨ। ਹਥਲੇ ਪਰਚੇ ਵਿਚ ਬਾਣੀਕਾਰ ਵਜੋਂ ਆਪਦੇ ਸ਼ਬਦ-ਸਰੂਪ ਦੀਆਂ ਕੁਝ ਪਰਤਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਸਿੱਖ ਧਰਮ ਦੇ ਬਾਨੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਮੰਨਿਆ ਜਾਂਦਾ ਹੈ ਪਰ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਾਲ ਦੌਰਾਨ ਅਜੋਕੇ ਸਿੱਖ ਧਰਮ ਦੇ ਸਮੁੱਚੇ ਪਾਸਾਰਾਂ ਨੂੰ ਬੀਜ ਰੂਪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਥਿਤ ਤੇ ਸਥਾਪਿਤ ਕੀਤਾ ਗਿਆ। ਉਹਨਾਂ ਦੇ ਜੀਵਨ ਕਾਲ ਦੌਰਾਨ ਸਿੱਖ ਧਰਮ ਨੂੰ ਨਾਨਕ ਦੇ ਰੂਪ ਵਿਚ ਇਕ ਜੋਤ ਅਤੇ ਪੰਜ ਸਰੂਪਾਂ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ) ਦੀ ਬਖਸ਼ਿਸ਼ ਨਾਲ ਗੁਰੂ ਸ਼ਬਦ (ਮੂਲਮੰਤਰ) ਦੀ ਪ੍ਰਾਪਤੀ ਵੀ ਹੋਈ :

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

---

* ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

** ਜੇ.ਆਰ.ਐੱਫ (ਯੂ.ਜੀ.ਸੀ.), ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

*ਅਕਾਲ ਮੂਰਤਿ ਅਜੂਨੀ ਸੈਭੰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧)

ਗੁਰੂ ਤੇ ਗੁਰੂ ਸ਼ਬਦ ਦੇ ਨਾਲ-ਨਾਲ ਸਿੱਖ ਧਰਮ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਹੜੀ ਪੋਥੀ ਬਖਸ਼ੀ ਉਹ ਬਾਅਦ ਵਿਚ ਸ਼ਬਦ-ਸਰੂਪ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸ਼ਬਦ-ਗੁਰੂ ਵਜੋਂ ਸਤਿਕਾਰੀ ਗਈ। ਆਪ ਦੇ ਜੀਵਨ ਕਾਲ ਦੌਰਾਨ ਪੋਥੀ ਦਾ ਪ੍ਰਕਾਸ਼ ਵੀ ਗੁਰਦੁਆਰੇ ਵਿਚ ਹੋ ਗਿਆ। ਇਸ ਤਰ੍ਹਾਂ ਗੁਰੂ, ਗੁਰ-ਸ਼ਬਦ, ਗੁਰ-ਗ੍ਰੰਥ ਦੇ ਨਾਲ-ਨਾਲ ਗੁਰੂ ਦੇ ਦੁਆਰੇ ਦੀ ਸਥਾਪਨਾ ਵੀ ਹੋ ਗਈ। ਇਸ ਗੁਰਦੁਆਰੇ ਵਿਚ ਗੁਰੂ ਦੇ ਸਿੱਖ, ਸੰਗਤ ਦੇ ਰੂਪ ਵਿਚ ਗਤੀਸ਼ੀਲ ਹੋ ਗਏ। ਵਿਸ਼ਵ ਪੱਧਰ 'ਤੇ ਧਰਮਾਂ ਦੇ ਵਿਕਾਸ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਹਰੇਕ ਧਰਮ ਨੂੰ ਸੰਸਥਾਈ ਰੂਪ ਗ੍ਰਹਿਣ ਕਰਨ ਲਈ ਪੈਗ਼ੰਬਰ, ਪੈਗ਼ਾਮ, ਗ੍ਰੰਥ, ਸਥਾਨ ਅਤੇ ਸੰਗਤ ਦੀ ਜ਼ਰੂਰਤ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਦੌਰਾਨ ਇਹਨਾਂ ਪੰਜਾਂ ਘਟਕਾਂ ਦੇ ਸਮਾਨਾਂਤਰ ਸਿੱਖ ਧਰਮ ਦੇ ਪੰਜ ਘਟਕ ਸਰੂਪ ਗ੍ਰਹਿਣ ਕਰਦੇ ਹਨ। ਬਾਕੀ ਧਰਮਾਂ ਦੇ ਮੁਕਾਬਲੇ ਸਿੱਖ ਧਰਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਪੰਜਾਂ ਘਟਕਾਂ (ਗੁਰੂ, ਗੁਰ-ਸ਼ਬਦ, ਗੁਰ-ਗ੍ਰੰਥ, ਗੁਰ-ਦੁਆਰ ਅਤੇ ਗੁਰ-ਸੰਗਤ) ਦਾ ਕੇਂਦਰ ਬਿੰਦੂ ਗੁਰੂ ਹੈ। ਗੁਰੂ ਅਰਜਨ ਦੇਵ ਜੀ ਗੁਰੂ ਦੀ ਸੰਕਲਪਾਤਮਕਤਾ ਵਿਚ ਆਪਣੇ ਤੋਂ ਪੂਰਬਲੇ ਗੁਰੂ ਸਾਹਿਬ ਨੂੰ ਨਾਨਕ ਵਜੋਂ ਅੰਕਿਤ ਕਰਦੇ ਹਨ ਪਰ ਨਾਲ ਹੀ ਗੁਰਬਾਣੀ ਦੀ ਅਧਾਰ-ਸੰਕਲਪਨਾ ਵਜੋਂ ਅਕਾਲ ਪੁਰਖ ਨੂੰ ਆਦਿ ਗੁਰੂ ਵਜੋਂ ਸੰਚਾਰਦੇ ਹਨ :

*ਆਦਿ ਗੁਰਏ ਨਮਹ॥*
*ਜੁਗਾਦਿ ਗੁਰਏ ਨਮਹ॥*
*ਸਤਿਗੁਰਏ ਨਮਹ॥*
*ਸ੍ਰੀ ਗੁਰਦੇਵਏ ਨਮਹ॥*

(ਗਉੜੀ ਸੁਖਮਨੀ, ਮਹਲਾ ੫)

ਗੁਰਬਾਣੀ ਦੀ ਸੰਚਾਰਾਤਮਕਤਾ ਪੁਰਖ, ਅਕਾਲ-ਪੁਰਖ ਅਤੇ ਗੁਰੂ ਦੀ ਤ੍ਰਿਕੋਣੀ ਤੇ ਤ੍ਰਿਭੁਜੀ ਅੰਤਰ-ਸੰਬੰਧਤਾ ਵਿਚ ਵਿਚਰਦੀ ਹੈ। ਬਾਣੀਕਾਰ ਆਪਣੇ ਅਨੁਭਵ ਦੇ ਸੰਚਾਰ ਲਈ ਇਸੇ ਸੰਬੰਧਾਤਮਕਤਾ ਨੂੰ ਮੁੱਖ ਹਵਾਲਾ ਬਿੰਦੂ ਬਣਾਉਂਦੇ ਹਨ। ਸਿੱਖ ਧਰਮ ਦੇ ਗ੍ਰੰਥ ਦੀ ਇਹ ਵਿਸ਼ੇਸ਼ਤਾ ਹੈ ਕਿ ਇਸਦੇ ਬਾਣੀਕਾਰ ਨਾ ਕੇਵਲ ਆਪਣੇ ਅਨੁਭਵ ਨੂੰ ਸੰਚਾਰਤ ਹੀ ਕਰਦੇ ਹਨ, ਬਲਕਿ ਆਪਣੇ ਸਿੱਖਾਂ ਨੂੰ ਅਨੁਭਵ ਪ੍ਰਾਪਤ ਕਰਨ ਯੋਗ ਬਣਾਉਣ ਲਈ ਪੱਥ-ਪ੍ਰਦਰਸ਼ਨ ਵੀ ਕਰਦੇ ਹਨ। ਇਸੇ ਲਈ ਉਹਨਾਂ ਦੀ ਬਾਣੀ ਕੇਵਲ ਸਾਹਿਤ ਸਿਰਜਣਾ ਨਹੀਂ ਬਲਕਿ ਸਾਹਿਤ ਸਿਰਜਣਾਵਾਂ ਦੇ ਵਿਧਾਗਤ ਸਰੂਪ ਦੇ ਮਾਧਿਅਮ ਵਾਲਾ ਇਲਹਾਮੀ ਪ੍ਰਵਚਨ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣਾ ਇਹ ਪ੍ਰਵਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਉਹਨਾਂ ਦੀ ਆਪਣੀ ਬਾਣੀ ਦੇ ਰੂਪ ਵਿਚ ਮਹੱਲਾ ਪੰਜਵਾਂ ਦੇ ਅੰਤਰਗਤ ਅੰਕਿਤ ਕੀਤਾ। ਇਥੇ ਆਪ ਦੁਆਰਾ ਬਖਸ਼ੀ ਇਕ ਬਾਣੀ ਥਿਤੀ ਗਉੜੀ ਮਹਲਾ ਪੰਜਵਾਂ ਦੇ ਹਵਾਲੇ ਨਾਲ ਆਪ ਦੇ ਸ਼ਬਦ-ਸਰੂਪ ਦੀਆਂ ਕੁਝ ਪਰਤਾਂ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਸਲੋਕ ਤੇ

Sri Satguru Jagjit Singh Ji Elibrary NamdhariElibrary@gmail.com

ਪਉੜੀ-ਪ੍ਰਬੰਧ ਵਿਚ ਗਉੜੀ ਰਾਗ ਵਿਚ ਲਿਖੀ ਇਸ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਥਿਤਾਂ ਦਾ ਅਧਿਆਤਮਿਕ ਸੰਦਰਭ ਚਿਤਰਿਆ ਹੈ। ਪੰਜਾਬੀ ਵਿਚ 'ਥਿਤੀ' ਕਾਵਿ-ਰੂਪ ਵਿਚ ਬਾਣੀ-ਉਚਾਰਣ ਦਾ ਅਰੰਭ ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਰਾਗ ਵਿਚ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਥਿਤੀ' ਵਿਚ ਕੁੱਲ 17 ਪਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਇਕ-ਇਕ ਸਲੋਕ ਦਰਜ ਹੈ। ਪਉੜੀਆਂ ਅਤੇ ਸਲੋਕਾਂ ਵਿਚ ਭਾਵਾਂ ਦੀ ਸਮਾਨਤਾ ਹੈ। ਪਹਿਲੀ ਪਉੜੀ ਦੇ ਮੁੱਕਣ 'ਤੇ ਤੁਕਾਂ 'ਰਹਾਉ' ਦੀਆਂ ਲਿਖੀਆਂ ਹਨ। ਹਰ ਪਉੜੀ ਅੱਠ-ਅੱਠ ਤੁਕਾਂ ਦੀ ਹੈ ਸਿਵਾਏ 13ਵੀਂ ਦੇ ਜਿਸ ਵਿਚ ਦਸ ਤੁਕਾਂ ਹਨ। ਤੁਕਾਂ ਦਾ ਆਕਾਰ ਇਕ ਸਮਾਨ ਨਹੀਂ ਹੈ। ਕੁਝ ਲੰਬੀਆਂ ਹਨ ਅਤੇ ਕੁਝ ਛੋਟੀਆਂ। ਸਲੋਕ ਦੋ-ਦੋ ਤੁਕਾਂ ਦੇ ਦੋਹਿਰਾ-ਸੋਰਠਾ-ਬੰਧ ਵਿਚ ਹਨ। ਏਕਮ ਤੋਂ ਚੌਦਸ ਤੱਕ ਕ੍ਰਿਸ਼ਣ ਅਤੇ ਸ਼ੁਕਲ ਦੋਹਾਂ ਪੱਖਾਂ ਦਾ ਚਿਤਰਣ ਹੋਇਆ ਹੈ। 15ਵੀਂ ਪਉੜੀ ਵਿਚ ਅਮਾਵਸ ਅਤੇ 16ਵੀਂ ਪਉੜੀ ਵਿਚ ਪੂਰਣਿਮਾ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਅਮਾਵਸ ਵਿਚ ਮਨੁੱਖ ਭਟਕਦਾ ਹੈ ਅਤੇ ਪੂਰਣਿਮਾ ਵਿਚ ਹਰਿ-ਪ੍ਰਾਪਤੀ ਪਥ ਉੱਤੇ ਅੱਗੇ ਵਧਦਾ ਹੈ। 17ਵੀਂ ਪਉੜੀ ਵਿਚ ਪਰਮਾਤਮਾ ਦੀ ਸ਼ਰਣ ਵਿਚ ਜਾਣ ਨਾਲ ਸਾਰੇ ਕਲੇਸ਼ਾਂ ਦੇ ਨਾਸ਼ ਹੋਣ ਦੀ ਵੀ ਗੱਲ ਕੀਤੀ ਗਈ ਹੈ।[1]

'ਥਿਤੀ' ਵਿਚ ਸਲੋਕਾਂ ਅਤੇ ਪਉੜੀਆਂ ਦਾ ਵਿਧਾਨ ਇਸਨੂੰ ਸਾਹਿਤਕ ਪੱਧਰ ਤੇ ਅਧਿਆਤਮਕ ਵਾਰ ਦਾ ਸਰੂਪ ਪ੍ਰਦਾਨ ਕਰਦਾ ਹੈ। ਇਹ ਤੱਥ ਇਸ ਬਾਣੀ ਦੇ ਪਾਠ ਪ੍ਰਵਾਹ ਤੋਂ ਵੀ ਉਜਾਗਰ ਹੁੰਦਾ ਹੈ। ਇਸ ਪਾਠ ਦਾ ਪਹਿਲਾ ਸਲੋਕ ਤੇ ਪਹਿਲੀ ਪਉੜੀ ਅਤੇ ਅੰਤਿਮ ਸਲੋਕ ਅਤੇ ਅੰਤਿਮ ਪਉੜੀ ਇਕ ਅਕਾਲ ਪੁਰਖ ਨੂੰ ਕ੍ਰਮਵਾਰੀ 'ਏਕੰਕਾਰ' ਅਤੇ 'ਪੂਰਨ ਪ੍ਰਭ ਏਕੁ' ਵਜੋਂ ਚਿਤਰਦੀ ਹੈ।

*ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥*
*ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ॥*
*ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ॥*

(ਥਿਤੀ ਗਉੜੀ, ਮਹਲਾ ੫, ਪੰਨਾ ੨੯੬)

*ਪੂਰਨ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ॥*
*ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥*
*ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ॥*

(ਉਹੀ, ਪੰਨਾ ੩੦੦)

ਇਕ ਗਣਿਤ ਵਿਦਿਆ ਦਾ ਪਹਿਲਾ ਅੰਕ ਹੈ। ਗੁਰਬਾਣੀ ਵਿਚ ਇਸ ਨੂੰ ਬ੍ਰਹਮ-ਵਾਚਕ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਨੇ ਮੂਲ-ਮੰਤ੍ਰ ਦੇ ਅਰੰਭ ਵਿਚ 'ਓਅੰਕਾਰ' ਤੋਂ ਪਹਿਲਾਂ '੧' (ਇਕ) ਸੰਖਿਆ-ਅੰਕ ਜੋੜ ਕੇ ਇਸਦਾ ਸਰੂਪ ਨਿਸ਼ਚਿਤ ਕਰ ਦਿੱਤਾ ਹੈ।[2]

ਗੁਰੂ ਅਰਜਨ ਦੇਵ ਜੀ ਵੀ ਅਕਾਲ ਪੁਰਖ ਦੀ ਉਸਤਤ ਕਰਨ ਸਮੇਂ ਉਸਨੂੰ 'ਅਨੇਕਤਾ' ਦੇ ਪਰਿਪੇਖ ਵਿਚ 'ਇਕ' ਵਜੋਂ ਚਿਤਵਦੇ ਹਨ। ਦਿਸਦੀ ਅਨੇਕਤਾ ਉਸ ਅਦਿੱਖ ਇਕ ਦੀ ਹੀ

Sri Satguru Jagjit Singh Ji Elibrary NamdhariElibrary@gmail.com

ਆਪਣੀ ਖ਼ੁਸ਼ੀ ਲਈ ਕੀਤੀ ਗਈ ਸਿਰਜਨਾ ਹੈ ਅਤੇ ਉਹ ਆਪ ਇਸ ਵਿਚ ਸਮਾਇਆ ਹੋਇਆ ਹੈ। ਉਹ ਆਪ ਹੀ ਦਾਤਾ ਹੈ, ਆਪ ਹੀ ਭੁਗਤਾ ਹੈ ਅਤੇ ਆਪ ਹੀ ਦੇਣਹਾਰ ਹੈ। ਪੁਰਖ ਦੇ ਪਰਤੱਖਣ ਵਿਚ ਆਉਣ ਵਾਲੇ ਸਾਰੇ ਵਰਤਾਰੇ ਉਸ ਅਪ੍ਰਤੱਖ ਦੇ ਹੁਕਮ ਵਿਚ ਵਿਚਰਦੇ ਹਨ :

*ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨਾ ਜਾਇ॥*
*ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ॥*
*ਗੋਬਿੰਦ ਜਸੁ ਗਾਈਐ ਹਰਿ ਨੀਤ॥*
*ਮਿਲਿ ਭਜੀਐ ਸਾਧਸੰਗਿ ਮੇਰੇ ਮੀਤ॥*

(ਉਹੀ, ਪੰਨਾ ੨੯੬)

ਪੁਰਖ ਦੀ ਪ੍ਰਕਿਰਤੀ ਉਸਨੂੰ 'ਦੁਤੀਆ ਭਾਉ' ਪ੍ਰਦਾਨ ਕਰਦੀ ਹੈ ਪਰ ਗੁਰੂ ਦੀ ਬਖਸ਼ੀ ਸਾਧ ਸੰਗਤ ਉਸਦੀ ਇਸ ਦੁਰਮਤਿ ਵਾਲੀ ਭ੍ਰਮ ਦ੍ਰਿਸ਼ਟੀ ਨੂੰ ਦੂਰ ਕਰਦੀ ਹੈ। ਸਾਧ ਸੰਗਤ ਵਿਚ ਹੀ ਉਹ ਆਪਣੇ ਆਪੇ ਨੂੰ ਤਜਿ ਕੇ ਪਾਰਬ੍ਰਹਮ ਵਿਚ ਲੀਨ ਹੁੰਦਾ ਹੈ ਅਤੇ ਦੁੱਖਾਂ ਤੇ ਕਲੇਸ਼ਾਂ ਨੂੰ ਸਮਝਣ ਦੇ ਯੋਗ ਹੁੰਦਾ ਹੈ :

*ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ॥*
*ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ॥*
*ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ॥*
*ਰਾਮ ਰਤਨ ਮਨਿ ਤਨਿ ਬਸੈ ਤਜਿ ਕਾਮ ਕ੍ਰੋਧ ਲੋਭ ਮੀਤ॥*
*ਮਰਣ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥*

(ਉਹੀ, ਪੰਨਾ ੨੯੬)

ਆਪਣੀ ਪ੍ਰਕਿਰਤੀ ਅਨੁਸਾਰ ਪੁਰਖ ਤਿੰਨ ਗੁਣਾਂ ਦਾ ਧਾਰਨੀ ਹੈ। ਇਹ ਤਿੰਨ ਗੁਣ ਹਨ—ਸੱਤਵ, ਰਜਸ ਅਤੇ ਤਮਸ। ਸੱਤਵ (ਸਤੋ) ਦਾ ਅਰਥ ਹੈ ਪ੍ਰਕਾਸ਼ ਕਰਨ ਵਾਲਾ ਜਾਂ ਗਿਆਨ। ਇਸਨੂੰ ਤਿੰਨਾਂ ਗੁਣਾਂ ਵਿਚੋਂ ਪ੍ਰਧਾਨਤਾ ਪ੍ਰਾਪਤ ਹੈ। ਇਸਦਾ ਕਾਰਜ ਉਪਰ ਜਾਂ ਉਥਾਨ ਵੱਲ ਵਿਕਸਿਤ ਹੋਣਾ ਹੈ। ਰਜਸ (ਰਜੋ) ਦਾ ਅਰਥ ਗਤਿ ਜਾਂ ਕ੍ਰਿਆ ਹੈ। ਇਸ ਨਾਲ ਸ੍ਰਿਸ਼ਟੀ ਵਿਚ ਗਤਿਮਾਨਤਾ ਦੀ ਸਥਿਤੀ ਪੈਦਾ ਹੁੰਦੀ ਹੈ। ਤਮਸ (ਤਮੋ) ਦਾ ਅਰਥ ਹੈ ਅੰਧਕਾਰ ਜਾਂ ਜੜਤਾ। ਇਹ ਪਹਿਲੇ ਦੋ ਗੁਣਾਂ ਦੇ ਸੰਚਾਲਨ ਦਾ ਨਿਰੋਧਕ ਅਤੇ ਅਧਰਮ, ਅਗਿਆਨ ਆਦਿ ਦਾ ਕਾਰਨ ਹੈ।[1] ਤਿੰਨ ਗੁਣਾਂ ਦੀ ਪ੍ਰਕਿਰਤੀ ਦੀ ਸਮਝ ਵਾਲੀ ਸੁਰਤ ਉਸਨੂੰ ਚੌਥੇ ਗੁਣ ਦਾ ਪਾਤਰ ਬਣਾਉਂਦੀ ਹੈ :

*ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥*
*ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥*

(ਉਹੀ, ਪੰਨਾ ੨੯੭)

ਆਪਣੀ ਪ੍ਰਕਿਰਤੀ ਵਿਚ ਵਿਚਰਦਾ ਮਨੁੱਖ ਇਹਨਾਂ ਤਿੰਨਾਂ ਗੁਣਾਂ ਦੇ ਅਧੀਨ ਰਹਿੰਦਾ ਹੈ ਅਤੇ ਇਹਨਾਂ ਤਿੰਨਾਂ ਗੁਣਾਂ ਨਾਲ ਜੁੜੇ ਹੋਏ 'ਆਧਿ ਬਿਆਧਿ ਤੇ ਉਪਾਧਿ' ਰਸਾਂ ਵਿਚ ਉਲਝਿਆ ਰਹਿੰਦਾ ਹੈ :

Sri Satguru Jagjit Singh Ji Elibrary NamdhariElibrary@gmail.com

*ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੇ ਤਾਪ॥*
*ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ॥*
*ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ॥*
*ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ॥*

(ਉਹੀ, ਪੰਨਾ ੨੯੭)

ਚਾਰ ਪਦਾਰਥ ਤੇ ਅੱਠ ਸਿੱਧੀਆਂ ਦੀ ਪ੍ਰਾਪਤੀ ਉਸਦਾ ਟੀਚਾ ਰਹਿੰਦੀਆਂ ਹਨ। "ਇਹਨਾਂ ਚਾਰ ਪਦਾਰਥਾਂ ਦਾ ਸੰਬੰਧ 'ਪੁਰੁਸ਼ਾਰਥ' ਨਾਲ ਹੈ। ਪੁਰੁਸ਼ਾਰਥ ਤੋਂ ਭਾਵ ਹੈ—ਪੁਰਸ਼ ਦੁਆਰਾ ਪ੍ਰਾਪਤ ਕਰਮ ਯੋਗ। ਹਿੰਦੂ-ਧਰਮ ਦੇ ਚਿੰਤਕਾਂ ਨੇ ਚਾਰ ਪੁਰੁਸ਼ਾਰਥ ਮੰਨੇ ਹਨ—ਧਰਮ, ਅਰਥ, ਕਾਮ ਅਤੇ ਮੋਕਸ਼, ਇਹਨਾਂ ਨੂੰ ਹੀ 'ਚਾਰ ਪਦਾਰਥ' ਕਿਹਾ ਜਾਂਦਾ ਹੈ। 'ਧਰਮ' ਦਾ ਅਰਥ ਹੈ ਜੀਵਨ ਦੇ ਕਰਤੱਵ ਨੂੰ ਪਾਲਣ ਵਾਲੇ ਤੱਤ। 'ਅਰਥ' ਤੋਂ ਭਾਵ ਹੈ ਜੀਵ ਦੇ ਭੌਤਿਕ ਸਾਧਨ। 'ਕਾਮ' ਦਾ ਅਰਥ ਹੈ ਜੀਵਨ ਦੀਆਂ ਜਾਇਜ਼ ਜਾਂ ਉਚਿਤ ਕਾਮਨਾਵਾਂ। 'ਮੋਕਸ਼' ਦਾ ਅਰਥ ਹੈ ਸੰਸਾਰਿਕ ਬੰਧਨਾਂ ਤੋਂ ਖਲਾਸੀ। ਇਹਨਾਂ ਵਿਚੋਂ ਪਹਿਲੇ ਤਿੰਨ ਦਾ ਸੰਬੰਧ ਸੰਸਾਰਿਕਤਾ ਨਾਲ ਹੈ ਅਤੇ ਚੌਥੇ ਦਾ ਸੰਬੰਧ ਪਰਮ-ਪਦ ਦੀ ਪ੍ਰਾਪਤੀ ਨਾਲ। ਇਹਨਾਂ ਚੌਹਾਂ ਪਦਾਰਥਾਂ ਵਿਚ ਵਿਕਾਸ-ਕ੍ਰਮ ਦੀ ਇਕ ਸੰਗਲੀ ਚਲਦੀ ਹੈ। ਇਕ ਦੇ ਪੂਰਾ ਹੋਣ ਤੋਂ ਬਾਅਦ ਦੂਜੇ ਦੀ ਪ੍ਰਾਪਤੀ ਹੁੰਦੀ ਹੈ। ਇਹਨਾਂ ਨੂੰ ਚਾਰ ਆਸ਼ਰਮਾਂ ਨਾਲ ਵੀ ਸੰਬੰਧਿਤ ਕੀਤਾ ਗਿਆ ਹੈ।"[4] "ਇਸਦੇ ਨਾਲ ਹੀ 'ਸਿੱਧੀ' ਤੋਂ ਭਾਵ ਹੈ ਸਾਧਨਾਂ ਦੁਆਰਾ ਪ੍ਰਾਪਤ ਕੀਤੀ ਅਲੌਕਿਕ ਸ਼ਕਤੀ। ਅਜਿਹੀਆਂ ਸਿੱਧੀਆਂ ਦੇ ਸੁਆਮੀ ਨੂੰ ਸਿੱਧ ਕਿਹਾ ਜਾਂਦਾ ਹੈ। ਸਿੱਧੀਆਂ ਦੀ ਗਿਣਤੀ ਅਠਾਰਾਂ (18) ਹੈ (ਅਣਿਮਾ : ਅਣੂ ਵਾਂਗ ਲਘੂ ਜਾਂ ਅਦ੍ਰਿਸ਼ ਹੋ ਸਕਣਾ; ਲਘਿਮਾ : ਹਲਕਾ ਬਣ ਕੇ ਉੱਡ ਸਕਣਾ; ਮਹਿਮਾ : ਪਰਬਤ ਵਾਂਗ ਭਾਰਾ ਹੋ ਸਕਣਾ; ਪ੍ਰਾਪਤੀ : ਕਿਤੋਂ ਵੀ ਕੋਈ ਵਸਤੂ ਪ੍ਰਾਪਤ ਕਰ ਸਕਣਾ; ਪ੍ਰਾਕਾਮਯ : ਇੱਛਾ-ਸ਼ਕਤੀ ਨੂੰ ਕਿਸੇ ਪ੍ਰਕਾਰ ਦੀ ਰੋਕ ਤੋਂ ਮੁਕਤ ਕਰ ਸਕਣਾ; ਵਸਿਤ੍ਵ : ਸਾਰੇ ਪ੍ਰਾਣੀਆਂ ਨੂੰ ਵਸ ਵਿਚ ਕਰ ਸਕਣਾ; ਈਸ਼ਿਤ੍ਵ : ਸਾਰੇ ਪਦਾਰਥਾਂ ਉੱਤੇ ਅਧਿਕਾਰ ਜਮਾ ਸਕਣਾ; ਕਾਮ ਵਸਾਯਿਤਾ : ਸਾਧਕ ਦੇ ਹਰ ਪ੍ਰਕਾਰ ਦੇ ਸੰਕਲਪਾਂ ਦਾ ਪੂਰਾ ਹੋ ਸਕਣਾ; ਅਨੂਰਮਿ : ਭੁੱਖ ਤ੍ਰੇਹ ਦਾ ਨਾ ਲਗਣਾ; ਦੂਰ-ਸ਼੍ਰਵਣ : ਦੂਰੋਂ ਸਾਰੀ ਗੱਲ ਸੁਣ ਸਕਣੀ; ਦੂਰ-ਦਰਸ਼ਨ : ਦੂਰ ਤੋਂ ਹੀ ਕੋਈ ਵਸਤੂ ਵੇਖ ਸਕਣਾ; ਮਨੋਵੇਗ : ਮਨ ਦੀ ਚਾਲ ਵਾਂਗ ਜਲਦੀ ਜਾ ਸਕਣਾ; ਕਾਮ-ਰੂਪ : ਮਨ ਚਾਹਿਆ ਰੂਪ ਧਾਰਨ ਕਰ ਸਕਣਾ; ਪ੍ਰਕਾਯ-ਪ੍ਰਵੇਸ : ਕਿਸੇ ਹੋਰ ਦੀ ਦੇਹ ਵਿਚ ਪ੍ਰਵੇਸ਼ ਕਰ ਸਕਣਾ; ਸ੍ਵਛੰਦ-ਮ੍ਰਿਤੂ : ਆਪਣੀ ਇੱਛਾ ਅਨੁਸਾਰ ਮਰ ਸਕਣਾ; ਸੁਰ-ਕ੍ਰੀੜਾ : ਦੇਵਤਿਆਂ ਨਾਲ ਮਿਲ ਕੇ ਮੌਜ ਮੇਲਾ ਕਰ ਸਕਣਾ; ਸੰਕਲਪ-ਸਿੱਧੀ : ਚਿਤਵਨ ਅਨੁਸਾਰ ਸਭ ਕੁਝ ਪੂਰਾ ਕਰ ਸਕਣਾ; ਅਪ੍ਰਤਿਹਤ-ਗਤਿ : ਹਰ ਥਾਂ ਬੇਰੋਕ ਜਾ ਸਕਣਾ।"[5] ਗੁਰੂ ਅਰਜਨ ਦੇਵ ਜੀ ਪੁਰਖ ਦੀ ਇਸ ਪ੍ਰਾਪਤੀ ਨੂੰ ਨਾਮ ਸਿਮਰਨ ਦੇ ਨਾਲ ਜੋੜਦੇ ਹਨ :

*ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥*
*ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ॥*
*ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥*

Sri Satguru Jagjit Singh Ji Elibrary NamdhariElibrary@gmail.com

*ਸਰਬ ਖੇਮ ਕਲਿਆਣ ਨਿਧਿ ਰਾਮਨਾਮੁ ਜਪਿ ਸਾਰੁ॥*

(ਉਹੀ, ਪੰਨਾ ੨੯੭)

ਪੁਰਖ ਆਪਣੀ ਪ੍ਰਕਿਰਤੀ ਅਨੁਸਾਰ ਪੰਜ ਲੱਛਣਾਂ ਦਾ ਧਾਰਨੀ ਹੈ। ਇਹਨਾਂ ਪੰਜ ਲੱਛਣਾਂ ਨੂੰ ਵਿਕਾਰ ਕਿਹਾ ਗਿਆ ਹੈ ਭਾਵ ਮਨ ਦਾ ਸੰਤੁਲਨ ਵਿਗਾੜਨ ਵਾਲੀਆਂ ਬਿਰਤੀਆਂ ਨੂੰ 'ਵਿਕਾਰ' ਕਿਹਾ ਜਾਂਦਾ ਹੈ। ਇਹਨਾਂ ਦੀ ਮੁੱਖ ਤੌਰ 'ਤੇ ਗਿਣਤੀ ਪੰਜ ਹੈ ਜਿਵੇਂ— ਕਾਮ, ਕ੍ਰੋਧ, ਲੋਭੁ, ਮੋਹ, ਹੰਕਾਰ। ਇਹ ਵਿਕਾਰ ਮਾਇਆ ਦੇ ਪਰਿਵਾਰ ਦੇ ਪ੍ਰਮੁੱਖ ਮੈਂਬਰ ਹਨ।[6] ਇਹਨਾਂ ਦੀ ਸੋਝੀ ਹੀ ਇਹਨਾਂ ਦੇ ਨਿਯੰਤਰਣ ਦਾ ਦੁਆਰ ਖੋਲ੍ਹਦੀ ਹੈ, ਜਿਸਦਾ ਮਾਰਗ ਸਾਧ ਸੰਗਤ ਵਿਚੋਂ ਉਪਲਬਧ ਹੁੰਦਾ ਹੈ :

*ਪੰਚ ਬਿਕਾਰ ਮਨ ਮਾਹਿ ਬਸੇ ਰਾਚੇ ਮਾਇਆ ਸੰਗਿ॥*
*ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ॥*
*ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ॥*
*ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ॥*

(ਉਹੀ, ਪੰਨਾ ੨੯੭)

ਗੁਰੂ ਸਾਹਿਬ ਤੋਂ ਪੂਰਬਲੀ ਗਿਆਨ ਪਰੰਪਰਾ ਅਕਾਲ ਪੁਰਖ ਦੀ ਉਸਤਤ ਵੱਲ ਰੁਚਿਤ ਹੈ। ਇਸ ਪਰੰਪਰਾ ਨੂੰ ਖਟ ਸ਼ਾਸਤਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ :

*ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ॥*
*ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰਿ॥*
*ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ॥*
*ਊਤਮ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ॥*

(ਉਹੀ, ਪੰਨਾ ੨੯੭)

ਭਾਰਤੀ ਦਰਸ਼ਨ ਵਿਚ ਖਟ-ਸ਼ਾਸਤ੍ਰ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। 'ਖਟ' ਤੋਂ ਭਾਵ ਹੈ 'ਛੇ' ਅਤੇ 'ਸ਼ਾਸਤ੍ਰ' ਤੋਂ ਭਾਵ ਹੈ ਸਿਧਾਂਤਿਕ ਰਚਨਾ, ਜਿਸ ਰਾਹੀਂ ਆਦੇਸ਼ ਜਾਂ ਸਿਖਿਆ ਦਿੱਤੀ ਜਾਵੇ। ਇਸ ਤਰ੍ਹਾਂ ਖਟ-ਸ਼ਾਸਤ੍ਰ ਤੋਂ ਭਾਵ ਹੈ ਹਿੰਦੂ-ਧਰਮ ਦੇ ਛੇ-ਦਰਸ਼ਨ।[7] ਇਸ ਦਰਸ਼ਨ ਦਾ ਮੂਲ ਸਾਧ ਸੰਗਤ ਵਿਚ ਨਾਮ ਸਿਮਰਨਾ ਹੈ :

*ਲਾਹੂ ਮਿਲੈ ਤੋਟਾ ਹਿਰੈ ਸਾਧਸੰਗਿ ਲਿਵ ਲਾਇ॥*
*ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮ ਧਿਆਇ॥*

(ਉਹੀ, ਪੰਨਾ ੨੯੮)

ਸਾਧ ਸੰਗਤ ਜਾਂ ਸੰਤ ਸੰਗਤ ਇਕ ਤਾਂ ਪੁਰਖ ਨੂੰ ਆਪਾ ਤਿਆਗ ਕਰਨ ਅਤੇ ਦੂਜਾ ਨਾਮ ਸਿਮਰਨ ਦਾ ਬੋਧ ਪ੍ਰਦਾਨ ਕਰਦੀ ਹੈ :

*ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ॥*
*ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ॥*
*ਸਪਤਮ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ॥*

Sri Satguru Jagjit Singh Ji Elibrary NamdhariElibrary@gmail.com

*ਸੰਤ ਸੰਗਤਿ ਮਹਿ ਪਾਈਐ ਅੰਤ ਨ ਪਾਰਾਵਾਰ॥*
*ਆਪੁ ਤਜਹੁ ਗੋਬਿੰਦੁ ਭਜਹੁ ਸਰਨਿ ਪਰਹੁ ਹਰਿਰਾਇ॥*

(ਉਹੀ, ਪੰਨਾ ੨੯੮)

ਨਾਮ ਸਿਮਰਨ ਕਾਲ ਕੇਂਦਰਿਤ ਕਰਮ ਨਹੀਂ ਬਲਕਿ ਲਗਾਤਾਰ ਸ਼ਬਦ ਤੇ ਸੁਰਤ ਦੇ ਸੰਪਰਕ ਦਾ ਨਾਂ ਹੈ :

*ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ॥*
*ਜਮ ਕੰਕਰੁ ਜੋਹਿ ਨ ਸਕਈ ਨਾਨਕ ਪ੍ਰਭ ਦਇਆਲ॥*

(ਉਹੀ, ਪੰਨਾ ੨੯੮)

ਗੁਰੂ ਦੀ ਸੰਗਤ ਵਿਚ ਲਗਾਤਾਰਤਾ ਦਾ ਇਹ ਕ੍ਰਮ ਪੁਰਖ ਨੂੰ ਨੌ ਨਿੱਧੀਆਂ ਤੇ ਅਠਾਰਾਂ ਸਿੱਧੀਆਂ ਦਾ ਮਾਲਕ, ਸਗਲ ਪਦਾਰਥਾਂ ਦੀ ਬੁਧ ਅਤੇ ਸਦਾ ਅਨੰਦ ਦੀ ਅਵਸਥਾ ਪ੍ਰਦਾਨ ਕਰਦਾ ਹੈ :

*ਅਸਟਮੀ ਅਸਟ ਸਿਧਿ ਨਵ ਨਿਧਿ॥*
*ਸਗਲ ਪਦਾਰਥ ਪੂਰਨ ਬੁਧਿ॥*
*ਕਵਲ ਪ੍ਰਗਾਸ ਸਦਾ ਆਨੰਦ॥*

(ਉਹੀ, ਪੰਨਾ ੨੯੮)

'ਨਿੱਧੀ' ਤੋਂ ਭਾਵ ਹੈ ਖ਼ਜ਼ਾਨਾ। ਯੌਗਿਕ ਜਾਂ ਤਾਂਤਰਿਕ ਸਾਧਨਾਂ ਵਿਚ ਸਿੱਧੀ ਦੀ ਸਥਿਤੀ ਵਿਚ ਪਹੁੰਚਣ ਵਾਲਿਆਂ ਲਈ ਨੌ ਪ੍ਰਕਾਰ ਦੀਆਂ ਨਿੱਧੀਆਂ ਦੀ ਪ੍ਰਾਪਤੀ ਦੀ ਕਲਪਨਾ ਕੀਤੀ ਗਈ ਹੈ। ਹਿੰਦੂ-ਮਤ ਦੇ ਪੁਰਾਤਨ ਗ੍ਰੰਥਾਂ ਵਿਚ ਇਹਨਾਂ ਨੌ ਨਿੱਧੀਆਂ ਦੇ ਨਾਂ ਇਸ ਪ੍ਰਕਾਰ ਹਨ—ਪਦਮ, ਮਹਾਪਦਮ, ਸੰਖ, ਮਕਰ, ਕੱਛਪ, ਮੁਕੰਦ, ਕੁੰਦ, ਨੀਲ ਅਤੇ ਵਰਚ। ਗੰਭੀਰਤਾ ਨਾਲ ਘੋਖਿਆਂ ਇਹ ਨਿੱਧੀਆਂ ਅਮੁੱਲੇ ਰਤਨਾਂ ਦੀਆਂ ਵਾਚਕ ਸਿੱਧ ਹੁੰਦੀਆਂ ਹਨ, ਜੋ ਪ੍ਰਕਾਰਾਂਤਰ ਨਾਲ ਹਰ ਪ੍ਰਕਾਰ ਦੀ ਧਨ-ਸੰਪਦਾ ਦੀਆਂ ਪ੍ਰਤੀਕ ਹਨ। ਇਹਨਾਂ ਨਿੱਧੀਆਂ ਦਾ ਸੁਆਮੀ ਕੁਬੇਰ ਨੂੰ ਮੰਨਿਆ ਜਾਂਦਾ ਹੈ। ਇਹਨਾਂ ਰਿੱਧੀਆਂ-ਸਿੱਧੀਆਂ ਦਾ ਭੋਗਣ ਵਾਲਾ ਸਰੀਰ ਨੌਂਵਾਂ ਦੁਆਰਾਂ ਦੀ ਅਪਵਿਤਰਤਾ ਵਿਚ ਲੀਨ ਰਹਿੰਦਾ ਹੈ। ਇਸੇ ਲਈ ਕਾਲਯੁਕਤਤਾ ਵਿਚ ਫਸਿਆ ਰਹਿੰਦਾ ਹੈ :

*ਨਉਮੀ ਨਵੇ ਛਿਦ੍ਰ ਅਪਵੀਤ॥*
*ਹਰਿਨਾਮੁ ਨ ਜਪਹਿ ਕਰਤ ਬਿਪਰੀਤ॥*
*ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ॥*
— — — — — — — — — — —
*ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ॥*

(ਉਹੀ, ਪੰਨਾ ੨੯੮)

ਦਸਮੇਂ ਦੁਆਰ ਦੀ ਸੋਝੀ ਅਤੇ ਸੰਜਮ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੁੰਦਾ ਹੈ :

*ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥*

Sri Satguru Jagjit Singh Ji Elibrary NamdhariElibrary@gmail.com

*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥*
*ਦਸਮੀ ਦਸ ਦੁਆਰ ਬਸਿ ਕੀਨੇ॥*
*ਮਨ ਸੰਤੋਖੁ ਨਾਮ ਜਪਿ ਲੀਨੇ॥*
*ਨਾਨਕ ਇਹ ਸੰਜਮੁ ਪ੍ਰਭ ਕਿਰਪਾ ਪਾਈਐ॥*

(ਉਹੀ, ਪੰਨਾ ੨੯੮)

ਇੰਦਰੀਆਂ ਨੂੰ ਅਨੁਸ਼ਾਸਿਤ ਕਰਨ ਵਾਲਾ ਅਤੇ ਹਰੀ ਨਾਮ ਨੂੰ ਸਿਮਰਨ ਵਾਲਾ ਹਰੀ ਦੀ ਨਿਕਟਤਾ ਦੇ ਬਿਸਮਾਦ ਅਤੇ ਸੁਆਦ ਨੂੰ ਮਾਣ ਕੇ ਸੰਤੋਖ ਅਤੇ ਸੰਪੂਰਨਤਾ ਨੂੰ ਪ੍ਰਾਪਤ ਹੁੰਦਾ ਹੈ :

*ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ॥*
*ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ॥*
*ਏਕਾਦਸੀ ਨਿਕਟਿ ਪੇਖਹੁ ਹਰਿਰਾਮੁ॥*
*ਇੰਦ੍ਰੀ ਬਸਿ ਕਰਿ ਸੁਣਹੁ ਹਰਿਨਾਮੁ॥*
*ਮਨਿ ਸੰਤੋਖੁ ਸਰਬ ਜੀਅ ਦਇਆ॥*
*ਇਨ ਬਿਧਿ ਬਰਤੁ ਸੰਪੂਰਨ ਭਇਆ॥*

(ਉਹੀ, ਪੰਨਾ ੨੯੯)

ਉਸਦੀ ਦੁਰਮਤਿ ਦੂਰ ਹੋ ਜਾਂਦੀ ਹੈ। ਗੁਰੂ ਦੀ ਸਿੱਖਿਆ ਉਸਨੂੰ ਕਾਲ-ਕ੍ਰਮਤਾ ਵਿਚੋਂ ਬਾਹਰ ਕੱਢ ਲੈਂਦੀ ਹੈ :

*ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ॥*
*ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ॥*

*ਗੁਰ ਪੂਰੇ ਤੇ ਏਹੁ ਨਿਹਚਉ ਪਾਈਐ॥*
*ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ॥*

(ਉਹੀ, ਪੰਨਾ ੨੯੯)

ਤਿੰਨ ਗੁਣਾਂ ਵਿਚ ਵਿਚਰਦਾ ਪੁਰਖ ਹਰਿ ਭਜਨ ਤੋਂ ਦੂਰ ਅਤੇ ਤਾਪ ਵਿਚ ਗ੍ਰਸਿਆ ਰਹਿੰਦਾ ਹੈ :

*ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮੁ॥*
*ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੇ ਨਾਮ॥*
*ਤ੍ਰਉਦਸੀ ਤੀਨਿ ਤਾਪ ਸੰਸਾਰ॥*
*ਆਵਤ ਜਾਤ ਨਰਕ ਅਵਤਾਰ॥*
*ਹਰਿ ਹਰਿ ਭਜਨੁ ਨ ਮਨ ਮਹਿ ਆਇਓ॥*

(ਉਹੀ, ਪੰਨਾ ੨੯੯)

ਕੇਵਲ ਗੁਰਮੁਖ ਹੀ ਪੁਰਖ ਪ੍ਰਕਿਰਤੀ ਵਿਚ ਰਹਿੰਦਾ ਹੋਇਆ ਚਾਰ ਕੂੰਟਾਂ ਅਤੇ ਚੌਦਾਂ ਭਵਨਾਂ ਵਿਚ ਰਹਿੰਦੇ ਸੁਆਮੀ ਨੂੰ ਪਹਿਚਾਣ ਸਕਦਾ ਹੈ :

Sri Satguru Jagjit Singh Ji Elibrary NamdhariElibrary@gmail.com

*ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥*
*ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ॥*
*ਚਉਦਸਿ ਚਾਰਿ ਕੁੰਟ ਪ੍ਰਭ ਆਪ॥*
- - - - - - - - - - - - -
*ਸੂਖਮ ਅਸਥੂਲ ਸਗਲ ਭਗਵਾਨ॥*
*ਨਾਨਕ ਗੁਰਮੁਖਿ ਬ੍ਰਹਮੁ ਪਛਾਨ॥*

(ਉਹੀ, ਪੰਨਾ ੨੯੯)

ਗੁਰੂ ਦੀ ਕ੍ਰਿਪਾ ਨਾਲ ਅਤੇ ਗੁਰੂ ਦੀ ਮੱਤ ਨਾਲ ਆਤਮ ਨੂੰ ਜਿੱਤਣ ਵਾਲਾ ਅਤੇ ਗੋਬਿੰਦ ਦੇ ਗੁਣ ਗਾਉਣ ਵਾਲਾ ਪੁਰਖ ਘੁੱਪ ਹਨੇਰੇ (ਅਮਾਵਸ), ਸੁਖ ਸੰਤੋਖ ਅਤੇ ਸਹਿਜ ਨਾਲ ਪ੍ਰਭੂ ਦੀ ਸੇਵਾ ਵਿਚ ਵਿਚਰਦਾ ਹੈ :

*ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ॥*
*ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ॥*
*ਅਮਾਵਸਿ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ॥*
*ਮਨੁ ਤਨੁ ਸੀਤਲ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ॥*

(ਉਹੀ, ਪੰਨਾ ੨੯੯)

ਬਾਰਾਂਮਾਹ, ਪੱਟੀ, ਸਤਵਾਰਾ ਆਦਿ ਵਾਂਗ ਥਿਤੀ ਬਾਣੀਕਾਰਾਂ ਦੀ ਸੰਚਾਰਤਮਕਤਾ ਦਾ ਹਵਾਲਾ-ਬਿੰਦੂ ਹੀ ਹੈ। ਰਾਤਾਂ, ਰੁੱਤਾਂ, ਥਿਤੀਆਂ ਤੇ ਵਾਰ ਕੁਦਰਤੀ ਵਰਤਾਰਿਆਂ 'ਤੇ ਆਧਾਰਿਤ ਮਾਨਵ ਸਿਰਜਿਤ ਸਿਰਜਨਾਵਾਂ ਹਨ। ਗੁਰਬਾਣੀ ਅਤੇ ਗੁਰਮੱਤ ਸਾਰੇ ਬ੍ਰਹਿਮੰਡੀ ਤੇ ਕੁਦਰਤੀ ਵਰਤਾਰਿਆਂ ਤੇ ਵਜੂਦਾਂ ਨੂੰ ਅਕਾਲ ਪੁਰਖ ਦੇ ਹੁਕਮ ਦੇ ਅਧੀਨ ਸਮਝਦੀ ਹੈ। ਵੈਸੇ ਵੀ ਭਾਰਤੀ ਪਰੰਪਰਾ ਕਾਲ ਦੀ ਸੰਕਲਪਨਾ ਯੁੱਗਾਂ ਦੀ ਚਕ੍ਰਾਤਮਕਤਾ ਵਿਚ ਸਰੂਪ ਗ੍ਰਹਿਣ ਕਰਦੇ ਹਨ, ਵਿਕਸਿਤ ਹੁੰਦੇ ਹਨ ਅਤੇ ਵਿਨਾਸ਼ਤਾ ਵਿਚ ਵਲੀਨ ਹੋ ਜਾਂਦੇ ਹਨ। ਅਕਾਲ ਪੁਰਖ ਇਸ ਕਾਲਯੁਕਤਤਾ ਤੋਂ ਪਾਰ ਵਿਚਰਦਾ ਹੈ। ਉਹ ਇਕ ਸਰੂਪ ਵੀ ਉਦੋਂ ਹੀ ਗ੍ਰਹਿਣ ਕਰਦਾ ਹੈ ਜਦੋਂ ਉਹ ਅਨੇਕਤਾ ਨੂੰ ਆਪ ਸਿਰਜਦਾ ਹੈ। ਗੁਰੂ ਅਰਜਨ ਦੇਵ ਜੀ ਦੀ ਇਹ ਬਾਣੀ ਅਧਿਆਤਮਿਕ ਵਾਰ ਵਜੋਂ ਉਸ ਇਕ ਅਕਾਲ ਪੁਰਖ ਦੀ ਉਸਤਤ ਦੇ ਗਾਇਨ ਨੂੰ ਹੀ ਪ੍ਰਸਤੁਤ ਕਰਦੀ ਹੈ। ਨਾਮ ਸਿਮਰਨ ਸ਼ਬਦ ਨੂੰ ਮਾਧਿਅਮ ਬਣਾਉਂਦਾ ਹੈ। ਨਾਮ ਸਿਮਰਨ ਦੀ ਸੋਝੀ ਗੁਰੂ ਦੀ ਬਖਸ਼ਿਸ਼ ਨਾਲ ਅਤੇ ਨਾਮ ਸਿਮਰਨ ਦਾ ਕਰਮ ਗੁਰੂ ਦੀ ਸਾਜੀ ਹੋਈ ਸੰਗਤ ਵਿਚ ਹੁੰਦਾ ਹੈ। ਗੁਰੂ ਦਾ ਸ਼ਬਦ ਸੁਰਤ ਦੀ ਜਾਗ੍ਰਿਤੀ ਲਈ ਪਥ-ਪ੍ਰਦਰਸ਼ਕ ਬਣਦਾ ਹੈ। ਪੁਰਖ ਅਤੇ ਅਕਾਲ ਪੁਰਖ ਵਿਚ ਨਾਮ ਸਿਮਰਨ ਦੇ ਮਾਧਿਅਮ ਦੀ ਮੱਧਸਤਤਾ ਅਜੋਕੇ ਸਿੱਖ ਧਰਮ ਦੇ ਸਿਧਾਂਤਕ ਆਧਾਰਾਂ ਨੂੰ ਸਰੂਪ ਬਖਸ਼ਦੀ ਹੈ। ਗੁਰੂ ਅਰਜਨ ਦੇਵ ਜੀ ਸਿੱਖ ਧਰਮ ਨੂੰ ਅਕਾਲ ਪੁਰਖ ਦੇ ਰੂਪ ਵਿਚ 'ਨਾਨਕ' ਦਾ 'ਗੁਰੂ' ਤੇ ਨਾਨਕ ਦੇ ਰੂਪ ਵਿਚ ਸਿੱਖ ਧਰਮ ਦਾ 'ਗੁਰੂ' ਅਤੇ 'ਨਾਨਕ ਮੋਹਰ ਛਾਪ' ਰਾਹੀਂ ਅੰਕਿਤ ਗੁਰਬਾਣੀ ਦੇ ਰੂਪ ਵਿਚ 'ਗ੍ਰੰਥ' ਤੇ ਗ੍ਰੰਥ ਦੇ ਰੂਪ ਵਿਚ ਸ਼ਬਦ-ਗੁਰੂ ਦੀ ਬਖਸ਼ਿਸ਼ ਪ੍ਰਦਾਨ ਕਰਦੇ ਹਨ।

Sri Satguru Jagjit Singh Ji Elibrary NamdhariElibrary@gmail.com

## ਹਵਾਲੇ ਤੇ ਟਿੱਪਣੀਆਂ ਤੇ ਪੁਸਤਕ ਸੂਚੀ


1. *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ-ਦੂਜਾ, ਡਾ. ਰਤਨ ਸਿੰਘ ਜੱਗੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 97.
2. *ਸਿੱਖ ਪੰਥ ਵਿਸ਼ਵਕੋਸ਼*, ਭਾਗ-ਪਹਿਲਾ, ਡਾ. ਰਤਨ ਸਿੰਘ ਜੱਗੀ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 149.
3. *ਉਹੀ*, ਭਾਗ-ਦੂਜਾ, ਪੰਨਾ 927.
4. *ਉਹੀ*, ਭਾਗ-ਪਹਿਲਾ, ਪੰਨਾ 476.
5. *ਉਹੀ*, ਭਾਗ-ਪਹਿਲਾ, ਪੰਨਾ 193.
6. *ਉਹੀ*, ਭਾਗ-ਦੂਜਾ, ਪੰਨਾ 230.
7. *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਦੂਜਾ, ਡਾ. ਰਤਨ ਸਿੰਘ ਜੱਗੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 359.
8. *ਉਹੀ*, ਭਾਗ-ਦੂਜਾ, ਪੰਨਾ 200.


Sri Satguru Jagjit Singh Ji Elibrary NamdhariElibrary@gmail.com

# ਗੁਰਮਤਿ ਸੰਗੀਤ ਦੀ ਸਥਾਪਨਾ : ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੇ ਸੰਦਰਭ ਵਿਚ

*ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ, ਸਿੱਖ ਧਰਮ ਦੇ ਸ਼ਬਦ ਕੀਰਤਨ ਦੀ ਸਥਾਪਿਤ ਸੰਗੀਤ ਪੱਧਤੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸੰਗੀਤ ਪੱਧਤੀ ਦਾ ਆਗਾਜ਼ ਭਾਈ ਮਰਦਾਨਾ ਦੇ ਰਬਾਬ ਦੇ ਵਾਦਨ ਸੰਗੀਤ ਦੀ ਵਿਦਮਾਦੀ ਧੁਨ ਸੰਗ 'ਖਲਕ ਤੇ ਆਦੇਸ਼' ਰੂਪੀ[1] 'ਖਸਮ ਦੀ ਬਾਣੀ'[2] ਦੇ ਸੰਚਰਣ ਲਈ ਸ਼ਬਦ ਕੀਰਤਨ ਦੇ ਪ੍ਰਵਾਹ ਦੁਆਰਾ ਕੀਤਾ। ਉਦਾਸੀ ਦੀ ਰੀਤ ਦੁਆਰਾ ਗੁਰਮਤਿ ਸੰਗੀਤ ਦਾ ਇਹ ਸ਼ਬਦ ਕੀਰਤਨ ਪ੍ਰਵਾਹ ਸਰਬ ਲੋਕਾਈ ਤੱਕ ਸੰਚਰਿਤ ਹੋਇਆ।[3] ਇਸ ਪਰੰਪਰਾ ਨੂੰ ਸਮੂਹ ਗੁਰੂ ਸਾਹਿਬਾਨ ਤੇ ਸਿੱਖ ਸੰਗਤਾਂ ਨੇ ਪ੍ਰਚਲਿਤ ਕਰਦਿਆਂ ਸਿੱਖ ਗੁਰਦੁਆਰਾ ਸਾਹਿਬਾਨ ਦੀ ਮਰਿਆਦਾ ਅਤੇ ਸਮੁਚੀ ਸੰਪੂਰਨ ਸਿੱਖੀ ਜੀਵਨ ਦਾ ਅਨਿਖੜ ਅੰਗ ਬਣਾਇਆ। ਸ਼ਬਦ ਕੀਰਤਨ ਹਿਤ ਗੁਰਮਤਿ ਦੀ ਅਨੁਸਾਰੀ ਇਸ ਸੰਗੀਤ ਪਰੰਪਰਾ ਦਾ ਮੁੱਢ ਜਿਥੇ ਗੁਰੂ ਨਾਨਕ ਸਾਹਿਬ ਤੋਂ ਬੱਝਾ ਉਥੇ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਰਾਗ, ਕੀਰਤਨ, ਗਾਇਨ ਸ਼ੈਲੀਆਂ, ਕੀਰਤਨ ਚੌਕੀਆਂ, ਕੀਰਤਨ ਸਾਜ਼ਾਂ ਦਾ ਪ੍ਰਯੋਗ ਤੇ ਪ੍ਰਚਲਨ ਆਪਣੀ ਬਾਣੀ ਦੇ ਸ਼ਬਦ ਕੀਰਤਨ ਹਿਤ ਕੀਤਾ। ਗੁਰੂ ਅਰਜਨ ਦੇਵ ਜੀ ਨੂੰ ਇਹ ਮਹਾਨ ਪਰੰਪਰਾ ਵਿਰਾਸਤ ਰੂਪ ਵਿਚ ਪ੍ਰਾਪਤ ਹੋਈ।

ਗੁਰੂ ਅਰਜਨ ਦੇਵ ਜੀ ਦੇ ਯੁੱਗ ਦੇ ਸੰਗੀਤ ਕੈਨਵਸ ਉਤੇ ਝਾਤ ਮਾਰੀਏ ਤਾਂ ਗੁਰੂ ਅਰਜਨ ਦੇਵ ਜੀ ਦੇ ਕਾਲ ਤੱਕ ਭਾਰਤੀ ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਹਿੰਦੁਸਤਾਨੀ ਸੰਗੀਤ ਪੱਧਤੀ (ਉੱਤਰੀ ਭਾਰਤੀ ਸੰਗੀਤ ਪੱਧਤੀ) ਅਤੇ ਕਰਨਾਟਕੀ ਸੰਗੀਤ ਪੱਧਤੀ (ਦੱਖਣੀ ਭਾਰਤੀ ਸੰਗੀਤ ਪੱਧਤੀ) ਆਪੋ ਆਪਣੇ ਸਪੱਸ਼ਟ ਵਖਰੇਵਿਆਂ ਦੀ ਪਛਾਣ-ਸਥਾਪਤੀ ਉਪਰੰਤ ਆਪੋ ਆਪਣੇ ਵਹਿਣ ਦੀ ਪੂਰਨ ਸਥਾਪਨਾ ਕਰ ਚੁਕੀਆਂ ਸਨ। ਭਾਰਤੀ ਸੰਗੀਤ ਦੇ ਗ੍ਰੰਥਕਾਰ ਹੁਣ ਹਿੰਦੁਸਤਾਨੀ ਸੰਗੀਤ ਦੀ ਸੁਤੰਤਰ ਹਸਤੀ ਤਸਲੀਮ ਕਰ, ਇਸ ਦੇ ਸਿਧਾਂਤਕ ਆਧਾਰਾਂ ਦੇ ਵਿਸ਼ਲੇਸ਼ਣ ਵਿਚ ਪੈ ਚੁੱਕੇ ਸਨ।[4] ਭਾਰਤੀ ਸੰਗੀਤ ਦੇ ਸੰਦਰਭ ਵਿਚ ਗੁਰੂ ਅਰਜਨ ਕਾਲ ਦੀ ਪਿਠ ਭੂਮੀ ਉੱਤੇ ਸੰਗੀਤ ਇਤਿਹਾਸ ਦਾ ਸੁਨਹਿਰੀ ਯੁੱਗ (ਗੋਲਡਨ ਪੀਰੀਅਡ) ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਵਿਚ ਅਧਿਆਤਮਿਕ ਸੰਗੀਤ ਦੇ ਪਾਂਧੀ ਸੰਤ ਭਗਤ ਕਵੀਆਂ ਦਾ ਭਗਤੀ ਸੰਗੀਤ, ਤਾਨਸੇਨ, ਬੈਜੂ ਬਾਵਰਾ ਵਰਗੇ ਸੰਗੀਤਕਾਰ ਦਾ ਦਰਬਾਰੀ ਸੰਗੀਤ (ਸ਼ਾਸਤਰੀ ਸੰਗੀਤ), ਸ਼ਾਹ ਹੁਸੈਨ ਵਰਗੇ ਸੂਫ਼ੀ ਦਰਵੇਸ਼ਾਂ ਦਾ ਸੂਫੀ ਸੰਗੀਤ ਅਤੇ ਪੰਜਾਬੀ ਲੋਕ

---

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਸੰਗੀਤ ਦੀ ਇਕ ਵਿਸ਼ਾਲ ਪਰੰਪਰਾ ਵਿਦਮਾਨ ਹੈ। ਸੰਗੀਤ ਦੀ ਅਜਿਹੀ ਗੂੰਜਾਰ ਦੇ ਸਮਾਨੰਤਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੁਆਰਾ ਪ੍ਰਚਲਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸਥਾਪਿਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ।

**ਗੁਰਮਤਿ ਸੰਗੀਤ ਦੀ ਸਿਧਾਂਤਕ ਸਥਾਪਤੀ ਪ੍ਰਤਿ ਯੋਗਦਾਨ**

ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਗੇਯ ਰਚਨਾ' ਦੇ ਤੌਰ ਤੇ ਰਾਗਾਤਮਕ ਸੰਗੀਤਕ ਸੰਕਲਨ ਗੁਰਮਤਿ ਸੰਗੀਤ ਦੇ ਸਿਧਾਂਤਕ ਆਧਾਰ ਵਜੋਂ ਦ੍ਰਿਸ਼ਟਮਾਨ ਹੁੰਦਾ ਹੈ। ਬਾਣੀ ਨੂੰ ਵੱਖ-ਵੱਖ ਰਾਗਾਂ, ਕੀਰਤਨ ਗਾਇਨ ਰੂਪਾਂ, ਘਰੁ, ਜਤਿ, ਧੁਨੀ, ਸੁਧੰਗ ਆਦਿ ਵਰਗੇ ਸੰਗੀਤ ਸੰਕੇਤਾਂ, ਸਿਰਲੇਖਾਂ ਅਧੀਨ ਨਿਬੱਧ ਕਰਦਿਆਂ ਵਿਸ਼ਿਸ਼ਟ ਸੰਗੀਤ ਪ੍ਰਬੰਧ ਸਿਰਜਿਆ ਗਿਆ ਹੈ ਜੋ ਗੁਰਮਤਿ ਸੰਗੀਤ ਦਾ 'ਮਿਊਜ਼ੀਕਾਲੋਜੀ' ਵਜੋਂ ਪ੍ਰਗਟ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ 30 ਮੁਖ ਰਾਗ ਅਤੇ 15 ਰਾਗ ਪ੍ਰਕਾਰਾਂ ਵਿਚ ਬਾਣੀ ਦਾ ਉਚਾਰਨ ਕੀਤਾ। ਇਨ੍ਹਾਂ ਰਾਗਾਂ ਵਿਚੋਂ ਮਾਝ, ਗਉੜੀ ਮਾਝ, ਦੇਵਗੰਧਾਰ, ਬਿਲਾਵਲ ਮੰਗਲ, ਤੁਖਾਰੀ ਆਦਿ ਰਾਗ ਸਰੂਪ ਪਖੋਂ ਵਿਲੱਖਣ ਤੇ ਵਿਸ਼ਿਸ਼ਟ ਹਨ।

ਗੁਰੂ ਅਰਜਨ ਦੇਵ ਜੀ ਨੇ ਅਸ਼ਟਪਦੀਆਂ, ਪਦੇ, ਪੜਤਾਲ ਵਰਗੇ ਸਨਾਤਨੀ ਬਾਣੀ ਰੂਪ ਅਤੇ ਵਾਰਾਂ, ਛੰਤ ਆਦਿ ਬਾਣੀ ਲੋਕ, ਬਾਣੀ ਰੂਪਾਂ ਵਜੋਂ ਪ੍ਰਗਟ ਕੀਤੇ। ਇਸਦੇ ਨਾਲ ਹੀ ਆਸਾ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਭੈਰਵ ਸਾਰੰਗ, ਪ੍ਰਭਾਤੀ ਤੇ ਮਲ੍ਹਾਰ ਰਾਗਾਂ ਵਿਚ 36 ਪੜਤਾਲਾਂ ਬਾਣੀ ਰਚਨਾਵਾਂ ਕੇਵਲ ਤੇ ਕੇਵਲ ਗੁਰਮਤਿ ਸੰਗੀਤ ਦੀ ਮੌਲਿਕ ਗਾਇਨ ਸ਼ੈਲੀ ਹੈ।

ਗੁਰੂ ਅਰਜਨ ਬਾਣੀ ਵਿਚ 'ਰਹਾਉ' ਦੇ ਸੰਕੇਤ ਦਾ ਵਿਵਿਧਤਾ ਨਾਲ ਪ੍ਰਯੋਗ ਹੋਇਆ ਹੈ ਜਿਵੇਂ ਕਿ 'ਰਹਾਉ' ਵਿਚ ਸ਼ਬਦ ਦਾ ਕੇਂਦਰੀ ਭਾਵ ਵਿਦਮਾਨ ਹੁੰਦਾ ਹੈ ਜੋ ਸ਼ਬਦ ਕੀਰਤਨ ਦੀ ਸੰਗੀਤ ਰਚਨਾ ਵਿਚ 'ਸਥਾਈ' ਵਜੋਂ ਕਾਰਜਸ਼ੀਲ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ 'ਰਹਾਉ' ਦੇ ਵਿਵਿਧਪੱਖੀ ਪ੍ਰਯੋਗ ਦੀ ਪਰੰਪਰਾ ਨੂੰ ਅਗਾਂਹ ਤੋਰਦਿਆਂ ਚਾਰ ਤੱਕ 'ਰਹਾਉ' ਪ੍ਰਯੋਗ ਕੀਤੇ ਹਨ। ਆਪ ਜੀ ਦੀ ਪ੍ਰਸਿੱਧ ਬਾਣੀ ਰਚਨਾ ਵਿਚ ਇਸ ਦੇ ਦੀਦਾਰ ਕੀਤੇ ਜਾ ਸਕਦੇ ਹਨ।[6]

'ਰਹਾਉ' ਤੋਂ ਵਾਰਾਂ ਦੀਆਂ ਸਿਰਲੇਖ ਧੁਨੀਆਂ ਉੱਪਰ ਸਿਰਲੇਖ ਅੰਕਣ ਵੀ ਸੰਗੀਤ ਦੇ ਸਿਧਾਂਤਕ ਪੱਖੋਂ ਵਿਸ਼ੇਸ਼ ਮਹੱਤਵ ਰੱਖਦਾ ਹੈ ਜਿਸ ਅਨੁਸਾਰ ਰਾਗ, ਸੰਬੰਧਿਤ ਵਾਰ ਅਤੇ ਪਰੰਪਰਾਗਤ ਮੂਲ ਧੁਨੀ ਦੇ ਅੰਤਰੀਵੀ ਸੰਗੀਤਕ ਸੰਬੰਧ ਨੂੰ ਗੁਰਮਤਿ ਸੰਗੀਤ ਤੇ ਹਿੰਦੁਸਤਾਨੀ ਸੰਗੀਤ ਦੇ ਰਾਗਾਂ ਦੇ ਵਿਕਾਸ ਸੰਬੰਧੀ ਮੂਲ ਸਰੋਤ ਵਜੋਂ ਆਧਾਰ ਬਣਾ ਸਕਦੇ ਹਾਂ। ਇਸ ਸੰਦਰਭ ਵਿਚ ਅਸੀਂ ਸਪੱਸ਼ਟ ਤੌਰ ਤੇ ਰਾਗ ਆਸਾ, ਟੁੰਡੇ ਅਸਰਾਜੇ ਕੀ ਧੁਨੀ ਅਤੇ ਆਸਾ ਦੀ ਵਾਰ ਦੀ ਪਉੜੀ ਨੂੰ ਅਧਿਐਨ ਦਾ ਵਿਸ਼ਾ ਬਣਾ ਸਕਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਕ ਸੰਗੀਤਕ ਸੰਕਲਨ ਅਤੇ ਰਾਗ, ਗਾਇਨ ਰੂਪ, ਸੰਗੀਤ ਸੰਕੇਤਾਂ ਦੁਆਰਾ ਸਿਰਜਤ ਸੰਗੀਤ ਪ੍ਰਬੰਧ ਹੀ ਗੁਰਮਤਿ ਸੰਗੀਤ ਦੀ ਮਿਊਜ਼ੀਕਾਲੋਜੀ ਦੇ ਰੂਪ ਵਿਚ ਪ੍ਰਗਟ ਹੋਇਆ ਜੋ ਵਰਤਮਾਨ ਸਮੇਂ ਗੁਰਮਤਿ ਸੰਗੀਤ ਨੂੰ ਦੂਸਰੀਆਂ ਸੰਗੀਤਕ

Sri Satguru Jagjit Singh Ji Elibrary NamdhariElibrary@gmail.com

ਪਰੰਪਰਾਵਾਂ ਨਾਲੋਂ ਨਿਖੇੜ ਵਿਚ ਆਧਾਰ ਰੂਪ ਵਿਚ ਸਹਾਈ ਹੋ ਰਹੀ ਹੈ।

**ਗੁਰਮਤਿ ਸੰਗੀਤ ਦੀ ਵਿਵਹਾਰਕ ਪਧਤੀ ਪ੍ਰਤਿ ਯੋਗਦਾਨ**

ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਵਹਾਰਕ ਸਥਾਪਤੀ ਪ੍ਰਤਿ ਸੁਚੇਤ ਕਰਦਿਆਂ ਸਰਬ ਪ੍ਰਥਮ 1604 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਥਾਨ 'ਤੇ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਜਿਸ ਨਿਰੰਤਰ ਸੰਚਾਰ ਹਿਤ ਸ਼ਬਦ ਕੀਰਤਨ ਦੀ ਪਰੰਪਰਾ ਚਲਾਈ, ਕੀਰਤਨ ਦੀ ਇਹ ਪਰੰਪਰਾ ਵਰਤਮਾਨ ਸਮੇਂ ਤੱਕ ਨਿਰੰਤਰ ਪ੍ਰਚਲਿਤ ਹੈ। ਗੁਰੂ ਅਰਜਨ ਦੇਵ ਜੀ ਦੇ ਕਾਲ ਤੱਕ ਆਸਾ ਦੀ ਵਾਰ ਦੀ ਕੀਰਤਨ ਚੌਕੀ, ਚਰਨ ਕਵਲ ਦੀ ਚੌਕੀ, ਸੋਦਰ ਦੀ ਚੌਕੀ, ਕਲਯਾਨ ਦੀ ਚੌਕੀ ਦਾ ਪੂਰਨ ਰੂਪ ਵਿਚ ਪ੍ਰਚਲਨ ਹੋ ਚੁੱਕਾ ਸੀ।[8] ਹਰ ਕੀਰਤਨ ਚੌਕੀ ਵਿਚ ਸ਼ਾਨ, ਮੰਗਲਾਚਰਨ, ਧਰੁਪਦ ਅੰਗ ਦੇ ਸ਼ਬਦ ਗਾਇਨ, ਸ਼ਬਦ ਰੀਤ ਅਤੇ ਪਉੜੀ ਵਰਗੀਆਂ ਅੰਗ ਦੀਆਂ ਸਥਾਪਤ ਗਾਇਨ ਸ਼ੈਲੀਆਂ ਇਸ ਪਰੰਪਰਾ ਵਿਚ ਹੀ ਸਮੂਰਤ ਹੋਈਆਂ। ਇਨ੍ਹਾਂ ਕੀਰਤਨ ਚੌਕੀਆਂ ਦੇ ਅੰਤਰਗਤ ਸਮੇਂ ਅਨੁਸਾਰ ਰਾਗਾਂ ਦੇ ਪ੍ਰਚਲਨ ਨੂੰ ਵੀ ਬਲ ਬਖਸ਼ਿਆ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਇਕ ਸੰਪੂਰਨ ਕੀਰਤਨ ਪ੍ਰਸਤੁਤੀ ਵਜੋਂ ਕੀਰਤਨ ਚੌਕੀ ਦਾ ਪ੍ਰਚਲਨ ਤੇ ਸਥਾਪਨਾ ਪੇਸ਼ਕਾਰੀ ਦੇ ਪੱਧਰ ਉੱਤੇ ਗੁਰਮਤਿ ਸੰਗੀਤ ਪੱਧਤੀ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸੱਤ ਰਾਗੀਆਂ ਅਤੇ ਅੱਠ ਰਬਾਬੀਆਂ ਦੀਆਂ ਕੀਰਤਨ ਚੌਕੀਆਂ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਕਸਤ ਤੇ ਪ੍ਰਚਲਿਤ ਇਸ ਪਰੰਪਰਾ ਨੇ ਸ਼ਬਦ ਕੀਰਤਨ ਦੀ ਵਿਸ਼ਿਸ਼ਟ ਕੀਰਤਨ ਗਾਇਕੀ ਨੂੰ ਮੌਲਿਕ ਤੇ ਵਿਲੱਖਣ ਵਿਵਹਾਰਿਕਤਾ ਪ੍ਰਦਾਨ ਕੀਤੀ। ਕੀਰਤਨ ਚੌਕੀ ਦੀ ਇਹੋ ਪਰੰਪਰਾ ਹਿੰਦੁਸਤਾਨੀ ਮੌਸੀਕੀ ਦੇ ਰਾਗਾਤਮਕ ਤੇ ਗਾਇਨਾਤਮਕ ਪ੍ਰਚਾਰ ਲਈ ਵਿਸ਼ੇਸ਼ ਸਾਰਥਕ ਆਧਾਰ ਬਣੀ ਜਿਸਦੇ ਤੁਲ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਚ ਸਾਰੰਦਾ ਸਾਜ਼ ਦਾ ਵਿਸ਼ੇਸ਼ ਵਿਵਹਾਰਕ ਪ੍ਰਚਲਨ ਕਰਕੇ ਤੰਤੀ ਸਾਜ਼ਾਂ ਦੀ ਵਾਦਨ ਪਰੰਪਰਾ ਨੂੰ ਉਤਸ਼ਾਹਿਤ ਕੀਤਾ।[9] ਤੰਤੀ ਸਾਜ਼ਾਂ ਦੀ ਇਹ ਪਰੰਪਰਾ ਬਾਅਦ ਵਿਚ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਇਸਰਾਜ, ਤੰਬੂਰਾ ਵਰਗੇ ਸਾਜ਼ ਦੇ ਰੂਪ ਵਿਚ ਵਿਕਸਿਤ ਹੋਈ।

ਗੁਰੂ ਅਰਜਨ ਦੇਵ ਤੱਕ ਸਮੂਹ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਗੁਰ ਦਰਬਾਰ ਵਿਚ ਰਬਾਬੀ ਕੀਰਤਨਕਾਰਾਂ ਨੂੰ ਵਿਸ਼ੇਸ਼ ਸਰਪ੍ਰਸਤੀ ਦਿੱਤੀ ਜਿਸ ਦੁਆਰਾ ਕੀਰਤਨਕਾਰਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੋਂਦ ਵਿਚ ਆਈ। ਗੁਰੂ ਨਾਨਕ ਦੇਵ ਜੀ ਦੇ ਕਾਲ ਵਿਚ ਭਾਈ ਮਰਦਾਨਾ, ਭਾਈ ਬਾਲਾ, ਗੁਰੂ ਅੰਗਦ ਦੇਵ ਦੇ ਕਾਲ ਵਿਚ ਭਾਈ ਸਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਬਲਵੰਡ, ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਸੱਤਾ, ਬਲਵੰਡ, ਭਾਈ ਪਾਂਧਾ ਅਤੇ ਬੂਲਾ ਰਬਾਬੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਵਿਚ ਭਾਈ ਸੱਤਾ, ਬਲਵੰਡ ਕੀਰਤਨੀਏ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਰਬਾਬੀ ਭਾਈ ਸੱਤਾ ਬਲਵੰਡ ਦੇ ਰੁੱਸ ਜਾਣ ਦੀ ਘਟਨਾ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ, ਪ੍ਰਸਾਰ ਨੂੰ ਨਵਾਂ ਮੋੜ ਦਿੱਤਾ ਜਿਸ ਦੁਆਰਾ ਗੁਰੂ ਅਰਜਨ ਦੇਵ ਜੀ ਨੇ ਸਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਹਿਤ ਉਤਸ਼ਾਹਿਤ ਕੀਤਾ।

Sri Satguru Jagjit Singh Ji Elibrary NamdhariElibrary@gmail.com

ਇਸ ਸੁਚੇਤ ਯਤਨ ਅਧੀਨ ਸਿੱਖ ਸੰਗਤਾਂ ਵਿਚ ਕੀਰਤਨ ਗਾਇਨ, ਸਾਜ਼ਾਂ ਦੀ ਸਿਖਲਾਈ ਅਤੇ ਕੀਰਤਨ ਗਾਇਨ ਦੇ ਲੋਕ ਸੰਗੀਤਕ ਪ੍ਰਵਾਹ ਦਾ ਪ੍ਰਾਰੰਭ ਹੋਇਆ। ਇਨ੍ਹਾਂ ਨਿਸ਼ਕਾਮ ਕੀਰਤਨੀਆਂ ਵਿਚੋਂ ਭਾਈ ਦੀਪਾ, ਭਾਈ ਰੁਲਾ, ਭਾਈ ਨਰਾਇਣ ਦਾਸ, ਭਾਈ ਉਗਰਸੈਨ, ਭਾਈ ਬਾਜੂ, ਭਾਈ ਮੁਕੰਦ, ਭਾਈ ਕੇਦਾਰਾ ਆਦਿ[10] ਇਸ ਸਮੇਂ ਦੇ ਇਤਿਹਾਸਕ ਤੌਰ ਤੇ ਵਰਣਨਯੋਗ ਕੀਰਤਨੀਏ ਹਨ।

ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਕੀਰਤਨੀਏ ਭਾਈ ਸੱਤਾ, ਬਲਵੰਡ ਜੀ ਦੇ ਰੁੱਸ ਜਾਣ ਦੇ ਕੌਤਕ ਨੇ ਗੁਰਮਤਿ ਸੰਗੀਤ ਵਿਵਹਾਰਕ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਘਟਨਾ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਸਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਤੇ ਕੀਰਤਨ ਸਿਖਣ ਦੀ ਪ੍ਰੇਰਨਾ ਕਰਨਾ ਕੀਰਤਨ ਨੂੰ ਪੂਰਨ ਤੌਰ 'ਤੇ ਰਬਾਬੀ ਦੀ ਵਿਵਸਾਇਕ ਪਕੜ ਤੋਂ ਮੁਕਤ ਕਰਕੇ ਸਧਾਰਨ ਸਿੱਖ ਸੰਗਤਾਂ ਵਿਚ ਪ੍ਰਵੇਸ਼ ਕਰਵਾਇਆ।[11] ਇਸ ਕ੍ਰਾਂਤੀਕਾਰੀ ਯੋਗਦਾਨ ਸਦਕਾ ਹੀ ਰਾਗੀਆਂ ਦੀਆਂ ਸੱਤ ਕੀਰਤਨ ਚੌਕੀਆਂ ਪ੍ਰਚਾਰ ਅਧੀਨ ਆਈਆਂ ਜਿਸ ਦੇ ਫਲਸਰੂਪ ਵੰਡ ਤੋਂ ਬਾਅਦ ਸਿੱਖ ਕੀਰਤਨਕਾਰ ਆਪਣੀ ਕੀਰਤਨ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿਚ ਕਾਮਯਾਬ ਹੋਏ। ਨਿਰਸੰਦੇਹ ਰਬਾਬ ਦੀ ਕੀਰਤਨ ਗਾਇਕੀ ਉਪਰ ਸੂਫ਼ੀ ਸੰਗੀਤ ਦਾ ਪ੍ਰਭਾਵ ਰਿਹਾ। ਇਸ ਦੇ ਸਮਾਨੰਤਰ ਰਾਗੀ ਸਿੰਘਾਂ ਦੇ ਕੀਰਤਨ ਵਿਚ ਪ੍ਰਵੇਸ਼ ਦੁਆਰਾ ਨਿਰੋਲ ਗੁਰਮਤਿ ਕੀਰਤਨ ਗਾਇਕੀ ਹੋਂਦ ਵਿਚ ਆਈ ਜਿਸਦਾ ਮੂਲ ਰਾਗਾਤਮਕ ਤੇ ਸੰਗੀਤਕ ਆਧਾਰ ਪੰਜਾਬੀ ਮੂਲ ਦੀਆਂ ਸੰਗੀਤ ਪਰੰਪਰਾਵਾਂ ਸਨ। ਇਸਦੇ ਨਾਲ ਗੁਰੂ ਅਰਜਨ ਦੇਵ ਜੀ ਦੁਆਰਾ ਕੀਰਤਨ ਸਿਖਲਾਈ ਦੇ ਪ੍ਰਾਰੰਭ ਨਾਲ ਗੁਰਮਤਿ ਸੰਗੀਤ ਪਰੰਪਰਾ ਦੇ ਅਧਿਐਨ ਅਧਿਆਪਨ ਦੀ ਪ੍ਰਥਾ ਅਰੰਭ ਹੋਈ ਜਿਸਦੇ ਆਧਾਰ ਤੇ ਕੀਰਤਨ ਟਕਸਾਲਾਂ ਹੋਂਦ ਵਿਚ ਆਈਆਂ। ਨਿਰਸੰਦੇਹ ਗੁਰਮਤਿ ਸੰਗੀਤ ਦੀ ਵਰਤਮਾਨ ਅਕਾਦਮਿਕਤਾ ਦਾ ਅਰੰਭ ਗੁਰੂ ਅਰਜਨ ਦੇਵ ਜੀ ਦੁਆਰਾ ਹੋਇਆ।

ਉਕਤ ਸੰਖੇਪ ਵਿਚਾਰ ਅਨੁਸਾਰ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਵਹਾਰਕ ਸਥਾਪਤੀ ਵਿਚ ਵਡਮੁਲਾ ਯੋਗਦਾਨ ਪਾਉਂਦਿਆਂ ਕੀਰਤਨ ਗਾਇਕੀ ਦੀ ਪਰੰਪਰਾ ਨੂੰ ਅੱਗੇ ਤੋਰਿਆ।

ਸਿੱਖ ਧਰਮ ਦੇ ਇਤਿਹਾਸਕ ਵਿਕਾਸ ਦੇ ਸੰਦਰਭ ਵਿਚ ਵੇਖੀਏ ਤਾਂ ਗੁਰਮਤਿ ਸੰਗੀਤ ਦੀ ਸਥਾਪਨਾ ਵਿਚ ਗੁਰੂ ਅਰਜਨ ਦੇਵ ਜੀ ਦੀ ਕੇਂਦਰੀ ਭੂਮਿਕਾ ਰਹੀ। ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਤੋਂ ਗੁਰਮਤਿ ਸੰਗੀਤ ਦੀ ਮਿਊਜ਼ੀਕਾਲੋਜੀ ਪ੍ਰਾਪਤੀ, ਰਾਗ, ਗਾਇਨ ਸ਼ੈਲੀਆਂ, ਤੰਤੀ ਸਾਜ਼ਾਂ ਦਾ ਵਿਵਿਧਕਾਰੀ ਪ੍ਰਚਲਨ, ਸ਼ਬਦ ਕੀਰਤਨ ਗਾਇਕੀ ਦੀ ਨਿਰੰਤਰ ਪ੍ਰਵਾਹ ਸਥਾਪਤੀ ਹਿਤ ਸ਼ਬਦ ਕੀਰਤਨ ਚੌਕੀਆਂ ਦਾ ਸੰਸਥਾਗਤ ਪ੍ਰਚਲਨ ਅਤੇ ਗੁਰਮਤਿ ਸੰਗੀਤ ਦੇ ਅਧਿਐਨ ਅਧਿਆਪਨ ਦੁਆਰਾ ਅਕਾਦਮਿਕ ਪਰਿਪੇਖ ਦਾ ਅਰੰਭ, ਗੁਰੂ ਅਰਜਨ ਦੇਵ ਜੀ ਦੀ ਬਖਸ਼ਿਸ਼ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦਾ ਇਹ ਇਕ ਪਹਿਲੂ ਖੋਜ ਤੇ ਵਿਸ਼ਲੇਸ਼ਣ ਹਿਤ ਸੁਤੰਤਰ ਰੂਪ ਵਿਚ ਵਿਸ਼ਾਲ ਸੰਭਾਵਨਾਵਾਂ ਰੱਖਦਾ ਹੈ। ਇਨ੍ਹਾਂ ਦੀ ਮੌਲਿਕਤਾ ਦੀ ਸੰਭਾਲ ਦੁਆਰਾ ਅਸੀਂ ਗੁਰਮਤਿ ਸੰਗੀਤ ਦੀ ਵਿਸ਼ਾਲ ਸੰਗੀਤ ਪਰੰਪਰਾ ਨੂੰ ਹੋਰ ਸੁਦ੍ਰਿੜ ਕਰ ਸਕਦੇ ਹਾਂ।

Sri Satguru Jagjit Singh Ji Elibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ

1. *ਖਾਲਕ ਥਉ ਆਦੇਸੁ ਢਾਢੀ ਗਾਵਣਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੮)

2. *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨੨)

3. *ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੂ ਨਾਨਕ ਜਗ ਮਾਹਿ ਪਠਾਇਆ। ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ। ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ। ਚਾਰੇ ਪੈਰ ਧਰਮ ਦੇ, ਚਾਰ ਵਰਨ ਇਕ ਵਰਨੁ ਕਰਾਇਆ। ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ। ਉਲਟਾ ਖੇਲੁ ਪਿਰੰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ। ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ। ਕਲਿ ਤਾਰਣ ਗੁਰੁ ਨਾਨਕ ਆਇਆ॥੨੩॥*

(ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੨੩)

4. ਗ੍ਰੰਥਕਾਰ ਰਾਮਾਮਾਤਯ (ਸਵਰਮੇਲ ਕਲਾਨਿਧੀ), ਗ੍ਰੰਥਕਾਰ ਪੁੰਡਰੀਕ ਵਿਠਲ (ਸਦਰਾਗ ਚੰਦ੍ਰੋਦਯ, ਰਾਗ ਮੰਜਰੀ, ਰਾਗਮਾਲਾ), ਗ੍ਰੰਥਕਾਰ ਸੋਮਨਾਥ (ਰਾਗ ਵਿਬੋਧ)
5. ਰਾਗ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਗੂਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਬਿਲਾਵਲ ਮੰਗਲ, ਗੋਂਡ, ਰਾਮਕਲੀ, ਨਟ ਨਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ।
6. ਮਾਝ ਮਹਲਾ ੫ ਚਉਪਦੇ ਘਰੁ ੧॥

*ਮੇਰਾ ਮਨ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥*
*ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ ॥*
*ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥*
*ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ ॥*
*ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*

Sri Satguru Jagjit Singh Ji Elibrary NamdhariElibrary@gmail.com

*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥*
*ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥*
*ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥*
*ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥*

7. **ਵਾਰ ਮਾਝ ਕੀ ਤਥਾ ਸਲੋਕ ਮਹਲਾ ੧**
*ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭)

**ਗਉੜੀ ਕੀ ਵਾਰ ਮਹਲਾ ੫**
*ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੮)

**ਆਸਾ ਮਹਲਾ ੧ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ**
*ਟੁੰਡੇ ਅਸ ਰਾਜੈ ਕੀ ਧੁਨੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੨)

**ਗੂਜਰੀ ਕੀ ਵਾਰ ਮਹਲਾ ੩**
*ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੦੮)

**ਵਡਹੰਸ ਕੀ ਵਾਰ ਮਹਲਾ ੪**
*ਲਲਾਂ ਬਹਲੀਮਾ ਕੀ ਧੁਨਿ ਗਾਵਣੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੫)

**ਰਾਮਕਲੀ ਕੀ ਵਾਰ ਮਹਲਾ ੩**
*ਜੋਧੈ ਵੀਰੈ ਪੂਰਬਾਣੀ ਕੀ ਧੁਨੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੭)

**ਸਾਰੰਗ ਕੀ ਵਾਰ ਮਹਲਾ ੪**
*ਰਾਇ ਮਹਮੇ ਹਸਨੇ ਕੀ ਧੁਨਿ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੭)

**ਵਾਰ ਮਲਾਰ ਕੀ ਮਹਲਾ ੧**
*ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੮)

**ਕਾਨੜੇ ਕੀ ਵਾਰ ਮਹਲਾ ੪**
*ਮੂਸੇ ਕੀ ਵਾਰ ਕੀ ਧੁਨੀ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੧੨)

Sri Satguru Jagjit Singh Ji Elibrary NamdhariElibrary@gmail.com

8. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 463 ।

9. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 171 ।

10. *ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।*
*ਭਾਊ ਅਤੇ ਮੁਕੰਦ ਹੈ ਕੀਰਤਨੁ ਕਰੇ ਹਜੂਰਿ ਕਿਦਾਰਾ।*
*ਸਾਧ ਸੰਗਤ ਪਰਗਟੁ ਪਹਾਰਾ॥੧॥*

(ਵਾਰਾਂ ਭਾਈ ਗੁਰਦਾਸ, ਵਾਰ ੧੧ ਪਉੜੀ ੧੮)

11. *ਇਵ ਕਹਿ ਸਤਿਗੁਰ ਆਦਿ ਕਰ ਥਲ ਬਣੇ ਸੁਹਾਏ।*
*ਸਭਿ ਸੰਗਤ ਇਕਠੀ ਭਈ ਦੀਵਾਨ ਲਗਾਏ।*
*ਸਿਖਨਿ ਕੋ ਆਇਸ ਦਈ ਤੁਮ ਰਾਗ ਸੁਨਾਵਹੁ।*
*ਗਾਵਹੁ ਸ਼ਬਦ ਸੁ ਤਾਨ ਜੁਤਿ ਵਿੱਦਯਾ ਇਹੁ ਪਾਵਹੁ॥੧੪॥*
*ਗਹਯੋ ਦੁਤਾਰਾ ਸਿਖ ਕਿਹ, ਕਿਨ ਗਹੀ ਰਬਾਬੰ।*
*ਹੁਇ ਨਿਸ਼ੰਕ ਗਾਵਨਿ ਲਗੇ ਸਭ ਭਏ ਅਜਾਬੰ।*
*ਬਚਨ ਮਾਨਕੇ ਗੁਰੂ ਕੋ ਵਿੱਦਯਾ ਸਭਿ ਪਾਈ।*
*ਜਾਨਤਿ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ॥*
*ਸੁਨਿ ਸਿੱਖਨਿ ਕੇ ਰਾਗ ਕੋ ਗੁਰ ਪ੍ਰਸੰਨਾ।*
*ਬਰ ਦੀਨੋ ਤੁਮ ਪ੍ਰੇਮ ਜੁਤ ਹਮਰੋ ਬਚ ਮੰਨਾ।*
*ਅਬ ਤੇ ਵਿੱਦਯਾ ਰਾਗ ਕੀ ਸਿਖਨਿ ਮਹਿਂ ਆਈ।*
*ਗਾਵਹਿਂ ਸੁਨਹਿਂ ਸੁ ਪ੍ਰੀਤ ਧਰਿ ਲੈਂ ਸੁਭਗਤਿ ਪਾਈ॥੧੬॥*

(ਭਾਈ ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗ੍ਰੰਥ)

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਸੰਚਾਰ-ਸਿਧਾਂਤ

*ਡਾ. ਜਗਜੀਤ ਸਿੰਘ**

ਕਾਵਿ ਪ੍ਰਵਚਨ ਇਕ ਸੰਚਾਰ ਹੈ। ਇਹ ਵਿਸ਼ੇਸ਼ ਭਾਂਤ ਦਾ ਸਿਰਜਣ ਵੀ ਹੈ। ਸੰਚਾਰ ਹੋਣ ਕਾਰਨ ਕਵਿਤਾ ਵਿਚ ਵਕਤਾ, ਸਰੋਤਾ ਅਤੇ ਸੰਦੇਸ਼ ਆਦਿ ਦੀਆਂ ਧਿਰਾਂ ਉਤਪੰਨ ਹੁੰਦੀਆਂ ਹਨ ਤੇ ਸਿਰਜਣ ਹੋਣ ਦੇ ਨਾਤੇ ਇਸ ਵਿਚ ਸਵੈ ਅਤੇ ਪਰ ਦੀ ਸੰਰਚਨਾਕਾਰੀ ਹੁੰਦੀ ਹੈ। ਕਵਿਤਾ ਦੇ ਪ੍ਰਵਚਨ ਦਾ ਪਹਿਲਾ ਤਣਾਓ ਏਹੋ ਹੈ। ਕਵਿਤਾ ਵਿਚ ਸਵੈ ਅਤੇ ਪਰ ਦੇ ਵਿਰੋਧ ਵਾਲੀ ਆਤਮਤਾ (Subjectivity) ਸਿਰਜੀ ਜਾਂਦੀ ਹੈ। ਮਨੁੱਖ ਦਾ ਆਪਣੇ ਮਨ, ਮਨੁੱਖਾਂ, ਪ੍ਰਕਿਰਤੀ ਅਤੇ ਆਦਰਸ਼ ਨਾਲ ਰਿਸ਼ਤਾ ਸੰਚਾਰ ਅਤੇ ਸਿਰਜਣ ਦਾ ਸਾਂਝਾ ਤਣਾਓਸ਼ੀਲ ਸੰਸਾਰ ਹੈ ਜੋ ਕਾਵਿ ਪ੍ਰਵਚਨ ਵਿਚ ਹੋਂਦ ਵਿਚ ਆਉਂਦਾ ਹੈ। ਇਹ ਸਾਰੀ ਸਥਿਤੀ ਸਵੈ ਅਤੇ ਪਰ ਜਾਂ ਆਦਰਸ਼ਕ ਦੂਜੇ ਦੇ ਸੰਵਾਦ ਦੀ ਹੁੰਦੀ ਹੈ। ਇਸ ਸਿਰਜਣ ਯਾਤਰਾ ਵਿਚ ਕਵਿਤਾ ਇਕ ਤਰ੍ਹਾਂ ਦੀ ਵਿਸਥਾਪਨਾ (Displacement) ਦੀ ਨਿਰੰਤਰ ਪ੍ਰਕਿਰਿਆ ਹੁੰਦੀ ਹੈ ਜਿਹੜੀ ਕਾਮਨਾ (Desire), ਮੁਕਤੀ, ਵਿਚਾਰਧਾਰਾ ਅਤੇ ਆਦਰਸ਼ਕ ਤੇ ਆਦਰਸ਼-ਵਿਰੋਧੀ ਪਰ (Ideal and Anti-Ideal Other) ਦੇ ਅੰਤਰ-ਦਵੰਦ ਨੂੰ ਸਿਰਜ ਕੇ ਪਾਠਕ ਸਰੋਤੇ ਨੂੰ ਨਿਰੰਤਰ ਤਬਦੀਲੀ ਦੇ ਅਮਲ ਵਿਚ ਪਾਈ ਰੱਖਦੀ ਹੈ। ਕਵਿਤਾ ਵਿਚ ਆਤਮਤਾ ਦੇ ਸਿਰਜਣ-ਸੰਚਾਰ ਦੇ ਤਿੰਨ ਮੁੱਖ ਧਰਾਤਲ ਬਣਦੇ ਹਨ :

1. ਬ੍ਰਹਿਮੰਡਕ (Cosmis) ਧਰਾਤਲ
2. ਸਮਾਜਕ ਧਰਾਤਲ
3. ਜੈਵਿਕ ਅਤੇ ਸਭਿਆਚਾਰਕ (Biological and Cultural) ਧਰਾਤਲ

ਬ੍ਰਹਿਮੰਡਕ ਪੈਰਾਡਾਈਮ ਦੇ ਅੰਤਰਗਤ ਮਨੁੱਖ ਦਾ ਪ੍ਰਕਿਰਤੀ (ਚੰਨ, ਸੂਰਜ, ਪੁਲਾੜ, ਸਾਗਰ, ਧਰਤ, ਬਨਸਪਤੀ ਤੇ ਜੀਵ-ਜੰਤੂ) ਦੈਵ (ਦੈਵ ਸੱਤਾ, ਰੱਬ, ਧਰਮਰਾਜ), ਕਾਲ-ਪ੍ਰਵਾਹ, ਸਮਾਂ, ਦਿਨ-ਰਾਤ ਤੇ ਜੀਵਨ-ਮੌਤ ਦੀਆਂ ਬੁਨਿਆਦੀ ਹਕੀਕਤਾਂ/ਆਦਰਸ਼ਾਂ ਨਾਲ ਹੈ। ਇਥੇ ਮਨੁੱਖ ਆਪਣੇ ਆਪ ਨੂੰ ਸਥਿਤ ਯਾਨੀ ਥਾਪੇ ਹੋਏ ਰੂਪ ਵਿਚ ਮਹਿਸੂਸ ਕਰਦਾ ਹੈ। ਗੁਰੂ ਨਾਨਕ ਨੇ ਜਪੁਜੀ ਵਿਚ ਇਸ ਨੂੰ ਇਉਂ ਪ੍ਰਗਟ ਕੀਤਾ ਹੈ :

*ਰਾਤੀ ਰੁਤੀ ਥਿਤੀ ਵਾਰ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥*

---

* ਪੰਜਾਬੀ ਅਧਿਐਨ ਸਕੂਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

Sri Satguru Jagjit Singh Ji Elibrary NamdhariElibrary@gmail.com

*ਤਿਸੁ ਵਿਚਿ ਜੀਅ ਜੁਗਤ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥..* (੩੪)

ਇਹ ਪ੍ਰਕਿਰਤੀ ਦਾ ਬੁਨਿਆਦੀ ਚੌਖਟਾ (ਸੰਬੰਧਾਂ ਦਾ ਰੂਪ) ਹੈ ਜਿਸ ਵਿਚ ਮਨੁੱਖ ਸਥਿਤ ਹੈ ਅਤੇ ਇਸ ਦੇ ਅੰਤਰਗਤ ਵਿਚਰਦਾ ਹੈ।

ਸਮਾਜਕ ਧਰਾਤਲ ਦੇ ਅੰਤਰਗਤ ਸਮਾਜਕ ਸੰਗਠਨ, ਰਾਜ (State), ਆਰਥਕ ਬਣਤਰ, ਸ਼ਕਤੀ ਸੰਬੰਧਾਂ ਦੇ ਰੂਪ, ਅਤੇ ਇਸ ਨਾਲ ਜੁੜਿਆ ਮਨੋ-ਪ੍ਰਬੰਧ ਆ ਜਾਂਦਾ ਹੈ। ਇਹ ਮਨੁੱਖ ਦਾ ਮਾਇਆ-ਛਾਇਆ ਦਾ ਸੰਚਾਰ ਹੈ ਜਿਥੇ ਉਹ ਸਮਾਜਕ ਤੌਰ ਤੇ ਸਥਿਰ ਹੈ। ਕਵਿਤਾ ਇਸ ਪੈਰਾਡਾਈਮ, ਤੇ ਵਿਸ਼ੇਸ਼ ਕਰਕੇ ਇਸ ਧਰਾਤਲ ਵਿਚ ਸਥਿਤ ਮਨੁੱਖ ਦੀ ਮਾਨਸਿਕਤਾ, ਇਸ ਬਣਤਰ ਦੀ ਲਾਲਸਾ-ਮੁਖੀ ਪ੍ਰਕਿਰਤੀ ਤੇ ਇਸ ਦੇ ਵਿਰੋਧ ਵਿਚ ਤਿਆਗ ਭਾਵਨਾ ਤੇ ਵਿਦਰੋਹ ਦੇ ਭਾਵ ਪ੍ਰਬੰਧ ਨਾਲ ਸੰਬੰਧਿਤ ਹੁੰਦੀ ਹੈ।

ਜੈਵਿਕ ਪੱਧਰ ਤੇ ਹਰ ਮਨੁੱਖ ਦੂਜੇ ਮਨੁੱਖਾਂ ਨਾਲੋਂ ਅੱਡਰਾ ਹੈ। ਹਰ ਚੀਜ਼ ਵਿਅਕਤੀਗਤ ਹੋਣ ਕਰਕੇ ਵਿਜੋਗ ਦੀ ਅਵਸਥਾ ਵਿਚ ਹੈ। ਇਸ ਬੁਨਿਆਦੀ ਵਿਜੋਗ ਦੇ ਧਰਾਤਲ ਤੇ 'ਮੈਂ', 'ਤੂੰ' ਦੀ ਰਚਨਾ ਹੁੰਦੀ ਹੈ। ਇਹ ਮਨੁੱਖ ਦਾ ਨਿੱਗਰ ਯਾਨੀ ਅਸਲ, ਕਾਲਪਨਿਕ ਬਿੰਬ ਜਗਤ ਅਤੇ ਪ੍ਰਤੀਕ ਜਗਤ ਦਾ ਧਰਾਤਲ (Real, Imaginary, Symbolic) ਹੈ। ਇਸੇ ਦੇ ਅੰਤਰਗਤ ਹੀ ਪਰਿਵਾਰਕ ਰਿਸ਼ਤੇ ਤੇ ਮਨੋ-ਗ੍ਰੰਥੀਆਂ, ਪ੍ਰਵਿਰਤੀਆਂ, ਵਿਕਾਰ ਆਦਿ ਆਉਂਦੇ ਹਨ। ਸ਼ਿਵ ਕੁਮਾਰ ਦੀ ਕਵਿਤਾ ਵਿਚ ਇਹ 'ਪੋਤੜੇ ਦਾ ਬਿਰਹਾ' ਹੈ (ਸਾਡੇ ਪੋਤੜਿਆਂ ਵਿਚ ਬਿਰਹਾ ਰਖਿਆ ਸਾਡੀਆਂ ਮਾਵਾਂ, ਜਿੰਦੇ ਮੇਰੀਏ)। ਇਹ ਵਿਅਕਤੀ ਦੇ ਕਾਲਪਨਿਕ ਅਤੇ ਪ੍ਰਤੀਕ ਜਗਤ ਦੀ ਕਾਇਮੀ ਦਾ ਪਰ ਦੇ ਵਿਰੋਧ ਵਿਚ ਆਤਮ ਦੀ ਸਿਰਜਣਾ ਦਾ ਧਰਾਤਲ ਹੈ। ਲੋੜ ਦੀ ਕਾਮਨਾ ਵਿਚ ਵਟਣ ਦੀ ਪ੍ਰਕਿਰਿਆ ਇਸੇ ਥਾਂ ਉੱਪਰ ਚਲਦੀ ਹੈ। ਇਸ ਬੁਨਿਆਦੀ ਧਰਾਤਲ ਤੇ ਪੈਦਾ ਹੋਈ ਕਾਮਨਾ ਤੇ ਚੇਤਨਾ ਹੀ ਇਸ ਤੋਂ ਉਚੇਰੇ ਸਤਰਾਂ-ਸਮਾਜਕ ਧਰਾਤਲ ਅਤੇ ਬ੍ਰਹਿਮੰਡਕ ਧਰਾਤਲ ਵਿਚ ਵਿਚਾਰਧਾਰਾ ਅਤੇ ਵਿਸ਼ਵ-ਦ੍ਰਿਸ਼ਟੀ ਵਿਚ ਰੂਪਾਂਤਰਿਤ ਹੁੰਦੀ ਜਾਂਦੀ ਹੈ।

ਕਵਿਤਾ ਇਹਨਾਂ ਪੈਰਾਡਾਈਮਾਂ ਦੇ ਸਮੱਸਿਆਤਮਕ ਸੰਚਾਰ ਦਾ ਪ੍ਰਵਚਨ ਹੈ। ਮੂਲ ਵਿਜੋਗ ਕਾਰਨ ਕਵਿਤਾ ਦਾ ਆਤਮ ਬੁਨਿਆਦੀ ਤੌਰ ਤੇ ਪ੍ਰੇਮਾਤਮਕ ਆਤਮ (Amorous Subject) ਹੈ। ਇਥੋਂ ਹੀ ਬਾਕੀ ਪੱਧਰਾਂ ਦਾ ਸੰਚਾਰ ਤੁਰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਵਿਤਾ ਦੇ ਉਦੇ ਦਾ ਵਿਵੇਕ ਇਹਨਾਂ ਸਤਰਾਂ ਚੋਂ ਸਾਹਮਣੇ ਆਉਂਦਾ ਹੈ :

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*

Sri Satguru Jagjit Singh Ji Elibrary NamdhariElibrary@gmail.com

*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥*

(ਬਾਰਹ ਮਾਹਾ ਮਾਝ ਮਹਲਾ ੫)

ਗੁਰੂ ਅਰਜਨ ਦੇਵ ਜੀ ਨੇ ਜਿਸ ਘਰ, ਨਗਰ ਜਾਂ ਗ੍ਰਾਮ ਦੀ ਗੱਲ ਕੀਤੀ ਹੈ, ਉਹ ਹਰਿ ਕੰਤ ਦੇ ਪ੍ਰਗਟਣ ਦਾ ਸਥਾਨ ਹੈ। ਇਸੇ ਵਿਸ਼ੇਸ਼ ਸਥਾਨ ਵਿਚ ਕਵਿਤਾ ਉਦੇ ਹੁੰਦੀ ਹੈ। ਹਰਿ ਦਾ ਹਿਰਦੇ ਘਰ ਵਿਚ ਪ੍ਰਗਟਣਾ ਕਵਿਤਾ ਦਾ ਮਾਨਵੀ ਸਭਿਆਚਾਰਕ ਸਥਾਨ ਵਿਚ ਉਦੇ ਹੋਣਾ ਹੈ। ਇਸ ਸਥਲ ਤੇ ਉਪਰ ਵਰਣਿਤ ਤਿੰਨੇ ਪੈਰਾਡਾਈਮ ਅੰਤਰ-ਸੰਬੰਧਿਤ ਹੋ ਕੇ ਕਵਿਤਾ ਦੇ ਸੰਸਾਰ ਨੂੰ ਸਿਰਜਦੇ ਹਨ। ਇਥੇ ਕਾਵਿ ਸੰਚਾਰ ਦੀ ਕਾਰਕ ਧਿਰ, ਤੇ ਇਸ ਨੂੰ ਹੋਂਦ ਵਿਚ ਲਿਆਉਣ ਵਾਲੀ ਕਰਤਰੀ ਸ਼ਕਤੀ (Agency) ਪੈਦਾ ਹੁੰਦੀ ਹੈ। ਜੀਵ ਅਤੇ ਹਰਿ ਕੰਤ, ਆਤਮ ਅਤੇ ਆਦਰਸ਼ਕ ਦੂਜੇ ਦੀਆਂ ਧਿਰਾਂ ਪ੍ਰਤੀਕਾਤਮਕ ਪਰਤਵੇਂਪਣ (Symbolic Reciprocity) ਦੀਆਂ ਧਿਰਾਂ ਬਣਦੀਆਂ ਹਨ। ਵਿਜੋਗ ਦੀ ਇਸ ਸਥਿਤੀ ਵਿਚ ਹੀ ਕਵਿਤਾ ਦਾ ਉਦੇ ਹੈ ਜਿਥੇ ਮਨੁੱਖ ਆਪਣੇ ਹੋਣ ਜਾਂ ਨਾ-ਹੋਣ ਦੇ ਅਸਤਿਤਵਕ ਸੰਕਟ ਵਿਚ ਹੁੰਦਾ ਹੈ। ਮਿਲਾਪ ਜਿਥੇ ਜੀਵਨ ਅਤੇ ਵਿਛੋੜਾ ਜਿਥੇ ਮੌਤ ਹੁੰਦਾ ਹੈ। ਵਿਅਕਤੀ ਆਤਮ ਦੇ ਇਸੇ ਅਸਤਿਤਵਕ ਸੰਕਟ ਦੀ ਉਕਤ ਕਾਵਿ ਰਚਨਾ ਵਿਚ ਪ੍ਰਗਟ ਕੀਤਾ ਗਿਆ ਹੈ। ਮੇਲ ਅਜੇਹੀ ਸਮੁਚਤਾ ਹੈ, ਜਿਸ ਦਾ 'ਨਿਹਚਲ ਧਾਮ' ਹੈ। ਵਿਜੋਗ ਮਿਟਣ ਦੀ ਸਥਿਤੀ ਵਿਚ ਕਵਿਤਾ ਵੀ ਇਸ ਨਿਹਚਲ ਧਾਮ ਵਿਚ ਨਿਹਚਾਉ ਹਾਸਲ ਕਰ ਸਕਦੀ ਹੈ। ਪਰ ਜੀਵਨ-ਮੌਤ ਦੇ ਦੂੰਹ ਦੰਦਿਆਂ ਵਿਚ ਫਸੀ ਵਿਅਕਤੀ ਦੀ ਵਿਜੋਗੀ ਹੋਂਦ, ਸਮਾਜਕ ਸੰਗਠਨ ਦਾ ਆਤੰਕ ਤੇ ਇਸ ਦੀ ਮਨੋ-ਬਣਤਰ ਨਾਲ ਟਕਰਾਉ, ਬ੍ਰਹਿਮੰਡਕ ਪਸਾਰ ਵਿਚ ਮਨੁੱਖ ਦਾ ਕੁਦਰਤ ਦੀ ਗੋਦ ਵਿਚ ਸਥਿਤ ਹੋਣਾ ਅਜੇਹੇ ਪਹਿਲੂ ਹਨ ਜੋ ਕਵਿਤਾ ਦੇ ਸਦੀਵ ਪ੍ਰੇਰਕ ਹਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸਿਰਜਣ-ਸੰਚਾਰ ਵਿਚ ਉਪਰੋਕਤ ਤਿੰਨੇ ਧਰਾਤਲ ਕਾਰਜਸ਼ੀਲ ਹਨ। ਇਸ ਬਾਣੀ ਦੇ ਸੰਚਾਰ ਪ੍ਰਬੰਧ ਵਿਚ ਸਭ ਤੋਂ ਪਹਿਲਾ ਪ੍ਰਬੰਧ 'ਰਾਗ' ਦਾ ਹੈ। ਸ੍ਰਿਸ਼ਟੀ ਦਾ ਵਿਆਪਕ ਰੂਪ-ਪ੍ਰਬੰਧ ਬੁਨਿਆਦੀ ਤੌਰ ਤੇ ਰਾਗਾਤਮਕ ਹੈ। ਪ੍ਰਕਿਰਤੀ ਤੇ ਸੰਸਕ੍ਰਿਤੀ ਦੇ ਧਰਾਤਲ ਤੇ ਰਮ ਰਿਹਾ ਜੀਵਨ ਰਾਗਮਈ ਹੈ। ਰਾਗ ਇਕ ਸੰਗੀਤ ਪ੍ਰਬੰਧ ਵੀ ਹੈ ਤੇ ਮਾਨਵ ਜਾਤੀ ਤੇ ਪ੍ਰਕਿਰਤੀ ਵਿਚਕਾਰ ਇਕ ਸੰਜੋਗਸ਼ੀਲ ਸੰਬੰਧ ਵੀ ਹੈ ਜਿਥੇ ਸਮਾਜ ਦੇ ਅੰਦਰਲੇ ਪ੍ਰਬੰਧ ਵਿਚ ਵੀ ਇਕਸੁਰਤਾ ਤੇ ਲੈਅ ਹੈ ਪਰ ਇਹ ਇਕਸੁਰਤਾ ਪ੍ਰਾਪਤ ਸਮਾਜ ਦੇ ਪ੍ਰਬੰਧ ਵਿਚ ਟੁਟਦੀ ਹੈ। ਜੋ ਪ੍ਰਬੰਧ ਰਾਗਾਤਮਕ ਹੋਣੇ ਚਾਹੀਦੇ ਹਨ, ਉਹ ਆਪਸੀ ਟਕਰਾਓ ਅਧੀਨ ਹਨ। ਗੁਰੂ ਅਰਜਨ ਦੇਵ ਬਾਣੀ ਵਿਚ ਉਪਰ ਵਰਣਿਤ ਤਿੰਨਾਂ ਪੈਰਾਡਾਈਮਾਂ ਵਿਚੋਂ ਇਕ ਸਮੇਂ ਤੇ ਦੋ ਜਾਂ ਵੱਧ ਪ੍ਰਬੰਧਾਂ ਦਾ ਟਕਰਾਓ ਹੈ :

*ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥*
*ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ॥*
*ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ॥*
*ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ॥*

Sri Satguru Jagjit Singh Ji Elibrary NamdhariElibrary@gmail.com

*ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ॥੭॥*

(ਗਉੜੀ ਕੀ ਵਾਰ ਮਹਲਾ ੫)

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤ ਤਰੰਗ॥
ਅਚਰਜ ਰੂਪ ਸੰਤਨ ਕਰੇ ਨਾਨਕ ਨਾਮਹ ਰੰਗ॥੧॥

(ਗਉੜੀ ਕੀ ਵਾਰ ਮਹਲਾ ੫)

*ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ॥*
*ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ॥*
*ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ॥*
*ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ॥੧॥*
*ਮੇਰੇ ਮਨ ਸੁਖਦਾਤਾ ਹਰ ਸੋਇ॥*
*ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ॥੧॥*
*ਕਪੜਿ ਭੋਗ ਲਪਟਾਇਆ ਸੁਇਨਾ ਰੁਪਾ ਖਾਕੁ॥*
*ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ॥*
*ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ॥*
*ਸਿਰਜਣਹਾਰ ਭੁਲਾਇਆ ਵਿਣੁ ਨਾਵੈ ਨਾਪਾਕ॥੨॥.......*
*ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ॥*
*ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ॥*

(ਸਿਰੀ ਰਾਗ ਮਹਲਾ ੫)

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸਮਾਜਕ ਜੀਵਨ ਬ੍ਰਹਿਮੰਡਕ ਪਸਾਰ ਵਿਚ ਸਥਿਤ ਹੈ। ਇਕ ਹਰੀ ਜੋ ਪਰਮਾਰਥਕ ਪੱਧਰ ਤੇ ਅਬਿਨਾਸੀ ਹੈ, ਸਮਾਜਕ ਪੱਧਰ ਤੇ ਸੁਖ ਨਿਧਾਨ ਹੈ। ਖੁਦ ਹਰੀ ਜਲ ਅਤੇ ਥਲ ਦੇ ਵਿਚਕਾਰ ਸਾਰੀ ਸ੍ਰਿਸਟੀ ਵਿਚ ਵਿਦਮਾਨ ਊਚ ਤੇ ਨੀਚ ਦੇ ਸਮਾਜਕ ਅੰਤਰਾਂ ਦਾ ਮੇਟਣਹਾਰ ਹੈ। ਸਮਾਜਕ ਰਿਸ਼ਤਿਆਂ ਦਾ ਪੈਰਾਡਾਈਮ ਇਸ ਤੋਂ ਵਧੇਰੇ ਪੈਰਾਡਾਈਮ ਦੇ ਅੰਤਰਗਤ ਹੈ। ਸਮਾਜਕ ਜੀਵਨ ਪ੍ਰਕਿਰਤੀ ਵਿਚ ਮੌਲ ਰਿਹਾ ਹੈ। ਮਨੁੱਖ ਪਾਸ ਪਦਾਰਥਕ ਬਹੁਲਤਾ ਅਤੇ ਸਾਕ ਸੰਬੰਧੀਆਂ ਦੀ ਬਖਤੀ ਹੈ। ਇਹ ਅਸਾਵੀਂ ਸਮਾਜਕ ਵਿਵਸਥਾ ਦਾ ਰੂਪ ਹੈ। ਇਸੇ ਵਿਵਸਥਾ ਦਾ ਪ੍ਰਤਿਪੱਖ ਹਰਿ ਨਾਮ ਹੈ। ਇਕ ਬਣਤਰ ਦਾ ਦੂਜੀ ਬਣਤਰ ਵਿਚ ਖਾਤਮਾ ਹੈ। ਰਾਜ ਦੀ ਬਣਤਰ ਦੀ ਕਾਟ, ਇਸ ਦਾ ਬਦਲ ਹੈ। ਇੰਜ ਦੋਹਾਂ ਪੈਰਾਡਾਈਮਾਂ ਦੀਆਂ ਇਕਾਈਆਂ ਪਰਸਪਰ ਸੰਬਾਦ ਦੇ ਰਿਸ਼ਤੇ ਵਿਚ ਹਨ। ਮਨੁੱਖ ਦਾ ਉਸ ਦੀ ਪਦਾਰਥਕਤਾ ਨਾਲ ਰਿਸ਼ਤਾ 'ਇਕ' ਦੇ ਅਭਾਵ ਵਾਲਾ ਬਣ ਚੁੱਕਾ ਹੈ। ਇਸ ਥਾਂ 'ਤੇ ਬਾਣੀ ਵਿਚ ਇਸ 'ਇਕ' ਦੇ ਆਧਾਰ ਤੇ ਵਿਸਥਾਪਨਾ ਅਤੇ ਤਬਦੀਲੀ ਦੀ ਇਕ ਪ੍ਰਕਿਰਿਆ ਚਲਦੀ ਹੈ ਜਿਸਦਾ ਮਾਡਲ ਆਪਣੇ ਆਪ ਵਿਚ ਬੜਾ ਸਪੱਸ਼ਟ ਹੈ :

*ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ॥*
*ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥*
*ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂ ਵੁਠਾ*

*ਸਭਨਾ ਕੇ ਦਾਤਾਰਾ ਜੀਉ ॥੧॥*
*ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥*
*ਨਉ ਨਿਧਿ ਤੇਰੈ ਅਖੁਟ ਭੰਡਾਰਾ ॥*
*ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ*
*ਸੋਈ ਭਗਤੁ ਤੁਮਾਰਾ ਜੀਉ ॥੨॥*
*ਸਭੁ ਕੋ ਆਸੈ ਤੇਰੀ ਬੈਠਾ ॥*
*ਘਟਿ ਘਟਿ ਅੰਤਰਿ ਤੂੰ ਹੈ ਵੁਠਾ ॥*
*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥*

(ਮਾਝ ਮਹਲਾ ੫ ਚਉਪਦੇ ਘਰ ੧)

ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਪੇ ਇਸ ਪ੍ਰਬੰਧ ਵਿਚ ਕਰਤਾ ਦੀ ਹਾਜ਼ਰੀ ਹੈ। ਇਸ ਬੰਦ ਵਿਚ ਪੇਸ਼ ਜੀਵਨ ਵਿਚ ਕਰਤਾ ਹਾਜ਼ਰ ਹੈ। ਇਹ ਕਰਤਾ ਸਮਾਜਕ ਪ੍ਰਕਿਰਤਕ ਪ੍ਰਬੰਧ ਦਾ ਹੀ ਕਰਤਾਰੀ ਰੂਪ ਹੈ। ਇਸ ਕਰਤਾਰੀ ਅਮਲ ਦੀ ਹਾਜ਼ਰੀ ਤੇ ਗੈਰ-ਹਾਜ਼ਰੀ ਕਾਰਨ ਪ੍ਰਬੰਧ ਸਿੱਧਾ ਜਾਂ ਉਲਟਾ ਹੈ, ਰਾਗਾਤਮਕ ਜਾਂ ਵੈਰਾਗਾਤਮਕ ਹੈ, ਸਾਂਝਾ ਜਾਂ ਅਸਾਂਝਾ ਹੈ। ਰਾਗਾਤਮਕ ਹੋਣ ਦੀ ਸੂਰਤ ਵਿਚ ਮਨੁੱਖ ਦਾ ਅੰਦਰਲਾ ਤੇ ਪ੍ਰਕਿਰਤੀ ਨਾਲ ਬਾਹਰਲਾ ਰਿਸ਼ਤਾ ਇਕਸੁਰਤਾ ਵਾਲਾ ਹੈ। ਇਥੇ ਇਕ ਵਿਆਪਕ ਪ੍ਰਬੰਧ ਵਿਚ ਸਾਰਾ ਕਾਰ-ਵਿਹਾਰ ਚਲ ਰਿਹਾ ਹੈ। 'ਇਕ' ਇਥੇ ਮਾਨਵ ਬਰਾਬਰੀ ਦਾ ਕਾਰਨ ਅਤੇ ਅਜਿਹੇ ਪ੍ਰਬੰਧ ਦਾ ਸਿਰਜਕ ਹੈ। ਪਹਿਲੇ ਬੰਦ ਵਿਚ ਤਿੰਨ ਚੀਜ਼ਾਂ ਦਾ ਜ਼ਿਕਰ ਹੈ : ਰੁੱਤ, ਕੰਮ ਅਤੇ ਹਿਰਦਾ। ਬੰਦੇ ਦਾ ਕੁਦਰਤ, ਆਪਣੇ ਕੰਮ ਅਤੇ ਆਪਣੇ ਆਪ, ਆਪਣੇ ਹਿਰਦੇ ਨਾਲ ਰਿਸ਼ਤਾ। ਕਾਬਜ਼ ਸਮਾਜਕ ਬਣਤਰ ਇਹਨਾਂ ਪੱਧਰਾਂ ਤੇ ਮਨੁੱਖ ਦੇ ਰਿਸ਼ਤੇ ਬਦਲ ਦਿੰਦੀ ਹੈ। ਪ੍ਰਭੂ ਇਕੋ ਵਾਸਤਵਿਕ ਹੋਂਦ ਵੀ ਹੈ ਤੇ ਸੰਭਾਵਿਤ ਵੀ। ਮਨੁੱਖ ਨੇ ਇਸ ਹੋਂਦ ਦੇ ਆਸਰੇ ਆਪਣੇ ਰਿਸ਼ਤੇ ਨਵੇਂ ਸਿਰੇ ਤੋਂ ਪਛਾਣ ਲਏ ਹਨ। ਦੂਜੇ ਬੰਦ ਵਿਚ ਪਰਵਾਰ (ਬਾਪ-ਪੁੱਤਰ ਸੰਬੰਧ), ਅਖੁੱਟ ਭੰਡਾਰੇ ਅਤੇ ਮਨੁੱਖ ਦੀ ਤ੍ਰਿਪਤੀ ਦਾ ਆਪਸੀ ਰਿਸ਼ਤਾ ਹੈ। ਮਨਇੱਛਿਤ ਉਚੇਰੀ ਸ਼ਕਤੀ ਨਾਲ ਮਨੁੱਖ ਦਾ ਬਾਪ-ਪੁੱਤਰ ਦਾ ਰਿਸ਼ਤਾ ਆਪਸੀ ਸਹਿਚਾਰ ਵਾਲਾ ਹੈ, ਵਿਰੋਧ ਅਤੇ ਈਰਖਾ ਵਾਲਾ ਨਹੀਂ। ਇਹ ਆਰਥਕਤਾ ਤੇ ਤਾਕਤ ਵਾਲੇ ਸਥਾਪਿਤ ਰਿਸ਼ਤੇ ਦਾ ਮਾਨਵੀ ਬਦਲ ਹੈ। ਭੰਡਾਰਾ ਅਖੁੱਟ ਹੈ, ਚੀਜ਼ਾਂ ਦੀ ਘਾਟ ਨਹੀਂ ਹੈ ਪਰ ਇਹਨਾਂ ਦੀ ਵੰਡ-ਵੰਡਾਈ ਪਰਿਵਾਰਕ ਬਣਤਰ ਵਾਲੀ ਨਹੀਂ ਹੈ। ਇਸ ਬਣਤਰ ਦਾ ਮੁਖੀ ਬਾਹਰ ਨਹੀਂ, ਅੰਦਰੇ ਵਿਦਮਾਨ ਹੈ ਪਰ ਹੈ ਉਹ ਇਕ ਇੰਤਜ਼ਾਰਿਤ ਹੀ, ਜਿਸ ਦੀ ਸਭਨਾਂ ਨੂੰ ਹੀ ਆਸ ਹੈ, ਸਭਨਾਂ ਨੂੰ ਉਮੀਦ ਹੈ, ਉਡੀਕ ਹੈ: 'ਸਭ ਕੋ ਆਸੈ ਤੇਰੀ ਬੈਠਾ'। ਪਰਿਵਾਰ ਬਣਤਰ ਵਾਲੀ, ਆਪਣੀ ਕੁਦਰਤ, ਆਪਣੇ ਕੰਮ ਤੇ ਆਪਣੇ ਹਿਰਦੇ ਨਾਲ ਅਪਣੱਤ ਭਰੇ ਰਿਸ਼ਤੇ ਵਾਲੀ ਇਹ 'ਸਭੇ ਸਾਝੀਵਾਲ ਸਦਾਇਨ' ਦੀ ਵਿਚਾਰਧਾਰਾ ਹੈ। ਇਥੇ ਉਹ ਵਿਚਾਰਧਾਰਾ ਉਤਪੰਨ ਹੁੰਦੀ ਹੈ ਜਿਸ ਦਾ ਕਾਰਜ ਮਨੁੱਖ ਨੂੰ ਇਕ ਸੁਤੰਤਰ ਤੇ ਆਪਣੇ ਆਪੇ ਨਾਲ ਇਕਸੁਰ ਤੇ ਰਾਗਾਤਮਕ, ਇਕ ਸੁਗਠਿਤ ਵਿਅਕਤੀ ਵਜੋਂ ਆਪਣੀ ਨਵੀਂ ਪਛਾਣ ਦਾ ਬੋਧ ਕਰਾਉਣਾ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਬਹੁਤ ਉਭਰਵੀਂ ਸੁਰ ਸਿਮਰਨ ਹੈ। ਸਿਮਰਨ ਦਾ ਅਰਥ ਵੀ ਬੜਾ ਵਿਆਪਕ ਅਤੇ ਆਮ ਸਮਝੇ ਜਾਂਦੇ ਭਾਵ ਤੋਂ ਬੜਾ ਵੱਖਰਾ ਹੈ :

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥*

(ਸੁਖਮਨੀ ਸਾਹਿਬ)

ਏਥੇ ਗੁਰੂ ਸਾਹਿਬ ਮਨੁੱਖ ਨੂੰ ਦਰਪੇਸ਼ ਵਿਹਾਰਕ ਸਮੱਸਿਆਵਾਂ ਨੂੰ ਮੁਖਾਤਿਬ ਹਨ। ਇਹ ਸਮੱਸਿਆਵਾਂ ਵਿਅਕਤੀ ਨੂੰ ਸਮਾਜਕ ਬਣਤਰ ਵਿਚ ਪੇਸ਼ ਆਉਂਦੀਆਂ ਹਨ। ਦੁੱਖ, ਡਉ, ਵਿਘਨ, ਦੁਸ਼ਮਣ ਦਾ ਸੰਸਾ ਸਭ ਸਮਾਜਕ-ਵਿਹਾਰਕ ਮੁਸ਼ਕਲਾਂ ਹਨ। ਇਹਨਾਂ ਦਾ ਸਮਾਧਾਨ ਸਿਮਰਨ ਹੈ। ਜ਼ਾਹਿਰ ਹੈ ਕਿ ਇਹ ਸਿਮਰਨ ਨਿਰੋਲ ਪ੍ਰਭੂ ਨਾਮ ਦਾ ਮੌਖਿਕ ਜਾਪ ਨਹੀਂ ਹੈ, ਸਗੋਂ ਇਕ ਨਵੀਂ ਜੀਵਨ ਵਿਧੀ ਨੂੰ ਧਾਰਨ ਕਰਨਾ ਹੈ, ਇਸ ਦੀ ਕਾਇਮੀ ਦਾ ਸੰਘਰਸ਼ ਹੀ ਸਿਮਰਨ ਹੈ। ਇਹ ਸਿਮਰਨ ਏਨਾ ਵਿਆਪਕ ਹੈ ਕਿ ਸੁਖਮਨੀ ਸਾਹਿਬ ਦੀ ਬਾਣੀ ਵਿਚ ਇਸ ਦੇ ਬਹੁਤ ਜ਼ਿਆਦਾ ਪਸਾਰ ਪ੍ਰਗਟ ਹੋਏ ਹਨ। ਹਰਿ ਸਿਮਰਨ ਨਾਲ ਵੇਦ ਉਪਜੇ ਹਨ, ਇਸੇ ਕਾਰਨ ਸਿੱਧ, ਜਤੀ ਦਾਤੇ ਹੋਏ ਹਨ। ਹਰਿ ਸਿਮਰਨ ਵਿਚ ਆਪ ਨਿਰੰਕਾਰ ਪ੍ਰਭੂ ਹੈ। ਇਸ ਤਰ੍ਹਾਂ ਗੁਰੂ ਸਾਹਿਬ ਇਕ ਪਾਸੇ ਤਾਂ ਸੰਪਰਦਾਇਕ ਕਰਮਕਾਂਡਾਂ ਅਤੇ ਪੂਜਾ ਵਿਧੀਆਂ ਦੇ ਬਦਲ ਵਿਚ ਸਿਮਰਨ ਦਾ ਵਿਕਲਪ ਦੇਂਦੇ ਹਨ, ਦੂਜੇ ਉਹਨਾਂ ਦਾ ਬਲ ਮਨੁੱਖ ਦੀ ਹਉਂ (ਬਪਰ) ਦੇ ਖਾਤਮੇ ਉਪਰ ਹੈ। ਇਹ ਦੋਵੇਂ ਚੀਜ਼ਾਂ ਇਕੱਠੀਆਂ ਚਲਦੀਆਂ ਹਨ :

*ਜਾਪ ਤਾਪ ਗਿਆਨ ਸਭਿ ਧਿਆਨ॥*
*ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥*
*ਜੋਗ ਅਭਿਆਸ ਕਰਮ ਧ੍ਰਮ ਕਿਰਿਆ॥*
*ਸਗਲ ਤਿਆਗਿ ਬਨ ਮਧੇ ਫਿਰਿਆ॥*
*ਅਨਿਕ ਪ੍ਰਕਾਰ ਕੀਏ ਬਹੁ ਜਤਨਾ॥*
*ਪੁੰਨ ਦਾਨ ਹੋਮੇ ਬਹੁ ਰਤਨਾ॥*
*ਸਰੀਰੁ ਕਟਾਇ ਹੋਮੈ ਕਰਿ ਰਾਤੀ॥*
*ਵਰਤ ਨੇਮ ਕਰੈ ਬਹੁ ਭਾਤੀ॥.......*
*ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥*
*ਨਿਮਖ ਨਿਮਖ ਕਰਿ ਸਰੀਰੁ ਕਟਾਵੈ॥*

Sri Satguru Jagjit Singh Ji Elibrary NamdhariElibrary@gmail.com

*ਤਉ ਭੀ ਹਉਮੈ ਮੈਲੁ ਨਾ ਜਾਵੈ॥*

(ਸੁਖਮਨੀ ਸਾਹਿਬ)

ਕਰਮਕਾਂਡਾਂ ਅਤੇ ਹਉਮੈ ਦੇ ਪ੍ਰਸੰਗ ਏਥੇ ਸਾਂਝੇ ਹਨ। ਭਾਰਤੀ ਜੀਵਨ ਵਿਚ ਰੀਤੀਵਾਦ (Ritualism) ਬਹੁਤ ਡੂੰਘਾ ਘਰ ਕਰੀ ਬੈਠਾ ਹੈ। ਇਸ ਰੀਤੀਵਾਦ ਦੇ ਖਿਲਾਫ ਜੰਗ ਤਾਂ ਵਿਸ਼ੇਸ਼ ਤੌਰ ਤੇ ਗੁਰੂ ਨਾਨਕ ਤੋਂ ਹੀ ਸ਼ੁਰੂ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਸੰਵਾਦ ਨੂੰ ਜਾਰੀ ਰੱਖਿਆ ਹੈ ਅਤੇ ਇਸ ਨਾਲ ਕਈ ਹੋਰ ਪ੍ਰਸੰਗ ਸੰਬੰਧਿਤ ਕੀਤੇ ਹਨ। ਇਹਨਾਂ ਵਿਚੋਂ ਇਕ ਮੁੱਖ ਪ੍ਰਸੰਗ ਹਉਮੈ ਦਾ ਹੈ। ਸੁਖਮਨੀ ਸਾਹਿਬ ਵਿਚ ਜਿਨ੍ਹਾਂ ਮਤਾਂ ਮਤਾਤਰਾਂ ਦਾ ਖੰਡਨ ਹੈ ਉਹਨਾਂ ਵਿਚੋਂ ਬੈਸਨੋ, ਭਗਉਤੀ ਤੇ ਜੈਨ ਮੱਤ ਪ੍ਰਮੁੱਖ ਹਨ। ਗੁਰੂ ਸਾਹਿਬ ਅਨੁਸਾਰ ਇਹ ਰੀਤੀਵਾਦ ਮਨੁੱਖ ਨੂੰ ਅਜ਼ਾਦ ਮਨੁੱਖ ਨਹੀਂ ਰਹਿਣ ਦੇਂਦਾ। ਨਿਸਫਲ ਕਰਮ ਵਿਚ ਲੱਗੀ ਹੋਈ ਮਨੁੱਖਤਾ ਵੰਡੀਆਂ ਵਿਚ ਵੰਡੀ ਜਾ ਚੁੱਕੀ ਹੈ। ਬਹੁਤ ਸਾਰੇ ਭੇਦਾਂ, ਵੰਡੀਆਂ ਤੇ ਵਰਗਾਂ ਵਿਚ ਵੰਡੇ ਬੰਦੇ ਇਹਨਾਂ ਤੋਂ ਮੁਕਤ ਹੋ ਕੇ ਜਦੋਂ ਆਪਣੀ ਅੰਦਰਲੀ ਏਕਤਾ ਨੂੰ ਪਛਾਣ ਸਕਣਗੇ ਤਾਂ ਉਹ ਇਕ ਰੂਹਾਨੀ-ਰਾਜਸੀ ਸ਼ਕਤੀ ਬਣ ਸਕਣਗੇ। ਮਨੁੱਖ ਦੀ ਹਉਮੈ ਅਤੇ ਲਾਲਚ ਉਸ ਨੂੰ ਅਜਿਹਾ ਨਹੀਂ ਕਰਨ ਦੇਂਦੇ। ਇਹਨਾਂ ਕਰਮਕਾਂਡਾਂ ਅਤੇ ਰੀਤੀਵਾਦ ਦੀ ਧਰਤੀ ਹਉਮੈ ਹੈ। ਗੁਰੂ ਸਾਹਿਬ ਨੇ ਇਸ ਨੂੰ ਐਨ ਸਹੀ ਪਛਾਣਿਆ ਹੈ। ਇਸ ਦਾ ਬਦਲ ਸਾਧ ਸੰਗਤ ਹੈ। ਸਾਧ ਸੰਗਤ ਇਕ ਜਗ੍ਹਾ ਤੇ ਜੁੜਿਆ ਇਕੱਠ ਨਹੀਂ ਹੈ, ਸਗੋਂ ਇਹ ਸਮੂਹਕਤਾ ਦੀ ਭਾਵਨਾ ਹੈ। ਵਿਅਕਤੀ ਨੂੰ ਵੱਧ ਤੋਂ ਵੱਧ ਨਿਜ ਰਹਿਤ (Deindividualize) ਕਰਨਾ ਹੈ। ਸਾਧ ਸੰਗਤ ਵਿਚ ਸਿਮਰਨ ਦੀ ਭਾਵਨਾ ਦੇ ਤਹਿਤ ਜੁੜਿਆ ਵਿਅਕਤੀ ਨਿਰਗੁਣ ਇਕ ਦੀ ਹਸਤੀ ਨੂੰ ਪਛਾਣ ਕੇ ਮਨ ਵਿਚ ਉਸ ਦਾ ਵਾਸ ਕਰੇ। ਇਹ ਵਿਅਕਤੀ ਦੇ ਆਤਮ ਅਥਵਾ ਸਵੈ ਦੀ ਵਿਸਥਾਪਨਾ ਹੈ। ਇਸ ਤਰ੍ਹਾਂ ਇਕ ਅਮੂਰਤ ਸ਼ਕਤੀ ਦੇ ਲੜ ਲੱਗਾ ਬੰਦਾ ਅਨੇਕਾਂ ਵਰਗਾਂ ਵਿਚ ਵੰਡੇ ਜਾਣ ਤੋਂ ਬਚਿਆ ਰਹਿੰਦਾ ਹੈ। ਇਸ ਤਰ੍ਹਾਂ ਇਕ ਦੀ ਭਾਵਨਾ ਦੇ ਅੰਤਰਗਤ ਸਾਧ ਸੰਗਤ ਦੇ ਰੂਪ ਵਿਚ ਸੰਚਤ ਕੀਤੀ ਉਸ ਦੀ ਸ਼ਕਤੀ ਹੀ ਮੁਕਤੀ ਦਾ ਮਾਰਗ ਹੈ, ਗੁਲਾਮੀ ਤੋਂ ਨਿਜਾਤ ਦਾ ਇਕ ਸਮੂਹਕ ਉਦਮ ਹੈ। ਸਿਮਰਨ ਦੇ ਮਾਇਨੇ ਇਥੇ ਇਸੇ ਪ੍ਰਸੰਗ ਵਿਚ ਉੱਘੜਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਆਪਣੇ ਨਵੇਂ ਸਮਾਜਕ-ਰਾਜਸੀ ਰੂਹਾਨੀ ਮਕਸਦ ਲਈ ਪੁਰਾਣੀ ਸਥਾਪਿਤ ਜੀਵਨ ਜਾਚ ਦੇ ਬਦਲ ਦੇ ਰੂਪ ਵਿਚ ਇਕ ਨਵੀਂ ਜੀਵਨ ਵਿਧੀ ਦਾ ਸੰਚਾਰ ਕਰਦੇ ਹਨ। ਇਸੇ ਲਈ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਜੀਵਨ ਦਾ ਰੂਪਕ ਇਕ ਅਖਾੜੇ ਵਾਲਾ ਹੈ :

*ਹਉ ਗੋਸਾਈ ਦਾ ਪਹਿਲਵਾਨੜਾ॥*
*ਮੈ ਗੁਰ ਮਿਲਿ ਉਚ ਦੁਮਾਲੜਾ॥*
*ਸਭ ਹੋਈ ਛਿੰਝ ਇਕਠੀਆ॥*
*ਦਯੁ ਬੈਠਾ ਵੇਖੈ ਆਪਿ ਜੀਉ॥੧॥*
*ਵਾਤ ਵਜਨਿ ਟੰਮਕ ਭੇਰੀਆ॥*
*ਮਲ ਲਥੇ ਲੈਦੇ ਫੇਰੀਆ॥*
*ਨਿਹਤੇ ਪੰਜਿ ਜੁਆਨ ਮੈ*

Sri Satguru Jagjit Singh Ji Elibrary NamdhariElibrary@gmail.com

*ਗੁਰ ਥਾਪੀ ਦਿਤੀ ਕੰਡਿ ਜੀਉ॥੫੯॥*

(ਸਿਰੀ ਰਾਗ ਮਹਲਾ ੫, ਪੰਨਾ 74)

ਮਨੁੱਖ ਜਗਤ ਅਖਾੜੇ ਵਿਚ ਗੋਸਾਈ ਦਾ ਪਹਿਲਵਾਨ ਹੈ। ਇਸ ਰੂਪਕ ਰਚਨਾ ਵਿਚ ਬੰਦੇ ਦਾ ਸਮਾਜ ਦੇ ਮਾਇਆ ਮੁਖੀ ਵਰਤਾਰੇ ਨਾਲ ਸੰਬੰਧ ਇਕ ਪਹਿਲਵਾਨ ਵਾਲਾ ਹੈ। ਗੁਰੂ ਹਮੇਸ਼ਾਂ ਨਾਲ ਹੈ। ਮਾਇਆ ਨਾਲ ਟੱਕਰ ਵਿਪਰੀਤ ਜਾਂ ਦੂਜੇ ਨਾਲ ਟੱਕਰ ਦਾ ਰਿਸ਼ਤਾ ਹੈ, ਜਿਥੇ ਆਤਮ ਦਾ ਤਾਕਤਵਰ ਹੋਣਾ ਲੋੜੀਂਦਾ ਹੈ।

ਰੱਬ ਨਾਲ ਸਿਮਰਨ ਦਾ ਸੰਬੰਧ ਉਸ ਇਕ ਦੀ ਅਗਵਾਈ ਵਿਚ ਜੀਵਨ ਦੇ ਸੰਘਰਸ਼ ਵਿਚ ਨਿਤਰਨ ਦਾ ਐਲਾਨਨਾਮਾ ਹੈ। ਗੁਰੂ ਸਾਹਿਬ ਦੇ ਸਮੇਂ ਹਾਲਾਤ ਸੰਭਾਵੀ ਜੰਗ ਦੇ ਜਾਂ ਵੱਡੀਆਂ ਰਾਜਸੀ ਘਟਨਾਵਾਂ ਦੇ ਸੰਕੇਤਕ ਸਨ। ਇਸ ਮਕਸਦ ਲਈ ਭਾਰਤ ਦੀ ਵੰਡੀਆਂ ਵਿਚ ਵੰਡੀ ਸ਼ਕਤੀ ਨੂੰ ਇਕੱਠਿਆਂ ਕਰਨਾ ਬੜਾ ਜ਼ਰੂਰੀ ਸੀ। ਗੁਰੂ ਅਰਜਨ ਦੇਵ ਜੀ ਦੀ ਕਵਿਤਾ ਵਿਚ 'ਨਿਰਗੁਣ ਇਕ' ਉਪਰ ਬਲ ਇਸੇ ਲਈ ਹੈ ਕਿ ਸਰਗੁਣ ਅਨੇਕ ਦੇ ਸੰਕਲਪ ਨੇ ਭਾਰਤੀ ਜਨਤਾ ਨੂੰ ਵੰਡ ਦਿੱਤਾ ਸੀ। ਸਾਧ ਸੰਗਤ, ਸਿਮਰਨ, ਇਕ ਨਿਰੰਕਾਰ ਅਤੇ ਬ੍ਰਹਮ ਗਿਆਨੀ ਦੇ ਸੰਕਲਪ ਇਕ ਨਵੀਂ ਜੀਵਨ ਵਿਧੀ ਅਤੇ ਇਕ ਨਵੀਂ ਵਿਚਾਰਧਾਰਾ ਦੇ ਲਖਾਇਕ ਹਨ। ਜਿਥੋਂ ਤੱਕ ਹਉਮੈ ਦਾ ਸੰਬੰਧ ਹੈ, ਇਸ ਦੇ ਆਧਾਰ ਵੀ ਰਾਜਸੀ-ਆਰਥਿਕ ਹਨ। ਗੁਰੂ ਸਾਹਿਬ ਨੇ ਹਉਮੈ ਨੂੰ ਇਕ ਸਮਾਜਕ ਬਣਤਰ ਦੱਸਿਆ ਹੈ :

*ਧਨਵੰਤਾ ਹੋਇ ਕਰਿ ਗਰਬਾਵੈ॥*
*ਤ੍ਰਿਣ ਸਮਾਨ ਕਛੁ ਸੰਗਿ ਨ ਜਾਵੈ॥*
*ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥*
*ਪਲ ਭੀਤਰਿ ਤਾ ਕਾ ਹੋਇ ਬਿਨਾਸ॥*
*ਸਭ ਤੇ ਆਪ ਜਾਨੈ ਬਲਵੰਤੁ॥*
*ਖਿਨ ਮਹਿ ਹੋਇ ਜਾਇ ਭਸਮੰਤੁ॥*

ਜਾਂ

*ਜਿਸ ਕੈ ਅੰਤਰਿ ਰਾਜ ਅਭਿਮਾਨੁ॥*
*ਸੋ ਨਰਕਪਾਤੀ ਹੋਵਤ ਸੁਆਨੁ॥......*
*ਧਨ ਭੂਮਿ ਕਾ ਜੋ ਕਰੈ ਗੁਮਾਨੁ॥*
*ਸੋ ਮੂਰਖੁ ਅੰਧਾ ਅਗਿਆਨੁ॥*
*ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥*

(ਸੁਖਮਨੀ ਸਾਹਿਬ)

ਇਹਨਾਂ ਸ਼ਬਦਾਂ ਵਿਚ ਮਾਨਵ ਜੀਵਨ ਦਾ ਵਿਆਪਕ ਪੈਟਰਨ ਪ੍ਰਗਟ ਹੋਇਆ ਹੈ। ਇਕ ਪਾਸੇ ਵਿਅਕਤੀ ਦੀ ਸਮਾਜਕ ਸਥਿਤੀ ਜਾਂ ਉਸਦਾ ਸਮਾਜਕ ਰੂਪ ਹੈ, ਦੂਜੇ ਪਾਸੇ ਉਸ ਦੀ ਮਨੋ-ਸੰਰਚਨਾ ਹੈ, ਤੀਜੇ ਥਾਂ ਤੇ ਇਸ ਤਰ੍ਹਾਂ ਦੀ ਵਾਸਤਵਿਕਤਾ ਦਾ ਹਸ਼ਰ ਅਥਵਾ ਪਰਿਣਾਮ ਹੈ। ਇਸ ਸੰਬੰਧ ਨੂੰ ਇੰਜ ਪ੍ਰਗਟਾਇਆ ਜਾ ਸਕਦਾ ਹੈ :

Sri Satguru Jagjit Singh Ji Elibrary NamdhariElibrary@gmail.com

| ਵਿਅਕਤੀ ਰੂਪ | ਮਨੋ-ਸੰਰਚਨਾ/ਕਾਰਜ ਵਿਧੀ | ਪਰਿਣਾਮ |
|---|---|---|
| ਧਨਵੰਤਾ | ਗਰਬ | ਅੰਤ ਖਾਲੀ |
| ਬਹੁਤੇ ਲਸ਼ਕਰ ਵਾਲਾ (ਰਾਜਾ) | ਆਸ | ਪਲ ਭੀਤਰ ਬਿਨਾਸ |
| ਬਲਵੰਤੁ | ਆਪ ਨੂੰ ਵਡਾ ਜਾਣਨਾ | ਭਸਮੰਤ |
| ਰਾਜ | ਅਭਿਮਾਨ | ਨਰਕਪਾਤੀ ਸੁਆਨ |
| ਧਨ | ਗੁਮਾਨ | ਮੂਰਖ, ਅੰਧਾ, ਅਗਿਆਨੀ |

ਗੁਰੂ ਅਰਜਨ ਬਾਣੀ ਦੇ ਸੰਚਾਰ-ਸਿਧਾਂਤ ਵਿਚ ਧਿਰਾਂ ਦਰਮਿਆਨ ਸੰਬੰਧਾਂ ਦਾ ਇਕ ਹੋਰ ਰੂਪ ਹੈ। ਵਕਤਾ-ਸਰੋਤਾ ਤੋਂ ਇਲਾਵਾ ਤਿੰਨ ਧਿਰਾਂ ਹੋਰ ਹਨ : ਪਰਮਾਰਥਕ ਧਿਰ, ਦੂਜੀ ਧਿਰ ਜੋ ਪ੍ਰਭੂ ਦੀ ਕਿਰਪਾ ਦੀ ਪਾਤਰ ਹੈ ਭਾਵ ਇਕ ਮੁਕਤ ਮਨੁੱਖ, ਤੀਜੀ ਧਿਰ ਖਲਨਾਇਕ ਦੀ ਹੈ। ਧਨਵੰਤਾ, ਲਸ਼ਕਰੀ, ਰਾਜ ਅਭਿਮਾਨੀ ਇਸੇ ਵਰਗ ਦੇ ਅੰਤਰਗਤ ਹਨ। ਏਥੇ ਵਿਅਕਤੀ ਦੇ ਸਵੈ, ਉਸ ਦੇ ਨਿਜ ਦੀ ਰਚਨਾ ਨੂੰ ਆਰਥਿਕ-ਰਾਜਸੀ ਸ਼ਕਤੀ ਵਾਲੀ ਸਮਾਜਕ ਬਣਤਰ ਨਾਲੋਂ ਜੋੜ ਕੇ ਵੇਖਿਆ ਗਿਆ ਹੈ। ਵਿਅਕਤੀ ਕੇਵਲ ਵਿਅਕਤੀ ਨਹੀਂ, ਉਹ ਇਕ ਵਰਗ ਹੈ। 'ਧਨਵੰਤ' ਲਸ਼ਕਰ, ਰਾਜ ਅਭਿਮਾਨ, ਧਨ ਪਤੀ, ਭੂਮ ਪਤੀ, ਸ਼ਕਤੀਸ਼ਾਲੀ (ਬਲਵੰਤ) ਸਮਝਣ ਦਾ ਅਮਲ ਅਸਲ ਵਿਚ ਰਾਜਸੀ-ਆਰਥਿਕ ਬਣਤਰ ਹੈ। ਇਹ ਇਕ ਪ੍ਰਕਾਰ ਦੀ ਰਾਜਸੀ ਆਰਥਿਕਤਾ (Political Economy) ਅਤੇ ਉਸ ਦਾ ਅਭਿਮਾਨੀ ਪਸਾਰਾ ਹੈ। ਇਹ ਰਾਜ (State) ਦਾ ਸਮੁੱਚਾ ਅਮਲ ਹੈ। ਗੁਰੂ ਸਾਹਿਬ ਨੇ ਰਾਜ ਦੀ ਇਸ ਸੰਸਥਾ ਦੀਆਂ ਜੜ੍ਹਾਂ ਤੇ ਸੱਟ ਮਾਰੀ ਹੈ। ਇਸ ਬਣਤਰ ਤੋਂ ਮੁਕਤ ਬੰਦਾ ਅਗੇ ਸੁਖ ਪਾਉਂਦਾ ਹੈ। 'ਮੁਕਤੀ' ਦਾ ਸੰਕਲਪ ਇਸ ਕਿਸਮ ਦੀ ਬਣਤਰ, ਇਸ ਦੀ ਲਾਲਸਾ ਤੇ ਇਸ ਦੀ ਸ਼ਕਤੀ ਦੇ ਹੰਕਾਰਮਈ ਇਹਸਾਸ ਤਿੰਨਾਂ ਤੋਂ ਮੁਕਤੀ ਹੈ। ਬਣਤਰ ਆਪਣੀਆਂ ਜੜ੍ਹਾਂ ਮਨੁੱਖ ਦੀ ਉਸ ਧਰਤੀ ਤੇ ਜਮਾਉਂਦੀ ਹੈ, ਜਿਥੋਂ ਇਹ ਪੁੱਟਣੀਆਂ ਸੌਖੀਆਂ ਨਹੀਂ ਹੁੰਦੀਆਂ। ਉਹ ਧਰਤੀ ਹਉਮੈ ਦੀ ਹੈ, Ego ਦੀ ਹੈ। ਵਿਰਾਟ ਸ਼ਕਤੀ ਮਨੁੱਖ ਦੀ ਹੋਂਦ ਦੇ ਅਤਿ ਸੂਖਮ ਪਸਾਰਾਂ ਤੱਕ ਉਤਰ ਆਉਂਦੀ ਹੈ। ਇਸ ਦੀਆਂ ਦੂਰ-ਦੂਰ ਤੱਕ ਪਸਰੀਆਂ, ਫੈਲੀਆਂ ਤੰਦਾਂ-ਤਣੀਆਂ ਨੂੰ ਗੁਰਬਾਣੀ ਵਿਚ ਪਛਾਣਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਕਵਿਤਾ ਵਿਚ ਮਨੁੱਖ ਨੂੰ ਥਾਂ-ਥਾਂ ਤੇ 'ਅੰਧ ਅਗਿਆਨੀ' ਕਿਹਾ ਗਿਆ ਹੈ – ਵਾਰ-ਵਾਰ ਸਮਝਾਉਣ ਤੇ ਵੀ ਉਸ ਦੀ ਅੰਧਤਾ (Blindness) ਦੂਰ ਨਹੀਂ ਹੁੰਦੀ। ਇਹ ਉਸ ਦੀ ਉਹ ਅੰਧਤਾ ਹੈ ਜਿਹੜੀ ਗੁਰਬਾਣੀ ਰਾਹੀਂ ਇਕ ਨਵੇਂ ਚਾਨਣ, ਇਕ ਨਵੀਂ ਚੇਤਨਾ ਵਿਚ ਬਦਲਦੀ ਹੈ।

ਗੁਰੂ ਸਾਹਿਬ ਨੇ ਇਸ ਸਾਰੇ ਪ੍ਰਪੰਚ ਨੂੰ ਮਿਥਿਆ ਕਿਹਾ ਹੈ :

*ਮਿਥਿਆ ਤਨੁ ਧਨੁ ਕੁਟੰਬ ਸਬਾਇਆ॥*
*ਮਿਥਿਆ ਹਉਮੈ ਮਮਤਾ ਮਾਇਆ॥*
*ਮਿਥਿਆ ਰਾਜ ਜੋਬਨ ਧਨ ਮਾਲ॥*
*ਮਿਥਿਆ ਕਾਮ ਕ੍ਰੋਧ ਬਿਕਰਾਲ॥*
*ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥*
*ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥*

Sri Satguru Jagjit Singh Ji Elibrary NamdhariElibrary@gmail.com

*ਮਿਥਿਆ ਧ੍ਰੋਹ ਮੋਹ ਅਭਿਮਾਨੁ॥*
*ਮਿਥਿਆ ਆਪਸ ਊਪਰਿ ਕਰਤ ਗੁਮਾਨੁ॥........*
*ਬਿਨ ਬੂਝੇ ਮਿਥਿਆ ਸਭ ਭਏ॥*
*ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ॥*

ਗੁਰੂ ਸਾਹਿਬ ਏਥੇ ਜਗਤ ਨੂੰ ਮਿਥਿਆ ਨਹੀਂ ਕਹਿ ਰਹੇ। ਉਹਨਾਂ ਦੀ ਵਿਚਾਰਧਾਰਾ ਜੀਵਨ ਦੀ ਹੋਂਦ, ਇਸਦੀਆਂ ਲੋੜਾਂ, ਸੁਖ ਸਵਾਦਾਂ ਨੂੰ ਸਵੀਕਾਰ ਕਰਦੀ ਹੈ। 'ਮਿਥਿਆ' ਦੀ ਧਾਰਨਾ False ਵਾਲੀ ਹੈ। ਜੋ ਦ੍ਰਿਸ਼ਟੀ ਸਿਸਟਮ ਅਥਵਾ ਪ੍ਰਬੰਧ ਦੀ ਦਿੱਤੀ ਹੋਈ ਹੈ, ਇਹ ਅੰਧ-ਦ੍ਰਿਸ਼ਟੀ ਹੈ। ਇਸ ਨਾਲ ਕੁਝ ਵੀ ਬੁਝਿਆ ਜਾਂ ਜਾਣਿਆ ਨਹੀਂ ਜਾ ਸਕਦਾ। ਮਿਥਿਆ ਉਹ ਹੈ ਜਿਸ ਨੂੰ ਬੁਝਿਆ ਜਾਂ ਜਾਣਿਆ ਨਹੀਂ ਗਿਆ। ਉਪਰ ਮਿਥਿਆ ਜਗਤ ਦੇ ਵੇਰਵਿਆਂ ਵਿਚੋਂ ਪ੍ਰਮੁੱਖ ਹਨ – ਧਨ, ਤਨੁ, ਕੁਟੰਬ, ਹਉਮੈ, ਮਮਤਾ, ਮਾਇਆ, ਰਾਜ, ਜੋਬਨ, ਧਨ, ਮਾਲ, ਕ੍ਰੋਧ, ਰਥ, ਹਾਥੀ, ਘੋੜੇ, ਧ੍ਰੋਹ, ਮੋਹ ਅਤੇ ਅਭਿਮਾਨ ਆਦਿਕ। ਜ਼ਾਹਿਰ ਹੈ ਕਿ ਇਹ ਰਾਜਾਸ਼ਾਹੀ ਬਣਤਰ ਵਾਲੇ ਸਮਾਜ ਦੇ ਵੇਰਵੇ ਹਨ। ਅਜਿਹੇ ਜੀਵਨ ਨੂੰ ਹੀ ਬੁਲ੍ਹੇ ਸ਼ਾਹੀ ਮਾਟੀ ਕਹਿੰਦਾ ਹੈ। ਗੁਰੂ ਸਾਹਿਬ ਇਸ ਬਣਤਰ ਨੂੰ ਮਿਥਿਆ ਅਤੇ ਅਸਥਿਰ ਕਹਿੰਦੇ ਹਨ। ਅਭਿਮਾਨ ਜਾਂ ਗੁਮਾਨ ਇਸੇ ਬਣਤਰ ਦਾ ਪੈਦਾ ਕੀਤਾ ਇਕ ਢਾਲੂ ਸਿੱਕਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਕਿਰਤੀ ਅਤੇ ਜਗਤ ਦਾ ਵਰਣਨ ਇਕ ਹੋਰ ਰੂਪ ਵਿਚ ਵੀ ਹੋਇਆ ਹੈ, ਤੇ ਉਹ ਹੈ ਅਨਿਸ਼ਚਿਤ ਸੰਖਿਆ ਵਾਚਕ ਰੂਪ ਵਿਚ। ਹੋਰਨਾਂ ਥਾਵਾਂ ਤੇ ਅਜਿਹਾ ਵਰਣਨ ਅਨਿਸ਼ਚਿਤ ਕਾਲ ਵਾਚਕ ਰੂਪ ਵਿਚ ਵੀ ਹੋਇਆ ਹੈ। ਦੋਹਾਂ ਦੀਆਂ ਕ੍ਰਮਵਾਰ ਉਦਾਹਰਨਾਂ ਹਨ :

*ਕਈ ਕੋਟਿ ਸਿਧ ਜਤੀ ਜੋਗੀ॥*
*ਕਈ ਕੋਟਿ ਰਾਜੇ ਰਸ ਭੋਗੀ॥*
*ਕਈ ਕੋਟਿ ਪੰਖੀ ਸਰਪ ਉਪਾਏ॥*
*ਕਈ ਕੋਟਿ ਪਾਥਰ ਬਿਰਖ ਨਿਪਜਾਏ॥*
*ਕਈ ਕੋਟਿ ਸਸੀਅਰ ਸੂਰ ਨਖਤ੍ਰ॥*
*ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥*

ਅਤੇ

*ਕਬਹੂ ਨਿਰਤਿ ਕਰੈ ਬਹੁ ਭਾਤਿ॥*
*ਕਬਹੂ ਸੋਇ ਰਹੈ ਦਿਨੁ ਰਾਤਿ॥*
*ਕਬਹੂ ਮਹਾ ਕ੍ਰੋਧ ਬਿਕਰਾਲ॥*
*ਕਬਹੂ ਸਰਬ ਕੀ ਹੋਤ ਰਵਾਲ॥*

ਜੀਵਨ ਅਤੇ ਜਗਤ ਦੇ ਕਾਰਜਾਂ ਨੂੰ ਜਿਨ੍ਹਾਂ ਵਰਗਾਂ ਦੇ ਅੰਤਰਗਤ ਵੇਖਿਆ ਗਿਆ ਹੈ, ਉਹ ਵੱਡੇ ਵਰਗ ਹਨ। ਇਹਨਾਂ ਲਈ 'ਕਰੋੜਾਂ' ਵਿਸ਼ੇਸ਼ਣ ਦੀ ਵਰਤੋਂ ਹੈ। ਇਹ ਜਗਤ ਦਾ ਵਿਰਾਟ ਚਿਤਰ ਹੈ ਜਿਥੇ ਪਰਮਸੱਤਾ ਦੀ ਸ਼ਕਤੀ ਦੀ ਵਿਸ਼ਾਲਤਾ ਵਿਚੋਂ ਵਿਸਮਾਦ ਉਪਜਦਾ ਹੈ। ਇਹ ਵਿਸਮਾਦ ਮਾਨਵੀ ਕੀਮਤਾਂ ਵਾਸਤੇ ਲੜ ਰਹੇ ਮਨੁੱਖ ਲਈ ਇਕ ਭਾਵਕ ਹੁਲਾਰਾ

Sri Satguru Jagjit Singh Ji Elibrary NamdhariElibrary@gmail.com

ਹੈ। ਸਾਧਕ ਨੂੰ ਇਹ ਅਨੁਭਵ ਹੋਵੇ ਕਿ ਉਹ ਇਕੱਲਾ ਅਤੇ ਨਿਆਸਰਾ ਨਹੀਂ, ਏਡੀ ਵੱਡੀ ਸ਼ਕਤੀ ਉਸ ਦੇ ਨਾਲ ਹੈ। ਇੰਜ ਇਹ ਵਿਸਮਾਦ ਵੀ ਸਿਮਰਨ ਅਥਵਾ ਸੰਘਰਸ਼ ਵਿਚ ਪੁਰਾਣੀ ਬਣਤਰ ਦੇ ਖਾਤਮੇ ਅਤੇ ਨਵੀਂ ਬਣਤਰ ਦੀ ਉਸਾਰੀ ਲਈ ਜੂਝ ਰਹੇ ਮਾਨਵ ਲਈ ਇਕ ਭਾਵਕ, ਰੂਹਾਨੀ ਪ੍ਰੇਰਨਾ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਸਿਮਰਨ' ਦੇ ਅਨੇਕਾਂ ਸੰਦਰਭ ਹਨ। ਇਸ ਦੇ ਰਾਹੀਂ ਇਕ ਨਵਾਂ ਰਚਨਾਤਮਕ ਅਮਲ ਸਿਰਜਿਆ ਗਿਆ ਹੈ ਅਤੇ ਮਨੁੱਖ ਦੀ ਮਾਨਸਿਕਤਾ ਦੇ ਭੰਨਣ ਘੜਨ ਦੀ ਪ੍ਰਕਿਰਿਆ ਰਾਹੀਂ ਉਸ ਦੀ ਨਵੀਂ ਪਛਾਣ ਸਿਰਜੀ ਗਈ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਉਪਰੋਕਤ ਵਰਣਿਤ ਤਿੰਨਾਂ ਪੱਧਰਾਂ ਦਾ ਅੰਤਰ-ਸੰਚਾਰ ਇਸ ਬਾਣੀ ਦਾ ਵਿਆਪਕ ਪੈਟਰਨ ਹੈ। ਹਰੇਕ ਵਰਤਾਰਾ ਵਿਅਕਤੀ ਦੇ ਨਿਜ, ਪਰਿਵਾਰ ਬਣਤਰ, ਸਮਾਜਕ ਸੰਗਠਨ ਅਤੇ ਉਚੇਰੇ ਪੱਧਰ ਤੇ ਵਿਦਮਾਨ ਬ੍ਰਹਿਮੰਡਕ ਪੈਰਾਡਾਈਮ ਦੇ ਅੰਤਰਗਤ ਵਾਪਰਦਾ ਹੈ। ਇਸ ਅੰਤਰ ਸੰਵਾਦ ਵਿਚੋਂ ਬ੍ਰਹਮਤਾ ਮਾਇਆ, ਮਨੁੱਖ ਤੇ ਉਸ ਦੀ ਮਨੋ-ਸਮਾਜਕ ਬਣਤਰ ਇਕ ਬਦਲਵੇਂ, ਰੂਪਾਂਤਰੀ ਅਮਲ ਅਧੀਨ ਵਿਚਰਦੇ ਹਨ। ਇਸ ਨਾਲ ਹੀ ਰਾਜ (State) ਦਾ ਬਦਲ ਸਿਰਜਿਆ ਗਿਆ ਹੈ। ਗੁਰੂ ਸਾਹਿਬ ਦੀ ਸ਼ਹਾਦਤ ਨੂੰ ਇਸੇ ਪ੍ਰਸੰਗ ਵਿਚ ਗ੍ਰਹਿਣ ਕਰਨਾ ਵਾਜਿਬ ਹੈ। ਇਸ ਤਰ੍ਹਾਂ ਦੇ ਸਿਰਜਣ-ਸੰਚਾਰ ਪ੍ਰਬੰਧ ਵਿਚ ਇਸ ਕਾਵਿ ਦੀ ਅਪਾਰ ਸਾਰਥਕਤਾ ਹੈ।

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਬਾਣੀ ਵਿਚਲੇ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀ ਸਾਰਥਕਤਾ

*ਡਾ. ਮਨਜੀਤ ਸਿੰਘ**

ਗੁਰਬਾਣੀ ਮੱਧ-ਕਾਲੀਨ ਪੰਜਾਬ ਦੀ ਇਕ ਬਹੁਤ ਹੀ ਸਾਰਥਕ (Significant) ਤੇ ਮਹੱਤਵਪੂਰਨ ਪ੍ਰਾਪਤੀ ਹੈ। ਇਸ ਦਾ ਸਿਰਜਣ ਕਾਲ, ਤਕਰੀਬਨ ਪੰਜ ਸਦੀਆਂ (12ਵੀਂ ਤੋਂ 17ਵੀਂ ਸਦੀ ਈਸਵੀ) ਦੇ ਲੰਬੇ ਵਕਫ਼ੇ ਵਿਚ ਫੈਲਿਆ ਹੋਇਆ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਇਕ ਨਿਸ਼ਚਿਤ ਤਰਤੀਬ ਦੇ ਤਹਿਤ ਦਰਜ ਹੋਣ ਮਗਰੋਂ, ਇਸ ਬਾਣੀ ਨੂੰ ਇਕ ਅਜਿਹੀ ਨਿਵੇਕਲੀ ਪਛਾਣ ਹਾਸਲ ਹੁੰਦੀ ਹੈ ਜਿਸ ਦੀ ਕੋਈ ਹੋਰ ਮਿਸਾਲ ਸੰਸਾਰ ਭਰ ਵਿਚੋਂ ਢੂੰਡਿਆਂ ਨਹੀਂ ਮਿਲਦੀ। ਭਿੰਨ-ਭਿੰਨ ਭੂਗੋਲਿਕ ਖੇਤਰਾਂ, ਭਾਸ਼ਾਵਾਂ ਤੇ ਧਾਰਮਿਕ-ਅਕੀਦਿਆਂ ਨਾਲ ਸੰਬੰਧਿਤ ਸੰਤਾਂ, ਮਹਾਤਮਾਵਾਂ, ਭਗਤਾਂ, ਭੱਟਾਂ, ਛੇ ਸਿੱਖ ਗੁਰੂ ਸਾਹਿਬਾਨ ਤੇ ਕੁਝ ਗੁਰੂ ਘਰ ਦੇ ਨਿਕਟ-ਵਰਤੀਆਂ ਦੇ ਕਲਾਮ ਨੂੰ, ਗੁਰਮਤਿ ਦੀ ਕਸਵੱਟੀ 'ਤੇ ਪਰਖ ਕੇ, ਇਸ ਗ੍ਰੰਥ ਵਿਚ ਸ਼ਾਮਲ ਕੀਤਾ ਗਿਆ ਹੈ। ਇਹੀ ਵਜ੍ਹਾ ਹੈ ਕਿ ਇਸ ਗ੍ਰੰਥ ਵਿਚ ਦਰਜ ਸਮੁੱਚਾ ਬਾਣੀ-ਸੰਸਾਰ, ਆਪਣੇ ਮੂਲ ਸੁਭਾਅ ਵਿਚ ਬਹੁ-ਧਰਮੀ ਵੀ ਹੈ ਤੇ ਬਹੁ-ਭਾਸ਼ੀ ਵੀ। ਦੂਸਰੇ ਸ਼ਬਦਾਂ ਵਿਚ, ਇਸ ਵਿਚ ਇਕ ਤੋਂ ਵੱਧ ਧਾਰਮਿਕ-ਅਕੀਦਿਆਂ, ਭਾਸ਼ਾਵਾਂ ਆਦਿ ਦਾ ਅਨੋਖਾ ਸੰਗਮ ਹੋਇਆ ਵੇਖਣ ਨੂੰ ਮਿਲਦਾ ਹੈ। ਇਸ ਦ੍ਰਿਸ਼ਟੀ ਤੋਂ, ਪੰਜਾਬ ਨਾਲ ਸੰਬੰਧਿਤ ਹੁੰਦੀ ਹੋਈ ਵੀ ਇਹ ਟੈੱਕਸਟ (Text), ਸਮੁੱਚੇ ਭਾਰਤ ਦੀ ਇਕ 'ਪ੍ਰਤਿਨਿਧ ਸਭਿਆਚਾਰਕ ਟੈੱਕਸਟ' ਹੋਣ ਦਾ ਦਰਜਾ ਹਾਸਲ ਕਰ ਜਾਂਦੀ ਹੈ। ਪਰ ਯਾਦ ਰਹੇ ਇਸ ਦਾ ਸੰਦੇਸ਼, ਸਮੇਂ-ਸਥਾਨ ਜਾਂ ਜਾਤ-ਪਾਤ ਦੇ ਕਿਸੇ ਵਰਗ ਵਿਸ਼ੇਸ਼ ਤੱਕ ਮਹਿਦੂਦ ਨਹੀਂ, ਸਗੋਂ ਸਮੁੱਚੀ ਲੋਕਾਈ ਨੂੰ ਬਰਾਬਰ ਦਾ ਸੰਬੋਧਿਤ ਹੈ।

ਹੁਣ ਸਵਾਲ ਉਠਦਾ ਹੈ ਕਿ ਆਪਣੇ ਵਿਧੀ-ਵਿਧਾਨ, ਭਾਸ਼ਾ-ਸ਼ੈਲੀ, ਅਕੀਦਿਆਂ ਆਦਿ ਦੀ ਇਤਨੀ ਭਿੰਨਤਾ ਦੇ ਬਾਵਜੂਦ ਵੀ ਉਹ ਕਿਹੜਾ ਤੱਤ ਹੈ ਜੋ ਇਸ ਸਮੁੱਚੇ ਬਾਣੀ-ਸੰਸਾਰ ਨੂੰ ਸਾਂਝ ਦੇ ਸੂਤਰ ਵਿਚ ਬੰਨ੍ਹਦਾ ਹੈ? ਜਵਾਬ ਵਿਚ ਇਹੀ ਕਿਹਾ ਜਾਏਗਾ ਕਿ ਇਸ ਬਾਣੀ-ਸੰਸਾਰ ਵਿਚੋਂ ਉਭਰਣ ਵਾਲੀ 'ਵਿਸ਼ਵ-ਦ੍ਰਿਸ਼ਟੀ' (World View) ਹੀ ਇਕ ਅਜਿਹਾ ਸਾਂਝਾ ਤੱਤ ਹੈ ਜੋ ਇਸ ਨੂੰ ਏਕਤਾ ਤੇ ਇਕਾਗਰਤਾ ਦੇ ਸੂਤਰ ਵਿਚ ਬੰਨ੍ਹਣ ਦੀ ਅਹਿਮ ਭੂਮਿਕਾ ਨਿਭਾਉਂਦਾ ਹੈ। ਆਪਣੇ ਮੂਲ ਸੁਭਾਅ ਵਿਚ ਇਹ 'ਵਿਸ਼ਵ-ਦ੍ਰਿਸ਼ਟੀ', ਅਧਿਆਤਮਿਕ ਹੈ। ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਸਮੂਹ ਬਾਣੀਕਾਰ, ਇਸੇ ਅਧਿਆਤਮਿਕ

---

* ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

Sri Satguru Jagjit Singh Ji Elibrary NamdhariElibrary@gmail.com

'ਵਿਸ਼ਵ-ਦ੍ਰਿਸ਼ਟੀ', ਨੂੰ ਆਪਣੇ ਵੇਲੇ ਦੇ ਸਮਾਜਕ, ਸਭਿਆਚਾਰਕ, ਧਾਰਮਿਕ ਤੇ ਰਾਜਨੀਤਿਕ ਦਬਾਵਾਂ ਦੇ ਅਧੀਨ ਸਾਕਾਰ ਕਰਨ ਵੱਲ ਰੁਚਿਤ ਹਨ। ਇਸ ਸੰਬੰਧ ਵਿਚ ਇਹ ਸੰਕਲਪਸ਼ੀਲ ਟਿੱਪਣੀ ਵਿਸ਼ੇਸ਼ ਕਰਕੇ ਸਾਡੇ ਧਿਆਨ ਦਾ ਕੇਂਦਰ ਬਣਦੀ ਹੈ :

*ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੌ ਕਰਮ ਨ ਲੇਖੈ ਲਾਇ॥*

ਇਉਂ, ਇਸ ਸ਼ਬਦ ਵਿਚ ਆਏ ਸਾਰੇ ਮਿਥਿਹਾਸਕ ਹਵਾਲੇ, ਕੇਂਦਰੀ ਥੀਮ "ਨਾਨਕ ਦੁਖੀਆ ਸਭੁ ਸੰਸਾਰ" ਨੂੰ ਦ੍ਰਿੜ੍ਹ ਕਰਨ ਦੇ ਮਕਸਦ ਲਈ, ਦਲੀਲਾਂ ਵਜੋਂ ਵਰਤੇ ਗਏ ਸਾਫ਼ ਨਜ਼ਰ ਆਉਂਦੇ ਹਨ। ਕਿਤੇ ਇਹ ਇਤਿਹਾਸਕ-ਮਿਥਿਹਾਸਕ ਹਵਾਲੇ, ਤਰਕ-ਦਲੀਲ ਦਾ ਕੰਮ ਕਰਦੇ ਹਨ ਅਤੇ ਕਿਤੇ ਗੁਰਬਾਣੀ ਦੀ ਗਿਆਨ-ਸਿਰਜਣ ਪ੍ਰਕਿਰਿਆ ਦਾ ਅੰਗ ਬਣ ਕੇ, ਨਵੇਂ ਅਰਥਾਂ ਦਾ ਉਤਪਾਦਨ ਕਰਨ ਦੀ ਭੂਮਿਕਾ ਨਿਭਾਉਂਦੇ ਹਨ। ਮਿਸਾਲ ਦੇ ਤੌਰ 'ਤੇ 'ਜਪੁ' ਜੀ ਬਾਣੀ ਨਾਲ ਸੰਬੰਧਿਤ 'ਧੌਲ ਧਰਮੁ-ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸੁ ਤੇ ਭਾਰੁ ਤਲੈ ਕਵਣੁ ਜੋਰੁ॥" ਪੰਕਤੀਆਂ ਨੂੰ ਹੀ ਲਉ। ਇਨ੍ਹਾਂ ਬਾਣੀ-ਪੰਕਤੀਆਂ ਵਿਚ, ਧਰਤੀ ਹੇਠਲੇ ਬਲਦ ਦੁਆਰਾ ਧਰਤੀ ਦਾ ਸਾਰਾ ਭਾਰ ਚੁੱਕਣ ਵਾਲੀ ਸਦੀਆਂ ਤੋਂ ਆਮ ਪ੍ਰਚਲਿਤ ਮਿਥ ਵਿਚ 'ਗਿਆਨਮੂਲਕ ਭੰਜਨ' (Epistemological Rupture) ਕਰਕੇ, ਨਵੇਂ ਅਰਥਾਂ ਦੇ ਉਤਪਾਦਨ ਦਾ ਉਦਮ ਜ਼ਾਹਿਰ ਹੈ। ਇਹ ਗੱਲ ਵਖਰੀ ਹੈ ਕਿ ਗੁਰੂ ਸਾਹਿਬ ਅਜਿਹਾ 'ਗਿਆਨਮੂਲਕ ਭੰਜਨ' ਕਰਕੇ, ਇਕ ਹੋਰ ਨਵੀਂ ਮਿਥ ਸਿਰਜਣ ਦੇ ਆਹਰ 'ਚ ਹਨ ਜੋ ਧਰਮ ਦੇ ਮੇਟਾਫ਼ਰ ਨਾਲ ਸਾਕਾਰ ਹੁੰਦੀ ਸਪੱਸ਼ਟ ਵਿਖਾਈ ਦੇਂਦੀ ਹੈ। ਇਉਂ, ਗੁਰਬਾਣੀ ਵਿਚ ਇਤਿਹਾਸਕ-ਮਿਥਿਹਾਸਕ ਹਵਾਲੇ/ਵੇਰਵੇ, ਇਕ ਤੋਂ ਵੱਧ ਉਦੇਸ਼ਾਂ ਦੀ ਪੂਰਤੀ ਕਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਨਾਲ ਬ੍ਰਹਮਮੂਲਕ ਅਮੂਰਤ ਅਧਿਆਤਮਿਕਤਾ ਦਾ ਸਮੂਰਤੀਕਰਨ ਹੁੰਦਾ ਹੈ ਅਤੇ ਸਾਰਥਕਤਾ ਦੇ ਨਵੇਂ ਦਵਾਰ ਖੁਲ੍ਹਦੇ ਹਨ।

ਚਰਚਾ ਦੇ ਇਸ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਬਾਣੀ ਵਿਚ ਆਏ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀ ਸਾਰਥਕਤਾ ਨੂੰ ਵੀ ਸਮਝਿਆ ਜਾ ਸਕਦਾ ਹੈ। ਆਪ ਜੀ ਗੁਰੂ ਨਾਨਕ ਸਾਹਿਬ ਦੇ ਪੰਜਵੇਂ ਗੱਦੀਨਸ਼ੀਨ (ਗੁਰਮਤਿ ਦੀ ਭਾਸ਼ਾ 'ਚ ਪੰਜਵੇਂ ਨਾਨਕ) ਹਨ। ਆਪਣੇ ਜੀਵਨ ਕਾਲ (1563 ਤੋਂ 1606 ਈ.) ਦੇ ਦੌਰਾਨ ਆਪ ਨੇ ਜਿਥੇ ਵੱਡੀ ਮਾਤਰਾ ਵਿਚ ਬਾਣੀ-ਰਚਨਾ ਕੀਤੀ, ਉਥੇ ਨਾਨਕ-ਪੰਥ ਨੂੰ 'ਸਿੱਖ ਧਰਮ' ਦੇ ਰੂਪ ਵਿਚ ਸਥਾਪਿਤ ਕਰਨ ਅਤੇ ਇਸ ਕਾਰਜ ਲਈ ਸਾਰੇ ਲੋੜੀਂਦੇ ਉਦਮ ਕੀਤੇ। ਆਦਿ ਗ੍ਰੰਥ ਦੀ ਸੰਪਾਦਨਾ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਅਜਿਹੇ ਲੋੜੀਂਦੇ ਉਦਮਾਂ ਵਿਚੋਂ ਹੀ ਸਨ। ਇਕ ਅਨੁਮਾਨ ਮੁਤਾਬਕ, ਗੁਰੂ ਗ੍ਰੰਥ ਸਾਹਿਬ ਦੇ 1420 ਅੰਗਾਂ (ਪੰਨਿਆਂ) 'ਚੋਂ ਪੌਣੇ ਸੱਤ ਸੌ ਦੇ ਕਰੀਬ ਅੰਗਾਂ ਉਪਰ ਆਪ ਦੀ ਹੀ ਬਾਣੀ ਦਰਜ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਇਕੱਤੀ ਰਾਗਾਂ ਵਿਚੋਂ ਤੀਹ ਰਾਗਾਂ ਵਿਚ ਰਚੀ ਗਈ ਦਸੀ ਜਾਂਦੀ ਹੈ। ਗੁਰੂ ਸਾਹਿਬ ਨੇ ਭਿੰਨ-ਭਿੰਨ ਲੋਕ ਕਾਵਿ-ਰੂਪਾਂ ਅਤੇ ਲੋਕ-ਧੁਨੀਆਂ ਨੂੰ ਬਾਖ਼ੂਬੀ ਸੰਚਾਰ-ਜੁਗਤਾਂ ਦੇ ਰੂਪ ਵਿਚ ਅਪਣਾਇਆ ਅਤੇ ਗੁਰਮਤਿ-ਪਰੰਪਰਾ ਦੀ ਵਿਕਾਸ-ਰੇਖਾ ਨੂੰ ਹੋਰ ਵਿਕਸਿਤ ਕੀਤਾ। ਸੁਖਮਨੀ, ਬਾਰਹਮਾਹਾ, ਬਾਵਨ ਅਖਰੀ, ਥਿਤੀ, ਰੁਤੀ, ਸਹਸਕ੍ਰਿਤੀ ਸਲੋਕ ਤੇ ਵਾਰਾਂ ਆਦਿ ਆਪ ਜੀ ਦੀਆਂ

Sri Satguru Jagjit Singh Ji Elibrary NamdhariElibrary@gmail.com

ਬਹੁ-ਪ੍ਰਚਲਿਤ ਬਾਣੀ-ਰਚਨਾਵਾਂ ਹਨ। ਦੂਸਰੇ ਬਾਣੀਕਾਰਾਂ ਦੀ ਬਾਣੀ ਦੀ ਤਰ੍ਹਾਂ, ਗੁਰੂ ਅਰਜਨ ਦੇਵ ਜੀ ਦੀ ਬਾਣੀ, ਗਿਆਨ-ਸਿਰਜਣ ਵੀ ਹੈ ਅਤੇ ਇਸ ਵਿਚ ਗਿਆਨ-ਸ਼ਾਸਤਰੀ ਮਾਡਲ ਵੀ ਮੌਜੂਦ ਹਨ। ਲੋਕ-ਮਾਨਸਿਕਤਾ ਤੇ ਜੈਵਿਕਤਾ ਦੇ ਰੂਪਾਂਤਰਨ ਦੀ ਪ੍ਰਕਿਰਿਆ, ਇਸ ਵਿਚ ਵੀ ਨਿਰੰਤਰ ਗਤੀਸ਼ੀਲ ਰੂਪ ਵਿਚ ਵੇਖੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਕੀ ਦੀ ਬਾਣੀ ਦੀ ਤਰ੍ਹਾਂ ਇਹ ਬਾਣੀ ਵੀ ਜੀਵੰਤ-ਚਿਹਨਕਾਰੀ ਹੈ। ਅਰਸਤੂ ਦਾ ਅਨੁਕਰਨ ਸਿਧਾਂਤ ਇਸ ਉਪਰ ਵੀ ਇਨਬਿਨ ਲਾਗੂ ਨਹੀਂ ਹੁੰਦਾ।[6] ਆਪਣੀ 'ਵਿਸ਼ਵ-ਦ੍ਰਿਸ਼ਟੀ' ਤੇ 'ਵਿਚਾਰਧਾਰਾ' ਪੱਖੋਂ ਇਹ ਬਾਣੀ, ਬਾਕੀ ਦੀ ਬਾਣੀ ਨਾਲ ਕਾਫ਼ੀ ਮੇਲ ਖਾਂਦੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਸਮਾਨਤਾਵਾਂ ਕਰਕੇ, ਜਦੋਂ ਵੀ ਅਸੀਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਰੇ ਗੱਲ ਕਰਦੇ ਹਾਂ ਤਾਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਰੇ ਚਰਚਾ ਹੋ ਹੀ ਜਾਂਦੀ ਹੈ। ਕਿਉਂਕਿ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਅੰਤਰ-ਸੰਬੰਧਿਤ ਹੈ ਅਤੇ ਜਿਸ ਵਿਚ 'ਅੰਤਰ-ਪਾਠ-ਵਿਧੀ' ਭਰਪੂਰ ਰੂਪ ਵਿਚ ਕਾਰਜਸ਼ੀਲ ਹੈ। ਇਹ ਉਹ 'ਅੰਤਰ-ਪਾਠ-ਵਿਧੀ' ਹੈ ਜਿਸ ਨੂੰ ਸੰਸਾਰ ਪ੍ਰਸਿੱਧ ਚਿਹਨ-ਵਿਗਿਆਨੀ ਤੇ ਨਾਰੀਵਾਦੀ ਚਿੰਤਿਕਾ ਜੂਲੀਆ ਕ੍ਰਿਸਤੇਵਾਂ ਨੇ 'ਇੰਟਰ ਟੈੱਕਸਚੂਐਲਟੀ' (Inter-textuality) ਦਾ ਨਾਂ ਦਿੱਤਾ ਹੈ।[7] ਇਥੇ ਅਸੀਂ ਬਾਣੀ-ਸੰਸਾਰ ਉਪਰ ਕਿਸੇ ਬਣੇ ਬਣਾਏ ਜਾਂ ਪ੍ਰਚਲਿਤ ਸਿਧਾਂਤ ਨੂੰ ਆਰੋਪਣ ਦੇ ਹੱਕ ਵਿਚ ਨਹੀਂ, ਸਗੋਂ ਸਮੁੱਚੇ ਬਾਣੀ-ਸੰਸਾਰ ਵਿਚੋਂ ਇਸ ਦੀ ਪਛਾਣ ਨਿਸ਼ਚਿਤ ਕਰਨ ਵੱਲ ਰੁਚਿਤ ਹਾਂ।

'ਵਿਸ਼ਵ-ਦ੍ਰਿਸ਼ਟੀ', 'ਵਿਚਾਰਧਾਰਾ', 'ਗਿਆਨ-ਸਿਰਜਣ ਵਿਧੀ' ਅਤੇ ਕੁਝ ਹੋਰ ਸਾਂਝਾਂ/ਸਮਾਨਤਾਵਾਂ ਦੇ ਹੁੰਦਿਆਂ, ਗੁਰੂ ਅਰਜਨ ਦੇਵ ਬਾਣੀ ਦਾ ਆਪਣਾ ਨਿਵੇਕਲਾ ਮੁਹਾਂਦਰਾ ਵੀ ਹੈ। ਇਸ ਨੁਕਤੇ ਨੂੰ ਸਹਿਜੇ ਕੀਤਿਆਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਬਾਕੀ ਦੇ ਬਾਣੀਕਾਰਾਂ ਵਾਂਗ ਗੁਰੂ ਅਰਜਨ ਦੇਵ ਜੀ ਦੇ ਆਪਣੇ ਵੱਖਰੇ ਸਮਾਜਕ-ਰਾਜਨੀਤਿਕ ਤੇ ਪਰਿਵਾਰਕ ਹਾਲਾਤ ਸਨ। ਇਨ੍ਹਾਂ ਹਾਲਾਤਾਂ ਦੇ ਕੁਝ ਸੰਕੇਤ, ਹਵਾਲਿਆਂ ਦੇ ਰੂਪ ਵਿਚ, ਗੁਰੂ ਅਰਜਨ ਦੇਵ ਬਾਣੀ 'ਚ ਕਈ ਥਾਂਈਂ ਵੇਖਣ ਨੂੰ ਮਿਲਦੇ ਹਨ। ਗੁਰੂ ਇਤਿਹਾਸ ਵਿਚੋਂ ਇਨ੍ਹਾਂ ਦੀ ਪੁਸ਼ਟੀ ਵੀ ਸਹਿਜੇ ਹੀ ਹੋ ਜਾਂਦੀ ਹੈ। ਕਈ ਥਾਂਈਂ ਇਹ ਹਵਾਲੇ, ਗੁਰੂ ਸਾਹਿਬ ਦੇ ਜੀਵਨ-ਇਤਿਹਾਸ ਨੂੰ ਲਿਖਣ ਦਾ ਆਧਾਰ ਬਣਦੇ ਵੀ ਵੇਖੇ ਗਏ ਹਨ। ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਗ 96 'ਤੇ 'ਮਾਝ ਮਹਲਾ 5 ਚਉਪਦੇ ਘਰੁ 1॥' ਸਿਰਲੇਖ ਹੇਠ ਦਰਜ 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥'[8] ਸ਼ਬਦ ਦੇ ਆਧਾਰ 'ਤੇ ਇਕ ਇਤਿਹਾਸਕ-ਪ੍ਰਸੰਗ ਉਸਾਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਪ੍ਰਸੰਗ ਅਨੁਸਾਰ, ਚੌਥੇ ਗੁਰੂ, ਗੁਰੂ ਰਾਮਦਾਸ ਜੀ ਨੇ ਆਪਣੇ ਤਿੰਨੋਂ ਪੁੱਤਰਾਂ (ਪ੍ਰਿਥੀ ਚੰਦ, ਬਾਬਾ ਮਹਾਂਦੇਵ ਤੇ (ਗੁਰੂ) ਅਰਜਨ ਦੇਵ) ਨੂੰ ਪਰਖ ਕਰਨ ਹਿੱਤ ਲਾਹੌਰ ਜਾਣ ਦਾ ਆਦੇਸ਼ ਦਿੱਤਾ। ਲਾਹੌਰ ਵਿਖੇ ਉਨ੍ਹਾਂ ਦੇ ਤਾਏ ਦੇ ਪੁੱਤਰ ਸਿਹਾਰੀ ਮੱਲ ਦੇ ਲੜਕੇ ਦੀ ਸ਼ਾਦੀ ਸੀ। ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਜੀ ਨੇ ਆਨੇ-ਬਹਾਨੇ ਜਦੋਂ ਲਾਹੌਰ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ (ਗੁਰੂ) ਅਰਜਨ ਦੇਵ ਜੀ ਨੇ ਪਿਤਾ ਦੇ ਹੁਕਮ ਨੂੰ ਸਿਰ-ਮੱਥੇ ਮੰਨਿਆ ਅਤੇ ਖ਼ੁਸ਼ੀ-ਖ਼ੁਸ਼ੀ ਲਾਹੌਰ ਚਲੇ ਗਏ। ਬਹੁਤ ਸਮਾਂ ਬੀਤ ਜਾਣ 'ਤੇ ਜਦੋਂ ਪਿਤਾ ਵੱਲੋਂ ਅੰਮ੍ਰਿਤਸਰ ਵਾਪਸ ਆਉਣ ਦਾ ਬੁਲਾਵਾ ਨਾ ਆਇਆ ਤਾਂ ਗੁਰੂ (ਪਿਤਾ)

Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਦੀ ਤਾਂਘ ਹੱਦਾਂ ਟੱਪਣ ਲੱਗੀ। ਇਸ ਸਥਿਤੀ ਵਿਚ ਉਨ੍ਹਾਂ ਨੇ ਇਕ-ਇਕ ਕਰਕੇ ਦੋ ਕਾਵਿਕ-ਚਿੱਠੀਆਂ ਲਿਖ ਅੰਮ੍ਰਿਤਸਰ ਭੇਜੀਆਂ, ਜਿਨ੍ਹਾਂ ਨੂੰ ਪ੍ਰਿਥੀ ਚੰਦ ਨੇ ਸੋਚੀ-ਸਮਝੀ ਕੂਟਨੀਤੀ ਦੇ ਤਹਿਤ ਲੈ ਕੇ ਛੁਪਾ ਲਿਆ। ਤੀਸਰੀ ਚਿੱਠੀ ਮਿਲਣ 'ਤੇ ਪਹਿਲੀਆਂ ਦੋ ਚਿੱਠੀਆਂ ਦਾ ਜਦੋਂ ਰਹੱਸ ਖੁੱਲ੍ਹਦਾ ਹੈ (ਜਿਨ੍ਹਾਂ ਨੂੰ ਪ੍ਰਿਥੀ ਚੰਦ ਨੇ ਛੁਪਾ ਲਿਆ ਹੋਇਆ ਸੀ) ਤਾਂ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਨੂੰ ਪਰਖ ਉੱਪਰ ਪੂਰਾ ਉਤਰਦਾ ਹੋਇਆ ਵੇਖ ਕੇ, ਗੁਰਗੱਦੀ ਉਨ੍ਹਾਂ ਨੂੰ ਸੌਂਪਣ ਦਾ ਮਨ ਬਣਾ ਲਿਆ। ਆਖਰ, ਬਾਬਾ ਬੁੱਢਾ ਜੀ ਪੂਰੇ ਆਦਰ ਨਾਲ ਉਨ੍ਹਾਂ ਨੂੰ ਲਾਹੌਰ ਤੋਂ ਲੈ ਕੇ ਆਏ ਅਤੇ ਨਿਸ਼ਚਿਤ ਗੁਰੂ ਘਰ ਦੀ ਮਰਿਆਦਾ ਅਨੁਸਾਰ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਸੌਂਪੀ। ਸਿੱਖ ਇਤਿਹਾਸਕਾਰ, ਇਸ ਘਟਨਾ ਨੂੰ ਇਕ ਇਤਿਹਾਸਕ-ਪ੍ਰਸੰਗ ਦੇ ਰੂਪ ਵਿਚ ਪੇਸ਼ ਕਰਦੇ ਆਏ ਹਨ,[9] ਪਰ ਪ੍ਰਸਿੱਧ ਵਿਦਵਾਨ ਤੇ ਟੀਕਾਕਾਰ ਪ੍ਰੋ. ਸਾਹਿਬ ਸਿੰਘ ਹੁਰੀਂ ਇਸ ਸਾਰੇ ਪ੍ਰਸੰਗ ਨੂੰ ਮਨ-ਘੜੰਤ ਸਾਬਤ ਕਰਦੇ ਹਨ।[10] ਉਂਝ ਤਾਂ ਉਹ ਮੰਨਦੇ ਹਨ ਕਿ ਸਧਾਰਨ ਤੌਰ 'ਤੇ ਹਰੇਕ ਸ਼ਬਦ ਕਿਸੇ ਪਰਥਾਇ ਹੀ ਹੋਇਆ ਕਰਦਾ ਹੈ। 'ਪਰਥਾਇ ਸਾਖੀ ਮਹਾ ਪੁਰਖ ਬੋਲਦੇ।' ਪਰ ਇਸ ਪ੍ਰਸੰਗ ਨੂੰ ਇਤਿਹਾਸਕ ਘਟਨਾ ਮੰਨਣ ਤੋਂ ਉਹ ਇਨਕਾਰੀ ਹਨ।[11] ਪਰ, ਇਸ ਸਥਿਤੀ ਵਿਚ ਅਸੀਂ ਅਜਿਹੇ ਪ੍ਰਚਲਤ ਇਤਿਹਾਸਕ-ਪ੍ਰਸੰਗਾਂ ਨੂੰ 'ਸਾਖੀ' ਬਨਾਮ ਲੌਕਿਕ-ਪ੍ਰਸੰਗਾਂ ਦੇ ਅਰਥਾਂ ਵਿਚ ਨਿਰਸੰਕੋਚ ਗ੍ਰਹਿਣ ਕਰ ਸਕਦੇ ਹਾਂ। ਵਿਦਵਾਨਾਂ ਦਾ ਮੱਤ ਹੈ ਕਿ ਗੁਰਬਾਣੀ ਦੀ ਸਭ ਤੋਂ ਪਹਿਲੀ ਵਿਆਖਿਆ, ਜਨਮਸਾਖੀ-ਸਾਹਿਤ ਰਾਹੀਂ ਹੀ ਹੋਂਦ ਵਿਚ ਆਈ।[12] ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸਾਖੀ-ਸਾਹਿਤ ਨੂੰ, ਗੁਰਬਾਣੀ ਦੇ 'ਲੌਕਿਕ-ਪ੍ਰਸੰਗ' ਸਾਬਤ ਕਰਨ ਦੇ ਕੁਝ ਮਹੱਤਵਪੂਰਨ ਯਤਨ ਹੋਏ ਹਨ।[13] ਗੌਰਤਲਬ ਹੈ ਕਿ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਇਤਿਹਾਸਕ-ਪ੍ਰਸੰਗ ਅਤੇ ਸਾਖੀਆਂ (ਲੌਕਿਕ-ਪ੍ਰਸੰਗ), ਇਕ ਦੂਸਰੇ ਵਿਚ ਇਸ ਕਦਰ ਰਲਗੱਡ ਹਨ ਕਿ ਇਨ੍ਹਾਂ ਦੀ ਆਪੋ ਆਪਣੀ ਵੱਖਰੀ ਪਛਾਣ ਨਿਸ਼ਚਿਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਪਰ, ਗੁਰੂ ਅਰਜਨ ਦੇਵ ਬਾਣੀ ਵਿਚੋਂ ਅਜਿਹੇ ਸ਼ਬਦਾਂ ਦੀ ਭਾਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਵਿਚ ਇਤਿਹਾਸਕ-ਮਿਥਿਹਾਸਕ ਹਵਾਲੇ ਪ੍ਰਤੱਖ ਤੌਰ 'ਤੇ ਪ੍ਰਗਟ ਹੋਏ ਮਿਲਦੇ ਹਨ। ਮਿਸਾਲ ਦੇ ਤੌਰ 'ਤੇ ਇਨ੍ਹਾਂ ਸ਼ਬਦਾਂ ਨੂੰ ਹੀ ਲਉ :

(ੳ) **ਬਿਲਾਵਲ ਮਹਲਾ 5**

*ਸੁਲਹੀ ਤੇ ਨਾਰਾਇਣ ਰਾਖੁ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥1॥ਰਹਾਉ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥*
*ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥1॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥2॥*[14]

(ਅ) **ਭੈਰਉ ਮਹਲਾ 5**

*ਲੇਪੁ ਨ ਲਾਗੋ ਤਿਲ ਕਾ ਮੂਲਿ॥*
*ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥1॥*

*ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥*
*ਪਾਪੀ ਮੂਆ ਗੁਰ ਪਰਤਾਪਿ॥1॥ਰਹਾਉ॥*
*ਅਪਣਾ ਖਸਮੁ ਜਨਿ ਆਪਿ ਧਿਆਇਆ॥*
*ਇਆਣਾ ਪਾਪੀ ਓਹੁ ਆਪਿ ਪਚਾਇਆ॥2॥*
*ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥*
*ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥3॥*
*ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥*
*ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥4॥*[5]

(ੲ) **ਗਉੜੀ ਮਹਲਾ 5**

*ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥1॥ਰਹਾਉ॥*
*ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥1॥*
*ਨਾਨਕ ਨਾਮੁ ਜਪੈ ਸੋ ਜੀਵੈ॥ ਸਾਧਸੰਗਿ ਹਰਿ ਅੰਮ੍ਰਿਤ ਪੀਵੈ॥2॥*[6]

(ਸ) **ਗਉੜੀ ਮਹਲਾ 5**

*ਸਾਂਤਿ ਭਈ ਗੁਰ ਗੋਬਿਦਿ ਪਾਈ॥ ਤਾਪ ਪਾਪ ਬਿਨਸੇ ਮੇਰੇ ਭਾਈ॥1॥ਰਹਾਉ॥*
*ਰਾਮ ਨਾਮੁ ਨਿਤ ਰਸਨ ਬਖਾਨ॥ ਬਿਨਸੇ ਰੋਗ ਭਏ ਕਲਿਆਨ॥1॥*
.... .... .... .....
*ਮਨ ਬਚ ਕ੍ਰਮ ਪ੍ਰਭ ਅਪਨਾ ਧਿਆਈ॥*
*ਨਾਨਕ ਦਾਸ ਤੇਰੀ ਸਰਣਾਈ॥4॥*[7]

(ਹ) **ਗੂਜਰੀ ਮਹਲਾ 5**

*ਜਨ ਕੀ ਪੈਜ ਸਵਾਰੀ ਆਪ॥ ਹਰਿ ਹਰਿ ਨਾਮੁ ਦੀਓ*
*ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ॥1॥ਰਹਾਉ॥*
*ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥*
*ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥1॥*
*ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ॥*
*ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥2॥*[8]

(ਕ) *ਅਜਰਾਈਲ ਫਰੇਸਤਾ ਤਿਲ ਪੀੜੇ ਘਾਣੀ॥*[9]

(ਖ) *ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀਰੰਗੋ*
*ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ॥*[10]

(ਗ) **ਗਉੜੀ ਮਹਲਾ 5**

*ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥*
*ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥*
*ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥*
*ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥*

Sri Satguru Jagjit Singh Ji Elibrary NamdhariElibrary@gmail.com

*ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥*
*ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥1॥*[1]

(ਘ) ਬਿਲਾਵਲੁ ਮਹਲਾ 5

*ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥*
*ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥1॥ਰਹਾਉ॥*
*ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥*
*ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ॥1॥*
*ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥*
*ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥2॥*[2]

(ਙ) ਗਉੜੀ ਮਹਲਾ 5

*ਮਹਜਰੁ ਝੂਠਾ ਕੀਤੋਨੁ ਆਪਿ॥ ਪਾਪੀ ਕਉ ਲਾਗਾ ਸੰਤਾਪੁ॥*
*ਜਿਸਹਿ ਸਹਾਈ ਗੋਬਿੰਦੁ ਮੇਰਾ॥ ਤਿਸੁ ਕਉ ਜਮੁ ਨਹੀ ਆਵੈ ਨੇਰਾ॥1॥ਰਹਾਉ॥*[3]

(ਚ) ਗਉੜੀ ਮਹਲਾ 5

*ਗਰੀਬਾ ਉਪਰਿ ਜਿ ਖਿੰਜੈ ਦਾੜੀ*
*ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥1॥*
*ਪੂਰਾ ਨਿਆਉ ਕਰੇ ਕਰਤਾਰੁ॥*
*ਅਪੁਨੇ ਦਾਸ ਕਉ ਰਾਖਨਹਾਰੁ॥1॥ਰਹਾਉ॥*[4]

(ਛ) ਆਸਾ ਮਹਲਾ 5

*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥*
*ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥1॥*
*ਮਹਾ ਅਨੰਦ ਅਚਿੰਤ ਸਹਜਾਇਆ॥ ਦੁਸਮਨ ਦੂਤ ਮੁਏ ਸੁਖੁ ਪਾਇਆ॥1॥ਰਹਾਉ॥*[5]

ਗੁਰੂ ਅਰਜਨ ਦੇਵ ਰਚਿਤ ਇਨ੍ਹਾਂ ਸ਼ਬਦਾਂ/ਬਾਣੀ-ਤੁਕਾਂ ਵਿਚ ਸੁਲਹੀ ਖ਼ਾਂ, ਦੁਸ਼ਟ ਬ੍ਰਾਹਮਣ, ਸੀਤਲਾ ਬਿਮਾਰੀ, ਹਰਿ ਗੋਬਿੰਦ, ਅਜਰਾਈਲ, ਮਧੁ ਸੂਦਨ, ਬਾਬਾ ਮੋਹਨ ਆਦਿ ਇਤਿਹਾਸਕ-ਮਿਥਿਹਾਸਕ ਹਵਾਲੇ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ। ਕੁਝ ਹੋਰ ਸ਼ਬਦਾਂ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਗੋਬਿੰਦ, ਗੋਪਾਲ, ਦਮੋਦਰ, ਸ਼ਾਹ ਉਮਰਾਵ ਖ਼ਾਨ ਆਦਿ ਹਵਾਲਿਆਂ ਨਾਲ ਕਈ ਥਾਂਈਂ ਸਾਡਾ ਵਾਹ ਪੈਂਦਾ ਹੈ। ਇਨ੍ਹਾਂ ਇਤਿਹਾਸਕ-ਮਿਥਿਹਾਸਕ ਹਵਾਲਿਆਂ ਨਾਲ ਇਕ ਤਰਫ਼, ਬ੍ਰਹਮਮੂਲਕ ਅਮੂਰਤ ਅਧਿਆਤਮਿਕਤਾ ਦਾ ਸਮੂਰਤੀਕਰਨ ਹੁੰਦਾ ਹੈ ਅਤੇ ਦੂਸਰੀ ਤਰਫ਼, ਗੁਰਬਾਣੀ ਆਪਣੇ ਪਰੰਪਰਾਗਤ ਇਤਿਹਾਸਕ-ਮਿਥਿਹਾਸਕ ਵਿਰਸੇ ਨਾਲ ਜੁੜਕੇ, ਨਵੀਂ ਸਾਰਥਕਤਾ ਗ੍ਰਹਿਣ ਕਰਦੀ ਹੈ। ਗੁਰਗੱਦੀ ਦੇ ਮਸਲੇ ਨੂੰ ਲੈ ਕੇ ਭਰਾਤਾ ਪ੍ਰਿਥੀਚੰਦ ਦਾ ਪਿਤਾ (ਚੌਥੇ ਗੁਰੂ ਰਾਮਦਾਸ ਜੀ ਨਾਲ ਝਗੜਾ ਕਰਨਾ। 'ਸਾਰੰਗ ਮਹਲਾ 4 ਘਰੁ 3 ਦੁਪਦਾ ੴ ਸਤਿਗੁਰ ਪ੍ਰਸਾਦਿ॥ ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥1॥ ਰਹਾਉ॥')[36]; ਇਕ ਸੋਚੀ ਸਮਝੀ ਨੀਤੀ ਦੇ ਤਹਿਤ (ਗੁਰੂ) ਅਰਜਨ ਦੇਵ ਜੀ ਦੀਆਂ 'ਮਾਝ ਮਹਲਾ 5 ਚਉਪਦੇ ਘਰ 1' ਸਿਰਲੇਖ ਹੇਠ

Sri Satguru Jagjit Singh Ji Elibrary NamdhariElibrary@gmail.com

ਲਿਖੀਆਂ ਦੋ ਚਿੱਠੀਆਂ (ਗੁਰਬਾਣੀ ਦੇ ਸ਼ਬਦ) 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥' ਨੂੰ ਪਿਤਾ ਗੁਰੂ ਰਾਮਦਾਸ ਜੀ ਤੱਕ ਪਹੁੰਚਣ ਤੋਂ ਰੁਕਵਾਉਣਾ (ਭਾਵ, ਗ਼ਾਇਬ ਕਰ ਲੈਣਾ) ਅਤੇ ਤੀਸਰੀ ਚਿੱਠੀ ਉਪਰ ਲਿਖੇ 'ਅੰਕ ਤੀਜਾ' ਤੋਂ ਸਾਰੇ ਰਹੱਸ ਦਾ ਖੁੱਲ੍ਹਣਾ; ਪਿਤਾ ਗੁਰੂ ਰਾਮਦਾਸ ਜੀ ਦੁਆਰਾ ਪੂਰੀ ਪਰਖ ਕਰਨ ਉਪਰੰਤ (ਗੁਰੂ) ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਜ਼ੁੰਮੇਵਾਰੀ ਸੌਂਪਣਾ; ਪ੍ਰਿਥੀਚੰਦ ਦਾ ਸੜ ਬਲ ਜਾਣਾ; (ਗੁਰੂ) ਹਰਿਗੋਬਿੰਦ ਜੀ ਦਾ ਪ੍ਰਕਾਸ਼; ਪ੍ਰਕਾਸ਼ ਮਗਰੋਂ ਅਨੇਕਾਂ ਵਾਰ ਪ੍ਰਿਥੀ ਚੰਦ, ਪ੍ਰੋਹਿਤਾਂ, ਹਾਕਮਾਂ ਵੱਲੋਂ ਗੁਰੂ ਜੀ ਉੱਪਰ ਹੱਲੇ ਹੋਣੇ ਅਤੇ ਪ੍ਰਤਿਉੱਤਰ ਵਿਚ ਗੁਰੂ ਜੀ ਦਾ ਇਹ ਉਚਾਰਨਾ "ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਮਾਰੋ ਕੀਓ॥'; ਪ੍ਰਿਥੀ ਚੰਦ ਦਾ ਦਾਈ ਫੱਤੋ ਨੂੰ ਲਾਲਚ ਅਧੀਨ ਬਣਾ 'ਤੇ ਜ਼ਹਿਰ ਲਾ ਕੇ ਬਾਲਕ ਹਰਿ ਗੋਬਿੰਦ ਨੂੰ ਮਾਰਨ ਦੀ ਕੋਸ਼ਿਸ਼ ਕਰਨਾ ਪਰ ਕਾਮਯਾਬੀ ਨਾ ਮਿਲਣਾ ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ੁਕਰਾਨੇ ਵਜੋਂ ਸ਼ਬਦ ਉਚਾਰਣਾ 'ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟ ਭਇਆ ਜਨ ਕਾ ਪ੍ਰਤਾਪੁ॥' (ਆਸਾ ਮਹਲਾ 5); ਪ੍ਰਿਥੀ ਚੰਦ ਦਾ ਸਪੇਰੇ ਰਾਹੀਂ ਜ਼ਹਿਰੀਲਾ ਸੱਪ ਛੱਡ ਕੇ ਬਾਲਕ ਹਰਿਗੋਬਿੰਦ ਨੂੰ ਮਾਰਨ ਦੀ ਕੋਸ਼ਿਸ਼ ਕਰਨਾ ਪਰ ਨਾਕਾਮਯਾਬ ਹੋਣਾ; ਫਿਰ ਬਾਲਕ (ਗੁਰੂ) ਹਰਿਗੋਬਿੰਦ ਜੀ ਦੀ ਹਸਤੀ ਨੂੰ ਮਿਟਾਉਣ ਲਈ ਖਿਡਾਵੇ ਰਾਹੀਂ ਦਹੀਂ ਵਿਚ ਜ਼ਹਿਰ ਮਿਲਾਕੇ ਖੁਆਣ ਦੀ ਕੋਸ਼ਿਸ਼ ਕਰਨਾ ਪਰ ਉਨ੍ਹਾਂ ਦਾ ਦਹੀਂ ਖਾਣ ਤੋਂ ਇਨਕਾਰ ਕਰਨਾ ਅਤੇ ਕੁੱਤੇ ਨੂੰ ਦਹੀਂ ਖੁਆਉਣ 'ਤੇ ਕੁੱਤੇ ਦਾ ਮਰ ਜਾਣਾ, ਉਧਰ ਬ੍ਰਾਹਮਣ ਨੂੰ ਢਿੱਡ ਵਿਚ ਸੂਲ ਪੈਣ ਨਾਲ ਮੌਤ ਦੇ ਹਵਾਲੇ ਹੋਣਾ ਅਤੇ ਪ੍ਰਤਿਕਰਮ 'ਚ ਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਵਿਚ ਸ਼ਬਦ ਦਾ ਉਚਾਰਨ ਕਰਨਾ 'ਲੇਪ ਕ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥' (ਗੁਰੂ) ਹਰਿਗੋਬਿੰਦ ਜੀ ਉੱਪਰ ਸੀਤਲਾ (ਚੇਚਕ) ਬਿਮਾਰੀ ਦਾ ਹੱਲਾ ਹੋਣਾ ਤੇ ਬਚ ਨਿਕਲਣਾ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਸ਼ੁਕਰਾਨੇ ਵਜੋਂ ਸ਼ਬਦ ਉਚਾਰਨਾ 'ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥' ਜਾਂ 'ਹਰਿਗੋਬਿੰਦ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥' ਮੁਗ਼ਲ ਸਰਕਾਰ ਦੇ ਅਹਿਲਕਾਰ ਸੁਲਹੀ ਖ਼ਾਨ ਹਹੇਰੀ ਦਾ ਪ੍ਰਿਥੀ ਚੰਦ ਦੇ ਕਹਿਣ 'ਤੇ ਅੰਮ੍ਰਿਤਸਰ 'ਤੇ ਹਮਲਾ ਕਰਨ ਦੀ ਯੋਜਨਾ ਬਣਾਉਣਾ ਪਰ ਪ੍ਰਿਥੀ ਚੰਦ ਦੇ ਆਵੇ 'ਚ ਘੋੜੇ ਸਮੇਤ ਡਿੱਗ ਕੇ ਸੜ ਮਰ ਜਾਣਾ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਸ਼ੁਕਰਾਨੇ ਵਜੋਂ ਕਹਿ ਉਠਣਾ 'ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥' ਆਦਿ ਇਤਿਹਾਸਕ-ਹਵਾਲੇ ਗੁਰੂ ਅਰਜਨ ਦੇਵ ਬਾਣੀ ਵਿਚ ਥਾਂ-ਥਾਂ 'ਤੇ ਵੇਖਣ ਨੂੰ ਮਿਲਦੇ ਹਨ। ਅਜਿਹੇ ਕੁਝ ਹੋਰ ਹਵਾਲਿਆਂ ਨੂੰ ਅਕਸਰ ਆਧਾਰ-ਸਮੱਗਰੀ ਵਜੋਂ ਗ੍ਰਹਿਣ ਕੀਤਾ ਜਾਂਦਾ ਰਿਹਾ ਹੈ। 'ਪਰਥਾਇ ਸਾਖੀ ਮਹਾ ਪੁਰਖ ਬੋਲਦੇ' ਕਥਨ ਤੋਂ ਪ੍ਰੇਰਨਾ ਲੈਂਦੇ ਹੋਏ ਸਾਡੇ ਇਤਿਹਾਸਕਾਰ ਅਕਸਰ ਇੰਝ ਕਰਦੇ ਰਹੇ ਹਨ। ਪਰ, ਯਾਦ ਰਹੇ ਕਿ ਗੁਰਬਾਣੀ ਵਿਚ ਇਹ ਹਵਾਲੇ, ਆਪਣੇ ਮੂਲ ਪ੍ਰਸੰਗਾਂ ਤੋਂ ਟੁੱਟ ਕੇ ਸਿਰਫ਼ ਸੰਕੇਤ ਮਾਤਰ ਹੀ ਪੇਸ਼ ਹੋਏ ਹਨ। ਆਪਣੇ ਮੂਲ ਬਿਰਤਾਂਤ ਤੋਂ ਟੁੱਟ ਕੇ ਇਹ ਹਵਾਲੇ, 'ਚਿਹਨ' ਦਾ ਰੂਪ ਧਾਰ ਜਾਂਦੇ ਹਨ। ਇਉਂ, ਗੁਰਬਾਣੀ ਵਿਚ ਅਜਿਹੇ ਇਤਿਹਾਸਕ-ਮਿਥਿਹਾਸਕ ਚਿਹਨਾਂ ਦਾ ਇਕ ਸਿਲਸਿਲਾ ਜਿਹਾ ਬਣ ਜਾਂਦਾ ਹੈ। ਇਨ੍ਹਾਂ ਦੇ ਆਪਣੇ ਵਿਸ਼ੇਸ਼ ਮਹੱਤਵ ਤੋਂ ਸਹਿਜੇ ਕੀਤਿਆਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ

Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਜਨ ਦੇਵ ਬਾਣੀ ਨਾਲ ਸੰਬੰਧਿਤ ਅਜਿਹੇ ਬਹੁਤੇ ਸ਼ਬਦ, ਕਿਸੇ ਨਾ ਕਿਸੇ ਸਥਿਤੀ/ਘਟਨਾ/ਵਿਅਕਤੀ ਦੇ ਪਰਥਾਇ ਹੀ ਉਚਾਰੇ ਗਏ ਹਨ। ਸੰਬੰਧਿਤ ਬਿਰਤਾਂਤਾਂ ਨੂੰ ਪੂਰੀ ਤਫ਼ਸੀਲ ਨਾਲ ਪੇਸ਼ ਕਰਨਾ, ਉਨ੍ਹਾਂ ਦੇ ਉਦੇਸ਼ ਨਹੀਂ, ਨਾ ਹੀ ਉਹ ਇਤਿਹਾਸ-ਉਸਾਰੀ ਵੱਲ ਰੁਚਿਤ ਹਨ। ਅਧਿਆਤਮਿਕਤਾ ਦਾ ਸੰਚਾਰ ਕਰਨਾ ਅਤੇ ਇਸੇ ਜ਼ਰੀਏ ਲੋਕ-ਮਾਨਸਿਕਤਾ ਦਾ ਰੂਪਾਂਤਰਣ ਕਰਨਾ ਹੀ ਉਨ੍ਹਾਂ ਦਾ ਅੰਤਿਮ ਉਦੇਸ਼ ਹੈ। ਇਹੀ ਵਜ੍ਹਾ ਹੈ ਕਿ ਇਹ ਇਤਿਹਾਸਕ-ਮਿਥਿਹਾਸਕ ਹਵਾਲੇ, ਆਪਣੇ ਮੂਲ ਪ੍ਰਸੰਗਾਂ/ਬਿਰਤਾਂਤਾਂ ਤੋਂ ਟੁੱਟ ਕੇ ਚਿਹਨਾਂ ਦਾ ਰੂਪ ਧਾਰ ਜਾਂਦੇ ਹਨ ਅਤੇ ਇਹ ਸਾਰੇ ਚਿਹਨ ਸੰਚਾਰ-ਪ੍ਰਕਿਰਿਆ ਦਾ ਅੰਗ ਬਣ ਕੇ, ਨਵੇਂ ਅਰਥਾਂ ਦਾ ਉਤਪਾਦ ਕਰਦੇ ਨਜ਼ਰ ਆਉਂਦੇ ਹਨ। ਇਉਂ ਇਹ ਗੁਰਬਾਣੀ ਵੀ ਇਕ ਜੀਵੰਤ-ਚਿਹਨਕਾਰੀ ਹੋਣ ਦਾ ਦਰਜਾ ਅਖ਼ਤਿਆਰ ਕਰਦੀ ਹੈ। ਬਾਕੀ ਦੀ ਬਾਣੀ ਵਾਂਗ, ਅਜਿਹੇ ਸ਼ਬਦਾਂ ਦੀ ਅੰਤਿਮ ਧਰਾਤਲ ਅਧਿਆਤਮਿਕਤਾ ਹੀ ਹੈ। ਅਜਿਹੇ ਸਾਰੇ ਸ਼ਬਦ, ਗੁਰਬਾਣੀ ਵਿਚਲੇ 'ਹੁਕਮ' ਦੇ ਸਿਧਾਂਤ ਦੇ ਐਨ ਅਨੁਕੂਲ, ਪ੍ਰਮਾਤਮਾ ਦੇ ਸ਼ੁਕਰਾਨੇ ਵਜੋਂ ਹੀ ਹੋਂਦ ਵਿਚ ਆਏ ਹਨ। ਦੂਸਰੇ ਸ਼ਬਦਾਂ ਵਿਚ ਅਸੀਂ ਨਿਰਸੰਕੋਚ ਕਹਿ ਸਕਦੇ ਹਾਂ ਕਿ ਇਥੇ ਗੁਰੂ ਸਾਹਿਬ, ਆਪਣੀਆਂ ਸਮਕਾਲੀ ਸਥਿਤੀਆਂ-ਪਰਿਸਥਿਤੀਆਂ 'ਚੋਂ ਉਪਜੇ ਅਨੁਭਵ ਨੂੰ, ਬ੍ਰਹਮਮੂਲਕ-ਅਧਿਆਤਮਿਕਤਾ ਵਿਚ ਰੂਪਾਂਤਰਿਤ ਕਰਕੇ, ਪੇਸ਼ ਕਰਨ ਦੇ ਆਹਰ ਵਿਚ ਹਨ। ਬ੍ਰਹਮਮੂਲਕ-ਅਧਿਆਤਮਿਕਤਾ ਦੀ ਅਜਿਹੀ ਪੇਸ਼ਕਾਰੀ ਮਨੁੱਖ ਦੀ ਸੰਕਟਗ੍ਰਸਤ ਹੋਂਦ ਦੇ ਸੰਦਰਭ ਵਿਚ ਹੋਈ ਹੈ। ਇਥੋਂ ਹੀ ਗੁਰੂ ਅਰਜਨ ਦੇਵ ਬਾਣੀ ਦੇ ਆਪਣੇ ਵੱਖਰੇ ਮੁਹਾਂਦਰੇ ਦੀ ਪਛਾਣ ਨਿਸ਼ਚਿਤ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਗੁਰਚਰਨ ਸਿੰਘ (ਡਾ.), *ਗੁਰਬਾਣੀ ਦਾ ਰਹਾਉ-ਸ਼ਾਸਤਰ*, ਪੰਨਾ 98.
2. *ਆਦਿ ਗ੍ਰੰਥ*, ਪੰਨਾ 722.
3. *ਆਦਿ ਗ੍ਰੰਥ*, ਪੰਨਾ 953.
4. *ਆਦਿ ਗ੍ਰੰਥ*, ਪੰਨਾ 825.
5. ਮਹਿੰਦਰ ਕੌਰ ਗਿੱਲ (ਡਾ.), *ਬਾਣੀ ਬਿਬੇਕ*, ਪੰਨਾ 157.
6. ਤਰਲੋਕ ਸਿੰਘ ਕੰਵਰ (ਡਾ.), *ਗੁਰੂ ਨਾਨਕ ਦਾ ਕਾਵਿ-ਸ਼ਾਸਤ੍ਰ*, ਪੰਨਾ 21।
7. *ਉਹੀ*, ਪੰਨਾ 21.
8. *ਆਦਿ ਗ੍ਰੰਥ*, ਪੰਨਾ 96.
9. ਸਰਬੀਰ ਸਿੰਘ, ਪਰਤਖ ਹਰਿ : *ਜੀਵਨੀ ਗੁਰੂ ਅਰਜਨ ਦੇਵ ਜੀ*, ਪੰਨਾ 41.
10. ਸਾਹਿਬ ਸਿੰਘ (ਪ੍ਰੋ.) ਸੰਪਾਦਕ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਪੋਥੀ 1, ਪੰਨੇ 603-604.
11. *ਉਹੀ*, ਪੰਨਾ 602.
12. *ਉਹੀ*, ਪੰਨਾ 602.
13. *ਉਹੀ*, ਪੰਨੇ 118-124.
14. *ਆਦਿ ਗ੍ਰੰਥ*, ਪੰਨਾ 825.


Sri Satguru Jagjit Singh Ji Elibrary NamdhariElibrary@gmail.com

15. *ਆਦਿ ਗ੍ਰੰਥ*, ਪੰਨਾ 1137.
16. *ਆਦਿ ਗ੍ਰੰਥ*, ਪੰਨਾ 200.
17. *ਆਦਿ ਗ੍ਰੰਥ*, ਪੰਨਾ 200.
18. *ਆਦਿ ਗ੍ਰੰਥ*, ਪੰਨਾ 500.
19. *ਆਦਿ ਗ੍ਰੰਥ*, ਪੰਨਾ 315.
20. *ਆਦਿ ਗ੍ਰੰਥ*, ਪੰਨਾ 1201.
21. *ਆਦਿ ਗ੍ਰੰਥ*, ਪੰਨਾ 248.
22. *ਆਦਿ ਗ੍ਰੰਥ*, ਪੰਨਾ 819.
23. *ਆਦਿ ਗ੍ਰੰਥ*, ਪੰਨਾ 199.
24. *ਆਦਿ ਗ੍ਰੰਥ*, ਪੰਨਾ 199.
25. *ਆਦਿ ਗ੍ਰੰਥ*, ਪੰਨਾ 371.
26. *ਆਦਿ ਗ੍ਰੰਥ*, ਪੰਨਾ 1200.

## ਸਹਾਇਕ ਪੁਸਤਕ-ਸੂਚੀ

- Kristeva, Julia, *Desire in Language* (A Semiotic Approach to Literature and Art), (Edited by Leon, S. Roudiez), Basil Blackwell Ltd., England, 1987.
- ਕੰਵਰ, ਤਰਲੋਕ ਸਿੰਘ (ਡਾ.), *ਗੁਰੂ ਨਾਨਕ ਦਾ ਕਾਵਿ-ਸ਼ਾਸਤ੍ਰ*, ਸਪਤ-ਸਿੰਧੂ-ਪਬਲੀਕੇਸ਼ਨਜ਼, ਦਿੱਲੀ, 1994.
- ਮਨਜੀਤ ਸਿੰਘ (ਡਾ.), *ਜਨਮਸਾਖੀ/ਮਿਥ-ਵਿਗਿਆਨ*, ਆਰਸੀ ਪਬਲਿਸ਼ਰਜ਼ (ਦੂਜੀ ਐਡੀਸ਼ਨ), 2005.
- ਗੁਰਚਰਨ ਸਿੰਘ (ਡਾ.), *ਗੁਰਬਾਣੀ ਦਾ ਰਹਾਉ-ਸ਼ਾਸਤਰ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1992.
- ਸਤਿਬੀਰ ਸਿੰਘ (ਪ੍ਰਿੰ.), *ਪਰਤਖ ਹਰਿ : ਜੀਵਨੀ ਗੁਰੂ ਅਰਜਨ ਦੇਵ ਜੀ*, ਨਿਊ ਬੁੱਕ ਕੰਪਨੀ, ਜਲੰਧਰ, 1991.
- ਕੰਵਰ, ਤਰਲੋਕ ਸਿੰਘ (ਡਾ.), *ਸ਼ੋਧ ਪਰਿਸ਼ੋਧ*, ਆਰ ਸੀ ਪਬਲਿਸ਼ਰਜ਼, ਦਿੱਲੀ, 1989.
- ਗਿੱਲ ਮਹਿੰਦਰ ਕੌਰ, (ਡਾ.), *ਬਾਣੀ ਬਿਬੇਕ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1986.
- ਸਾਹਿਬ ਸਿੰਘ (ਪ੍ਰੋ.), ਸੰਪਾਦਕ : *ਸ੍ਰੀ ਗੁਰੂ ਗ੍ਰੰਥ ਦਰਪਣ*, ਪੋਥੀ 1 ਤੋਂ 10, ਰਾਜ ਪਬਲਿਸ਼ਰਜ਼ (ਰਜਿ.), ਜਲੰਧਰ, ਜਨਵਰੀ 1972.
- ਮਨਜੀਤ ਸਿੰਘ (ਡਾ.), *ਸਾਹਿਤ-ਸੰਰਚਨਾ : ਸਿਸਟਮ ਅਤੇ ਪ੍ਰਵਚਨ*, ਆਰਸੀ ਪਬਲਿਸ਼ਰਜ਼, ਦਿੱਲੀ, 2003.

Sri Satguru Jagjit Singh Ji Elibrary NamdhariElibrary@gmail.com

## ਵਿਚਾਰ-ਵਟਾਂਦਰਾ

## ਡਾ. ਗੁਰਨਾਮ ਕੌਰ

ਮੇਰਾ ਪ੍ਰਸ਼ਨ ਡਾ. ਨਾਜ਼ਰ ਸਿੰਘ ਹੁਰਾਂ ਲਈ ਹੈ। ਅਸੀਂ ਧਰਮ ਅਧਿਐਨ ਅਤੇ ਸਮੁੱਚੇ ਤੌਰ ਤੇ ਧਰਮ ਨੂੰ ਮੰਨਣ ਵਾਲੇ ਗੁਰੂ ਗ੍ਰੰਥ ਦੀ ਬਾਣੀ ਨੂੰ ਇਲਹਾਮ ਮੰਨਦੇ ਹਾਂ। ਇਸ ਇਲਹਾਮੀ ਬਾਣੀ ਵਿਚ ਇਤਿਹਾਸਕ ਘਟਨਾਵਾਂ ਦੇ ਹਵਾਲੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ। ਇਸਦਾ ਭਾਵ ਇਹ ਹੈ ਕਿ ਇਸ ਬਾਣੀ ਵਿਚ ਇਕ ਆਮ ਆਦਮੀ ਦੀ ਅਜ਼ਾਦੀ ਦਾ ਸੁਨੇਹਾ ਵੀ ਮਿਲਦਾ ਹੈ। ਵੈਸੇ ਵੀ ਸਾਰੇ ਗੁਰੂ ਸਾਹਿਬਾਨਾਂ ਨੇ ਆਪਣੇ ਆਪ ਨੂੰ ਨਾਨਕ ਰੂਪ ਵਿਚ ਸੰਬੋਧਿਤ ਕੀਤਾ ਹੈ। ਕਿਤੇ ਵੀ ਕਿਸੇ ਗੁਰੂ-ਵਿਅਕਤੀ ਨੇ ਆਪਣਾ ਖ਼ਾਸ ਨਾਮ ਨਹੀਂ ਵਰਤਿਆ। ਵਕਤਾ ਨੇ ਸੁਖਮਨੀ ਸਾਹਿਬ ਵਿਚੋਂ ਜਿਹੜਾ ਇਤਿਹਾਸਕ ਪ੍ਰਭਾਵ ਲੈਣ ਦੀ ਕੋਸ਼ਿਸ਼ ਕੀਤੀ ਹੈ, ਇਹ ਬਹੁਤ ਹੀ ਔਖਾ ਉਪਰਾਲਾ ਹੈ। ਇਹਦੇ ਵਿਚ ਤੁਸੀਂ 'ਆਦਿ ਗੁਰਏ ਨਮਹ ਜੁਗਾਦਿ ਗੁਰਏ ਨਮਹ' ਜਿਹੜਾ ਪਹਿਲਾ ਸਲੋਕ ਹੈ, ਉਸਨੂੰ ਗੁਰੂ ਅਰਜਨ ਦੇਵ ਜੀ ਦੇ ਪੂਰਵ ਵਰਤੀ ਗੁਰੂ ਸਾਹਿਬਾਨ ਦੇ ਨਾਲ ਜੋੜਿਆ ਹੈ ਪਰ ਮੈਂ ਇਹ ਜਾਨਣਾ ਚਾਹਾਂਗੀ ਕਿ ਕਿਸ ਆਧਾਰ ਤੇ ਤੁਸੀਂ ਇਉਂ ਸੋਚਿਆ ਹੈ? ਗੁਰੂ ਵਿਸ਼ੇਸ਼ ਨੇ ਆਪਣੇ ਨਾਮ ਤਾਂ ਇਸ ਢੰਗ ਨਾਲ ਨਹੀਂ ਲਏ, ਵੈਸੇ ਵੀ ਗੁਰਬਾਣੀ ਦੀ ਤੁਕ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥' ਇਹਦਾ ਸਿਧਾਂਤ ਜਿਹੜਾ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ। ਗੁਰੂ ਦੇਵ ਸ਼ਬਦ ਆਖਰ ਵਿਚ ਆਉਂਦਾ ਹੈ, ਜਿਸਨੂੰ ਤੁਸੀਂ ਕਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਇਹ ਸ਼ਬਦ ਗੁਰੂ ਰਾਮਦਾਸ ਵਾਸਤੇ ਵਰਤਦੇ ਨੇ, ਭਾਈ ਗੁਰਦਾਸ ਆਪਣੀਆਂ ਵਾਰਾਂ ਦੇ ਮੰਗਲਾਚਰਨ ਵਿਚ ਕਹਿੰਦੇ ਹਨ 'ਨਮਸਕਾਰੁ ਗੁਰਦੇਵ ਕੋ ਸਤਿਨਾਮ ਜਿਸੁ ਮੰਤ੍ਰ ਸੁਣਾਇਆ।' ਭਾਈ ਗੁਰਦਾਸ ਇਹ ਗੁਰੂ ਨਾਨਕ ਲਈ ਵਰਤਦੇ ਨੇ। ਤੁਸੀਂ ਇਸ ਵਿਚਾਰ ਦਾ ਆਧਾਰ ਕਿਵੇਂ ਲਿਆ ਹੈ?

ਰੀਲਾਇਜ਼ ਵਾਲੀ ਗੱਲ ਰੀਲਾਈਜੇਸ਼ਨ of the higher climate ਹੈ, ਇਹ ਉਹਦੇ ਵਾਸਤੇ ਹੈ ਪਰ ਤੁਸੀਂ ਇਥੇ ਪ੍ਰਭੂ ਕਿਹਾ ਹੈ ਸਾਧ ਕਿਸ ਆਧਾਰ ਤੇ? ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਵੀ ਜੀਵਨ ਮੁਕਤਿ ਮਨੁੱਖ ਨੂੰ ਅਜਿਹੇ ਨਾਮ ਦਿੱਤੇ ਹਨ, ਅਪਰਸ, ਵੈਸ਼ਨਵ ਭਾਵ ਵੈਸ਼ਨੋ, ਭਗਤਿ, ਰਾਮਦਾਸ ਇਹ ਪੰਜ ਕਿਸਮਾਂ ਅਧਿਆਤਮਿਕਤਾ ਵਿਚ ਪ੍ਰਾਪਤ ਹਨ। ਪਰ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਮੁਖਾਤਬ ਹਨ ਕਿ ਉਨ੍ਹਾਂ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ—ਅਪਰਸ ਕਿਹੋ ਜਿਹਾ ਹੋਣਾ ਚਾਹੀਦਾ ਹੈ, ਜਾਂ ਵੈਸ਼ਨਵ ਕੌਣ ਹੋ ਸਕਦਾ ਹੈ, ਪੰਡਤ ਕੌਣ ਹੋ ਸਕਦਾ ਹੈ। ਤੁਹਾਡੇ ਮੁਤਾਬਕ ਗੁਰੂ ਜੀ ਸਿਰਫ਼ ਨਾਮਕਰਨ ਕਰ ਰਹੇ ਹਨ ਨਾ ਕਿ ਆਦਰਸ਼ ਨਿਰਧਾਰਤ ਕਰ ਰਹੇ ਹਨ, ਉਨ੍ਹਾਂ ਲਈ ਇਸ ਗੱਲ ਬਾਰੇ ਮੈਂ ਸਹਿਮਤ ਨਹੀਂ।

Sri Satguru Jagjit Singh Ji Elibrary NamdhariElibrary@gmail.com

## ਡਾ. ਗੁਰਬਖ਼ਸ਼ ਸਿੰਘ

ਵਕਤਾ ਦੇ ਵਿਚਾਰਾਂ ਬਾਰੇ ਕੋਈ ਪ੍ਰਸ਼ਨ ਕਰਨ ਦੀ ਥਾਂ ਸਿਰਫ਼ ਆਪਣਾ ਪ੍ਰਤਿਕਰਮ ਦੱਸਣਾ ਚਾਹੁੰਦਾ ਹਾਂ। ਕਿੰਨੇ ਸਾਲਾਂ ਤੋਂ ਸੈਮੀਨਾਰ ਸੁਣਦੇ ਆ ਰਹੇ ਹਾਂ, ਮੈਂ ਆਪਣੇ ਨਿੱਜੀ ਤਜਰਬੇ ਤੋਂ ਕਹਿ ਸਕਦਾ ਹਾਂ ਕਿ ਪਹਿਲੀ ਵਾਰ ਹੈ ਜਦੋਂ ਮੇਰੇ ਕੋਲ ਕੋਈ ਸਵਾਲ ਨਹੀਂ। ਮੈਂ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਇਸ ਸੈਸ਼ਨ ਵਿਚ ਮੁੱਖ ਤਿੰਨੋਂ ਚਿੰਤਕਾਂ ਨੇ ਪਰਚੇ ਪੜ੍ਹੇ ਹਨ, ਇਨ੍ਹਾਂ ਨੇ ਸਹੀ ਰੂਪ ਵਿਚ ਅਤੇ ਸਹੀ ਢੰਗ ਦੀ ਵਰਤੋਂ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਹੋ ਜਿਹੀ ਅਪਰੋਚ ਜਿਹੜੀ ਪਿਛਲੇ ਕਈ ਸਾਲਾਂ ਤੋਂ ਸਾਨੂੰ ਤੰਗ ਕਰਦੀ ਆ ਰਹੀ ਹੈ, ਚਾਹੇ ਉਹ ਕਿਸੇ ਪਾਸੇ ਤੋਂ ਵੀ ਹੋਵੇ, ਖੱਬੇ ਔਰ ਸੱਜੇ, ਕਿਸੇ ਪਾਸੇ ਤੋਂ ਵੀ ਹੋ ਸਕਦੀ ਹੈ, ਉਸ ਅਪਰੋਚ ਤੋਂ ਉੱਪਰ ਉਠਦੇ ਹੋਏ ਨਵੀਆਂ ਅੰਤਰ-ਦ੍ਰਿਸ਼ਟੀਆਂ ਜਿਨ੍ਹਾਂ ਦਾ ਨਾਂ ਸ਼ਾਇਦ ਅਜੇ ਰੱਖਿਆ ਜਾਣਾ ਹੋਵੇਗਾ ਤੁਸੀਂ ਸਮਾਜਿਕ ਮਨੋ-ਵਿਸ਼ਲੇਸ਼ਣ ਦੇ ਨਾਲ ਹੀ ਫ਼ਿਲਾਸਫੀ ਜੋੜਦੇ ਹੋਏ ਐਨੀ ਬਰੀਕੀ ਵਿਚ ਜਾ ਕੇ ਇਕੱਲੇ-ਇਕੱਲੇ ਦਾ ਨਾਂ ਮੈਂ ਨਾ ਹੀ ਲਵਾਂ। ਜਿਵੇਂ ਡਾ. ਗੁਰਨਾਮ ਸਿੰਘ ਦੇ ਪੇਪਰ ਵਿਚ ਪ੍ਰੈਕਟੀਕਲ ਦ੍ਰਿਸ਼ਟੀਕੋਣ ਤੋਂ ਇਕ ਵਿਸ਼ੇਸ਼ ਨੁਕਤਾ-ਨਿਗਾਹ ਉਹ ਵੀ ਸਾਡੇ ਸਥਾਪਨਾ ਦਾ ਪਹਿਲੂ ਹੈ। ਸਾਡੀ ਆਪਣੀ ਪਛਾਣ ਨੂੰ ਸਥਾਪਿਤ ਕਰਨ ਲਈ ਕੀਤਾ ਗਿਆ ਉਪਰਾਲਾ ਵੀ ਗੁਰੂ ਦੀ ਬਖ਼ਸ਼ਿਸ਼ ਹੀ ਹੁੰਦੀ ਹੈ। ਸਾਡੇ ਉੱਪਰ ਹੀ ਪਰ ਅਸੀਂ ਅਦ੍ਰਿਸ਼ਟ ਬਖ਼ਸ਼ਿਸ਼ ਤੋਂ ਅਣਗੌਲੇ ਹੁੰਦੇ ਹਾਂ। ਸ਼ੁਕਰ ਹੈ ਕਿ ਇਹ ਗੱਲ ਇਨ੍ਹਾਂ ਪਰਚਿਆਂ ਵਿਚ ਸਾਹਮਣੇ ਆਈ ਹੈ। ਡਾ. ਨਾਜ਼ਰ ਸਿੰਘ ਹੁਰਾਂ ਦੇ ਪੇਪਰ ਦੇ ਸੰਬੰਧ ਵਿਚ ਵੀ ਉਪਰੋਕਤ ਵਾਂਗ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਵੀ ਇਹ ਗੱਲ ਕਹੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਕਹਿਣਾ ਸੀ ਕਹਿ ਦਿੱਤਾ। ਗੁਰੂ ਅਰਜਨ ਦੇਵ ਜੀ ਜਾਂ ਹੋਰ ਗੁਰੂਆਂ ਨੇ ਤਾਂ ਸ਼ਾਇਦ ਉਸਨੂੰ ਰਿਪੀਟ ਹੀ ਕੀਤਾ ਸੀ, ਬਹੁਤੇ ਲੋਕ ਇਸ ਤਰ੍ਹਾਂ ਵੀ ਸੋਚਦੇ ਹਨ ਪਰ ਜਦੋਂ ਅਸੀਂ ਇਸ ਤਰੀਕੇ ਦੀਆਂ ਗੱਲਾਂ ਜਾਂ ਇਸ ਢੰਗ ਨਾਲ ਗੱਲਾਂ ਸੋਚਦੇ ਹਾਂ ਜਾਂ ਕਰਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿਵੇਂ ਚਿੰਤਕ ਪ੍ਰਵਾਹ ਪਹਿਲਾਂ ਤੋਂ ਵੱਧ ਪਾਸਾਰ ਹਾਸਲ ਕਰ ਰਿਹਾ ਹੈ ਤੇ ਨਵੇਂ ਅਰਥ ਵੀ ਪ੍ਰਾਪਤ ਕਰ ਰਿਹਾ ਹੈ। ਡਾ. ਜਗਜੀਤ ਸਿੰਘ ਹੁਰਾਂ ਦੇ ਪਰਚੇ ਲਈ ਮਾਫ਼ ਕਰਨਾ ਮੈਨੂੰ ਕੋਈ ਸ਼ਬਦ ਨਹੀਂ ਲੱਭ ਰਹੇ ਜਿਸ ਤਰੀਕੇ ਨਾਲ ਉਨ੍ਹਾਂ ਨੂੰ ਉਹਦੇ ਬਾਰੇ ਕੁਝ ਵੀ ਕਿਹਾ ਜਾ ਸਕਦਾ ਹੈ, ਜਿੰਨੇ ਵੀ ਵਧੀਆ ਸ਼ਬਦ ਨੇ, ਉਹ ਵਰਤੇ ਜਾ ਸਕਦੇ ਨੇ।

ਧੰਨਵਾਦ।

## ਪ੍ਰੋ. ਹਿੰਮਤ ਸਿੰਘ

ਸਾਰੇ ਪਰਚਿਆਂ ਵਿਚ ਆਹਮੋ-ਸਾਹਮਣੇ ਦੇ ਬਚਨ-ਬਿਲਾਸ ਵਾਲੀ ਸਪੱਸ਼ਟਤਾ ਸੀ। ਗੁਰਨਾਮ ਸਿੰਘ ਨੇ ਆਪਣੇ ਪਰਚੇ ਵਿਚ ਸੰਗੀਤਕਾਰੀ ਦੇ ਵਿਸ਼ੇ ਨੂੰ ਥਾਂ ਦਿੱਤੀ ਹੈ ਅਤੇ ਦੂਜੇ ਵਕਤਾ ਨੇ ਸਾਹਿਤਕਾਰੀ ਨੂੰ। ਇਨ੍ਹਾਂ ਦੋਨਾਂ ਪ੍ਰਤਿ ਇਹ ਪ੍ਰਸ਼ਨ ਹੈ ਕਿ ਸੰਗੀਤਕਾਰੀ ਅਤ

Sri Satguru Jagjit Singh Ji Elibrary NamdhariElibrary@gmail.com

ਸਾਹਿਤਕਾਰੀ ਦੋਨਾਂ ਦਾ ਨਿਰਧਾਰਨ ਧੁਨੀ ਕਰਦੀ ਹੈ ਨਾ ਕਿ ਸ਼ਬਦ, ਇਹ ਧਿਆਨ ਰਖਿਆ ਜਾਵੇ। ਦੂਜੀ ਬੇਨਤੀ ਹੈ ਕਿ ਗੁਰਮਤਿ ਸੰਗੀਤ ਦੇ ਸੰਬੰਧ ਵਿਚ ਜੋ ਸੰਗੀਤਕ ਪ੍ਰਯੋਗ ਗੁਰੂ ਅਰਜਨ ਦੇਵ ਜੀ ਨੇ ਕੀਤੇ ਹਨ, ਉਹ ਸਿਰਫ਼ ਸ਼ਾਸਤਰੀਅਤਾ-ਪ੍ਰਧਾਨ ਵਾਤਾਵਰਨ ਦੀ ਉਪਜ ਨਹੀਂ ਹੈ। ਇਸ ਤੋਂ ਇਲਾਵਾ ਰਾਗ-ਰਹਿਤ ਬਾਣੀ (ਗਾਥਾ, ਚਉਬੋਲੇ) ਅਤੇ ਕਿਸੇ ਹੱਦ ਤੱਕ, ਤੁਖਾਰੀ ਰਾਗ ਆਦਿ ਦੇ ਪਿਛੋਕੜ ਵਿਚ ਗੰਧਾਰ-ਸਿੰਧ ਘਾਟੀ ਦੇ ਸਭਿਆਚਾਰਕ ਪਿਛੋਕੜ ਦਾ ਯੋਗਦਾਨ ਹੈ। ਇਹ ਸਾਡੀ ਉਸ ਸੰਸਕ੍ਰਿਤੀ ਦਾ ਹਿੱਸਾ ਨੇ ਜੋ ਉੱਤਰ-ਆਰੀਆ ਯੁੱਗ ਦੀ ਪ੍ਰਾਪਤੀ ਹਨ। ਗੈਰ-ਆਰੀਆਈ ਸਰੋਤ ਦਾ ਸੰਕੇਤ ਹੀ ਨਹੀਂ ਦਿੰਦੇ ਸਗੋਂ ਇਨ੍ਹਾਂ ਦੇ ਪਿਛੇ ਛੰਦ ਗਾਇਨ ਅਤੇ ਰਾਗਾਤਮਕਤਾ ਦੀ ਵਿਸ਼ੇਸ਼ਤਾ ਵੀ ਹੈ। ਸਾਡੇ ਸਮੂਹਿਕ ਅਵਚੇਤਨ (Collective unconscious) ਵਿਚ ਸਮੂਹਿਕ ਗਾਣ (ਸਮਾਅ) ਅਜੇ ਤੱਕ ਕਸ਼ਮੀਰ ਵਿਚ ਖਾਨਕਾਹਾਂ ਦੇ ਗਾਇਨ ਵਿਚ ਮਿਲਦਾ ਹੈ। 'ਚਉਬੋਲੇ' ਸ਼ਬਦ ਕਬੀਲਿਆਂ ਦੇ ਚੋਗਾਨ ਤੋਂ ਨਿਕਲਿਆ। ਇਹ ਕਬੀਲਾ-ਪ੍ਰਧਾਨ ਸਮੂਹਿਕ ਗਾਣ ਕਨਿਸ਼ਕ, ਸਿਕੰਦਰ ਦੇ ਨੇੜਲੇ ਸਮੇਂ ਦੌਰਾਨ ਕਾਫ਼ੀ ਮਿਕਦਾਰ ਤੱਕ ਚਲਦਾ ਰਿਹਾ। ਕਸ਼ਮੀਰ ਦੇ ਰੂਫ਼ ਅਤੇ ਸਮਾਅ ਵਿਚ ਸੂਫ਼ੀ ਗਾਇਨ ਦਾ ਸਮੂਹਿਕ ਅੰਸ਼ ਮਿਲਦਾ ਹੈ। ਈਰਾਨ ਅਤੇ ਪਿਸ਼ੌਰ ਦੇ ਇਲਾਕੇ ਭਾਵ ਦੱਖਣੀ ਤੇ ਲਹਿੰਦੀ ਪੰਜਾਬੀ ਵਿਚ 'ਚਉ' ਸ਼ਬਦ ਦੀ ਬਣਤਰ 'ਉਚਰ' ਤੋਂ ਬਣੀ ਹੈ, ('ਤੂ ਚਉ ਸਜਣ ਮੈਂਡਿਆ ਡੇਈਂ ਸਿਸ ਉਤਾਰ')।

ਫ਼ਾਰਸੀ ਬੋਲੀਆਂ ਵਿਚ ਪ੍ਰਾਪਤ 'ਗਾਥਾ' ਸ਼ਬਦ ਦਾ ਗੁਰੂ ਗ੍ਰੰਥ ਵਿਚ ਆਏ 'ਗਾਥਾ' ਸ਼ਬਦ ਨਾਲ ਕੋਈ ਲੈਣਾ-ਦੇਣਾ ਨਹੀਂ। 'ਗਾਥਾ' ਜ਼ੈਂਦ ਅਵੇਸਥਾ ਵਿਚ 'ਜ਼ਰਤੁਸ਼ਤ' ਦੇ ਉਚਾਰੇ ਹੋਏ ਐਸੇ ਮੰਤ੍ਰ ਹਨ ਜੋ ਬਹੁਤ ਔਖੇ ਅਤੇ ਪੁਰਾਤਨ ਜਾਂ ਸਮਝ ਤੋਂ ਪਰ੍ਹੇ ਹੋ ਚੁੱਕੇ ਹਨ। ਚੀਨ, ਰੂਸ, ਅਫ਼ਗਾਨਿਸਤਾਨ, ਪਿਸ਼ੌਰ, ਕਾਬਲ ਆਦਿ ਦੇ ਇਲਾਕੇ ਵਿਚ ਆਰੀਆ ਬੋਲੀ 'ਇੰਦਕੋ' ਤੋਂ ਇਲਾਵਾ 'ਤੁਖ਼ਾਰੀ' ਬੋਲੀ ਵੀ ਬੋਲੀ ਜਾਂਦੀ ਸੀ। ਫ਼ਾਰਸੀ ਬੋਲੀ ਦੇ ਇਤਿਹਾਸ ਵਿਚ ਤੁਖ਼ਾਰੀ ਕਬੀਲਿਆਂ, ਤੁਖ਼ਾਰੀ ਬੋਲੀ, ਤੁਖ਼ਾਰੀ ਇਲਾਕੇ, ਤੁਖ਼ਾਰੀ ਰਾਗ ਆਦਿ ਦਾ ਵਿਸ਼ੇਸ਼ ਜ਼ਿਕਰ ਹੈ। ਸਾਨੂੰ ਪੱਛਮੀ ਪੰਜਾਬ ਅਤੇ 'ਕੋਹਕਾਫ਼' ਦੇ ਆਲੇ-ਦੁਆਲੇ ਦੀ ਸੱਭਿਆਚਾਰਕ ਪਛਾਣ ਕਰਨੀ ਚਾਹੀਦੀ ਹੈ। ਸਿਕਲ (ਸਿਕਲੀਗਰ), ਤਸਲਾ, ਤਾਂਬੀਆ ਆਦਿ ਇਹ ਸਾਰੇ ਉਪਰੋਕਤ ਸ਼ਬਦ ਗੈਰ-ਆਰੀਆਈ ਪਿਛੋਕੜ ਤੋਂ ਆਏ ਹਨ ਨਾ ਕਿ ਉਸ ਸੰਸਕ੍ਰਿਤ 'ਚੋਂ ਜਿਹੜੀ ਸਾਡੇ ਬਜ਼ੁਰਗਾਂ ਦੇ ਅਵਚੇਤਨ (ਅਰਧਚੇਤਨ) ਮਨ ਵਿਚ ਕਾਇਮ ਸੀ। ਸਾਡੇ ਲਈ ਕਸ਼ਮੀਰ ਦਾ 'ਸੂਫ਼ੀਆਨਾ' (ਰਬਾਬ-ਫ਼ਕਰੀ) ਸੰਗੀਤ ਜਾਣਨਾ ਬੜਾ ਜ਼ਰੂਰੀ ਹੈ। ਕਸ਼ਮੀਰ ਦੇ ਲੋਕ ਅਜੇ ਤੱਕ 'ਰਬਾਬ' ਵਰਤਦੇ ਹਨ ਅਤੇ ਉਨ੍ਹਾਂ ਦਾ 'ਰਬਾਬ' ਟੁਣਕੇ ਅਤੇ ਤੰਦ ਵਾਲੇ ਜਾਂ ਗਜ ਵਾਲੇ ਰੂਪਾਂ ਵਿਚ ਕਾਇਮ ਹੈ। ਟੁਣਕੇ ਵਾਲਾ 'ਰਬਾਬ' ਕਦੋਂ-ਕਦੋਂ ਪੰਜਾਬ ਵਿਚ ਕਾਇਮ ਰਿਹਾ? ਭਾਈ ਮਰਦਾਨੇ ਦਾ ਰਬਾਬ ਟੁਣਕੇ ਵਾਲਾ ਸੀ, ਜਾਂ ਗਜ਼ ਵਾਲਾ? ਸਾਰੰਗੀ ਵਾਲਾ? ਸਾਰੰਗੀ-ਸਰੰਦੇ ਦਾ ਕੀ ਮੇਲ ਸੀ? ਸਾਨੂੰ ਇਸ ਪਾਸੇ ਖੋਜਣ ਦੀ ਬੜੀ ਲੋੜ ਹੈ। ਗਾਇਕ ਵੱਲੋਂ ਆਪਣੀ ਲੋਕ-ਧੁਨਿ ਨਾਲ ਮਿਲ ਕੇ, ਹੇਕ ਲਾ ਕੇ, ਗਾਉਣਾ (ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ) ਹੁਣ ਪ੍ਰਾਪਤ ਨਹੀਂ। 'ਗੀਰਿ' ਗਾਇਨ ਦੀ ਇਹ ਹੇਕ ਹੁਣ ਖਤਮ ਹੋ ਚੁੱਕੀ ਹੈ। ਪੱਛਮੀ ਪੰਜਾਬ ਦੀ ਇਹ 'ਹੇਕ'

Sri Satguru Jagjit Singh Ji Elibrary NamdhariElibrary@gmail.com

ਭਾਰਤੀ ਸੰਗੀਤ ਵਿਚ ਹੈ ਨਹੀਂ ਪਰ 'ਕੱਵਾਲੀ' ਵਿਚ ਕਾਇਮ ਹੈ। ਪੱਛਮੀ ਪੰਜਾਬ ਦਾ ਸੰਗੀਤ ਅਤੇ ਈਰਾਨ ਵਿਚਕਾਰਲਾ ਸੰਗੀਤ 'ਹੇਕ-ਪ੍ਰਧਾਨ', ਸੰਗਤਿ-ਗਾਇਨ-ਪ੍ਰਧਾਨ (ਸਮਾਅ) ਹੈ। ਸਾਨੂੰ ਇਸ ਪਾਸੇ ਖੋਜ ਕਰਨ ਦੀ ਬੜੀ ਲੋੜ ਹੈ। ਦੋਵੇਂ ਖੋਜ-ਪਰਚਿਆਂ ਦੀ ਕੋਸ਼ਿਸ਼ ਬਹੁਤ ਹੱਦ ਤੱਕ ਠੀਕ ਸੀ ਕਿ ਇਹ ਪਰਚੇ ਸਪੱਸ਼ਟ ਤੇ ਬੇਬਾਕ ਸਨ।

ਦੂਜਾ ਪ੍ਰਸ਼ਨ : ਲਗਭਗ ਸਾਰੇ ਹੀ ਵਕਤਾ ਇਸ ਗੱਲ ਨੂੰ ਦੁਹਰਾ ਰਹੇ ਹਨ ਕਿ ਗੁਰੂ ਅਰਜਨ ਦੇਵ ਜੀ (ਗੁਰੂ ਗੋਬਿੰਦ ਸਿੰਘ ਜੀ) ਵੱਲੋਂ ਸੰਕਲਨ, ਸੰਪਾਦਿਤ ਕੀਤੇ 'ਗੁਰੂ ਗ੍ਰੰਥ' ਸਾਹਿਬ ਦੀ ਬਾਣੀ 'ਅੱਖਰ' ਭਾਵ 'ਸ' (ਸਤਿਨਾਮ) ਤੋਂ ਸ਼ੁਰੂ ਹੋ ਕੇ 'ਸ' (ਦਸਖ਼ੀਸ) ਉੱਪਰ ਮੁੱਕਦੀ ਹੈ। ਪਰ ਮੇਰਾ ਮੰਨਣਾ ਹੈ ਕਿ ਆਦਿ ਗ੍ਰੰਥ ਅੰਕੜੇ (ੴ) ਤੋਂ ਅਰੰਭ ਹੋ ਕੇ ਅੰਕੜੇ ੧॥੧, ਪੰਨਾ 1430) ਉੱਪਰ ਸੰਪੰਨ ਹੁੰਦੇ ਹਨ। ਅੰਕੜਾ 'ਬੀਜਮੰਤ੍ਰ' ਅਤੇ ਛੰਦ-ਗਣਨਾ ਦਾ ਸੰਕੇਤ ਕਰਦਾ ਹੈ। ਅੰਕੜਾ/ਅੰਕੜਿਆਂ ਦੇ ਅੰਦਰ ਅਤਿਅੰਤ ਲੋੜੀਂਦਾ ਵਿਗਿਆਨਕ ਵੇਰਵਾ ਸਮੋਇਆ ਪਿਆ ਹੈ। ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਇੰਨੀ ਵੱਡੀ ਸੂਝ ਤੋਂ ਕੰਮ ਲਿਆ ਗਿਆ ਹੈ; ਜਿਵੇਂ ਕਿ 'ਸਲੋਕ ਸਹਸਕ੍ਰਿਤੀ' ਅਤੇ ਭੱਟਾਂ ਦੇ ਸਵੱਈਆਂ ਬਾਰੇ ਜਾਣਕਾਰੀ ਸਿਰਫ਼ ਅੰਕੜਿਆਂ ਨੂੰ ਹੀ ਧਿਆਨ ਵਿਚ ਰੱਖਕੇ ਪ੍ਰਾਪਤ ਹੋ ਸਕਦੀ ਹੈ। ਗਣਿਤਾਤਮਿਕ ਨਿਯਾਯਪੁਣੇ (Mathematical Logic) ਦਾ ਅਰੰਭ ਤਾਂ ਗੁਰੂ ਨਾਨਕ ਦੇ ੴ (ਏਕੰਕਾਰ-ਓਅੰਕਾਰ) ਨੇ ਹੀ ਕਰ ਦਿੱਤਾ ਸੀ। ਦੁਨੀਆਂ ਦੇ ਕਿਸੇ ਵੀ ਧਰਮ-ਮੰਤ੍ਰ ਜਾਂ ਧਰਮ-ਗ੍ਰੰਥ ਦਾ ਅਰੰਭਿਕ ਬੋਲ ਗਣਿਤਨੁਮਾ ਨਹੀਂ ਬਲਕਿ ਪੈਂਤੀ ਅੱਖਰੀ (ਜਾਂ ਅੱਖਰ ਨੁਮਾ) ਦੇ ਅੱਖਰਾਂ ਉੱਪਰ ਆਧਾਰਿਤ ਹੈ। ਅਕਾਲੀ ਕੌਰ ਸਿੰਘ, ਭਾਈ ਗੁਰਦਾਸ ਦੇ ਕਹੇ 'ਏਕਾ ਏਕੰਕਾਰੁ ਲਿਖਿ ਦਿਖਾਲਿਆ। ਊੜਾ ਓਅੰਕਾਰੁ ਪਾਸਿ ਬਹਾਲਿਆ' ਅਨੁਸਾਰ ਹੀ ਉਚਾਰਨ 'ਏਕੰਕਾਰ, ਓਅੰਕਾਰ ਸਤਿਨਾਮ'.... ਕਰਿਆ ਕਰਦੇ ਸਨ। ਕਿਉਂ? ਕਿਉਂਕਿ ਉਨ੍ਹਾਂ ਨੂੰ ਬੀਜ-ਮੰਤ੍ਰ ਤੋਂ ਫੁੱਲ-ਫੱਲ ਉਗਾਉਣ ਦਾ ਸਹਿਜ-ਸੁਭਾਈ 'ਵੱਲ' ਗੁਰੂ-ਪਿਤਾ ਨੇ ਪ੍ਰਦਾਨ ਕੀਤਾ ਹੋਇਆ ਸੀ, ਜੋ ਸ਼ੁਨਯ 'ਪਹਿਲਾ ਮਰਣੁ ਕਬੂਲਿ....' ਵਿਚ ਜਾਂਦੇ ਹੋਇਆਂ ਪ੍ਰਾਪਤ ਹੋ ਜਾਂਦਾ ਹੈ। ਸ਼ਬਦ-ਸੁਰਤਿ-ਲਿਵ ਵੱਲ ਮੋੜਨ ਦੀ ਲੋੜ ਹੈ ਸਾਨੂੰ। 'ਅਨੁਭਵੀ' ਹੋਣਾ ਗਿਆਨ ਦੀ ਸਭ ਤੋਂ ਉੱਚੀ ਪ੍ਰਾਪਤੀ ਹੈ।

## ਡਾ. ਸਰਬਜਿੰਦਰ ਸਿੰਘ

ਮੇਰਾ ਪ੍ਰਸ਼ਨ ਪ੍ਰਧਾਨ ਜੀ (ਡਾ. ਬਲਕਾਰ ਸਿੰਘ) ਲਈ ਹੈ। ਇਕ ਵਾਰੀ ਮੈਂ ਡਾ. ਵਜ਼ੀਰ ਸਿੰਘ ਹੁਰਾਂ ਨੂੰ ਕੋਈ ਪ੍ਰਸ਼ਨ ਪੁੱਛ ਬੈਠਾ ਸੀ, ਨਤੀਜੇ ਵਜੋਂ ਮੁੜ ਕੇ ਮੈਨੂੰ ਇੰਟਰਵਿਊ ਵਿਚ ਰਹਾਉ, ਰਹਿਰਾਸ ਦੇ ਵਿਚ ਕਿੰਨੀ ਵਾਰ ਆਇਆ ਹੈ, ਦਾ ਉੱਤਰ ਦੇਣਾ ਪਿਆ ਸੀ। ਦੋ ਬਜ਼ੁਰਗਾਂ ਤੋਂ ਡਰ ਲੱਗਦਾ ਹੈ। ਮੈਨੂੰ ਪਿਛਲੇ ਲੰਮੇ ਸਮੇਂ ਤੋਂ ਉਪਰੋਕਤ ਗੱਲ ਤੰਗ ਕਰ ਰਹੀ ਹੈ। ਡਾ. ਹਿੰਮਤ ਸਿੰਘ ਨਾਦ-ਅਲਹਾਮ ਦੀ ਗੱਲ ਕਹਿ ਗਏ ਹਨ ਕਿ ਗੁਰੂ ਗ੍ਰੰਥ ਸਾਹਿਬ ਰੀਵੀਲਡ ਅਕਾਸ਼ੀ ਬਾਣੀ ਹੈ। ਕੋਈ ਸ਼ੱਕ ਨਹੀਂ ਇਹਦੇ ਵਿਚ, ਪਰ ਇਕ ਗੱਲ ਜਿਹੜੀ ਵਾਰ-ਵਾਰ ਤੰਗ ਕਰਦੀ ਹੈ, ਉਹ ਇਹ ਹੈ ਕਿ ਜੇਕਰ ਆਪਾਂ ਇਹ ਕਹਿ ਲਈਏ ਕਿ ਇਹ ਗੁਰੂ ਨਾਨਕ ਦੇਵ ਜੀ

Sri Satguru Jagjit Singh Ji Elibrary NamdhariElibrary@gmail.com

ਦੇ ਸ਼ਬਦ ਹਨ ਜਾਂ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਹਨ ਇਉਂ ਕਹਿਣ ਨਾਲ ਕੋਈ ਵਿਚਾਰਕ ਫ਼ਰਕ ਪੈਂਦਾ ਹੈ। ਇਹ ਪ੍ਰਸ਼ਨ ਮੇਰਾ ਡਾ. ਬਲਕਾਰ ਸਿੰਘ ਪ੍ਰਤਿ ਵੀ ਹੈ।

ਧੰਨਵਾਦ।

## ਪ੍ਰੋ. ਕੁਲਵੰਤ ਸਿੰਘ ਗਰੇਵਾਲ

ਜਿਹੜੀਆਂ ਗੱਲਾਂ ਮੈਂ ਕਰਨੀਆਂ ਹਨ ਉਹ ਇਹ ਹਨ ਕਿ ਡਾ. ਗੁਰਨਾਮ ਕੌਰ ਵੀ ਕਹਿ ਗਏ ਨੇ ਕਿ ਸਿੱਖ ਪਰੰਪਰਾ ਵਿਚ ਕੁਝ ਡੇਰੇ ਹੈਗੇ ਨੇ ਜੋ ਕਿ ਚਿੰਤਨ ਦੇ ਵਿਸ਼ੇਸ਼ ਨੁਕਤੇ ਵੀ ਹਨ; ਅਲੱਗ-ਅਲੱਗ ਉਹਦੀਆਂ ਵਿਆਖਿਆਵਾਂ ਵੀ ਹਨ, ਜਿਵੇਂ ਨਿਰਮਲੇ ਪੱਧਤੀ, ਉਦਾਸੀ ਪੱਧਤੀ ਆਦਿ। ਇਸ ਤੋਂ ਇਲਾਵਾ ਜਿਹੜੀ ਸ਼ੁੱਧ ਸਿੱਖ ਪਰੰਪਰਾ ਹੈ ਉਹਦੇ ਵਿਚ ਜਿਹੜੀ 'ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥ ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥' ਇਹਨਾਂ ਸ਼ਬਦਾਂ ਦੀ ਬਣਤਰ ਪਰਕਰਨ (ਭਾਵ ਮਾਡਲ ਬੋਲੀ) ਉਨ੍ਹਾਂ ਨੂੰ ਵੀ ਆਪਾਂ ਦੁਬਾਰਾ ਵਾਰਣ ਦੀ ਕੋਸ਼ਿਸ਼ ਕਰੀਏ ਕਿਉਂਕਿ ਤੁਸੀਂ ਵੀ ਵਾਰਨ ਦੀ ਕੋਸ਼ਿਸ਼ ਕੀਤੀ ਹੈ। 'ਗੁਰਦੇਵ ਮਾਤਾ ਗੁਰਦੇਵ ਪਿਤਾ' ਵਾਕ-ਮੁਹਾਵਰੇ ਦੀ ਬਣਤਰ ਸਾਰੇ ਜਾਣਦੇ ਹਨ, ਜਿਨ੍ਹਾਂ ਨੂੰ ਸੰਸਕ੍ਰਿਤ ਦਾ ਅਧਿਐਨ ਹੈ। ਸਨਾਤਨੀ ਮੁਹਾਵਰੇ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਇਕ ਵੱਖਰੀ ਵਿਚਾਰ ਲਹਿਰ ਵੀ ਪੈਦਾ ਕੀਤੀ ਹੈ। ਉਹ ਇਹ ਕਿ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕੁ ਹੋਸੀ ਭੀ ਸਚੁ।' ਭਾਈ ਵੀਰ ਸਿੰਘ ਤੋਂ ਤੁਰੀ ਹੋਈ ਵਿਆਖਿਆ ਨੂੰ ਮੈਂ ਸਹੀ ਤੇ ਸਿੱਖ-ਵਿਆਖਿਆ ਸਮਝਦਾ ਹਾਂ। ਨਾ ਪਹਿਲੇ ਗੁਰੂ ਨੂੰ ਨਮਹ ਹੈ ਨਾ ਦੂਸਰੇ ਨੂੰ ਨਾ ਤੀਸਰੇ ਨੂੰ। ਮੇਰਾ ਜਿਥੋਂ ਤੱਕ ਵਿਚਾਰ ਹੈ, ਇਹ ਸਿਰਫ਼ ਅਕਾਲ ਪੁਰਖ ਨਮਹ ਹੈ। ਜਿਵੇਂ ਸੁਖਮਨੀ ਸਾਹਿਬ ਦਾ ਆਦਿ ਦਾ ਸਲੋਕ ਅਧਿਆਤਮਿਕ ਸ਼ੈਲੀ ਦਾ ਵਿਲੱਖਣ ਪ੍ਰਯੋਗ ਹੈ। ਦੂਸਰੀ ਗੱਲ ਜਿਹੜੀ ਡਾ. ਜਗਜੀਤ ਸਿੰਘ ਕਰ ਰਹੇ ਹਨ, ਉਹ ਉਨ੍ਹਾਂ ਨੇ ਗੁਰਬਾਣੀ ਅਧਿਐਨ ਦੀਆਂ ਸਮਾਜ ਸ਼ਾਸਤਰੀ ਜਾਂ ਰਾਜਨੀਤਿਕ ਜਾਂ ਪ੍ਰਕ੍ਰਿਆਤਮਿਕ ਟਕਸਾਲ ਬਾਰੇ ਮਨੋਰਥਾਤਮਕ ਟਿਪਣੀ ਕੀਤੀ ਹੈ, ਮੈਂ ਇਹ ਬੇਨਤੀ ਕਰਾਂਗਾ ਕਿ ਗੁਰਬਾਣੀ ਪ੍ਰਤਿ ਇਹ ਨਤੀਜਾ ਤਾਂ ਅਸੀਂ ਕੱਢ ਲਿਆ ਹੈ। ਆਪਣੇ ਪੇਪਰ ਦੇ ਮੁੱਖ ਵਿਸ਼ੇ ਅਨੁਸਾਰ ਹੀ ਤੁਸੀਂ ਅੱਗੇ ਵਧੇ ਹੋ ਪਰ ਤੁਸਾਂ ਨੇ ਪੂਰਾ ਜ਼ੋਰ ਲਾਇਆ ਹੈ ਕਿ ਇਹ ਤਿੰਨੋਂ ਹੀ ਜਿਹੜੀਆਂ ਪ੍ਰਕ੍ਰਿਆਤਮਿਕ ਵਿਧੀਆਂ ਰਾਹੀਂ ਜਾਂ ਪ੍ਰਤਿਧੁਨੀਆਂ ਨੇ, ਉਨ੍ਹਾਂ ਦੀ ਗੱਲ ਕਰਦਿਆਂ-ਕਰਦਿਆਂ ਜਿਹੜਾ ਸਭ ਤੋਂ ਵੱਧ ਤੁਹਾਡਾ ਵਧੀਆ ਪੁਆਇੰਟ ਹੈ (ਉਹ ਇਹ ਹੈ ਕਿ) ਤੁਸੀਂ ਬਾਣੀ ਨੂੰ ਕੇਵਲ ਤੇ ਕੇਵਲ ਬਾਣੀ ਦੇ ਪ੍ਰਕਰਨ ਵਿਚ ਟਿਕਾਇਆ ਹੈ। ਸਾਡੇ ਸਭਿਆਚਾਰਕ ਅਵਚੇਤਨ ਦਾ ਆਧਾਰ ਗੁਰਬਾਣੀ ਨੂੰ ਬਣਾਇਆ ਹੈ। ਇਸ ਗੱਲ ਦੀ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ। ਮੈਨੂੰ ਬਹੁਤ ਚੰਗਾ ਲੱਗਿਆ ਹੈ। ਅਖੀਰ ਤੇ ਡਾ. ਨਾਜਰ ਸਿੰਘ ਹੁਰਾਂ ਦੇ ਪਰਚੇ ਬਾਰੇ ਉਨ੍ਹਾਂ ਨਾਲ ਮੈਂ ਇਕ ਹੋਰ ਵੀ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਸ਼ਬਦ ਨੇ ਇਹ ਲੱਖਾਂ ਵਰ੍ਹਿਆਂ ਤੋਂ ਇਸ ਵਾਤਾਵਰਨ ਵਿਚ ਉਭਰਦੇ ਆਏ ਹਨ ਤੇ ਇਹਨਾਂ ਦੀਆਂ ਜਿਹੜੀਆਂ ਭਿੰਨ-ਭਿੰਨ ਵਿਚਾਰ-ਧੁਨੀਆਂ ਹਨ ਉਹ

Sri Satguru Jagjit Singh Ji Elibrary NamdhariElibrary@gmail.com

ਸੰਗੀਤਾਤਮਕ, ਮਿਊਜ਼ੀਕਲ, ਦਾਰਸ਼ਨਿਕ ਅਤੇ ਸ਼ਬਦਾਰਥ ਹਨ। ਇਹ ਸਾਰੇ ਦਾ ਸਾਰਾ ਚਿੰਤਕ ਕਵੀ-ਪਾਸਾਰਾਂ ਵਿਚ ਉਤਰਦਾ-ਉਤਰਦਾ ਕਿਸੇ ਵਿਸ਼ੇਸ਼ ਨੁਕਤੇ ਉੱਤੇ ਪਹੁੰਚ ਕੇ ਪ੍ਰਕਾਸ਼ ਰੂਪ ਵਿਚ ਉਤਰ ਆਉਂਦਾ ਹੈ। ਗੁਰਬਾਣੀ ਦੀ ਜਿਹੜੀ ਸ਼ਬਦਾਵਲੀ ਹੈ ਜਾਂ ਸ਼ਬਦਾਰਥ ਹੈ ਉਹਦੇ ਉੱਤੇ ਅਜੇ ਤੱਕ ਕੋਈ ਪੁਨਰ-ਉਸਾਰੀ ਵਾਲਾ ਉਪਰਾਲਾ ਸਾਹਮਣੇ ਨਹੀਂ ਆਇਆ। ਉਸ ਬਾਰੇ ਮੈਂ ਗੁਰਬਖਸ਼ ਸਿੰਘ ਹੁਰਾਂ ਨੂੰ ਖ਼ਾਸ ਤੌਰ ਉੱਤੇ ਮੁਖ਼ਾਤਬ ਹਾਂ ਕਿਉਂਕਿ ਇਹ ਇਸ ਕਾਰਜ ਵਿਚ ਲੱਗੇ ਰਹਿੰਦੇ ਹਨ। ਇਸ ਵਿਧੀ ਨੂੰ ਜਦੋਂ ਤੁਸੀਂ ਅਗਾਂਹ ਤੋਰੋਗੇ ਤਾਂ ਲੱਗੇਗਾ ਕਿ ਗੁਰੂਆਂ ਨੇ ਕਿਸੇ ਵੱਡੇ ਪਾਸਾਰੇ ਵਾਲਾ ਚਿੰਤਨ ਸਾਨੂੰ ਪ੍ਰਦਾਨ ਕੀਤਾ ਹੈ ਬਾਕੀ ਰਹੀ ਗੱਲ ਡਾ. ਗੁਰਨਾਮ ਸਿੰਘ ਹੁਰਾਂ ਦੀ, ਮੈਂ ਚਾਹੁੰਦਾ ਤਾਂ ਸੀ ਕਿ ਕੁਝ ਸ਼ੈਲੀਆਂ ਸਾਨੂੰ ਇਹ ਗਾਇਨ ਦੇ ਰੂਪ ਵਿਚ ਵੀ ਪ੍ਰਸਤੁਤ ਕਰਕੇ ਦਸਦੇ ਪਰ ਸਮੇਂ ਦੀ ਸੀਮਾ ਵਿਚ ਰਹਿ ਕੇ ਇਨ੍ਹਾਂ ਨੇ ਆਪਣਾ ਪੇਪਰ ਪ੍ਰਸਤੁਤ ਕੀਤਾ ਹੈ ਇਹ ਵਧਾਈ ਦੇ ਪਾਤਰ ਹਨ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

## ਖੋਜ-ਪੱਤਰ ਲੇਖਕਾਂ ਵੱਲੋਂ ਸਪੱਸ਼ਟੀਕਰਨ

## ਪ੍ਰੋ. ਨਾਜਰ ਸਿੰਘ

ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਸਾਰਿਆਂ ਦਾ, ਜਿਨ੍ਹਾਂ ਨੇ ਪ੍ਰਸ਼ਨ ਵੀ ਪੁੱਛੇ ਤੇ ਸੁਝਾਅ ਵੀ ਦਿੱਤੇ ਅਤੇ ਆਪਣੀ ਟਿੱਪਣੀ ਵੀ ਕੀਤੀ ਹੈ। ਮੈਡਮ ਗੁਰਨਾਮ ਕੌਰ ਹੁਰਾਂ ਨੇ ਦੋ ਤਿੰਨ ਛੋਟੇ-ਛੋਟੇ ਨੁਕਤੇ ਤੇ ਖੁਦ ਪ੍ਰਸ਼ਨ ਉਠਾਏ ਹਨ। ਪਹਿਲਾ ਨੁਕਤਾ ਉਨ੍ਹਾਂ ਨੇ ਇਸ ਸਪੱਸ਼ਟਤਾ ਬਾਰੇ ਪੁਛਿਆ ਹੈ ਕਿ ਮੈਂ ਕਿਸ ਆਧਾਰ 'ਤੇ ਕਹਿ ਰਿਹਾ ਹਾਂ ਕਿ ਜਿਹੜੇ ਸ਼ਬਦ ਸਲੋਕ ਦੇ ਹਨ, ਗੁਰੂ ਦੇ ਨਾਲ ਜਾਂ ਪਰਸਨ ਦੇ ਨਾਲ ਸੰਬੰਧਿਤ ਹਨ। ਇਹਨਾਂ ਬਾਰੇ ਜਦ ਮੈਂ ਮੈਕਾਲਿਫ਼ ਦਾ ਗੁਰਬਾਣੀ ਅਨੁਵਾਦ ਪੜ੍ਹਿਆ ਤਦ ਪਤਾ ਲੱਗਾ ਕਿ ਉਹ ਇਸੇ ਹੀ ਦ੍ਰਿਸ਼ਟੀਕੋਣ ਨੂੰ ਪ੍ਰਗਟ ਕਰਦਾ ਹੈ ਤੇ ਜਦੋਂ ਮੈਂ ਮੌਲਿਕ ਗੁਰਬਾਣੀ ਪੜ੍ਹੀ ਤੇ (ਜਿਹੜਾ ਤਾਂ ਮੈਕਾਲਿਫ਼ ਵੱਲੋਂ ਕਹੀ ਗੱਲ ਜਾਨਣਾ ਚਾਹੀ) ਤਾਂ (ਗੁਰਬਾਣੀ ਦੇ ਟੀਕੇ ਵਿਚ) ਉਹ ਕੁਝ ਹੀ ਮਿਥਿਆ ਗਿਆ ਸੀ। ਸੋ ਇਹ ਦੋ ਸਰੋਤ ਮੈਂ ਵਰਤੇ ਹਨ। ਮੇਰਾ ਦ੍ਰਿਸ਼ਟੀਕੋਣ ਠੀਕ ਨਹੀਂ ਤਾਂ ਮੈਂ ਜਿਥੋਂ ਤੱਕ ਪ੍ਰਭੂ ਦਾ ਤੇ ਸਾਧ ਦਾ ਵਿਚਾਰ ਹੈ, ਉਹ ਮੈਂ ਪੜ੍ਹਿਆ ਵੀ ਸੀ ਤੇ ਮੈਨੂੰ ਲੱਗਦਾ ਹੈ, ਜਿਹੜੀ ਅਖੀਰਲੀ ਅਸ਼ਟਪਦੀ ਹੈ, ਸੁਖਮਨੀ ਸਾਹਿਬ ਦੀ 'ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥' ਇਹ ਗੱਲ ਸਪੱਸ਼ਟ ਕਰਦੀ ਹੈ ਇੱਥੇ ਮੈਂ ਕਿਹਾ ਸੀ ਕਿ ਜਿਹੜਾ ਸੰਬੰਧ ਪ੍ਰਭੂ ਤੇ ਸਾਧ ਦਾ ਹੈ, ਉਹੀ ਗੁਰੂ ਅਤੇ ਸਿੱਖ ਦਾ ਹੈ। ਸਵਾਲ ਇਕ ਤਾਂ ਇਹ ਸੀ ਕਿ ਜਿਥੋਂ ਤੱਕ ਇਸਲਾਮ ਦਾ ਪ੍ਰਸ਼ਨ ਹੈ ਉਸ ਸੰਬੰਧੀ ਨੁਕਤਾ ਬਿਲਕੁਲ ਠੀਕ ਹੈ। ਮੈਂ ਇਤਿਹਾਸ ਦਾ ਖੋਜੀ ਹਾਂ ਇਸ ਲਈ ਮੇਰੇ ਲਈ ਇਹ ਗੱਲ ਬਹੁਤ ਹੀ ਗੰਭੀਰ ਹੈ। ਪਰ ਪ੍ਰਭੂ ਛੋਟੀ g ਨਾਲ ਜਾਂ ਬੜੀ G ਨਾਲ ਸ਼ੁਰੂ ਨਹੀਂ ਹੋ ਸਕਦਾ। ਵੈਸੇ ਵੀ ਜਿਥੋਂ ਤੱਕ ਮੇਰੀ Knowledge ਹੈ, ਸਾਖੀ ਪਰੰਪਰਾ, ਜਨਮ ਸਾਖੀ ਪਰੰਪਰਾ ਉਹਨੂੰ ਵੀ ਜੇ ਆਪਾਂ ਵਾਚੀਏ, ਜੇ ਉਥੋਂ ਵੀ ਆਪਾਂ ਗੱਲ ਸ਼ੁਰੂ ਕਰ ਲਈਏ ਤਾਂ ਗੁਰੂ ਨਾਨਕ ਸਾਹਿਬ ਦੀਆਂ ਆਪਣੀਆਂ ਹੀ ਵਾਰਾਂ ਦੇ ਵਿਚ ਇਸ ਗੱਲ ਦੇ ਸੰਕੇਤ ਸਾਨੂੰ ਮਿਲ ਜਾਂਦੇ ਹਨ ਜਿਥੇ ਉਹ ਆਪਣੇ ਮਿਸ਼ਨ ਅਤੇ ਕਮਿਸ਼ਨ ਦੀ ਗੱਲ ਕਰ ਰਹੇ ਹਨ। ਸ਼ਾਇਦ ਮਾਝ ਦੀ ਵਾਰ ਹੈ ਜਾਂ ਕੁਝ ਹੋਰ ਮੈਨੂੰ ਹੁਣ ਯਾਦ ਨਹੀਂ ਹੈ। ਜਿਥੇ ਉਹ ਕਹਿੰਦੇ ਹਨ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਬੁਲਾਇਆ ਤੇ ਬੁਲਾ ਕੇ ਉਹਨਾਂ ਨੂੰ ਨਾਮ ਦੀ ਬਖ਼ਸ਼ਿਸ਼ ਕੀਤੀ। ਸੋ ਇਸ ਕਿਸਮ ਦੇ ਜਿਹੜੇ ਸੰਕਲਪ ਵਿਚਾਰ ਹਨ ਉਹਦੇ ਵਿਚੋਂ ਇਸ਼ਾਰੇ ਮਾਤਰ ਹੀ ਉਹ ਸਾਡੇ ਲਈ, ਹਿਸਟਰੀ ਵਾਲਿਆਂ ਲਈ, ਥੋੜ੍ਹੀ ਜਿਹੀ ਸੁਵਿਧਾ ਬਣ ਜਾਂਦੀ ਹੈ ਤੇ ਆਸਾਨ ਨੁਕਤਾ ਪ੍ਰਾਪਤ ਹੋ ਜਾਂਦਾ ਹੈ। ਇਸ ਗੱਲ ਨਾਲ ਮੈਂ ਤੁਹਾਡੇ ਨਾਲ ਸੌ ਪ੍ਰਤੀਸ਼ਤ ਸਹਿਮਤ ਹਾਂ ਕਿ ਆਪਾਂ ਗੁਰਬਾਣੀ ਨੂੰ ਇਤਿਹਾਸ ਮੂਲਕ ਵਧੇਰੇ ਕਰਕੇ ਬਣਾ ਦਿੰਦੇ ਹਾਂ ਜਿਸ ਕਰਕੇ ਮਿੱਥ ਦੀ ਉਪਜ ਹੁੰਦੀ ਹੈ ਜਾਂ ਫਿਰ ਇਹ ਰਾਜਨੀਤੀ ਬਣ ਜਾਂਦੀ ਹੈ। ਸੋ ਹਿਸਟਰੀ ਤੋਂ ਬਚਣ ਦੀ ਜ਼ਰੂਰਤ ਹੈ, ਮੈਂ ਸ਼ੁਰੂ ਤੋਂ ਡਰਦਾ ਸੀ ਕਿ ਗੁਰਬਾਣੀ ਉੱਪਰ ਵਿਚਾਰ ਕਰਦਿਆਂ ਇਤਿਹਾਸ ਵੱਲ ਨਹੀਂ ਆਵਾਂਗਾ।

Sri Satguru Jagjit Singh Ji Elibrary NamdhariElibrary@gmail.com

# ਪ੍ਰੋ. ਗੁਰਨਾਮ ਸਿੰਘ

ਧੁਨੀ ਤੇ ਨਾਦ ਬਾਰੇ ਤਾਂ ਕਿਸੇ ਨੂੰ ਸ਼ੰਕਾ ਹੀ ਨਹੀਂ ਸੀ। ਹਿੰਮਤ ਸਿੰਘ ਜੀ ! ਤੁਸੀਂ ਸਾਨੂੰ ਕਸ਼ਮੀਰ ਜਦੋਂ ਲੈ ਕੇ ਜਾਓਗੇ ਤਾਂ ਮੈਂ ਜ਼ਰੂਰ ਕਸ਼ਮੀਰੀ ਸੰਗੀਤ ਦੀਆਂ ਹੇਕਾਂ ਸੁਣਾਂਗਾ। ਉਮੀਦ ਹੈ ਕਿ ਮੈਨੂੰ ਜਲਦੀ ਕਸ਼ਮੀਰ ਦੇ ਦਰਸ਼ਨ ਕਰਾਓਗੇ। ਦਸਮ ਗ੍ਰੰਥ ਦੇ ਵਿਵਾਦ ਤੋਂ ਮੁਕਤ ਕੀਰਤਨ ਦੇ ਨਾਲ ਦੂਸਰਾ ਸੰਗੀਤਕਾਰ ਵੀ ਕੀਰਤਨ ਤੇ ਕੀਰਤਨਕਾਰ ਸੀ। ਇਹ ਸ਼ਬਦ ਦੇ ਅੰਕਾਂ ਦੀ ਤੁਸੀਂ ਗੱਲ ਕੀਤੀ ਸੀ ਤਾਂ ਅੰਕਾਂ ਦਾ ਸਾਡੇ ਗਾਇਨ ਦੇ ਲਈ ਸ਼ਬਦ ਕੀਰਤਨ ਵਿਧਾਨ ਦੇ ਲਈ ਵੀ ਬੜਾ ਮਹੱਤਵ ਹੈ, ਉਹਨੂੰ ਵੀ ਆਪਣੀ ਖੋਜ ਵਿਚ ਕਿਤੇ ਹਿੱਸਾ ਬਣਾ ਲੈਣਾ। ਉਸ ਤੋਂ ਅਗਲੀ ਗੱਲ ਮੈਂ ਆਪਣੇ ਵੀਰ ਨਾਜਰ ਸਿੰਘ ਲਈ ਕਹਿ ਰਿਹਾ ਹਾਂ ਕਿ ਪਹਿਲਾ ਜਾਂ ਦੂਸਰਾ Sentence ਹੈ ਉਹਦੇ ਵਿਚ ਮੇਰੇ ਖਿਆਲ ਟਾਈਪਿੰਗ ਦੀ ਗਲਤੀ ਲੱਗਦੀ ਹੈ ਗਉੜੀ ਰਾਗ ਹੋਣਾ ਹੈ। ਤੁਸੀਂ ਗਉੜੀ ਤਾਲ ਲਿਖਿਆ ਹੈ ਇਹਨੂੰ ਜ਼ਰੂਰ ਠੀਕ ਕਰ ਲੈਣਾ ਕਿਤੇ ਗਲਤ ਨਾ ਛਪ ਜਾਵੇ।

ਮਹਿਤਾ ਸਾਹਿਬ ਨੇ ਬਹੁਤ ਹੀ ਮੇਰੇ ਤੇ ਕਿਰਪਾ ਕੀਤੀ ਹੈ। ਇਸ ਸੰਬੰਧੀ ਸੁਆਲ ਕੀਤੇ ਤੇ ਮੈਂ ਆਪਣੇ ਪੇਪਰ ਵਿਚ ਜਿਹੜਾ ਆਗਾਜ਼ ਕੀਤਾ ਸੀ ਉਹ ਸੰਗੀਤ ਪੱਧਤੀ ਤੋਂ ਸ਼ੁਰੂ ਕੀਤਾ ਸੀ ਔਰ ਬੜੇ ਵਿਸਥਾਰ ਨਾਲ ਬੋਲਿਆ ਸੀ ਕਿ ਦੋ ਸੰਗੀਤ ਪੱਧਤੀਆਂ ਨੇ ਔਰ ਉਹਨਾਂ ਦੇ ਅਨੁਸਾਰ ਗੁਰਮਤਿ ਸੰਗੀਤ ਪੱਧਤੀ ਨੂੰ ਹੁਣ ਦੇਸ ਵੇਲੇ ਸੁਤੰਤਰ ਸੰਗੀਤ ਪੱਧਤੀ ਦੇ ਤੌਰ ਤੇ ਕਹਿਣ ਬੋਲਣ ਲੱਗ ਪਏ ਹਨ। ਜਿਥੋਂ ਤੱਕ ਗੱਲ ਹੈ ਉਹਨਾਂ ਦਾ ਕਰਨਾਟਕੀ ਸੰਗੀਤ ਦੇ ਨਾਲ ਸੰਬੰਧ ਦੀ, ਰਾਮਕਲੀ ਦੱਖਣੀ, ਗਉੜੀ ਦੱਖਣੀ, ਮਾਰੂ ਦੱਖਣੀ, ਬਿਲਾਵਲ ਦੱਖਣੀ, ਪ੍ਰਭਾਤੀ ਦੱਖਣੀ, ਵਡਹੰਸ ਦੱਖਣੀ, ਇਹ ਛੇ ਦੱਖਣੀ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਹਨ ਅਤੇ ਜਿਹੜੇ ਗਾਇਨ ਕੀਤੇ ਨੇ ਮੈਂ ਤੁਹਾਡੇ ਨਜ਼ਰ ਕਰਾਂਗਾ। ਤੁਹਾਡੇ ਇਸ ਛੋਟੇ ਵੀਰ ਨੇ ਗਾਏ ਵੀ ਹੋਏ ਨੇ ਤੇ ਉਹ ਸਾਰੇ ਕੈਸਿਟਾਂ ਵਿਚ ਰਿਕਾਰਡ ਵੀ ਹਨ ਤੇ ਤੁਸੀਂ ਸੁਣ ਸਕਦੇ ਹੋ। 31 ਮੁੱਖ ਰਾਗ ਤੇ 31 ਮਿਸ਼ਰਤ ਰਾਗ ਅਤੇ ਛੇ ਦੱਖਣੀ ਪ੍ਰਕਾਰ ਕਰਨਾਟਕੀ ਸੰਗੀਤ ਦੇ ਪ੍ਰਕਾਰ ਹਨ ਤੇ ਗੁਰਮਤਿ ਸੰਗੀਤ, ਉਤਰੀ ਸੰਗੀਤ ਪੱਧਤੀ ਜਿਹਨੂੰ ਹਿੰਦੁਸਤਾਨੀ ਸੰਗੀਤ ਪੱਧਤੀ ਵੀ ਕਹਿੰਦੇ ਨੇ ਉਹਨੂੰ ਵੀ ਡੀਲ ਕਰ ਰਿਹਾ ਹੈ ਤੇ ਨਾਲ ਕਰਨਾਟਕੀ ਪੱਧਤੀ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਹੀ ਦੱਖਣੀ ਰਾਗ ਆਪਣੀ ਬਾਣੀ ਵਿਚ ਵਰਤੇ ਨੇ ਕਿਸੇ ਹੋਰ ਗੁਰੂ ਸਾਹਿਬ ਨੇ ਇਹ ਰਾਗ ਆਪਣੀ ਬਾਣੀ ਵਿਚ ਨਹੀਂ ਵਰਤੇ ਅਤੇ ਉਥੇ ਜਿਹੜਾ ਓਨਮ ਤਿਉਹਾਰ ਮਨਾਇਆ ਜਾਂਦਾ ਹੈ ਉਸ ਨਾਮ ਦਾ ਮੰਦਿਰ ਓਨਮ ਹੈ। ਰਾਮਕਲੀ ਦੱਖਣੀ ਰਾਗ ਹੈ ਤੇ ਓਅੰਕਾਰ ਬਾਣੀ ਹੈ। 'ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥' ਇਹ ਸਾਰਾ ਉਸ ਪਾਂਡੇ ਨੂੰ ਸੰਬੋਧਿਤ ਹੋ ਕੇ ਉਹਨਾਂ ਦੇ ਤਿਉਹਾਰ ਦੇ ਤੇ ਓਨਮ ਦੀ ਰਸਮ ਦੇ ਬਾਰੇ ਬੋਲੇ। ਗੁਰੂ ਪਾਤਸ਼ਾਹ ਨੇ ਸਾਰਾ ਲਿਖਿਆ ਹੈ।

ਇਹ ਜਿਹੜਾ ਸੰਗੀਤ ਹੈ, ਉੱਤਰੀ ਭਾਰਤੀ ਸੰਗੀਤ ਪੱਧਤੀ ਅਤੇ ਹਿੰਦੁਸਤਾਨੀ ਸੰਗੀਤ ਪੱਧਤੀ ਦੋਹਾਂ ਨਾਲ ਸੰਬੰਧਿਤ ਹੈ ਅਤੇ ਇਹਦੀ ਦੇਸ ਵੇਲੇ ਸੁਤੰਤਰ ਹਸਤੀ ਸਥਾਪਿਤ ਹੋ ਰਹੀ ਹੈ ਅਤੇ ਮੈਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਜਿਵੇਂ-ਜਿਵੇਂ ਉਹਨਾਂ ਤੱਕ ਅਸੀਂ ਆਪਣੀ ਗੱਲ ਪਹੁੰਚਾਵਾਂਗੇ, ਉਹ ਸਾਡੀ ਸੁਤੰਤਰ ਹਸਤੀ ਤੇ ਸੁਤੰਤਰ ਸੰਗੀਤ ਨੂੰ ਜ਼ਰੂਰ

Sri Satguru Jagjit Singh Ji Elibrary NamdhariElibrary@gmail.com

ਪ੍ਰਵਾਨਣਗੇ ਭਾਵੇਂ ਕਿ ਪ੍ਰੋਫ਼ੈਸਰ ਹਿੰਮਤ ਸਿੰਘ ਹੋਰਾਂ ਨੇ ਕਸ਼ਮੀਰੀ ਸੰਗੀਤ ਦੀ ਹੇਕ ਦੀ ਗੱਲ ਕੀਤੀ ਹੈ, ਉਹ ਸਾਰਾ ਕੁਝ ਵਿਚ ਹੀ ਆ ਜਾਂਦਾ ਹੈ। ਤੁਖਾਰੀ ਰਾਗ ਬਾਰੇ ਬੜਾ ਜਾਣਦੇ ਨੇ, ਸਾਡੇ ਵੀਰ ਹਿੰਮਤ ਸਿੰਘ ਤੇ ਤੁਖਾਰੀ ਰਾਗ ਦੀ ਜਦੋਂ ਗੱਲ ਕਰਦੇ ਨੇ, ਤੁਖਾਰ ਦੇਸ, ਉਹ ਸਾਰੀਆਂ ਧੁਨਾਂ ਤੋਂ ਲੈ ਕੇ ਸਾਊਥ ਤੱਕ, ਅਸੀਂ ਜਾਣਦੇ ਹਾਂ ਗੁਰਮਤਿ ਸੰਗੀਤ ਦਾ ਬਹੁਤ ਵੱਡਾ ਵਿਸ਼ਾਲ ਘੇਰਾ ਹੈ।

ਧੰਨਵਾਦ।

## ਡਾ. ਜਗਜੀਤ ਸਿੰਘ

ਮੈਂ ਤਾਂ ਸਭ ਤੋਂ ਪਹਿਲਾਂ ਧੰਨਵਾਦ ਕਰਨਾ ਹੈ ਆਪਣੇ ਮਿੱਤਰਾਂ ਦਾ, ਆਪ ਸਭ ਦਾ ਕਿ ਜਿਸ ਅੰਦਰ ਦੀ ਭਾਵਨਾ ਦੇ ਨਾਲ ਮੈਂ ਇਹ ਪਰਚਾ ਲਿਖਿਆ ਉਸੇ ਸੁਹਿਰਦਤਾ ਔਰ ਉਸੇ ਗੰਭੀਰਤਾ ਨਾਲ ਤੁਸੀਂ ਸੁਣਿਆ ਅਤੇ ਇਸ ਸੰਬੰਧੀ ਜੋ ਪ੍ਰਸੰਸਾ ਹੋਈ ਹੈ ਜਾਂ ਜੋ ਵੀ ਕਿਹਾ ਗਿਆ ਅਤੇ ਇਸ ਤੋਂ ਬਾਅਦ ਇਕ ਸੁਆਲ ਹਿੰਮਤ ਸਿੰਘ ਹੋਰਾਂ ਦਾ ਸੀ ਕਿ ਨਾਦ ਵਾਲੀ ਗੱਲ ਜਿਹੜੀ ਹੈ ਅਰਥ ਵਾਲੀ ਹੈ ਕਿ ਕਵਿਤਾ ਦਾ ਸੰਬੰਧ ਅਰਥ ਨਾਲ ਹੈ ਜਾਂ ਨਾਦ ਨਾਲ ਹੈ। ਇਹ ਇਕ ਵਾਦ-ਵਿਵਾਦ ਦਾ ਨੁਕਤਾ ਹੈ ਫਿਲਹਾਲ ਮੈਂ ਏਨੀ ਗੱਲ ਕਹਿੰਦਾ ਹਾਂ ਕਿ ਗੁਰੂ ਸਾਹਿਬ ਜਦੋਂ ਕਹਿੰਦੇ ਨੇ ਵਿਸਮਾਦ ਨਾਦ ਤਾਂ ਉਹ ਸ਼ਬਦ ਦੇ ਜਾਂ ਸ੍ਰਿਸ਼ਟੀ ਦੇ ਜਾਂ ਬ੍ਰਹਿਮੰਡ ਦੇ ਨਾਦ-ਪੱਖ ਉੱਤੇ ਕੇਂਦਰਿਤ ਹੁੰਦੇ ਹਨ, ਭਾਵ ਵਿਸਮਾਦ ਪ੍ਰਗਟ ਕਰਦੇ ਹਨ ਤੇ ਜਦੋਂ ਕਹਿੰਦੇ ਨੇ ਵਿਸਮਾਦ ਵੇਦ ਤਾਂ ਉਹਦੇ ਅਰਥ ਪੱਖ ਉੱਤੇ ਵੱਖਰਾ ਵਿਸਮਾਦ ਹੈ, ਨਾਦ ਦਾ ਵੱਖਰਾ ਵਿਸਮਾਦ ਹੈ, ਅਰਥ ਦਾ ਵੱਖਰਾ ਵਿਸਮਾਦ ਹੈ। ਜਦੋਂ ਅਸੀਂ ਅਰਥਾਂ ਵੱਲ ਜਾਂਦੇ ਹਾਂ ਤਾਂ ਓਹਦੀਆਂ ਵੀ ਬੜੀਆਂ ਬਰੀਕੀਆਂ ਨੇ ਉਸਦਾ ਵੀ ਬੜਾ ਵਿਰਾਟ ਪਾਸਾਰਾ ਹੈ ਤੇ ਜਦੋਂ ਅਸੀਂ ਨਾਦ ਵੱਲ ਜਾਂਦੇ ਹਾਂ ਤਾਂ ਉਹਦਾ ਵੀ, ਦੋਨੋਂ ਚੀਜ਼ਾਂ ਇਕੋ ਸਮੇਂ ਨਹੀਂ ਫੜੀਆਂ ਜਾ ਸਕਦੀਆਂ, ਦੋਹਾਂ ਦਾ ਵੱਖਰਾ-ਵੱਖਰਾ ਵਿਸਮਾਦ ਹੈ।

Sri Satguru Jagjit Singh Ji Elibrary NamdhariElibrary@gmail.com

## ਪ੍ਰਧਾਨਗੀ ਭਾਸ਼ਨ

## ਪ੍ਰੋ. ਬਲਕਾਰ ਸਿੰਘ

ਮੈਂ ਆਪਣੇ ਨਾਲ ਸਾਥੀ ਤਿੰਨਾਂ ਵਿਦਵਾਨ ਦੋਸਤਾਂ ਦਾ ਧੰਨਵਾਦ ਕਰਦਾ ਹਾਂ ਕਿ ਇਹਨਾਂ ਨੇ ਬਹੁਤ ਵਧੀਆ ਤਰੀਕੇ ਨਾਲ ਆਪਣੇ ਪਰਚੇ ਪੜ੍ਹੇ।

ਨਾਜਰ ਸਿੰਘ ਦੀ ਵਿਆਪਕ (ਹੋਲਿਸਟਿਕ) ਗੱਲ ਮੈਨੂੰ ਚੰਗੀ ਲੱਗੀ ਹੈ। ਜਿਸ ਦੀ ਇਸ ਵੇਲੇ ਬੜੀ ਲੋੜ ਹੈ। ਇਤਿਹਾਸਕਾਰੀ ਵੱਲ ਆਉਣਾ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਧਨਵੰਤ ਹੋਰਾਂ ਦੀ Contribution ਹੈ ਅਤੇ ਇਸ ਵਿਭਾਗ ਦਾ ਜੋ ਯੋਗਦਾਨ ਸੈਮੀਨਾਰ ਕਰਵਾਉਣ ਵਿਚ ਰਿਹਾ ਹੈ, ਪ੍ਰਸ਼ੰਸਾਯੋਗ ਹੈ। ਪਹਿਲਾਂ ਧਰਮ ਅਧਿਐਨ ਦੇ ਵਿਸ਼ੇ ਦੀ ਪਵਿੱਤਰਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਕੀਤੇ ਗਏ ਸੈਮੀਨਾਰ ਵਿਚ ਥੋੜ੍ਹੀ ਜਿਹੀ ਇਕ ਖੁਲ੍ਹ ਮਹਿਸੂਸ ਹੋ ਰਹੀ ਸੀ। ਗੱਲ ਕਹਿਣ ਲਈ ਅੱਜ ਦਾ ਪਲੇਟਫਾਰਮ ਇਕ ਵਿਸ਼ੇਸ਼ ਹੈ ਤੇ ਗੱਲ ਕਹੀ ਵੀ ਜਾ ਰਹੀ ਹੈ। ਗੱਲ ਕਹਿਣਯੋਗ ਚਾਹੀਦੀ ਹੈ। ਭਾਵੇਂ ਥੋੜ੍ਹੀ ਜਿਹੀ ਕਹੋ, ਭਾਵੇਂ ਹੌਲੀ ਕਹੋ, ਉਚੀ ਕਹੋ, ਕੋਈ ਫਰਕ ਨਹੀਂ ਪੈਂਦਾ। ਉਹਦੇ ਨਾਲ ਅਸੀਂ ਇਕ ਦੂਜੇ ਨੂੰ ਜਾਣਦੇ ਹਾਂ, ਭੇਤੀ ਹਾਂ ਇਹ ਜ਼ਰੂਰੀ ਨਹੀਂ ਹੁੰਦਾ। ਜਦੋਂ ਅਸੀਂ ਨਹੀਂ ਜਾਣਦੇ ਹੁੰਦੇ ਤਾਂ ਵੱਧ ਬੋਲਦੇ ਹਾਂ। ਉਦੋਂ ਸਾਨੂੰ ਪਤਾ ਹੁੰਦਾ ਹੈ। ਜਦੋਂ ਜਾਣਦੇ ਹੁੰਦੇ ਨਹੀਂ ਤਾਂ ਉਦੋਂ ਚੁਪ ਕਰ ਜਾਂਦੇ ਹਾਂ, ਉਦੋਂ ਵੀ ਸਾਨੂੰ ਪਤਾ ਹੁੰਦਾ ਹੈ। ਤੇ ਗੱਲ ਜਦੋਂ ਠੀਕ ਚਲਦੀ ਹੈ ਤਾਂ ਏਸ ਹਿਸਾਬ ਨਾਲ ਹੀ ਚਲਦੀ ਹੈ।

ਮੈਂ ਸਮਝਦਾ ਹਾਂ ਕਿ ਜਿਹੜਾ Dominating Style ਸਾਡੇ ਕੋਲ ਆ ਗਿਆ ਹੈ ਉਹ ਕਲਚਰ ਵਿਚੋਂ ਅਸੀਂ ਗ੍ਰਹਿਣ ਕਰ ਲਿਆ ਹੈ ਤੇ ਇਹ ਕਥਾਕਾਰੀ ਹੈ। ਉਹਦੇ ਵਿਚ ਬਾਣੀ ਦੇ ਆਥੇ ਨਾਲ ਅਸੀਂ ਤੁਰਦੇ ਹਾਂ ਅਤੇ ਬਹੁਤ ਸਾਰੀਆਂ ਗੱਲਾਂ ਆਪਣੀਆਂ ਛੁਪਾ ਲੈਂਦੇ ਹਾਂ।

ਇਹ ਕਥਾਕਾਰੀ ਸਟਾਇਲ ਕਾਫ਼ੀ ਪ੍ਰਭਾਵੀ ਹੋ ਚੁੱਕਾ ਹੈ? ਤੇ ਇਹਨੂੰ ਤੋੜਨਾ ਸੌਖਾ ਨਹੀਂ ਹੈ। ਇਹਨੂੰ ਜੇ ਮੈਂ ਤੋੜਾਂਗਾ ਤਾਂ ਇਕੱਲਿਆਂ ਹੀ, ਅਕਾਲ ਤਖਤ 'ਤੇ ਤਲਬ ਕਰ ਲਿਆ ਜਾਵਾਂਗਾ। ਜਦੋਂ ਤੁਸੀਂ ਤੋੜੋਗੇ ਤਾਂ ਕੋਈ ਪਤਾ ਨਹੀਂ ਤੁਹਾਨੂੰ ਦਰਵਾਜ਼ਿਓਂ ਨਿਕਲਦਿਆਂ ਹੀ ਕੋਈ ਫੜ ਲਵੇ। ਜਿਹੜੇ ਵਿਭਾਗ ਵਿਚੋਂ ਮੈਂ ਲੰਘਿਆ ਹਾਂ, ਉਥੇ ਅਸੀਂ ਇਹ ਭੋਗਿਆ ਹੈ। ਮੈਂ ਤੁਹਾਨੂੰ ਮਿਸਾਲ ਦਿੰਦਾ ਹਾਂ ਕਿ ਬੰਦਾ ਆ ਗਿਆ, ਅਸੀਂ ਧਰਮ ਸ਼ਾਸਤਰ ਤੇ ਸੈਮੀਨਾਰ ਕਰ ਰਹੇ

ਸਾਬਕਾ ਪ੍ਰੋ. ਸ੍ਰੀ ਗੁਰੂ ਗ੍ਰੰਥ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਸੀ। ਸੋਚਣ ਦੀ ਕੋਸ਼ਿਸ਼ ਕਰੀਏ ਕਿ ਅਸੀਂ ਭਲਾ ਕੀ ਸਮਝਦੇ ਹਾਂ। ਉਹ ਅਸੀਂ ਸਮਝਣ ਦੀ ਕੋਸ਼ਿਸ਼ ਵੀ ਕੀਤੀ ਪਰ ਅਸੀਂ ਉਹ ਸਮਝ ਨਹੀਂ ਸਕੇ ਕਿਉਂਕਿ ਕਿਸੇ ਧਰਮ ਸ਼ਾਸਤਰ ਦੀ ਗੱਲ ਨਹੀਂ ਕੀਤੀ। ਉਹਦੇ ਵਿਚ ਇਕ ਅਜਿਹਾ ਬੰਦਾ ਆ ਗਿਆ, ਜਿਹਦਾ ਮੈਂ ਨਾਂ ਨਹੀਂ ਲੈਂਦਾ। ਵਾਈਸ-ਚਾਂਸਲਰ ਤੱਕ ਉਹਦੀ ਰਿਸ਼ਤੇਦਾਰੀ ਸੀ। ਉਹਦੇ ਕੋਲ ਪਹੁੰਚ ਵੀ ਗਿਆ ਕਿ ਇਹ ਮੈਨੂੰ ਮੂਲ ਮੰਤਰ ਤੇ ਪਰਚਾ ਨਹੀਂ ਪੜ੍ਹਨ ਦਿੰਦੇ। ਉਹ ਕਹਿੰਦੇ ਕੀ ਗੱਲ ਹੈ ਕਿਉਂ ਨਹੀਂ ਪੜ੍ਹਨ ਦਿੰਦੇ। ਮੈਂ ਕਿਹਾ ਜੀ ਧਰਮ ਸ਼ਾਸਤਰ ਤੇ ਸੈਮੀਨਾਰ ਹੈ ਅਤੇ ਇਸ ਨੇ ਨਾਨ ਸੀਰੀਅਸ ਹੋਣਾ ਹੈ। ਹੁਕਮ ਹੋਇਆ ਕਿ ਮੂਲ ਮੰਤਰ ਜਿਵੇਂ ਇਹ ਕਹਿੰਦਾ ਹੈ, ਧਰਮ ਸ਼ਾਸਤ੍ਰ ਤੋਂ ਬਾਹਰ ਹੈ। ਕੀ ਉੱਤਰ ਹੋ ਸਕਦਾ ਹੈ।

ਅੱਜ ਦੇ ਇਸ ਸੈਮੀਨਾਰ ਦੀ ਇਕ ਪ੍ਰਾਪਤੀ ਇਹ ਰਹੀ ਹੈ ਕਿ ਜਿਹੜੀ ਗੱਲ ਮੈਂ ਕੱਲ੍ਹ ਦਾ ਸੁਣ ਰਿਹਾ ਹਾਂ। ਕੁਝ ਗੱਲਾਂ ਅਸੀਂ ਤੋੜਨ ਵਾਲੇ ਪਾਸੇ ਨੂੰ ਜਾ ਰਹੇ ਹਾਂ ਅਤੇ ਤੋੜਨਾ ਬੜਾ ਬੇ ਫਿਕਰ ਜਿਹਾ ਹੁੰਦਾ ਹੈ। ਇਹ ਇਕ ਜ਼ੁੰਮੇਵਾਰੀ ਵਾਲਾ ਕਦਮ ਵੀ ਹੈ। ਪਰ ਇਸਦੇ ਬਾਵਜੂਦ ਵੀ ਸਾਨੂੰ ਜਾਂਚ ਤਾਂ ਕਰਨੀ ਹੀ ਪੈਣੀ ਹੈ। ਅਸੀਂ ਵਾਕਵਾਦੀ ਹੋ ਜਾਂਦੇ ਹਾਂ ਤੇ ਕਿਸੇ ਇਕ ਤੁਕ ਲਈ ਤੇ ਉਸ ਤੋਂ ਅੱਗੇ ਤੁਰ ਪਏ ਤੇ ਫਿਰ ਉਸ ਤੋਂ ਅੱਗੇ ਲਈ ਤੁਰ ਪਏ। ਹਾਲਾਂ ਕਿ ਜਦੋਂ ਕੋਈ ਵੱਡਾ ਬੰਦਾ ਜਿਹੜਾ ਆਪਣੇ ਹਿਸਾਬ ਨਾਲ ਗੱਲ ਕਰਦਾ ਹੈ ਉਹਦੇ ਵਿਚ ਹੋਰ ਗੱਲ ਹੈ ਕਿ ਉਹ ਮਤਲਬ ਆਪਣੇ ਹਿਸਾਬ ਨਾਲ ਲਈ ਜਾਂਦਾ ਹੈ। ਗੱਲ ਸਾਨੂੰ ਭਵਿੱਖ ਨੂੰ ਵੇਖ ਕੇ ਕਰਨੀ ਪੈਣੀ ਹੈ ਨਹੀਂ ਤੇ ਜੋ ਬਾਣੀ ਹੈ, ਉਹਦੇ ਤੇ ਸ਼ੰਕਾ ਅਸੀਂ ਜਤਲਾ ਨਹੀਂ ਸਕਦੇ। ਬਾਣੀ ਤੇ ਨਾਮ, ਸਿਮਰਨ ਤੇ ਨਾਮ ਤੇ ਸਵੇਰੇ ਝਗੜਾ ਪੈ ਹੀ ਗਿਆ ਸੀ। ਨਾਮ ਕੀ ਹੈ? ਕਿੰਨੀ ਕੁ ਔਖੀ ਗੱਲ ਹੈ? ਨਾਮ ਸਵੈ ਚਿੰਤਨ ਦੀ ਵਿਧੀ ਹੈ। ਡਾ. ਗੁਰਨਾਮ ਸਿੰਘ ਅਕਾਦਮਿਕ ਵਿਚ ਆ ਰਹੇ ਨੇ। ਤੁਸੀਂ ਕੀ ਸੋਚਦੇ ਹੋ ਕਿ ਸੌਖਾ ਹੈ ਟੁਰਨਾ ਅਕਾਦਮਿਕ ਵਿਚ। ਤੁਸੀਂ ਪ੍ਰਾਪਤ ਨੂੰ ਛੱਡ ਕੇ ਤੁਰ ਨਹੀਂ ਸਕਦੇ ਅਤੇ ਆਪ ਸੁਤੰਤਰ ਹੋ ਨਹੀਂ ਸਕਦੇ। ਅਗਲੀ ਤੁਹਾਨੂੰ ਖਿੱਚਦੀ ਹੈ ਅਤੇ ਪਿਛਲੀ ਤੁਹਾਡੀ ਲੱਤ ਫੜੀ ਹੋਈ ਹੈ ਤੇ ਤੁਸੀਂ ਵਿਚੇ ਹੀ ਲਟਕ ਜਾਂਦੇ ਹੋ। ਅਸੀਂ ਇਸ ਪਾਸੇ ਵੱਲ ਨੂੰ ਕਦਮ ਪੁੱਟਿਆ ਹੈ, ਇਹ ਬਹੁਤ ਵਧੀਆ ਗੱਲ ਹੈ। ਬਾਣੀ ਨੂੰ ਮੰਤਰ ਨਹੀਂ ਸਮਝਣਾ ਚਾਹੀਦਾ। ਹੁਣ ਅਕਾਦਮਿਕਤਾ ਵਿਚ ਸਾਨੂੰ ਤਕਨੀਕ ਦੇ ਪੱਧਰ ਤੇ ਲੈਣਾ ਪਵੇਗਾ। ਜੇ ਅਸੀਂ ਮੰਤਰ ਸਮਝਾਂਗੇ ਤਾਂ ਸਾਨੂੰ ਉਹ ਸਟੇਟਮੈਂਟ ਜੋ ਜਿਹੜੀਆਂ ਆ ਰਹੀਆਂ ਹਨ ਵਾਰ-ਵਾਰ ਕਿ 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ, ਭਗਤ ਜਨਾ ਕੈ ਮਨਿ ਬਿਸਰਾਮ।' ਇਹ ਸੁਖ ਅੰਮ੍ਰਿਤ ਦਾ ਨਾਮ ਗਰੰਟੀ ਸ਼ੁਦਾ ਨਹੀਂ ਹੈ, ਇਹ ਪੌਸੀਬਲ ਹੈ ਅਤੇ ਪੌਸੀਬਲ ਜਿਹੜਾ ਹੈ, ਉਹ ਦਾ ਵੇਖਣਾ ਹੈ ਰਿਜਲਟ ਕੀ ਹੋਇਆ? ਕਈ ਵਾਰ ਅਸੀਂ ਪੌਸੀਬਲ ਨੂੰ ਰਿਜਲਟ ਦੇ ਤੌਰ ਤੇ Construct ਕਰਨਾ ਸ਼ੁਰੂ ਕਰ ਦਿੰਦੇ ਹਾਂ। ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ਸਨ, ਇਸਦੇ ਬਾਰੇ ਤੁਸੀਂ ਸੁਣ ਹੀ ਲਿਆ ਹੈ। ਇਸ ਸ਼ਹਾਦਤ ਤੇ ਕੋਈ ਖੁਸ਼ ਹੋਇਆ ਫਿਰਦਾ ਹੈ ਤੇ ਕੋਈ ਉਦਾਸ। ਪਰ ਦੋਹਾਂ ਹਾਲਤਾਂ ਵਿਚ ਇਹ ਇਕ ਇਤਿਹਾਸਕ ਘਟਨਾ ਹੈ। ਅਰਥ ਇਸ ਦੇ ਸਦਾ ਹੀ ਨਿਕਲਦੇ ਰਹਿਣੇ ਹਨ।

ਜਿਹੜੀ ਗੱਲ ਗੁਰੂ ਸਾਹਿਬਾਨ ਨੇ ਸੋਚੀ, ਆਮ ਬੰਦੇ ਤੱਕ ਪਹੁੰਚਾਈ। ਆਮ ਬੰਦੇ ਤੱਕ

Sri Satguru Jagjit Singh Ji Elibrary NamdhariElibrary@gmail.com

ਪਹੁੰਚਾਣ ਦੀ ਚੇਤਨਾ ਜਿਹੜੀ ਹੈ, ਉਹ ਸਥਾਪਤੀ ਨੂੰ ਕਦੀ ਠੀਕ ਨਹੀਂ ਬੰਨ੍ਹਦੀ। ਮਹਿਤਾ ਸਾਹਿਬ ਨੇ ਸਵੇਰੇ ਕਹਿਣ ਦੀ ਕੋਸ਼ਿਸ਼ ਕੀਤੀ ਕਿ ਸਥਾਪਤੀ ਜਿਹੜੀ ਹੈ ਉਹ ਕੀ ਕਰ ਸਕਦੀ ਹੈ ਇਸੇ ਤਰ੍ਹਾਂ ਹੀ ਡਾ. ਜਗਜੀਤ ਸਿੰਘ ਦਾ ਪੇਪਰ ਮਿਹਨਤ ਕਰਕੇ ਲਿਖਿਆ ਸੀ, ਮੈਨੂੰ ਚੰਗਾ ਲੱਗਿਆ। ਡਾ. ਗੁਰਨਾਮ ਸਿੰਘ ਹੁਰਾਂ ਨੇ ਆਪਣੇ ਪੇਪਰ ਵਿਚ ਕਿਹਾ ਹੈ ਕਿ ਜਿਹੜੀ ਸਾਡੀ ਟਕਸਾਲੀ ਸ਼ੈਲੀ ਕੀਰਤਨ ਹੈ ਅਤੇ ਪਰਵਾਰਕ ਕੀਰਤਨ ਹੈ, ਬਾਰੇ ਰੌਲਾ ਪੈਂਦਾ ਸੀ ਕਿ ਇਹ ਕੀ ਕਹੀ ਜਾਂਦੇ ਹਨ। ਕੀਰਤਨ ਵਾਸਤੇ ਤੁਹਾਨੂੰ ਖੁੱਲ੍ਹ ਹੈ ਕਿ ਕਹੀ ਜਾਓ, ਪਰ ਕੀਰਤਨ ਉਹ ਵਧੇਰੇ ਗੁਰਦੁਆਰੇ ਤੱਕ ਮਹਿਦੂਦ ਰੱਖਣਾ ਚਾਹੁੰਦੇ ਹਨ। ਸਾਡੀ ਕਮਿਊਨਿਟੀ ਵਿਚ ਜਿਹੜਾ Majority ਹਿਤ ਹੈ, ਉਹ ਕਈਆਂ ਨੂੰ ਠੀਕ ਨਹੀਂ ਲੱਗਾ, ਜਿਹੜਾ ਰਾਜਨੀਤਿਕ ਗਰੁੱਪ ਹੈ ਉਹ ਚਾਹੁੰਦਾ ਹੈ ਕਿ ਗੁਰਦੁਆਰੇ ਤੱਕ ਮਹਿਦੂਦ ਕਰੋ, ਬਾਹਰ ਦੇਖੋਗੇ ਤੇ ਤੁਸੀਂ ਸੋਚੋਗ ਕਿ ਉਹ ਤਾਂ ਅੱਗੇ ਹੀ ਕਹੀ ਜਾ ਰਹੇ ਹਨ ਸਰਦਾਰ ਜੀ ਤੁਸੀਂ ਆਪਣਾ ਕੰਮ ਕਰੋ, ਮੈਨੂੰ ਆਪਣਾ ਕੰਮ ਕਰੀ ਜਾਣ ਦਿਉ। ਇਹ ਬੜਾ ਸੌਖਾ ਹੁੰਦਾ ਹੈ ਕਿ ਜਿਹੜਾ ਗੁਰਦੁਆਰਿਆਂ ਤੱਕ ਮਹਿਦੂਦ ਕਰਨਾ ਚਾਹੁੰਦਾ ਸੀ ਉਹ ਜਦੋਂ ਗੁਰਦੁਆਰਿਆਂ ਤੋਂ ਬਾਹਰ ਆਏ ਤਾਂ ਥੋੜ੍ਹਾ ਜਿਹਾ ਉਨ੍ਹਾਂ ਨੂੰ ਫਿਕਰ ਤਾਂ ਪੈਣਾ ਸੀ। ਕੋਈ ਡਾਂ ਗੁਰਨਾਮ ਸਿੰਘ ਹੁਰਾਂ ਨੂੰ ਜ਼ਰੂਰ ਪੁੱਛੇਗਾ ਕਿ ਤੁਸੀਂ ਜਿਹੜਾ ਇਹ ਗੁਰਮਤਿ ਕੀਰਤਨ ਸਥਾਪਿਤ ਕਰੀ ਜਾਂਦੇ ਹੋ, ਭਾਈ! ਇਹ ਤੁਸੀਂ ਕਿਥੋਂ ਲਿਆਂਦਾ ਹੈ। ਉੱਤਰ ਦਿੱਤਾ ਹੈ ਕਿ ਅਸੀਂ ਕਿਥੋਂ ਲਿਆਉਣਾ ਸੀ? ਸਾਨੂੰ ਤਾਂ ਗੁਰੂ ਨੇ ਦਿੱਤਾ ਹੈ ਤੇ ਗੁਰੂ ਨੇ ਦੇਣ ਵੇਲੇ ਹੀ ਇਹ ਕਹਿ ਦਿੱਤਾ ਸੀ ਇਹ ਤੁਹਾਨੂੰ ਸੁਤੰਤਰ ਤੌਰ ਤੇ ਹੀ ਦਿੱਤਾ ਸੀ ਤੇ ਤੁਸੀਂ ਹੀ ਮਾਲਕ ਹੋ। ਇਹਦੇ ਵਾਰਸ ਹੋਣ ਦੀ ਭੂਮਿਕਾ ਜਿਹੜੀ ਤੁਸੀਂ ਨਿਭਾਉਣੀ ਹੈ, ਉਹ ਅਗਲੀ ਗੱਲ ਹੈ। ਜਿਹੜੀ ਮੈਂ ਸਮਝਦਾ ਹਾਂ ਕਿ ਇਹ ਇਕ ਕੋਸ਼ਿਸ਼ ਹੈ, ਉਹ ਅਸੀਂ ਕਰ ਰਹੇ ਹਾਂ। ਆਖਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਚੇਤਨਾ ਦੀ ਜਿਹੜੀ ਸਾਧਨਾ ਹੈ, ਜਿਹੜੀ ਚੇਤਨਾ ਨੂੰ ਪ੍ਰਬੰਧ ਕਰਨ ਦੀ ਗੱਲ ਹੈ, ਉਹਦੀ ਜਿਹੜੀ ਤਕਨੀਕ ਹੈ, ਜਿਹਨੂੰ ਜੁਗਤ ਕਹਿੰਦੇ ਹਨ, ਜੁਗਤ ਤੋਂ ਕੀ ਮਤਲਬ ਲੈਂਦੇ ਹੋ। ਜੋਤ, ਸਪਿਰਟ, ਜੁਗਤ ਵਿਧੀ ਤੇ ਜੋਤ ਜੁਗਤ? ਜਿਸ ਬਾਰੇ ਗਰੇਵਾਲ ਸਾਹਿਬ ਜ਼ਿਕਰ ਕਰ ਰਹੇ ਸੀ। ਡਾ. ਗੁਰਨਾਮ ਕੌਰ ਨੇ ਦੱਸਿਆ ਕਿ ਇਹ ਸਾਰੀਆਂ ਸਾਡੇ ਕੋਲ ਹਨ। ਇਹ ਸਾਰੇ ਸੱਚ ਜਿਹੜੇ ਨੇ ਉਹਨਾਂ ਨੂੰ ਹੌਲੀ-ਹੌਲੀ ਅਸੀਂ ਪਰੋਣ ਦਾ ਯਤਨ ਕਰ ਰਹੇ ਹਾਂ ਤੇ ਅਸੀਂ ਇਸਨੂੰ ਪਰੋ ਲਵਾਂਗੇ। ਅਗੋਂ ਜਦੋਂ ਸੈਮੀਨਾਰ ਕਰਾਂਗੇ ਇਹ ਵੀ ਕਰਨ ਲੱਗ ਜਾਵਾਂਗੇ। ਇਕ ਘੇਰੇ ਦੇ ਅੰਦਰ-ਅੰਦਰ ਤੁਸੀਂ ਗੱਲ ਕਰਨੀ ਹੈ। ਇਹ ਨਾ ਹੋਵੇ ਕਿ ਗੱਲ ਥਿਆਲੋਜੀ ਤੇ ਚਲਦੀ ਹੋਵੇ ਤੇ ਲਿਖਿਆ ਹੋਇਆ ਮੂਲ-ਮੰਤਰ ਕੱਢ ਕੋਈ ਤੁਰਿਆ ਆਵੇ ਕਿ ਮੈਂ ਇਹ ਪਿਛਲੇ ਸਾਲ ਲਿਖਿਆ ਸੀ, ਠੀਕ ਹੀ ਹੈ, ਪੜ੍ਹਨਾ ਹੀ ਹੈ। ਸੋ ਆਪਾਂ ਨੇ ਤੇ ਕੋਈ ਗੱਲ ਨਹੀਂ ਕੀਤੀ ਤੇ ਮੈਂ ਵਿਭਾਗ ਨੂੰ ਵਧਾਈ ਦੇਵਾਂਗਾ ਕਿ ਉਨ੍ਹਾਂ ਨਵੇਂ ਧਰਾਤਲ ਉਸਾਰੇ ਹਨ। ਇਸ ਜ਼ਮੀਨ ਤੇ ਫੁਲਾਂ ਨੇ ਉਗਣਾ ਹੀ ਉਗਣਾ ਹੈ। ਇਹਦੀ ਬੜੀ ਲੋੜ ਵੀ ਹੈ ਕਿਉਂਕਿ ਇਹ ਮੰਨ ਲੈਣਾ ਚਾਹੀਦਾ ਹੈ, ਸਾਨੂੰ ਕਿ ਅਸੀਂ ਕਾਫ਼ੀ ਦੇਰ ਤੋਂ ਆਪਣੀ-ਆਪਣੀ ਬੌਧਿਕ ਵਿਰਾਸਤ ਵੱਲ ਪਿੱਠ ਦੇਈ ਬੈਠੇ ਹਾਂ। ਘੱਟੋ-ਘੱਟ ਆਪਾਂ ਜਿਹੜੇ ਥੋੜ੍ਹੇ ਗਿਣਤੀ ਵਿਚ ਹਾਂ,

Sri Satguru Jagjit Singh Ji Elibrary NamdhariElibrary@gmail.com

ਜਿਹੜੇ ਘੱਟ ਗਿਣਤੀ ਵਿਚ ਹਾਂ, ਜਿਨ੍ਹਾਂ ਨੂੰ ਅੱਜ-ਕੱਲ੍ਹ ਅਧਿਕਾਰ ਮਿਲ ਜਾਂਦੇ ਹਨ, ਕੁਝ ਐਨਾ ਕੁ ਤੇ ਅਧਿਕਾਰ ਲਓ ਕਿ ਅਸੀਂ ਇਨਟੇਲਐਕਚੁਅਲ ਟਰੇਡੀਸ਼ਨ ਬਾਰੇ ਆਪਣਿਆਂ ਨੂੰ ਤਾਂ ਮੰਨਵਾਈਏ। ਸਾਨੂੰ ਲੱਗਦਾ ਹੈ ਕਿ ਸਾਡੇ ਖੇਤਰ ਵਿਚ ਨਵੇਂ ਵਿਦਵਾਨ ਆ ਰਹੇ ਨੇ। ਉਨ੍ਹਾਂ ਨਾਲ ਗੱਲ ਕਰਾਂਗੇ ਤੇ ਇਹ ਜਿਹੜਾ ਤੇਲਗੂ ਕਲਚਰ ਹੈ ਉਹਨਾਂ ਦੇ ਵਿਚ ਇਹਨਾਂ ਦੀ ਵੱਡੀ ਟਰੇਡੀਸ਼ਨ ਹੈ। ਸਾਡੇ ਨਾਲੋਂ ਇਨ੍ਹਾਂ ਦੀ ਇਨਟੇਲਐਕਚੁਅਲ ਟਰੇਡੀਸ਼ਨ ਵੀ ਮਜ਼ਬੂਤ ਹੈ। ਇਹ ਵਿਦਵਾਨ ਜਦੋਂ ਸਾਡੇ ਵੱਲ ਆਉਣਗੇ ਤੇ ਇਕ ਅਦਾਨ-ਪ੍ਰਦਾਨ ਹੋਏਗਾ ਉਹਦੇ ਵਿਚੋਂ ਨਵੀਆਂ ਗੱਲਾਂ ਨਿਕਲਣਗੀਆਂ। ਧਨਵੰਤ ਕੌਰ ਨੇ ਇਹ ਇਕ ਵੱਡੇ ਪੱਧਰ ਤੇ ਸਾਨੂੰ ਇਕ ਪਲੇਟਫਾਰਮ ਮੁਹੱਈਆ ਕਰ ਦਿੱਤਾ ਹੈ। ਉਹਦੇ ਵਾਸਤੇ ਅਸੀਂ ਵਿਭਾਗ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ॥

Sri Satguru Jagjit Singh Ji Elibrary NamdhariElibrary@gmail.com

# ਪੰਜਵਾਂ ਅਕਾਦਮਿਕ ਸੈਸ਼ਨ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਗੁਰੂ ਅਰਜਨ ਦੇਵ ਜੀ

*ਡਾ. ਮਾਨ ਸਿੰਘ ਨਿਰੰਕਾਰੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਦਾ ਜਨਮ ਗੋਇੰਦਵਾਲ ਵਿਖੇ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁਖੋਂ 15 ਅਪ੍ਰੈਲ 1563 ਨੂੰ ਹੋਇਆ। ਨਾਨਾ ਗੁਰੂ ਅਮਰਦਾਸ ਜੀ ਨੇ ਆਪ ਜੀ ਨੂੰ ਹੋਣਹਾਰ ਬਾਲਕ ਵੇਖ ਕੇ ਬਚਪਨ ਵਿਚ ਵਰ ਦਿੱਤਾ, "ਦੋਹਿਤਾ ਬਾਣੀ ਕਾ ਬੋਹਿਤਾ"। ਆਪ ਦਾ ਵਿਆਹ 1579 ਈ. ਵਿਚ ਕਿਸ਼ਨ ਚੰਦ ਦੀ ਸਪੁੱਤਰੀ ਗੰਗਾ ਜੀ ਨਾਲ ਹੋਇਆ। ਜਿਸ ਦੀ ਕੁਖੋਂ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ। ਆਪਣੇ ਪਿਤਾ ਗੁਰੂ ਰਾਮਦਾਸ ਕੋਲ 'ਗੁਰੂ ਕੇ ਚੱਕ' (ਸ੍ਰੀ ਅੰਮ੍ਰਿਤਸਰ) ਵਿਚ ਆ ਵਸੇ। ਇਥੇ ਆਪ ਨੇ ਉਸਾਰੀ ਦੇ ਕੰਮ ਵਿਚ ਭਰਪੂਰ ਯੋਗਦਾਨ ਪਾਇਆ। 1 ਸਤੰਬਰ 1588 ਈ. ਨੂੰ ਗੁਰੂ ਰਾਮਦਾਸ ਨੇ ਸਭ ਤੋਂ ਵਧੇਰੇ ਯੋਗ ਜਾਣ ਕੇ ਆਪ ਨੂੰ ਗੁਰਗੱਦੀ ਪ੍ਰਦਾਨ ਕੀਤੀ। ਆਪ ਦੀ ਉਮਰ 18 ਵਰ੍ਹੇ 4 ਮਹੀਨੇ ਸੀ। ਆਪ ਦਾ ਵੱਡਾ ਭਰਾ ਪ੍ਰਿਥੀ ਚੰਦ ਇਹ ਸਹਾਰ ਨਾ ਸਕਿਆ। 1579 ਈ. ਵਿਚ ਹਰਿਮੰਦਰ ਸਾਹਿਬ ਦੀ ਨੀਂਹ ਪ੍ਰਸਿੱਧ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਤੋਂ ਰਖਵਾਈ। ਆਮ ਸੰਗਤਾਂ ਦਾ ਵਿਚਾਰ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਉੱਚੀ ਹੋਵੇ ਪਰ ਗੁਰੂ ਜੀ ਨੇ ਸਿੱਖਾਂ 'ਚ ਨਿਮਰਤਾ ਦੇ ਗੁਣ ਨੂੰ ਪਰਪੱਕ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੀਵੀਂ ਬਣਵਾਈ। ਚਾਰ ਦਰਵਾਜ਼ੇ ਰੱਖੇ ਗਏ ਜਿਨ੍ਹਾਂ ਦਾ ਭਾਵ ਸੀ ਕੋਈ ਵੀ ਭਾਵੇਂ ਉਹ ਕਿਸੇ ਵੀ ਜਾਤ-ਬਰਾਦਰੀ ਨਾਲ ਸੰਬੰਧਿਤ ਹੋਵੇ, ਉਸਨੂੰ ਬਿਨਾਂ ਕਿਸੇ ਉਚ-ਨੀਚ ਦੇ ਭੇਦ-ਭਾਵ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਦੀ ਖੁੱਲ੍ਹ ਹੈ। 1590 ਵਿਚ ਤਰਨ ਤਾਰਨ ਦਾ ਸਰੋਵਰ ਪੱਕਾ ਕਰਵਾਇਆ। 1594 ਵਿਚ ਕਰਤਾਰਪੁਰ ਸੋਢੀਆਂ ਕਾਇਮ ਕੀਤਾ। ਇਸ ਤੋਂ ਇਲਾਵਾ ਆਪ ਨੇ ਬਹੁਤ ਸਾਰੇ ਸਰੋਵਰਾਂ ਦੀ ਉਸਾਰੀ ਕਰਵਾਈ ਜਿਨ੍ਹਾਂ ਵਿਚੋਂ ਸੰਤੋਖਸਰ ਅਤੇ ਰਾਮਸਰ ਦੇ ਨਾਂ ਵਰਨਣਯੋਗ ਹਨ। ਲੋਕਾਂ ਨੂੰ ਸਵੱਛ ਪਾਣੀ ਮੁਹੱਈਆ ਕਰਾਉਣ ਲਈ ਆਪ ਨੇ ਬਹੁਤ ਸਾਰੇ ਖੂਹ ਅਤੇ ਬਾਵਲੀਆਂ ਦੀ ਉਸਾਰੀ ਕਰਵਾਈ। ਦੀਨ-ਦੁਖੀਆਂ ਦੀ ਮਦਦ ਲਈ ਵੀ ਆਪ ਨੇ ਬਹੁਤ ਸਾਰੇ ਕਾਰਜ ਕੀਤੇ ਜਿਨ੍ਹਾਂ ਵਿਚ ਤਰਨ ਤਾਰਨ ਸਾਹਿਬ ਵਿਖੇ ਕੋਹੜੀਆਂ ਲਈ ਹਸਪਤਾਲ ਦੀ ਉਸਾਰੀ ਸ਼ਾਮਲ ਹੈ। ਗੁਰੂ ਸਾਹਿਬ ਦੇ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਨੂੰ ਵੇਖ ਕੇ ਸਮੇਂ ਦੇ ਸ਼ਾਸਕ ਬਾਦਸ਼ਾਹ ਜਹਾਂਗੀਰ ਨੂੰ ਆਪਣਾ ਰਾਜ ਸਿੰਘਾਸਨ ਡੋਲਦਾ ਨਜ਼ਰ ਆਇਆ। ਜੂਨ 1597 ਨੂੰ ਆਪ ਦੇ ਘਰ ਬਾਲਕ ਹਰਿਗੋਬਿੰਦ ਨੇ ਜਨਮ ਲਿਆ। 1604 ਈ. ਨੂੰ ਗੁਰੂ ਗ੍ਰੰਥ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਕਰਵਾਇਆ।

---

* ਚੰਡੀਗੜ੍ਹ।

Sri Satguru Jagjit Singh Ji Elibrary NamdhariElibrary@gmail.com

ਬਾਬਾ ਬੁੱਢਾ ਜੀ ਨੂੰ ਇਸਦਾ ਪਹਿਲਾ ਗ੍ਰੰਥੀ ਥਾਪਿਆ। ਆਪ ਦੇ ਗੁਰੂ ਗ੍ਰੰਥ ਸਾਹਿਬ ਵਿਚ 2312 ਸ਼ਬਦ ਅੰਕਿਤ ਹਨ। ਆਪ ਦੀ ਸਰਬਸਾਂਝੀ ਸਿੱਖ ਲਹਿਰ ਵਿਚ ਹਿੰਦੂ ਤੇ ਕਈ ਮੁਸਲਮਾਨ ਸ਼ਾਮਲ ਹੋ ਗਏ। ਇਸ ਏਕਤਾ ਨੂੰ ਜਹਾਂਗੀਰ ਨੇ ਆਪਣੇ ਲਈ ਖਤਰੇ ਦੀ ਘੰਟੀ ਸਮਝਿਆ। ਬਾਦਸ਼ਾਹ ਜਹਾਂਗੀਰ ਆਪਣੀ ਜੀਵਨੀ "ਤੋਜ਼ਕੇ ਜਹਾਂਗੀਰੀ" ਵਿਚ ਇਸਦਾ ਵਰਨਣ ਕਰਦਾ ਹੈ ਕਿ "ਇਹ ਝੂਠ ਦੀ ਦੁਕਾਨ ਬੜੇ ਚਿਰ ਤੋਂ ਚੱਲ ਰਹੀ ਹੈ। ਇਸ ਵਿਚ ਨਾਦਾਨ ਹਿੰਦੂ ਤੇ ਬੇਵਕੂਫ ਮੁਸਲਮਾਨ ਸ਼ਾਮਲ ਹੋ ਗਏ ਹਨ। ਬੜੇ ਅਰਸੇ ਤੋਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨ ਦੀ ਮੇਰੀ ਇੱਛਾ ਸੀ। ਹੁਣ ਮੈਂ ਮੁਰਤਜ਼ਾ ਖ਼ਾਨ ਨੂੰ ਹੁਕਮ ਦਿੱਤਾ ਹੈ ਕਿ ਇਨ੍ਹਾਂ ਦੇ ਪਰਿਵਾਰ ਨੂੰ ਬੰਦੀ ਬਣਾਇਆ ਜਾਵੇ ਤੇ ਅਰਜਨ ਮੱਲ ਨੂੰ ਇਸਲਾਮ ਵਿਚ ਸ਼ਾਮਲ ਕੀਤਾ ਜਾਵੇ ਤੇ ਜੇ ਇਹ ਨਾ ਹੋ ਸਕੇ ਤਾਂ ਇਸ ਨੂੰ ਯਾਸਾ ਮੁਗ਼ਲ ਕਾਨੂੰਨ ਅਨੁਸਾਰ ਸਜ਼ਾ ਦੇ ਕੇ ਖ਼ਤਮ ਕੀਤਾ ਜਾਵੇ।"

15* ਮਈ 1606 ਨੂੰ ਆਪ ਨੂੰ ਗ੍ਰਿਫਤਾਰ ਕੀਤਾ ਗਿਆ। ਆਪ ਨੂੰ ਨਗਨ ਅਵਸਥਾ ਵਿਚ ਹੱਥ ਪੈਰ ਬੰਨ੍ਹ ਕੇ ਰਾਵੀ ਦੇ ਕੰਢੇ ਬਰੇਤੇ (ਰੇਤੇ) ਵਿਚ ਸੁੱਟ ਦਿੱਤਾ ਗਿਆ। ਇਕ ਬੇਵਕੂਫ਼ ਤੇ ਕੱਟੜ ਮੁਗ਼ਲ ਕੋਲੋਂ ਲੰਘਿਆ ਤੇ ਉਸਨੇ ਵੱਟਾ ਚੁੱਕ ਕੇ ਆਪ ਦੇ ਮਾਰਿਆ ਜੋ ਆਪ ਦੇ ਮੱਥੇ ਵਿਚ ਵਜਾ ਤੇ ਲਹੂ ਦੀ ਫੁਹਾਰ ਫੁੱਟ ਪਈ। ਗਰਮੀ ਦੀ ਤਪਸ਼, ਪਿਆਸ ਅਤੇ ਜ਼ਿਆਦਾ ਖ਼ੂਨ ਨਿਕਲਣ ਕਾਰਨ ਆਪ ਬ੍ਰਹਮ-ਜੋਤ ਵਿਚ ਲੀਨ ਹੋ ਗਏ। ਆਪ ਜੀ ਦਾ ਸਰੀਰ ਰਾਵੀ ਵਿਚ ਜਲ-ਪ੍ਰਵਾਹ ਕਰ ਦਿੱਤਾ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਸਿੱਖ ਸਮਾਜ ਵਿਚ ਕਈ ਦੰਦ-ਕਥਾਵਾਂ ਪ੍ਰਚੱਲਿਤ ਹਨ। ਇਨ੍ਹਾਂ ਅਨੁਸਾਰ ਗੁਰੂ ਅਰਜਨ ਸਾਹਿਬ ਨੂੰ ਸ਼ਹੀਦੀ ਤੋਂ ਪਹਿਲਾਂ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਗੁਰੂ ਸਾਹਿਬ ਨੂੰ ਤੱਤੀ ਤੱਵੀ ਉੱਤੇ ਬਿਠਾ ਕੇ ਉੱਤੇ ਤੱਤੀ ਰੇਤ ਪਾਈ ਗਈ। ਉਬਲਦੀ ਦੇਗ ਵਿਚ ਉਬਾਲਿਆ ਗਿਆ। ਇਕ ਹੋਰ ਕਥਾ ਅਨੁਸਾਰ ਗੁਰੂ ਸਾਹਿਬ ਨੇ ਜਦੋਂ ਮੁਗ਼ਲਾਂ ਦੀ ਈਨ ਨਾ ਮੰਨੀ ਤਾਂ ਮੁਗ਼ਲਾਂ ਨੇ ਕਿਹਾ ਕਿ ਜੇਕਰ ਤੁਸੀਂ ਸਾਡੀ ਗੱਲ ਨਾ ਮੰਨੀ ਤਾਂ ਤੁਹਾਡੇ ਸਰੀਰ ਨੂੰ ਗਊ ਦੀ ਕੱਚੀ ਖੱਲ ਵਿਚ ਮੜ੍ਹ ਦਿੱਤਾ ਜਾਵੇਗਾ। ਇਸ ਉਪਰੰਤ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਜੋ ਮਰਜ਼ੀ ਕਰ ਲੈਣਾ ਪਰ ਇਸ ਤੋਂ ਪਹਿਲਾਂ ਮੈਨੂੰ ਇਸ਼ਨਾਨ ਕਰ ਲੈਣ ਦਿਓ। ਗੁਰੂ ਸਾਹਿਬ ਨੂੰ ਰਾਵੀ ਵਿਚ ਇਸ਼ਨਾਨ ਕਰਾਉਣ ਲਈ ਲਿਜਾਇਆ ਗਿਆ, ਜਿਥੇ ਗੁਰੂ ਸਾਹਿਬ ਰਾਵੀ ਦੇ ਪਾਣੀ ਵਿਚ ਹੀ ਅਲੋਪ ਹੋ ਗਏ।

ਉਪਰੋਕਤ ਪ੍ਰਕਰਣ ਤੱਥਾਂ ਦੇ ਆਧਾਰਤ ਨਹੀਂ ਜਾਪਦੇ। ਗੁਰੂ ਜੀ ਦੀ ਸ਼ਹੀਦੀ ਬਾਰੇ ਪ੍ਰਚੱਲਿਤ ਕਹਾਣੀਆਂ ਤੱਥਾਂ ਨਾਲ ਮੇਲ ਨਹੀਂ ਖਾਂਦੀਆਂ। ਤੱਤੀ ਤੱਵੀ ਜਿਸ ਦੇ ਹੇਠਾਂ ਅੱਗ ਬਲ ਰਹੀ ਹੋਵੇ ਜਾਂ ਉਬਲਦੀ ਦੇਗ ਵਿਚ ਉਬਾਲਣ ਨਾਲ ਕਿਸੇ ਵੀ ਜੀਵਿਤ ਪ੍ਰਾਣੀ ਦਾ

* ਕੇਸਰ ਸਿੰਘ ਛਿੱਬਰ "ਬੰਸਾਵਲੀਨਾਮਾ" ਦੇ ਪੰਨਾ 85 'ਤੇ ਲਿਖਦੇ ਹਨ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਲਗਭਗ 7 ਮਹੀਨੇ ਕੈਦ ਵਿਚ ਰੱਖਿਆ ਗਿਆ।

Sri Satguru Jagjit Singh Ji Elibrary NamdhariElibrary@gmail.com

ਜਿਊਂਦਾ ਰਹਿਣਾ ਨਾ-ਮੁਮਕਿਨ ਹੈ। ਗੁਰੂ ਸਾਹਿਬ ਨੂੰ ਗਊ ਦੀ ਖਲ੍ਹ ਵਿਚ ਮੜ੍ਹਨ ਦੀ ਧਮਕੀ ਦੇਣਾ ਤੇ ਗੁਰੂ ਸਾਹਿਬ ਦਾ ਇਸ਼ਨਾਨ ਕਰਨ ਦੇ ਬਹਾਨੇ ਰਾਵੀ ਵਿਚ ਅਲੋਪ ਹੋ ਜਾਣਾ ਵੀ ਮਨਘੜਤ ਕਹਾਣੀ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਗੁਰੂ ਸਾਹਿਬ ਦੀ ਸ਼ਹੀਦੀ ਦਾ ਜ਼ਿਕਰ ਤਾਂ ਕੀਤਾ ਹੈ, ਪਰ ਪੂਰਾ ਵਿਸਥਾਰ ਨਹੀਂ ਦਿੱਤਾ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ :

*ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ॥*

(ਵਾਰ ੨੪, ਪਉੜੀ ੨੩)

ਉਪਰੋਕਤ ਵਾਰਾਂ ਵਿਚ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਜ਼ਿਕਰ ਤਾਂ ਹੈ ਪਰ ਤਸੀਹਿਆਂ ਬਾਰੇ ਕੋਈ ਵਿਸਥਾਰ ਨਹੀਂ ਦਿੱਤਾ ਗਿਆ।

ਸਰਹਿੰਦ ਵਿਖੇ ਇਕ ਮੁਸਲਮਾਨ ਕੱਟੜਪੰਥੀ ਜਿਨ੍ਹਾਂ ਦੀਆਂ ਬ੍ਰਾਚਾਂ ਸਾਰੇ ਹਿੰਦੁਸਤਾਨ ਵਿਚ ਫੈਲੀਆਂ ਹੋਈਆਂ ਸਨ, ਉਸਦਾ ਮੁਖੀ ਅਹਿਮਦ ਨਕਸਬੰਦੀ ਸੀ। ਉਹ ਹਿੰਦੁਸਤਾਨ ਨੂੰ ਦਾਰਾਉਲ ਹਰਬ ਅਰਥਾਤ ਕਾਫਰਾਂ ਦਾ ਦੇਸ਼ ਮੰਨਦਾ ਸੀ। ਉਸਦਾ ਵਿਚਾਰ ਸੀ ਕਿ ਦਾਰਾਉਲ ਹਰਬ ਦੇਸ਼ ਹਿੰਦੁਸਤਾਨ ਨੂੰ ਦਾਰਾਉਲ ਇਸਲਾਮ ਦੇਸ਼ ਬਣਾਉਣਾ ਹਰ ਮੁਲਮਾਨ ਦਾ ਫ਼ਰਜ਼ ਹੈ। ਇਸ ਲਈ ਜਹਾਦ ਛੇੜਨਾ ਚਾਹੀਦਾ ਹੈ। ਜਹਾਂਗੀਰ ਇਸ ਵਿਚਾਰਧਾਰਾ ਦੇ ਅਸਰ ਅਧੀਨ ਸੀ, ਜਿਸਦੇ ਕਾਰਨ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ। ਗੁਰੂ ਸਾਹਿਬ ਦੀ ਸ਼ਹੀਦੀ ਉਪਰੰਤ ਅਹਿਮਦ ਨਕਸਬੰਦੀ ਨੇ ਬਾਦਸ਼ਾਹ ਜਹਾਂਗੀਰ ਵੱਲ ਇਕ ਵਧਾਈ ਪੱਤਰ ਭੇਜਿਆ, ਜਿਸ ਵਿਚ ਉਸਨੇ ਇਕ ਕਾਫ਼ਰ (ਗੁਰੂ ਸਾਹਿਬ) ਨੂੰ ਮਾਰਨ ਦੀ ਸ਼ਲਾਘਾ ਕੀਤੀ। ਸਾਡੀ ਸਮਝ ਅਨੁਸਾਰ ਕੇਸਰ ਸਿੰਘ ਛਿੱਬਰ ਵੱਲੋਂ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਦਿੱਤੀ ਜਾਣਕਾਰੀ ਵਧੇਰੇ ਸਾਰਥਕ ਹੈ।

ਗੁਰੂ ਅਰਜਨ ਸਾਹਿਬ ਸਭ ਤੋਂ ਛੋਟੇ ਸਨ, ਜਿਨ੍ਹਾਂ ਨੂੰ ਗੁਰੂ ਰਾਮਦਾਸ ਪਿਤਾ ਨੇ ਵਧੇਰੇ ਯੋਗ ਜਾਣ ਕੇ ਗੁਰਗੱਦੀ ਸੌਂਪੀ। ਇਸਦੇ ਕਾਰਨ ਘਰ ਵਿਚ ਦੁਬਿਧਾ ਖੜੀ ਹੋ ਗਈ। ਪਹਿਲੇ ਬੜੇ ਪਿਆਰ ਨਾਲ ਸਾਰਾ ਪਰਿਵਾਰ ਇਕੱਠਾ ਰਹਿੰਦਾ ਸੀ। ਗੁਰੂ ਸਾਹਿਬ ਦੇ ਗ੍ਰਹਿ ਬਾਲਕ ਨੇ ਹਾਲੇ ਜਨਮ ਨਹੀਂ ਸੀ ਲਿਆ। ਘਰ ਵਿਚ ਮਾਈਆਂ-ਬੀਬੀਆਂ ਵਿਚ ਦੁਬਿਧਾ ਦੀ ਅੱਗ ਸੁਲਗ ਗਈ। ਔਰਤਾਂ ਆਪਸ ਵਿਚ ਤਾਅਨੇ-ਮਿਹਣੇ ਦੇਣ ਲੱਗ ਪਈਆਂ। ਗੁਰੂ ਅਰਜਨ ਸਾਹਿਬ ਪਰਿਵਾਰ ਸਮੇਤ ਗੋਇੰਦਵਾਲ ਛੱਡ ਕੇ ਬਾਸਰਕੇ ਪਿੰਡ ਆ ਗਏ। ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਪਰਿਵਾਰ ਵੀ ਮਗਰੋਂ ਇਥੇ ਆ ਗਿਆ। ਗੁਰੂ ਅਰਜਨ ਸਾਹਿਬ ਜੀ ਦੀ ਪਤਨੀ ਕਹਿਣ ਲੱਗੀ, ਇਹ ਬੋਲ-ਕਬੋਲ ਕਰਦੀਆਂ ਹਨ ਕਿ ਅਸੀਂ ਵੱਡੇ ਹਾਂ ਤੇ ਤੂੰ ਸਾਡੀ

Sri Satguru Jagjit Singh Ji Elibrary NamdhariElibrary@gmail.com

ਗੋਲੀ ਹੈ। ਸੰਮਤ 1626 ਵਿਚ ਬਾਬਾ ਪ੍ਰਿਥੀ ਚੰਦ ਜੀ ਦੇ ਘਰ ਪੁੱਤਰ ਨੇ ਜਨਮ ਲਿਆ, ਜਿਸਦਾ ਨਾਂ ਮਨੋਹਰ ਦਾਸ ਮਿਹਰਵਾਨ ਰੱਖਿਆ ਗਿਆ। ਗੁਰੂ ਅਰਜਨ ਦੇਵ ਜੀ ਨੇ ਮਿਹਰਵਾਨ ਨੂੰ ਆਪਣੇ ਨਾਲ ਰੱਖ ਕੇ ਪੂਰੀ ਵਿੱਦਿਆ ਸੰਪੂਰਨ ਕਰਵਾਈ ਤੇ ਇਹ ਬੜਾ ਵਿਦਵਾਨ ਹੋ ਨਿਬੜਿਆ। ਗੁਰੂ ਅਰਜਨ ਦੇਵ ਜੀ ਮੁੜ ਗੋਇੰਦਵਾਲ ਆ ਗਏ। ਪਰ ਘਰ ਦੀ ਦੁਬਿਧਾ ਨਾਲ-ਨਾਲ ਚਲਦੀ ਰਹੀ ਤੇ ਪ੍ਰਿਥੀ ਚੰਦ ਵੀ ਪਰਿਵਾਰ ਸਮੇਤ ਗੋਇੰਦਵਾਲ ਆ ਕੇ ਰਹਿਣ ਲੱਗ ਪਿਆ। ਜਿਥੇ ਵੀ ਗੁਰੂ ਜੀ ਜਾਂਦੇ ਪ੍ਰਿਥੀ ਚੰਦ ਪਰਿਵਾਰ ਸਮੇਤ ਉਥੇ ਹੀ ਪਹੁੰਚ ਜਾਂਦਾ। ਬਾਬਾ ਮੋਹਰ ਚੰਦ ਤੇ ਮਾਣਕ ਚੰਦ ਨੇ ਪ੍ਰਿਥੀ ਨੂੰ ਆਖ ਕੇ ਭੇਜਿਆ, ਦੁਬਿਧਾ ਨਾ ਕਰੋ, ਆਪਣੇ ਪਰਿਵਾਰ ਦੀ ਚੰਗੀ ਸਾਖ ਨੂੰ ਦਾਗ਼ ਨਾ ਲਾਓ। ਜੋ ਪਿਤਾ ਜੀ ਨੇ ਕੀਤਾ ਹੈ, ਉਸਨੂੰ ਪ੍ਰਵਾਨ ਕਰੋ। ਵੈਰ-ਭਾਵਨਾ ਤੇ ਮਿੱਤਰਤਾ ਨਾਲ-ਨਾਲ ਔਰਤਾਂ ਵਿਚ ਚਲਦੀ ਰਹੀ। ਗੁਰੂ ਅਰਜਨ ਦੇਵ ਜੀ ਗੋਇੰਦਵਾਲ ਤੋਂ ਵਡਾਲੀ ਆ ਗਏ। ਜਠਾਣੀਆਂ ਮੇਹਣੇ ਮਾਰਦੀਆਂ ਤੇ ਕਹਿੰਦੀਆਂ, ਗੁਰਿਆਈ ਕਰਕੇ ਪੈਸੇ ਇਕੱਠੇ ਕਰ ਲਓ। ਆਖ਼ਰ ਇਹ ਸਾਰਾ ਮਾਲ ਅਸਾਡਾ ਹੀ ਹੈ। ਇਹੋ ਜਿਹੀਆਂ ਗੱਲਾਂ ਸੁਣ ਕੇ ਗੁਰੂ ਸਾਹਿਬ ਦੀ ਪਹਿਲੀ ਪਤਨੀ ਰਾਮ ਦੇਈ ਨੇ ਗੁਰੂ ਜੀ ਨੂੰ ਪ੍ਰੇਰਿਆ ਕਿ ਮੇਰੇ 'ਚੋਂ ਕੋਈ ਔਲਾਦ ਨਹੀਂ ਹੋਈ। ਸੱਚੇ ਪਾਤਸ਼ਾਹ ਤੁਸੀਂ ਹੋਰ ਵਿਆਹ ਕਰਾਓ। ਗੁਰੂ ਜੀ ਨੇ ਦੂਜਾ ਵਿਆਹ ਮਾਤਾ ਗੰਗਾ ਜੀ ਨਾਲ ਕਰਾਇਆ ਤੇ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਚਨ ਦੀ ਤਿਆਰੀ ਕੀਤੀ। ਇਤਿਹਾਸ ਵਿਚੋਂ ਭਾਵੇਂ ਇਹ ਗੱਲ ਮਿਲਦੀ ਹੈ ਕਿ ਗੁਰੂ ਜੀ ਨੇ ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ ਮੋਹਨ ਜੀ ਪਾਸੋਂ ਲਿਆਂਦੀਆਂ ਅਤੇ ਉਨ੍ਹਾਂ ਦੇ ਆਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਨਵੀਂ ਖੋਜ ਇਸ ਗੱਲ ਨੂੰ ਨਿਕਾਰਦੀ ਹੈ। ਮੋਹਨ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਤਰਤੀਬ ਤੇ ਸ਼ਬਦਜੋੜ ਆਪਸ ਵਿਚ ਨਹੀਂ ਮਿਲਦੇ। ਪੁਰਾਣੀਆਂ ਹੱਥ-ਲਿਖਤ ਬੀੜਾਂ 'ਤੇ ਇਹ ਲਿਖਿਆ ਮਿਲਦਾ ਹੈ ਕਿ ਗ੍ਰੰਥ ਜਪੁ ਸ੍ਰੀ ਗੁਰੂ ਰਾਮਦਾਸ ਜੀ ਦੀ ਪੋਥੀ ਤੋਂ ਨਕਲ ਕੀਤਾ ਗਿਆ ਹੈ। ਮੇਰੇ ਵਿਚਾਰ ਮੁਤਾਬਕ ਜੋ ਪੋਥੀ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਜੀ ਨੂੰ ਗੁਰਗੱਦੀ ਵੇਲੇ ਬਖਸ਼ਿਸ਼ ਕੀਤੀ ਸੀ, ਉਸ ਪੋਥੀ ਦਾ ਨਾਂ ਜਪੁ ਸੀ, ਜਿਸ ਵਿਚ ਜਪੁ ਬਾਣੀ ਬਿਨਾਂ ਹੋਰ ਬਾਕੀ ਦੇ ਚਾਰ ਗੁਰੂਆਂ ਦੀ ਬਾਣੀ ਦਰਜ ਸੀ। ਭਾਵੇਂ ਇਸਦਾ ਜ਼ਿਕਰ ਇਤਿਹਾਸ ਵਿਚ ਨਹੀਂ ਦਿੱਤਾ ਹੋਇਆ ਪਰ ਪਹਿਲੇ ਗੁਰੂਆਂ, ਗੁਰੂ ਨਾਨਕ ਜੀ ਤੋਂ ਲੈ ਕੇ ਗੁਰਗੱਦੀ ਦੇਣ ਸਮੇਂ ਆਪਣੇ ਜਾਨਸ਼ੀਨ ਨੂੰ ਆਪਣੀ ਬਾਣੀ ਦਾ ਸੰਚਾ ਅਰਪਣ ਕਰਦੇ ਰਹੇ। ਇਸ ਪ੍ਰਥਾ ਨੂੰ ਗੁਰੂ ਰਾਮਦਾਸ ਜੀ ਨੇ ਪੂਰੀ ਤਰ੍ਹਾਂ ਨਿਭਾਇਆ ਤੇ 'ਜਪੁ ਗ੍ਰੰਥ' ਨਾਂ ਦਾ ਸੰਚਾ ਗੁਰੂ ਅਰਜਨ ਦੇਵ ਜੀ ਨੂੰ ਸੌਂਪਿਆ। ਬਾਣੀ ਥਾਉਂ-ਥਾਂ ਸਿੱਖਾਂ ਪਾਸ ਮੌਜੂਦ ਸੀ, ਉਸਨੂੰ ਵੀ ਇਕੱਤਰ ਕੀਤਾ। ਜਿਸਨੂੰ ਸੋਧ ਵਿਚਾਰ ਕੇ ਗੁਰੂ ਜੀ ਨੇ ਰਾਮਸਰ ਦੇ ਕੰਢੇ 'ਤੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ। ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਤੇ ਉਪਮਾ ਵਿਚ ਸੰਤ ਨਿਹਾਲ ਸਿੰਘ ਜੀ ਲਿਖਦੇ ਹਨ :

> *ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ ਕਿ ਦੇਵਨ ਕੋ ਤਰ ਹੈ ਕਿ ਗਯਾਨ ਕੋ ਸਮਾਜ ਹੈ, ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ ਕਿ ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ਼ ਹੈ, ਵੇਦ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸਾਂਤਿ ਹੈ ਕਿ ਮੋਖ ਹੂੰ ਕੋ ਕਾਂਤਿ ਹੈ*

Sri Satguru Jagjit Singh Ji Elibrary NamdhariElibrary@gmail.com

*ਕਿ ਬ੍ਰਹਮ ਜੀ ਵਿਰਾਜ ਹੈ, ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ ਕਿ ਧਰਾ ਕੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ।*

(ਟੂਕਮਾਤਰ ਮਹਾਨ ਕੋਸ਼ ਪੰਨਾ 327)

ਇਹ ਇਤਿਹਾਸਕ ਤੱਥ ਹੈ ਕਿ ਬਹੁਤ ਸਾਰੇ ਧਰਮ ਪ੍ਰਵਰਤਕਾਂ ਦੀ ਬਾਣੀ ਜਾਂ ਉਪਦੇਸ਼ ਉਨ੍ਹਾਂ ਦੇ ਮਗਰੋਂ ਲਿਖੇ ਗਏ ਸਨ। ਮਹਾਤਮਾ ਬੁੱਧ ਦੇ ਤ੍ਰਿਪਟਕ ਉਨ੍ਹਾਂ ਤੋਂ ਬਹੁਤ ਸਮਾਂ ਮਗਰੋਂ ਬੁੱਧ ਭਿਖਸ਼ੂਆਂ ਨੇ ਲਿਖੇ। ਈਸਾ ਦੀ ਅੰਜੀਲ ੬੦ ਸਾਲ ਮਗਰੋਂ ਈਸਾਈ ਸੰਤਾਂ ਨੇ ਸੰਗ੍ਰਹਿ ਕੀਤੀ ਤੇ ਇਬਰਾਨੀ ਵਿਚ ਲਿਖੀ ਗਈ। ਇਸਲਾਮ ਦੀ ਧਰਮ ਪੁਸਤਕ ਕੁਰਾਨ ਸ਼ਰੀਫ਼ ਹਜ਼ਰਤ ਮੁਹੰਮਦ ਸਾਹਿਬ ਦੇ ੩੦ ਸਾਲ ਮਗਰੋਂ ਹਜ਼ਰਤ ਉਮਰ ਨੇ ਲਿਖਵਾਇਆ।

ਸਾਡੀ ਖੁਸ਼ਕਿਸਮਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਭਾਈ ਮਨਸੁਖ ਤੋਂ ਲਿਖਵਾਈ। ਉਹ ਗੁਰਤਾ ਨਾਲ ਹੀ ਗੁਰੂ ਅੰਗਦ ਸਾਹਿਬ ਨੂੰ ਸੌਂਪ ਦਿੱਤੀ। ਗੁਰੂ ਅੰਗਦ ਦੇਵ ਜੀ ਦੀ ਬਾਣੀ ਭਾਈ ਪੈੜੇ ਮੋਖੇ ਹਜ਼ੂਰੀ ਸਿੱਖ ਨੇ ਲਿਖੀ, ਉਹ ਗੁਰੂ ਅਮਰਦਾਸ ਜੀ ਨੂੰ ਵਿਰਸੇ ਵਿਚ ਮਿਲੀ। ਤੀਸਰੀ ਪਾਤਸ਼ਾਹੀ ਦੀ ਬਾਣੀ ਉਨ੍ਹਾਂ ਦੇ ਪੋਤਰੇ ਸਹੰਸਰਾਮ ਨੇ ਲਿਖੀ ਤੇ ਅੰਤਿਮ ਸੱਦ ਸੁੰਦਰ ਜੀ ਨੇ ਲਿਖਿਆ। ਉਸ ਸਮੇਂ ਤਿੰਨਾਂ ਗੁਰੂਆਂ ਦੀ ਬਾਣੀ ਸੈਂਚੀਆਂ ਦੇ ਰੂਪ ਵਿਚ ਸੰਗ੍ਰਹਿ ਕੀਤੀ ਗਈ। ਗੁਰੂ ਰਾਮਦਾਸ ਜੀ ਨੇ ਪਹਿਲੇ ਤਿੰਨਾਂ ਗੁਰੂਆਂ ਦੀ ਬਾਣੀ ਦੇ ਸੰਚੇ ਵਿਚ ਆਪਣੀ ਬਾਣੀ ਸ਼ਾਮਲ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਖਸ਼ੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਅਤੇ ਭਗਤਾਂ, ਭੱਟਾਂ ਦੀ ਉਚਾਰਨ ਕੀਤੀ ਬਾਣੀ ਨੂੰ ਇਸ ਵਿਚ ਸ਼ਾਮਲ ਕਰਕੇ ਇਸਨੂੰ ਇਕ ਪੂਰਨ ਗ੍ਰੰਥ ਦਾ ਰੂਪ ਦਿੱਤਾ। ਇਸ ਗ੍ਰੰਥ ਨੂੰ ਅਜੋਕੇ ਸਮੇਂ ਭਾਈ ਗੁਰਦਾਸ ਜੀ ਵਾਲੀ ਬੀੜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਾਰਾ ਕਾਰਜ ਭਾਈ ਗੁਰਦਾਸ ਜੀ ਤੋਂ ਗੁਰੂ ਅਰਜਨ ਦੇਵ ਨੇ ਰਾਮਸਰ ਦੇ ਅਸਥਾਨ 'ਤੇ ਬੈਠ ਕੇ ਕਰਵਾਇਆ ਤੇ ਭਾਦਰੋਂ ਸੁਦੀ ੧ ਸੰਮਤ ੧੬੬੧ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲੀ ਵੇਰ ਪ੍ਰਕਾਸ਼ ਕੀਤਾ ਜਿਸਦੀ ਟੇਕ ਨਾਲ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਹੋਇਆ।

ਗੁਰਬਾਣੀ ਦੀ ਖੋਜ, ਪੜਤਾਲ, ਸੁਧਾਈ ਤੇ ਉਸਨੂੰ ਬੀੜ ਦੇ ਰੂਪ ਵਿਚ ਪ੍ਰਕਾਸ਼ ਕਰਨਾ ਇਕ ਮਹਾਨ ਕਾਰਜ ਸੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਪੁੱਤਰ ਬਾਬਾ ਮਿਹਰਬਾਨ ਤੇ ਉਸਦੇ ਉਤਰਾਧਿਕਾਰੀਆਂ ਨੇ ਨਾਨਕ ਨਾਮ ਦੀ ਛਾਪ ਵਰਤ ਕੇ ਆਪਣੀ ਬਾਣੀ ਲਿਖਣੀ ਸ਼ੁਰੂ ਕਰ ਦਿੱਤੀ।

ਪ੍ਰਿਥੀ ਚੰਦ ਦੀ ਸੰਤਾਨ ਮਿਹਰਵਾਨ ਤੇ ਹਰਿ ਜੀ ਨੇ ਆਪਣੀ ਬਾਣੀ ਲਈ ਮਹਲਾ ੬-੭ ਵਰਤਿਆ ਹੈ। ਆਪ ਦੀ ਵੱਖਰੀ ਸੰਪ੍ਰਦਾਇ 'ਦੀਵਾਨਿਆਂ ਦੀ ਸੰਪ੍ਰਦਾਇ' ਚੱਲੀ ਜੋ ਮਾਲਵੇ ਵਿਚ ਪ੍ਰਵਾਨ ਚੜ੍ਹੀ।

ਸਾਡੇ ਪਾਸ ਪ੍ਰਿਥੀ ਚੰਦੀਆਂ ਦੀ ਬਾਣੀ ਦਾ ਇਕ ਹੱਥ-ਲਿਖਤ ਗ੍ਰੰਥ ਹੈ। ਜਿਸਦਾ ਲੇਖਕ 'ਦਰਬਾਰੀ' ਨਾਨਕ ਪੰਥੀ ਹੈ। ਮਿਹਰਬਾਨ ਨੇ ਗੁਰੂ ਨਾਨਕ ਦੇਵ ਦੀ ਜਨਮ ਸਾਖੀ ਵੀ ਲਿਖੀ ਹੈ। ਜਿਸ ਵਿਚ ਗੁਰਬਾਣੀ ਦੇ ਕਈ ਸ਼ਬਦ ਸਹੀ ਰੂਪ ਵਿਚ ਵਰਤੇ ਹਨ। ਕਈਆਂ 'ਚ ਅਦਲਾ-ਬਦਲੀ ਕੀਤੀ ਗਈ ਹੈ। 'ਦਰਬਾਰੀ' ਵੱਲੋਂ ਲਿਖੇ ਗ੍ਰੰਥ ਵਿਚ ਜਪੁਜੀ ਸਾਹਿਬ ਦੇ ਪਾਠ ਵਿਚ ਅੰਤਰ ਹੈ। ਇਸਦੇ ਵਿਸਥਾਰ ਵਿਚ ਨਾ ਜਾਂਦੇ ਹੋਏ ਕੇਵਲ ਜਪੁਜੀ ਸਾਹਿਬ ਦੇ ਮੂਲ ਮੰਤਰ 'ਆਦਿ ਸਚੁ

Sri Satguru Jagjit Singh Ji Elibrary NamdhariElibrary@gmail.com

ਜੁਗਾਦਿ ਸਚੁ' ਤੇ ਅੰਤਿਮ ਪਉੜੀ ਦਾ ਅਸਲੀ ਰੂਪ ਪੇਸ਼ ਕਰ ਰਹੇ ਹਾਂ। ਆਦਿ ਗ੍ਰੰਥ ਸਾਹਿਬ ਵਿਚ ਮੂਲ ਮੰਤ੍ਰ ਦਾ ਪਾਠ ਇਸ ਤਰ੍ਹਾਂ ਅੰਕਿਤ ਮਿਲਦਾ ਹੈ :

*'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥'*

ਦਰਬਾਰੀ ਦੇ ਗਰੰਥ ਵਿਚ ਮੂਲ ਮੰਤ੍ਰ ਦਾ ਬਦਲਿਆ ਰੂਪ ਇਸ ਤਰ੍ਹਾ ਹੈ :

*'ੴ ਸਤਿਗੁਰ ਪ੍ਰਸਾਦਿ। ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭਿ ਸਚੁ॥ ਸਚੁ ਨਾਮ ਕਰਤਾ ਪੁਰਖੁ ਨਿਰਭੈ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਸਤਿਗੁਰੂ ਪ੍ਰਸਾਦਿ॥੧॥ ਜਪੁ ਮਹਲਾ ੧'*

ਅਸਲ ਮੂਲ ਮੰਤਰ ਵਿਚ 'ਆਦਿ ਸਚੁ ਜੁਗਾਦਿ ਸਚੁ' ਤੇ ਜਪੁਜੀ ਸਾਹਿਬ ਦਾ ਸਿਰਲੇਖ ਮਹਲਾ ੧ ਨਹੀਂ ਦਿੱਤਾ ਗਿਆ।

ਅੰਤਮ ਪਉੜੀ 'ਜਤ ਪਹਾਰਾ' ਤੇ ਸਲੋਕ 'ਪਵਣ ਗੁਰੂ ਪਾਣੀ ਪਿਤਾ' ਦੇ ਰੂਪ ਵੀ ਵੱਖਰੇ ਹਨ ਜਿਵੇਂ :

*ਜਤੁ ਪਹਾਰਾ ਧੀਰਜ ਸੁਨਿਆਰ। ਅਹਰਣ ਮਤ ਵੇਦ ਹਥਿਆਰ।*
*ਭਉ ਖਲਾਂ ਅਗਨੀ ਤਪ-ਤਾਲ। ਭਾਂਡਾ ਭਾਉ ਅੰਮ੍ਰਿਤ ਤਿਤ ਢਾਲ।*
*ਘੜੀਐ ਸਬਦ ਸਚੀ ਟਕਸਾਲ। ਜਿਨ ਕਉ ਨਜ਼ਰ ਕਰਮ ਤਿਨਾ ਕਾਰ।*
*ਨਾਨਕ ਨਦਰੀ ਨਦਰ ਨਿਹਾਰ।*

ਇਸ ਵਿਚ ਅਸਲ ਬਾਣੀ ਦੇ 'ਭਉ ਖਲਾ ਦੀ' ਥਾਂ 'ਭਉ ਖਲਾਂ' 'ਅਗਨਿ' ਦੀ ਥਾਂ 'ਅਗਨੀ' 'ਤਪ ਤਾਉ' ਦੀ ਥਾਂ 'ਤਪ ਤਾਲ' ਕੀਤਾ ਹੈ। 'ਜਿਨ ਕਉ ਨਦਰਿ ਕਰਮ' ਦੀ ਥਾਂ 'ਨਜਰ' 'ਤਿਨਕਾਰ' ਦੀ ਥਾਂ 'ਤਿੰਨਾਂ ਕਾਰ' ਅੰਕਿਤ ਹੈ।

ਸਲੋਕ 'ਪਵਣੁ ਗੁਰੂ ਪਾਣੀ ਪਿਤਾ' ਦੀਆਂ ਤੁਕਾਂ 'ਵਾਚੈ ਧਰਮੁ ਹਦੂਰ' ਦੀ ਥਾਂ 'ਹਜੂਰਿ' ਕੀਤਾ ਹੈ। 'ਜਿਨੀ ਨਾਮੁ ਧਿਆਇਆ' ਦੀ ਥਾਂ 'ਜਿਨੀ ਤੇਰਾ ਨਾਮ ਧਿਆਇਆ', 'ਗਏ ਮੁਸਕਤਿ ਘਾਲਿ' ਦੀ ਥਾਂ 'ਚਲੇ ਮੁਸਕਤ ਘਾਲਿ' ਅੰਤਿਮ ਤੁਕ 'ਨਾਨਕ ਤੇ ਮੁਖਿ ਉਜਲੇ' ਨੂੰ ਬਦਲ ਕੇ 'ਨਾਨਕ ਤਿਨ ਮੁਖ ਉਜਲੇ ਹੋਰੁ ਕੇਤੀ ਛੁਟੇ ਨਾਲਿ' ਦਰਜ ਕੀਤਾ ਹੈ।

ਗੁਰਮਤਿ ਪਾਖੰਡ ਤੇ ਵਹਿਮ ਦਾ ਖੰਡਨ ਕਰਦੀ ਹੈ। ਪੱਥਰ ਪੂਜਾ ਜੜ੍ਹ ਪੂਜਾ ਦਾ ਵਿਰੋਧ ਹੈ। ਸੰਗਤ ਦੀ ਮਹਿਮਾ ਹੈ ਸਤਿ ਸੰਗਤ ਰਾਹੀਂ ਪ੍ਰੇਮ ਉਪਜਦਾ ਹੈ। ਰਵਿਦਾਸ ਜੀ ਫੁਰਮਾਉਂਦੇ ਹਨ :

*ਸਾਧਸੰਗਤਿ ਬਿਨਾ ਭਾਉ ਨਹੀ ਉਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥*
*ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ॥* (੬੯੪)

ਗੁਰਦੇਵ ਨੇ ਗਿਆਨ/ਵਿਗਿਆਨ ਨੂੰ ਅਪਣਾਇਆ ਹੈ। ਸਰਲ ਤੇ ਸਾਦਾ ਸਹਿਜ ਮਾਰਗ ਅਪਨਾਇਆ ਹੈ। ਪ੍ਰੇਮ ਭਗਤੀ ਦੀ ਰੂਪ ਰੇਖਾ ਭਗਤ ਨਾਮਦੇਵ ਨੇ ਇਵੇਂ ਚਿਤਰੀ ਹੈ :

*ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥*
*ਜੈਸੀ ਮੂੜ ਕੁਟੰਬ ਪਰਾਇਣ॥ ਐਸੀ ਨਾਮੇ ਪ੍ਰੀਤਿ ਨਰਾਇਣ॥੧॥*
*ਨਾਮੇ ਪ੍ਰੀਤਿ ਨਾਰਾਇਣ ਲਾਗੀ॥ ਸਹਜ ਸੁਭਾਇ ਭਇਓ ਬੈਰਾਗੀ॥੧॥ ਰਹਾਉ॥*

Sri Satguru Jagjit Singh Ji Elibrary NamdhariElibrary@gmail.com

*ਜੈਸੀ ਪਰ ਪੁਰਖਾ ਰਤ ਨਾਰੀ॥ ਲੋਭੀ ਨਰੁ ਧਨ ਕਾ ਹਿਤਕਾਰੀ॥*
*ਕਾਮੀ ਪੁਰਖ ਕਾਮਨੀ ਪਿਆਰੀ॥ ਐਸੀ ਨਾਮੇ ਪ੍ਰੀਤਿ ਮੁਰਾਰੀ॥੨॥* (੧੧੬੪)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਗੁਰੂ ਅਰਜਨ ਸਾਹਿਬ ਨੇ ਇਸ ਮਹਾਨ ਗ੍ਰੰਥ ਨੂੰ ਭਾਰਤੀ ਪ੍ਰਥਾ ਦਾ ਮਹਾਨ ਗ੍ਰੰਥ ਸੰਪਾਦਨ ਕੀਤਾ ਹੈ। ਇਹ ਸਾਰੀ ਮਨੁੱਖ ਜਾਤੀ ਲਈ ਕਲਿਆਣਕਾਰੀ ਹੈ ਕਿਉਂਕਿ ਪ੍ਰਭੂ ਦੇ ਸਾਰੇ ਪ੍ਰਚੱਲਿਤ ਨਾਮਾਂ ਨੂੰ ਸਤਿਕਾਰ ਨਾਲ ਗ੍ਰੰਥ ਵਿਚ ਅੰਕਿਤ ਕੀਤਾ ਹੈ।

ਨਿਰਾਕਾਰ ਪ੍ਰਭੂ ਜਿਸਨੂੰ ਭਾਰਤੀ ਸ਼ਬਦਾਵਲੀ ਵਿਚ ਨਿਰੰਕਾਰ ਦੇ ਨਾਮ ਨਾਲ ਸਿਮਰਿਆ ਜਾਂਦਾ ਹੈ, ਇਹ ਨਾਮ ਸੱਚ ਸ਼ਬਦ ਨਾਲ ਸੰਬੰਧਿਤ ਹੈ। ਗੁਰੂ ਨਾਨਕ ਸਾਹਿਬ ਨੇ 'ਜਪੁ ਬਾਣੀ' ਵਿਚ ਆਪ ਹੀ ਪ੍ਰਸ਼ਨ ਕਰਕੇ ਆਪ ਹੀ ਉੱਤਰ ਦਿੱਤਾ ਹੈ :

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥* (੧)

ਹਰ ਮਨੁੱਖ ਨੇ ਸ਼ੁੱਧ ਹਿਰਦੇ ਨਾਲ ਆਪਣੇ ਅੰਤਹਕਰਨ ਨਾਲ ਸਚਾਈ ਦੀ ਭਾਲ ਕਰਨੀ ਤੇ ਸੱਚੇ-ਸੁੱਚੇ ਹਿਰਦੇ ਨਾਲ ਉਸਦੀ ਪਾਲਣਾ ਕਰਨੀ ਹੈ। ਇਹ ਹੀ ਮਨੁੱਖ ਜਾਤੀ ਲਈ ਕਲਿਆਣਕਾਰੀ ਮਾਰਗ ਹੈ।

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਬਾਣੀ ਦਾ ਸਭਿਆਚਾਰਕ ਪਰਿਪੇਖ

ਡਾ. ਜਗਬੀਰ ਸਿੰਘ*,

ਗੁਰੂ ਅਰਜਨ ਬਾਣੀ ਸਾਡੇ ਸਾਹਿਤਕ ਵਿਰਸੇ ਦੀ ਮਹੱਤਵਪੂਰਨ ਰਚਨਾ ਹੈ। ਇਹ ਮੱਧਕਾਲੀਨ ਭਾਰਤ ਦੇ ਉਸ ਵਿਆਪਕ ਸ਼ਬਦ-ਸਭਿਆਚਾਰ ਦਾ ਅੰਗ ਹੈ ਜਿਸਦੀ ਨਿਸ਼ਾਨਦੇਹੀ ਧਰਮਵੀਰ ਭਾਰਤੀ ਵਰਗੇ ਚਿੰਤਨਸ਼ੀਲ ਵਿਚਾਰਵਾਨਾਂ ਨੇ 'ਸਿੱਧ, ਨਾਥ ਅਤੇ ਸੰਤ ਬਾਣੀ ਪਰੰਪਰਾ' ਦੇ ਰੂਪ ਵਿਚ ਕੀਤੀ ਹੈ। ਮੂਲ ਰੂਪ ਵਿਚ ਅਧਿਆਤਮ-ਚਿੰਤਨ ਅਤੇ ਪਰਮਾਰਥ-ਚੇਤਨਾ ਦੇ ਮਸਲਿਆਂ ਨਾਲ ਜੁੜੀ ਹੋਣ ਦੇ ਬਾਵਜੂਦ ਇਸ ਬਾਣੀ ਪਰੰਪਰਾ ਦਾ ਆਪਣਾ ਇਤਿਹਾਸ ਸੰਦਰਭ ਵੀ ਹੈ ਜੋ ਇਸਨੂੰ ਬਹੁ-ਵਚਨੀ ਅਰਥ-ਸਾਰਥਕਤਾ ਪ੍ਰਦਾਨ ਕਰਦਾ ਹੈ। ਇਸਦੀ ਸਿਰਜਣਾ ਵਿਚ ਅਰਥ-ਸੰਚਾਰ ਦੀਆਂ ਪਰੰਪਰਕ ਰੀਤਾਂ ਤੇ ਰਵਾਇਤਾਂ ਵੀ ਕਾਰਜਸ਼ੀਲ ਹਨ ਅਤੇ ਯੁੱਗ-ਵਿਸ਼ੇਸ਼ ਦੇ ਮਸਲੇ ਤੇ ਸਰੋਕਾਰ ਵੀ। ਗੁਰੂ ਅਰਜਨ ਦੇਵ ਗੁਰਮਤਿ ਕਾਵਿਧਾਰਾ ਦੇ ਸਿਰਮੌਰ ਸ਼ਾਇਰ ਹੋਣ ਦੇ ਨਾਲ-ਨਾਲ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਚਿੰਤਕਾਂ ਅਤੇ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਸ਼ਬਦ-ਸਭਿਆਚਾਰ ਦੇ ਮਾਧਿਅਮ ਰਾਹੀਂ ਮੱਧਕਾਲੀਨ ਭਾਰਤ ਵਿਚ ਨਵ-ਜਾਗ੍ਰਿਤੀ ਦੀ ਇਕ ਵਿਆਪਕ ਲਹਿਰ ਨੂੰ ਉਸਾਰਨ ਦਾ ਉਪਰਾਲਾ ਕੀਤਾ ਹੈ। ਇਸ ਅਦੁੱਤੀ ਸ਼ਖ਼ਸੀਅਤ ਨੇ ਅੱਜ ਤੋਂ ਚਾਰ ਸੌ ਸਾਲ ਪਹਿਲਾਂ ਇਕ ਅਜਿਹੇ ਮਹਾਂ-ਗ੍ਰੰਥ ਦੀ ਰਚਨਾ ਕੀਤੀ ਜਿਸ ਵਿਚ ਇਸ ਜਾਗ੍ਰਿਤੀ ਲਹਿਰ ਦੀਆਂ ਪ੍ਰਮੁੱਖ ਹਸਤੀਆਂ ਦੀ ਬਾਣੀ ਸ਼ਾਮਲ ਹੈ। ਇਸ ਵਿਚ ਉਨ੍ਹਾਂ ਨੇ ਆਪਣੀ ਅਤੇ ਆਪਣੇ ਪੂਰਬ-ਵਰਤੀ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖਿੱਤਿਆਂ, ਖੇਤਰੀ ਸੱਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ ਸੰਤ ਬਾਬਾ ਫ਼ਰੀਦ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਜੋ ਇਸ ਨੂੰ ਸਰਬ-ਭਾਰਤੀ ਮਹੱਤਵ ਪ੍ਰਦਾਨ ਕਰਦੀ ਹੈ।

12ਵੀਂ ਸਦੀ ਈਸਵੀ ਤੋਂ ਲੈਕੇ 17ਵੀਂ ਸਦੀ ਈਸਵੀ ਦੇ ਲੰਮੇ ਵਿਸਤਾਰ ਵਿਚ ਫੈਲੀ ਹੋਈ ਇਸ ਸਮੁੱਚੀ ਰਚਨਾ ਵਿਚ ਮਾਨਵੀ ਸਰੋਕਾਰਾਂ ਦੀ ਡੂੰਘੀ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸਦੀ ਸਿਰਜਣਾ ਤੇ ਸੰਕਲਪਨਾ ਦੇ ਪਿਛੋਕੜ ਵਿਚ ਇਕ ਅਜਿਹੀ ਉਦਾਰ ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ਕਾਰਜਸ਼ੀਲ ਨਜ਼ਰ ਆਉਂਦੀ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸੱਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ ਅਤੇ ਭਿੰਨਤਾਵਾਂ ਦਾ ਆਦਰ ਕਰਨਾ ਸਿਖਾਉਂਦੀ ਹੈ। ਇਸ ਗ੍ਰੰਥ ਦੇ ਕ੍ਰਾਂਤੀਕਾਰੀ ਪ੍ਰਵਚਨ ਦਾ ਮੂਲ ਪ੍ਰੇਰਣਾ-ਸਰੋਤ ਸਿੱਖ

---

* ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

Sri Satguru Jagjit Singh Ji Elibrary NamdhariElibrary@gmail.com

ਧਰਮ ਦੇ ਪ੍ਰਵਰਤਕ, ਗੁਰੂ ਨਾਨਕ ਦੇਵ ਦੀ ਬਾਣੀ ਹੈ। ਰੂਹਾਨੀ ਚੇਤਨਾ ਅਤੇ ਦੈਵੀ ਪ੍ਰੇਰਨਾ ਦੇ ਅਨੁਭਵੀ ਛਿਣਾਂ ਵਿਚ ਰਚੀ ਗਈ ਇਹ ਬਾਣੀ ਇਕ ਅਜਿਹੇ ਮਾਨਵ-ਵਿਅਕਤੀ ਦਾ ਸੁਪਨਾ ਸਿਰਜਦੀ ਹੈ ਜੋ ਹੱਕ, ਸੱਚ ਅਤੇ ਨਿਆਂ ਦਾ ਪੱਖ ਪੂਰਦਾ ਹੋਇਆ ਨਿਰਭਉ ਤੇ ਨਿਰਵੈਰ ਹੋ ਕੇ ਵਿਚਰ ਸਕੇ। ਗੁਰੂ ਨਾਨਕ ਬਾਣੀ ਵਿਚ ਵਿਅਕਤੀ ਅਤੇ ਸਮੂਹ ਦੀ ਜੀਵਨ-ਵਿਧੀ ਨੂੰ ਪ੍ਰਭਾਵਿਤ ਕਰਨ ਵਾਲੇ ਅਜਿਹੇ ਦਾਰਸ਼ਨਿਕ ਅਤੇ ਵਿਚਾਰਧਾਰਾਈ ਸੂਤਰ ਮੌਜੂਦ ਸਨ ਜੋ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ-ਵਿਅਕਤੀਆਂ ਦੀ ਬਾਣੀ ਵਿਚ ਵੀ ਪ੍ਰਵਾਹਿਤ ਹੁੰਦੇ ਹਨ। ਗੁਰੂ ਅਰਜਨ ਦੇਵ ਨੇ ਸਿੱਖ ਸੰਸਥਾ ਅਤੇ ਸਧਾਰਨ ਲੋਕਾਈ ਦੀ ਰੂਹਾਨੀ ਤੇ ਨੈਤਿਕ ਅਗਵਾਈ ਲਈ ਲਿਖਤੀ ਪਾਠ ਦੇ ਮਹੱਤਵ ਨੂੰ ਪਛਾਣਦਿਆਂ ਇਸ ਮਹਾਂ-ਗ੍ਰੰਥ ਦੀ ਸੰਕਲਪਨਾ ਕੀਤੀ ਸੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਨੇ ਇਸ ਅਦੁੱਤੀ ਗ੍ਰੰਥ ਨੂੰ ਸ਼ਬਦ-ਗੁਰੂ ਦਾ ਰੁਤਬਾ ਪ੍ਰਦਾਨ ਕਰਦਿਆਂ ਇਸਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਥਾਪਿਤ ਕਰ ਦਿੱਤਾ।

ਇਸ ਪਾਵਨ ਗ੍ਰੰਥ ਦੇ ਬਾਣੀ ਸੰਗ੍ਰਹਿ ਵਿਚ ਗੁਰੂ ਅਰਜਨ ਦੇਵ ਦੀ ਆਪਣੀ ਬਾਣੀ ਵੀ ਬਹੁਤ ਵੱਡੇ ਆਕਾਰ ਦੀ ਹੈ। ਇਹ ਬਾਣੀ 30 ਰਾਗਾਂ ਵਿਚ ਹੈ ਜੋ ਮੁੱਖ ਤੌਰ ਤੇ ਪਦਿਆਂ, ਅਸਟਪਦੀਆਂ, ਸਲੋਕਾਂ ਅਤੇ ਛੰਤਾਂ ਦੇ ਰੂਪ ਵਿਚ ਹੈ। ਇਸ ਵਿਚ ਉਨ੍ਹਾਂ ਦੀਆਂ ਮੁਕਾਬਲਤਨ ਲੰਮੇਰੇ ਆਕਾਰ ਵਾਲੀਆਂ ਰਚਨਾਵਾਂ - ਬਾਰਹਮਾਹ, ਦਿਨਰੈਣਿ, ਬਾਵਨ ਅੱਖਰੀ, ਸੁਖਮਨੀ, ਥਿਤੀ, ਅਤੇ ਛੇ ਵਾਰਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗ ਵਿਚ) ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਇਹ ਰਚਨਾ ਬਿਰਹੜੇ, ਗੁਣਵੰਤੀ, ਗਾਥਾ, ਡੁਨਹੇ, ਅੰਜੁਲੀਆ, ਸੋਲਹੇ ਆਦਿ ਦੇ ਸਿਰਲੇਖਾਂ ਅਧੀਨ ਵੀ ਮਿਲਦੀ ਹੈ। ਇਸ ਤਰ੍ਹਾਂ ਗੁਰਮਤਿ ਕਾਵਿਧਾਰਾ ਨੂੰ ਪ੍ਰਫੁੱਲਿਤ ਕਰਨ ਵਿਚ ਵੀ ਉਨ੍ਹਾਂ ਦਾ ਯੋਗਦਾਨ ਕੋਈ ਘੱਟ ਅਹਿਮੀਅਤ ਨਹੀਂ ਰੱਖਦਾ।

ਹਥਲੇ ਪਰਚੇ ਵਿਚ ਸਾਡਾ ਸਰੋਕਾਰ ਗੁਰੂ ਅਰਜਨ ਦੇਵ ਰਚਿਤ ਬਾਣੀ ਦੇ ਸਭਿਆਚਾਰਕ ਪਰਿਪੇਖ ਦਾ ਅਧਿਐਨ ਕਰਨ ਨਾਲ ਹੈ। ਇਸ ਮੰਤਵ ਲਈ ਅਸੀਂ ਇਸ ਬਾਣੀ ਨੂੰ ਸਿਰਜਿਤ ਪ੍ਰਵਚਨ ਦੇ ਰੂਪ ਵਿਚ ਵਾਚਣ ਅਤੇ ਵਿਚਾਰਨ ਦਾ ਉਪਰਾਲਾ ਕੀਤਾ ਹੈ। ਪ੍ਰਵਚਨ ਦਾ ਸੰਕਲਪ ਅਜੋਕੇ ਗਿਆਨ-ਸ਼ਾਸਤਰ ਦੀ ਮਹੱਤਵਪੂਰਨ ਪ੍ਰਾਪਤੀ ਹੈ। ਸਮਕਾਲੀ ਚਿੰਤਕਾਂ ਅਨੁਸਾਰ ਪ੍ਰਵਚਨ ਭਾਸ਼ਾਈ ਵਰਤੋਂ ਦਾ ਵਿਹਾਰਕ ਖੇਤਰ ਹੈ ਜੋ ਸਮਾਜ-ਸਭਿਆਚਾਰ ਵਿਚ ਸਥਿਤ ਹੁੰਦਾ ਹੈ ਅਤੇ ਇਸੇ ਸੰਦਰਭ ਵਿਚ ਹੀ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ। ਇਹ ਪ੍ਰਵਚਨ ਹੀ ਹੈ ਜਿਸਦੇ ਮਾਧਿਅਮ ਰਾਹੀਂ ਲਿਖਤਾਂ ਆਪਣੇ ਸਰੋਤਿਆਂ ਨੂੰ ਮੁਖ਼ਾਤਬ ਹੁੰਦੀਆਂ ਹਨ ਅਤੇ ਰਚਨਾਕਾਰ ਨਿਜ (Self) ਅਤੇ ਪਰ (Other) ਨਾਲ ਜੁੜੇ ਹੋਂਦ-ਮੁਖੀ ਮਸਲਿਆਂ ਨਾਲ ਨਜਿਠਦਾ ਹੈ।[1] ਇਸ ਤਰ੍ਹਾਂ ਹਰ ਸਿਰਜਿਤ ਪਾਠ ਅਨੁਭਵ ਅਤੇ ਗਿਆਨ ਦੇ ਧਰਾਤਲ ਉੱਤੇ ਵਿਰਸੇ ਅਤੇ ਵਰਤਮਾਨ ਨਾਲ ਰਚਾਇਆ ਗਿਆ ਪ੍ਰਵਚਨਗਤ ਸੰਵਾਦ ਹੁੰਦਾ ਹੈ। ਪ੍ਰਵਚਨ ਦੀ ਇਹ ਸੰਵਾਦੀ ਸਥਿਤੀ ਉਸਨੂੰ ਸਮਾਜ-ਸਭਿਆਚਾਰ ਦੇ ਖੇਤਰ ਵਿਚ ਵਾਪਰ ਰਹੇ ਸੱਤਾ ਸੰਘਰਸ਼ ਅਤੇ ਵਿਚਾਰਧਾਰਾਈ ਅੰਤਰ-ਵਿਰੋਧਾਂ ਨਾਲ ਵੀ ਸੰਬੰਧਿਤ ਕਰ ਦਿੰਦੀ ਹੈ। ਇਹ ਸਥਾਪਿਤ ਵਿਵਸਥਾ ਜਾਂ ਹਾਕਮ ਸ਼੍ਰੇਣੀ ਦੇ ਪੱਖ ਵਿਚ ਵੀ ਭੁਗਤ ਸਕਦਾ ਹੈ ਅਤੇ ਉਸਨੂੰ ਵੰਗਾਰਨ ਜਾਂ ਵਿਸਥਾਪਿਤ ਕਰਨ ਵਾਲੀ ਵਿਦਰੋਹੀ ਚੇਤਨਾ ਦੇ ਰੂਪ ਵਿਚ ਵੀ।

Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਜਨ ਬਾਣੀ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਮੱਧਕਾਲੀ ਚੇਤਨਾ-ਵਿਧੀ ਦੇ ਅਨੁਰੂਪ ਯਥਾਰਥ ਨੂੰ ਪਰਮਾਰਥ ਦੇ ਹਵਾਲੇ ਨਾਲ ਪੁਨਰ-ਪਰਿਭਾਸ਼ਿਤ ਕਰਨ ਵੱਲ ਰੁਚਿਤ ਹੁੰਦੀ ਹੈ ਅਤੇ ਅਰਥਾਂ ਦਾ ਬਹੁ-ਪਰਤੀ ਸੰਗਠਨ ਉਸਾਰਦੀ ਹੈ। ਜ਼ਾਹਰਾ ਤੌਰ ਤੇ ਭਾਵੇਂ ਇਹ ਰਚਨਾ ਧਾਰਮਿਕ ਅਤੇ ਦਾਰਸ਼ਨਿਕ ਚਿੰਤਨ ਨਾਲ ਸੰਬੰਧਿਤ ਹੈ ਪਰ ਤਾਂ ਵੀ ਇਹ ਦਰਸ਼ਨ-ਸ਼ਾਸਤਰ ਦੀ ਸੂਤਰ ਸ਼ੈਲੀ ਵਿਚ ਵਿਚਾਰਾਂ ਅਤੇ ਸੰਕਲਪਾਂ ਦਾ ਅਮੂਰਤ ਸੰਗਠਨ ਨਹੀਂ ਉਸਾਰਦੀ ਸਗੋਂ ਅਨੁਭਵ ਅਤੇ ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਨ ਵੱਲ ਰੁਚਿਤ ਹੁੰਦੀ ਹੈ। ਰਾਗ ਦਾ ਸਰੋਦੀ ਮਾਹੌਲ, ਕਾਵਿ-ਸਿਰਜਣ ਦੀਆਂ ਪ੍ਰਗਟਾਉ-ਵਿਧੀਆਂ, ਸ਼ੈਲੀਗਤ ਜੁਗਤਾਂ, ਅਤੇ ਛੰਦ-ਪ੍ਰਬੰਧ ਦੀਆਂ ਬੰਦਸ਼ਾਂ ਇਸ ਰਚਨਾ ਨੂੰ ਵਿਲੱਖਣ ਚਰਿੱਤਰ ਪ੍ਰਦਾਨ ਕਰਦੀਆਂ ਹਨ। ਇਸ ਤਰ੍ਹਾਂ ਗੁਰੂ ਅਰਜਨ ਬਾਣੀ ਦਾ ਸਿਰਜਿਤ ਪ੍ਰਵਚਨ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ/ਸਰੋਤੇ ਨੂੰ ਸੰਬੋਧਿਤ ਹੁੰਦਾ ਹੈ ਅਤੇ ਮਾਨਵੀ ਸਰੋਕਾਰਾਂ ਬਾਰੇ ਨਵੀਂ ਚੇਤਨਾ ਜਗਾਉਂਦਾ ਹੈ।

ਭਾਵੇਂ ਇਸ ਬਾਣੀ ਦਾ ਵਿਸ਼ੇਸ਼ਗਤ ਸਰੋਕਾਰ ਪਰਮਾਰਥਕ ਦ੍ਰਿਸ਼ਟੀ ਤੋਂ ਜੀਵ ਅਤੇ ਬ੍ਰਹਮ ਦੀ ਰਹੱਸਵਾਦੀ ਏਕਤਾ ਅਤੇ ਅਭੇਦਤਾ ਨੂੰ ਮੂਰਤੀਮਾਨ ਕਰਨ ਵੱਲ ਰੁਚਿਤ ਹੈ। ਇਸ ਗੱਲ ਦਾ ਸੂਤਰ ਰੂਪ ਵਿਚ ਪ੍ਰਗਟਾਵਾ ਗੁਰੂ ਅਰਜਨ ਬਾਣੀ ਦੀ ਨਿਮਨ-ਅੰਕਿਤ ਪੰਗਤੀ ਵਿਚ ਕੀਤਾ ਗਿਆ ਹੈ :

*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀ ਕਛੁ ਭਰਮੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ – 287)

ਪਰ ਇਸ ਬਾਣੀ ਵਿਚ ਪੇਸ਼ ਹੋਇਆ ਰਹੱਸ-ਅਨੁਭਵ ਸਮਾਜਿਕ ਅਤੇ ਨੈਤਿਕ ਸਾਰਥਕਤਾ ਨਾਲ ਵੀ ਭਰਪੂਰ ਹੈ। ਇਹ ਰਹੱਸ ਅਤੇ ਰਮਜ਼ ਦੀ ਬੋਲੀ ਵਿਚ ਸੱਚ, ਸੰਜਮ, ਸ਼ੀਲਤਾ, ਸੰਤੋਖ ਅਤੇ ਦਇਆ ਵਰਗੀਆਂ ਕਦਰਾਂ-ਕੀਮਤਾਂ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਜੋ ਵਿਅਕਤੀ ਨੂੰ ਆਪੇ ਅਤੇ ਸਮਾਜ ਨਾਲ ਇਕਸੁਰ ਹੋ ਕੇ ਜਿਊਣ ਦੀ ਜਾਚ ਸਿਖਾਉਂਦੀਆਂ ਹਨ। ਇਨ੍ਹਾਂ ਕਦਰਾਂ-ਕੀਮਤਾਂ ਦਾ ਸੰਗਠਨ ਇਹ ਨਿਰੋਲ ਆਤਮ-ਕੇਂਦ੍ਰਿਤ ਜਾਂ ਹਉਮੈ-ਧਾਰੀ ਜੀਵਨ ਵਿਧੀ ਦਾ ਤਿਆਗ ਕਰਕੇ ਪਰਸਪਰ ਸੁਹਿਰਦਤਾ ਦੇ ਮਾਰਗ ਦੀ ਸੋਝੀ ਕਰਾਉਂਦਾ ਹੈ। ਗੁਰੂ ਅਰਜਨ ਦੇਵ ਨੇ ਵੀ ਆਪਣੀ ਬਾਣੀ ਵਿਚ ਮਨੁੱਖ ਦੀ ਬੰਧਨ-ਸਥਿਤੀ ਨੂੰ ਹਉਮੈ ਰੋਗ (ਆਤਮ-ਕੇਂਦਰਿਤ ਜੀਵਨ ਵਿਧੀ) ਦੇ ਹਵਾਲੇ ਨਾਲ ਪਰਿਭਾਸ਼ਿਤ ਕਰਦਿਆਂ ਸੰਸਾਰ ਦੇ ਸਮੂਹ ਪ੍ਰਾਣੀਆਂ ਨੂੰ ਕਿਸੇ ਨਾ ਕਿਸੇ ਪੱਖੋਂ ਇਸੇ ਕਿਸਮ ਦੇ ਬੰਧਨ ਜਾਂ ਰੋਗ ਦਾ ਸ਼ਿਕਾਰ ਦਰਸਾਇਆ ਗਿਆ ਹੈ। ਗੁਰੂ-ਕਵੀ ਨੇ ਇਥੇ ਰੋਗ ਨੂੰ ਇਕ ਰੂਪਕ (metaphor) ਦੇ ਤੌਰ ਤੇ ਵਰਤਿਆ ਹੈ ਜੋ ਅਰਥਾਂ ਦੇ ਉਤਪਾਦਨ ਦੀ ਇਕ ਪ੍ਰਭਾਵਸ਼ਾਲੀ ਜੁਗਤ ਬਣ ਜਾਂਦਾ ਹੈ :

*ਹਉਮੈ ਰੋਗੁ ਮਾਨੁਖ ਕਉ ਦੀਨਾ॥*
*ਕਾਮ ਰੋਗਿ ਮੈਗਲੁ ਬਸਿ ਲੀਨਾ॥*
*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥*
*ਨਾਦ ਰੋਗਿ ਖਪਿ ਗਏ ਕੁਰੰਗਾ॥1॥*
*ਜੋ ਜੋ ਦੀਸੈ ਸੋ ਸੋ ਰੋਗੀ॥*

Sri Satguru Jagjit Singh Ji Elibrary NamdhariElibrary@gmail.com

*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥1॥ ਰਹਾਉ ॥*
*ਜਿਹਵਾ ਰੋਗਿ ਮੀਨੁ ਗ੍ਰਸਿਆਨੋ॥*
*ਬਾਸਨ ਰੋਗਿ ਭਵਰੁ ਬਿਨਸਾਨੋ॥*
*ਹੇਤ ਰੋਗ ਕਾ ਸਗਲ ਸੰਸਾਰਾ॥*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥2॥*

(ਗੁਰੂ ਗ੍ਰੰਥ ਸਾਹਿਬ, ਪੰਨਾ 1140)

ਗੁਰਬਾਣੀ ਵਿਚ ਮਨੁੱਖੀ ਜੀਵਨ ਦੀ ਸਰਬ-ਉੱਚ ਪ੍ਰਾਪਤੀ ਜਾਂ ਪਰਮਾਰਥ ਨੂੰ ਜਿਸ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ ਉਹ ਨਿਰੋਲ ਪਰਾਭੌਤਿਕ ਸੰਕਲਪਨਾ ਨਹੀਂ ਸਗੋਂ ਸਮਕਾਲੀ ਜੀਵਨ ਅਤੇ ਯਥਾਰਥ ਨਾਲ ਨਜਿਠਣ ਵਾਲੀ ਇਕ ਕਾਰਗਰ ਜੀਵਨ-ਵਿਧੀ ਵੀ ਹੈ। ਗੁਰਬਾਣੀ ਦੀ ਵਿਸ਼ਵ-ਦ੍ਰਿਸ਼ਟੀ ਦਾ ਉਪਰੋਕਤ ਪਾਸਾਰ ਕਿਸੇ ਨਾ ਕਿਸੇ ਰੂਪ ਵਿਚ ਇਸਦੇ ਵਿਸ਼ੇਗਤ ਸਰੋਕਾਰਾਂ ਦਾ ਆਧਾਰ ਬਣਦਾ ਹੈ ਅਤੇ ਇਸਦੇ ਸਿਰਜਿਤ ਪ੍ਰਵਚਨ ਨੂੰ ਵਿਅਕਤੀਗਤ ਅਤੇ ਸਮਾਜਿਕ ਪਰਿਪੇਖ ਨਾਲ ਜੋੜਦਾ ਹੈ। ਸੱਚ ਵਿਚ ਅਭੇਦ ਹੋਈ ਚੇਤਨਾ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲ ਜਾਂਦੀ ਹੈ, ਜਿਸ ਕਾਰਨ ਵਿਅਕਤੀ ਦੇ ਆਪੇ ਅਤੇ ਸਮਾਜ ਨਾਲ ਰਿਸ਼ਤਿਆਂ ਦੀ ਬੁਨਿਆਦ ਬਦਲ ਜਾਂਦੀ ਹੈ। ਨਿਜੀ ਹਿੱਤਾਂ ਦੀ ਥਾਵੇਂ ਉਹ ਸਰਬ-ਹਿਤ ਦੀ ਗੱਲ ਸੋਚਦਾ ਹੈ। ਇਸ ਤਰ੍ਹਾਂ ਰਹੱਸਵਾਦ ਅਤੇ ਨੈਤਿਕਤਾ ਦਾ ਵਿਚਿਤਰ ਸੰਜੋਗ ਗੁਰਬਾਣੀ ਨੂੰ ਵਿਸ਼ਵ-ਦ੍ਰਿਸ਼ਟੀ ਦੇ ਹਵਾਲੇ ਨਾਲ ਹੋਰਨਾਂ ਰਹੱਸਵਾਦੀ ਮਾਰਗਾਂ ਨਾਲੋਂ ਵੱਖ ਕਰ ਦਿੰਦਾ ਹੈ।

ਗੁਰੂ ਅਰਜਨ ਦੇਵ ਨੇ ਸੁਖਮਨੀ ਵਿਚ ਬ੍ਰਹਮ ਗਿਆਨੀ ਦੇ ਰੂਪ ਵਿਚ ਜਿਸ ਆਦਰਸ਼ ਮਨੁੱਖ ਦਾ ਸੰਕਲਪ ਪੇਸ਼ ਕੀਤਾ ਹੈ। ਉਹ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਈ ਜੀਵਨ-ਵਿਧੀ ਦਾ ਲਖਾਇਕ ਹੈ। ਮਿਸਾਲ ਵਜੋਂ ਇਸ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

*ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥*
*ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥*
*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥*
*ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*
*ਬ੍ਰਹਮ ਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥*

(ਗੁਰੂ ਗ੍ਰੰਥ ਸਾਹਿਬ, ਪੰਨਾ 272-11)

ਗੁਰੂ ਅਰਜਨ ਬਾਣੀ ਦੇ ਸਿਰਜਿਤ ਪਾਠ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਮਕਾਲੀ ਅਤੇ ਪੂਰਬ ਕਾਲੀ ਵਿਰਸੇ ਦੀਆਂ ਅਨੇਕਾਂ ਚਿੰਤਨਧਾਰਾਵਾਂ ਅੰਤਰ-ਪਾਠ ਵਜੋਂ ਮੌਜੂਦ ਹਨ। ਇਨ੍ਹਾਂ ਵਿਚ ਭਾਰਤ ਦੇ ਕਲਾਸੀਕਲ ਵਿਰਸੇ ਦੀ ਹਿੰਦੂ-ਆਰੀਆਈ ਪਰੰਪਰਾ ਦੇ ਨਾਲ-ਨਾਲ ਤੁਰਕ ਅਤੇ ਮੁਗ਼ਲ ਸ਼ਾਸਨ ਦੌਰਾਨ ਭਾਰਤ ਵਿਚ ਪ੍ਰਵੇਸ਼ ਕਰਨ ਵਾਲੀ ਸਾਮੀ-ਇਸਲਾਮੀ ਪਰੰਪਰਾ ਵੀ ਸ਼ਾਮਲ ਹੈ। ਉਦਾਹਰਨ ਵਜੋਂ ਗੁਰੂ ਅਰਜਨ ਬਾਣੀ ਦੀਆਂ ਇਹ ਪੰਗਤੀਆਂ ਪੇਸ਼ ਹਨ :

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥*

*ਕੋਈ ਸੇਵੈ ਗੁਸਈਆ ਕੋਈ ਅਲਾਹਿ॥1॥*
*ਕਾਰਣ ਕਰਣ ਕਰੀਮ॥*
*ਕਿਰਪਾ ਧਾਰਿ ਰਹੀਮ॥1॥ ਰਹਾਉ ॥*
*ਕੋਈ ਨਾਵੈ ਤੀਰਥਿ ਕੋਈ ਹਜ ਜਾਇ॥*
*ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥2॥*
*ਕੋਈ ਪੜੈ ਬੇਦ ਕੋਈ ਕਤੇਬ॥*
*ਕੋਈ ਓਢੈ ਨੀਲ ਕੋਈ ਸੁਪੇਦ॥3॥*
*ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥*
*ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥4॥*
*ਕਹੁ ਨਾਨਕ ਜਿਨਿ ਹੁਕਮੁ ਪਛਾਤਾ॥*
*ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ 885)

ਇਨ੍ਹਾਂ ਕਾਵਿ-ਪੰਗਤੀਆਂ ਵਿਚ ਵਰਤੀ ਗਈ ਸੰਕਲਪੀ ਸ਼ਬਦਾਵਲੀ ਇਕੋ ਵੇਲੇ ਦੋਹਾਂ ਪਰੰਪਰਾਵਾਂ ਨਾਲ ਸੰਬੰਧਿਤ ਹੈ। ਜੇ ਰਾਮ, ਗੁਸਈਆ, ਤੀਰਥ, ਬੇਦ ਅਤੇ ਸੁਰਗਿੰਦੂ ਸ਼ਬਦ ਹਿੰਦੂ-ਆਰੀਆਈ ਧਰਮ-ਸਭਿਆਚਾਰ ਦੇ ਵਿਰਸੇ ਵੱਲ ਸੰਕੇਤ ਕਰਦੇ ਹਨ ਤਾਂ ਖੁਦਾਇਓ, ਅਲਾਹਿ, ਹਜ, ਕਤੇਬ ਅਤੇ ਭਿਸਤ ਸਾਮੀ-ਇਸਲਾਮੀ ਧਰਮ, ਦਰਸ਼ਨ ਅਤੇ ਪਰਾਭੌਤਿਕਤਾ ਦੇ ਲਖਾਇਕ ਹਨ। ਇਸ ਤਰ੍ਹਾਂ ਦੀ ਸਾਂਝੀ ਮਿੱਸੀ ਸੰਕਲਪੀ ਸ਼ਬਦਾਵਲੀ ਭਿੰਨ-ਭਿੰਨ ਪਰੰਪਰਾਵਾਂ ਵਿਚਕਾਰ ਸੰਵਾਦ ਦੇ ਮਾਹੌਲ ਵਿਚ ਹੀ ਵਰਤੀ ਜਾ ਸਕਦੀ ਹੈ। ਅਸਲ ਵਿਚ ਮੱਧਕਾਲੀਨ ਭਾਰਤ ਦੇ ਸੂਫ਼ੀਆਂ ਅਤੇ ਭਗਤਾਂ ਨੇ ਆਪਣੀ ਉਦਾਰ ਮਾਨਵਵਾਦੀ ਭਾਵਨਾ ਰਾਹੀਂ ਅਜਿਹਾ ਮਾਹੌਲ ਤਿਆਰ ਕਰ ਦਿੱਤਾ ਸੀ ਜਿਸ ਵਿਚ ਧਾਰਮਿਕ ਕੱਟੜਤਾ ਦਾ ਕੋਈ ਸਥਾਨ ਨਹੀਂ ਸੀ।

ਇਸ ਵਿਚਾਰਧਾਰਾ ਦੀ ਸਭ ਤੋਂ ਵੱਡੀ ਪ੍ਰਾਪਤੀ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਅਤੇ ਪਰਸਪਰ ਵਿਰੋਧ ਨੂੰ ਮਿਟਾ ਕੇ ਸਾਂਝ ਦੇ ਸੂਤਰ ਤਲਾਸ਼ ਕਰਨ ਵਿਚ ਨਿਹਤ ਹੈ। ਇਸ ਮੰਤਵ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਵਚਨ ਸੰਵਾਦ ਅਤੇ ਸੁਮੇਲ ਦਾ ਸੰਦੇਸ਼ ਸੰਚਾਰਿਤ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ਾਇਦ ਇਸੇ ਦ੍ਰਿਸ਼ਟੀ ਤੋਂ ਅਜੋਕੇ ਵਿਦਵਾਨਾਂ ਨੇ ਇਸ ਪਾਵਨ ਗ੍ਰੰਥ ਨੂੰ ਉੱਤਰ-ਆਧੁਨਿਕ ਚੇਤਨਾ ਦਾ ਸੰਚਾਰ ਕਰਨ ਵਾਲਾ ਮੱਧਕਾਲੀ ਪਾਠ ਆਖਿਆ ਹੈ।

ਗੁਰੂ ਅਰਜਨ ਬਾਣੀ ਆਪਣੇ ਵੇਲੇ ਦੇ ਮਨੁੱਖ ਨੂੰ ਕ੍ਰਾਂਤੀ ਤੇ ਮੁਕਤੀ ਦਾ ਜੋ ਸੰਦੇਸ਼ ਦਿੰਦੀ ਹੈ ਉਹ ਅੱਜ ਵੀ ਸਾਰਥਕ ਤੇ ਪ੍ਰਾਸੰਗਿਕ ਹੈ ਕਿਉਂ ਜੋ ਇਸ ਵਿਚ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਆਧਾਰ ਬਣਾਇਆ ਗਿਆ ਹੈ। ਇਹ ਜਾਤ, ਜਨਮ ਅਤੇ ਕੁਲ, ਧਰਮ, ਨਸਲ ਅਤੇ ਲਿੰਗ ਦੇ ਆਧਾਰ ਤੇ ਵੰਡੀਆਂ ਪਾਉਣ ਵਾਲੇ ਮਾਨਵ-ਵਿਰੋਧੀ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਰੱਦ ਕਰਦੇ ਹਨ। ਇਸਦੀਆਂ ਮਿਸਾਲਾਂ ਗੁਰੂ ਅਰਜਨ ਬਾਣੀ ਵਿਚ ਅਨੇਕਾਂ ਥਾਵਾਂ ਉੱਤੇ ਮਿਲਦੀਆਂ ਹਨ :

*ਸਦਾਮ ਖਤ੍ਰੀ ਬ੍ਰਾਹਮਣ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥*

(ਗੁਰੂ ਗ੍ਰੰਥ ਸਾਹਿਬ, ਪੰਨਾ 13)

*ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1001)

ਬਾਣੀਕਾਰਾਂ ਦੀ ਵਿਚਾਰਧਾਰਾ ਦੇ ਪਿਛੋਕੜ ਵਿਚਲਾ ਮੂਲ ਵਿਵੇਕ ਬ੍ਰਹਿਮੰਡੀ ਚੇਤਨਾ ਦਾ ਉਹ ਪਾਰਗਾਮੀ ਦ੍ਰਿਸ਼ਟੀ-ਬਿੰਦੂ ਹੈ ਜਿੱਥੇ ਖਲੋ ਕੇ ਭਿੰਨਤਾਵਾਂ ਅਤੇ ਵਿਤਕਰੇ ਮਹੱਤਵਹੀਣ ਹੋ ਜਾਂਦੇ ਹਨ। ਗੁਰਬਾਣੀ ਇਸੇ ਕਿਸਮ ਦੀ ਉਦਾਰ ਮਾਨਵਵਾਦੀ ਭਾਵਨਾ ਦੀ ਸਰਬੋਤਮ ਮਿਸਾਲ ਪੇਸ਼ ਕਰਦੀ ਹੈ। ਇਹੀ ਉਹ ਚੇਤਨਾ ਹੈ ਜੋ ਅਮਨ-ਪਸੰਦ ਅਤੇ ਸੁਲਿਹੀ ਕੁਲ ਜੀਵਨ ਵਿਧੀ ਦੀ ਬੁਨਿਆਦ ਬਣਦੀ ਹੈ। ਗੁਰੂ ਅਰਜਨ ਦੇਵ ਦੀਆਂ ਨਿਮਨ-ਅੰਕਿਤ ਪੰਕਤੀਆਂ ਇਸੇ ਭਾਵਨਾ ਨੂੰ ਪ੍ਰਗਟਾਉਂਦੀਆਂ ਹਨ :

*ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥2॥*
*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥3॥*

(ਗੁਰੂ ਗ੍ਰੰਥ ਸਾਹਿਬ, ਪੰਨਾ 671)

ਦੁਸ਼ਮਨੀ ਅਤੇ ਵੈਰ ਭਾਵ ਦਾ ਜਵਾਬ ਮਿੱਤਰਤਾ ਅਤੇ ਸੱਜਨਤਾ ਨਾਲ ਦੇਣਾ ਰੂਹਾਨੀ ਉੱਚਤਾ ਦੀ ਨਿਸ਼ਾਨੀ ਹੈ। ਗੁਰੂ ਅਰਜਨ ਦੇਵ ਦਾ ਕਾਵਿ-ਕਥਨ ਇਸੇ ਕਿਸਮ ਦੀ ਦਰਵੇਸ਼ੀ ਸ਼ਖ਼ਸੀਅਤ ਵੱਲ ਸੰਕੇਤ ਕਰਦਾ ਹੈ। ਖ਼ਾਸ ਤੌਰ ਤੇ ਜਦੋਂ ਅਸੀਂ ਇਸ ਬਾਣੀ ਨੂੰ ਮੱਧਕਾਲੀਨ ਭਾਰਤ ਦੇ ਸਮਾਜਿਕ, ਇਤਿਹਾਸਕ ਅਤੇ ਸਭਿਆਚਾਰਕ ਸੰਦਰਭ ਵਿਚ ਰੱਖ ਕੇ ਵਾਚਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹ ਇਕ ਅਜਿਹੀ ਕ੍ਰਾਂਤੀਕਾਰੀ ਟੈਕਸਟ ਹੈ ਜਿਸਨੇ ਆਪਣੇ ਵੇਲੇ ਦੇ ਮਨੁੱਖ ਦੇ ਮਨ ਵਿਚ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਜੂਝਣ ਲਈ ਨੈਤਿਕ ਲੋਬਲ ਪੈਦਾ ਕੀਤਾ। ਇਸ ਵਿਚ ਪੇਸ਼ ਹੋਈ ਵਿਚਾਰਧਾਰਾ ਜੇ ਇਕ ਪਾਸੇ ਮੁਗ਼ਲ ਸਾਮੰਤਵਾਦ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਤਸ਼ੱਦਦ ਦਾ ਵਿਰੋਧ ਕਰਦੀ ਹੈ ਤਾਂ ਦੂਸਰੇ ਪਾਸੇ ਭਾਰਤੀ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਚੇਸ਼ਟਾ ਕਰਦੀ ਹੈ।

ਇਸ ਉਦਾਰ ਮਾਨਵਵਾਦੀ ਭਾਵਨਾ ਦਾ ਸਭਿਆਚਾਰਕ ਅਤੇ ਇਤਿਹਾਸਕ ਸੰਦਰਭ ਵੀ ਹੈ ਜਿਸਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ। 1505 ਈਸਵੀ ਨੂੰ ਸੁਲਹਿ ਕੁਲ ਨੀਤੀ ਦੇ ਸਮਰਥਕ ਮੁਗ਼ਲ ਬਾਦਸ਼ਾਹ ਅਕਬਰ ਦਾ ਦੇਹਾਂਤ ਹੋ ਗਿਆ। ਉਹ ਆਪਣੇ ਪੁੱਤਰ ਜਹਾਂਗੀਰ ਦੀ ਥਾਵੇਂ ਆਪਣੇ ਪੋਤਰੇ ਖੁਸਰੋ ਨੂੰ ਤਖ਼ਤ ਦਾ ਵਾਰਿਸ ਬਣਾਉਣਾ ਚਾਹੁੰਦਾ ਸੀ ਜੋ ਇਸੇ ਉਦਾਰਵਾਦੀ ਵਿਚਾਰਧਾਰਾ ਦਾ ਹਾਮੀ ਸੀ। ਪਰ ਜਦੋਂ ਜਹਾਂਗੀਰ ਨੇ ਤਖ਼ਤ ਉੱਤੇ ਕਬਜ਼ਾ ਕਰ ਲਿਆ ਤਾਂ ਖੁਸਰੋ ਨੇ ਬਗ਼ਾਵਤ ਕਰ ਦਿੱਤੀ ਅਤੇ ਜਹਾਂਗੀਰ ਆਪਣੇ ਹੀ ਪੁੱਤਰ ਖੁਸਰੋ ਦਾ ਜਾਨੀ ਦੁਸ਼ਮਣ ਬਣ ਗਿਆ। ਖੁਸਰੋ ਪੰਜਾਬ ਵੱਲ ਵਧਿਆ ਅਤੇ ਇਥੇ ਆ ਕੇ ਉਹ ਗੁਰੂ ਅਰਜਨ ਦੇਵ ਨੂੰ ਵੀ ਮਿਲਿਆ। ਅਸਲ ਵਿਚ ਖੁਸਰੋ ਬਚਪਨ ਵਿਚ ਆਪਣੇ ਦਾਦਾ ਅਕਬਰ ਨਾਲ ਪਹਿਲਾਂ ਵੀ ਇਥੇ ਆ ਚੁੱਕਿਆ ਸੀ। ਗੁਰੂ ਜੀ ਨੇ ਉਸਨੂੰ ਬਣਦਾ ਆਦਰ ਮਾਣ ਦਿੱਤਾ।

Sri Satguru Jagjit Singh Ji Elibrary NamdhariElibrary@gmail.com

ਇਸ ਗੱਲ ਤੋਂ ਬਾਦਸ਼ਾਹ ਜਹਾਂਗੀਰ ਕਰੋਧ ਵਿਚ ਆ ਗਿਆ ਅਤੇ ਗੁਰੂ ਜੀ ਤੋਂ ਬਦਲਾ ਲੈਣ ਦੀ ਸੋਚਣ ਲੱਗਾ। ਉਸਨੂੰ ਦੱਸਿਆ ਗਿਆ ਸੀ ਕਿ ਗੁਰੂ ਜੀ ਨੇ ਖੁਸਰੋ ਦੇ ਮੱਥੇ ਉੱਤੇ ਤਿਲਕ ਲਾਇਆ ਸੀ ਅਤੇ ਉਸਦੀ ਕਾਮਯਾਬੀ ਲਈ ਦੁਆ ਕੀਤੀ ਸੀ। ਬਾਦਸ਼ਾਹ ਦੀ ਨਜ਼ਰ ਵਿਚ ਇਹ ਬਾਗ਼ੀਆਨਾ ਹਰਕਤ ਸੀ।

ਬਾਦਸ਼ਾਹ ਜਹਾਂਗੀਰ ਆਪਣੇ ਬਾਗ਼ੀ ਸ਼ਹਿਜ਼ਾਦੇ ਖੁਸਰੋ ਦਾ ਪਿੱਛਾ ਕਰਦਾ ਹੋਇਆ ਪੰਜਾਬ ਆਇਆ, ਤੇ ਉਸਨੇ ਖੁਸਰੋ ਦੇ ਸਾਰੇ ਹਮਾਇਤੀਆਂ ਨੂੰ ਮੌਤ ਦੀ ਸਜ਼ਾ ਦੇ ਕੇ ਆਪਣਾ ਗੁੱਸਾ ਠੰਡਾ ਕੀਤਾ। ਗੁਰੂ ਜੀ ਨੂੰ ਤਸੀਹੇ ਦੇ ਕੇ ਮਾਰ ਦੇਣ ਦਾ ਹੁਕਮ ਦੇ ਦਿੱਤਾ। ਇਹ ਹੁਕਮ ਬਾਦਸ਼ਾਹ ਨੇ ਆਪ ਦਿੱਤਾ ਸੀ। ਇਸ ਗੱਲ ਦਾ ਹਵਾਲਾ ਬਾਦਸ਼ਾਹ ਜਹਾਂਗੀਰ ਦੀ ਸਵੈ-ਜੀਵਨੀ ਤੁਜ਼ਕਿ ਜਹਾਂਗੀਰੀ ਵਿਚ ਮਿਲਦਾ ਹੈ ਜਿਸਦਾ ਪੰਜਾਬੀ ਅਨੁਵਾਦ ਨਿਮਨ-ਅੰਕਿਤ ਹੈ :

"ਗੋਇੰਦਵਾਲ ਵਿਚ ਜੋ ਕਿ ਬਿਆਹ (ਬਿਆਸ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਇਕ ਹਿੰਦੂ ਸੀ। ਉਸਨੇ ਬਹੁਤ ਸਾਰੇ ਭੋਲੇ-ਭਾਲੇ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ ਦਾ ਸਿਦਕੀ ਬਣਾ ਕੇ ਆਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਉਸ ਪਾਸ ਆ ਕੇ ਉਸ ਉੱਤੇ ਪੂਰਾ ਏਤਕਾਦ ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ। ....ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਕੀਤਾ ਕਿ ਉਸ (ਗੁਰੂ ਸਾਹਿਬ) ਨੂੰ ਹਾਜ਼ਰ ਕਰਨ ਤੇ ਉਸਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾਖਾਨ ਨੂੰ ਸੌਂਪ ਦਿੱਤਾ ਅਤੇ ਉਸਦਾ ਮਾਲ ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸਨੂੰ ਡਰਾਉਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰ ਦੇਣ।"[1] ਇਸ ਤਰ੍ਹਾਂ ਸ਼ਾਹੀ ਹੁਕਮ ਦੀ ਪਾਲਨਾ ਕਰਦਿਆਂ ਗੁਰੂ ਜੀ ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ ਅਤੇ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਸ. ਕਪੂਰ ਸਿੰਘ ਆਈ. ਸੀ. ਐੱਸ ਨੇ ਗੁਰੂ ਅਰਜਨ ਕਾਲੀਨ ਇਤਿਹਾਸਕ ਹਵਾਲਿਆਂ ਦੀ ਰੌਸ਼ਨੀ ਵਿਚ ਇਸ ਸਮੁੱਚੇ ਘਟਨਾਕ੍ਰਮ ਬਾਰੇ ਨਿਮਨ-ਅੰਕਿਤ ਟਿੱਪਣੀ ਦਿੱਤੀ ਹੈ ਜੋ ਅਤਿਅੰਤ ਸਾਰਥਕ ਅਤੇ ਅਰਥ ਭਰਪੂਰ ਹੈ :

"ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦਾ ਮੁਗ਼ਲ ਸਾਮਰਾਜ ਨਾਲ ਸਿੱਖ ਪੰਥ ਦਾ ਸੰਘਰਸ਼ ਕੋਈ ਐਵੇਂ ਓਪਰੀ ਅਤੇ ਇਤਫ਼ਾਕੀਆ ਘਟਨਾ ਨਹੀਂ ਸੀ, ਸਗੋਂ ਬੁਨਿਆਦੀ ਆਤਮਿਕ ਅਤੇ ਸਮਾਜਿਕ ਸਿੱਧਾਂਤਾਂ ਦਾ ਘੋਰ ਸੰਘਰਸ਼ ਅਤੇ ਇਤਿਹਾਸਕ ਭੇੜ ਸੀ। ਅਤੇ ਸ਼ੇਖ ਮੁਜੱਦਦ ਅਲਫ਼ਥਾਨੀ (ਅਲਿਫ਼ੇ ਸਾਨੀ) ਸਿਰਹੰਦੀ, ਇਸਲਾਮੀ ਰਾਜ ਦੇ ਝੰਡੇ ਅਤੇ ਅਸੀਮ ਸ਼ਕਤੀ ਹੇਠਾਂ, ਇਸ ਸੰਘਰਸ਼ ਦਾ ਜਰਨੈਲ ਸੀ, ਜਿਸ ਨੇ ਅਤੇ ਜਿਸਦੇ ਉੱਤਰਾਧਿਕਾਰੀ ਗੱਦੀਦਾਰਾਂ ਨੇ ਸਾਹਿਬ ਪੰਚਮ ਪਾਤਸ਼ਾਹ ਨੂੰ ਅਤਿ ਦੇ ਤਸੀਹੇ ਦੇ ਕੇ ਕਤਲ ਕਰਵਾਇਆ, ਗੁਰੂ ਹਰਿਗੋਬਿੰਦ ਸਾਹਿਬ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਅਤੇ ਬੰਦੀਖਾਨੇ ਪਵਾਇਆ, ਗੁਰੂ ਹਰਿਕ੍ਰਿਸ਼ਨ ਨੂੰ

Sri Satguru Jagjit Singh Ji Elibrary NamdhariElibrary@gmail.com

ਸਮਾਪਤ ਕਰਵਾਉਣ ਦਾ ਯਤਨ ਕੀਤਾ, ਗੁਰੂ ਤੇਗ ਬਹਾਦਰ ਦਾ ਸੀਸ ਕਲਮ ਕਰਾਇਆ, ਛੋਟਸ਼ੇਰ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਇਆ, ਦਸਮ ਪਾਤਸ਼ਾਹ ਉੱਤੇ ਘਾਤਕ ਹਮਲਾ ਕਰਵਾਇਆ, ਬੰਦਾ ਸਿੰਘ...." (ਸਾਚੀ ਸਾਖੀ)

ਸਮੁੱਚੇ ਤੌਰ ਤੇ ਅਸੀਂ ਆਖ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਰਚਿਤ ਬਾਣੀ ਦਾਰਸ਼ਨਿਕ ਅਤੇ ਰੂਹਾਨੀ ਚੇਤਨਾ ਦੇ ਹਵਾਲੇ ਨਾਲ ਇਕ ਅਜਿਹੇ ਸਭਿਆਚਾਰ ਦਾ ਸੰਕਲਪ ਪੇਸ਼ ਕਰਦੀ ਹੈ ਜੋ ਮਨੁੱਖ ਨੂੰ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਊਣ ਵਾਲੀ ਜੀਵਨ ਵਿਧੀ ਪ੍ਰਦਾਨ ਕਰਦਾ ਹੈ। ਪਰ ਇਹ ਜੀਵਨ ਵਿਧੀ ਨਿਰੋਲ ਪਰਾਭੌਤਿਕ ਆਦਰਸ਼ਾਂ ਦੀ ਲਖਾਇਕ ਨਹੀਂ ਸਗੋਂ ਸਮਾਜ ਅਤੇ ਸਭਿਆਚਾਰ ਦੇ ਸੰਦਰਭ ਵਿਚ ਵੀ ਡੂੰਘੀ ਅਰਥ-ਸਾਰਥਕਤਾ ਰੱਖਦੀ ਹੈ। ਇਹ ਕ੍ਰਾਂਤੀਕਾਰੀ ਪ੍ਰਵਚਨ ਮੱਧਕਾਲੀਨ ਭਾਰਤੀ ਸਮਾਜ-ਸਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੈ ਅਤੇ ਮੂਲ-ਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਵੱਲ ਰੁਚਿਤ ਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਅਜੋਕੇ ਚਿੰਤਕ ਮਿਸ਼ੇਲ ਫੂਕੋ ਨੇ ਆਪਣੇ ਇਕ ਆਲੋਚਨਾਤਮਕ ਨਿਬੰਧ *ਦ ਡਿਸਕੋਰਸ ਆਨ ਲੈਂਗੁਏਜ* ਵਿਚ ਪ੍ਰਵਚਨ ਨੂੰ ਵਿਭਿੰਨ ਸੰਦਰਭਾਂ ਵਿਚ ਕੀਤੀ ਗਈ ਭਾਸ਼ਾਈ ਵਰਤੋਂ ਆਖਿਆ ਹੈ। ਉਸਦੇ ਸ਼ਬਦਾਂ ਵਿਚ : "Discourse is language in use within multiple contexts-textual, social, cultural and historical. It has to do with the way relationships get mediated by language and other signs-how authors appeal to their audiences, texts apprehend the world they purport to describe and the human self comes to terms with its many others." Foucault, M., *The Discourse on Language.*

Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਦੀ ਸੰਸਾਰ ਦੀ ਭਵਨ ਨਿਰਮਾਣ ਕਲਾ ਨੂੰ ਦੇਣ

ਡਾ. ਐਸ. ਐਸ. ਭੱਟੀ*

ਗੁਰੂ ਅਰਜਨ ਦੇਵ ਦਾ ਜਨਮ 15 ਅਪ੍ਰੈਲ 1563 ਨੂੰ ਹੋਇਆ। ਉਹ ਸਿੱਖ ਮਤ ਦੇ ਪੰਜਵੇਂ ਗੁਰੂ ਸਨ। ਉਹਨਾਂ ਨੂੰ ਕਲਾ ਤੇ ਸਾਇੰਸ ਵਿਚ ਵਧੇਰੇ ਦਿਲਚਸਪੀ ਸੀ ਜਿਸ ਕਰਕੇ ਉਹਨਾਂ ਭਵਨ ਨਿਰਮਾਣ ਕਲਾ ਵਿਚ ਇਕ ਅਹਿਮ ਇਤਿਹਾਸਕ ਯੋਗਦਾਨ ਪਾਇਆ। ਇਹਨਾਂ ਨੂੰ ਗੁਰੂ ਨਾਨਕ ਦੇਵ ਜੀ (1469 ਤੋਂ 1539) ਦੀ ਅਧਿਆਤਮਿਕ ਗੱਦੀ 1581 ਤੋਂ 1606 ਤੱਕ ਪ੍ਰਾਪਤ ਹੋਈ।

ਸੰਨ 1588 ਵਿਚ ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਨੂੰ ਪੱਕੇ ਪਾਣੀ ਤਲਾਓ ਵਿਚ ਤਬਦੀਲ ਕਰ ਦਿੱਤਾ। ਉਸੇ ਹੀ ਵਰ੍ਹੇ ਮੁਸਲਿਮ ਗੁਰੂ ਮੀਆਂ ਮੀਰ ਨੂੰ ਨਮੰਤਰਿਤ ਕਰਕੇ ਹਰਿਮੰਦਰ ਸਾਹਿਬ ਦੀ ਨੀਂਹ ਰੱਖ ਦਿੱਤੀ। ਹੁਣ ਇਸਨੂੰ 'ਗੋਲਡਨ ਟੈਂਪਲ' ਕਰਕੇ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ ਅਤੇ ਸੰਸਾਰ ਦੇ ਕੋਣੇ-ਕੋਣੇ ਤੋਂ ਯਾਤਰੀ ਇਸਨੂੰ ਵੇਖਣ ਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਆਉਂਦੇ ਹਨ। ਦੁਨੀਆਂ ਭਰ ਵਿਚ ਮਹੱਤਵਪੂਰਨ ਭਵਨਾਂ ਵਿਚ ਇਸ ਦਾ ਛੇਵਾਂ ਨੰਬਰ ਆਉਂਦਾ ਹੈ। 1590 ਵਿਚ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਨੇੜੇ ਤਰਨਤਾਰਨ ਵਿਚ ਇਕ ਵੱਡਾ ਪਵਿੱਤਰ ਤਲਾਓ ਬਣਾਇਆ ਜਿਥੇ ਅੱਜ ਵੀ ਹਜ਼ਾਰਾਂ ਸ਼ਰਧਾਲੂ ਦਰਸ਼ਨ ਕਰਨ ਜਾਂਦੇ ਹਨ। ਇਸੇ ਤਰ੍ਹਾਂ ਜ਼ਿਲ੍ਹਾ ਜਲੰਧਰ ਵਿਚ ਪੈਂਦੇ ਕਸਬੇ ਕਰਤਾਰਪੁਰ ਦੀ ਨੀਂਹ ਵੀ ਗੁਰੂ ਅਰਜਨ ਦੇਵ ਜੀ ਨੇ ਹੀ ਰੱਖੀ ਸੀ। ਇਕ ਹੋਰ ਮਹੱਤਵਪੂਰਨ ਸਥਾਨ ਰਾਮਸਰ 1602-1603 ਵਿਚ ਇਹਨਾਂ ਦੁਆਰਾ ਹੀ ਸਥਾਪਿਤ ਕੀਤਾ ਗਿਆ। ਇਹਨਾਂ ਨੇ ਹੀ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ।

ਸ਼ਹਿਰ ਦੀ ਯੋਜਨਾ ਵਿਧੀ ਦੀ ਮੁਹਾਰਤ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਮੈਂ ਦੋ ਭਵਨਾਂ ਨੂੰ ਮੁੱਖ ਰੱਖਕੇ ਉਹਨਾਂ ਦੀ ਬਣਤਰ ਤੇ ਬਿੰਬਾਂ ਦੀ ਅਹਿਮੀਅਤ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਜਿਸ ਬਾਰੇ ਕੋਈ ਪੰਜਾਹ ਕੁ ਵਰ੍ਹੇ ਪਹਿਲਾਂ ਕਿਸੇ ਹੋਰ ਮਤ ਦੇ ਵਿਦਵਾਨਾਂ ਨੇ ਮੇਰੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਸਨ। ਉਸ ਸਮੇਂ ਮੈਂ ਜੇ. ਜੇ. ਸਕੂਲ ਆਫ਼ ਆਰਕੀਟੈਕਚਰ ਦਾ ਵਿਦਿਆਰਥੀ ਸੀ। ਚੌਥੇ ਵਰ੍ਹੇ ਵਿਚ ਇਕ ਟਰੇਨਿੰਗ ਦੌਰਾਨ ਉਸ ਸ਼ਖ਼ਸੀਅਤ ਦੀ ਮੁਲਾਕਾਤ ਮੇਰੇ ਨਾਲ ਹੋਈ ਤੇ ਮੇਰੀ ਟਰੇਨਿੰਗ ਵੀ ਉਸੇ ਅਧੀਨ ਸੀ। ਉਹ ਇੰਜੀਨੀਅਰ ਸਨ ਪਰੰਤੂ ਆਰਕੀਟੈਕਟ ਵੀ ਸਨ। ਉਸ ਕੋਲ ਦੁਰਲੱਭ ਗਿਆਨ ਦਾ ਭੰਡਾਰ ਸੀ ਜਿਸ ਨਾਲ ਉਹ ਇਕੱਲੇ ਹੀ ਸੰਪੂਰਨ ਭਵਨ ਖੜ੍ਹਾ ਕਰਨ ਦਾ ਹੌਸਲਾ ਰੱਖਦੇ ਸਨ।

* ਰਿਟਾਇਰਡ ਪ੍ਰਿੰਸੀਪਲ, ਕਾਲਜ ਆਫ਼ ਆਰਕੀਟੈਕਚਰ, ਚੰਡੀਗੜ੍ਹ।

Sri Satguru Jagjit Singh Ji Elibrary NamdhariElibrary@gmail.com

ਉਹਨਾਂ ਮੈਨੂੰ ਮਖੌਲ ਲਹਿਜੇ ਵਿਚ ਕਿਹਾ ਕਿ ਮੈਂ ਆਪਣੇ ਜਨਮ ਸਥਾਨ ਅੰਮ੍ਰਿਤਸਰ ਵਿਚ ਦੋ ਭਵਨ ਨਿਰਮਾਣ ਕਲਾ ਦੇ ਹੀਰਿਆਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਤੇ ਇਸ਼ਾਰਾ ਕੀਤਾ ਤਰਨਤਾਰਨ ਦੇ ਖੁਲ੍ਹੇ ਖੜ੍ਹੇ ਮੇਹਰਾਬੀ ਮਾਰਗ ਵੱਲ। 'ਜੇਕਰ ਤੂੰ ਜੀਵਨਕਾਲ ਵਿਚ ਅਜਿਹੀ ਬਣਤਰ ਦਾ ਨਿਰਮਾਣ ਕਰ ਦੇਵੇਂ ਤੂੰ ਅਮਰ ਹੋ ਜਾਵੇਂਗਾ।' ਦੂਜਾ ਭਵਨ ਹੈ 'ਗੋਲਡਨ ਟੈਂਪਲ' ਉਹਨਾਂ ਬੋਲਣਾ ਜਾਰੀ ਰੱਖਿਆ, ਇਸ ਦਾ ਅੰਡਾਕਾਰ ਗੁੰਬਦ, ਜਿਸਦੀ ਬਣਤਰ ਵਿਚੋਂ ਸਿੱਖ ਮਤ ਦਾ ਪ੍ਰਮੁੱਖ ਸਿਧਾਂਤ ਨਿਮਰਤਾ ਡੁਲ੍ਹ ਡੁਲ੍ਹ ਪੈਂਦਾ ਹੈ। ਮੈਂ ਹੈਰਾਨ ਹਾਂ ਕਿ ਕਿਸੇ ਸਿੱਖ ਮਤ ਵਾਲੇ ਬੰਦੇ ਨੇ ਇਹਨਾਂ ਭਵਨਾਂ ਦੀ ਬਣਤਰ ਉੱਤੇ ਏਨੀ ਡੂੰਘਾਈ ਨਾਲ ਵੇਖਕੇ ਖੋਜ ਕੀਤੀ ਹੋਵੇਗੀ। ਜਦੋਂ ਕਿ ਗੋਲਡਨ ਟੈਂਪਲ ਸਿੱਖ ਭਵਨ ਨਿਰਮਾਣ ਸਟਾਈਲ ਦਾ ਪ੍ਰਮੁੱਖ ਨਮੂਨਾ ਹੈ ਤੇ ਗੁਰੂ ਅਰਜਨ ਦੇਵ ਦੀ ਰਚਨਾ ਕਰਕੇ ਪਛਾਣਿਆ ਜਾਂਦਾ ਹੈ ਜਿਸ ਕਰਕੇ ਮੈਂ ਇਸ ਪਵਿੱਤਰ ਮੰਦਰ ਦਾ ਵਿਸਤਰਤ ਅਧਿਐਨ ਪੇਸ਼ ਕਰਕੇ, ਗੁਰਪ੍ਰਸਾਦਿ ਦੇ ਰੂਪ ਵਿਚ, ਇਕੱਠੇ ਹੋਏ ਵਿਦਵਾਨਾਂ ਸਾਹਮਣੇ ਰੂ-ਬ-ਰੂ ਹੁੰਦਾ ਹਾਂ ਤੇ ਮਾਣ ਮਹਿਸੂਸ ਕਰਦਾ ਹਾਂ।

## ਸੁਨਹਿਰੀ ਮੰਦਰ ਦਾ ਪ੍ਰਸਤੁਤੀਕਰਨ

### ਆਮ ਵਿਸ਼ੇਸ਼ਤਾਵਾਂ

ਪ੍ਰਸਿੱਧ ਵਿਦਵਾਨ ਸਵਰਗੀ ਪੀ. ਐਸ. ਅਰਸ਼ੀ ਨੇ ਇਸ ਗੋਲਡਨ ਟੈਂਪਲ ਬਾਰੇ ਲਿਖਿਆ ਹੈ ਕਿ ਇਹ 'ਛੇ ਭੁੱਜ-ਚੌਰਸ' ਯੋਜਨਾ ਉੱਤੇ ਸਥਾਪਿਤ ਹੈ, ਜਿਸ ਦੇ ਸਾਹਮਣੇ ਵੱਲ ਚੌਰਸ ਤੇ ਪਿਛਲੇ ਅੱਧ-ਛੇ-ਗੁਣੀਆਂ ਦਾ ਮਿਸ਼ਰਨ ਹੈ। ਚੌਰਸ ਹਿੱਸੇ ਦੀ ਤਿੰਨ ਸਤਹ ਬਣਤਰ ਹੈ ਜਦੋਂ ਕਿ ਅੱਧ-ਛੇ-ਗੁਣੀਆਂ ਦੋ ਸਤਹਾਂ ਦੀ ਉੱਚਾਈ ਤੱਕ ਉੱਠਦਾ ਹੈ। ਮੁੱਖ ਭਵਨ ਚੌਰਸ ਹੈ ਜਿਸ ਦੀ ਛੱਤ ਉੱਤੇ ਅੰਡਾਕਾਰ ਗੁੰਬਦ ਹੈ ਜਿਹੜਾ ਬਿਲਡਿੰਗ ਨੂੰ 1-1/2 ਮੰਜ਼ਿਲਾ ਬਣਾ ਦਿੰਦਾ ਹੈ। ਸੱਚ ਖੰਡ ਬਣਤਰ ਇਕ ਮੰਜ਼ਿਲੀ ਹੈ ਤੇ ਇਸ ਉੱਤੇ ਦੂਗਣੀ ਉਚਾਈ ਪ੍ਰਕਾਸ਼ ਅਸਥਾਨ ਲਈ ਹੈ। ਇਸ ਦਾ ਵਿਸਤਾਰਮਈ ਅੰਤਰਾਲ ਇੰਞ ਬਣਿਆ ਹੈ ਕਿ ਸ਼ਰਧਾਲੂ ਮੱਧ ਸਤਹ ਤੋਂ ਹੀ ਆਦਿ ਗ੍ਰੰਥ ਦੇ ਦਰਸ਼ਨ ਕਰਨ ਦੀ ਸਮਰੱਥਾ ਰੱਖਦੇ ਹਨ। ਸਾਹਮਣੇ ਵਾਲੇ ਦੋ ਕੋਨਿਆਂ ਉੱਤੇ ਦੋ ਬੁਰਜੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ ਦਾ ਆਧਾਰ ਸ਼ਕਤੀਸ਼ਾਲੀ ਬਣਤਰ ਉੱਤੇ ਟਿਕਿਆ ਹੋਇਆ ਹੈ ਤੇ ਹਰੇਕ ਨੂੰ ਪੌੜੀਆਂ ਚੜ੍ਹਦੀਆਂ ਹਨ। ਬਿਲਕੁਲ ਇਸੇ ਤਰ੍ਹਾਂ ਅੱਧ ਛੇ ਗੁਣੀਆਂ ਦੀਆਂ ਝੁਕੀਆਂ ਬਾਹੀਆਂ ਉੱਤੇ ਦੋ ਬੁਰਜੀਆਂ ਖੜ੍ਹੀਆਂ ਹਨ ਪਰੰਤੂ ਇਹਨਾਂ ਦੇ ਨਮੂਨੇ ਬਿਲਕੁਲ ਵੱਖਰੇ ਹਨ। ਮੁੱਖ ਭਵਨ ਚੌਰਸ ਆਕਾਰ ਦਾ ਹੈ ਜਿਸ ਅੰਦਰ ਪੂਜਾ-ਅਸਥਾਨ ਹੈ ਤੇ ਇਸੇ ਚੌਰਸ ਨੂੰ ਵਧਾਕੇ ਚਬੂਤਰਾ ਬਣਾ ਦਿੱਤਾ ਗਿਆ ਹੈ। ਇਸ ਨਾਲ ਅੱਧ ਛੇ ਭੁਜ ਦੀ ਅੱਧੀ ਬਾਹੀ ਜੁੜੀ ਹੋਈ ਹੈ ਜਿਹੜੀ ਪਰਕਰਮਾ ਬਣਾਉਂਦੀ ਹੈ ਤੇ ਸਾਹਮਣੇ ਤੇ ਦੂਜਾ ਅਕਾਸ਼ ਵੱਲ ਖੁੱਲ੍ਹਦੀ ਹੈ। ਪਰੰਤੂ ਪਿਛਿਓਂ ਛੱਤਿਆ ਹੋਇਆ ਰਸਤਾ ਹੈ। ਇਸ ਤਰ੍ਹਾਂ ਪਹਿਲੀ ਮੰਜ਼ਿਲ ਦੀ ਛੱਤ ਮੁੱਖ ਮੰਦਰ ਦੇ ਸਾਹਮਣੇ ਤੇ ਸਹਾਇਕ ਅੱਗੇ ਪਿਛੇ ਦੋਵਾਂ ਵਿਚਾਲੇ ਪੁਲ ਬਣਾਉਂਦੀ ਹੈ। ਸਾਰੀ ਬਿਲਡਿੰਗ ਚੌਰਸ ਪਾਣੀ ਤਲਾਓ ਦੇ ਵਿਚਕਾਰ ਖੜ੍ਹੀ ਹੈ। ਪੱਛਮੀ ਦਿਸ਼ਾ ਵੱਲੋਂ ਮੁੱਖ ਮੰਦਰ ਦੀ ਪਹੁੰਚ ਇਕ ਵੱਡੇ ਦਰਵਾਜ਼ੇ ਰਾਹੀਂ ਹੈ ਜਿਸਨੂੰ ਦਰਸ਼ਨੀ-ਡਿਊਢੀ ਕਿਹਾ ਜਾਂਦਾ ਹੈ। ਪਵਿੱਤਰ ਤਲਾਓ ਦੀ ਵਰਗਬੰਦੀ ਸੁਰੱਖਿਆ ਬਾਹਰ ਨੂੰ ਰੂਪਮਾਨ ਕਰਦੀ ਹੈ, ਖੁੱਲ੍ਹੀ ਪਰਿਕਰਮਾ ਜਿਸ ਦੇ ਨਾਲ-ਨਾਲ ਛੱਤਿਆ ਹੋਇਆ ਬਰਾਂਡਾ ਭੀ ਇਸੇ ਪਰਿਕਰਮਾ ਨੂੰ ਚੁਫੇਰੇ ਸਾਕਾਰ ਕਰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਬਾਹਰੀ ਪਰਿਕਰਮਾ ਦੇ ਚਾਰੋਂ ਤਰਫ਼ ਵਿਚਕਾਰ ਇਕ-ਇਕ ਵੱਡੀ ਬਿਲਡਿੰਗ ਖੜ੍ਹੀ ਹੈ ਜਿਹੜੀ ਗੋਲਡਨ ਟੈਂਪਲ ਦੇ ਦਾਇਰੇ ਦਾ ਮਹੱਤਵਪੂਰਨ ਹਿੱਸਾ ਹਨ। ਪੱਛਮੀ ਤਰਫ਼ ਅਕਾਲ ਤਖ਼ਤ ਹੈ ਜਿਹੜਾ ਮੁੱਖ ਪਵਿੱਤਰ ਮੰਦਰ ਦਾ ਅਟੁੱਟ ਹਿੱਸਾ ਹੈ ਜਿਸਨੂੰ 'Abode of gods spiritual attribute' ਤੇ ਪਵਿੱਤਰ ਮੰਦਰ ` 'seat of this temporal athority' ਮੰਨਿਆ ਜਾਂਦਾ ਹੈ। ਉੱਤਰੀ ਤੇ ਦੱਖਣੀ ਦਿਸ਼ਾ ਵਿਚ ਇਕੋ ਜਿਹੀਆਂ ਬਿਲਡਿੰਗਾਂ ਹਨ ਜਿਹੜੀਆਂ ਦਰਵਾਜ਼ਿਆਂ ਦਾ ਜਾਂ ਹੋਰ ਕੰਮਾਂ ਦੀ ਪੂਰਤੀ ਦੇ ਕੰਮ ਆਉਂਦੀਆਂ ਹਨ। ਪੂਰਬ ਦਿਸ਼ਾ ਵਿਚ ਵੱਖਰਾ ਖੜ੍ਹਾ ਦਰਵਾਜ਼ਾ ਨਿਵੇਕਲੀ ਦਿੱਖ ਦਾ ਪ੍ਰਗਟਾਵਾ ਕਰਦਾ ਹੈ।

**ਦਰਬਾਰ ਸਾਹਿਬ ਦਾ ਡੀਜ਼ਾਈਨ**

ਸਿੱਖ ਮਤ ਦੇ ਪਵਿੱਤਰ ਮੰਦਰਾਂ ਵਿਚੋਂ ਇਹ ਮੰਦਰ 'ਹਰਿ-ਮੰਦਰ' (ਪ੍ਰਮਾਤਮਾ ਦਾ ਮੰਦਰ) ਜਾਂ ਫੇਰ ਦਰਬਾਰ ਸਾਹਿਬ (ਪ੍ਰਮਾਤਮਾ ਦੀ ਕਚਹਿਰੀ) ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। 'ਸਾਹਿਬ' ਸ਼ਬਦ ਤੋਂ ਭਾਵ ਹੈ ਪ੍ਰਮਾਤਮਾ ਦਾ ਅਧਿਆਤਮਿਕ ਰੂਪ ਵਿਚ ਜਿਸ ਦੇ ਆਸ਼ੀਰਵਾਦ ਨਾਲ ਇਹ ਸੰਸਾਰ ਹੋਂਦ ਵਿਚ ਆਇਆ ਹੈ। ਗੁਰੂ ਨਾਨਕ ਦੇਵ ਜੀ ਨੇ ਭੀ ਸਾਹਿਬ ਨੂੰ ਪ੍ਰਮਾਤਮਾ ਲਈ ਹੀ ਵਰਤਿਆ ਹੈ। ਇਹ 'ਸਾਹਿਬ' ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਤੋਂ ਭਾਵ ਹੈ 'ਮਾਸਟਰ' 'ਮਾਲਕ' 'ਲੋਰਡ'/ਸਿੱਖ ਮਤ ਵਿਚ 'ਸਾਹਿਬ' ਹਰੇਕ ਥਾਂ ਪ੍ਰਮਾਤਮਾ ਪ੍ਰਤਿ ਸ਼ਰਧਾ ਨੂੰ ਸਾਕਾਰ ਕਰਦਾ ਹੈ। ਸਿੱਖ ਧਰਮ ਦੇ ਪਵਿੱਤਰ ਗ੍ਰੰਥ ਨੂੰ ਗੁਰੂ ਸਾਹਿਬ ਕਿਹਾ ਜਾਂਦਾ ਹੈ ਜਿਸਦਾ ਸਾਹਿਤਕ ਅਰਥ ਮਿਸਟਰ ਬੁੱਕ, ਉਚਕੋਟਿ ਦਾ ਗੁਰੂ; ਅਨੰਦਪੁਰ ਸਾਹਿਬ; ਖੁਸ਼ੀਆਂ ਦਾ ਸ਼ਹਿਰ, ਜਿੱਥੇ ਪ੍ਰਮਾਤਮਾ ਵਸਦਾ ਹੈ ਵਗੈਰਾ।

ਇਕ ਚੌਰਸ ਇਮਾਰਤ ਜਿਸਦਾ ਮਾਪ 40'-7" × 40'-7" ਹੈ, ਹਰਿਮੰਦਰ ਦੇ ਮੁੱਖ ਪੂਜਾ ਸਥਾਨ ਨੂੰ ਰੂਪਮਾਨ ਕਰਦੀ ਹੈ ਜਿਹੜਾ 66'-4" ਦੀ ਚੌਰਸ ਚੌਕੜੀ ਉੱਤੇ ਖੜ੍ਹਾ ਹੈ। ਤਕਨੀਕੀ ਪੱਖੋਂ ਬੋਲਦਿਆਂ, ਇਹ ਬਿਲਡਿੰਗ ਦੋ ਮੰਜ਼ਲੀ ਹੈ ਅਤੇ ਤੀਜੀ ਮੰਜ਼ਿਲ ਚੌਰਸ ਮੰਡਪ ਹੈ ਜਿਸ ਦੀ ਛੱਤ ਗੋਲ ਗੁੰਬਦ ਨਾਲ ਢੱਕੀ ਹੋਈ ਹੈ। ਇਹ ਖੁੱਲ੍ਹਾ ਮੰਡਪ ਪੂਰਾ ਚੌਰਸ ਕਮਰਾ ਹੈ ਜਿਸ ਦਾ ਬਾਹਰੀ ਆਕਾਰ 19'×5'×19'-5' ਹੈ। ਮੁੱਖ ਪੂਜਾ ਅਸਥਾਨ ਦੀ ਛੇ ਪਾਸਿਆਂ ਬਣਤਰ ਵਿਚਾਲੇ ਦੂਹਰੀ ਉਚਾਈ ਹੈ ਤੇ ਨਾਲ ਪਹਿਲੀ ਮੰਜ਼ਿਲ ਦੀ ਗੈਲਰੀ ਵਿਚਕਾਰ ਅੰਤਰਾਲ ਦੇ ਦੁਵੇਰੇ ਘੁੰਮਦੀ ਹੈ। ਧਰਤੀ ਉੱਤੇ ਬਣਿਆ ਪੂਜਾ ਸਥਾਨ ਪ੍ਰਕਾਸ਼ ਅਸਥਾਨ ਅਖਵਾਉਂਦਾ ਹੈ ਜਾਂ ਜਿਥੇ ਗੁਰੂ ਸਾਹਿਬ ਦੀ ਰੌਸ਼ਨੀ ਜਗਦੀ ਹੈ। ਖੁੱਲ੍ਹੀ ਛੱਤ ਵਾਲੇ ਮੰਡਪ ਦਾ ਕੰਮ ਹੈ ਕਿ ਉਹ ਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖੇ ਤੇ ਕਿਸੇ ਕਿਸਮ ਦੀ ਉਲੰਘਣਾ ਨਾ ਹੋਵੇ। ਪਵਿੱਤਰ ਸਥਾਨ ਦੇ ਆਰ-ਪਾਰ ਲੰਘਕੇ ਜਾਣਾ ਪ੍ਰਮਾਤਮਾ ਦੀ ਤੌਹੀਨ ਹੁੰਦੀ ਹੈ। ਪਿੰਡਾਂ ਵਿਚ ਭੀ ਜਿਥੇ ਪ੍ਰਕਾਸ਼-ਸਥਾਨ ਹੁੰਦਾ ਹੈ ਤੇ ਗੁੰਬਦ ਨਹੀਂ ਹੁੰਦਾ, ਉਸ ਸਥਾਨ ਦੀ ਪਵਿੱਤਰਤਾ ਕਾਇਮ ਰੱਖਣ ਵਾਸਤੇ ਕੰਡਿਆਂ ਵਾਲੀਆਂ ਝਾੜੀਆਂ ਰੱਖ ਦਿੱਤੀਆਂ ਜਾਂਦੀਆਂ ਸਨ।

ਛੇ ਕੋਣੀ ਬਣਤਰ ਵਾਲੀ ਇਮਾਰਤ ਦੇ ਪਿਛਲੇ ਅੱਧ ਵਿਚ ਇਕ ਮੋਰੀ ਦੇ ਕੇ ਉਤਰ ਤੇ ਦੱਖਣ ਵਾਲੀਆਂ ਉਚਾਈਆਂ ਦੀ ਛੇ ਕੋਣੀ ਬਣਤਰ ਨੂੰ ਇਕ ਸੁੰਦਰ ਰੂਪ ਦਿੱਤਾ ਗਿਆ ਹੈ ਤੇ ਇੰਝ ਪਰਿਕਰਮਾ ਦੇ ਪਿਛਲੇ ਹਿੱਸੇ ਨੂੰ ਛੋਟਿਆ ਗਿਆ ਹੈ। ਦੂਜੀ ਮੰਜ਼ਿਲ ਦੀ ਛੱਤ ਦੇ ਪੱਧਰ

Sri Satguru Jagjit Singh Ji Elibrary NamdhariElibrary@gmail.com

ਉੱਤੇ ਲਗਾਤਾਰ ਬਨੇਰਾ ਬਣਾ ਕੇ ਛੇ ਕੋਣੀ ਬਣਤਰ ਦੀ ਬਾਹਰਲੀ ਦਿੱਖ ਨੂੰ ਕਾਇਮ ਰੱਖਿਆ ਗਿਆ ਹੈ।

ਇਸੇ ਤਰ੍ਹਾਂ ਸਰਲ ਢੰਗ ਨਾਲ ਪ੍ਰਕਾਸ਼-ਅਸਥਾਨ ਉੱਤੇ ਬਣਿਆ ਗੁੰਬਦ ਵਾਲਾ ਚਬੂਤਰਾ ਪੱਛਮ, ਉਤਰ ਤੇ ਦੱਖਣ ਦੀਆਂ ਉਚਾਈਆਂ ਵੱਲ ਦਰਸਾਇਆ ਗਿਆ ਹੈ। ਪਹਿਲੀ ਮੰਜ਼ਿਲ ਦੀ ਸਤਹ ਉੱਤੇ ਤਿੰਨ-ਤਿੰਨ ਖਿੜਕੀਆਂ ਨੂੰ ਵਧਾ ਕੇ ਪੈਨਜ ਨੂੰ ਸਤੰਭਾਂ ਦੁਆਰਾ ਫਰੇਮ ਕੀਤਾ ਗਿਆ ਹੈ। ਭਗਤਾਂ ਵਾਸਤੇ ਪਹਿਲੀ ਮੰਜ਼ਿਲ ਦੀ ਗੈਲਰੀ ਵਿਚ ਵਧੀਆਂ ਹੋਈਆਂ ਖਿੜਕੀਆਂ ਉੱਤੇ ਖ਼ੂਬਸੂਰਤ ਛੱਜੇ ਖ਼ਾਸ ਪੂਜਾ ਦੇ ਸਥਾਨ ਨੂੰ ਭਵਨ ਨਿਰਮਾਣ ਕਲਾ ਦੀ ਮਹੱਤਤਾ ਬਾਰੇ ਚੌਕੰਨਾ ਕਰਦੇ ਹਨ। ਹੇਠਲੀ ਮੰਜ਼ਿਲ ਵਿਚ ਸਥਾਪਿਤ ਮੁੱਖ ਪੂਜਾ ਅਸਥਾਨ ਦੀ ਹਰੇਕ ਬਾਹੀ ਦੇ ਵਿਚਕਾਰ ਇਕ ਦਰਵਾਜ਼ਾ ਹੈ ਜਿਹੜਾ ਦੋ ਪੂਰਾ ਯੋਜਨਾ ਨੂੰ ਦ੍ਰਿਸ਼ਟੀਗਤ ਸਵਰ ਬਖ਼ਸ਼ਦਾ ਹੈ, ਜਿਸਨੂੰ ਸਿੱਧੇ ਧੁਰੇ ਉੱਤੇ ਸੰਤੁਲਿਤ ਦਰਸਾਇਆ ਗਿਆ ਹੈ (ਇਹ ਪੱਛਮੀ ਅੰਦਰੂਨੀ ਦਿਸ਼ਾ ਹੈ)। ਪਹਿਲੀ ਮੰਜ਼ਿਲ ਉੱਤੇ ਭੀ ਇਕ ਵਧੀ ਹੋਈ ਖਿੜਕੀ ਹੈ। ਹਰੇਕ ਅੱਧ ਛੇ ਗੁਣਾਂ ਦੀ ਬਾਹੀ ਵੱਲ ਝੁੱਕਿਆ ਹੋਇਆ ਹੈ। ਪੂਰਬੀ ਦਿਸ਼ਾ ਜਾਂ ਫੇਰ ਅੱਧ ਛੇ ਗੁਣਾਂ ਦਾ ਵਿਚਕਾਰਲਾ ਹਿੱਸਾ ਛੱਜੇਦਾਰ ਖਿੜਕੀ ਨਾਲ ਸੁਸਜਿਤ ਹੈ, ਜਿਸ ਦੇ ਸਿਖਰ ਉੱਤੇ ਅੱਧਾ ਗੁੰਬਦ ਤੇ ਹੇਠਲੇ ਹਿੱਸੇ ਉੱਤੇ ਅੱਧਾ ਕਮਲ ਦਾ ਫੁੱਲ ਹੈ, ਬਿਲਡਿੰਗ ਦੇ ਇਸ ਹਿੱਸੇ ਦੀ ਬਣਤਰ ਨੂੰ ਇੰਝ ਦੁਹਰਾਇਆ ਹੈ ਜਿਵੇਂ ਇਹ ਸੁਝਾਓ ਦੇ ਰਿਹਾ ਹੋਵੇ ਕਿ ਇਕ ਅੱਧ ਛੇ ਗੁਣਾਂ ਮੁੱਖ ਪੂਜਾ ਅਸਥਾਨ ਦੀ ਚੌਰਸ ਯੋਜਨਾ ਵਿਚ ਹੀ ਹੈ। ਪਰਿਕਰਮਾ ਦਾ ਛੋਟਿਆ ਹਿਸਾ ਉੱਤਰੀ ਤੇ ਦੱਖਣੀ ਉਚਾਈਆਂ ਨੂੰ ਅਨੇਕਾਂ ਮਹਿਰਾਬਾਂ ਵਾਲੇ ਮਾਰਗਾਂ ਰਾਹੀਂ ਇਸ ਨੂੰ ਢੱਕਿਆ ਹੈ ਤੇ ਤਿੰਨ ਖਿੜਕੀਆਂ ਪਹਿਲੀ ਮੰਜ਼ਿਲ ਦੀ ਸਤਹ ਉੱਤੇ ਬਣੀਆਂ ਹੋਈਆਂ ਹਨ, ਨੂੰ ਦਿਖਾਉਂਦਾ ਹੈ।

ਪਹਿਲੀ ਮੰਜ਼ਿਲ ਤੋਂ ਲੈ ਕੇ ਉੱਪਰ ਤੱਕ ਸਾਰੀ ਬਿਲਡਿੰਗ ਸੰਗਮਰਮਰ ਨਾਲ ਢੱਕੀ ਹੋਈ ਹੈ। ਸਭ ਤੋਂ ਉਪਰਲੀ ਮੰਜ਼ਿਲ ਤਾਂਬੇ ਦੀਆਂ ਪੱਤਰੀਆਂ ਨਾਲ ਜੜਿਤ ਹੈ। ਉਪਰਲੇ ਤੇ ਹੇਠਲੇ ਹਿੱਸੇ ਵਿਚ ਏਕੀਕਰਣ ਪੈਦਾ ਕਰਨ ਵਾਸਤੇ ਉਪਰਲੀ ਮੰਜ਼ਿਲ ਦੇ ਦਰਵਾਜ਼ਿਆਂ ਨੂੰ ਤਾਂਬੇ ਦੀਆਂ ਪਤਰੀਆਂ ਨਾਲ ਜੜ ਦਿੱਤਾ ਗਿਆ ਹੈ। ਮੁੱਖ ਗੁੰਬਦ ਤੇ ਸਹਾਇਕ ਬਣਤਰ ਇਕੋ ਹੀ ਸਕੀਮ ਨੂੰ ਦੁਹਰਾ ਰਹੇ ਹਨ ਤਾਂ ਕਿ ਅੰਡਾਕਾਰ ਗੁੰਬਦ ਚੌਰਸ ਕਮਰੇ ਦੀਆਂ ਚਾਰੇ ਬਾਹੀਆਂ ਉੱਤੇ ਬਣੇ ਆਂਦਰਾਂ ਕਦੇ ਬਨੇਰੇ, ਜਿਹੜੇ ਕੋਣਿਆਂ ਉੱਤੇ ਖੜ੍ਹੇ ਕਦੇ ਮਿਲਦੇ ਹਨ ਤੇ ਕਦੇ ਗਿਰਦੇ ਹਨ ਗੁੰਬਦ ਥੰਭਾਦਾਰ ਗੁੰਬਦਾਂ ਦੇ ਥੰਮ ਬਣਦੇ ਹਨ, ਇਹਨਾਂ ਉੱਤੇ ਭੀ ਤਾਂਬੇ ਦੀ ਪੱਤਰੀ ਚੜ੍ਹੀ ਹੋਈ ਹੈ।

ਚਾਰ ਫੁੱਟ ਉੱਚੀ ਕੰਧੋਲੀ ਖੁੱਲ੍ਹੀ ਛੱਤ ਨੂੰ ਬੰਦ ਕਰਦੀ ਹੈ ਤੇ ਸਾਹਮਣੇ ਵਾਲੇ ਕੋਣਿਆਂ ਨੂੰ ਬਲ ਦਿੰਦੀ ਹੈ ਤੇ ਨਾਲ ਹੀ ਅਧ-ਛੇ ਗੁਣਾਂ ਆਕਾਰ ਦੀਆਂ ਝੁਕੀਆਂ ਹੋਈਆਂ ਬਾਹੀਆਂ ਪੌੜੀਆਂ ਦੀ ਬਣਤਰ ਨਾਲ ਆਪਣਾ ਆਪਾ ਉਭਾਰਦੀਆਂ ਹਨ। ਹਰੇਕ ਦ੍ਰਿਸ਼ਟੀਗਤ ਪ੍ਰਮੁੱਖ ਬਿੰਦੂ ਉੱਤੇ ਇਕ-ਇਕ ਬੁਰਜੀ ਦਾ ਨਿਰਮਾਣ ਹੈ। ਮੁੰਡੇਰ ਜਿਹੜੀ ਇਹ ਚਾਰ ਭਵਨ ਨਿਰਮਾਣ ਕਲਾ ਦੀਆਂ ਵਿਸ਼ੇਸ਼ਤਾਵਾਂ ਵਿਚ ਦਾਖਲਾ ਕਰਦੀ ਹੈ, ਇਸ ਉੱਤੇ ਗੁੰਬਦਾਂ ਦੀ ਸਰੰਖਲਾ ਹੈ ਜਿਵੇਂ ਸਾਹਮਣੇ ਸੱਤ, ਉੱਤਰ ਤੇ ਦੱਖਣ ਵਿਚ ਉਨੀ ਤੇ ਪਿਛੇ ਪੂਰਬ ਵੱਲ ਤੇਰਾਂ ਹਨ। ਮੁੱਖ

Sri Satguru Jagjit Singh Ji Elibrary NamdhariElibrary@gmail.com

ਦਰਵਾਜ਼ੇ ਉੱਤੇ ਵਿਚਕਾਰਲਾ ਗੁੰਬਦ ਛੱਤਰੀ ਵਾਂਗ ਸੁਸਜਿਤ ਹੈ। ਆਮ ਉਚਾਈ ਵਾਲਾ ਬਨੇਰਾ ਮੁੱਖ ਗੁੰਬਦ ਦੀ ਦਿਖ ਵਿਚ ਕਿਸੇ ਕਿਸਮ ਦੀ ਕੋਈ ਅੜਚਣ ਨਹੀਂ ਪਾਉਂਦਾ। ਇਸੇ ਕਰਕੇ ਬਹੁਤ ਉੱਚੇ ਡਰੰਮ ਜਿਹੜੇ ਗੁੰਬਦ ਨੂੰ ਥੰਮਣੀ ਦਿੰਦੇ ਸਨ, ਉਹਨਾਂ ਨੂੰ ਛੱਡ ਦਿੱਤਾ ਗਿਆ। ਤਾਂਬੇ ਦੀਆਂ ਚੜ੍ਹੀਆਂ ਪਤਰੀਆਂ ਦੀ ਸਜਾਵਟ 'ਰੇਪੂਜ਼ੀ' ਤਕਨੀਕ ਵਿਚ ਕੀਤੀ ਗਈ ਸੀ ਜਿਸ ਵਿਚ ਤਾਂਬੇ ਦੀਆਂ ਪਤਰੀਆਂ ਨੂੰ ਪਿਛੋਂ ਹਥੌੜਿਆਂ ਨਾਲ ਕੁੱਟ ਕੇ ਨਮੂਨੇ ਬਾਹਰ ਕੱਢੇ ਜਾਂਦੇ ਸਨ। ਹੇਠਲੇ ਹਿੱਸੇ ਵਿਚ ਰੰਗਦਾਰ ਪੱਥਰਾਂ ਨੂੰ ਜੜ੍ਹ ਕੇ ਨਮੂਨੇ ਬਣਾਏ ਗਏ ਹਨ ਜਿਨ੍ਹਾਂ ਦੇ ਧਰਾਤਲ ਉੱਤੇ ਸੰਗਮਰਮਰ ਹੁੰਦਾ ਹੈ। ਤੜਕ ਭੜਕ ਹੋਣ ਦੇ ਬਾਵਜੂਦ ਮੰਦਰ ਦੀ ਸਜਾਵਟ ਆਪਣੇ ਆਪੇ ਵਿਚ ਕੰਟਰੋਲ ਰੱਖਣ ਲਈ ਪ੍ਰੇਰਤ ਕਰਦੀ ਹੈ।

ਪੂਜਾ ਅਸਥਾਨ ਦਾ ਪੂਰਬੀ ਦਰਵਾਜ਼ਾ 'ਹਰ ਕੀ ਪੌੜੀ' ਰਾਹੀਂ ਅੰਮ੍ਰਿਤ ਸਰੋਵਰ ਤੱਕ ਪਹੁੰਚਦਾ ਹੈ। 'ਹਰ ਕੀ ਪੌੜੀ' ਦੇ ਹਰੇਕ ਕੋਣੇ ਉੱਤੇ ਇਕ ਬੁਰਜੀ ਹੈ ਜੋ ਪੌੜੀਆਂ ਦੀ ਚੌੜਾਈ ਨਿਸ਼ਚਿਤ ਕਰਦੀਆਂ ਹਨ। ਇਹਨਾਂ ਪੌੜੀਆਂ ਰਾਹੀਂ ਸ਼ਰਧਾਲੂ ਅੰਮ੍ਰਿਤ ਰੂਪੀ ਪਾਣੀ ਨੂੰ ਆਪਣੇ ਪਾਪ ਧੋਣ ਵਾਸਤੇ ਤੇ ਅਸ਼ੀਰਵਾਦ ਲੈਣ ਲਈ ਪ੍ਰਸ਼ਾਦ ਦੇ ਰੂਪ ਵਿਚ ਪ੍ਰਾਪਤ ਕਰਦੇ ਹਨ। ਅਜਿਹੀ ਬੁਰਜੀ ਪਵਿੱਤਰ ਮੰਦਰ ਦੇ ਛੇ ਕੋਣੇ ਚੌਰਸ ਚਬੂਤਰੇ ਦੇ ਛੇ ਕੋਣਿਆਂ ਨੂੰ ਸਜਾਉਂਦੀ ਹੈ। 'ਹਰ ਕੀ ਪੌੜੀ' ਦੇ ਦੋਵੇਂ ਪਾਸੇ ਚੜ੍ਹਦੀਆਂ ਪੌੜੀਆਂ ਉਪਰਲੀ ਮੰਜ਼ਿਲ ਨੂੰ ਜਾਂਦੀਆਂ ਹਨ।

ਦਰਸ਼ਨੀ ਡਿਉੜੀ ਤੋਂ ਮੁੱਖ ਪੂਜਾ ਅਸਥਾਨ ਤੱਕ ਜਾਂਦੀ ਪਟੜੀ ਦੇ ਦੋਵੇਂ ਪਾਸੇ ਅੱਠ ਸੰਗਮਰਮਰ ਦੇ ਸਤੰਭ ਹਨ ਜਿਨ੍ਹਾਂ ਉੱਤੇ ਤਾਂਬੇ ਪਤਰੀ ਚੜ੍ਹੀਆਂ ਲਾਲਟੈਨਾਂ ਹਨ। ਚੌਥੇ ਤੇ ਪੰਜਵੇਂ ਖੰਭੇ ਵਿਚਕਾਰ ਇਕ ਸੂਰਜ ਘੜੀ ਬਣੀ ਹੋਈ ਹੈ। ਦੋ ਅਜਿਹੇ ਰੌਸ਼ਨੀ ਸਤੰਭ ਗੋਲਡਨ ਟੈਂਪਲ ਦੇ ਚਬੂਤਰੇ ਉੱਤੇ ਉੱਤਰੀ ਤੇ ਦੱਖਣੀ ਦਿਸ਼ਾ ਵਿਚ ਖੜ੍ਹੇ ਹਨ। ਮੁੱਖ ਮੰਦਰ ਨੂੰ ਜਾਣ ਵਾਲੀ ਪਟੜੀ ਤੇ ਚਬੂਤਰਾ ਸਫ਼ੈਦ ਸੰਗਮਰਮਰ ਦੇ ਬਨੇਰੇ, ਥੰਨੀਆਂ ਤੇ ਜਾਲੀਦਾਰ ਪੈਨਲਾਂ ਨਾਲ ਸੰਪੂਰਨ ਹੈ। ਪੱਟੜੀ ਦੇ ਵਿਚਕਾਰ ਪਿੱਤਲ ਦੀ ਵਾੜ ਹੈ ਜਿਹੜੀ ਆਏ ਭਗਤਾਂ ਤੇ ਆਮ ਲੋਕਾਂ ਨੂੰ ਆਉਣ-ਜਾਣ ਸਮੇਂ ਪਾਣੀ ਤੋਂ ਸਾਵਧਾਨ ਕਰਦੀ ਹੈ। ਪਟੜੀ ਦੇ ਤਿੱਖੇ ਕੋਣੇ ਤੇ ਚਬੂਤਰੇ ਨੂੰ 45 ਡਿਗਰੀ ਦੀ ਪਰਿਕਰਮਾ ਵਧਾਕੇ ਤਬਦੀਲੀ ਕਰ ਦਿੱਤੀ ਗਈ ਹੈ ਤਾਂ ਕਿ ਲੋਕਾਂ ਦੀ ਭੀੜ ਅਰਾਮ ਨਾਲ ਲੰਘ ਸਕੇ।

**ਅੰਮ੍ਰਿਤ ਸਰੋਵਰ ਜਾਂ ਅੰਮ੍ਰਿਤ ਦਾ ਤਲਾਓ**

ਅੰਮ੍ਰਿਤ ਸਰੋਵਰ ਦਾ ਮਾਪ 490'-0"×510'-0" ਪਰਿਕਰਮਾਂ ਦੀ ਸਤਹ ਤੱਕ ਹੈ ਤੇ ਇਹ ਕੁਦਰਤੀ ਪਾਣੀ ਦੇ ਤਲਾਓ ਤੋਂ ਵਿਕਸਿਤ ਹੋਇਆ ਜਿਹੜਾ ਦੁੱਖ ਭੰਜਨੀ ਬੇਰੀ ਨੇੜੇ ਸੁਰੱਖਿਅਤ ਕੀਤਾ ਹੋਇਆ ਹੈ। ਇਸ ਤਲਾਓ ਦਾ ਪਾਣੀ ਪ੍ਰੋਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਅਨੇਕਾਂ ਦੁੱਖਾਂ ਤੋਂ ਛੁਟਕਾਰਾ ਦੁਆਉਂਦਾ ਸੀ ਤੇ ਭਿਆਨਕ ਬਿਮਾਰੀਆਂ ਦੀ ਦਵਾ-ਦਾਰੂ ਬਣਦਾ ਸੀ ਜਿਸ ਕਰਕੇ ਇਸ ਦਾ ਨਾਓ ਦੁੱਖ ਭੰਜਨੀ ਬੇਰੀ ਪੈ ਗਿਆ। ਅੰਮ੍ਰਿਤ ਸਰੋਵਰ 18 ਫੁੱਟ ਡੂੰਘਾ ਹੈ ਜਿਸਦੇ ਚੁਫੇਰੇ ਕੰਧਾਂ ਹਨ। ਇਸਦੇ ਅੰਦਰੂਨੀ ਬਿੰਦੂ ਤਲਾਓ ਦੇ ਫਰਸ਼ ਉੱਤੇ 60° ਦਾ ਕੋਣ ਬਣਾਉਂਦੇ ਹਨ ਤਾਂ ਕਿ ਸਰੋਵਰ ਦਾ ਧਰਾਤਲ 470'-0"×490'-0" ਹੋ ਜਾਵੇ। ਖੜ੍ਹੀਆਂ ਕੰਧਾਂ ਦੀ ਚੋਟੀ ਉੱਤੇ 75 ਇੰਚ ਚੌੜਾ ਬਾਰਡਰ ਤਲਾਓ ਚੁਫੇਰੇ ਪਰਿਕਰਮਾਂ ਦੇ ਫਰਸ਼ ਤੋਂ ਚਾਰ ਇੰਚ ਉੱਚਾ ਉਠਿਆ ਹੋਇਆ ਹੈ। ਕੰਧਾਂ ਅਣਘੜਤ ਹਨ। ਬਚੀਆਂ ਕੰਧਾਂ ਦੀਆਂ ਪੌੜੀਆਂ ਦਾ ਸਭ

Sri Satguru Jagjit Singh Ji Elibrary NamdhariElibrary@gmail.com

ਤੋਂ ਉਤਲਾ ਪੌਂਡਾ ਤੇ ਪੌੜੀਆਂ ਦੇ ਬੜ੍ਹਿਆਂ ਨੂੰ ਮਿਲਾਉਣ ਵਾਲਾ ਖੜ੍ਹਾ ਡੰਡਾ ਦੋਵੇਂ ਹੀ ਬੇਢੰਗੇ ਹਨ। ਪਹਿਲਾਂ ਤਰੌਪ ਹੈ 13¾ ਅਤੇ ਮਿਲਦਾ ਹੈ ਤਾਂ ਪੌਂਡੇ ਨੂੰ ਤੇ ਇਸੇ ਤਰ੍ਹਾਂ ਉਪਰੋਕਤ ਦੋਵੇਂ ਇਹ ਅਕਾਰ ਰੱਖਦੇ ਹਨ 15"/24" 8½"22¾", 13¾, 12"/24½", 13/50½", 5"/17", 46½"/21½", 18"/26", 18"/22" ਇਕ ਥਾਂ ਉੱਚੀ ਰੋਕ ਜਾਲੀਦਾਰ ਚੌਖਟਿਆਂ ਨਾਲ ਬਣੇ ਜੰਗਲਿਆਂ ਨੂੰ 50½ ਚੌੜੇ ਪੌਂਡੇ ਦੇ ਕਿਨਾਰੇ ਉੱਤੇ ਪੱਕਾ ਕੀਤਾ ਹੋਇਆ ਹੈ। ਇਸ ਸੀਮਾ ਤੱਕ ਸ਼ਰਧਾਲੂ ਪਾਣੀ ਦੀ ਡੁੱਬਕੀ ਲੈ ਸਕਦਾ ਹੈ। ਬਰੀਆਂ ਕੰਧਾਂ ਦਾ ਉਪਰਲਾ ਹਿੱਸਾ ਪਵਿੱਤਰ ਤਲਾਓ ਦੇ ਹੇਠਾਂ ਤੱਕ ਜਾਣ ਦਾ ਕੰਮ ਕਰਦਾ ਹੈ। ਵਲਗਣਾਂ ਨੂੰ 'ਪੌਣੇ' ਕਿਹਾ ਜਾਂਦਾ ਹੈ ਜਿਹੜੇ ਕਾਰਜਨੀਤੀ ਸਥਾਨਾਂ ਉੱਤੇ ਬਣਾਏ ਗਏ ਹਨ। ਇਹਨਾਂ ਵਿਚੋਂ. ਇਕ ਤਾਂ 'ਦੁੱਖ ਭੰਜਣੀ ਬੇਰੀ' ਨੇੜੇ ਬਣਾਇਆ ਗਿਆ ਹੈ ਜਿਹੜਾ ਔਰਤਾਂ ਵਾਸਤੇ ਗੁਸਲਖਾਨੇ ਦਾ ਕੰਮ ਕਰਦਾ ਹੈ। ਮਰਦ ਸ਼ਰਧਾਲੂ ਕੱਛੇ ਪਹਿਨ ਕੇ ਖੁੱਲ੍ਹੇ ਪਾਣੀ ਵਿਚ ਨਹਾਉਂਦੇ ਹਨ ਪਰੰਤੂ ਪੱਗਾਂ ਉਹਨਾਂ ਦੇ ਸਿਰਾਂ ਉੱਤੇ ਹੁੰਦੀਆਂ ਹਨ ਜਿਹੜੀਆਂ ਸਿੱਖ ਮਤ ਦੀ ਹਾਮੀ ਭਰਦੀਆਂ ਹਨ।

ਅੰਮ੍ਰਿਤ ਸਰੋਵਰ ਵਿਚ ਪਾਣੀ ਅਪਰ ਬਾਰੀ ਦੋਆਬ ਨਹਿਰ ਤੋਂ ਡੇਸਟੀਲੇਸਨ ਸਟੇਸ਼ਨ ਦੁਆਰਾ 'ਹਾਸਲੀਜ਼' ਦੇ ਨੈਟਵਰਕ ਦੁਆਰਾ ਪੈਂਦਾ ਹੈ ਜਿਨ੍ਹਾਂ ਵਿਚ ਰੋਸ਼ਨਦਾਨ ਢੁੱਕਵੀਆਂ ਥਾਂਵਾਂ ਉੱਤੇ ਹਨ। ਜਦੋਂ ਤੱਕ ਇਹ ਪਾਣੀ ਵੰਡ ਅਤੇ ਕੰਟਰੋਲ ਰੂਪ ਵਿਚ ਨਹੀਂ ਪਹੁੰਚ ਜਾਂਦਾ ਉਸ ਸਮੇਂ ਤੱਕ ਇਹ 'ਹਾਸਲੀਜ਼' ਸਿਸਟਮ (underground water channels) ਲਗਾਤਾਰ ਕ੍ਰਿਆ ਵਿਚ ਰਹਿੰਦਾ ਹੈ। ਕੰਟਰੋਲ ਸਟੇਸ਼ਨ ਤੋਂ ਇਹ ਪਾਣੀ ਪੰਜ ਤਲਾਵਾਂ ਵੱਲ ਮੋੜ ਦਿੱਤਾ ਜਾਂਦਾ ਹੈ-ਅੰਮ੍ਰਿਤ ਸਰੋਵਰ, ਕੌਲਸਰ, ਸੰਤੋਖਸਰ। ਬਿਬੇਕਸਰ, ਰਾਮਸਰ ਪ੍ਰਮੁੱਖ ਹਨ। ਅੰਮ੍ਰਿਤ ਦੇ ਇਸ ਤਲਾਓ ਨੂੰ ਸ਼ਰਧਾਲੂ ਸਾਫ ਕਰਦੇ ਹਨ ਤੇ ਇਸ ਨੂੰ ਕਾਰ ਸੇਵਾ ਆਖਿਆ ਜਾਂਦਾ ਹੈ। ਇਹ ਕਾਰ ਸੇਵਾ 1923, 1973, 1980 ਤੇ ਮਾਰਚ 2004 ਵਿਚ ਹੋਈ ਹੈ।

**ਬਣਤਰ ਸਿਸਟਮ ਅਤੇ ਨਿਰਮਾਣ**

ਗੋਲਡਨ ਟੈਂਪਲ ਦੀ ਬਣਤਰ ਸਿਸਟਮ ਦਾ ਆਧਾਰ ਟਰੇਬੀਟ (ਜਿਸ ਵਿਚ ਥੰਡ, ਲਿੰਟਲ, ਸਲੈਬ) ਤੇ ਆਰਕੂਏਟ (ਜਿਸ ਵਿਚ ਆਰਕ, ਵਲੂਟ ਤੇ ਡੋਮ ਹੈ) ਦਾ ਮਿਸ਼ਰਣ ਹੈ। ਮੁੱਖ ਗੁੰਬਦ ਜਿਹੜਾ ਪੂਜਾ ਅਸਥਾਨ ਦਾ ਪ੍ਰਮੁੱਖ ਗੁਣ ਹੈ, ਦੂਜੀ ਮੰਜ਼ਿਲ ਦੇ ਵੱਖਰੇ ਕਮਰੇ ਦੀ ਛੱਤ ਬਣਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸਨੂੰ ਇਕ ਪ੍ਰਤੀਕ ਦੇ ਤੌਰ 'ਤੇ ਹੀ ਵਰਤਿਆ ਜਾਂਦਾ ਹੈ। ਅਕਾਸ਼-ਗੁੰਬਦ ਨੂੰ 'ਗੁੰਬਦ-ਈ-ਬੀਡਾਰ' (ਦਰਵਾਜ਼ਿਆਂ ਤੋਂ ਬਿਨਾਂ ਗੁੰਬਦ ਇਕ ਪਰਸ਼ੀਅਨ ਸ਼ਬਦ ਹੈ) ਜਿਸਨੂੰ ਪ੍ਰਮਾਤਮਾ ਦੁਆਰਾ ਸੁਰੱਖਿਆ ਦਾ ਇਸ਼ਾਰਾ ਮੰਨਿਆ ਜਾਂਦਾ ਹੈ। ਇਕ ਛੱਤਰੀ (ਹਿੰਦੀ ਵਿਚ ਛਤਰੀ) ਭਾਵ ਗੁੰਬਦ ਸੁਰੱਖਿਆ ਦਾ ਬਿੰਬ ਹੈ। ਲੀ ਕਾਰਬੂਜੀਅਰ ਨੇ ਚੰਡੀਗੜ੍ਹ ਵਿਚ ਹਾਈਕੋਰਟ ਦੀ ਛੱਤ ਦਾ ਡੀਜ਼ਾਈਨ ਬਣਾਉਂਦਿਆਂ 'ਉਲਟੀ ਛੱਤਰੀ' ਦਾ ਨਮੂਨਾ ਵਰਤਿਆ ਹੈ, ਜਿਹੜਾ ਕਾਨੂੰਨ ਦੀ ਕੋਰਟ ਤੇ ਬਿਲਕੁਲ ਢੁੱਕਦਾ ਹੈ ਕਿ ਕਿਵੇਂ ਗਰੀਬ ਤੇ ਦੱਬੇ ਘੁੱਟੇ ਲੋਕ ਇਸ ਛੱਤਰੀ ਹੇਠ ਆ ਕੇ ਮੁੜ ਜਿਉਣ ਦੇ ਉਪਰਾਲੇ ਕਰਦੇ ਹਨ।

ਗੋਲਡਨ ਟੈਂਪਲ ਦੇ ਨਿਰਮਾਣ ਵਿਚ ਇੱਟਾਂ ਤੇ ਚੂਨੇ ਦਾ ਪ੍ਰਯੋਗ ਹੋਇਆ ਹੈ। ਬਿਲਡਿੰਗ ਯੂਨਿਟ ਨੂੰ ਨਾਨਕਸ਼ਾਹੀ ਕਿਹਾ ਜਾਂਦਾ ਸੀ। (ਭਾਵ ਗੁਰੂ ਨਾਨਕ 1439-1539 ਏ. ਡੀ. ਦੇ ਰਾਜ ਨਾਲ ਸੰਬੰਧਿਤ) ਇਸ ਸਮੇਂ ਬਣਾਈ ਜਾਣ ਵਾਲੀ ਇਟ ਦੀ 147.3 ਐਮ. ਐਮ. ਲੰਬਾਈ,

Sri Satguru Jagjit Singh Ji Elibrary NamdhariElibrary@gmail.com

97.4 ਐਮ. ਐਮ. ਚੌੜਾਈ ਤੇ 28.7 ਐਮ. ਐਮ. ਉਚਾਈ ਸੀ। ਇਹ ਕੱਚੀ ਮਿੱਟੀ ਦੀ ਬਣਾ ਕੇ ਭੱਠੀ ਵਿਚ ਪਕਾਈ ਜਾਂਦੀ ਸੀ। ਉੱਤਰੀ ਪੱਛਮੀ ਭਾਰਤ ਵਿਚ ਸੋਲ੍ਹਵੀਂ ਸ਼ਤਾਬਦੀ ਦੇ ਅੰਤ ਵਿਚ ਬਣੇ ਇਤਿਹਾਸਕ ਭਵਨਾਂ ਤੋਂ ਜਾਪਦਾ ਹੈ ਕਿ ਇਥੇ ਖਾਸ ਤਰ੍ਹਾਂ ਦੇ ਮਸਾਲੇ ਦੀ ਵਰਤੋਂ ਹੁੰਦੀ ਸੀ ਜਿਵੇਂ ਨਾਨਕ ਸ਼ਾਹੀ ਇੱਟਾਂ ਵਿਚ ਵਰਤਿਆ ਗਿਆ ਚੂਨੇ ਆਦਿ ਦਾ ਮਸਾਲਾ। ਇਹ ਧਾਰਨਾ ਇਸ ਗੱਲ ਤੋਂ ਬਣੀ ਕਿ ਗਾਰਾ ਜੋੜ ਭੀ ਉਨ੍ਹਾਂ ਹੀ ਮੋਟਾ ਤੇ ਗਾੜ੍ਹਾ ਹੁੰਦਾ ਹੈ ਜਿੰਨੀ ਇੱਟ ਦੀ ਮੋਟਾਈ ਸਗੋਂ ਇਸ ਤੋਂ ਵੀ ਵੱਧ। ਪੂਜਾ ਅਸਥਾਨ ਕੰਧਾਂ ਦੀ ਬਣਤਰ ਵਿਚ ਹੈ, ਸਾਰੀ ਬਿਲਡਿੰਗ ਦਬਾਓ ਵਿਚ ਹੈ। ਇਸੇ ਤਰ੍ਹਾਂ ਕੰਧਾਂ ਦੀ ਮੋਟਾਈ 2'–2" (660 ਐਮ. ਐਮ.) ਹੈ। ਨਾਨਕਸ਼ਾਹੀ ਇੱਟ ਦੇ ਲੈਬੋਰੇਟਰੀ ਵਿਚ ਕੀਤੇ ਗਏ ਤਜਰਬਿਆਂ ਵਿਚੋਂ ਨਿਕਲੇ ਨਤੀਜੇ : ਇਸ ਵਿਚ ਪਾਣੀ ਸਮਾਉਣ 13.2% ਤੇ ਸ਼ਕਤੀ 98.5 ਕਿਲੋ/ਸੀ. ਐਮ.$^2$ ਹੈ। ਇਸ ਦੀ ਵੱਧ ਤੋਂ ਵੱਧ ਅਬਜ਼ਾਰਪਸ਼ਨ 20 ਪ੍ਰਤੀਸ਼ਤ ਤੇ ਔਸਤਨ ਮਜ਼ਬੂਤੀ 100 ਕਿਲੋ/ਸੀ. ਐਮ. ਆਦਿ ਦਾ ਵਰਣਨ ਆਈ ਐਸ; 1077–1992 ਵਿਚ ਕੀਤਾ ਗਿਆ ਹੈ। ਰੀਪੋਰਟ ਇਹ ਵੀ ਦਰਸਾਉਂਦੀ ਹੈ ਕਿ ਨਾਨਕਸ਼ਾਹੀ ਇੱਟ ਦਾ ਦਿੱਤਾ ਗਿਆ ਨਮੂਨਾ ਨਾ ਤਾਂ ਪੱਧਰਾ ਆਇਤਾਕਾਰ ਸੀ ਤੇ ਨਾ ਹੀ ਤਿੱਖੇ ਕੋਣੇ ਸਨ। ਇੱਟ ਦੇ ਰੰਗਾਂ ਵਿਚ ਭਾਵੇਂ ਏਕੀਕਰਣ ਸੀ ਪਰੰਤੂ ਇਸ ਵਿਚ ਅਣਗਿਣਤ ਤ੍ਰੇੜਾਂ, ਟੁੱਟ ਭੱਜ ਭੀ ਸੀ। ਇਸ ਉੱਤੇ ਨਾ ਕੋਈ ਚੂਨੇ ਦੇ ਨਿਸ਼ਾਨ ਸਨ। ਮੇਰੇ ਖਿਆਲ ਵਿਚ ਭੱਦੀ ਸਤਹ ਦਾ ਲਾਭ ਭੀ ਹੈ ਕਿ ਇਹਨਾਂ ਵਿਚ ਚੂਨੇ-ਗਾਰੇ ਦੀ ਮਜ਼ਬੂਤੀ ਵਧੇਰੇ ਹੁੰਦੀ ਹੈ। ਰੰਗ ਦਾ ਏਕੀਕਰਣ ਦਰਸਾਉਂਦਾ ਹੈ ਕਿ ਇੱਟ ਚੰਗੀ ਤਰ੍ਹਾਂ ਪੱਕੀ ਹੈ। ਚੂਨੇ ਤੋਂ ਬਿਨਾਂ ਇੱਟ ਦੀ ਵਿਸ਼ੇਸ਼ਤਾ ਵੇਖੀ ਜਾ ਸਕਦੀ ਹੈ। ਇਸ ਸੰਦਰਭ ਨੂੰ ਮੁੱਖ ਰੱਖਕੇ ਲੈਬੋਰੇਟਰੀ ਦੀ ਰੀਪੋਰਟ ਇੰਝ ਹੈ, ਨਾਨਕਸ਼ਾਹੀ ਇੱਟ ਦਾ ਜਮ੍ਹਾਂ ਕੀਤਾ ਗਿਆ ਨਮੂਨਾ ਆਈ. ਐਸ. ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ ਕਿ ਇੱਟ ਕਿੰਨਾ ਪਾਣੀ ਸਮੋਂਦੀ ਹੈ ਤੇ ਕਿੰਨੀ ਮਜ਼ਬੂਤ ਹੈ ਪਰੰਤੂ ਇਸ ਦੇ ਆਕਾਰ ਅਤੇ ਹੋਰ ਆਮ ਵਿਸ਼ੇਸ਼ਤਾਵਾਂ ਵਿਖਾਉਣ ਵਿਚ ਫੇਲ੍ਹ ਹੈ। ਦੀਵਾਰਾਂ ਉੱਤੇ ਚੂਨੇ ਦਾ ਪਲਸਤਰ ਹੈ ਤੇ ਸਾਈਜ਼ ਤੋਂ ਇਲਾਵਾ ਹੋਰ ਕੁਆਲਟੀਆਂ ਵਿਚ ਫੇਲ੍ਹ ਹੋਣਾ ਕੋਈ ਮੁਆਇਨੇ ਨਹੀਂ ਰੱਖਦਾ। ਵਰਤਮਾਨ ਵਿਚ ਖੜ੍ਹੀ ਬਿਲਡਿੰਗ ਦਾ ਸਮਾਂ 1776 ਏ. ਡੀ. ਹੈ ਤੇ ਦੋ ਸ਼ਤਾਬਦੀਆਂ ਪਹਿਲਾਂ ਬਣੀ ਇਹ ਸਮੇਂ ਦਾ ਟੈਸਟ ਕਰ ਰਹੀ ਹੈ। ਥੰਨੀਆਂ ਤੇ ਹੋਰ ਵਧੇ ਹੋਏ ਵਾਧਰੇ ਵਧੇ ਹੋਏ ਸਿਸਟਮ ਦੇ ਆਧਾਰ ਉੱਤੇ ਖੜ੍ਹੇ ਹਨ ਜਿਸ ਨੂੰ ਕਾਰ ਬੈਲਿੰਗ ਸਿਸਟਮ ਕਿਹਾ ਜਾਂਦਾ ਹੈ। ਕਾਰਬੇਲ ਪੱਥਰ ਦਾ ਇਕ ਬਲਾਕ ਹੁੰਦਾ ਹੈ ਜਿਸਨੂੰ ਆਮ ਤੌਰ ਤੇ ਖੁਦਾਈ ਕਰਕੇ ਸਜਾਇਆ ਜਾਂਦਾ ਹੈ ਤੇ ਉਹ ਕੰਧ ਤੋਂ ਬਾਹਰ ਨੂੰ ਵਧਦਾ ਹੈ ਤੇ ਛੱਤ, ਫਰਸ਼, ਮੰਜ਼ਿਲ, ਕਮਾਣੀਦਾਰ ਛੱਤ ਆਦਿ ਨੂੰ ਥੰਮਣੀ ਦਿੰਦਾ ਹੈ। ਮਾਡਰਨ ਇੱਟਾਂ ਦੇ ਮਸਾਲੇ ਵਿਚ ਕਾਰਬੇਲਿੰਗ ਇੱਟਾਂ ਦਾ 2¼" ਦਾ ਉਭਾਰ ਹੈ। ਇੰਝ ਇੱਟ ਦਾ ਆਮ ਆਕਾਰ 9" ×4" 1/2 ×3" ਹੈ। ਭਾਵੇਂ ਇਸ ਤਰ੍ਹਾਂ ਬਣਨ ਵਾਲੇ ਵਾਧਰੇ ਨੂੰ ਅੱਗੇ ਖੁੱਲ੍ਹਾ ਰੱਖਿਆ ਗਿਆ ਹੈ ਪਰੰਤੂ ਫੇਰ ਭੀ ਇਸ ਦੇ ਪਰਿਮਾਪ ਨੂੰ ਦੋ ਫੁੱਟ ਦੀ ਸੀਮਾ ਦੇ ਅੰਦਰ ਰੱਖਿਆ ਗਿਆ ਹੈ। ਇਸਨੂੰ ਅਸੀਂ ਇੱਟਾਂ ਦਾ ਬਣਿਆ ਛੱਜਾ ਆਖ ਸਕਦੇ ਹਾਂ ਜਿਸ ਵਿਚ ਸਰੀਏ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਗਈ, ਜਿਸ ਤਰ੍ਹਾਂ ਕਿ ਅੱਜ ਕੱਲ੍ਹ ਸੀਮਿੰਟ ਅਤੇ ਲੋਹੇ ਨਾਲ ਬਣਨ ਵਾਲੀਆਂ ਇਮਾਰਤਾਂ ਵਿਚ ਕੀਤਾ ਜਾਂਦਾ ਹੈ। ਇੱਟਾਂ ਦੇ ਬਣੇ ਹੋਏ ਛੱਜੇ ਆਮ ਤੌਰ ਤੇ ਕੰਧ ਦੀ ਸਾਰੀ ਲੰਬਾਈ ਵਿਚ

Sri Satguru Jagjit Singh Ji Elibrary NamdhariElibrary@gmail.com

ਨਿਰੰਤਰ ਬਣੇ ਹੁੰਦੇ ਹਨ ਜਦੋਂ ਕਿ ਆਮ ਭਾਸ਼ਾ ਵਿਚ ਵਾਧਰੇ ਨੂੰ ਕੰਨਸ, ਬਾਲਕੋਨੀ ਅਤੇ ਕਈ ਵਾਰ ਪੌੜੀਆਂ ਨੂੰ ਥੰਮਣੀ ਦੇਣ ਵਾਸਤੇ ਵਰਤ ਲਿਆ ਜਾਂਦਾ ਹੈ। ਪੱਥਰ ਦੀ ਇਮਾਰਤਸਾਜ਼ੀ ਵਿਚ ਬਰੇਕਟ ਉਸ ਤ੍ਰਿਕੋਣੇ ਟੁਕੜੇ ਨੂੰ ਕਿਹਾ ਜਾਂਦਾ ਹੈ, ਜਿਹੜਾ ਪੱਥਰ ਨੂੰ ਕੱਟਕੇ ਬਣਾਇਆ ਜਾਂਦਾ ਹੈ ਅਤੇ ਜਿਸ ਨੂੰ ਕੰਧ ਦੇ ਅੰਦਰ ਲੰਬਰੂਪ ਵਿਚ ਫਿੱਟ ਕੀਤਾ ਜਾਂਦਾ ਹੈ ਫਤਿਹਪੁਰ ਸੀਕਰੀ ਵਿਖੇ ਦੀਵਾਨੇ ਖ਼ਾਸ, ਮਹਾਨ ਮੁਗ਼ਲ ਬਾਦਸ਼ਾਹ ਅਕਬਰ ਦੀ ਸੀਟ ਨਾਲ ਪੱਥਰ ਦੀ ਬਣੀ ਹੋਈ ਹੈ ਤੇ ਖ਼ਾਸ ਵਿਸ਼ੇਸ਼ਤਾ ਇਕੱਲੇ ਖੜ੍ਹੇ ਸਤੰਭ ਦੀ ਹੈ। ਇਸ ਸਤੰਭ ਵਿਚੋਂ ਕਈ ਬਰੇਕਟ ਬਾਹਰ ਵੱਲ ਨੂੰ ਨਿਕਲਦੇ ਹਨ ਜਿਨ੍ਹਾਂ ਨਾਲ ਪਹਿਲੀ ਮੰਜ਼ਿਲ ਦੀ ਸਤਹ ਤੇ ਇਕ ਗੋਲ ਜਿਹਾ ਪਲੇਟ ਫਾਰਮ ਬਣ ਜਾਂਦਾ ਹੈ। ਮੇਰਾ ਇਥੇ ਇਸ ਵਿਸਥਾਰ ਦੇਣ ਤੋਂ ਭਾਵ ਇਹ ਹੈ ਕਿ ਭਾਵੇਂ ਉਸ ਸਮੇਂ ਕੋਈ ਵਿਗਿਆਨਿਕ ਜਾਣਕਾਰੀ ਉਪਲੱਬਧ ਨਹੀਂ ਸੀ ਪਰੰਤੂ ਫੇਰ ਵੀ ਮੱਧ ਕਾਲ ਦੇ ਭਾਰਤੀ ਇਮਾਰਤ ਕਰਤਾ ਨੇ ਸਾਰੇ ਢੰਗ ਵਰਤ ਕੇ ਇਕ ਅਤਿ ਤਰਕਪੂਰਨ ਤੇ ਯਥਾਯੋਗ ਇਮਾਰਤਸਾਜ਼ੀ ਦੇ ਢੰਗ ਪੈਦਾ ਕਰ ਲਏ।

**ਪਾਣੀ ਪੂਰਤੀ ਤੇ ਨਿਕਾਸ**

- ਅੰਮ੍ਰਿਤ ਸਰੋਵਰ ਵਿਚ ਪਾਣੀ ਉਪਰਲੀ ਬਾਰੀ ਦੁਆਬ ਨਹਿਰ ਦੁਆਰਾ ਪੈਂਦਾ ਹੈ। ਇਹ ਨਹਿਰ ਜ਼ਿਲ੍ਹਾ ਜੰਗਲਾਤ ਦਫ਼ਤਰ ਨੇੜੇ ਤੇ ਪਾਣੀ ਤਲਾਓ ਤੋਂ ਕੋਈ ਪੰਜ ਕੁ ਕਿਲੋਮੀਟਰ ਤੇ ਸਥਿਤ ਹੈ। ਇਸ ਪਾਣੀ ਨੂੰ ਹੰਸਲੀ (underground channels) ਸਿਸਟਮ ਨਾਲ ਬਾਹਰ ਕੱਢਿਆ ਜਾਂਦਾ ਹੈ।
- ਪਾਣੀ ਦਾ ਕੁਝ ਹਿੱਸਾ ਗੋਲਡਨ ਟੈਂਪਲ ਕੰਪਲੈਕਸ ਵਿਚ ਸਥਾਪਿਤ ਟਿਊਬਵੈੱਲ ਤੋਂ ਆਉਂਦਾ ਹੈ।
- ਪਾਣੀ ਨੂੰ ਸਮੇਂ-ਸਮੇਂ ਸਿਰ ਕੱਢਕੇ ਤਲਾਓ ਨੂੰ ਸਾਫ਼ ਵੀ ਕੀਤਾ ਜਾਂਦਾ ਹੈ। ਇਸ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਜਦੋਂ ਵੀ ਸਰੋਵਰ ਦੀ ਸਤਹ ਉੱਤੇ ਕੁਝ ਅਣਚਾਹਿਆ ਤੈਰ ਰਿਹਾ ਹੋਵੇ ਉਸਨੂੰ ਸ਼ਰਧਾਲੂ ਬਾਹਰ ਕੱਢ ਦਿੰਦੇ ਹਨ। ਪੁਰਾਣੇ ਸਮੇਂ ਵਿਚ ਇਸ ਤਲਾਓ ਦਾ ਪਾਣੀ ਪੰਦਰਾਂ-ਵੀਹ ਸਾਲਾਂ ਬਾਅਦ ਬਾਹਰ ਕੱਢਿਆ ਜਾਂਦਾ ਸੀ।
- ਮੀਂਹ ਜਾਂ ਫੇਰ ਫਰਸ਼ ਧੋਣ ਪਿਛੋਂ ਵਹਿੰਦਾ ਪਾਣੀ ਸਰੋਵਰ ਚੁਫੇਰੇ ਬਣਾਏ ਨਾਲੇ ਵਿਚ ਪੈਂਦਾ ਹੈ। ਪਹਿਲਾਂ ਇਹ ਬਾਹਰੀ ਪਾਣੀ ਕਿਸੇ ਸ਼ਹਿਰ ਦੇ ਨਾਲੇ ਵਿਚ ਪਾ ਦਿੱਤਾ ਜਾਂਦਾ ਸੀ। ਇਹ ਪਾਣੀ ਖੂਹਾਂ ਨੂੰ ਮੁੜ ਚਲਾਉਣ ਲਈ ਵੀ ਵਰਤ ਲਿਆ ਜਾਂਦਾ ਹੈ। ਪਵਿੱਤਰ ਮੰਦਰ ਦਾ ਪਾਣੀ ਹੀ ਸਰੋਵਰ ਵਿਚ ਪੈਂਦਾ ਹੈ।
- ਪਵਿੱਤਰ ਤਲਾਓ ਦਾ ਹੇਠਲਾ ਹਿੱਸਾ ਕੱਚਾ ਹੈ। ਜਦੋਂ ਵੀ ਜ਼ਰੂਰਤ ਹੋਵੇ ਤਾਜ਼ਾ ਪਾਣੀ ਸਰੋਵਰ ਵਿਚ ਮੁੜ ਭਰ ਲਿਆ ਜਾਂਦਾ ਹੈ।
- ਪਟੜੀ ਦੇ ਰੂਪ ਵਿਚ ਪਵਿੱਤਰ ਮੰਦਰ ਨੂੰ ਜਾਂਦਾ ਰਸਤਾ ਸੰਗਮਰਮਰ ਦਾ ਬਣਿਆ ਹੋਇਆ ਹੈ। ਇਹ ਸੰਗਮਰਮਰ ਦੀਆਂ ਟੁਕੜੀਆਂ ਵਾਲਾ ਫਰਸ਼ ਇਕ ਬਣਤਰ ਸਲੈਬ ਉੱਤੇ ਹੈ ਜਿਹੜੀ ਡਾਟਦਾਰ ਛੋਟੇ ਢਾਂਚੇ ਉੱਤੇ ਖੜ੍ਹੀ ਹੈ। ਇਹ ਡਾਟਦਾਰ ਬਣਤਰ ਨਾਨਕਸ਼ਾਹੀ ਇੱਟਾਂ ਦੀ ਬਣਾਈ ਗਈ ਹੈ।
- ਪਬਲਿਕ ਹੈਲਥ ਇੰਜਨੀਅਰ ਅਨੁਸਾਰ ਪਵਿੱਤਰ ਸਰੋਵਰ ਦੇ ਪਾਣੀ ਦੀ ਸਪਲਾਈ ਤੇ

Sri Satguru Jagjit Singh Ji Elibrary NamdhariElibrary@gmail.com

ਨਿਕਾਸ ਦਾ ਸਿਸਟਮ ਏਨਾਂ ਵਧੀਆ ਹੈ ਕਿ ਪਾਣੀ ਵਿਚ ਆਉਣ ਵਾਲੇ ਜੀਵ-ਜੰਤੂ ਜਿਵੇਂ ਡੱਡੂ ਆਦਿ ਸਰੋਵਰ ਵਿਚ ਦਾਖਲ ਨਹੀਂ ਹੋ ਸਕਦੇ। ਕੁੱਛ ਡੂੰਘਾਈ ਤੇ ਹੀ ਤਲਾਓ ਪੱਕਾ ਹੈ ਜਿਸ ਕਰਕੇ ਡੱਡੂਆਂ ਦਾ ਵਿਖਾਈ ਦੇਣਾ ਸੰਭਵ ਨਹੀਂ। ਸਿਰਫ਼ ਤਲਾਓ ਹੋਣ ਕਰਕੇ ਪਾਣੀ ਦੇ ਜੀਵ-ਜੰਤੂ ਇਸ ਵਿਚ ਉੱਤਪਤੀ ਨਹੀਂ ਕਰ ਸਕਦੇ। 2004 ਵਿਚ ਅਮਰੀਕਾ ਵਾਸਤੇ 'ਟੂਟ ਭਰਾਵਾਂ ਨੇ' ਸਰੋਵਰ ਦੇ ਪਾਣੀ ਦੀ ਸੁਧਾਈ ਵਾਸਤੇ ਮਸ਼ੀਨਾਂ ਲਾ ਦਿੱਤੀਆਂ, ਜਿਸ ਉੱਤੇ ਤਿੰਨ ਕਰੋੜ ਦਾ ਖਰਚਾ ਆਇਆ। ਜਿਹੜਾ ਪਾਣੀ ਅੰਦਰ ਆਉਂਦਾ ਹੈ ਉਹ ਸਿੱਧਾ ਸੁਧਾਈ ਵਾਸਤੇ ਪਲਾਂਟ ਵੱਲ ਜਾਂਦਾ ਹੈ। ਸਾਫ਼ ਹੋਣ ਪਿੱਛੋਂ ਸਰੋਵਰ ਵਿਚ ਜਾ ਡਿੱਗਦਾ ਹੈ। ਕੰਪਿਊਟਰ ਸੈਂਸਰ ਪਾਣੀ ਦੀ ਕੁਆਲਟੀ ਤੇ ਧਿਆਨ ਰੱਖਦਾ ਹੈ। ਤਾਜ਼ੀ ਆਕਸੀਜਨ ਲਗਾਤਾਰ 14 ਇੰਚ ਏਰੀਏਸ਼ਨ ਤੱਕ ਜਿਹੜਾ ਸਰੋਕਾਰ ਦੇ ਕਿਨਾਰਿਆਂ ਉੱਤੇ ਫਿਟ ਹੈ, ਪਾਣੀ ਵਿਚ ਜਮ੍ਹਾ ਹੁੰਦੀ ਰਹਿੰਦੀ ਹੈ। ਪਾਣੀ ਛੇ ਘੰਟੇ ਪੁਣਨ-ਪ੍ਰਕ੍ਰਿਆ ਵਿਚ ਰਹਿ ਕੇ ਫਿਲਟਰੇਸ਼ਨ ਪਲਾਂਟ ਤੱਕ 50 ਹ.ਪ. ਪੰਪਾਂ ਰਾਹੀਂ ਪਹੁੰਚਦਾ ਹੈ ਜਿਸ ਦੀ ਕੰਪੈਸਟੀ ਇਕ ਮਿੰਟ ਵਿਚ 25,000 ਲਿਟਰ ਤਕ ਹੈ। ਅੰਮ੍ਰਿਤ ਸਰੋਵਰ ਵਿਚ ਹਰ ਰੋਜ਼ ਦੋ ਲੱਖ ਲਿਟਰ ਪਾਣੀ ਦੀ ਜ਼ਰੂਰਤ ਰਹਿੰਦੀ ਹੈ।

**ਗੋਲਡਨ ਟੈਂਪਲ : ਅਨੂਠੀ ਭਵਨ ਨਿਰਮਾਣ ਕਲਾ**

ਦੂਜੇ ਮਤਾਂ ਦੇ ਪੂਜਾ ਅਸਥਾਨਾਂ ਦੇ ਨਮੂਨਿਆਂ ਦੀ ਤੁਲਨਾ ਵਿਚ ਗੋਲਡਨ ਟੈਂਪਲ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਵਾਸਤੇ ਨਿਵੇਕਲਾ ਸਥਾਨ ਹੈ, ਜਿਥੇ ਆ ਕੇ ਸਿੱਖ ਸ਼ਰਧਾਲੂ ਉਹਨਾਂ ਨੂੰ ਸਾਕਾਰ ਅਧਿਆਤਮਿਕ ਰੂਪ ਵਿਚ ਵੇਖਦੇ ਹਨ। ਇਹ ਰਾਗੀਆਂ (Baptised hymn singer) ਤੇ ਬਿਨਾਂ ਕਿਸੇ ਜਾਤ-ਪਾਤ, ਉਚ-ਨੀਚ ਤੋਂ ਸਾਰਿਆਂ ਨੂੰ ਬਰਾਬਰ ਸਥਾਨ ਦਿੰਦਾ ਹੈ। ਇਸਦੀ ਪਰਿਕਰਮਾਂ ਪ੍ਰਮੁੱਖ ਪੂਜਾ ਸਥਾਨ ਚੁਫੇਰੇ ਘੁੰਮਦੀ ਹੈ ਤਾਂ ਕਿ ਸ਼ਰਧਾਲੂ ਇਸ ਉੱਤੇ ਇਕਾਗਰ ਮਨ ਹੋ ਪ੍ਰਮਾਤਮਾ ਨਾਲ ਏਕੀਕਰਣ ਦੀ ਪ੍ਰਕ੍ਰਿਆ ਪੂਰੀ ਕਰ ਲੈਣ। ਹੋਰਨਾਂ ਧਾਰਮਿਕ ਸਥਾਨਾਂ ਉੱਤੇ ਮੁੱਖ ਮੰਦਰ ਦਾ ਇਕ ਹੀ ਦਰਵਾਜ਼ਾ ਹੁੰਦਾ ਹੈ ਜਦੋਂ ਕਿ ਗੋਲਡਨ ਟੈਂਪਲ ਦੇ ਚਾਰ ਦਰਵਾਜ਼ੇ ਹਨ ਜਿਹੜੇ ਸਿੱਖ ਮਤ ਦੇ ਇਸ ਸਿਧਾਂਤ ਨੂੰ ਰੂਪਮਾਨ ਕਰਦੇ ਹਨ ਕਿ ਗੁਰੂ ਚਾਰੇ ਦਿਸ਼ਾਵਾਂ ਦੇ ਜੀਵਾਂ-ਜੰਤੂਆਂ ਨੂੰ ਇਕੋ ਜਿਹਾ ਦਰਜਾ ਦਿੰਦੇ ਹਨ। ਉਹਨਾਂ ਦੇ ਦਰਬਾਰ ਵਿਚ ਚਾਰੇ ਦਿਸ਼ਾਵਾਂ ਤੋਂ ਕੋਈ ਭੀ ਆ ਸਕਦਾ ਹੈ। ਬਾਕੀ ਧਰਮਾਂ ਦੇ ਸਾਰੇ ਪੂਜਾ ਦੇ ਇਤਿਹਾਸਕ ਸਥਾਨ ਉੱਚੇ ਚਬੂਤਰੇ ਉੱਤੇ ਉਸਾਰੇ ਗਏ ਹਨ ਜਦੋਂ ਕਿ ਗੋਲਡਨ ਟੈਂਪਲ ਆਪਣੇ ਚੁਫੇਰੇ ਤੋਂ ਕਾਫ਼ੀ ਹੇਠਲੀ ਸਤਹ ਉੱਤੇ ਹੈ ਤਾਂ ਕਿ ਸ਼ਰਧਾਲੂ ਇਕ ਮੰਜ਼ਿਲ ਹੇਠਾਂ ਉਤਰ ਕੇ ਮੁੜ ਮੰਦਿਰ ਤੱਕ ਪਹੁੰਚੇ। ਅੰਮ੍ਰਿਤ ਸਰੋਵਰ ਦਾ ਨਿਰਮਾਣ ਵਿਕਾਸ ਸਿੱਖ ਧਰਮ ਦੀ ਮਹੱਤਤਾ ਉੱਤੇ ਰੌਸ਼ਨੀ ਪਾਉਂਦਾ ਹੈ। ਇਹ ਦੁਨੀਆਂ ਮਾਇਆ (ਭਰਮ) ਨਹੀਂ ਹੈ ਸਗੋਂ ਯਥਾਰਥ ਭਰਪੂਰ ਹੈ, ਮਨੁੱਖੀ ਜੀਵਨ ਸਮਾਜ ਨੂੰ ਸਧਾਰਨ ਦੇ ਲੇਖੇ ਲਾਉਣਾ ਬਣਦਾ ਹੈ ਤਾਂ ਕਿ ਪ੍ਰਮਾਤਮਾ ਦੁਆਰਾ ਸੌਂਪਿਆ ਕੰਮ ਹਰੇਕ ਪੱਖੋਂ ਪੂਰਾ ਹੋ ਸਕੇ। ਇਸ ਵਿਚ ਕੋਈ ਹੈਰਾਨਗੀ ਵਾਲੀ ਗੱਲ ਨਹੀਂ ਕਿ ਗੁਰੂ-ਨਾਨਕ ਦੇਵ ਜੀ ਨੇ ਸਿੱਖ ਮਤ ਦਾ ਪਹਿਲਾ ਸਿਧਾਂਤ ਨਿਮਰਤਾ ਬਣਾਇਆ ਹੈ ਜਿਹੜਾ

ਹਉਮੈ ਨੂੰ ਖਤਮ ਕਰਦਾ ਹੈ। ਉਹ ਮੰਨਦੇ ਹਨ ਕਿ ਨਿਮਰਤਾ ਨਾਲ ਕੋਮਲਤਾ ਸਾਰੇ ਗੁਣਾਂ ਦਾ ਆਧਾਰ ਹੈ ਤੇ ਛੋਟੇ ਨਾਲੋਂ ਛੋਟਾ ਆਪਣੇ ਆਪੇ ਦੀ ਪਛਾਣ ਕਰਨਾ ਹੀ ਚੰਗਿਆਈ ਹੈ।

**ਸਿਰਜਣਾਤਮਿਕ ਪੱਖ ਦਾ ਮੁਲਾਂਕਣ**

ਗੋਲਡਨ ਟੈਂਪਲ ਦੇ ਸਿਰਜਣਾਤਮਿਕ ਪੱਖਾਂ ਦਾ ਮੁਲਾਂਕਣ ਉਹਨਾਂ ਤੱਤਾਂ ਤੇ ਪੈਮਾਨਿਆਂ ਦੇ ਆਧਾਰ ਉੱਤੇ ਹੋਵੇਗਾ ਜਿਹੜੇ ਪਵਿੱਤਰ ਮੰਦਰ ਦੇ ਭਵਨ ਨਿਰਮਾਣ ਨਮੂਨਿਆਂ ਦਾ ਵਿਸ਼ਲੇਸ਼ਣ ਕਰਨ ਲਈ ਵਰਤੇ ਗਏ ਹਨ। ਇਹ ਅੰਤਰਾਲ, ਬਣਤਰ, ਆਕਾਰ, ਕਾਲ ਤੇ ਇੰਜਨੀਅਰਿੰਗ ਪੱਖ ਪ੍ਰਮੁੱਖ ਹਨ। ਅੰਤਰਾਲ-ਇਸਨੂੰ ਸੰਕਲਪ, ਕ੍ਰਿਆ ਤੇ ਸੁਭ ਦੇ ਤੱਤਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਸੰਕਲਪ ਸਿਰਜਣਾ ਦੀਆਂ ਅਨੇਕਾਂ ਕਿਸਮਾਂ ਦਾ ਉੱਤਪਤੀ ਸੰਬੰਧੀ ਆਗਿਆ ਵਾਰਕ ਹੈ ਜਿਹੜਾ ਸਾਰੀਆਂ ਮਨੁੱਖੀ ਯੋਗਤਾਵਾਂ ਵਿਚੋਂ ਵੱਖਰਾ ਹੈ। ਇਹ ਸੰਸਕ੍ਰਿਤੀ ਦਾ ਮੂਲ ਮੰਤਰ ਹੈ ਜਿਹੜਾ ਕਲਾ ਕ੍ਰਿਤਾਂ ਦੀ ਸਾਰੀ ਸੰਪੂਰਨ ਸੁਰ ਨੂੰ ਜਨਮ ਦਿੰਦਾ ਹੈ ਜਿਵੇਂ ਰੀਤੀ-ਰਿਵਾਜ, ਵਿਸ਼ਵਾਸ, ਸਮਾਜਿਕ ਵਹਿਮ-ਭਰਮ, ਕਲਾ, ਸਾਇੰਸ, ਸਮਾਜਿਕ ਵਿਗਿਆਨ, ਭਾਸ਼ਾ, ਭਵਨ ਨਿਰਮਾਣ ਕਲਾ ਆਦਿ। ਸੰਕਲਪ ਸਿਰਜਣਾ ਦਾ ਮੂਲ-ਬੀਜ ਹੋਣ ਕਰਕੇ, ਸੋਚਣ ਵਿਚ ਆਉਂਦਾ ਹੈ ਕਿ ਪੌਦੇ, ਫੁੱਲ, ਫੱਲ ਉਨ੍ਹੇ ਹੀ ਸੇਹਤਮੰਦ ਹੋਣਗੇ ਜਿਨ੍ਹੇ ਉਹਨਾਂ ਨੂੰ ਉਹਨਾਂ ਦੀ ਉੱਤਪਤੀ ਇਜਾਜ਼ਤ ਦੇਵੇਗੀ। ਮੇਰੀ ਸਮਝ, ਅਧਿਐਨ ਤੇ ਤਤਰਬੇ ਅਨੁਸਾਰ ਧਰਮ ਇਕਹਿਰਾ ਸਰਬਸ਼ਕਤੀਮਾਨ ਵਿਚਾਰ ਹੈ ਜਿਸਨੂੰ ਸੰਸਕ੍ਰਿਤੀ ਨੇ ਪਛਾਣਿਆ ਹੈ। ਧਰਮ ਪ੍ਰੋਤਸਾਹਨ ਦਿੰਦਾ ਹੈ, ਏਕਾ ਕਰਵਾਉਂਦਾ ਹੈ ਤੇ ਦੁਨੀਆਂ ਭਰ ਦੇ ਲੋਕਾਂ ਦੀ ਸਮੂਹਿਕ ਚੇਤਨਾ ਨੂੰ ਕਾਇਮ ਰੱਖਦਾ ਹੈ। ਇਹ ਵੱਡਾ ਕੰਮ ਲੋਕਾਂ ਨੂੰ ਖ਼ਾਸ ਸੱਚ ਦੇ ਮਾਰਗ ਉੱਤੇ ਤੋਰ ਕੇ ਪੂਰਾ ਹੁੰਦਾ ਹੈ। ਸਚਾਈ ਭਰਪੂਰ ਹੋਣ ਕਰਕੇ ਇਸ ਸੰਕਲਪ ਦੇ ਸਰੋਤ ਹਰੇਕ ਫਿਰਕੇ ਦੀਆਂ ਧਾਰਮਿਕ ਪੁਸਤਕਾਂ, ਗ੍ਰੰਥਾਂ ਵਿਚ ਉਪਲੱਬਧ ਹਨ।

ਮੈਂ ਗੋਲਡਨ ਟੈਂਪਲ ਦੇ ਸੰਕਲਪ ਨੂੰ ਗੁਰੂ ਨਾਨਕ ਦੇਵ ਦੇ ਉਚਾਰਣ ਤੋਂ ਖੋਜਿਆ ਹੈ। ਉਹਨਾਂ ਨੇ ਬੋਲ ਕੇ ਉਹ ਅੰਗੀਕਰਨ ਨਹੀਂ ਕੀਤਾ ਜਿਸ ਵਿਚ ਦੈਵਿਕ ਤ੍ਰਿਪਤੀ ਦੀ ਪ੍ਰੇਰਨਾ ਸ਼ਕਤੀ ਨਹੀਂ। ਉਹਨਾਂ ਦੀ ਬਾਣੀ ਵਿਵਰਣ ਭਰਪੂਰ ਹੈ ਤੇ ਸਹਿਜ ਹੀ ਫੁੱਟਦੀ ਟੁਰੀ ਜਾਂਦੀ ਹੈ ਜਿਸਨੂੰ ਖਸਮ ਉਦਾਹਰਣ ਲਈ ਪ੍ਰੇਰਤ ਕਰਦਾ ਹੈ। ਗੋਲਡਨ ਟੈਂਪਲ ਦਾ ਸੰਕਲਪ ਪ੍ਰਮਾਤਮਾ ਦੇ ਗੁਣ ਭਾਵ ਸੱਚ ਵਿਚੋਂ ਉਭਰਦਾ ਹੈ। ਅਟੱਲ ਸੱਚ ਜਿਹੜਾ ਚਾਰ ਯੁੱਗਾਂ-ਯੁਗਾਂਤਰਾਂ ਵਿਚ ਮੌਜੂਦ ਹੈ, ਕਾਲ ਦੇ ਜਨਮ ਤੋਂ ਪਹਿਲਾਂ ਤੇ ਮੌਤ ਤੋਂ ਪਿੱਛੋਂ ਇਹ ਡਟ ਕੇ ਖੜ੍ਹੇ ਹੋਣ ਦੀ ਸਮਰੱਥਾ ਰੱਖਦਾ ਹੈ, ਬਸ ਇਹੀ ਅਟੱਲ ਸੱਚ ਗੋਲਡਨ ਟੈਂਪਲ ਦਾ ਡੀਜ਼ਾਈਨ ਹੈ ਅਤੇ ਇਸ ਦੀ ਯੋਜਨਾ ਚੌਰਸ ਆਕਾਰ ਤੋਂ ਜਿਉਮੈਟਰਿਕ ਸ਼ੇਪ ਆਪ-ਮੁਹਾਰੇ ਹੀ ਧਾਰ ਲੈਂਦੀ ਹੈ। ਇਹ ਪ੍ਰਮਾਤਮਾ ਦੇ ਅਤਿ ਉੱਚੇ ਹੋਣ ਦਾ (ਭਵਨ ਨਿਰਮਾਣ ਕਲਾ) ਪ੍ਰਗਟਾਵਾ ਹੈ, ਉਸ ਦੀ ਮੌਜੂਦਗੀ ਅੱਧੇ ਛੇ ਗੁਣੀਏ ਆਕਾਰ ਵਿਚ ਸਾਕਾਰ ਹੈ। ਇਹ ਦੋਵੇਂ ਛੱਤੇ ਹੋਏ ਰਸਤੇ ਨਾਲ ਜੁੜੇ ਹੋਏ ਹਨ ਜਿਹੜਾ ਇਸ ਦਾ ਪ੍ਰਤੀਕ ਹਨ ਕਿ ਪਵਿੱਤਰ ਉਪਦੇਸ਼ਕ ਦੀ ਸਰਪ੍ਰਸਤੀ ਤੋਂ ਬਗੈਰ ਅਟੱਲ ਸੱਚ ਦਾ ਇਹਸਾਸ ਹੋ ਹੀ ਨਹੀਂ ਸਕਦਾ।

ਅੰਤਰਾਲ ਜਿਹੜਾ ਉੱਤਪਤੀ ਦੀ ਯੋਜਨਾ ਦਾ ਉਤਪਾਦਨ ਕਰਦਾ ਹੈ ਪ੍ਰਮਾਤਮਾ ਦੇ

Sri Satguru Jagjit Singh Ji Elibrary NamdhariElibrary@gmail.com

ਅਤਿ ਉੱਚੇ ਤੇ ਨਾ ਬਦਲਣ ਵਾਲੇ ਬੀਜ-ਮੂਲ ਤੋਂ ਰੂਪਮਾਨ ਹੋਇਆ ਹੈ (ਸੁਕੇਅਰ) ਅਤੇ ਉਸਦੀ ਸਰਵਵਿਆਪਕਤਾ ਸੁਰਕ੍ਰਮ ਤਬਦੀਲੀ (ਅੱਧ ਛੇ ਕੋਣਾਂ) ਵਿਚ ਸਾਕਾਰ ਹੁੰਦੀ ਹੈ।

**ਇਸ ਅੰਤਰਾਲ ਦਾ ਕੀ ਕੰਮ ਹੈ?**

ਸੱਚ ਖੰਡ ਦੇ ਸਥਾਨ ਦੀ ਰੇਖਾ ਖਿਚਣਾ ਤੇ ਇਸ ਵਿਚ ਕੇਂਦਰ ਬਿੰਦੂ ਦੀ ਸਿਰਜਣਾ ਭਾਵ ਪ੍ਰਕਾਸ਼ ਅਸਥਾਨ ਜਿਥੇ ਆਦਿ ਗ੍ਰੰਥ (ਪ੍ਰਮਾਤਮਾ ਦਾ ਜਿਉਂਦਾ ਰੂਪ) ਦੀ ਸਥਾਪਨਾ ਹੈ ਜਿਹੜੀ ਪ੍ਰਕਾਸ਼ ਦੇ ਪੈਦਾ ਹੋਣ ਦੀ ਥਾਂ ਹੈ। ਕੰਮ ਦਾ ਪਹਿਲਾ ਹਿੱਸਾ ਹੈ ਇਹ ਏਕੀਕਰਣ।

ਇਸ ਯੋਜਨਾ ਦੀ ਕੁਦਰਤੀ ਵਡੇਰਤਗੀ ਤੇ ਤਲਾਓ ਵਿਚ ਖੜ੍ਹੇ ਪਾਣੀ ਨੂੰ 'ਪਿਤਾ' ਦੇ ਰੂਪ ਵਿਚ ਵੇਖ ਕੇ ਭੇਂਟ ਕਰਨਾ ਹੀ ਗੋਲਡਨ ਟੈਂਪਲ ਦਾ ਸੰਕਲਪ ਹੈ। ਚੌਰਸ ਨਾਲ ਅੱਧ ਕੋਣਾ ਆਕਾਰ ਮਿਲਕੇ ਜਣਨ ਸ਼ਕਤੀ ਨੂੰ ਨਿਸ਼ਚਿਤ ਕਰਦੇ ਹਨ ਤੇ ਦੋਵਾਂ ਉੱਤੇ ਉਚਾਈ ਦਾ ਧੁਰਾ ਟਿਕਿਆ ਹੋਇਆ ਹੈ। ਇਹ ਉਚਾਈ ਕੰਮ ਦਾ ਦੂਜਾ ਹਿੱਸਾ ਹੈ.... ਇਸ ਦਾ ਸੌਂਦਰੀਆ ਬੋਧ। ਗੋਲਡਨ ਟੈਂਪਲ ਦੀ ਵਿਸ਼ਵਵਿਆਪਕਤਾ ਯੋਜਨਾ ਵਿਚ ਚਾਰ ਦਰਵਾਜ਼ੇ ਵਿਖਾ ਕੇ ਸਪੱਸ਼ਟ ਕੀਤੀ ਗਈ ਹੈ। ਇਹ ਅੰਦਰੋਂ ਆਉਣ ਦੇ ਚਾਰ ਬਿੰਦੂ ਚਾਰ ਦਿਸ਼ਾਵਾਂ -ਉੱਤਰ, ਦੱਖਣ, ਪੂਰਬ, ਪੱਛਮ ਨੂੰ ਦਰਸਾਉਂਦੇ ਹਨ। ਸਿੱਖ ਮਤ ਦਾ ਪ੍ਰਮੁੱਖ ਸਿਧਾਂਤ 'ਨਿਮਰਤਾ' ਪਵਿੱਤਰ ਮੰਦਰ ਦੇ ਨਾਪ ਦੇ ਅੰਤਰਾਲ ਵਿਚ ਮੌਜੂਦ ਹੈ। 'ਪ੍ਰਕਾਸ਼ ਅਸਥਾਨ' ਸਿਰਫ 15'-4'×15'-4" ਹੈ ਤੇ ਚੌਰਸ ਆਕਾਰ ਦੀ ਮੁਖ ਯੋਜਨਾ ਬਾਹਰੋਂ 40'-7'×40'-7" ਹੈ। ਸਿੱਖ ਮਤ ਸ਼ਰਧਾਲੂਆਂ ਦੀ ਸਮੂਹਿਕ ਪੂਜਾ ਨੂੰ ਤਰਜੀਹ ਦਿੰਦਾ ਹੈ। ਜਿਸ ਵਾਸਤੇ ਇਹ ਸਾਈਜ਼ ਢੁੱਕਵਾਂ ਹੈ।

ਮੁੱਕਦੀ ਗੱਲ ਤਾਂ ਇਹ ਹੈ ਕਿ ਆਪਣੇ ਆਪ ਵਿਚ ਸੰਪੂਰਨ ਗੋਲਡਨ ਟੈਂਪਲ ਦੀ ਭਵਨ ਨਿਰਮਾਣ ਕਲਾ ਨਾ ਤਾਂ ਕਿਸੇ ਭਵਨ ਕਲਾ ਤੋਂ ਪ੍ਰਭਾਵਿਤ ਹੈ ਤੇ ਨਾ ਹੀ ਨਕਲ। ਸਗੋਂ ਇਸ ਦਾ ਸੰਕਲਪ, ਸਿਧਾਂਤ, ਅੰਤਰਾਲ, ਮਾਪ-ਤੋਲ ਆਪਣੇ ਆਪ ਵਿਚ ਹੀ ਉਭਰਦਾ ਹੈ। ਇਹ ਪਵਿੱਤਰ ਮੰਦਿਰ ਸੰਸਾਰ ਦੀ ਧਾਰਮਿਕ ਭਵਨ ਨਿਰਮਾਣ ਕਲਾ ਵਿਚ ਤਰੋ-ਤਾਜ਼ੀ ਮਹਿਕ ਦਾ ਨਮੂਨਾ ਹੈ।

**ਬਣਤਰ**

ਗੋਲਡਨ ਟੈਂਪਲ ਦੀ ਬਣਤਰ 'ਟਰੈਬੀਟ' ਤੇ 'ਆਰਕੂਟ' ਸਿਧਾਂਤਾਂ ਦੇ ਸੰਯੋਜਨ ਉੱਤੇ ਆਧਾਰਿਤ ਹੈ। 'ਪ੍ਰਕਾਸ਼ ਅਸਥਾਨ' ਦੀ ਚੋਟੀ ਉੱਤੇ ਬਣਿਆ ਗੁੰਬਦ ਵਾਲਾ ਕਮਰਾ ਟੈਰਸ ਲੈਵਲ ਉੱਤੇ ਪੋਸਟ ਤੇ ਲਿੰਟਲ ਸਿਸਟਮ ਨਾਲ ਮੰਜ਼ਿਲ ਬਣਾਉਂਦਾ ਹੈ। ਅਜਿਹੀ ਮਾਹਿਰਤਾ ਵੇਖਕੇ ਕਾਰੀਗਰ ਦੀ ਨਿਪੁੰਨਤਾ ਦਾ ਪਤਾ ਲੱਗਦਾ ਹੈ ਕਿ ਕਿਵੇਂ ਉਹ 'ਟਰੇਬੀਟ ਸਿਸਟਮ' ਨਾਲ ਸਮੱਸਿਆਵਾਂ ਦਾ ਹਲ ਕੱਢਦੇ ਸਨ। ਉਹਨਾਂ ਕਾਰੀਗਰਾਂ ਨੂੰ ਗੁੰਬਦ ਦੀ ਬਿੰਬਆਤਮਿਕ ਭਾਸ਼ਾ ਬਾਰੇ ਚੰਗੀ ਜਾਣਕਾਰੀ ਸੀ ਜਿਸ ਕਰਕੇ ਗੋਲਡਨ ਟੈਂਪਲ ਉੱਤੇ ਬਣੇ ਗੁੰਬਦ ਦੀ ਹਰੇਕ ਪੱਖੋਂ ਉਭਰ ਕੇ ਸੰਪੂਰਨਤਾ ਸਾਹਮਣੇ ਹੈ। ਇਹ ਅੰਡਾਕਾਰ ਗੁੰਬਦ 'ਆਰਕੂਟ' ਸਿਧਾਂਤ ਉੱਤੇ ਬਣਿਆ ਹੈ ਤੇ ਸਿੱਖ ਮਤ ਦੇ ਪ੍ਰਮੁੱਖ ਸਿਧਾਂਤ ਨਿਮਰਤਾ ਨੂੰ ਦਰਸਾਉਂਦਾ ਹੈ। ਇਹਨਾਂ ਕਾਰੀਗਰਾਂ ਨੂੰ ਗੰਢੇ ਵਰਗੇ ਗੁੰਬਦਾਂ ਜਿਨ੍ਹਾਂ ਨੂੰ ਮੁਗਲਾਂ ਨੇ ਵਰਤਿਆ ਸੀ, ਨਕਲ ਕਰਨ ਦੀ ਕੋਈ ਲੋੜ ਨਹੀਂ ਸੀ। ਗੋਲਡਨ ਟੈਂਪਲ ਉੱਤੇ ਬਣਿਆ ਗੁੰਬਦ ਸਿੱਖ ਮਤ ਦੇ ਸਿਧਾਂਤਾਂ ਨੂੰ ਉਭਾਰ ਕੇ ਨਿਵੇਕਲਾਪਨ ਪੈਦਾ ਕਰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਬਣਤਰ (ਬਿਲਡਿੰਗ ਦਾ ਢਾਂਚਾ) ਅੰਦਰੋਂ ਅੰਤਰਾਲ ਤੇ ਬਾਹਰੋਂ ਆਕਾਰ ਨਿਸ਼ਚਿਤ ਕਰਦੀ ਹੈ ਤੇ ਦੋਵਾਂ ਦੇ ਸੁਮੇਲ ਤੋਂ (trabeate ਤੇ arcuate system) ਪਵਿੱਤਰ ਮੰਦਰ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਸਿੱਧੀਆਂ ਰੇਖਾਵਾਂ ਮੁੜਦੀਆਂ ਰੇਖਾਵਾਂ ਦੀ ਦਿਖ (trabeate system) ਦਾ ਸੰਯੋਜਨ ਭਾਵਨਾ ਤੇ ਦਲੀਲ ਨੂੰ ਦਰਸਾਉਂਦਾ ਹੈ। ਜਿਸ ਦੀ ਅੰਤਰੀਵ ਸ਼ਕਤੀ ਨਾਲ ਮਨੁੱਖ ਅਸੀਮਿਤ ਧਰਾਤਲ ਉੱਤੇ ਪਹੁੰਚਦਾ ਹੈ ਤੇ ਅਧਿਆਤਮਕਤਾ ਦੇ ਅਰਥ ਸਮਝਦਾ ਹੈ।

ਬਣਤਰ ਇਕ ਸਹਾਇਕ ਸਿਸਟਮ ਹੈ ਜਿਸ ਵਿਚ ਅਮੂਰਤ ਸਿਧਾਂਤ ਭੀ ਆਪਣੀ ਖ਼ਾਸ ਥਾਂ ਰੱਖਦੇ ਹਨ। ਇਕ ਬਿਲਡਿੰਗ ਕਿਵੇਂ ਕੁਦਰਤ ਦੇ ਸਿਧਾਂਤਾਂ ਦੇ ਸਨਮਾਨ ਵਿਚ ਖੜ੍ਹੀ ਹੈ ਤੇ ਇਹ ਕਿੱਵੇਂ ਆਪਣੀ ਇਤਿਹਾਸਕ ਉੱਤਪਤੀ ਦੀਆਂ ਭੂਗੋਲਿਕ ਸੀਮਾਵਾਂ ਤੋੜਦੀ ਹੈ ਤੇ ਸਾਰੇ ਬ੍ਰਹਿਮੰਡ ਦੀਆਂ ਸਮੱਸਿਆਵਾਂ ਹੱਲ ਕਰਦੀ ਹੈ। ਇਸ ਗੋਲਡਨ ਟੈਂਪਲ ਦੀ ਸੰਸਾਰ ਦੀ ਭਵਨ ਨਿਰਮਾਣ ਕਲਾ ਦੇ ਸਟਾਈਲ ਨਾਲ ਕੋਈ ਵਾਸਤਾ ਨਹੀਂ ਰਹਿ ਜਾਂਦਾ। ਭਾਵੇਂ ਵਿਦਵਾਨ ਤੇ ਇਤਿਹਾਸਕਾਰ ਇਸ ਨੂੰ 'ਆਕਾਰ' ਜਿਸਦੀ ਦਿਖ ਬਾਹਰੀ ਹੁੰਦੀ ਹੈ ਉਸ ਨਾਲ ਰਲ ਗਡ ਕਰਦੇ ਹਨ : ਇਸ ਦਾ ਅੰਤਰੀਵ ਉਹੀ ਹੈ ਜਿਸਨੂੰ ਸਪੇਸ ਨਿਰਧਾਰਤ ਕਰਦਾ ਹੈ।

ਬਣਤਰ ਦਾ ਢੁੱਕਵਾਂ ਹੋਣਾ ਹੀ ਭਵਨ ਨਿਰਮਾਣ ਸਿਰਜਣਾ ਦੀ ਜਿੱਤ ਹੈ। ਗੋਲਡਨ ਟੈਂਪਲ ਦੀ ਕਲਾਤਮਿਕ ਮਹੱਤਤਾ ਇਸ ਦੀ ਬਣਤਰ ਵਿਚੋਂ ਉਭਰਦੀ ਹੈ।

**ਆਕਾਰ**

ਗੇਥੇ ਭਵਨ ਨਿਰਮਾਣ ਕਲਾ ਨੂੰ ਜੰਮਿਆ ਹੋਇਆ ਸੰਗੀਤ ਕਹਿੰਦਾ ਹੈ। ਸੰਗੀਤ ਧੁਨ ਤੇ ਹਿਸਾਬ ਦਾ ਸੁਮੇਲ ਹੈ। ਜਿਸ ਉੱਤੇ ਧਵਨੀ ਦਾ ਕਿਲ੍ਹਾ ਉਸਰਦਾ ਹੈ। ਧੁਨ ਲੈਅ ਪ੍ਰਦਾਨ ਕਰਦੀ ਹੈ, ਹਿਸਾਬ ਯੁਕਤ ਦਿੰਦਾ ਹੈ। ਆਕਾਰ ਉਪਜ ਹੈ ਜਿਹੜੀ ਬਣਤਰ ਏਕੀਕਰਣ ਨੂੰ ਬਿਆਨ ਕਰਦੀ ਹੈ ਤੇ ਆਪਣੀ ਅੰਤਰੀਵ ਸੂਝ ਨਾਲ ਕੰਨਾਂ ਦੁਆਰਾ ਆਤਮਾ ਨੂੰ ਹਰਕਤ ਵਿਚ ਲਿਆਉਂਦੀ ਹੈ। ਜਦੋਂ ਅੱਖਾਂ ਅਨੁਪਾਤ ਦਾ ਸੰਗੀਤ ਸੁਣਦੀਆਂ ਹਨ ਤਾਂ ਗੇਥੇ ਦੀ ਭਵਨ ਨਿਰਮਾਣ ਕਲਾ ਦਾ ਜਨਮ ਹੁੰਦਾ ਹੈ।

ਆਕਾਰ ਯੋਜਨਾ ਦੁਆਰਾ ਨਿਰਧਾਰਤ ਖੇਤਰ ਨੂੰ ਅੰਤਰਾਲ ਵਿਚ ਤਬਦੀਲ ਕਰ ਦਿੰਦੀ ਹੈ। ਅੰਤਰਾਲ ਥਰਕਦਾ ਹੋਇਆ ਘਣਫਲ, ਜਿਸਨੂੰ ਬਿਲਡਿੰਗ ਦੀ ਉਸਾਰੀ ਨਾਲ three dimention ਪ੍ਰਾਪਤ ਹੁੰਦੀ ਹੈ। ਆਕਾਰ ਇਕ ਪੁੰਜ ਤੋਂ ਵਿਕਸਿਤ ਹੁੰਦਾ ਹੈ। ਪੁੰਜ ਕੱਚੀ ਹਾਲਤ ਵਿਚ ਬਿਨਾ ਕਿਸੇ ਆਕਾਰ ਦੀ ਸਤਹ ਹੁੰਦੀ ਹੈ ਜਿਹੜੀ ਠੋਸ ਬੰਦ ਕੀਤੇ ਮਸਾਲੇ ਤੇ ਖਾਲੀ ਥਾਂ (ਦਰਵਾਜ਼ੇ, ਖਿੜਕੀਆਂ, ਢੱਤੇ ਹੋਏ ਰਸਤੇ ਤੋਂ ਹੋਰ ਖੁੱਲ੍ਹੇ ਛੇਦ ਆਦਿ) ਨਾਲ ਹੋਂਦ ਕਾਇਮ ਕਰਦਾ ਹੈ। ਆਕਾਰ ਨੂੰ ਵੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਬਣਤਰ ਨੂੰ ਵੇਖ ਕੇ , ਮਹਿਸੂਸ ਕਰਕੇ ਜੀਵਿਆ ਜਾ ਸਕਦਾ ਹੈ। ਮਨੁੱਖ ਦੇ ਪੰਜ ਭੂਤ ਜਿਵੇਂ ਵੇਖਣਾ, ਸੁਣਨਾ, ਛੂਹਣਾ, ਖਾਣਾ ਆਦਿ ਦੁਆਰਾ ਅੰਤਰਾਲ ਸਾਕਾਰ ਹੁੰਦਾ ਹੈ। ਆਕਾਰ ਉਹ ਹੈ ਜਿਸ ਵਿਚ ਦਿਮਾਗ ਤਜਰਬੇ ਤੋਂ ਸਭੋ ਕੁਝ ਜਮ੍ਹਾਂ ਕਰਦਾ ਹੈ। ਆਕਾਰ ਅੰਤਰਾਲ ਦੇ ਰੂਪ ਵਿਚ ਆਮ੍ਹਣੇ-ਸਾਮ੍ਹਣੇ ਬਣਤਰ ਹੈ ਉਹ ਜਿਸ ਵਿਚ ਵਸਤੂ ਦਾ ਤੱਤ ਮੌਜੂਦ ਹੁੰਦਾ ਹੈ।

ਗੋਲਡਨ ਟੈਂਪਲ ਦਾ ਆਕਾਰ ਅਰੰਭਿਕ ਜਿਉਮੈਟਰੀ ਦੇ ਨੇੜੇ ਹੈ : ਇਕ ਥੋੜ੍ਹੀ ਬਹੁਤ

ਘਣਾਤਮਕ ਆਕਾਰ ਛੇ ਕੋਣਾ ਆਕਾਰ ਨਾਲ ਮਿਲਕੇ ਪੂਰਨ ਹੁੰਦਾ ਹੈ। ਇਕ ਪੂਰਾ ਅਨੁਸਨਮਾਨਿਕ ਆਕਾਰ ਕਠੋਰ ਹੋਵੇਗਾ ਤੇ ਤੁੱਛ ਪੁੰਜ ਸੱਚ-ਖੰਡ ਲਈ ਅੰਤਰਾਲ ਦੇ ਸੁਭਾਓ ਅਨੁਸਾਰ ਠੀਕ-ਠਾਕ ਹੋਵੇਗਾ। ਪਰੰਤੂ ਇਸ ਦੀ ਸਤਹ ਉੱਤੇ ਰੀਪਾਊਜੀ ਤਕਨੀਕ ਵਿਚ ਨਮੂਨੇ ਬਣਾ ਕੇ ਏਕ ਓਅੰਕਾਰ ਦਾ ਵਿਕਾਸ ਸੁਭ ਦੀ ਅਵਸਥਾ ਤੋਂ ਵਿਕਸਿਤ ਵਿਆਪਕ ਤੱਕ ਹੈ। ਇਸ ਵਿਚਾਰ ਨੂੰ 'ਸਾਦੇ ਰਹਿਣਾਂ ਤੇ ਉੱਚੇ ਵਿਚਾਰ' ਨਾਲ ਪ੍ਰਾਪਤ ਕਰ ਸਕਦੇ ਹਾਂ।

ਗੋਲਡਨ ਮੰਦਿਰ ਦੇ ਅੰਡਾਕਾਰ ਗੁੰਬਦ ਦੀ ਬਿੰਬਾਂ ਪ੍ਰਤਿ ਗੱਲ ਹੋ ਚੁੱਕੀ ਹੈ। ਇਸ ਨਾਲ ਪਵਿੱਤਰ ਮੰਦਿਰ ਉੱਤੇ ਬਣਿਆ ਉਸਦਾ ਕਮਲ ਦਾ ਫੁੱਲ ਮਹੱਤਵਪੂਰਨ ਹੈ। ਉਲਟਾ ਹੋਣਾ ਪੰਜਾਂ ਤੱਤਾਂ ਦਾ ਦਿਮਾਗ ਵਿਚ ਇਕੱਠੇ ਹੋ ਕੇ ਸੁਭਾਓ ਦੇਣਾ ਤੇ ਅੰਤਰੀਵ ਦਾ ਵਿਚਾਰਾਂ ਨਾਲ ਭਰਨਾ ਅਜਿਹੀ ਉਪਜ ਉਸ ਲਈ ਬਹੁਤ ਹੀ ਜ਼ਰੂਰੀ ਹੈ ਜਿਹੜਾ ਸੱਚ ਦਾ ਖੋਜਕਾਰੀ ਹੋਵੇ। ਮੇਰੇ ਵਿਚਾਰ ਅਨੁਸਾਰ :

'ਵਿਚਾਰ' ਇਕ ਮਾਨਸਿਕ-ਭਾਵਕਤਾ ਦਾ ਸ਼ੀਸ਼ੇ ਦਾ ਇਮੇਜ ਹੈ। ਜਿਸ ਵਿਚ ਵਿਚਾਰ ਆਪਣਾ ਆਪਾ ਵੇਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵਾਰ-ਵਾਰ ਵਿਚਾਰ ਦੇ ਰੋਲ ਨੂੰ under score ਕੀਤਾ ਹੈ।

'ਅੰਮ੍ਰਿਤ ਵੇਲਾ ਸੱਚ ਨਾਓ, ਵਡਿਆਈ ਵਿਚਾਰ' (ਪਉੜੀ 5, ਜਪੁਜੀ) ਸੱਚ ਕੇ ਨਾਓ ਦੀ ਸਮਾਧੀ ਲਾਓ, ਅੰਮ੍ਰਿਤ ਵੇਲੇ ਦਾ ਸਮਾਂ ਜਾ ਰਿਹਾ ਹੈ। ਸਾਦੇ ਸ਼ਬਦਾਂ ਵਿਚ ਵਿਚਾਰ ਉਸ ਭੋਜਨ ਨੂੰ ਚੱਬਣ ਦੇ ਬਰਾਬਰ ਹੈ ਜਿਹੜਾ ਪੰਜ ਤੱਤਾਂ ਦੁਆਰਾ ਰੋਜ਼ਾਨਾ ਹੋਂਦ ਨੂੰ ਕਾਇਮ ਰੱਖਣ ਲਈ ਕਮਾਇਆ ਜਾਂਦਾ ਹੈ ਤਾਂ ਕਿ ਜ਼ਿੰਦਗੀ ਦੀ ਤਾਕਤ ਜਿਹੜੀ ਇਸ ਵਿਚ ਮੌਜੂਦ ਹੈ ਪ੍ਰਮਾਤਮਾ ਦੀ ਸਰਵਸ਼ਕਤੀ ਵਿਚ ਇਕ ਮਿੱਕ ਹੋ ਜਾਵੇ। ਇਸ ਰੌਸ਼ਨੀ ਦੀ ਲੋਅ ਵਿਚ ਸੱਚ ਖੰਡ ਦੀ ਕੁਝ ਕੁ ਘਣਤਾ, ਜਿਸਨੂੰ ਅੰਡਾਕਾਰ ਗੁੰਬਦ ਦੇ ਉਲਟੇ ਕਮਲ ਆਕਾਰ ਨੇ ਸਿਖਰ ਉੱਤੇ ਰੱਖਿਆ ਹੋਇਆ ਹੈ, ਬਹੁਤ ਹੀ ਸੁੰਦਰ ਦਿਖ ਹੈ, ਭਵਨ ਨਿਰਮਾਣ ਦੀ ਦ੍ਰਿਸ਼ਟੀ ਤੋਂ ਪ੍ਰਮਾਤਮਾ ਦੀ ਦੈਵਿਕ ਰੌਸ਼ਨੀ ਲੱਗਦੀ ਹੈ। ਇਹ ਆਕਾਰ ਹੈ ਜਿਹੜਾ ਬਿਲਡਿੰਗ ਮਸਾਲੇ ਨੂੰ ਅਧਿਆਤਮਿਕ ਤਜਰਬੇ ਵਿਚ ਤਬਦੀਲ ਕਰ ਦਿੰਦਾ ਹੈ।

ਗੋਲਡਨ ਟੈਂਪਲ ਦਾ ਸਾਰਾ ਆਕਾਰ ਸਰੋਵਰ ਦੇ ਪਾਣੀ ਨੇ ਭੌਤਿਕ ਗੁਣਾਂ ਤੋਂ . ਵੱਖਰਾ ਕਰ ਦਿੱਤਾ ਹੈ। ਇਸੇ ਕਰਕੇ ਇਸਦੇ ਮਾਡੇਸਟ ਆਕਾਰ ਨੂੰ ਉੱਚਾ ਚੁੱਕਿਆ ਗਿਆ ਹੈ ਤਾਂ ਕਿ ਅਧਿਆਤਮਿਕਤਾ ਥਰਕ ਸਕੇ। ਪਵਿੱਤਰ ਚੁਫੇਰੇ ਦਾ ਮਾਪ-ਦੰਡ ਭੀ ਇਕ ਵੱਖਰੀ ਕਿਸਮ ਦੇ ਮਾਹੌਲ ਵਿਚ ਮਹੱਤਵਪੂਰਨ ਯੋਗ ਪਾਉਂਦਾ ਹੈ। ਸ਼ਰਧਾਲੂਆਂ ਦੀ ਪ੍ਰਾਰਥਨਾਵਾਂ ਦਾ ਇਨਾਮ ਇਸੇ ਤਰ੍ਹਾਂ ਦੇ ਮਾਹੌਲ ਵਿਚ ਮਿਲਦਾ ਹੈ। ਪਾਣੀ ਦਾ ਮਾਪਦੰਡ ਗੋਲਡਨ ਟੈਂਪਲ ਦੀ ਬਿਲਡਿੰਗ ਦੇ ਮੁਕਾਬਲੇ ਬਹੁਤ ਵਿਸ਼ਾਲ ਹੈ। ਇਸ ਵਿਸ਼ਾਲਤਾ ਦੀ ਭਾਵਨਾ ਨੂੰ ਅੰਮ੍ਰਿਤ-ਸਰੋਵਰ ਚੁਫੇਰੇ ਪਰਿਕਰਮਾ ਕਰਕੇ ਮਹਿਸੂਸ ਕੀਤਾ ਜਾ ਸਕਦਾ ਹੈ। ਸਿੱਟਾ ਨਿਕਲਿਆ ਕਿ ਅੰਤਰਾਲ ਥਰਥਰਾਉਂਦੀ ਮੂਲ ਪ੍ਰਵਿਰਤੀ ਹੈ ਅਤੇ ਆਕਾਰ ਜੀਵਨ ਦਾ ਇਕ ਧੁਰਾ ਹੈ ਜਿਸਨੂੰ ਆਦਿ ਗ੍ਰੰਥ ਨੇ ਮਨਜ਼ੂਰੀ ਦਿੱਤੀ, ਜਿਹੜਾ ਪ੍ਰਮਾਤਮਾ ਦਾ ਸਾਕਾਰ ਰੂਪ ਹੈ ਤੇ ਸਰਵਵਿਆਪੀ, ਸਰਬਸ਼ਕਤੀਮਾਨ, ਸਰਬਗਿਆਨੀ ਹੈ। ਆਦਿ ਕਾਲ ਦਾ ਮੌਲਿਕ ਮਨੁੱਖ (ਕਰਤਾ-ਪੁਰਖ) ਨਿਰੰਤਰ ਸ਼ਰਧਾ ਰੱਖਣ ਨਾਲ ਜਿਊਂਦਾ ਹੋ ਜਾਂਦਾ ਹੈ ਜਿਸ ਦਾ ਪ੍ਰਗਟਾਓ ਬੇਰੀ ਦੇ ਦਰਖ਼ਤ ਦੀ ਸੁਰੱਖਿਆ

Sri Satguru Jagjit Singh Ji Elibrary NamdhariElibrary@gmail.com

ਵਿਚ ਉਭਰਦਾ ਹੈ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਕੁਦਰਤ ਪ੍ਰਮਾਤਮਾ ਦੀ ਤਾਕਤ ਹੈ, "ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨਾ ਜਾਈ ਲਖਿਆ" (ਸਲੋਕ ਮਹਲਾ 1, ਰਹਿਰਾਸ)

ਇਸ ਪਵਿੱਤਰ ਮੰਦਿਰ ਦੇ ਮਾਪ-ਦੰਡ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ ਜਦੋਂ ਇਸਨੂੰ ਪ੍ਰਾਚੀਨ ਸ਼ਿਲਪ-ਸ਼ਾਸਤਰਾਂ ਦੇ ਵਿਚ ਕੀਤੇ ਵਰਣਨਾਂ ਦੀ ਲੋਅ ਵਿਚ ਵੇਖਿਆ ਜਾਂਦਾ ਹੈ। ਸ਼ਿਲਪ ਸ਼ਾਸਤਰਾਂ ਵਿਚ, ਸਮਾਜਿਕ ਵੰਡ ਅਤੇ ਇਕ ਜਮਾਤ ਦੇ ਲੋਕਾਂ ਨਾਲ ਸੰਬੰਧ ਯੋਜਨਾਵਾਂ ਵਿਚ ਹੀ ਨਹੀਂ ਸਗੋਂ ਸਿੱਧੇ ਭਾਗਾਂ ਵਿਚ ਝਲਕਦੇ ਹਨ। ਰਾਜੇ-ਮਹਾਰਾਜਿਆਂ ਦੇ ਭਵਨ ਹੇਠਲੀ ਮੰਜ਼ਿਲ ਵਾਲੇ ਸਨ ਤੇ ਸੱਤ ਮੰਜ਼ਿਲਾਂ ਪੂਰੀਆਂ ਤੇ ਇਕ ਅੱਧੀ ਚੰਗੀ ਸਮਝੀ ਜਾਂਦੀ ਸੀ। ਇਸੇ ਤਰ੍ਹਾਂ ਬ੍ਰਾਹਮਣ ਕੋਲ ਭੀ ਹੇਠਲੀ ਮੰਜ਼ਿਲ ਤੋਂ ਇਲਾਵਾ ਛੇ ਮੰਜ਼ਿਲਾਂ ਤੇ ਇਕ ਅੱਧੀ ਸ਼ੁਭ ਮੰਨੀ ਜਾਂਦੀ ਸੀ, ਖਤਰੀਆਂ ਕੋਲ ਹੇਠਲੀ ਛੱਤ ਤੋਂ ਇਲਾਵਾ ਸਾਢੇ ਪੰਜ ਮੰਜ਼ਿਲਾਂ, ਸ਼ੂਦਰਾਂ ਕੋਲ ਹੇਠਲੀ ਧਰਤੀ ਤੋਂ ਬਿਨਾਂ ਢਾਈ ਮੰਜ਼ਿਲਾਂ ਦਾ ਨਿਰਮਾਣ ਠੀਕ ਸਮਝਿਆ ਜਾਂਦਾ ਸੀ। (ਜੈਲ ਲੈਗ, ਈਟੀਐਲ, 1997) ਆਰਕੀਟੈਕਚਰ ਅਤੇ ਆਜ਼ਾਦੀ, ਪੰਨਾ 30, ਗੋਲਡਨ ਟੈਂਪਲ ਵਿਚ ਹੇਠਲੀ ਮੰਜ਼ਿਲ ਦੇ ਉੱਤੇ ਢਾਈ ਮੰਜ਼ਿਲਾਂ ਬਣਾਈਆਂ ਹੋਈਆਂ ਹਨ। ਸ਼ੂਦਰਾਂ ਤੋਂ ਭੀ ਛੋਟੇ ਕਮਰਿਆਂ ਦਾ ਨਿਰਮਾਣ ਕੀਤਾ ਹੋਇਆ ਹੈ। ਇਸ ਕਰਕੇ ਨਿਰਾਕਾਰ ਦਾ ਰੈਣ-ਬਸੇਰਾ ਸ਼ੂਦਰਾਂ ਦੇ ਨੇੜੇ ਆਉਂਦਾ ਹੈ ਤੇ ਰਾਜਿਆਂ-ਮਹਾਰਾਜਿਆਂ ਤੋਂ ਕੋਹਾਂ ਮੀਲ ਦੂਰ ਨਿਰਾਕਾਰ ਪ੍ਰਗਟ ਹੁੰਦਾ ਹੈ। ਇਸ ਗੱਲ ਨੂੰ ਨਿਮਰਤਾ ਨਾਲ ਜੋੜਕੇ ਸਮਝਣਾ ਬਹੁਤ ਔਖਾ ਹੈ। ਗੋਲਡਨ ਟੈਂਪਲ ਦੇ ਸਰੀਰਕ ਢਾਂਚੇ ਦੀਆਂ ਤਿੰਨ ਸਤਹਾਂ ਹਨ ਤੇ ਹਰੇਕ 'ਇਕ-ਓਂਕਾਰ' ਦੇ ਤੱਤਾਂ ਨੂੰ ਅਪਣਾਉਂਦਾ ਹੈ। ਸ਼ਬਦ 'ਓਮ' ਵਿਚ ਭੀ ਤਿੰਨ ਧਵਨੀਆਂ ਹਨ ਜਿਹੜੀਆਂ ਤਿੰਨ ਸ਼ਬਦਾਂ ਏ, 'ਯੂ' ਅਤੇ 'ਐਮ' ਨਾਲ ਮਿਲਦੀਆਂ ਹਨ। ਯੂ ਦਾ ਅਰਥ 'ਯੂਰਧਾਮ' ਜਿਹੜਾ ਉੱਪਰ ਦੀ ਗੱਲ ਕਰਦਾ ਹੈ। 'ਏ' ਹੈ ਅਰਧਾਮ ਜਿਹੜਾ ਹੇਠਾਂ ਲਈ ਵਰਤਿਆ ਜਾਂਦਾ ਹੈ ਤੇ ਐਮ ਮਾਧਿਅਮ ਲਈ ਆਉਂਦਾ ਹੈ ਭਾਵ ਵਿਚਕਾਰ/ਓਮ ਉੱਪਰ, ਵਿਚਕਾਰ ਤੇ ਹੇਠਾਂ ਭਾਵ ਸਾਰੇ ਬ੍ਰਹਿਮੰਡ ਉੱਤੇ ਰੋਸ਼ਨੀ ਪਾਉਂਦਾ ਹੈ। ਸ਼ਬਦ 'ਓਮਕਾਰ' ਤੋਂ ਭਾਵ ਹੈ ਸਿਰਜਣਾ, ਸੁਰੱਖਿਆ ਤੇ ਨਾਸ਼ ਕਰਨ ਵਾਲੀ ਸ਼ਕਤੀ। ਗੁਰੂ ਨਾਨਕ ਜੀ ਦਾ ਪਵਿੱਤਰ ਫਾਰਮੂਲਾ ਸੀ 'ਇਕ ਓਮਕਾਰ' (ੴ) ਜਿਹੜਾ ਇਕੋ ਸਰਵ ਸ਼ਕਤੀ ਨੂੰ ਪ੍ਰਗਟਾਉਂਦਾ ਹੈ। ਪ੍ਰਮੁੱਖ ਪੂਜਾ ਅਸਥਾਨ ਦੀਆਂ ਤਿੰਨ ਸਤਹਾਂ ਹਨ, ਇਕ ਪੂਰੀ ਤੇ ਅੱਧੀ ਮੰਜ਼ਿਲ ਇਕੱਠੀ ਖੜ੍ਹੀ ਹੈ ਤੇ ਵਿਚਕਾਰੀ ਸਤਹ ਵੇਖਣ ਵਾਲੀ ਗੈਲਰੀ ਵਾਂਗ ਹੈ, ਜਿਸ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਹੋ ਜਾਂਦੇ ਹਨ ਕਿਉਂਕਿ 'ਪ੍ਰਕਾਸ਼ ਅਸਥਾਨ' ਦੀ ਉਚਾਈ ਦੂਣੀ ਹੈ। ਉਪਰਲੀ ਸਤਹ ਉੱਤੇ ਇਕ ਛੋਟਾ ਕਮਰਾ ਹੈ ਜਿਸ ਉੱਤੇ ਅੰਡਾ ਆਕਾਰ ਗੁੰਬਦ ਹੈ ਤੇ ਬਹੁਤ ਹਿੱਸਾ ਖੁਲ੍ਹੀ ਛੱਤ ਦਾ ਹੋ ਜਾਂਦਾ ਹੈ। ਸ਼ਿਲਪ ਸ਼ਾਸਤਰ ਦੀਆਂ ਲਿਖਤਾਂ ਕਿਧਰੇ ਭੀ ਗੋਲਡਨ ਟੈਂਪਲ ਉੱਤੇ ਨਹੀਂ ਲੱਗਦੀਆਂ। ਇਹ ਨਾ ਤਾਂ ਸੰਕਲਪ, ਅੰਤਰਾਲ ਤੇ ਨਾ ਹੀ ਆਕਾਰ ਵਿਚ ਕਿਸੇ ਪ੍ਰਾਚੀਨ ਰਵਾਇਤ ਨਾਲ ਮਿਲਦਾ ਹੈ। ਇਸ ਦੀ ਬਣਤਰ ਭੀ 'ਆਰਕੂਏਟ ਸਿਸਟਮ' ਉੱਤੇ ਆਧਾਰਿਤ ਹੈ ਜਿਸ ਦਾ ਪ੍ਰਯੋਗ ਪ੍ਰਾਚੀਨ ਭਵਨਾਂ ਵਿਚ ਕਿਧਰੇ ਵੀ ਨਹੀਂ ਹੋਇਆ। ਗੋਲਡਨ ਟੈਂਪਲ ਦਾ ਆਕਾਰ ਉਨਾਂ ਹੀ ਮੂਲ ਹੈ ਜਿੰਨਾ ਅੰਤਰਾਲ ਦਾ ਸੰਕਲਪ ਤੇ ਇਸ ਦੀ ਬਣਤਰ ਦਾ ਸਿਸਟਮ। ਇਹ ਅਦਿੱਖ ਸ਼ਕਤੀ ਦਾ ਪ੍ਰਗਟਾਵਾ ਭਵਨ ਨਿਰਮਾਣ ਕਲਾ ਦੁਆਰਾ ਕਰਦਾ ਹੈ। ਇਸ ਬਣਤਰ ਵਿਚ ਪ੍ਰਮਾਤਮਾ ਜਿਉਂਦੇ ਰੂਪ-ਸਰੂਪ ਵਿਚ ਰਹਿੰਦਾ ਹੈ ਜਿਸ

Sri Satguru Jagjit Singh Ji Elibrary NamdhariElibrary@gmail.com

ਨਾਲ ਸੰਜੋਗ ਪੈਦਾ ਕਰਨ ਵਾਸਤੇ ਇਸ ਸਿਰਜਣਾਤਮਿਕ ਸੰਸਾਰ ਦੇ ਮਹੱਤਵ ਨੂੰ ਸਮਝਣਾ ਲਾਜ਼ਮੀ ਹੈ।

ਗੋਲਡਨ ਟੈਂਪਲ ਦੀ ਸਿਰਜਣਾਤਮਿਕ ਦਿੱਖ ਨੂੰ ਘੋਖਣ ਵਾਸਤੇ ਲੀ ਕਾਰਬੂਜ਼ੀਅਰ ਦੀ ਪੁਸਤਕ ਨੂੰ ਪੜ੍ਹਨਾ ਜ਼ਰੂਰੀ ਹੈ। ਲੀ ਕਾਰਬੂਜ਼ੀਅਰ ਵੀਹਵੀਂ ਸਦੀ ਦਾ ਮਹਾਨ ਭਵਨ ਨਿਰਮਾਤਾ ਸੀ ਤੇ ਉਸਦੀ ਪੁਸਤਕ 'ਟੂਵਾਰਡਜ਼ ਏ ਨਿਊ ਆਰਕੀਟੇਕਚਰ' ਵਿਚੋਂ "ਭਵਨ ਨਿਰਮਾਣ ਕਲਾ ਦਾ 'ਸਟਾਈਲ' ਨਾਲ ਕੋਈ ਸੰਬੰਧ ਨਹੀਂ ਹੈ। ਆਪਣੀ ਅਮੂਰਤਤਾ ਦੇ ਕਾਰਨ ਹੀ ਇਸ ਵਿਚ ਸਰਵ ਉੱਚ ਯੋਗਤਾ ਤੇ ਕੁਸ਼ਲਤਾ ਦੀ ਵਰਤੋਂ ਹੁੰਦੀ ਹੈ। ਭਵਨ ਨਿਰਮਾਣ ਕਲਾ ਦੀ ਅਮੂਰਤਤਾ ਦੀ ਇਕ ਵਿਸ਼ੇਸ਼ਤਾ ਜਿਹੜੀ ਸਿਰਫ਼ ਇਸੇ ਨਾਲ ਸੰਬੰਧਿਤ ਹੈ ਇਹ ਹੈ ਕਿ ਭਾਵੇਂ ਇਹ ਕੋਰੇ ਯਥਾਰਥ ਉੱਤੇ ਆਧਾਰਿਤ ਹੈ ਪਰੰਤੂ ਇਹ ਉਸ ਯਥਾਰਥ ਦਾ ਅਧਿਆਤਮੀਕਰਣ ਕਰਦੀ ਹੈ। ਕੋਰਾ ਤੱਥ ਜਾਂ ਯਥਾਰਥ ਉਸ ਵਿਚਾਰ ਦਾ ਮਾਧਿਅਮ ਮਾਤਰ ਹੈ ਜਿਹੜਾ ਇਸਦੇ ਬੇਤਰਤੀਬੀਕਰਨ ਵਿਚ ਲਾਗੂ ਹੁੰਦਾ ਹੈ। ਪੁੰਜ ਤੇ ਸਤਹ ਉਹ ਤੱਤ ਹਨ ਜਿਨ੍ਹਾਂ ਰਾਹੀਂ ਇਮਾਰਤਸਾਜ਼ੀ ਪ੍ਰਗਟ ਹੁੰਦੀ ਹੈ। ਪੁੰਜ ਤੇ ਸਤਹ ਨੂੰ ਪਲਾਨ ਹੀ ਨਿਸ਼ਚਿਤ ਕਰਦਾ ਹੈ। ਪਲਾਨ ਉਤਪਾਦਕ ਹੈ। ਜਿਨ੍ਹਾਂ ਕੋਲ ਕਲਪਨਾ ਦੀ ਘਾਟ ਹੈ ਉਹਨਾਂ ਦਾ ਪਲਾਨ ਹੀ ਭੈੜਾ ਹੁੰਦਾ ਹੈ।"

ਸਪੱਸ਼ਟੀਕਰਨ ਤੇ ਵਿਸ਼ਲੇਸ਼ਣ ਦੇ ਤੁਲਨਾਤਮਿਕ ਢੰਗਾਂ ਵਿਚ ਮੈਂ ਸੌਖੇ ਤੇ ਸਿੱਧੇ ਢੰਗ ਨਾਲ ਇਹ ਵਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਗੋਲਡਨ ਟੈਂਪਲ ਦਾ ਡੀਜ਼ਾਈਨ ਸੰਕਲਪ 'ਉੱਤਪਤੀ ਕਰਨ ਵਾਲੇ ਤੋਂ ਵਿਕਸਿਤ ਹੋਇਆ, ਇਹ ਉਤਸ਼ਾਹ ਤੇ ਪ੍ਰੇਰਨਾ ਦੀ ਸਿਰਜਣਾ ਹੈ। ਇਹ ਕ੍ਰਿਆ ਕਲਪਨਾ ਨਾਲ ਸਾਕਾਰ ਹੁੰਦੀ ਹੈ। ਕਲਪਨਾ ਦਿਮਾਗ ਵਿਚ ਇਮੇਜ ਬਣਾਉਣ ਦੀ ਫੈਕਲਟੀ ਹੈ ਜਿਥੇ ਪ੍ਰੇਰਣਾ, ਪ੍ਰਮਾਤਮਾ ਦੁਆਰਾ ਅਧਿਆਤਮਿਕ ਉਤੇਜਨਾ ਬਣ ਜਾਂਦੀ ਹੈ। ਪਿਛਲੀ ਕਨਫ਼ੈਸ਼ਨ ਗੁਰੂ ਜੀ ਦੀ ਬਾਣੀ ਵਿਚੋਂ ਨਿਕਲਦੀ ਵੇਖੀ ਜਾ ਸਕਦੀ ਹੈ ਤੇ ਇਹ ਦੈਵਿਕਤਾ ਦਾ ਸਾਕਾਰ ਰੂਪ ਹੈ। ਇਹ ਪ੍ਰਮਾਤਮਾ ਦੀ ਆਪਣੀ ਸਿਰਜਣਾ ਦਾ ਪ੍ਰਗਟਾਓ ਹੈ ਜਿਹੜਾ ਦਿਮਾਗ ਵਿਚ ਵਸੇ ਪੰਜ ਭੂਤਾਂ ਦੀ ਕਾਰਗੁਜ਼ਾਰੀ ਤੋਂ ਬਹੁਤ ਉੱਚਾ ਹੈ।

ਭਾਵੇਂ ਗੁਰਬਾਣੀ ਕਵਿਤਾ ਦੇ ਰੂਪ ਵਿਚ ਲਿਖੀ ਗਈ ਹੈ, ਜਿਸਨੂੰ ਮੈਂ ਭਵਿੱਖ ਬਾਣੀ ਦੀ ਭਾਸ਼ਾ ਮੰਨਦਾ ਹਾਂ, ਇਹ ਕਵਿਤਾ ਨਹੀਂ ਹੈ। ਮਾੜੀ-ਮੋਟੀ ਇਹ ਅਧਿਆਤਮਿਕਵਾਦ ਜਾਂ ਮਿਥਿਹਾਸ ਜਾਂ ਫੇਰ ਸਾਇੰਸ ਹੋ ਸਕਦੀ ਹੈ। ਇਹ ਤਾਂ ਰਹੱਸਵਾਦ ਵੀ ਨਹੀਂ ਕਿਉਂਕਿ ਇਸ ਵਿਚ ਤਾਂ ਗੁਪਤ ਗਿਆਨ ਹੁੰਦਾ ਹੈ। 'ਗੁਰਬਾਣੀ' ਪ੍ਰਮਾਤਮਾ ਦੇ 'ਸ਼ਬਦ' ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਨੇ ਵਿਅਕਤ ਕੀਤਾ। ਇਹ ਬ੍ਰਹਿਮੰਡ ਦਾ ਪ੍ਰੇਰਿਤ ਵਿਵਰਣ ਹੈ ਜਿਸ ਦੇ ਸਿਧਾਂਤ ਤੇ ਕਾਨੂੰਨ ਬਿਨਾਂ ਕਿਸੇ ਕਲਪਨਾ, ਭਾਵਨਾ, ਅੰਤਰ-ਸੂਝ ਤੇ ਤਰਕ ਦੇ ਚਲਦੇ ਹਨ।

ਕਵਿਤਾ ਕਾਵਿ ਰਚਨਾ ਦੀ ਸਾਹਿਤਕ ਕਲਾ ਹੈ ਜਿਸ ਨੂੰ ਛੰਦ-ਸ਼ਾਸਤਰ ਤੇ ਹੋਰ ਸਿਧਾਂਤ ਰਹਿਨੁਮਾਈ ਕਰਦੇ ਹਨ। ਇਸ ਵਿਚ ਕਲਪਨਾ ਦਾ ਪ੍ਰਯੋਗ ਵਧੇਰੇ ਹੁੰਦਾ ਹੈ ਤੇ ਕਵਿਤਾ ਰਵਾਇਤ ਨਾਲੋਂ ਵੀ ਵੱਖਰੀ ਹੋ ਜਾਂਦੀ ਹੈ। ਮਿਥਿਹਾਸ ਮਨੁੱਖੀ ਕਲਪਨਾ ਦੀ ਵੱਡੀ ਸਿਰਜਣਾ ਹੈ। ਅਧਿਆਤਮਿਕਵਾਦ ਦਾਰਸ਼ਨਿਕਤਾ ਦੀ ਮੁੱਖ ਬਰਾਂਚ ਹੈ ਤੇ ਕਿਆਸ ਉੱਤੇ ਭਰੋਸਾ ਕਰਦਾ ਹੈ। ਇਸ ਨੂੰ ਉੱਤਪਤੀ ਦੀ ਸਾਇੰਸ ਵੀ ਆਖਿਆ ਜਾਂਦਾ ਹੈ ਤੇ ਪਹਿਲਾ ਸਿਧਾਂਤ ਕੁਦਰਤ ਦੇ

Sri Satguru Jagjit Singh Ji Elibrary NamdhariElibrary@gmail.com

ਵਿਚਾਰ ਨੂੰ ਖੋਜਣਾ ਹੁੰਦਾ ਹੈ। ਸਾਇੰਸ ਇਕ ਪਰਿਕਲਪਨਾ ਹੈ ਜਿਸ ਦਾ ਆਧਾਰ ਗਿਆਨ ਜਿਸਨੂੰ ਪ੍ਰਯੋਗ ਕਰਕੇ ਨਿਰਧਾਰਤ ਕੀਤਾ ਜਾਂਦਾ ਹੈ, ਤਜਰਬੇ ਕੀਤੇ ਜਾਂਦੇ ਹਨ ਤੇ ਸਿਸਮੇਟਾਈਜ਼ ਕਰਕੇ ਆਮ ਸਿਧਾਂਤਾਂ ਅਧੀਨ ਲਿਆਂਦਾ ਜਾਂਦਾ ਹੈ। ਰਹੱਸਵਾਦ ਸ਼ੁੱਧ, ਘਸਮੈਲਾ ਜਾਂ ਭੇਦ ਭਰੇ ਤਜਰਬੇ ਉਹ ਵੀ ਸਿਰਫ਼ ਇਕ ਬੰਦੇ ਦੇ ਜਿਸ ਨੇ ਪ੍ਰਮਾਤਮਾ ਨਾਲ ਸਿੱਧਾ ਏਕੀਕਰਣ ਕਰਨਾ ਹੋਵੇ। ਆਮ ਵਿਚਾਰ ਵਿਚ ਰਹੱਸਵਾਦ ਧੁੰਦਲੇਪਣ ਤੇ ਯਥਾਰਥਵਾਦ ਦੇ ਵਿਚਾਰ ਨੂੰ ਉਭਾਰਦਾ ਹੈ।

ਗੋਲਡਨ ਟੈਂਪਲ ਦਾ ਆਰਕੀਟੈਕਚਰ, ਇਸ ਖ਼ਾਸ ਸੰਦਰਭ ਵਿਚ, 'ਸਟਾਈਲ' ਸ਼ਬਦ ਤੋਂ ਉੱਪਰ ਉੱਠ ਜਾਂਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਕਿਵੇਂ ਦੁਨਿਆਵੀ ਬਿਲਡਿੰਗ ਟਾਈਪ ਆਪਣੇ ਡੀਜ਼ਾਈਨ-ਸੰਕਲਪ ਕਰਕੇ ਜਿਸ ਦੀਆਂ ਜੜ੍ਹਾਂ 'ਸਰੋਤ' ਵਿਚ ਪੱਕੀਆਂ ਸਨ, ਅਧਿਆਤਮਿਕ ਤੱਤਾਂ ਦੇ ਖੇਤਰ ਤੋਂ ਉੱਚਾ ਉੱਠ ਗਈ।

ਇਹ ਸਿੱਖ ਮੱਤ ਦੀ ਮੂਲ ਸਿਰਜਣਾ ਹੈ ਤੇ ਦੁਨੀਆਂ ਦੀ ਭਵਨ ਨਿਰਮਾਣ ਕਲਾ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਗੁਰੂ ਅਰਜਨ ਦੇਵ ਜਿਨ੍ਹਾਂ ਨੇ ਗੋਲਡਨ ਟੈਂਪਲ ਦੀ ਭਵਨ ਨਿਰਮਾਣ ਕਲਾ ਨੂੰ ਜਨਮ ਦਿੱਤਾ ਸੀ, ਉਹਨਾਂ ਕਿਧਰੇ ਵੀ ਇਸ ਸਿਰਜਣਾ ਦਾ ਸਿਹਰਾ ਆਪਣੇ ਸਿਰ ਨਹੀਂ ਬੰਨ੍ਹਿਆ। ਇਸਦੇ ਉਲਟ ਜਦੋਂ ਪਵਿੱਤਰ ਪਾਣੀ ਦਾ ਪ੍ਰੋਜੈਕਟ ਪੂਰਾ ਹੋ ਗਿਆ ਤਾਂ ਉਹਨਾਂ ਨੇ ਇਹ ਸ਼ਬਦ ਉਚਾਰਣ ਕੀਤਾ :

*ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥ ਮਜਨੁ ਗੁਰ ਆਂਦਾ ਰਾਸ॥ ਜਪਿ ਹਰਿ ਹਰਿ ਕਿਲਵਿਖ ਨਾਸੇ॥1॥ ਸੰਤਹੁ ਰਾਮਦਾਸ ਸਰੋਵਰੁ ਨੀਕਾ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀਕਾ॥1॥ ਰਹਾਉ॥ ਜੈਜੈਕਾਰੁ ਜਗੁ ਗਾਵੈ॥ ਮਨ ਚਿੰਦਿਅੜੇ ਫਲ ਪਾਵੈ। ਸਹੀ ਸਲਾਮਤਿ ਨਾਇ ਆਏ॥ ਆਪਣਾ ਪ੍ਰਭੂ ਧਿਆਏ॥2॥ ਸੰਤ ਸਰੋਵਰ ਨਾਵੈ॥ ਸੋ ਜਨੁ ਪਰਮਗਤਿ ਪਾਵੈ॥ ਮਰੈ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥3॥ ਇਹੁ ਬ੍ਰਹਮ ਬਿਚਾਰ ਸੁ ਜਾਨੈ॥ ਜਿਸੁ ਦਇਆਲੁ ਹੋਇ ਭਗਵਾਨੈ॥ ਬਾਬਾ ਨਾਨਕ ਪ੍ਰਭ ਸਰਣਾਈ॥ ਸਭ ਚਿੰਤਾ ਗਣਤ ਮਿਟਾਈ॥4॥*

ਲਾਊਸ ਆਈ ਜਨ ਨੇ ਕਿਹਾ, "ਆਰਕੀਟੈਕਚਰ ਦੀ ਕੋਈ ਹੋਂਦ ਨਹੀਂ ਹੁੰਦੀ, ਸਿਰਫ਼ ਇਸ ਦਾ ਸਪਿਰਟ ਹੋਂਦ ਰੱਖਦਾ ਹੈ।"

ਗੋਲਡਨ ਟੈਂਪਲ ਦੇ ਸੰਬੰਧ ਵਿਚ ਆਰਕੀਟੈਕਚਰ ਜਾਂ ਸਪਿਰਟ ਸ਼ਰਧਾ ਦੇ ਤਰੰਗੀ ਸ਼ਾਹਾਂ ਵਿਚ ਫੜਿਆ ਹੁੰਦਾ ਹੈ, ਪ੍ਰਮਾਤਮਾ ਵੱਲ ਆਪਣੇ ਆਪੇ ਦਾ ਪੂਰੇ ਤੇ ਸਮਰਪਣ, ਉਹ ਆਪਣੀ ਇੱਛਾ ਨਾਲ, ਨਿਰਮਾਣ ਕਰਨ ਵਾਲੇ ਦਾ ਦਿਲ ਖੁਸ਼ੀਆਂ ਨਾਲ ਭਰ ਦਿੰਦਾ ਹੈ ਤੇ ਹਉਮੈ ਨੂੰ ਸਾੜ ਕਰ ਦਿੰਦਾ ਹੈ। ਇਹ ਭਵਨ ਨਿਰਮਾਣ ਕਲਾ ਭਾਵਨਾਵਾਂ ਦਾ ਧਰਮ ਹੈ ਜਿਸ ਵਿਚ ਅੰਤਰਾਲ, ਬਣਤਰ ਤੇ ਆਕਾਰ ਨੂੰ ਪ੍ਰਮੁੱਖ ਤੌਰ ਤੇ ਰੱਖਿਆ ਗਿਆ ਹੈ। ਇਹ ਅਚਾਨਕ ਯੂਨੀਵਰਸਲ ਤੇ ਕਾਲ ਮੁਕਤ ਹੋ ਜਾਂਦੇ ਹਨ।

**ਕਾਲ**

ਸਮਾਂ ਮਨੁੱਖ ਦੀ ਜ਼ਿੰਦਗੀ ਵਿਚ ਅਤੇ ਹਰੇਕ ਵਸਤੂ ਜਿਹੜੀ ਉਹ ਬਣਾਉਂਦਾ ਹੈ, ਮਹੱਤਵਪੂਰਨ ਤੱਤ ਹੈ। ਸਮਾਂ ਆਪਣੀ ਰਫ਼ਤਾਰ ਨਾਲ ਚਲਦਾ ਤੇ ਕਦੀ ਨਹੀਂ ਰੁਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਪ੍ਰਮਾਤਮਾ ਤੋਂ ਬਿਨਾਂ ਸਾਰਾ ਕੁਝ ਸਮੇਂ ਨਾਲ ਬਦਲਦਾ ਹੈ। ਦੁਨੀਆਂ ਭਰ ਦੇ ਲੋਕ, ਸਥਾਨ, ਵਸਤਾਂ, ਜੀਵ-ਜੰਤੂ ਆਦਿ ਸਾਰਾ ਬ੍ਰਹਿਮੰਡ ਬਦਲਦਾ ਰਹਿੰਦਾ ਹੈ। ਸਮਾਂ, ਅੰਤਰਾਲ ਨਾਲ, ਦੋ ਸਰਵ ਵਿਆਪਕ ਪ੍ਰਾਰੰਭਿਕ ਵਾਸਤਵਿਕ ਵਸਤਾਂ ਨੂੰ ਰਚਦਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਮੌਜੂਦਗੀ ਸਿਰਜਣਾ ਜਿਸ ਨੂੰ ਉਹ ਲੀਲ੍ਹਾ ਵਜੋਂ, ਜੀਵ-ਜੰਤੂ ਤੇ ਸਿਰਜਣਾ ਦੇ ਰੂਪ ਵਿਚ (ਮੈਟਰ) ਪਦਾਰਥ ਵਿਚੋਂ ਘੜਦਾ ਹੈ। ਇਹ ਪਦਾਰਥ (Matter) ਹੀ ਹੈ ਜਿਹੜਾ ਪ੍ਰਮਾਤਮਾ ਦੀ ਸਿਰਜਣਾ ਪ੍ਰਗਟਾਉ ਕਰਦਾ ਹੈ– ਸਿਰਜਣਾ ਅਨੰਤ (illimitability of space) ਅਤੇ ਸਦੀਵੀਂ (immearurability of Time), ਇਸ ਤੋਂ ਭਾਵ ਹੈ ਭੂਤਕਾਲ ਠੋਸ ਸਟੇਟ ਵਿਚ ਸਮਾਂ ਹੈ ਅਤੇ ਵਰਤਮਾਨ ਤਰਲ ਸਟੇਟ ਵਿਚ ਸਮਾਂ ਹੈ ਅਤੇ ਭਵਿੱਖ ਤਤਹੀਣਤਾ ਵਿਚ ਸਮਾਂ ਹੈ। ਦੂਜੇ ਸ਼ਬਦਾਂ ਵਿਚ ਮਨੁੱਖੀ ਇਤਿਹਾਸ ਦਾ ਕੋਈ ਵੀ ਕੀਤਾ ਗਿਆ ਸਮਾਂ ਤਤਕਰਾ ਹੁੰਦਾ ਹੈ ਕਿ ਸਮੇਂ ਨੇ ਕੀ ਕੀਤਾ ਸੀ। ਉਹ ਕਿੰਨੀ ਕੁ ਪ੍ਰਗਤੀ ਲੈ ਕੇ ਆਇਆ ਸੀ। ਇਸ ਪ੍ਰਗਤੀ ਵਿਚ ਪ੍ਰਕ੍ਰਿਆ ਤੇ ਉੱਤਪਤੀ ਦੋਵੇਂ ਸਨ ਜਾਂ ਨਹੀਂ? ਇਕ ਉਤਪਾਦਨ ਕਾਲ ਹੈ ਅੰਤਰਾਲ ਵਿਚ ਜੰਮਿਆ ਹੋਇਆ-ਜਿਥੇ ਖ਼ਾਸ ਸਮਾਂ ਤੇ ਖ਼ਾਸ ਸਥਾਨ ਆਉਂਦਾ ਹੈ। ਸਮੇਂ ਦੀ ਜਗਿਆਸੂ ਅਸਧਾਰਨਤਾ ਮਨੁੱਖ ਲਈ ਅਤਿ ਜ਼ਰੂਰੀ ਹੈ, ਖ਼ਾਸ ਕਰਕੇ ਔਜ਼ਾਰ ਬਣਾਉਂਦੇ ਪਸ਼ੂ ਹਨ। ਇਹ ਇਕ ਥਾਂ ਤੋਂ ਦੂਜੇ ਥਾਂ ਯਾਤਰਾ ਕਰਦੇ ਹਨ ਤਾਂ ਕਿ ਟੈਕਨੋਲੋਜੀ ਤੱਕ ਪਹੁੰਚ ਸਕਣ। ਅਜਿਹੀ ਯਾਤਰਾ ਦਾ ਉਦੇਸ਼ ਹੈ ਹੋਰ ਲੋਕਾਂ ਦੀਆਂ ਖ਼ਬਰਾਂ ਇਕੱਠੀਆਂ ਕਰਨੀਆਂ ਜਦੋਂ ਕਿ ਯਾਤਰਾ ਦਾ ਮੋਡ ਧਰਤੀ, ਸਮੁੰਦਰ, ਹਵਾ ਆਦਿ ਦਾ ਹੈ। ਜਦੋਂ ਕਿ ਹੁਣ ਆਈ. ਟੀ. ਵਧੇਰੇ ਵਿਕਸਿਤ ਹੈ ਜਿਸਨੂੰ ਅਨੇਕ ਢੰਗਾਂ ਨਾਲ ਸਿੱਖਿਆ ਜਾ ਸਕਦਾ ਹੈ। ਸੰਸਾਰ ਵੱਡਾ ਵਿਕਸਿਤ ਸ਼ਹਿਰ ਬਣ ਚੁੱਕਿਆ ਹੈ। ਔਜ਼ਾਰ ਜਿਹੜੇ ਦੁਨੀਆਂ ਭਰ ਦੇ ਲੋਕ ਬਣਾਉਂਦੇ ਹਨ ਦੋ ਤਰ੍ਹਾਂ ਦੇ ਹੁੰਦੇ ਹਨ— ਸ਼ਕਤੀਸ਼ਾਲੀ ਔਜ਼ਾਰ ਤੇ ਆਕਾਰ ਦੇਣ ਵਾਲੇ ਔਜ਼ਾਰ। ਇਹਨਾਂ ਔਜ਼ਾਰਾਂ ਨੇ ਲੋਕਾਂ ਦੀ ਜ਼ਿੰਦਗੀ ਸੌਖੀ ਕਰ ਦਿੱਤੀ ਹੈ। ਇਹਨਾਂ ਔਜ਼ਾਰਾਂ ਤੋਂ ਬਿਨਾਂ ਪ੍ਰਗਤੀ ਜਾਂ ਤਾਂ ਬਹਿਸਣ ਤੱਕ ਸੀਮਿਤ ਰਹਿ ਜਾਂਦੀ ਜਾਂ ਫੇਰ ਦਾਰਸ਼ਨਿਕ ਕਿਆਸਾਂ ਤੱਕ ਜਾਂ ਕਲਪਨਾ ਦੀ ਉਡਾਰੀ ਤੱਕ ਹੀ ਰਹਿ ਜਾਂਦੀ ਹੈ। ਬਿਨਾਂ ਕਿਸੇ ਨੂੰ ਮਿਲਿਆਂ ਦੂਜਾ ਬੰਦਾ ਕੀ ਕਰ ਰਿਹਾ ਹੈ, ਇਸ ਦਾ ਕੁਝ ਵੀ ਪਤਾ ਨਹੀਂ ਚਲਦਾ, ਕੋਈ ਬੰਦਾ ਨਕਲ ਵੀ ਨਹੀਂ ਮਾਰ ਸਕਦਾ। ਪਰੰਤੂ ਜੇਕਰ ਕੋਈ ਉਤਪਾਦਨ ਕਰਨ ਵਿਚ ਸਫਲ ਹੋ ਗਿਆ ਤਾਂ ਇਸਨੂੰ ਵਿਅਕਤੀਗਤ ਖੋਜ ਆਖਿਆ ਜਾਵੇਗਾ। ਈਵੋਲੂਸ਼ਨ ਦੀ ਥਿਊਰੀ ਵਾਲੀ ਗੱਲ ਵੀ ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਇਹੋ ਥਿਊਰੀ ਡਾਰਵਿਨ ਤੋਂ ਵੱਖਰੇ ਅਤੇ ਸੁਤੰਤਰ ਤੌਰ ਤੇ ਈਲਵਰਡ, ਰਸਲ, ਵਾਲਿਸ ਨੇ ਵੀ ਵਧੀਆ ਤੇ ਪੂਰਨ ਰੂਪ ਵਿਚ ਸਾਕਾਰ ਕੀਤੀ ਹੈ। ਅਖੌਤੀ ਵਿਗਿਆਨਕ ਢੰਗ ਇਹ ਦਰਸਾਉਂਦਾ ਹੈ ਕਿ ਕੋਈ ਵੀ ਵਸਤੂ ਅਨੁਮਾਨਾਤਮਕ ਨਹੀਂ ਹੈ ਕਿਉਂਕਿ ਜੇਕਰ ਨਿਰੀਖਿਅਕ ਦੇ ਦਿਮਾਗ ਵਿਚ ਇਹ ਵਿਚਾਰ ਨਹੀਂ ਕਿ ਉਹ ਕੀ ਚੀਜ਼ ਵੇਖਣੀ ਚਾਹੁੰਦਾ ਹੈ ਤਾਂ ਉਹ ਕਿਸੇ ਚੀਜ਼ ਦਾ ਨਿਰੀਖਣ ਕਰ ਹੀ ਨਹੀਂ ਪਾਵੇਗਾ। ਅਖੌਤੀ ਉਚੇਰੇ ਸੱਚ ਤੱਕ ਅੰਤਰ-ਸੂਝ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਆਂਤਰਿਕ ਸੂਝ ਮਨ ਦੀ ਉਹ ਸ਼ਕਤੀ ਹੈ ਜਿਸ ਰਾਹੀਂ ਬਿਨਾਂ ਕਿਸੇ ਤਰਕ ਜਾਂ ਵਿਸ਼ਲੇਸ਼ਣ ਦੇ ਚੀਜ਼ਾਂ ਦੇ ਸੱਚ ਨੂੰ ਇਕ ਦਮ ਵੇਖਿਆ ਜਾ ਸਕਦਾ ਹੈ। ਇਹੋ ਹਾਲ ਕਲਾ ਕ੍ਰਿਤਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਕਲਪਨਾ ਦੇ ਮਾਧਿਅਮ ਰਾਹੀਂ ਦਰਸਾਈ ਗਈ ਮਿਲਦੀ ਹੈ ਪਰੰਤੂ ਮੇਰੇ ਆਪਣੇ ਪਰਿਪੱਕ ਵਿਚਾਰ ਅਨੁਸਾਰ ਪਰਮ ਸੱਚ ਪ੍ਰਮਾਤਮਾ ਦੀ ਨਦਰ ਨਾਲ ਹੀ ਅਨੁਭਵ ਕੀਤਾ ਜਾ ਸਕਦਾ ਹੈ।

ਇਕ ਅਸਧਾਰਨ ਤਰੀਕੇ ਨਾਲ ਪ੍ਰੇਰਣਾ ਵਜੋਂ ਅਤੇ ਨਿਵੇਕਲੇ ਆਨੰਦ ਵਿਚ ਇਲਹਾਮ ਵਜੋਂ ਮਨੁੱਖ ਦੀ ਭਲਾਈ ਵਾਸਤੇ ਅਜਿਹੇ ਗਿਆਨ ਨੂੰ ਪ੍ਰਾਪਤ ਕਰਨ ਤੇ ਇਸਤੇਮਾਲ ਕਰਨ ਦਾ ਫਾਲਤੂ ਹੱਕ ਕਾਲ ਤੇ ਅੰਤਰਾਲ ਤੋਂ ਅਗਾਂਹ ਨਿਕਲ ਜਾਂਦਾ ਹੈ। ਆਤਮਾ ਦੀ ਇੰਨਫਰਮੇਸ਼ਨ ਟਕਨਾਲੋਜੀ ਪ੍ਰਮਾਤਮਾ ਦੀ ਮਿਹਰ ਨਾਲ ਲਾਭ ਪ੍ਰਾਪਤ ਕਰਨ ਵਾਲਿਆਂ ਕੋਲ ਅਧਿਆਤਮਕ ਤੌਰ ਤੇ ਪਹੁੰਚ ਜਾਂਦੀ ਹੈ।

ਇਸ ਦੀ ਲੋਅ ਵਿਚ ਕਾਲ ਪੱਕ ਗਿਆ ਸੀ ਤੇ ਅੰਤਰਾਲ ਨੂੰ ਅਸ਼ੀਰਵਾਦ ਪ੍ਰਾਪਤ ਹੋ ਚੁੱਕਿਆ ਸੀ ਤਾਂ ਕਿ ਗੁਰੂ ਨਾਨਕ ਜੀ ਪ੍ਰਮਾਤਮਾ ਦੇ ਸ਼ਬਦ ਅਗੰਮ ਗਿਆਨ ਦੁਆਰਾ ਪ੍ਰਾਪਤ ਕਰ ਸਕਣ। ਕਾਲ ਦੀਆਂ ਤਿੰਨ ਅਵਸਥਾਵਾਂ ਹਨ—ਠੋਸ, ਤਰਲ ਤੇ ਗੈਸਦਾਰ-ਸੱਚ ਨੂੰ ਸਿੱਖ ਮੱਤ ਦੇ ਪੈਗੰਬਰ ਦੇ ਦਿਲ ਵਿਚ ਬੀਜਣ ਵਾਸਤੇ ਘਿਓ-ਖਿੱਚੜੀ ਹੋ ਜਾਂਦੇ ਹਨ ਤਾਂ ਕਿ ਆਪਣੀ ਅੰਤਰਾਲ ਸਿਰਜ ਸਕਣ। ਇਥੇ ਕਿਸੇ ਵੀ ਕਿਸਮ ਦਾ ਕੋਈ ਸਰੋਤ ਨਹੀਂ ਜਿਸਦੇ ਹਵਾਲੇ ਨਾਲ ਆਰਕੀਟੈਕਚਰ ਦੇ ਸਟਾਈਲਜ਼ ਨੂੰ ਦੱਸਿਆ ਜਾ ਸਕੇ। ਨਵੀਂ ਭਵਨ ਨਿਰਮਾਣ ਕਲਾ ਅਗੰਮ ਗਿਆਨ ਦੀ ਰੌਸ਼ਨੀ ਵਿਚ ਆਕਾਰ ਧਾਰਦੀ ਹੈ। ਜਦੋਂ ਨਵੀਂ ਕਿਸਮ ਦੀ ਬਿਲਡਿੰਗ ਬਣਾਉਣ ਦੀ ਲੋੜ ਮਹਿਸੂਸ ਹੋਈ ਤਾਂ ਸਮਾਂ ਪਕ ਚੁੱਕਿਆ ਸੀ, ਗੁਰੂ ਅਰਜਨ ਦੇਵ ਜੀ ਨੇ ਧਰਮਸ਼ਾਲਾ ਦੀ ਉੱਤਪਤੀ ਸਿਧਾਂਤਾਂ ਦੀ ਪੂਰਤੀ, ਡੀਜ਼ਾਈਨ-ਬੀਜ-ਵਿਚਾਰ ਵਿਚ ਜੜ੍ਹ, ਗੋਲਡਨ ਟੈਂਪਲ ਦਾ ਸੰਕਲਪ ਆਦਿ ਲਿਆ।

ਪਵਿੱਤਰ ਮੰਦਰ ਇਸ ਕਰਕੇ ਧਾਰਮਿਕ ਭਵਨ ਨਿਰਮਾਣ ਕਲਾ ਦਾ ਅਦਭੁੱਤ ਨਮੂਨਾ ਹੈ ਕਿਉਂਕਿ ਇਹ ਕਾਲ ਤੇ ਅੰਤਰਾਲ ਤੋਂ ਅਗਾਂਹ ਨਿਕਲ ਕੇ ਸਾਰੀ ਮਨੁੱਖਤਾ ਨਾਲ ਸੰਬੰਧਿਤ ਹੈ।

**ਇੰਜਨੀਅਰਿੰਗ ਪੱਖ**

ਬਿਲਡਿੰਗ ਸਿਰਫ਼ ਇਕ ਹੀ ਸਰੀਰਕ ਆਕਾਰ ਹੈ ਜਿਸ ਵਿਚ ਆਰਕੀਟੈਕਚਰ ਦਾ ਸਪਿਰਟ ਮੌਜੂਦ ਹੁੰਦਾ ਹੈ। ਇੰਜਨੀਅਰਿੰਗ ਨੇ ਗੋਲਡਨ ਟੈਂਪਲ ਦੇ ਬਣਾਉਣ ਵਿਚ ਬਹੁਤ ਹੀ ਮਹੱਤਵਪੂਰਨ ਰੋਲ ਪਾਇਆ ਹੈ ਭਾਵੇਂ ਉਹ ਮਸਾਲਾ, ਨਿਰਮਾਣ ਤੇ ਵੱਡੇ ਪਾਣੀ ਦਾ ਤਲਾਓ ਆਦਿ ਹੋਵੇ। ਇੰਜਨੀਅਰਿੰਗ ਦੇ ਸਾਰੇ ਪੱਖਾਂ ਦਾ ਧਿਆਨ ਕਲਾਕਾਰ, ਦਸਤਕਾਰ, ਕਰਾਫ਼ਟਸਮੈਨ, ਮਿਸਤਰੀ, ਕਾਰੀਗਰ ਤੇ ਧਾਤਾਂ ਦਾ ਕੰਮ ਕਰਨ ਵਾਲੇ ਕਰਦੇ ਹਨ। ਬਿਲਡਿੰਗ ਨਿਰਮਾਣ ਲਈ ਲੋੜੀਂਦੇ ਮਸਾਲਿਆਂ ਵਿਚੋਂ ਨਾਨਕ ਸ਼ਾਹੀ ਇੱਟ, ਪੱਕੀ ਹੋਈ ਟਾਈਲ ਤੇ ਚੂਨੇ ਦੀ ਵਰਤੋਂ ਹੁੰਦੀ ਸੀ। ਪਵਿੱਤਰ ਮੰਦਿਰ ਦੀ ਨੀਂਹ ਤੋਂ ਲੈ ਕੇ, ਪਾਣੀ ਦੇ ਵਿਸ਼ਾਲ ਤਲਾਓ ਚੁਫ਼ੇਰ ਖੜ੍ਹੀਆਂ ਦੀਵਾਰਾਂ ਤੱਕ, ਵੱਡੀ ਬਣਤਰ ਨਾਲ ਸਤਹ ਉੱਤੇ ਸੁੰਦਰ ਕਰਾਫ਼ਟਸਮੈਨਸ਼ਿਪ ਤੇ ਸਜਾਵਟੀ ਨਮੂਨੇ, ਆਤਮਿਕ ਦੁਲਹਨ ਨਾਲ ਦੈਵਿਕ ਪਤੀ ਦੀ ਸ਼ਾਦੀ ਵਿਚੋਂ ਹਰੇਕ ਵਸਤੂ ਦੁਰਲੱਭ ਏਕੀਕਰਣ ਵਿਚੋਂ ਬਣੀ ਹੈ। ਅੰਮ੍ਰਿਤ ਸਰੋਵਰ ਨੂੰ ਪਾਣੀ ਸਪਲਾਈ ਦਾ ਸਿਸਟਮ ਅਤੇ ਇਸ ਦੀ ਦੇਖ-ਭਾਲ, ਸੰਭਾਲ ਤੇ ਵਿਚੇ ਹੀ ਸਫ਼ਾਈ, ਇੰਜਨੀਅਰਿੰਗ ਦੇ ਸਾਹਸੀ ਕੰਮ ਹਨ ਜਿਹੜੇ ਨੋਟਿਸ ਤੇ ਪ੍ਰਸੰਸਾ ਨੂੰ ਮਜ਼ਬੂਤ ਕਰਦੇ ਹਨ।

Sri Satguru Jagjit Singh Ji Elibrary NamdhariElibrary@gmail.com

**ਸਿੱਟਾ**

ਗੋਲਡਨ ਟੈਂਪਲ ਦਾ ਨਿਰੀਖਣ ਕਰਕੇ ਆਪਣੇ ਨਤੀਜੇ ਕੱਢਣ ਤੋਂ ਪਹਿਲਾਂ ਮੈਂ ਇਸ ਪਵਿੱਤਰ ਧਾਰਮਿਕ ਸਥਾਨ ਬਾਰੇ ਪਰਸੀ ਬਰਾਊਨ ਦੁਆਰਾ ਲਿਖੀ ਪੁਸਤਕ 'ਇੰਡੀਅਨ ਆਰਕੀਟੈਕਚਰ ਇਸਲਾਮਿਕ ਪੀਰੀਅਡ' ਪੰਨਾ 115 ਵਿਚੋਂ ਹੇਠ ਲਿਖੀ ਟੂਕ ਦੇਣਾ ਚਾਹਾਂਗਾ।

"ਅੰਮ੍ਰਿਤਸਰ ਵਿਖੇ ਸਥਿਤ ਗੋਲਡਨ ਟੈਂਪਲ ਸੰਗਮਰਮਰ, ਸ਼ੀਸ਼ੇ, ਰੰਗ ਅਤੇ ਧਾਤੂ ਵਿਚ ਸਿਰਜੇ ਇਕ ਭਵਨ ਨਿਰਮਾਣ ਕਲਾ ਦੇ ਸੁੰਦਰ ਨਮੂਨੇ ਦੀ ਉਦਾਹਰਣ ਹੀ ਨਹੀਂ ਸਗੋਂ ਇਕ ਧਾਰਮਿਕ ਭਾਵਨਾ ਦਾ ਪ੍ਰਤੀਕ ਵੀ ਹੈ। ਇਸ ਪੱਖੋਂ ਰੰਗੂਨ ਦਾ ਸ਼ਵੇ ਡਰੈਗਨ ਪੈਗੋਡਾ ਹੀ ਇਸ ਦੀ ਬਰਾਬਰੀ ਕਰਦਾ ਹੈ। ਗੋਲਡਨ ਟੈਂਪਲ ਸਿੱਖਾਂ ਦੀ ਧਾਰਮਿਕ ਸ਼ਰਧਾ ਦਾ ਪ੍ਰਤੀਕ ਹੈ ਅਤੇ ਇਹ ਪੈਗੋਡਾ ਭਾਰਤ ਦੇ ਦੂਸਰੇ ਮਹਾਨ ਧਰਮ, ਬੁੱਧ ਧਰਮ ਦੀ ਸ਼ਰਧਾ ਨੂੰ ਉਸੇ ਤੀਬਰਤਾ ਨਾਲ ਪ੍ਰਗਟ ਕਰਦਾ ਹੈ।"[4]

ਇਹ ਟੂਕ ਵਿਸਥਾਰ ਦੀ ਮੰਗ ਕਰਦੀ ਹੈ। "ਭਵਨ ਨਿਰਮਾਣ ਕਲਾ ਦਾ ਨਮੂਨਾ" ਸ਼ਬਦਾਂ ਦਾ ਅਰਥ ਸਪੱਸ਼ਟ ਨਹੀਂ। ਇਹਨਾਂ ਸ਼ਬਦਾਂ ਨੂੰ ਅਸੀਂ ਆਕਾਰ ਦੇ ਅਰਥਾਂ ਵਿਚ ਲੈ ਸਕਦੇ ਹਾਂ ਜਿਸ ਵਿਚ ਉਹ ਸਾਰੇ ਤੱਤ ਆ ਜਾਂਦੇ ਹਨ ਜਿਹੜੇ ਇਕ ਵਿਸ਼ੇਸ਼ ਕੌਮ ਦੁਆਰਾ ਇਤਿਹਾਸ ਦੇ ਇਕ ਵਿਸ਼ੇਸ਼ ਮੋੜ ਉੱਤੇ ਭਵਨ ਨਿਰਮਾਣ ਦੀ ਕਲਾ ਅਤੇ ਵਿਗਿਆਨ ਦੇ ਸੰਬੰਧ ਵਿਚ ਅਮਲ ਵਿਚ ਲਿਆਂਦੇ ਜਾਂਦੇ ਹਨ।

ਇਸ ਤੋਂ ਭਾਵ ਇਹ ਵੀ ਲਿਆ ਜਾ ਸਕਦਾ ਹੈ ਕਿ ਇਹ ਤੱਤ ਉਹਨਾਂ ਤੱਤਾਂ ਨਾਲੋਂ ਵੱਖਰੇ ਹਨ ਜਿਹੜੇ ਕਿਸੇ ਹੋਰ ਕੌਮ ਨੇ ਪਹਿਲਾਂ ਜਾਂ ਸਮਕਾਲੀਨ ਯੁੱਗਾਂ ਵਿਚ ਆਪਣੇ ਸੋਹਜ ਸੰਬੰਧੀ ਵਿਚਾਰਾਂ ਨੂੰ ਪ੍ਰਗਟ ਕਰਨ ਹਿਤ ਵਿਕਸਿਤ ਕੀਤੇ ਹੁੰਦੇ ਹਨ। "ਧਾਰਮਿਕ ਭਾਵਨਾ ਵਾਲੇ ਸ਼ਬਦਾਂ ਵਿਚ ਧਰਮ ਦਾ ਅਰਥ ਪਰਮ ਸੱਤਾ ਵਿਚ ਵਿਸ਼ਵਾਸ ਅਤੇ ਉਸ ਪ੍ਰਤਿ ਭੈ ਅਤੇ ਭਉ ਦੀ ਭਾਵਨਾ", ਲਏ ਜਾ ਸਕਦੇ ਹਨ। ਇਹ ਸ਼ਬਦ ਉਸ ਅਦਿੱਖ ਪਰਮ-ਸੱਤਾ ਪ੍ਰਤਿ ਭਾਵਨਾ ਅਤੇ ਉਸ ਨਾਲ ਸੰਬੰਧਿਤ ਨੈਤਿਕਤਾ ਦੇ ਅਰਥਾਂ ਵਿਚ ਵੀ ਲਏ ਜਾ ਸਕਦੇ ਹਨ। ਭਾਵਨਾ ਜਾਂ ਈਮੋਸ਼ਨ ਸ਼ਬਦ ਦਾ ਕੋਸ਼ਗਤ ਅਰਥ ਹੈ : "ਭਾਵਨਾਵਾਂ ਦਾ ਵਹਾਓ; ਮਨ ਦੀ ਹਿਲ-ਜੁਲ, ਮਨ ਦੀਆਂ ਤਿੰਨ ਅਵਸਥਾਵਾਂ ਵਿਚੋਂ ਇਕ", ਇਹ ਸਪੱਸ਼ਟ ਹੈ ਕਿ ਧਰਮ ਸ਼ਬਦ ਵਿਚ ਬਾਕੀ ਸਭ ਕੁਝ ਆ ਜਾਂਦਾ ਹੈ ਕਿਉਂਕਿ ਇਸ ਦੁਆਰਾ ਪ੍ਰੇਰਿਤ ਸ਼ਰਧਾ ਦੀ ਭਾਵਨਾ ਮਨ ਨੂੰ ਪ੍ਰਮਾਤਮਾ ਦੀ ਭਗਤੀ ਪ੍ਰਤਿ ਸਮਰਪਿਤ ਕਰਨ ਉੱਪਰ ਜ਼ੋਰ ਦਿੰਦੀ ਹੈ। ਸ਼ਰਧਾ ਮਨੁੱਖੀ ਆਤਮਾ ਅੰਦਰ ਉਪਜੇ ਉਹ ਮਾਨਸਿਕ ਵਲਵਲੇ ਹਨ ਜਿਹੜੇ ਆਤਮਾ ਦੇ ਅਦਿੱਖ ਪਰਮਾਤਮਾ ਨਾਲ ਮੇਲ ਦੀ ਖਿੱਚ ਨੂੰ ਪ੍ਰਗਟ ਕਰਦੇ ਹਨ। ਜੇ ਇਸ ਰੌਸ਼ਨੀ ਵਿਚ ਵੇਖਿਆ ਜਾਵੇ ਤਾਂ ਗੋਲਡਨ ਟੈਂਪਲ ਦੇ ਨਿਰਮਾਣ ਦਾ ਕਾਰਜ ਭਵਨ ਨਿਰਮਾਣ ਕਲਾ ਦਾ ਇਕ ਨਵਾਂ ਸਟਾਈਲ ਵਿਕਸਿਤ ਕਰਨ ਦਾ ਯਤਨ ਨਹੀਂ ਸੀ। ਇਹ ਤਾਂ ਪਰਮਾਤਮਾ ਦੀ ਨਦਰ ਦਾ ਪਾਤਰ ਬਣਕੇ ਉਸ ਨਾਲ ਇਕਮਿਕ ਹੋਣ ਦੇ ਅਨੁਭਵ ਦਾ ਪ੍ਰਗਟਾਵਾ ਸੀ। ਜਾਪਦਾ ਹੈ ਪ੍ਰਮਾਤਮਾ ਨੇ ਆਪਣੀ ਮਿਹਰ ਸਦਕਾ ਇਕ ਅਜਿਹੇ ਯੋਗ ਭਵਨ ਦਾ ਨਿਰਮਾਣ ਕੀਤਾ ਜਿਹੜਾ ਦੈਵੀ ਰਾਹਾਂ ਦੇ ਆਤਮਿਕ ਭਰਪੂਰ ਕੰਮ ਦਾ ਇਕ ਨਮੂਨਾ ਹੈ। ਇਸ ਤੋਂ ਅਗਾਂਹ ਸਿੱਖ ਆਰਕੀਟੈਕਚਰ ਦਾ ਇਕ ਆਪਣਾ ਵੱਖਰਾ ਸਟਾਈਲ ਵਿਕਸਿਤ ਹੋਇਆ।

Sri Satguru Jagjit Singh Ji Elibrary NamdhariElibrary@gmail.com

ਕੁਝ ਵੀ ਹੋਵੇ ਭਵਨ ਨਿਰਮਾਣ ਕਲਾ ਦੇ ਵਿਦਵਾਨ ਇਤਿਹਾਸਕਾਰ ਪਰਸੀ ਬਰਾਊਨ ਨੇ ਇਹ ਗੱਲ ਮੰਨੀ ਹੈ ਕਿ 'ਗੋਲਡਨ ਟੈਂਪਲ ਧਾਰਮਿਕ ਕਲਾ ਭਵਨ ਨੂੰ ਸੰਗਮਰਮਰ, ਸ਼ੀਸ਼ਾ, ਰੰਗ ਅਤੇ ਧਾਤ ਵਿਚ ਪ੍ਰਤਿਰੂਪਨ ਕਰਦਾ ਹੈ ਅਤੇ ਇਸ ਵਰਗੀ ਇਕੋ ਇਕ ਹੋਰ ਉਦਾਹਰਣ ਰੰਗੂਨ ਦੇ ਸ਼ਵੇ ਡਰੇਗਨ ਪੈਗੋਡਾ ਵਿਚ ਵੇਖੀ ਜਾ ਸਕਦੀ ਹੈ।'

ਮੇਰਾ ਨਿਸ਼ਕਰਸ਼ ਇਹ ਹੈ ਕਿ "ਸੰਸਾਰ ਦੇ ਹੋਰ ਪਵਿੱਤਰ ਸਥਾਨਾਂ ਜਿਹੜੇ ਆਪਣੇ ਆਪ ਵਿਚ ਧਾਰਮਿਕ ਭਵਨ ਨਿਰਮਾਣ ਦੀ ਸੁੰਦਰ ਉਦਾਹਰਣ ਹਨ, ਇਹ ਉਹਨਾਂ ਵਿਚੋਂ ਦੈਵੀ ਪ੍ਰੇਰਨਾ ਦੀ ਇਕ ਕਲਾਤਮਿਕ ਕ੍ਰਿਤ ਹੈ। ਇਹ ਪਰਮਸੱਤਾ ਦੀ ਏਕਤਾ ਅਤੇ ਇਸ ਵਿਅਕਤ ਸੰਸਾਰ ਅੰਦਰ ਵਿਦਮਾਨਤਾ ਨੂੰ ਪ੍ਰਗਟ ਕਰਦਾ ਹੈ। ਸ਼ਰਧਾਲੂਆਂ ਨੂੰ ਸੱਚ ਦੇ ਰਾਹ ਉੱਪਰ ਚਲਣ ਲਈ ਪ੍ਰੇਰਿਤ ਕਰਦਾ ਹੈ; ਅਤੇ ਉਹਨਾਂ ਦੀ ਸੁਰਤ ਨੂੰ ਸ਼ਬਦ ਨਾਲ ਜੋੜਦਾ ਹੈ। ਇਹ ਉਸ ਅਕਾਲ ਪੁਰਖ ਦੀ ਯਾਦ ਦੁਆਉਂਦਾ ਹੈ ਜਿਹੜਾ ਤੱਤ ਰੂਪ ਵਿਚ ਅਵਿਅਕਤ ਹੈ ਪਰੰਤੂ ਕੁਦਰਤ ਅੰਦਰ ਹਰ ਥਾਂ ਵਿਦਮਾਨ ਹੈ ਅਤੇ ਸਮੁੱਚੇ ਬ੍ਰਹਮੰਡ ਦਾ ਪ੍ਰਾਣ ਸਰੋਤ ਹੈ।"

(ਅਨੁਵਾਦਕ ਪ੍ਰੋ. ਸਰੋਜ ਚਮਨ)

Sri Satguru Jagjit Singh Ji Elibrary NamdhariElibrary@gmail.com

# ਸਿੱਖ ਧਰਮ ਵਿਚ ਸ਼ਹਾਦਤ

*ਡਾ. ਗੁਰਦਰਸ਼ਨ ਸਿੰਘ ਢਿੱਲੋਂ**

ਸਿੱਖ ਇਤਿਹਾਸ ਸਿੱਖਾਂ ਦੁਆਰਾ ਅਜ਼ਾਦੀ ਦੇ ਉੱਚ ਆਦਰਸ਼ਾਂ, ਬਰਾਬਰੀ, ਨਿਆਂ ਤੇ ਸੱਚਾਈ ਦੀ ਪੈਰਵੀ ਲਈ ਕੀਤੀਆਂ ਗਈਆਂ ਕੁਰਬਾਨੀਆਂ ਅਤੇ ਸਾਰੇ ਜ਼ੁਲਮਾਂ ਤੇ ਦਿੱਤੀਆਂ ਸ਼ਹੀਦੀਆਂ ਦੀ ਲੰਮੀ ਗਾਥਾ ਹੈ। ਸ਼ਹੀਦ ਪਦ ਸਿੱਖ ਪਰੰਪਰਾ ਦਾ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਇਸ ਪੇਪਰ ਦਾ ਮਨੋਰਥ ਸ਼ਹਾਦਤ ਦੇ ਅਦੁੱਤੀ-ਚਮਤਕਾਰ, ਇਸ ਦੇ ਅਰੰਭ ਤੇ ਵਿਕਾਸ ਅਤੇ ਗੁਰੂ ਜੀ ਦੁਆਰਾ ਸਿੱਖ ਸ਼ਹਾਦਤ ਦੀ ਦਾਤ ਦੇਣ ਦੇ ਸੰਦਰਭ ਵਿਚ ਅਧਿਐਨ ਕਰਨਾ ਹੈ। ਸਿੱਖ ਧਰਮ ਵਿਚ ਸ਼ਹੀਦ ਦੀਆਂ ਕਿਹੜੀਆਂ ਵਿਸ਼ੇਸ਼ਤਾਈਆਂ ਹਨ? ਉਹ ਕਿਹੜੀ ਪ੍ਰੇਰਨਾਦਾਇਕ ਸ਼ਕਤੀ ਸੀ ਜਿਸ ਨੇ ਸਿੱਖਾਂ ਨੂੰ ਅਕਹਿ ਕਸ਼ਟ ਸਹਿਣ ਤੇ ਖ਼ੂਨ ਦੇਣ ਦੀ ਵੱਡੀ ਕੀਮਤ ਅਦਾ ਕਰਨ ਲਈ ਉਤਸ਼ਾਹਿਤ ਕੀਤਾ? ਹੋਰਨਾਂ ਨਾਲੋਂ ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਕਿਵੇਂ ਵੱਖਰਾ ਹੈ? ਇਸ ਪੇਪਰ ਵਿਚ ਇਹਨਾਂ ਸਾਰੇ ਸੁਆਲਾਂ ਦਾ ਜੁਆਬ ਲੱਭਣ ਦਾ ਯਤਨ ਕੀਤਾ ਗਿਆ ਹੈ। ਸਿੱਖ ਵਿਚਾਰਧਾਰਾ ਦਾ ਸਿੱਖ ਇਤਿਹਾਸ ਨੂੰ ਰੂਪ ਰੰਗ ਪ੍ਰਦਾਨ ਕਰਨ ਦੇ ਰੋਲ ਅਤੇ ਸ਼ਹਾਦਤ ਦੀ ਸਿੱਖ ਪਰੰਪਰਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਹ ਪੇਪਰ ਪੂਰਾ ਧਿਆਨ ਕੇਂਦਰਿਤ ਕਰੇਗਾ।

ਸਿੱਖ ਵਿਚਾਰਧਾਰਾ ਦੇ ਮੂਲ ਵਿਚ ਸ਼ਹਾਦਤ ਦੇ ਸੰਕਲਪ ਦੀਆਂ ਜੜ੍ਹਾਂ ਹਨ। ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਤੋਂ ਪਹਿਲਾਂ ਭਾਰਤੀ ਧਰਮਾਂ ਵਿਚ ਪ੍ਰਮੁੱਖ ਵਿਚਾਰ ਇਹ ਸੀ ਕਿ ਇਹ ਦਿਸਦਾ-ਵਸਦਾ ਜਗਤ ਮ੍ਰਿਗਤ੍ਰਿਸ਼ਨਾ ਤੇ ਭਰਮ ਤੋਂ ਵੱਧ ਕੁਝ ਨਹੀਂ ਹੈ। ਰੂਹਾਨੀ ਮਾਰਗ ਤੇ ਪਹਿਲਾਂ ਕਦਮ ਹਰ ਹਾਲਤ ਵਿਚ ਇਸ ਤੋਂ ਦੂਰ ਰਹਿਣਾ ਹੈ। ਅਜਿਹੇ ਵਿਚਾਰ ਨੇ ਤਿਆਗਵਾਦ, ਮੱਠਵਾਦ ਤੇ ਬ੍ਰਹਮਚਾਰੀ ਬਿਰਤੀ ਨੂੰ ਪਵਿੱਤਰਤਾ ਪ੍ਰਦਾਨ ਕੀਤੀ। ਇਹ ਲੋਕ ਇਸ ਦ੍ਰਿਸ਼ਟਮਾਨ ਜਗਤ ਨੂੰ ਸੁਧਾਰ ਲਈ ਯੋਗ ਸਥਾਨ ਨਹੀਂ ਮੰਨਦੇ ਸਨ। ਪਰਲੋਕ ਲਈ ਜ਼ਿਆਦਾ ਚਿੰਤਨ ਕਰਨ ਵੱਲ ਲੱਗੇ ਹੋਣ ਕਾਰਨ, ਸਮਾਜਕ ਤੇ ਮਨੁੱਖੀ ਸਮੱਸਿਆਵਾਂ ਨਾਲ ਇਹਨਾਂ ਦਾ ਕੋਈ ਸੰਬੰਧ ਨਹੀਂ ਸੀ। ਇਸ ਦਾ ਸਿੱਟਾ ਇਹ ਸੀ ਕਿ ਧਾਰਮਿਕ ਵਿਅਕਤੀ ਵਿਅਕਤੀਗਤ ਮੁਕਤੀ ਦੇ ਵਿਚਾਰ ਨਾਲ ਜੁੜੇ ਹੋਏ ਸਨ ਅਤੇ ਇਹਨਾਂ ਨੇ ਗ੍ਰਹਿਸਥੀ ਜੀਵਨ ਨੂੰ ਅਲਵਿਦਾ ਆਖ ਛੱਡਿਆ ਸੀ। ਇਹਨਾਂ ਨੇ ਆਪਣੇ ਆਪ ਨੂੰ ਸਮਾਜ ਨਾਲੋਂ ਤੋੜ ਰੱਖਿਆ ਸੀ ਅਤੇ ਪਹਾੜਾਂ ਜਾਂ ਕੇਂਦਰਾਂ ਵਿਚ ਸੁਰੱਖਿਅਤ ਰਹਿ ਕੇ, ਪੂਰੀ ਤਰ੍ਹਾਂ ਇਕਾਂਤਵਾਦੀ ਬਣ ਕੇ ਮੁਕਤੀ-ਪ੍ਰਾਪਤੀ ਲਈ ਸਾਧਨਾ ਕਰਦੇ ਸਨ। ਇਸ ਜੀਵਨ-ਨਿਸ਼ੇਧ ਤੇ ਉਦਾਸੀਨ ਬਿਰਤੀ ਦਾ

---

* ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

Sri Satguru Jagjit Singh Ji Elibrary NamdhariElibrary@gmail.com

ਸਮਾਜ ਰਾਜਨੀਤਿਕ ਦ੍ਰਿਸ਼ ਉੱਪਰ ਪ੍ਰਭਾਵ ਪੈਣਾ ਲਾਜ਼ਮੀ ਸੀ ਜਿਸ ਕਾਰਨ ਸਮਾਜ ਸਮਾਜਕ ਝੁਕਾਵਾਂ ਵਿਚ ਨਵਿਰਤੀਵਾਦੀ, ਭਾਗਵਾਦੀ ਅਤੇ ਨਾਂਹ-ਪੱਖੀ ਸੋਚ ਦਾ ਬੋਲਬਾਲਾ ਦੇਖਿਆ ਗਿਆ ਹੈ।

ਇਸ ਸਭ ਕੁਝ ਦੇ ਉਲਟ ਇਕ ਘਟਨਾ-ਸਥਲ ਤੇ ਗੁਰੂ ਨਾਨਕ ਜੀ ਦਾ ਪ੍ਰਕਾਸ਼ ਹੋਇਆ ਜਿਨ੍ਹਾਂ ਨੇ ਜੀਵਨ-ਦ੍ਰਿੜ੍ਹਤਾ ਵਾਲਾ ਧਰਮ ਅਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਪ੍ਰਸਤੁਤ ਕੀਤਾ। ਉਨ੍ਹਾਂ ਨੇ ਇਕਾਂਤਵਾਦ ਤੇ ਤਿਆਗਵਾਦ ਨੂੰ ਰੋਕਿਆ ਅਤੇ ਸਪੱਸ਼ਟ ਸ਼ਬਦਾਂ ਵਿਚ ਐਲਾਨ ਕੀਤਾ ਕਿ ਇਹ ਦ੍ਰਿਸ਼ਟਮਾਨ ਜਗਤ ਸਤਿ ਹੈ ਅਤੇ ਅਰਥਪੂਰਨ ਹੈ। ਉਹਨਾਂ ਨੇ ਆਪਣੇ ਸਿੱਖਾਂ ਲਈ ਗ੍ਰਹਿਸਥ ਦਾ ਗਾਡੀ ਰਾਹ ਤਿਆਰ ਕੀਤਾ ਜਿਸ ਨਾਲ ਉਹਨਾਂ ਨੇ ਮਨੁੱਖੀ ਹੋਂਦ ਦੇ ਅਧਿਆਤਮਿਕ ਤੇ ਅਨੁਭਵ ਸਿੱਖ ਧਰਾਤਲ ਦਰਮਿਆਨ ਸਪੱਸ਼ਟ ਸਾਂਝ ਸਥਾਪਿਤ ਕੀਤੀ।

ਗੁਰੂ ਸਾਹਿਬ ਨੇ ਧਰਮ ਦਾ ਸਰਗਰਮ ਤੇ ਸਿਰਜਣਾਤਮਕ ਰੋਲ ਨਿਯਤ ਕੀਤਾ ਅਤੇ ਇਸ ਨੂੰ ਸਰਬੱਤ ਲਈ ਪਿਆਰ, ਮਨੁੱਖੀ ਭਾਈਚਾਰੇ, ਸਤਿ, ਨਿਆਂਸ਼ੀਲਤਾ ਅਤੇ ਸਮਾਜਕ ਜ਼ੁੰਮੇਵਾਰੀ ਮੁੱਲਾਂ ਨੂੰ ਉਕਤ ਕਰਨ ਦਾ ਵਾਹਨ ਬਣਾਇਆ। ਗੁਰੂ ਸਾਹਿਬ ਦਾ ਵਿਸ਼ਵਾਸ ਸੀ ਕਿ ਧਾਰਮਿਕ ਵਿਅਕਤੀ ਆਪਣੇ ਆਲੇ-ਦੁਆਲੇ ਅਤਿਆਚਾਰੀ ਤੇ ਅਨਿਆਏ ਵਾਲੀਆਂ ਕਾਰਵਾਈਆਂ ਦਾ ਉਦਾਸੀਨ ਦਰਸ਼ਕ ਨਹੀਂ ਬਣ ਸਕਦਾ। ਗੁਰੂ ਨਾਨਕ ਸਾਹਿਬ ਦਾ ਸੰਵੇਦਨਸ਼ੀਲ ਹਿਰਦਾ ਆਮ ਸਮੇਂ ਵਿਚ ਸਮਾਜਕ ਤੇ ਰਾਜਨੀਤਿਕ ਜਬਰ ਦੇਖ ਕੇ ਪੀੜ ਨਾਲ ਤੜਪਣ ਲੱਗਾ। ਗੁਰੂ ਜੀ ਨੇ ਇਹਨਾਂ ਮਜ਼ਲੂਮਾਂ ਦੀ ਮੰਦੀ ਦਸ਼ਾ ਨੂੰ ਠੀਕ ਤਰ੍ਹਾਂ ਜਾਣਿਆ ਅਤੇ ਇਹਨਾਂ ਦੇ ਸੁਧਾਰ ਲਈ ਰਾਹ ਲੱਭਿਆ। ਗੁਰੂ ਦੇ ਸਿੱਖਾਂ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਸੀ ਕਿ ਉਹ ਸ੍ਵੈ-ਸੰਤੁਸ਼ਟ ਤੇ ਆਤਮ ਕੇਂਦਰਿਤ ਰਹਿਣ ਅਤੇ ਸਿਰਫ਼ ਆਪਣੀ ਆਤਮਿਕ ਉੱਨਤੀ ਲਈ ਯਤਨਸ਼ੀਲ ਰਹਿਣ। ਉਹਨਾਂ ਨੇ ਕਰਮੀ ਮਨੁੱਖ ਬਣਨਾ ਸੀ ਅਤੇ ਆਪਣੇ ਆਸ ਪਾਸਾਂ ਦੇ ਜਗਤ ਦੇ ਹਿੱਤਾਂ ਦੀ ਰੱਖਿਆ ਕਰਨੀ ਸੀ।

ਗੁਰੂ ਜੀ ਨੇ ਕਿਰਿਆਤਮਿਕ ਧਰਮ ਦੀ ਨੀਂਹ ਰੱਖੀ ਜਿਸ ਦਾ ਪ੍ਰਮੁੱਖ ਤੱਤ ਪ੍ਰੇਮ-ਪਿਆਰ ਸੀ ਪਰ ਉਹਨਾਂ ਨੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਸੀ ਪ੍ਰੇਮ ਦੇ ਜਿਸ ਮਾਰਗ ਤੇ ਚੱਲਣ ਲਈ ਸਿੱਖਾਂ ਨੂੰ ਹੁਕਮ ਕੀਤਾ ਗਿਆ ਹੈ ਉਹ ਕਠਿਨਾਈ ਤੇ ਸੰਕਟ-ਭਰਪੂਰ ਹੈ। ਇਸ ਵਿਚ ਨਿਸ਼ਕਾਰੀ ਸੇਵਾ ਅਤੇ ਕੁਰਬਾਨੀ ਸ਼ਾਮਲ ਹੈ। ਉਹਨਾਂ ਦਾ ਕਹਿਣਾ ਸੀ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰ ਦੀਜੈ ਕਾਣਿ ਨ ਕੀਜੈ॥*

ਇਸ ਕ੍ਰਾਂਤੀਕਾਰੀ ਵੰਗਾਰ ਨੇ ਉਹ ਮਾਰਗ ਨਿਰਧਾਰਿਤ ਕਰ ਦਿੱਤਾ ਜਿਸ ਉੱਪਰ ਸਿੱਖ ਲਹਿਰ ਨੇ ਅਗਾਂਹ ਵਧਣਾ ਸੀ।

ਗੁਰੂ ਸਾਹਿਬ ਨੇ ਮੁਕਤੀ ਦੇ ਪਰੰਪਰਿਕ ਸੰਕਲਪ ਨੂੰ ਰੱਦ ਕਰ ਦਿੱਤਾ ਅਤੇ ਇਕ ਨਵਾਂ ਵਿਚਾਰ ਪੇਸ਼ ਕੀਤਾ। ਉਹਨਾਂ ਦੀ ਬਾਣੀ ਵਿਚ ਮੁਕਤੀ ਦਾ ਇਹ ਮਹੱਤਵ ਹੈ ਕਿ ਉਹ ਸਾਧਕ

Sri Satguru Jagjit Singh Ji Elibrary NamdhariElibrary@gmail.com

ਨੂੰ ਜੀਵਨ ਅਤੇ ਉਸ ਦੀ ਪ੍ਰਤਿਬੱਧਤਾ ਤੋਂ ਮੁਕਤ ਨਹੀਂ ਕਰਦੀ ਜਿਹਾ ਕਿ ਪਰੰਪਰਾਗਤ ਬੋਧ ਅਨੁਸਾਰ ਸੀ। ਇਹਨਾਂ ਅਨੁਸਾਰ ਮੁਕਤੀ ਹਉਮੈ ਅਤੇ ਹੋਰ ਸਭ ਡਰਾਂ ਜਿਵੇਂ ਕਿ ਅਸੁਰੱਖਿਅਤ ਹੋਣ ਦੀ ਭਾਵਨਾ, ਜਬਰ ਦਾ ਡਰ ਤੇ ਥੁੜ੍ਹਾਂ, ਤੋਟਾਂ ਦੇ ਡਰ ਤੋਂ ਮੁਕਤੀ ਨੂੰ ਪ੍ਰਗਟ ਕਰਦੀ ਹੈ। ਸਿੱਖ ਲਈ ਮੁਕਤੀ ਸੱਚਾਈ ਅਤੇ ਹੋਰ ਸ਼ੁਭ ਕਾਰਜਾਂ ਦੇ ਹਿੱਤ ਨੂੰ ਕਾਇਮ ਰੱਖਣ ਲਈ ਜੰਗ ਦੇ ਮੈਦਾਨ ਵਿਚ ਸ਼ਹੀਦੀ ਪ੍ਰਾਪਤ ਕਰਨੀ ਹੈ। ਇਹ ਗਿਆਨ-ਅਵਸਥਾ ਦੇ ਪ੍ਰਗਟਾ ਦਾ ਪ੍ਰਤੀਕ ਹੈ। ਇਕ ਵਿਅਕਤੀ ਆਪਣੇ ਅੰਦਰ ਦੀ ਜੋਤ, ਆਤਮਿਕ ਸ੍ਵੈ ਦੀ ਅੰਮ੍ਰਿਤਾ ਨੂੰ ਅਨੁਭਵ ਕਰਦਾ ਹੈ ਜੋ ਸਮੇਂ ਤੇ ਪੁਲਾੜ ਦੀ ਗੁਲਾਮੀ ਤੋਂ ਮੁਕਤ ਹੈ। ਗੁਰੂ ਜੀ ਨੇ ਮੁਕਤੀ ਨੂੰ ਨਵੇਂ ਪਰਿਪੇਖ ਵਿਚ ਜੀਵਨ-ਮੁਕਤ ਦੇ ਰੂਪ ਵਿਚ ਦੇਖਿਆ।

ਇਕ ਸੱਚਾ ਸਾਧਕ ਮਨ ਵਿਚ ਵਿਸ਼ਵਵਿਆਪੀ ਪ੍ਰੇਮ, ਸੱਚਾਈ ਅਤੇ ਨਿਰਭੈਤਾ ਨੂੰ ਧਾਰਨ ਕਰਦਾ ਹੈ ਜੋ ਉਸ ਨੂੰ ਈਸ਼ਵੀਪੁਣੇ ਦੇ ਬਹੁਤ ਨੇੜੇ ਲੈ ਜਾਂਦੀ ਹੈ। ਉਹ ਮਨੁੱਖਤਾ ਦੀ ਏਕਤਾ ਬਾਰੇ ਸੁਚੇਤ ਹੋ ਜਾਂਦਾ ਹੈ ਅਤੇ ਮਨੁੱਖ ਨੂੰ ਮਨੁੱਖ ਨਾਲੋਂ ਵੱਖ ਕਰਨ ਵਾਲੀਆਂ ਮਾਨਵ-ਕ੍ਰਿਤ ਵਾੜਾਂ ਨੂੰ ਰੱਦ ਕਰ ਦਿੰਦਾ ਹੈ। ਬ੍ਰਹਿਮੰਡੀ ਨਜ਼ਰਾਂ ਨਾਲ ਇਕ ਸੁਰ ਹੋਣ ਤੇ ਰੂਹਾਨੀ ਇਕਮਿਕਤਾ ਨਾਲ ਲਬਰੇਜ਼ ਹੋ ਕੇ, ਉਹ ਦੈਵੀ-ਮਨੋਰਥ ਦਾ ਸਭ ਤੋਂ ਵੱਡਾ ਸਾਧਨ ਬਣ ਜਾਂਦਾ ਹੈ ਅਤੇ ਬ੍ਰਹਿਮੰਡੀ ਇਕਸੁਰਤਾ ਦੇ ਵਾਧੇ ਲਈ ਯਤਨ ਕਰਦਾ ਹੈ। ਉਸ ਦਾ ਅੰਦਰਲਾ ਗਤੀਵਾਦ/ਸ਼ਕਤੀਵਾਦ ਉਸ ਨੂੰ ਮੁਕਤੀ ਦੇ ਮਾਰਗ ਤੇ ਲੈ ਜਾਂਦਾ ਹੈ ਅਤੇ ਨਾਲ ਹੀ ਉਸ ਦੇ ਆਸ-ਪਾਸ ਵਾਪਰ ਰਹੀਆਂ ਗਲਤ ਗੱਲਾਂ ਨੂੰ ਠੀਕ ਕਰਨ, ਮਨੁੱਖੀ ਕਾਰ-ਵਿਹਾਰ ਵਿਚ ਪਿਆਰ ਇਕਸੁਰਤਾ ਤੇ ਨਿਆਂ ਨੂੰ ਕਾਇਮ ਕਰਨ ਅਤੇ ਧਰਤੀ ਤੇ ਰੱਬੀ ਰਾਜ ਕਾਇਮ ਕਰਨ ਲਈ ਯਤਨਸ਼ੀਲ ਬਣਾਉਂਦਾ ਹੈ। ਅਜਿਹਾ ਮਨੁੱਖ, ਬੁਰਿਆਈ, ਪਾਖੰਡ, ਖੁਦਗਰਜ਼ੀ ਤੇ ਨੈਤਿਕ ਗੰਦਗੀ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਉਹ ਪਿਆਰ, ਸੱਚ ਤੇ ਨਿਆਂ ਵਰਗੇ ਦੈਵੀ ਗੁਣਾਂ ਦੀ ਪੈਰਵੀ ਕਰਦਿਆਂ ਆਪਣੀ ਜਾਨ ਦੀ ਬਾਜ਼ੀ ਲਗਾ ਦਿੰਦਾ ਹੈ। ਉਸ ਲਈ ਮੌਤ ਦਾ ਡਰ ਰਹਿ ਹੀ ਨਹੀਂ ਜਾਂਦਾ, ਉਹ ਸਗੋਂ ਉਸ ਲਈ ਰੱਬੀ ਰਹਿਮਤ, ਆਮ ਲੋਕਾਂ ਦੀ ਖੁਸ਼ਹਾਲੀ ਲਈ ਉਤਮ ਕਾਰਜ ਬਣ ਜਾਂਦਾ ਹੈ ਜੋ ਉਸ ਦੇ ਵਿਅਕਤੀਗਤ ਆਪੇ ਤੋਂ ਪਾਰ ਹੋ ਜਾਂਦਾ ਸੀ।

ਪਰੰਪਰਿਕ ਭਾਰਤੀ ਜਾਤੀ ਵਿਚ ਸ਼ਹਾਦਤ ਦੇ ਸੰਕਲਪ ਦੀ ਹੋਂਦ ਨਹੀਂ ਹੈ। ਇਹ ਗੁਰੂ ਸਾਹਿਬਾਨ ਦੇ ਹਿੱਸੇ ਆਇਆ ਹੈ ਕਿ ਉਹ ਕ੍ਰਾਂਤੀਕਾਰੀ ਸ਼ਹਾਦਤ ਦੇ ਸੰਕਲਪ ਦੁਆਰਾ ਭਾਰਤੀ ਇਤਿਹਾਸ ਵਿਚ ਨਵਾਂ ਅਯਾਮ/ਪਸਾਰ ਬਖ਼ਸ਼ਣ। ਆਦੇਸ਼ ਅਤੇ ਮਿਸਾਲ ਦੋਨਾਂ ਦੁਆਰਾ ਉਹਨਾਂ ਨੇ ਆਪਣੇ ਸਿੱਖਾਂ ਨੂੰ ਨਵੇਂ ਵਿਚਾਰ ਅਤੇ ਕਰਮ ਦੇ ਸਾਹਸ ਲਈ ਉਤਸ਼ਾਹਿਤ ਕੀਤਾ ਤੇ ਉਹਨਾਂ ਨੂੰ ਇਤਿਹਾਸ ਦੇ ਵਹਾਓ ਨੂੰ ਬਦਲਣ ਦੇ ਯੋਗ ਬਣਾਇਆ। ਅਨਿਆਂ ਅਤੇ ਜਬਰ ਵਿਰੁੱਧ ਯੁੱਧ ਕਰਨਾ, ਜੋ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੀ ਬੁਨਿਆਦ ਹੈ, ਸਿੱਖਾਂ ਦੀ ਸੁਭਾਵਿਕ ਵਿਸ਼ੇਸ਼ਤਾ ਦਾ ਅਨਿੱਖੜਵਾਂ ਅੰਗ ਬਣ ਗਈ ਅਤੇ ਸਿੱਖ ਸ਼ਹਾਦਤ ਲਈ ਪ੍ਰੇਰਨਾ ਦਾ ਸਿਧਾਂਤ ਬਣ ਗਈ। ਮੁਗਲ ਸਾਮਰਾਜ ਵਿਰੁੱਧ ਗੁਰੂ ਸਾਹਿਬਾਨ ਦਾ ਸੰਘਰਸ਼ ਵਿਅਕਤੀਗਤ ਨਹੀਂ ਸੀ। ਉਹਨਾਂ ਨੇ ਜਬਰ ਤੇ ਅੱਤਿਆਚਾਰ ਵਿਰੁੱਧ ਯੁੱਧ ਕੀਤੇ ਅਤੇ

Sri Satguru Jagjit Singh Ji Elibrary NamdhariElibrary@gmail.com

ਸਰਬ-ਸਾਂਝੇ ਹਿੱਤ ਭਾਵ ਜ਼ਮੀਰ ਦੀ ਅਜ਼ਾਦੀ ਅਤੇ ਸਭ ਲਈ ਆਪਣੇ ਧਰਮ ਅਨੁਸਾਰ ਪੂਜਾ-ਪਾਠ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ।

ਪੰਜਵੇਂ ਸਿੱਖ ਗੁਰੂ ਅਰਜਨ ਦੇਵ ਜੀ ਪਹਿਲੇ ਮਹਾਂਪੁਰਖ ਸਨ ਜਿਨ੍ਹਾਂ ਨੇ ਸਿੱਖ ਇਤਿਹਾਸ ਵਿਚ ਸ਼ਹਾਦਤ ਦਾ ਤਾਜ ਧਾਰਨ ਕੀਤਾ। ਗੁਰੂ ਸਾਹਿਬ ਨੇ ਮਨੁੱਖ ਦੀ ਆਪਣੀ ਮਰਜ਼ੀ ਦੇ ਧਰਮ ਨੂੰ ਮੰਨਣ ਦੀ ਅਜ਼ਾਦੀ ਦੇ ਬੁਨਿਆਦੀ ਅਧਿਕਾਰ ਨੂੰ ਕਾਇਮ ਰੱਖਣ ਲਈ ਅਣਮਨੁੱਖੀ ਤਸੀਹੇ ਸਹੇ ਅਤੇ ਸ਼ਹੀਦੀ ਪਾਈ। ਗੁਰੂ ਸਾਹਿਬ ਦੀ ਸ਼ਹੀਦੀ ਦਾ ਅਸਰ ਦੂਰ ਤੱਕ ਪਿਆ ਜਿਵੇਂ ਕਿ ਸਿੱਖਾਂ ਨੂੰ ਜ਼ੁਲਮ ਤੇ ਅਨਿਆਂ ਦੀਆਂ ਸ਼ਕਤੀਆਂ ਵਿਰੁੱਧ ਹਥਿਆਰਬੰਦ ਹੋ ਕੇ ਡੱਟਣ ਲਈ ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਦੀਆਂ ਹਦਾਇਤਾਂ ਅਨੁਸਾਰ ਉਹਨਾਂ ਦੇ ਸਾਹਿਬਜ਼ਾਦੇ ਤੇ ਉਤਰਾਧਿਕਾਰੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ।

ਮਨੁੱਖੀ ਅਧਿਕਾਰਾਂ ਦੇ ਬਲਵਾਨ ਪੈਗੰਬਰ ਨੌਵੇਂ ਸਤਿਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਸ਼ਕਤੀਸ਼ਾਲੀ ਸਾਮਰਾਜ ਵਿਰੁੱਧ ਅਵਾਜ਼ ਬੁਲੰਦ ਕੀਤੀ ਜੋ ਸਮੁੱਚੇ ਉਪ ਦੀਪ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣ ਦਾ ਅਪਵਿੱਤਰ ਅਭਿਲਾਸ਼ੀ ਸੀ, ਤੇ ਸ਼ਹਾਦਤ ਦਾ ਮਾਰਗ ਅਪਨਾਇਆ। ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਥੇ ਮਨੁੱਖਾਂ ਨੇ ਆਪਣਾ ਧਰਮ ਬਚਾਉਣ ਲਈ ਮੌਤ ਨੂੰ ਕਬੂਲ ਕੀਤਾ ਪਰ ਗੁਰੂ ਜੀ ਦੁਆਰਾ ਕਸ਼ਮੀਰੀ ਬ੍ਰਾਹਮਣ, ਜੋ ਉਹਨਾਂ ਦੇ ਧਰਮ ਦੇ ਨਹੀਂ ਸਗੋਂ ਹੋਰ ਧਰਮ ਦੇ ਮੰਨਣ ਵਾਲੇ ਸਨ, ਦੇ ਹੱਕਾਂ ਨੂੰ ਬਹਾਲ ਕਰਨ ਲਈ ਦਿੱਤੀ ਗਈ ਕੁਰਬਾਨੀ ਬੇਮਿਸਾਲ ਹੈ ਜੋ ਇਹ ਸਿੱਧ ਕਰਦੀ ਹੈ ਕਿ ਸਿੱਖਾਂ ਲਈ ਸਮਾਜਕ ਪਰਉਪਕਾਰ ਖੇਤਰ ਦੀ ਕੋਈ ਸੀਮਾ ਨਹੀਂ ਹੈ। ਅਜਿਹੀ ਕੁਰਬਾਨੀ ਸਰਬੱਤ ਦੇ ਭਲੇ ਦੇ ਉੱਚ ਆਦਰਸ਼ ਦੁਆਰਾ ਉਤਸ਼ਾਹਿਤ ਸੀ ਜੋ ਮਾਨਵ ਜਾਤੀ ਦੇ ਇਤਿਹਾਸ ਵਿਚ ਵਿਲੱਖਣ ਸੀ। ਗੈਰ ਮੁਸਲਮਾਨਾਂ ਦੇ ਗੁਰੂ ਜੀ ਦੀ ਸ਼ਹਾਦਤ ਨੂੰ ਕੀਤੀ ਗਈ ਕੁਰਬਾਨੀ ਸੀ। ਸਦੀਆਂ ਦੀ ਨੀਂਦਰ ਮਗਰੋਂ ਧਾਰਮਿਕ ਤੇ ਰਾਜਨੀਤਿਕ ਅਜ਼ਾਦੀ ਲਈ ਨਵੀਂ ਚੇਤਨਾ ਨੇ ਉਹਨਾਂ ਨੂੰ ਜਗਾਇਆ ਸੀ। ਗੁਰੂ ਜੀ ਦੇ ਵਾਕ 'ਨਾ ਡਰੋ ਨਾ ਡਰਾਓ' ਨੇ ਮਨਾਂ ਵਿਚ ਡਾਂਬੜ ਬਾਲੇ। ਸਿੱਖ ਲਹਿਰ ਨੇ ਦਿਸ ਦੇ ਇਤਿਹਾਸ ਵਿਚ ਇਕ ਨਵੀਂ ਗਤੀ ਲਿਆਂਦੀ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤ ਦੇ ਸੰਕਲਪ ਨੂੰ ਪਕਿਆਈ ਬਖਸ਼ੀ ਜਿਨ੍ਹਾਂ ਨੇ ਖਾਲਸੇ ਦੀ ਸਿਰਜਣਾ ਕੀਤੀ ਜੋ ਸਿੱਖਾਂ ਦੀ ਜ਼ਬਤ ਵਾਲੀ ਸੰਸਥਾ ਹੈ। ਦੁਨੀਆਂ ਦੇ ਗਲਤ ਕੰਮਾਂ ਨੂੰ ਠੀਕ ਕਰਨ ਦੇ ਦੈਵੀ ਮਿਸ਼ਨ ਤੋਂ ਉਤਸ਼ਾਹਿਤ ਖਾਲਸਾ ਦੁਨੀਆਂ ਵਿਚ ਨਿਆਂ ਅਤੇ ਸੱਚਾਈ ਨੂੰ ਸਥਾਪਿਤ ਕਰਨ ਵਾਲਾ ਰੱਬ ਦਾ ਕਰਿੰਦਾ ਸੀ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸੰਤ ਸਿਪਾਹੀ ਬਣਨ ਦੀ ਨਸੀਹਤ ਦਿੱਤੀ ਜਿਸ ਵਿਚ ਸੰਤ ਦੀਆਂ ਵਿਸ਼ੇਸ਼ਤਾਈਆਂ ਤੇ ਸਿਪਾਹੀ ਦਾ ਬਲ ਤੇ ਹੌਂਸਲਾ ਇਕ ਥਾਂ ਕੀਤਾ ਗਿਆ ਸੀ। ਇਹ ਦਸ਼ਾ ਗੁਰੂ ਨਾਨਕ ਸਾਹਿਬ ਦੀ ਰੂਹਾਨੀ ਪ੍ਰਤਿਗਿਆ ਦੀ ਸਪੱਸ਼ਟ ਪੂਰਤੀ ਸੀ। ਮਨੁੱਖਤਾ ਦੇ ਇਤਿਹਾਸ ਵਿਚ ਸੱਚਾਈ ਦੀ ਖਾਤਰ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਸਾਹਿਬਜ਼ਾਦਿਆਂ ਦੁਆਰਾ ਦਿੱਤੀ ਗਈ ਸ਼ਹਾਦਤ ਵਿਲੱਖਣ ਕਾਰਨਾਮਾ ਸੀ।

ਸਿੱਖਾਂ ਦੇ ਬਾਅਦ ਇਤਿਹਾਸ ਵਿਚ ਰੂਹਾਨੀ ਬੁਲੰਦੀ ਵਾਲੇ ਉੱਤਰ ਮਨੁੱਖਾਂ ਦੀਆਂ ਭਿਆਨਕ ਹਾਲਾਤ ਵਿਰੁੱਧ ਸੰਘਰਸ਼ ਦੀਆਂ ਸ਼ਾਨਦਾਰ ਉਦਾਹਰਣਾਂ ਮਿਲਦੀਆਂ ਹਨ। ਨਿਸ਼ਚੇ

Sri Satguru Jagjit Singh Ji Elibrary NamdhariElibrary@gmail.com

ਹੀ ਇਹ ਸਿੱਖ ਧਰਮ ਦੀ ਵਿਸ਼ੇਸ਼ਤਾ ਹੀ ਸੀ ਜਿਸਨੇ ਸੱਚਾਈ ਖਾਤਰ ਲੜਨ ਤੇ ਜ਼ੋਰ ਦਿੱਤਾ ਜੋ ਕਿ ਬੰਦਾ ਬਹਾਦਰ ਅਤੇ ਉਸਦੇ ਸਾਥੀਆਂ ਦੇ ਮਨਾਂ ਅੰਦਰ ਸੂਝ ਸੀ ਜਿਸ ਨੇ ਉਹਨਾਂ ਨੂੰ ਮੁਗਲ ਸਾਮਰਾਜ ਦੀਆਂ ਬੁਨਿਆਦਾਂ ਹਿਲਾਉਣ ਦੇ ਯੋਗ ਬਣਾਇਆ ਅਤੇ ਨਿਰਭੈ ਹੋ ਕੇ ਸ਼ਹਾਦਤ ਪਾਉਣ ਲਈ ਉਤਸ਼ਾਹਿਤ ਕੀਤਾ। ਗੜਬੜੀ ਵਾਲੀ ਅਠਾਰ੍ਹਵੀਂ ਸਦੀ ਦੇ ਦੌਰਾਨ ਸ਼ਹਾਦਤ ਪਾਉਣ ਵਾਲਿਆਂ ਦੀ ਲੰਮੀ ਕਤਾਰ ਸਿੱਖ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਹੈ ਜੋ ਸਿੱਖਾਂ ਤੇ ਜ਼ੁਲਮ ਕੀਤਾ ਗਿਆ, ਘਰੋਂ ਕੱਢਿਆ ਗਿਆ ਤੇ ਜੰਗਲੀ ਜਾਨਵਰਾਂ ਵਾਂਗ ਉਹਨਾਂ ਦਾ ਸ਼ਿਕਾਰ ਕੀਤਾ ਗਿਆ। ਇਹ ਗੁਰੂ ਜੀ ਦੀ ਵਿਚਾਰਧਾਰਕ ਪ੍ਰੇਰਨਾ ਸੀ ਜਿਸ ਨੇ ਸਿੱਖਾਂ ਨੂੰ ਸਾਰੇ ਸੰਘਰਸ਼ ਦੌਰਾਨ ਹੌਸਲੇ ਵਿਚ ਰੱਖਿਆ। ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਬਾਬਾ ਲੋਹਾ ਸਿੰਘ ਅਤੇ ਬਾਬਾ ਦੀਪ ਦੀ ਬੀਰਾ ਵਾਲੀ ਮੌਤ ਨੇ ਸਿੱਖਾਂ ਦੇ ਦਰਮਿਆਨ ਸ਼ਹਾਦਤ ਦੀ ਮਿਸਾਲ ਨੂੰ ਬਾਲੀ ਰੱਖਿਆ। ਇਹ ਪ੍ਰਸਿੱਧ ਹੈ ਕਿ ਸਿੱਖਾਂ ਨੂੰ ਅੱਗੇ ਲੱਗਾ ਕੇ ਹੀ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜੀ ਅਤੇ ਜਿੱਤੀ ਗਈ। ਇਹ ਅਜ਼ਾਦੀ ਦੇ ਘੁਲਾਟੀਏ ਸਵਾਰਥੀ ਨਹੀਂ ਸਨ। ਉਹ ਅਸਲ ਵਿਚ ਨਿਰਭੈਤਾ, ਦ੍ਰਿੜ੍ਹਤਾ, ਸਮਰਪਣ ਤੇ ਉਦੇਸ਼ ਪ੍ਰਤਿ ਵਚਨਬੱਧਤਾ ਦੇ ਗੁਣਾਂ ਤੋਂ ਉਤਸ਼ਾਹਿਤ ਸਨ-ਇਹ ਗੁਣ ਸ਼ਹੀਦੀ ਲਈ ਤਿਆਰ ਕਰਦੇ ਸਨ। ਸਿਧਾਂਤਾਂ ਨਾਲ ਵਚਨਬੱਧਤਾ ਕਾਰਨ ਉਹਨਾਂ ਵਿਚੋਂ ਬਹੁਤਿਆਂ ਨੇ ਪ੍ਰਭੂ ਤੇ ਗੁਰੂ ਦਾ ਨਾਮ ਜਪਾਇਆ, ਫਾਂਸੀਆਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਅੱਜ ਤੱਕ ਇਹ ਪਰੰਪਰਾ ਗੂੰਜਾਂ ਪਾਉਂਦੀ ਰਹੀ ਅਤੇ ਉਚਿਤ ਰਹੀ ਹੈ।

**ਸਿੱਟਾ :** ਸਿੱਖ ਗੁਰੂ ਸਾਹਿਬਾਨ ਦੁਆਰਾ ਸਿੱਖਾਂ ਹਵਾਲੇ ਕੀਤਾ ਨੈਤਿਕ ਰੂਹਾਨੀ ਗਤੀਸ਼ੀਲ ਸਮਾਜ ਉਹਨਾਂ ਨੇ ਸਿੱਖ ਇਤਿਹਾਸ ਵਿਚੋਂ ਦੇਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ਹਾਦਤ ਦਾ ਸੰਕਲਪ ਪੇਸ਼ ਕੀਤਾ, ਗੁਰੂ ਅਰਜਨ, ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਨੇ ਇਤਿਹਾਸ ਵਿਚ ਇਸਨੂੰ ਪੱਕਾ/ਦ੍ਰਿੜ੍ਹ ਕੀਤਾ। ਸਮਾਨਤਾ, ਸਮਾਜਕ ਨਿਆਂ ਤੇ ਅਜ਼ਾਦੀ ਦੇ ਬੀਜ ਗੁਰੂ ਨਾਨਕ ਸਾਹਿਬ ਨੇ ਬੀਜੇ ਅਤੇ ਦਸਮ ਪਾਤਸ਼ਾਹ ਦੁਆਰਾ ਸਿਰਜਿਆ ਖਾਲਸਾ ਉਸ ਦਾ ਫਲ ਸੀ। ਖਾਲਸੇ ਨੇ ਭਾਰਤੀ ਇਤਿਹਾਸ ਵਿਚ ਗਤੀਸ਼ੀਲ ਸ਼ਕਤੀ ਦਾ ਸੰਚਾਰ ਕੀਤਾ। ਕੁਝ ਪੱਛਮੀ ਵਿਦਵਾਨਾਂ ਦਾ ਵਿਚਾਰ ਹੈ ਕਿ ਸਿੱਖ ਸ਼ਹਾਦਤ ਦੇ ਵਿਚਾਰ ਦਾ ਵਿਕਾਸ, ਗੁੰਝਲਦਾਰ ਸਮਾਜਕ, ਧਾਰਮਿਕ ਤੇ ਰਾਜਨੀਤਿਕ ਦਬਾਓ, ਜੋ ਸਿੱਖ ਝੱਲ ਰਹੇ ਸਨ, ਦੀ ਪ੍ਰਤਿਕਿਰਿਆ ਵਜੋਂ ਹੋਇਆ। ਉਹ ਸਿੱਖ ਵਿਚਾਰਧਾਰਾ ਜਿਸ ਵਿਚ ਸੰਤ, ਬਹਾਦਰੀ, ਕੁਰਬਾਨੀ ਤੇ ਸੂਰਬੀਰਤਾ ਦੇ ਆਦਰਸ਼ ਸ਼ਾਮਲ ਹਨ, ਉਚਿਤਤਾ ਦੇ ਪੱਖ ਸ਼ਾਮਲ ਹਨ, ਨੂੰ ਨਜ਼ਰ-ਅੰਦਾਜ਼ ਕਰਦੇ ਹਨ। ਉਹਨਾਂ ਦੇ ਸਿੱਖ ਇਤਿਹਾਸਾਂ ਵਿਚ ਦਿੱਤੇ ਬਿਰਤਾਂਤ ਸਿੱਖ ਸ਼ਹਾਦਤਾਂ ਨੂੰ ਛੁਟਿਆਉਂਦੇ ਹਨ ਜਿਸ ਨੂੰ ਉਹ ਕੇਵਲ ਜੰਗ-ਯੁੱਧ ਦੀ ਜਾਂ ਕਿਸੇ ਹੋਰ ਸੰਕਟ ਦੇ ਸਮੇਂ ਦੀ ਫੌਰੀ ਲੋੜ ਵਜੋਂ ਦੇਖਦੇ ਹਨ। ਲੂਈ. ਈ. ਫ਼ੇਨਚ, ਜਿਸ ਨੇ ਡਬਲਿਊ. ਐਚ. ਮੈਕਲੋਡ ਦੀ ਨਿਗਰਾਨੀ ਵਿਚ ਡਾਕਟ੍ਰੇਟ ਦਾ ਥੀਸਿਜ਼-'ਸਿੱਖ ਪਰੰਪਰਾ ਵਿਚ ਸ਼ਹਾਦਤ' ਲਿਖਿਆ ਹੈ, ਉਸਦਾ ਵਿਚਾਰ ਹੈ ਕਿ ਸਿੱਖਾਂ ਨੇ ਆਪਣੀ ਸ਼ਹੀਦੀ ਪਰੰਪਰਾ ਨੂੰ ਰੁਮਾਂਟਿਕ ਬਣਾਉਣ ਲਈ ਸ਼ਹਾਦਤ ਦੀ ਅਲੰਕਾਰਕ ਵਰਤੋਂ ਕੀਤੀ ਹੈ। ਉਹ ਵਿਚਾਰਧਾਰਕ ਪ੍ਰੇਰਨਾ ਨੂੰ ਨਹੀਂ ਮੰਨਦਾ ਜੋ ਕਿ ਸਿੱਖ ਇਤਿਹਾਸ ਵਿਚ ਪ੍ਰੇਰਨਾਦਾਇਕ ਸ਼ਕਤੀ ਹੈ। ਉਸ ਦਾ ਸਿੱਖ ਪਰੰਪਰਾ ਬਾਰੇ ਫ਼ੈਸਲਾ ਮੂਲੋਂ ਹੀ ਪੱਖਪਾਤੀ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ਾਨਦਾਰ ਸਿੱਖ ਪਰੰਪਰਾ ਪ੍ਰਤਿ ਈਸਾਈ ਵਿਦਵਾਨਾਂ ਦੀ ਪਹੁੰਚ ਦੀ ਝਲਕ ਪ੍ਰਤਿਬੰਧਿਤ ਝਲਕ ਹੈ ਜੋ ਸਰਬੱਤ ਲਈ ਪਿਆਰ ਤੇ ਮਨੁੱਖੀ ਭਾਈਚਾਰੇ ਦੇ ਲਕਸ਼ ਲਈ ਉਪਮਾਯੋਗ ਪੈਂਤੜਾ ਹੈ। ਕੁਝ ਹੋਰ ਪਰੰਪਰਾਵਾਂ ਵਿਚ ਸ਼ਹਾਦਤ ਨੂੰ ਜਬਰੀ ਧਰਮ ਪਰਿਵਰਤਨ ਜਾਂ ਕਾਫਰਾਂ ਦੇ ਕਾਫਲੇ ਨਾਲ ਜੋੜਿਆ ਗਿਆ ਹੈ। ਗੁਰੂ ਨਾਨਕ ਦੀ ਪ੍ਰੇਮ ਦੀ ਖੇਡ ਵਿਚ ਸ਼ਹਾਦਤ ਨੂੰ ਪਰਮਾਤਮਾ ਦੇ ਪ੍ਰੇਮ ਦੇ ਸਿਖਰ ਤੱਕ ਉਚਿਆਇਆ ਗਿਆ ਹੈ ਅਤੇ ਕੇਵਲ ਗੁਰੂ ਹੀ ਸ਼ਹਾਦਤ ਲਈ ਪ੍ਰੇਰਨਾਦਾਇਕ ਸ਼ਕਤੀ ਹੈ। ਸਿੱਖ ਇਤਿਹਾਸ ਜੋਸ਼ੀਲੇ ਮਨੁੱਖਾਂ ਦੀਆਂ ਉਦਾਹਰਣਾਂ ਨਾਲ ਭਰਪੂਰ ਹੈ ਜਿਨ੍ਹਾਂ ਨੇ ਪਰਮਾਤਮਾ ਤੇ ਗੁਰੂ ਦੇ ਪਿਆਰ ਦੀ ਖਾਤਰ ਦੁਨਿਆਵੀ ਲੋਭ-ਲਾਲਸਾ ਨੂੰ ਇਥੋਂ ਤੱਕ ਕਿ ਮੌਤ ਉਪਰੰਤ ਸਵਰਗ ਦੇ ਵਾਅਦਿਆਂ ਨੂੰ ਵੀ ਤਿਆਗਿਆ ਹੈ। ਦੈਵੀ-ਹੁਕਮੀ ਮਿਸ਼ਨ ਦੇ ਨਾਇਕ ਵਜੋਂ ਉਹਨਾਂ ਨੂੰ ਸਦਾ ਕਾਇਮ ਰਹਿਣ ਵਾਲੇ ਬਣਾਉਂਦਾ ਹੈ। ਇਹੀ ਕਾਰਨ ਹੈ ਕਿ ਸਿੱਖਾਂ ਦੀ ਰੋਜ਼ ਦੀ ਅਰਦਾਸ ਵਿਚ ਇਹਨਾਂ ਸ਼ਹੀਦਾਂ ਦੀ ਪਵਿੱਤਰ ਯਾਦ ਨੂੰ ਹਮੇਸ਼ਾਂ ਦੁਹਰਾਇਆ ਜਾਂਦਾ ਹੈ। ਇਹਨਾਂ ਸ਼ਹੀਦਾਂ ਦੇ ਬੇਗਰਜ਼ ਤੇ ਸਾਹਸੀ ਕਾਰਨਾਮਿਆਂ ਦੇ ਜਲਾਲ ਅਤੇ ਸਤਿਕਾਰ ਦੀ ਯਾਦ ਸੰਗਤਾਂ ਦੇ ਮਨਾਂ ਵਿਚ ਉਤਸ਼ਾਹ ਪੈਦਾ ਕਰਦੀ ਹੈ।

(ਅਨੁਵਾਦਕ ਡਾ. ਗੁਰਮੁਖ ਸਿੰਘ)

Sri Satguru Jagjit Singh Ji Elibrary NamdhariElibrary@gmail.com

## ਕੁਝ ਸ਼ਬਦ

## ਪ੍ਰੋ. ਸਈਅਦ ਅਹਿਮਦ

ਸੱਜਣੋਂ ਅਤੇ ਦੇਵੀਓ ! ਮੈਂ ਪਾਕਿਸਤਾਨ ਤੋਂ ਤੁਹਾਡੇ ਵਾਸਤੇ ਮੁਹੱਬਤ ਭਰਿਆ ਸਲਾਮ ਲੈ ਕੇ ਹਾਜ਼ਰ ਹੋਇਆ ਹਾਂ; ਕਿਉਂਕਿ ਸਾਡਾ ਦੇਸ਼ ਕਿਸੇ ਸਮੇਂ ਇਕੋ ਦੇਸ਼ ਸੀ ਹੁਣ ਕਿਉਂਕਿ ਇਕ ਲਕੀਰ ਬਣ ਗਈ, ਲਕੀਰ ਹੋਣ ਦੇ ਬਾਵਜੂਦ ਸਾਡੇ ਰਸਮੋ-ਰਿਵਾਜ, ਤੌਰ-ਤਰੀਕੇ, ਭਾਸ਼ਾ ਲਿਬਾਸ ਤਕਰੀਬਨ ਮਿਲਦੇ-ਜੁਲਦੇ ਹਨ।

ਕੱਲ੍ਹ ਜਦੋਂ ਮੈਂ ਵਾਹਗਾ ਬਾਰਡਰ ਤੋਂ ਇਸ ਤਰਫ਼ ਦਾਖ਼ਲ ਹੋਇਆ, ਦੇਖਿਆ ਸਿਵਾਏ ਇਸ ਚੀਜ਼ ਦੇ ਕਿ ਇਥੇ ਬੋਰਡ ਗੁਰਮੁਖੀ ਵਿਚ ਜਾਂ ਅੰਗਰੇਜ਼ੀ ਵਿਚ ਹਨ, ਪਾਕਿਸਤਾਨ ਵਿਚ ਅੰਗਰੇਜ਼ੀ ਜਾਂ ਉਰਦੂ ਦੇ ਵਿਚ ਹਨ, ਹੋਰ ਕੋਈ ਫ਼ਰਕ ਨਜ਼ਰ ਨਹੀਂ ਆਇਆ ਅਤੇ ਹਰ ਚੀਜ਼ ਇਕੋ ਜਿਹੀ ਹੈ। ਇਹ ਮਸਲਾ ਪਿਛਲੀ ਦਫ਼ਾ ਵੀ ਜ਼ਰਲਾਇਆ ਸੀ। ਪੰਜਾਬੀ ਡਾਇਸਪੋਰਾ ਉਪਰ ਜਦੋਂ ਕਾਨਫਰੰਸ ਲਈ ਵੀ ਮੈਂ 26-27 ਸਫ਼ਿਆਂ ਦਾ ਪਰਚਾ ਲਿਖਿਆ ਸੀ। ਲੇਕਿਨ ਮੇਰਾ ਵੀਜ਼ਾ ਨਾ ਲੱਗ ਸਕਿਆ। ਸਰਕਾਰਾਂ ਦੀ ਕੋਸ਼ਿਸ਼ ਹੁੰਦੀ ਹੈ ਵੀਜ਼ਾ ਦੇਣ ਲੱਗਿਆਂ ਤੰਗ ਕਰੋ, ਉਤਸ਼ਾਹਿਤ ਨਾ ਕਰੋ ਤੇ ਇਸ ਵਾਰ ਮੇਰਾ ਵੀਜ਼ਾ ਚੌਦਾਂ ਤਾਰੀਖ ਨੂੰ ਲੱਗਿਆ ਤੇ ਉਸ ਵਕਤ ਪਰਚਾ ਤਿਆਰ ਨਹੀਂ ਸੀ। ਮੈਂ ਪਰਚਾ ਨਾ ਲਿਖੇ ਜਾਣ ਬਾਰੇ ਬੇਨਤੀ ਕੀਤੀ ਸੀ ਪਰ ਪ੍ਰਬੰਧਕ ਕਹਿੰਦੇ ਹਨ ਕਿ ਕੁਝ ਨਾ ਕੁਝ ਜ਼ਰੂਰ ਬੋਲੋ। ਮੈਂ ਕਿਹਾ ਚਲੋ ਠੀਕ ਹੈ ਮੈਂ ਆਪਣੇ ਕੁਝ ਅਰਮਾਨ ਤੁਹਾਡੇ ਸਾਹਮਣੇ ਰੱਖਾਂਗਾ।

ਮਸਲਾ ਇਹ ਹੈ ਕਿ ਪਾਕਿਸਤਾਨ ਵਿਚ ਜੋ 'ਪੰਜਾਬ' ਨਾਮਕ ਸੂਬਾ ਹੈ ਉਹ 1947 ਤੱਕ ਇਕ ਹੀ ਸੂਬੇ ਦੇ ਰੂਪ ਵਿਚ ਸੀ, ਉਸ ਵਕਤ ਇਹ ਵੰਡਿਆ ਗਿਆ। ਵੰਡ ਦੇ ਸਮੇਂ ਉਸਦੇ ਇਕ ਹਿੱਸੇ ਨੂੰ ਪੂਰਬੀ ਪੰਜਾਬ ਤੇ ਦੂਸਰੇ ਹਿੱਸੇ ਨੂੰ ਪੱਛਮੀ ਪੰਜਾਬ ਕਿਹਾ ਗਿਆ। ਪੂਰਬੀ ਪੰਜਾਬ ਪਾਕਿਸਤਾਨ ਦੇ ਹਿੱਸੇ ਵਿਚ ਆਇਆ, ਜ਼ਬਾਨ ਦੋਨਾਂ ਦੀ ਪੰਜਾਬੀ ਹੈ। ਲੇਕਿਨ ਰਸਮ-ਉਲ-ਖਤ (ਲਿਪੀ) ਦਾ ਫ਼ਰਕ ਹੈ। ਇਸ ਹਿੱਸੇ ਵਿਚ ਤੁਸੀਂ ਜਿਹੜੀ ਚੀਜ਼ ਗੁਰਮੁਖੀ ਵਿਚ ਲਿਖਦੇ ਹੋ, ਉਹ ਅਸੀਂ ਸ਼ਾਹਮੁਖੀ ਵਿਚ ਲਿਖਦੇ ਹਾਂ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਤੁਸੀਂ ਸਾਡਾ ਲਿਖਿਆ ਨਹੀਂ ਪੜ੍ਹ ਸਕਦੇ। ਇਸੇ ਵਾਸਤੇ ਮੈਂ ਆਪਣਾ ਖੋਜ ਪਰਚਾ ਜਿਹੜਾ ਪਿਛਲੀ ਦਫ਼ਾ ਕਾਨਫਰੰਸ ਵਿਚ ਪੜ੍ਹਨਾ ਸੀ, ਪੰਜਾਬੀ ਦੀ ਬਜਾਏ ਅੰਗਰੇਜ਼ੀ ਵਿਚ ਲਿਖਿਆ ਕਿਉਂਕਿ ਮੈਂ ਗੁਰਮੁਖੀ ਨਹੀਂ ਲਿਖ ਸਕਦਾ। ਅਗਰ ਮੈਂ ਸ਼ਾਹਮੁਖੀ ਲਿਖਦਾ ਤੁਸੀਂ ਉਹ ਸਮਝ ਨਾ ਸਕਦੇ।

ਲੇਕਿਨ ਹੁਣ ਇਸ ਵਕਤ ਦੋਨਾਂ ਮੁਲਕਾਂ ਵੱਲੋਂ ਇਸ ਮਸਲੇ ਉੱਤੇ ਕੁਝ ਕੋਸ਼ਿਸ਼ਾਂ ਹੋ ਰਹੀਆਂ ਹਨ, ਇਥੇ ਵੀ ਸੁਣਿਆ ਹੈ ਕਿ ਸ਼ਾਹਮੁਖੀ ਦਾ ਤਰੀਕਾ ਵੀ ਪੜ੍ਹਾਇਆ ਜਾ ਰਿਹਾ ਹੈ

ਤੇ ਕੋਰਸ ਵੀ ਕਰਾਏ ਜਾ ਰਹੇ ਹਨ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ (ਲਾਹੌਰ) ਵਿਚ ਜਿਹੜਾ ਪੰਜਾਬੀ ਵਿਭਾਗ ਹੈ, ਪੰਜਾਬੀ ਐਜੂਕੇਸ਼ਨ ਦਾ, ਉਸ ਦੇ ਵਿਚ ਸ਼ਾਹਮੁਖੀ ਦੇ ਨਾਲ-ਨਾਲ ਗੁਰਮੁਖੀ ਦਾ ਵਿਭਾਗ ਵੀ ਸ਼ੁਰੂ ਕੀਤਾ ਗਿਆ ਹੈ। (ਭਵਿੱਖ ਵਿਚ) ਐਮ. ਏ. ਪੰਜਾਬੀ ਵਿਚ ਇਕ ਪੇਪਰ (ਰੀਸਰਚ) ਗੁਰਮੁਖੀ ਦਾ ਹੋਵੇਗਾ, ਇਸ ਬਾਰੇ ਫੈਸਲਾ ਹੋ ਚੁਕਿਆ ਹੈ। ਇਸ ਤੋਂ ਇਲਾਵਾ ਪੰਜਾਬੀ ਅਰਬੀ ਬੋਰਡ ਵਾਲੇ ਇਸ ਜ਼ਬਾਨ ਦੇ ਵਾਧੇ ਵਾਸਤੇ ਕੰਮ ਕਰ ਰਹੇ ਹਨ, ਸ਼ਾਹਮੁਖੀ ਦੇ ਵਾਧੇ ਵਾਸਤੇ ਗੁਰਮੁਖੀ ਦੇ ਵਾਧੇ ਵਾਸਤੇ ਅਤੇ ਪਾਕਿਸਤਾਨ ਵਿਚ ਇਕ ਸੰਸਥਾ ਪੰਜਾਬੀ ਵਿਕਾਸ ਵਾਸਤੇ ਵਰਲਡ ਪੰਜਾਬੀ ਕਾਂਗਰਸ ਬਾਰੇ ਕੰਮ ਕਰ ਰਹੀ ਹੈ। ਫ਼ਖਰ ਜ਼ਮਾਨ ਸਾਹਿਬ ਉਸਦੇ ਮੁਖੀ ਹਨ। ਪੂਰੇ ਪਾਕਿਸਤਾਨ ਦੇ ਹਵਾਲੇ ਨਾਲ ਉਹਨਾਂ ਦੀ ਇੰਨੀ ਖਿਦਮਤ ਹੈ ਪੰਜਾਬੀ ਜ਼ਬਾਨ ਵਾਸਤੇ ਕਿ ਜਿਸਦਾ ਅਸੀਂ ਸ਼ੁਕਰੀਆ ਵੀ ਨਹੀਂ ਅਦਾ ਕਰ ਸਕਦੇ।

1986 ਤੋਂ ਇਸ ਕੰਮ ਦਾ ਜ਼ੁੰਮਾ ਇਸ ਸ਼ਖ਼ਸ ਨੇ ਲਿਆ। ਜੋ ਹੁਣ ਤੱਕ ਬੇਸ਼ੁਮਾਰ ਕਾਨਫਰੰਸਾਂ ਕਰਾ ਚੁੱਕਾ ਹੈ। ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ ਤੇ ਯੂਰਪ ਦੇ ਕਈ ਮੁਲਕਾਂ ਵਿਚ ਵੀ ਪੰਜਾਬੀ ਦੇ ਵਿਕਾਸ ਲਈ ਕੰਮ ਹੋ ਰਿਹਾ ਹੈ। ਹੁਣ ਵੀ ਉਹ ਆਪਣੇ ਮਾਤਹਿਤ ਪੰਜਾਬੀ ਯੂਨੀਵਰਸਿਟੀ ਬਣਾਉਣ ਲੱਗੇ ਹਨ, ਪਾਕਿਸਤਾਨ ਵਿਚ, ਜਿਸ ਤਰ੍ਹਾਂ ਤੁਹਾਡੇ ਪਟਿਆਲੇ ਵਿਖੇ ਪੰਜਾਬੀ ਯੂਨੀਵਰਸਿਟੀ ਹੈ ਅਤੇ ਸਾਨੂੰ ਇਸ ਤੇ ਫਖਰ ਹੈ, ਇਸ ਤਰ੍ਹਾਂ ਲਾਹੌਰ ਵਿਚ ਹੁਣ ਪੰਜਾਬੀ ਯੂਨੀਵਰਸਿਟੀ ਬਣ ਰਹੀ ਹੈ, ਤਕਰੀਬਨ ਉਹਦੇ ਵਾਸਤੇ ਸਾਰੇ ਪ੍ਰੋਗਰਾਮ ਤਿਆਰ ਹੋ ਗਏ ਹਨ।

ਉਸ ਯੂਨੀਵਰਸਿਟੀ ਵਿਚ ਪੰਜਾਬੀ ਸ਼ਾਹਮੁਖੀ ਵਿਚ ਵੀ ਪੜ੍ਹਾਈ ਜਾਵੇਗੀ ਅਤੇ ਗੁਰਮੁਖੀ ਵਿਚ ਵੀ ਪੜ੍ਹਾਈ ਜਾਵੇਗੀ ਅਤੇ ਇਸ ਦਾ ਨਤੀਜਾ ਕੀ ਹੋਵੇਗਾ ਕਿ ਸਾਨੂੰ ਇਕ ਦੂਸਰੇ ਨੂੰ ਸਮਝਣ ਵਿਚ ਆਸਾਨੀ ਹੋਵੇਗੀ। ਹੁਣ ਅਸੀਂ ਮੁਹਤਾਜ ਕਿਉਂ ਹਾਂ ਕਿ ਤੁਹਾਡੀ ਪੰਜਾਬੀ ਅਸੀਂ ਨਹੀਂ ਪੜ੍ਹ ਸਕਦੇ, ਸਾਡੀ ਸ਼ਾਹਮੁਖੀ ਤੁਸੀਂ ਨਹੀਂ ਪੜ੍ਹ ਸਕਦੇ। ਤੁਹਾਨੂੰ ਅੰਗਰੇਜ਼ੀ ਦਾ ਸਹਾਰਾ ਲੈਣਾ ਪੈਂਦਾ ਹੈ। ਲੇਕਿਨ ਜਦੋਂ ਦੋਨਾਂ ਮੁਲਕਾਂ ਵਿਚ ਦੋਨੋਂ ਰਸਮ-ਉਲ-ਖਤ ਪੜ੍ਹਾਏ ਜਾਣ ਲੱਗੇ ਤਾਂ ਇਹ ਅਸਾਨੀ ਬਣੇਗੀ। ਅਸੀਂ ਤੁਹਾਡਾ ਸਾਹਿਤ ਪੜ੍ਹਨ ਦੇ ਕਾਬਿਲ ਹੋਵਾਂਗੇ , ਤੁਸੀਂ ਸਾਡਾ ਅਦਬ ਪੜ੍ਹਨ ਦੇ ਕਾਬਿਲ ਹੋਵੋਗੇ।

ਪੰਜਾਬੀਅਤ ਬੋਰਡ ਤੇ ਵਰਲਡ ਪੰਜਾਬੀ ਕਾਨਫਰੰਸ ਵਾਧਿਆਂ ਨੇ ਫੇਰ ਇਕ ਅਦਾਰਾ ਬਣਾਇਆ ਹੈ (ਪੰਜਾਬ ਗੌਰਮਿੰਟ ਨੇ), ਇੰਸਟੀਚਿਊਟ ਆਫ਼ ਪੰਜਾਬੀ ਲੈਂਗੁਏਜ਼ ਐਂਡ ਕਲਚਰ ਐਂਡ ਆਰਟਸ। ਉਸਦੇ ਅੱਜ ਕੱਲ੍ਹ ਡਾਇਰੈਕਟਰ ਸ਼ਾਸਤਰ ਲੁਜਰ ਸਾਹਿਬ ਹਨ, ਉਹ ਪੰਜਾਬੀ ਵਿਚ ਪੀ-ਐਚ.ਡੀ. ਹਨ ਅਤੇ ਆਪਣੇ ਕੰਮ ਲਈ ਬਹੁਤ ਸਮਰਪਿਤ ਹਨ। ਮੇਰੇ ਖਿਆਲ ਵਿਚ ਹਰ ਮਹੀਨੇ ਦੋ ਤਿੰਨ ਕਾਨਫਰੰਸਾਂ ਕਰਵਾਉਂਦੇ ਹਨ। ਇਸ ਵਾਰ ਉਨ੍ਹਾਂ ਨੇ ਆਉਣਾ ਸੀ। ਪਰ ਉਹਨਾਂ ਦਾ ਵੀਜ਼ਾ ਨਹੀਂ ਲੱਗਿਆ। ਪਿਛਲੀ ਵਾਰੀ ਵੀ ਉਨ੍ਹਾਂ ਦੇ ਵਫਦ ਨਾਲ ਅਸੀਂ ਕਾਨਫਰੰਸ ਵਿਚ ਆਉਣਾ ਸੀ। ਇਸ ਲਈ ਅਸੀਂ ਵੀ, ਤੁਸੀਂ ਵੀ, ਆਪਣੀਆਂ ਹਕੂਮਤਾਂ ਤੇ ਜ਼ੋਰ ਪਾਈਏ ਕਿ ਕਮ-ਸੇ-ਕਮ ਵੀਜ਼ੇ ਲੈਣ ਵਿਚ ਇੰਨੀ ਸਖ਼ਤੀ ਨਹੀਂ ਹੋਣੀ ਚਾਹੀਦੀ। ਬੇਹਤਰ

Sri Satguru Jagjit Singh Ji Elibrary NamdhariElibrary@gmail.com

ਤਾਂ ਇਹ ਹੈ ਕਿ ਮਲਟੀਪਰਪਜ਼ ਵੀਜ਼ਾ ਮਿਲੇ ਜਿਵੇਂ ਕਿ ਕਿਸੇ ਸ਼ਹਿਰ ਵਿਚ ਵੀ ਜਾਣ ਦੀ ਪਾਬੰਦੀ ਨਾ ਹੋਵੇ। ਇਸ ਵਾਰ ਮੈਨੂੰ ਕੇਵਲ ਸੱਤ ਦਿਨ ਦਾ ਵੀਜ਼ਾ ਮਿਲਿਆ ਹੈ ਤੇ ਉਹ ਵੀ ਪਟਿਆਲਾ ਅਤੇ ਅੰਮ੍ਰਿਤਸਰ ਦਾ ਵੀਜ਼ਾ ਦਿੱਤਾ ਹੈ। ਸਾਡੇ ਦੇਸ਼ਾਂ ਵਿਚ ਜ਼ਰੂਰਤ ਤੋਂ ਜ਼ਿਆਦਾ ਪਾਬੰਦੀਆਂ ਹਨ। ਪਾਬੰਦੀਆਂ ਦੀ ਜ਼ਰੂਰਤ ਕੋਈ ਨਹੀਂ, ਨਾ ਇਹ ਕਿਸੇ ਵੀ ਮਸਲੇ ਦਾ ਹੱਲ ਹਨ। ਦੋਨਾਂ ਮੁਲਕਾਂ ਦੇ ਅਵਾਮ (ਲੋਕ) ਅਗਰ ਕੋਸ਼ਿਸ਼ ਕਰਨ ਉਹ ਆਪਣੀਆਂ ਹਕੂਮਤਾਂ ਉੱਤੇ ਜ਼ੋਰ ਪਾਉਣ ਕਿ ਥੋੜ੍ਹੀ ਨਰਮੀ ਕਰੋ, ਲੋਕਾਂ ਨੂੰ ਆਪਸ ਵਿਚ ਮਿਲਣ ਦਿਉ, ਇਕ ਦੂਸਰੇ ਨਾਲ ਮੇਲ-ਮਿਲਾਪ ਹੋਵੇਗਾ, ਦੋਸਤੀ ਵਧੇਗੀ, ਜਿਹੜੀ ਅਸੀਂ-ਤੁਸੀਂ ਕਾਨਫਰੰਸ ਕਰ ਰਹੇ ਹਾਂ। ਇਥੇ ਦੂਸਰੇ ਜਿਹੜੇ ਫ਼ਕੀਰ ਪਾਕਿਸਤਾਨ ਵਿਚ ਹਨ, ਮੁਸਲਮਾਨ ਸੂਫ਼ੀ ਸ਼ਾਇਰ ਹਜ਼ਰਤ ਦਾਤਾ, ਬਾਬਾ ਬੁਲ੍ਹੇ ਸ਼ਾਹ, ਬਾਬਾ ਫਰੀਦ, ਸੁਲਤਾਨ ਬਾਹੂ ਇਹਨਾਂ ਸਾਰਿਆਂ ਦਾ ਇਹੋ ਹੀ ਪੈਗਾਮ ਹੈ। ਪਿਆਰ ਮੁਹੱਬਤ ਤੇ ਇਕ ਦੂਜੇ ਨਾਲ ਚੰਗਾ ਵਰਤਾਉ ਕਰਨਾ, ਝਗੜੇ ਤੋਂ ਪ੍ਰਹੇਜ਼ ਕਰਨਾ, ਕਾਨਫਰੰਸ ਦਾ ਮਕਸਦ ਇਸੇ ਗੱਲ ਨੂੰ ਵਧਾਉਣਾ ਤੇ ਆਪਸੀ ਪਿਆਰ ਮੁਹੱਬਤ ਨੂੰ ਵੀ ਤੇ ਇਕ ਦੂਸਰੇ ਨੂੰ ਭਾਈਚਾਰਕ, ਦੋਸਤੀ ਵਿਚ ਬੰਨ੍ਹਣਾ। ਹਰ ਕਿਸੇ ਨੂੰ ਮੁਹੱਬਤ ਕਰੋ। ਨਫ਼ਰਤ ਕਿਸੇ ਨਾਲ ਨਾ ਹੋਵੇ। ਇਹੋ ਮਸਲੇ ਦਾ ਹੱਲ ਹੈ। ਇਸੇ ਲਈ ਮੈਂ ਆਪਣੀ ਬੇਨਤੀ ਇਥੇ ਹੀ ਖ਼ਤਮ ਕਰਦਾ ਹਾਂ।

ਧੰਨਵਾਦ-ਖੁਦਾ ਹਾਫ਼ਿਜ਼।

Sri Satguru Jagjit Singh Ji Elibrary NamdhariElibrary@gmail.com

## ਵਿਚਾਰ-ਵਟਾਂਦਰਾ

### ਡਾ. ਸਰਬਜਿੰਦਰ ਸਿੰਘ

ਪ੍ਰਧਾਨ ਜੀ ਦੀ ਆਗਿਆ ਦੇ ਨਾਲ ਡਾ. ਢਿਲੋਂ ਸਾਹਿਬ ਲਈ ਪ੍ਰਸ਼ਨ ਹੈ, ਜਦੋਂ ਮੈਂ ਆਇਆ ਦਰਅਸਲ ਪੇਪਰ ਇਹ ਪੜ੍ਹ ਚੁੱਕੇ ਸਨ ਤੇ ਅਖੀਰਲੀ ਲਾਈਨ ਜਿਹੜੀ ਸੀ ਸ਼ਾਇਦ ਉਹ ਇਹੀ ਸੀ ਕਿ ਸਿੱਖ ਧਰਮ ਵਿਚ ਗੁਰੂ ਰੱਬ ਬਣ ਸਕਦਾ ਹੈ, ਉਹ ਸਿੱਖ ਅਤੇ ਰੱਬ ਵਿਚ ਵਿਚੋਲੇ ਦਾ ਰੋਲ ਅਦਾ ਕਰਦਾ ਹੈ। ਦਰਅਸਲ ਸਾਮੀ ਵਿਰਸੇ ਵੱਲ ਜਦੋਂ ਅਸੀਂ ਵੇਖੀਏ ਤੇ ਉਸਦੇ ਵਿਚ ਜਿਹੜਾ ਬੰਦਾ ਹੈ ਉਹ ਪੈਗੰਬਰ ਤੱਕ ਪਹੁੰਚ ਸਕਦਾ ਹੈ ਰੱਬ ਤੱਕ ਨਹੀਂ, ਪੈਗੰਬਰ ਵਿਚੋਲੇ ਵਾਲਾ ਰੋਲ ਅਦਾ ਕਰਦਾ ਹੈ। ਕੀ ਢਿਲੋਂ ਸਾਹਿਬ ਦੇ ਉਪਰੋਕਤ ਵਿਚਾਰ ਨਾਲ ਕਿਤੇ ਉਹੋ ਜਿਹੀ ਭਾਵਨਾ ਤਾਂ ਪੈਦਾ ਨਹੀਂ ਹੁੰਦੀ? ਕਿਉਂਕਿ ਸਿੱਖ ਧਰਮ ਦੇ ਵਿਚ ਵਿਚੋਲੇ ਦਾ ਕੋਈ ਰੋਲ ਪ੍ਰਵਾਨ ਨਹੀਂ ਕੀਤਾ ਗਿਆ, ਇਥੋਂ ਤੱਕ ਕਿ ਗੁਰੂ ਸਾਹਿਬ ਵੀ ਆਪਣੇ ਆਪ ਨੂੰ ਮਾਧਿਅਮ ਨਹੀਂ ਮੰਨਦੇ।

ਦੂਸਰਾ ਮੇਰਾ ਪ੍ਰਸ਼ਨ ਹੈ ਆਪਣੇ ਗੁਰੂ ਜੀ ਡਾ. ਜਗਬੀਰ ਹੋਰਾਂ ਨੂੰ। ਮੈਂ ਬੇਸ਼ੱਕ ਇਨ੍ਹਾਂ ਕੋਲ ਸਿੱਧੇ ਤੌਰ ਤੇ ਪੜ੍ਹਿਆ ਨਹੀਂ ਪਰ ਇਨ੍ਹਾਂ ਦੀਆਂ ਰਚਨਾਵਾਂ ਨੂੰ ਮੈਂ ਪੂਰੀ ਸ਼ਰਧਾ ਨਾਲ ਪੜ੍ਹਿਆ ਹੈ ਤੇ ਜੇ ਮੈਂ ਇਹ ਕਹਿ ਲਵਾਂ ਕਿ ਮੈਂ ਡਾਕਟ੍ਰੇਟ ਨਾ ਕਰ ਸਕਦਾ ਜੇਕਰ ਇਨ੍ਹਾਂ ਦੀਆਂ ਰਚਨਾਵਾਂ ਮੇਰੇ ਸਾਹਮਣੇ ਨਾ ਹੁੰਦੀਆਂ ਤਾਂ ਕੋਈ ਅਤਿਕਥਨੀ ਨਹੀਂ। ਇਨ੍ਹਾਂ ਨੇ ਹੁਣੇ ਕਿਹਾ ਹੈ ਟੈਕਸਟ ਦੇ ਸਰੋਕਾਰ ਉਸ ਵੇਲੇ ਦੇ ਸਮੇਂ ਨਾਲ ਸੰਬੰਧਿਤ ਹੁੰਦੇ ਹਨ-ਜਦੋਂ ਉਹ ਸਮਾਂ ਲੰਘ ਜਾਂਦਾ ਹੈ ਤਾਂ ਸਰੋਕਾਰ ਉਹ ਵੀ ਵੇਲਾ ਵਿਹਾ ਜਾਂਦੇ ਨੇ, ਡਾ. ਸਾਹਿਬ ਜੇ ਇਹ ਗੱਲ ਸੱਚ ਹੈ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਜਿਹੜੇ ਸਰੋਕਾਰ ਅੱਜ ਵੀ ਓਨੇ ਹੀ ਪ੍ਰਸੰਗਕ ਹਨ, ਜਿੰਨੇ ਉਸ ਸਮੇਂ, ਕੀ ਡਾ. ਸਾਹਿਬ ਇਸ ਬਾਰੇ ਤੁਸੀਂ ਕੁਝ ਕਹਿਣਾ ਚਾਹੋਗੇ?

ਭੱਟੀ ਸਾਹਿਬ ਲਈ ਸੱਦਾ ਹੈ ਕਿ ਸਮਾਂ ਤਾਂ ਘੱਟ ਸੀ ਪਰ ਅਸੀਂ ਧੰਨ ਹੋਏ ਤੁਹਾਡੇ ਭਾਸ਼ਨ ਤੋਂ। ਡਾ. ਗੁਰਨੇਕ ਸਿੰਘ ਹੋਰੀਂ ਬੈਠੇ ਹਨ, ਅਸੀਂ ਆਪਣੇ ਵਿਭਾਗ ਵੱਲੋਂ ਇਨ੍ਹਾਂ ਨੂੰ ਉਚੇਚੇ ਤੌਰ ਤੇ ਬੁਲਾਂਵਾਂਗੇ ਤੇ ਇਥੇ ਪੂਰੇ ਦੋ ਘੰਟੇ ਇਹਨਾਂ ਦੇ ਲੈਕਚਰ ਕਰਾਂਵਾਂਗੇ।

ਧੰਨਵਾਦ।

### ਡਾ. ਗੁਰਜਿੰਦਰ ਸਿੰਘ

ਦੇਖੋ ਗੱਲ ਬੜੀ ਸਾਦੀ ਹੈ ਜੇਕਰ ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹੀਆਂ ਹੋਣ। ਭਾਈ ਸਾਹਿਬ ਉਹਨਾਂ ਵਿਚ ਗੱਲ ਸਪੱਸ਼ਟ ਕਰ ਦਿੰਦੇ ਹਨ। ਜਦੋਂ ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੰਬੋਧਨ ਕਰਦੇ ਹਨ ਛਟਮ ਪੀਰ ਕਹਿ ਕੇ। ਇਥੇ ਪੀਰ ਤੋਂ ਮਤਲਬ ਪੈਗੰਬਰ ਹੋ ਸਕਦਾ

Sri Satguru Jagjit Singh Ji Elibrary NamdhariElibrary@gmail.com

ਹੈ। ਪੈਗੰਬਰ ਕੌਣ ਹੈ? ਜੋ ਗੁੱਝੀ ਗੱਲ ਪ੍ਰਗਟ ਕਰਦਾ ਹੈ। ਰੇਵੀਲੇਸ਼ਨ ਦਾ ਭਾਵ ਰੱਬ ਦਾ ਬੋਲ (word) ਹੈ। ਸਿਖਇਜ਼ਮ ਵਿਚ ਜੋ ਗੁਰੂ ਹੈ। ਗੁਰੂ ਇਸ ਲਈ ਹੈ ਕਿਉਂਕਿ ਪੈਗੰਬਰ ਹੈ? 'ਆਰਚਰ' ਦੀ ਇਕ ਕਿਤਾਬ ਹੈ (ਬੜੀ ਕਮਾਲ ਦੀ)। ਕ੍ਰਿਸ਼ਚਨ ਯੂਨੀਵਰਸਿਟੀ ਨੇ ਛਾਪੀ ਹੈ। ਉਥੋਂ ਦੇ ਸਕਾਲਰ, ਡਰਾਮਿਕਸ ਨੇ ਉਸ ਕਿਤਾਬ ਵਿਚ ਇਸੇ ਗੱਲ ਦੀ ਡੀਬੇਟ ਤੋਰੀ ਹੈ There are two Nanaks, one who was born and one who died, one who was in the formed one who was forms ਨਾਨਕ ਨਿਰੰਕਾਰ ਹੈ, ਜੇ ਨਾਨਕ ਨਿਰੰਕਾਰ ਹੈ ਤਾਂ ਉਹ ਕੀ ਹੈ? ਤੁਸੀਂ ਬਹੁਤ ਸਿਆਣੇ ਹੋ। ਮੈਂ ਤੁਹਾਨੂੰ ਦੱਸਦਾ ਚੰਗਾ ਨਹੀਂ ਲੱਗਦਾ ਕਿ ਦੋ ਕਿਸਮ ਦੇ ਨਾਨਕ ਹਨ। ਜਿਹੜਾ ਬਾਹਰਵਰਤੀ ਸਿਖਇਜ਼ਮ ਹੈ ਉਹ ਨਾਨਕ (ਬੌਧਿਕ ਸਰੂਪ) ਜਿਸ ਤਰ੍ਹਾਂ ਡਾ. ਸਾਹਿਬ ਨੇ ਦੱਸਿਆ ਸੀ ਉਹ ਬੌਧਿਕ ਸਰੂਪ ਦੇ ਹਿਸਟਰੀ ਦੀ ਦ੍ਰਿਸ਼ਟੀ ਤੋਂ ਦੇਖਦੇ ਹਨ। ਉਦੋਂ ਇਤਿਹਾਸ ਦੇ ਕਰੜੇ ਨਿਯਮਾਂ ਦੀ ਪਾਲਣਾ ਕਰਦੇ ਹਨ। ਅਨੁਸ਼ਾਸਨ ਦੇ ਵਿਚ ਜੋ ਵੀ ਉਸਦੇ ਫੈਕਟਸ ਅਤੇ ਫਿਗਰਜ਼ ਹਨ ਉਸਦੇ ਨਾਲ ਮਿਸ਼ਰਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਗੁਰੂ ਨਾਨਕ ਸਰੀਰ ਤੋਂ ਉੱਪਰ ਉੱਠ ਕੇ ਟ੍ਰਾਂਸਕ੍ਰਾਸ ਕਰ ਜਾਂਦੇ ਹਨ। ਜਿਸ ਥਾਂ ਦੇ ਨਾਪਦੰਡ ਨਿਰੰਕਾਰ ਨਾਲ ਹੀ ਜੁੜ ਸਕਦੇ ਹਨ।

Sri Satguru Jagjit Singh Ji Elibrary NamdhariElibrary@gmail.com

## ਖੋਜ-ਪੱਤਰ ਲੇਖਕਾਂ ਵੱਲੋਂ ਸਪੱਸ਼ਟੀਕਰਨ

### ਡਾ. ਐਸ. ਐਸ. ਭੱਟੀ

ਆਪਣੀ ਪੁਸਤਕ (ਗੁਰੂ ਨਾਨਕ ਬਾਣੀ : ਰੈਵੋਲੂਸ਼ਨ, ਮਿਸਟਿਸਿਜ਼ਮ, ਐਂਡ ਕ੍ਰੀਏਟਿਵਿਟੀ) ਵਿਚ ਮੈਂ ਆਪਣਾ ਦ੍ਰਿਸ਼ਟੀਕੋਣ ਸਵਿਸਥਾਰ ਪ੍ਰਸਤੁਤ ਕੀਤਾ ਹੈ, ਤੁਸੀਂ ਉਥੋਂ ਵਾਚ ਸਕਦੇ ਹੋ; ਇਸ ਪੁਸਤਕ ਵਿਚ ਸੰਸਾਰ ਦੇ ਸਾਰੇ ਧਰਮ ਖੋਜੀਆਂ ਦੇ ਵਿਚਾਰ ਵਾਚੇ ਗਏ ਹਨ। ਇਹ ਵਿਚਾਰ ਲੋਕ ਮੰਨਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ ਪਰਫ਼ੈਕਟ ਇਲਹਾਮ ਹੈ। ਇਸ ਪਰਫੈਕਟ ਬਾਣੀ ਬਾਰੇ ਬਾਕੀ ਸਾਰੀਆਂ ਗੱਲਾਂ, ਵਿਆਖਿਆਵਾਂ ਮਨ-ਘੜਤ ਨੇ, ਇਨ੍ਹਾਂ ਵਿਚ ਕੋਈ ਫ਼ਿਲਾਸਫੀ ਨਹੀਂ। ਇਸ ਵਿਆਖਿਆ ਵਿਚ ਜਿਸ ਕਿਸਮ ਦਾ ਰਹੱਸ ਹੈ, ਇਸ ਦੀ ਸਿਰਜਨਾਤਮਕ ਤਾਸੀਰ ਵੀ ਰਹੱਸਾਤਮਕ ਨਹੀਂ। ਇਸ ਕਿਸਮ ਦੇ ਵਿਆਖਿਆਤਮਿਕ ਸਾਹਿਤ ਵਿਚ ਕੋਈ ਰਹੱਸਾਤਮਿਕ ਰਹੱਸ ਨਹੀਂ ਹੋ ਸਕਦਾ। ਇਸ ਵਿਆਖਿਆਤਮਕ ਰਚਨਾ ਵਿਚ ਏਦਾਂ ਦੀ ਚੀਜ਼ ਨਹੀਂ ਜਿਸ ਨੂੰ ਕਾਵਿ ਕਹਿ ਸਕਦੇ ਹਾਂ। ਇਹ ਸਾਰੀਆਂ ਗੱਲਾਂ ਸਮਝ ਕੇ ਮੈਂ ਇਸ ਨੂੰ ਨਵਾਂ ਦ੍ਰਿਸ਼ਟੀਕੋਣ ਦਿੱਤਾ ਹੈ।

ਧੰਨਵਾਦ।

### ਵਕਤਾ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਿਸ ਤਰ੍ਹਾਂ ਨੀਮ-ਹਕੀਮ ਖ਼ਤਰਾ-ਏ-ਜਾਨ ਅਤੇ ਨੀਮ-ਮੁਲਾ ਖ਼ਤਰਾ-ਏ-ਈਮਾਨ। ਜੇ ਸਿੱਖਇਜ਼ਮ ਨੂੰ ਅਸੀਂ ਉੱਚਾ ਚੁੱਕਣਾ ਹੈ ਸਾਨੂੰ ਸਭ ਤੋਂ ਵੱਧ ਵਾਤਾਵਰਣ ਬਣਾਉਣ ਦੀ ਲੋੜ ਹੈ। ਭਾਵ ਕਿ ਸਾਰੇ ਪਾਸੇ ਵੱਧ ਜਾਣਕਾਰ ਤੋਂ ਵੱਧ ਟਰੇਂਡ ਆਦਮੀ ਹੋਣੇ ਚਾਹੀਦੇ ਹਨ। ਮੁਕੰਮਲ ਜਾਣਕਾਰੀ ਹੋਵੇ। ਅੱਜ ਦੇ ਨੌਜਵਾਨ ਇਸ ਗੱਲ ਵੱਲ ਧਿਆਨ ਦਿੰਦੇ ਹਨ ਕਿ ਜੋ ਕੁਝ ਵਿਚਾਰ ਕੋਈ ਗਿਆਨਵਾਨ ਵਿਅਕਤੀ ਪੇਸ਼ ਕਰ ਰਿਹਾ ਹੈ ਉਸਦੀ ਚਿੰਤਕ ਨੂੰ ਮੁਕੰਮਲ ਜਾਣਕਾਰੀ ਵੀ ਹੋਣੀ ਚਾਹੀਦੀ ਹੈ। ਜੇ ਸਾਡੇ ਪਾਸ ਕੋਈ ਵੀ ਪ੍ਰਤਿਭਾਸ਼ੀਲ ਬੱਚਾ ਉਸ ਵਕਤਾ ਤੋਂ ਵੱਧ ਕਾਬਲ ਹੈ ਤਾਂ ਅਸੀਂ ਆਪਣੇ ਅਲਪ ਗਿਆਨ ਵਜੋਂ ਉਸ ਬੱਚੇ ਨੂੰ ਕਾਇਲ ਨਹੀਂ ਕਰ ਸਕਦੇ। ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਤੇ ਸਾਡੇ ਗ੍ਰੰਥੀਆਂ ਨੂੰ ਪ੍ਰਚਾਰ ਦੇ ਪਾਸੇ ਵੱਲ ਆਉਣ ਤੋਂ ਪਹਿਲਾਂ ਬਹੁਪੱਖੀ ਅਤੇ ਗੰਭੀਰ ਰੂਪ ਦੀ ਜਾਣਕਾਰੀ ਜਾਂ ਟਰੇਨਿੰਗ ਲੈਣੀ ਚਾਹੀਦੀ ਹੈ। ਤਾਂ ਜੋ ਇਹੋ ਜਿਹੇ ਪ੍ਰਚਾਰਕਾਂ ਦੀਆਂ ਗੱਲਾਂ ਪ੍ਰਭਾਵ ਪਾ ਸਕਣ। ਜਦ ਤੱਕ ਆਲਹ ਕਿਸਮ ਦੇ ਗ੍ਰੰਥੀ ਨਹੀਂ ਹੋਣਗੇ, ਪ੍ਰਚਾਰ ਦਾ ਬੱਚਿਆਂ ਤੇ ਤਦ ਤੱਕ ਕੋਈ ਅਸਰ ਨਹੀਂ ਹੋਵੇਗਾ। ਜੇਕਰ ਪੂਰਬ ਅਤੇ ਪੱਛਮ ਦੇ ਅਜੋਕੇ ਸਿੱਖ ਬੱਚਿਆਂ ਨੇ ਵਾਲ ਕੱਟੇ ਹੋਏ

Sri Satguru Jagjit Singh Ji Elibrary NamdhariElibrary@gmail.com

ਹਨ ਤਾਂ ਇਸ ਬਾਰੇ ਸਾਨੂੰ ਕੱਟੜਤਾ ਦੀ ਥਾਂ ਸਹਿਜ ਦੀ ਲੋੜ ਹੈ ਕਿਉਂਕਿ ਵਾਲ ਤਾਂ ਪਹਿਲਾਂ ਵੀ ਕੱਟੇ ਹੋਏ ਸੀ ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਖਾਲਸੇ ਨੂੰ ਪਾਹੁਲ ਦੇਣ ਦੇ ਸਮੇਂ ਵੀ ਬਹੁਤੇ ਪੱਕੇ ਸਿੱਖ ਨਹੀਂ ਸੀ। ਦ੍ਰਿੜ੍ਹਤਾ ਉਦੋਂ ਆਈ ਜਦ ਉਹਨਾਂ ਨੇ ਸਿੱਖ ਨੂੰ ਸਿੰਘ ਬਣਾਇਆ ਹੈ। ਜਦ ਕੋਈ ਬੰਦਾ ਕਿਸੇ ਧਾਰਮਿਕ ਪਰੰਪਰਾ ਨਾਲ ਜੁੜਦਾ ਹੈ ਉਹ ਧਰਮ ਤਾਂ ਹੀ ਵਧਦਾ ਹੈ ਜੇਕਰ ਕਾਬਲ ਲੋਕ ਅੱਗੇ ਆਉਣ।

## ਡਾ. ਸੁਦਰਸ਼ਨ ਸਿੰਘ ਢਿਲੋਂ

ਮੇਰਾ ਭੱਟੀ ਸਾਹਿਬ ਨਾਲ ਇਕ ਮਤਭੇਦ ਹੈ, ਛੋਟਾ ਜਿਹਾ, ਕਿਉਂਕਿ ਕਿਤਾਬ ਛਾਪ ਰਹੇ ਹਨ ਨਾ ਕਿ ਗੁਰੂ ਨਾਨਕ ਸਾਹਿਬ ਸੰਬੰਧੀ ਪਰਫੈਕਟ ਡਾਕੂਮੈਂਟ। ਮੁਹੰਮਦ ਸਾਹਿਬ ਨੇ ਇਕ ਗੱਲ ਕਹੀ no other is just perfect on this globe। ਗੁਰੂ ਨਾਨਕ ਨੇ ਉਸਨੂੰ ਕਿਹਾ ਕਿ ਮੇਰੇ ਕੋਲ ਵੀ ਇਲਹਾਮ ਹੈ ਰਿਵੀਲਡ ਵਰਡ ਹੈ, ਇਲਾਹੀ ਬਾਣੀ। ਮੇਰੇ ਵਰਗੇ ਇਸ ਵੇਲੇ ਹੋਰ ਵੀ ਬਹੁਤ ਹਨ ਜਿਨ੍ਹਾਂ ਕੋਲ ਇਹ ਹੈ। ਆਉਣ ਵਾਲੇ ਸਮੇਂ ਵਿਚ ਹੋਰ ਵੀ ਬਹੁਤ ਹੋਣਗੇ ਜਿਨ੍ਹਾਂ ਕੋਲ ਇਹ ਇਲਹਾਮ ਹੋਵੇਗਾ। ਜੇ ਇਹ ਗੱਲ ਹੁੰਦੀ, ਜਿਵੇਂ ਭੱਟੀ ਸਾਹਿਬ ਕਹਿੰਦੇ ਹਨ, ਤਾਂ ਦੂਜੇ ਭਗਤਾਂ ਦੀ ਤੇ ਦੂਜੇ ਸੰਤਾਂ-ਮਹਾਤਮਾ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਸੀ ਪਾਉਣੀ ਉਹਨਾਂ ਨੇ। ਉਹ ਵੀ (ਰਿਵੀਲਡ ਵਰਡ) ਹੈ। ਜੋ ਮੈਂ ਅੰਡਰਸਟੈਂਡ ਕੀਤਾ ਉਹ ਮੈਂ ਤੁਹਾਡੇ ਸਨਮੁਖ ਕਹਿ ਰਿਹਾ ਹਾਂ।

## ਡਾ. ਜਗਬੀਰ ਸਿੰਘ

ਗੁਰਜਿੰਦਰ ਸਿੰਘ ਨੇ ਅੱਛਾ ਪ੍ਰਸ਼ਨਾਈਜ਼ ਕੀਤਾ ਹੈ। ਮੈਂ ਇਹ ਗੱਲ ਕਹੀ ਸੀ ਕਿ ਕੋਈ ਰਚਨਾ ਜਿਹੜੀ ਹੁੰਦੀ ਹੈ। ਉਸਨੂੰ ਇਕ ਡਿਸਕੋਰਸ ਵਾਲੇ ਵਿਚਾਰ ਦੇ ਤੌਰ ਤੇ ਸਾਨੂੰ ਵਿਚਾਰਨ ਦੀ ਜ਼ਰੂਰਤ ਹੈ ਤੇ ਡਿਸਕੋਰਸ ਹਮੇਸ਼ਾਂ ਸਮਾਜ ਤੇ ਸਭਿਆਚਾਰ ਵਿਚ ਟਿਕਿਆ ਹੁੰਦਾ ਹੈ। ਲੇਕਿਨ ਜਦੋਂ ਅਸੀਂ ਕਿਸੇ ਡਿਸਕੋਰਸ ਦੇ ਅਰਥਾਂ ਨੂੰ ਸਮਝਣਾ ਹੁੰਦਾ ਹੈ ਤਾਂ ਇਤਿਹਾਸ ਵਿਚ ਉਹ ਸਭ ਕੁਝ ਇਕ ਕੇਂਦਰ ਬਿੰਦੂ ਦੇ ਤੌਰ ਤੇ ਉਭਰ ਆਉਂਦਾ ਹੈ। ਇਹ ਵਿਚਾਰਸ਼ੀਲਤਾ ਸਮੇਂ ਵਿਚੋਂ ਪੈਦਾ ਹੁੰਦੀ ਹੈ। ਪਰ ਉਹਦੇ ਅੰਦਾਜ਼ ਵਿਚ ਯਥਾਰਥ ਤੇ ਇਤਿਹਾਸ ਤੋਂ ਇਲਾਵਾ, ਇਕ ਸੁਪਨ-ਲੋਕ ਵੀ ਉਸਰਿਆ ਹੁੰਦਾ ਹੈ, ਆਦਮੀ ਵੀ ਹਕੀਕਤ ਹੁੰਦਾ ਹੈ। ਕੋਈ ਵੀ ਰਚਨਾ ਆਪਣੇ ਤਤਕਾਲੀਨ ਅਰਥ ਵੀ ਰੱਖਦੀ ਹੈ, ਸਰਬਕਾਲੀ ਅੰਤਰਦ੍ਰਿਸ਼ਟੀਆਂ ਵੀ ਰੱਖਦੀ ਹੈ। ਜਿਹੜੀਆਂ ਗੱਲਾਂ ਪਰਚਿਆਂ ਵਿਚ ਕਹੀਆਂ ਹਨ, ਬਹੁਤ ਖੂਬਸੂਰਤ ਹਨ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਦੇ ਵੱਲ ਇਤਿਹਾਸਿਕਤਾ ਬਹੁਤ ਹੈ, ਲੇਕਿਨ ਗੁਰੂ ਗ੍ਰੰਥ ਸਾਹਿਬ ਦਾ ਜਿਹੜਾ ਸੰਦੇਸ਼ ਹੈ ਉਹ ਭਵਿੱਖ-ਬਾਣੀ ਵੀ ਹੈ। ਇਹ ਸੰਦੇਸ਼ ਇਕ ਸਰਬਕਾਲੀ ਜ਼ਿੰਦਗੀ ਦੇ ਮਨੁੱਖ ਨੂੰ ਜਿਹੜਾ ਸਦਾਚਾਰ ਦਿੰਦਾ ਹੈ, ਉਸਨੂੰ ਅਸੀਂ ਜਦੋਂ ਦਿਬ-ਦ੍ਰਿਸ਼ਟੀ ਦੇ ਤੌਰ ਤੇ ਲੈਂਦੇ ਹਾਂ ਤਾਂ ਉਹ ਸਾਡੇ ਆਪਣੇ ਵੇਲੇ ਵਿਚ ਵੀ ਬਹੁਤ ਪ੍ਰਸੰਗਿਤ ਬਣ ਜਾਂਦਾ ਹੈ। ਇਹ ਗੱਲ ਦੋਨਾਂ ਨੂੰ ਜੋੜ ਕੇ

Sri Satguru Jagjit Singh Ji Elibrary NamdhariElibrary@gmail.com

ਦੇਖਣ ਦੀ ਹੈ, ਸਰਬਕਾਲੀ ਨੂੰ ਸਮਕਾਲੀ ਦੇ ਨਾਲ। ਇਕ ਗੁਰੂ ਵਜੋਂ ਜਦੋਂ ਦੇਖਾਂਗੇ ਤਾਂ ਇਸ ਗੁਰੂ ਗ੍ਰੰਥ ਦੀ ਅਰਥ ਸਾਰਥਿਕਤਾ ਅੱਜ ਵੀ ਪ੍ਰਾਸੰਗਤ ਹੋ ਜਾਵੇਗੀ।

ਬਹੁਤ ਧੰਨਵਾਦ।

## ਡਾ. ਹਰਜੀਤ ਸਿੰਘ ਗਿੱਲ

ਮੈਂ ਮਾਫ਼ੀ ਮੰਗਦਾ ਹਾਂ ਕਿ ਲੇਟ ਆਇਆ ਹਾਂ ਤੇ ਪੂਰੇ ਪਰਚੇ ਨਹੀਂ ਸੁਣੇ ਪਰ ਜਿੰਨਾ ਕੁ ਵਿਚਾਰ-ਵਟਾਂਦਰਾ ਹੋ ਰਿਹਾ ਹੈ ਤੇ ਜਿਸ ਤਰ੍ਹਾਂ ਕੱਲ੍ਹ ਹੋਇਆ ਸੀ ਉਸ ਤੋਂ ਇਹ ਲੱਗਦਾ ਹੈ ਕਿ ਅਸੀਂ ਬਹੁਤ ਹੀ ਗੰਭੀਰਤਾ ਨਾਲ ਹਰ ਚੀਜ਼ ਬਾਣੀ ਵਿਚੋਂ ਸਾਬਤ ਕਰਨਾ ਚਾਹੁੰਦੇ ਹਾਂ। ਗੁਰਬਾਣੀ-ਪਾਠ ਵਿਚੋਂ ਭੂਗੋਲ-ਸ਼ਾਸਤਰ ਲੱਭਣੀ, ਇੰਜੀਨੀਅਰਿੰਗ ਲੱਭਣੀ, ਇਹ ਗਲਤ ਸੋਚ ਹੈ। ਗੁਰੂ ਨਾਨਕ ਦੇਵ ਤਾਂ ਬਾਣੀਕਾਰ ਸਨ, ਇਮਾਰਤਸਾਜ਼ੀ ਦੇ ਮਾਹਰ ਨਹੀਂ ਸਨ। ਗੁਰੂ ਅਰਜਨ ਦੇਵ ਜੀ ਇਕ ਇਮਾਰਤਕਾਰੀ ਨਹੀਂ ਸਨ ਅਤੇ ਗੁਰੂ ਗ੍ਰੰਥ ਸਾਹਿਬ ਦਾ 99% ਧੁਰ ਕੀ ਬਾਣੀ ਹੈ। ਸੋ ਅਸੀਂ ਗੁਰੂ ਸਾਹਿਬਾਨ ਦੀ ਉਨ੍ਹਾਂ ਦੇ ਇਸਲਾਮ ਤੇ ਜੋਗੀਆਂ ਬਾਰੇ ਕੀਤੀ ਪ੍ਰਤੱਖ 'ਟੀਕਾ ਟਿੱਪਣੀ' ਨੂੰ ਧਿਆਨ ਵਿਚ ਰਖੀਏ। ਹੁਣ ਦੇ ਪ੍ਰਸੰਗ ਵਿਚ ਤਾਂ ਜੋ ਗੱਲਾਂ ਹਕੀਕੀ ਤੌਰ ਤੇ ਹੋ ਨਹੀਂ ਰਹੀਆਂ ਉਹਨਾਂ ਨੂੰ ਵੀ ਧਿਆਨ ਵਿਚ ਰੱਖ ਕੇ ਪਰਖੀਏ, ਸਾਡੇ ਸਮਾਜ ਦੀ ਜੋ ਹਕੀਕੀ ਸਥਿਤੀ ਹੈ ਉਸ ਦੀ ਵੀ ਪੜਚੋਲ ਕਰੀਏ। ਅਸੀਂ ਮਰਯਾਦਾ ਤੇ ਬੜਾ ਜ਼ੋਰ ਦਿੰਦੇ ਹਾਂ, ਜਨੇਊ ਦੇ ਬਰਖਿਲਾਫ਼, ਜਟਾਂ ਦੇ ਬਰਖਿਲਾਫ਼। ਤੁਸੀਂ ਕਹਿੰਦੇ ਹੋ ਕਿ ਜੋ ਕੁਝ ਜੋਗੀ ਕਰਦੇ ਹਨ ਅਸਲ ਵਿਚ ਇਉਂ ਹੈ। ਪਰ ਅਜੋਕੇ ਸਮੇਂ ਅਸੀਂ ਉਪਰੋਕਤ ਮਰਯਾਦਾ ਦੇ ਨੁਕਤੇ ਤੋਂ ਉਹ ਚੀਜ਼ਾਂ ਉਹਦੇ ਉਲਟ ਕਰ ਰਹੇ ਹਾਂ ਜਿਸਨੂੰ ਅਸੀਂ ਮਰਯਾਦਾ ਕਹਿੰਦੇ ਹਾਂ; ਭਲਾ ਗੁਰੂ ਨਾਨਕ ਨੂੰ ਅਸੀਂ ਰੱਬ ਕਿਉਂ ਸਮਝਦੇ ਹਾਂ। ਗੁਰੂ ਨਾਨਕ ਨੇ ਸਾਰਾ ਜ਼ੋਰ ਲਾਇਆ ਹੈ ਕਿ ਮੈਂ ਰੱਬ ਨਹੀਂ, ਸ਼ੁਰੂ ਦੇ ਵਿਚ, ਕੋਈ ਮਿਲਾਵਟ ਨਹੀਂ ਸੀ, ਸਭ ਠੀਕ-ਠਾਕ ਸੀ। ਹੌਲੀ-ਹੌਲੀ ਫਿਰ ਕਿਸ ਤਰ੍ਹਾਂ ਸੋਸਾਇਟੀ ਵਿਕਸਿਤ ਹੋਈ। ਰੂਸੋ ਨੇ ਦੱਸਿਆ ਕਿ ਕਿਸ ਤਰ੍ਹਾਂ ਸ਼ੁਰੂ ਵਿਚ ਪ੍ਰਕਿਰਤਕ ਰਹਿਣੀ ਸੀ ਤੇ ਹੌਲੀ-ਹੌਲੀ ਲੋਕੀਂ ਆਪਸ ਵਿਚ ਲੜਨ ਲੱਗ ਗਏ ਤੇ ਵੈਰ ਉਸੇ ਤੇ ਵੰਡੀਆਂ ਪੈ ਗਈਆਂ। ਇੰਨ-ਬਿੰਨ ਉਸੇ ਪੈਟਰਨ ਤੇ ਵਿਕਾਸਵਾਦ ਦੇ ਸਿਧਾਂਤ ਨੇ ਮਨੁੱਖ ਦੀ ਪਰਿਭਾਸ਼ਾ ਕੀਤੀ ਹੈ। ਗੁਰੂ ਗੋਬਿੰਦ ਸਿਘ ਨੇ ਜੋ ਬਚਿੱਤਰ ਨਾਟਕ ਵਿਚ ਜੋ ਕਿਹਾ ਕੀ ਉਹ ਠੀਕ ਨਹੀਂ? ਜਿਸ ਤਰ੍ਹਾਂ ਗੁਰੂ ਨਾਨਕ ਦਾ ਮਾਰੂ ਰਾਗ ਵਿਚ ਸ਼ਬਦ ਹੈ ਉਸੇ ਪੈਟਰਨ ਉੱਤੇ ਇਹ ਗੱਲ ਵੀ ਬਣਦੀ ਹੈ ਕਿ 'ਫਲਾਣੇ' ਨੂੰ ਭੇਜਿਆ ਉਹਨੇ ਵੀ ਆਪਣਾ ਪੰਥ ਸਵਾਰਿਆ, ਮੈਂ ਫਲਾਣੇ ਨੂੰ ਭੇਜਿਆ ਉਹਨੇ ਵੀ ਆਪਣਾ ਪੰਥ ਸਵਾਰਿਆ। ਉਹ ਕਿੰਨੀ ਸਾਰੀ ਲਿਸਟ ਹੈ ਤੇ ਅਖੀਰ ਤੇ ਕਿਹਾ ਕਿ "ਮੈਂ ਤੈਨੂੰ ਭੇਜ ਰਿਹਾ ਹਾਂ ਕਿ ਤੂੰ ਆਪਣਾ ਪੰਥ ਨਹੀਂ ਮੇਰਾ ਪੰਥ ਚਲਾਉਣਾ ਹੈ।" ਫੇਰ ਉਹਨਾਂ ਆਪ ਖਾਸ ਕਿਹਾ ਕਿ 'ਜੋ ਹਮਕੋ ਪਰਮੇਸ਼ਰ ਉਚਰਿ ਹੈ ਤੇ ਸਭ ਨਰਕ ਕੁੰਡ ਮਹਿ ਪਰਹਿ॥'

ਜਦੋਂ ਗੁਰੂ ਨਾਨਕ ਨੇ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥' ਆਰਤੀ ਉਚਾਰੀ ਤਾਂ ਐਸੀ ਆਰਤੀ ਦੀ ਨਕਲ ਮੁੜ ਦੀਵਾ ਬਾਲ ਕੇ ਹਰ

Sri Satguru Jagjit Singh Ji Elibrary NamdhariElibrary@gmail.com

ਗੁਰਦੁਆਰੇ ਵਿਚ ਹੁੰਦੀ ਹੈ। ਪੁਰਾਤਨ ਲੋਕ ਜਟਾਂ ਰੱਖਦੇ ਸੀ ਅਸੀਂ ਦਾਹੜੀਆਂ ਤੇ ਪੱਗਾਂ ਰੱਖਦੇ ਹਾਂ; ਪੁਰਾਤਨ ਮਰਯਾਦਾ ਹੈ। ਪੁਰਾਤਨ ਭਾਰਤ ਵਾਸੀਆਂ ਜਨੇਊ ਪਾ ਲਿਆ, ਅਸੀਂ ਤੁਸੀਂ ਗਾਤਰਾ ਪਾ ਲਿਆ। ਮਤਲਬ ਇਹ ਕਿ ਅਸੀਂ ਹਰ ਗੱਲ ਜੋ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੈ ਉਹਦੇ ਉਲਟ ਹੀ ਵਰਤੋਂ ਵਿਚ ਲਿਆਉਂਦੇ ਹਾਂ। ਧਰਮ ਦੇ ਪਹਿਲੂ ਹੁੰਦੇ ਹਨ-ਮਾਨਵ ਵਿਗਿਆਨ, ਇਤਿਹਾਸਕ ਪਹਿਲੂ, ਹਿਸਟੋਰੀਕਲ ਪਹਿਲੂ ਗੁਰਬਾਣੀ ਵਿਚ ਤਾਂ ਸੰਸਥਾਗਤ ਪਿਰਤਾਂ ਨੂੰ ਦੁਹਰਾਉਣ ਦੀ ਕੋਈ ਗੁੰਜਾਇਸ਼ ਨਹੀਂ। ਇਕ ਅਧਿਆਤਮਿਕ ਵਿਅਕਤੀ ਵਾਲੇ ਵੀ ਕੋਈ ਗੁਣ ਨਹੀਂ ਹਨ ਅਜੋਕੇ ਧਾਰਮਿਕ ਪ੍ਰਤਿਨਿਧ ਪਾਸ। ਇਥੋਂ ਤੱਕ ਕਿ ਗੁਰਦੁਆਰੇ ਦੀ ਥਾਂ ਉੱਤੇ ਉੱਚੀ ਅਵਾਜ਼ ਵਾਲੇ ਸਪੀਕਰ ਰੱਖਣੇ ਵੀ ਸਮਾਜਿਕ ਤੌਰ ਉੱਪਰ ਪਰਵਾਣਿਤ ਨਹੀਂ। ਮੱਥਾ ਜੇ ਮੂਰਤੀ ਅੱਗੇ ਨਹੀਂ ਟੇਕਣਾ ਤਾਂ ਗੁਰੂ ਗ੍ਰੰਥ ਸਾਹਿਬ ਅੱਗੇ ਕਿਉਂ? ਗੱਲ ਤਾਂ ਮੱਥਾ ਟੇਕਣ ਦੀ ਹੀ ਹੈ। ਉਸੇ ਤਰ੍ਹਾਂ ਦੁਸ਼ਾਲੇ ਚੜ੍ਹਾਓ, ਉਸੇ ਤਰ੍ਹਾਂ ਉਹਨਾਂ ਨੂੰ ਤੁਸੀਂ ਰੱਬ ਕਹਿਣਾ ਸ਼ੁਰੂ ਕਰ ਦਿੰਦੇ ਹੋ। ਸਵਾਲ ਇਹ ਹੈ ਕਿ ਸਾਨੂੰ ਇਹ ਸਭ ਸੋਚ ਸਮਝ ਕੇ ਕਰਨਾ ਚਾਹੀਦਾ ਹੈ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

## ਪ੍ਰਧਾਨਗੀ ਭਾਸ਼ਣ

### ਡਾ. ਸੁਤਿੰਦਰ ਸਿੰਘ ਨੂਰ

ਮੈਂ ਪੇਪਰ ਪੜ੍ਹਨ ਵਾਲੇ ਸਾਰੇ ਵਿਦਵਾਨਾਂ ਦਾ ਧੰਨਵਾਦ ਕਰਦਾ ਹਾਂ ਕਿ ਬਹੁਤ ਹੀ ਖੋਜ ਭਰਪੂਰ ਪੇਪਰ ਤੁਸੀਂ ਪੜ੍ਹੇ ਤੇ ਉਹਨਾਂ ਤੇ ਖੁਲ੍ਹ ਕੇ ਵਿਚਾਰ ਵੀ ਹੋਏ। ਸਮੇਂ ਦੀ ਘਾਟ ਕਾਰਨ ਇਹ ਸੈਸ਼ਨ ਜਿਹੜਾ ਅਸੀਂ ਹੁਣ ਖ਼ਤਮ ਕਰਨ ਜਾ ਰਹੇ ਹਾਂ ਤੇ ਇਕ ਗੱਲ ਹੈ ਜਿਹੜੀ ਭਗਤ ਸਿੰਘ ਬਾਰੇ ਪਾਕਿਸਤਾਨ ਵਿਚ ਪੈਦਾ ਹੋਈ ਸੀ। ਉਹਦੇ ਬਾਰੇ ਮੈਂ ਇਕ ਸਖ਼ਿੰਟ ਵਿਚ ਗੱਲ ਕਹਿਣੀ ਚਾਹੁੰਦਾ ਹਾਂ। ਕਿਉਂਕਿ ਪਾਕਿਸਤਾਨ ਵਿਚ ਇਹ ਗੱਲ ਤੁਰੀ ਹੋਈ ਹੈ, ਅੱਜ-ਕੱਲ੍ਹ ਕਿ ਸਾਡਾ ਹੀਰੋ ਕੌਣ ਹੈ? ਅਤੇ ਉਥੇ ਬਹੁਤ ਸਾਹਿਤ ਵੀ ਇਸ ਬਾਰੇ ਸਾਹਮਣੇ ਆਇਆ ਹੈ। ਨਜ਼ੀਰ ਅਹਿਮਦ ਹੁਰਾਂ ਦਾ ਇਕ ਚਾਲੀ ਪੇਜ਼ ਦਾ ਪੈਂਫਲਿਟ ਸਾਹਮਣੇ ਆਇਆ ਸੀ। ਉਹਦੇ ਵਿਚ ਭਗਤ ਸਿੰਘ ਔਰ ਦੂਸਰੇ ਜਿਹੜੇ ਨਾਇਕ ਹਨ, ਉਹਨਾਂ ਨੂੰ ਉਭਾਰਿਆ ਗਿਆ ਅਤੇ ਭਗਤ ਸਿੰਘ ਤੇ ਜਿਸ ਥਾਂ ਉੱਤੇ ਮੁਕੱਦਮਾ ਚਲਾਇਆ ਜਾਂਦਾ ਰਿਹਾ ਹੈ, ਲਾਹੌਰ ਦੇ ਵਿਚ ਉਹ ਥਾਂ ਬਹੁਤ ਅਣਗੌਲੀ ਪਈ ਹੈ, ਜਿਥੇ ਉਹਨਾਂ ਨੂੰ ਕੈਦ ਕੀਤਾ ਗਿਆ ਸੀ। ਉਥੇ ਬਾਹਰ ਉਨ੍ਹਾਂ ਦਾ ਸਮਾਰਕ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਲਾਇਲਪੁਰ ਵਿਚ ਕੁਝ ਸਿੱਖ ਨੌਜਵਾਨ ਨੇ ਜਿਹੜੇ ਆਪਣੇ ਆਪ ਨੂੰ ਆਪਣੇ ਭਗਤ ਸਿੰਘ ਦੇ ਚੇਲੇ ਦੱਸਦੇ ਹਨ, ਉਸੇ ਤਰ੍ਹਾਂ ਤੁਰਲਾ ਬੰਨ੍ਹਦੇ ਹਨ। ਉਹ ਇਸ ਗੱਲ ਦਾ ਪੁਨਰ ਜਾਗ ਹੈ।

ਮਿਹਰਬਾਨੀ।

Sri Satguru Jagjit Singh Ji Elibrary NamdhariElibrary@gmail.com

# ਵਿਦਾਇਗੀ ਸੋਹਲ਼ਨ

ਤੇ 1971 ਤੱਕ ਕੰਮ ਕੀਤਾ। 1971 ਵਿਚ ਇਹਨਾਂ ਨੇ ਰਾਜ ਸਭਾ ਸੈਕਟਰੀਏਟ ਜੁਆਇਨ ਕੀਤਾ ਤੇ 1981 ਤੱਕ ਅਲੱਗ-ਅਲੱਗ ਅਹੁਦਿਆਂ ਤੇ ਕੰਮ ਕੀਤਾ ਅਤੇ ਸਭ ਤੋਂ ਉੱਚੀ ਪੋਸਟ ਸੈਕਟਰੀ ਜਰਨਲ ਰਾਜ ਸਭਾ ਤੇ ਪਹੁੰਚੇ। ਫਿਰ 12 ਸਾਲ ਇਸ ਅਹੁਦੇ ਤੇ ਰਹੇ। ਏਨੇ ਸਮੇਂ ਤੱਕ ਇਸ ਉੱਚੇ ਅਹੁਦੇ ਤੇ ਰਹਿਣਾ ਬੜਾ ਮੁਸ਼ਕਲ ਕੰਮ ਹੈ। 1986 ਵਿਚ ਇਹਨਾਂ ਨੂੰ ਕੈਬਨਿਟ ਸੈਕਟਰੀ ਦਾ ਅਹੁਦਾ ਦਿੱਤਾ ਗਿਆ ਜੋ ਕਿ ਰਾਜ ਸਭਾ ਵਿਚ ਬੜਾ ਉੱਚਾ ਅਹੁਦਾ ਹੈ। ਰਾਜ ਸਭਾ ਤੋਂ ਰਿਟਾਇਰਮੈਂਟ ਤੋਂ ਬਾਅਦ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਇਹਨਾਂ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ।

ਇਹ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ 'ਚੋਂ 2001 ਵਿਚ ਰਿਟਾਇਰ ਹੋ ਗਏ। ਜਨਵਰੀ 2003 ਵਿਚ ਨਵੀਂ ਸੀਟ ਉਤਰਾਂਚਲ ਦੇ ਗਵਰਨਰ ਨਿਯੁਕਤ ਹੋਏ। ਏਨੇ ਵੱਡੇ ਅਹੁਦੇ ਤੇ ਰਹਿੰਦਿਆਂ ਹੋਇਆਂ ਚੈਰੀਟੇਬਲ, ਸਮਾਜਕ ਕੰਮਾਂ ਨਾਲ ਜੁੜੇ ਰਹੇ। ਇਹ ਦਿੱਲੀ ਜ਼ਿਮੀਖਾਨਾ ਕਲੱਬ ਦੇ ਵੀ 2 ਸਾਲ ਪ੍ਰਧਾਨ ਰਹੇ। ਇਹ ਇਕ ਰੋਟਰੀ ਕਲੱਬ ਵਿਚ ਪਿਛਲੀਆਂ ਚਾਰ ਸਦੀਆਂ ਤੋਂ ਜਾਣੇ-ਮਾਣੇ ਰੁਟੇਰੀਅਨ ਹਨ। ਯਾਦਵਿੰਦਰਾ ਕਲੱਬ ਇੰਜੀਨੀਅਰ ਨੂੰ ਇੰਟਰਨੈਸ਼ਨਲ ਵੱਲੋਂ, 90 ਲੱਖ ਰੁਪਏ ਰੋਟਰੀ, ਨਿਊਯਾਰਕ ਵੱਲੋਂ ਅਤੇ ਰੋਟਰੀ ਕਲੱਬ ਵਜੋਂ ਆਉਣ ਦੀ ਆਸ ਹੈ। ਹੋਰ ਵੀ ਬਾਹਰੋਂ ਇਸ ਕਾਲਜ ਲਈ ਵੀ ਪੈਸਾ ਆਉਣ ਦੀ ਆਸ ਹੈ। ਇਨ੍ਹਾਂ ਨੇ ਸਾਊਥ ਈਸਟ ਏਸ਼ੀਆ ਦੇ ਰੋਟਰੀ ਨੂੰ ਬਾਹਰੋਂ ਡਾਇਰੈਕਟਰ ਰੀਪਰੇਜ਼ੈਂਟ ਕੀਤਾ। 1987-89 ਤੋਂ ਗਵਰਨਰ ਸੱਹਿਬ ਰੋਟਰੀ ਫਾਊਂਡੇਸ਼ਨ ਇੰਡੀਅਨ ਦੇ ਚੇਅਰਮੈਨ ਰਹੇ। ਇਨ੍ਹਾਂ ਦੀ ਗਾਈਡੈਂਸ ਹੇਠਾਂ ਪੰਜ ਕਰੋੜ ਰੁਪਏ ਦੇ ਰੋਟਰੀ ਬਲੱਡ ਬੈਂਕ ਜੋ ਇਨ੍ਹਾਂ ਵੱਲੋਂ ਸਥਾਪਿਤ ਕੀਤਾ ਗਿਆ ਉਸ ਦਾ ਯੂਨੀਅਨ ਹੋਮ ਮਨਿਸਟਰ ਨੇ ਉਦਘਾਟਨ ਕੀਤਾ। ਮਾਰਚ 2002 ਵਿਚ ਸਟੇਟ ਆਫ ਆਰਟ ਫਸੈਲਟੀ ਸਥਾਪਿਤ ਕੀਤਾ। ਇਹ ਕਾਫੀ ਐਕਟਿਵ ਰਹੇ। ਰੋਟਰੀ ਵਿਚ ਪੋਲੀਓ ਨੂੰ ਹਟਾਉਣ ਲਈ ਉਤਰਾਂਚਲ ਵਿਚ ਇਹਨਾਂ ਨੇ ਆਪਣੀ ਜ਼ੁੰਮੇਵਾਰੀ ਨਾਲ ਵਿਦਿਅਕ ਫੀਲਡ ਵਿਚ ਬਹੁਤ ਕਾਰਜ ਕੀਤੇ। ਜਯੋਤੀ ਫਾਊਂਡੇਸ਼ਨ, ਕਰੁਨਾ ਫਾਊਂਡੇਸ਼ਨ, ਜੈਨ ਸਮਾਜ ਵੀ ਲੋਕ ਹਿਤ ਦੇ ਕਾਰਜ ਕਰ ਰਹੀਆਂ ਹਨ। ਉਤਰਾਂਚਲ ਦੇ ਰਿਮੋਟ ਏਰੀਆ ਤੱਕ ਵੀ ਇਹਨਾਂ ਦੀ ਪਰਸਨਲ ਕੋਸ਼ਿਸ਼ ਨਾਲ ਸਟੇਟ ਆਫ਼ ਆਰਟ ਬਲੱਡ ਬੈਂਕ ਜਿਸ (O.N.G.C.) ਤੇ ਵਿਦਿਅਕ ਮੈਡੀਕਲ ਐਸੋਸੀਏਸ਼ਨ ਨੇ ਸਪੋਟ ਕੀਤਾ, ਇਹ ਸਭ ਦੇਹਰਾਦੂਨ ਵਿਚ ਸਥਾਪਿਤ ਕੀਤਾ ਗਿਆ। ਇਕ ਰੋਟਰੀ ਸਰਵਿਸ ਵਿਚ ਟਰੱਸਟੀ ਹੋਣ ਦੇ ਨਾਤੇ ਰੋਟਰੀ ਮਾਨਵ ਸੇਵਾ ਐਵਾਰਡ ਇਨ੍ਹਾਂ ਨੂੰ ਮਿਲਿਆ। ਇਹਨਾਂ ਨੇ ਪਬਲਿਕ ਲਾਈਫ 'ਚੋਂ ਕਰਪਸ਼ਨ ਖਤਮ ਕੀਤਾ। ਇਹ ਦੇਸ਼ ਤੇ ਵਿਦੇਸ਼ ਵਿਚ ਬਹੁਤ ਘੁੰਮੇ ਤੇ ਆਪਣੇ ਦੇਸ਼ ਨੂੰ ਬੇਸ਼ੁਮਾਰ ਅੰਤਰਰਾਸ਼ਟਰੀ ਕਾਨਫਰੰਸ ਵਿਚ ਰੀਪਰੇਜੈਂਟ ਕੀਤਾ। ਇਹਨਾਂ ਦਾ ਵਿਆਹ ਸ੍ਰੀ ਊਸ਼ਾ ਅਗਰਵਾਲ ਨਾਲ ਹੋਇਆ ਅਤੇ ਇਹਨਾਂ ਦੇ ਦੋ ਬੱਚੇ ਇਕ ਬੇਟਾ ਤੇ ਇਕ ਬੇਟੀ ਹੈ ਜੋ ਐਡਵੋਕੇਟ ਤੇ ਅਕਾਦਮਿਕ ਫੀਲਡ ਵਿਚ ਆਪਣਾ ਆਪ ਨਾਮ ਬਣਾ ਚੁੱਕੇ ਹਨ। ਇਹ ਇਕ ਬਹੁਤ ਸਧਾਰਨ ਅਤੇ ਪਿਆਰ ਮੁਹੱਬਤ ਨਾਲ ਦੂਸਰਿਆਂ ਦਾ ਦੁੱਖ ਦਰਦ ਸਮਝਣ ਵਾਲੇ ਇਨਸਾਨ ਹਨ। ਇਹ ਉਨ੍ਹਾਂ ਲਈ ਇਕ ਚਾਨਣ-ਮੁਨਾਰੇ ਹਨ ਅਤੇ

Sri Satguru Jagjit Singh Ji Elibrary NamdhariElibrary@gmail.com

ਵਧੀਆ ਨਾਗਰਿਕ ਹਨ। ਅੱਜ ਤੁਸੀਂ ਸਾਡੇ ਵਿਚ ਹੋ, ਤਾਂ ਅਸੀਂ ਦੁੱਗਣੀ ਖੁਸ਼ੀ ਮਹਿਸੂਸ ਕਰ ਰਹੇ ਹਾਂ। ਤੁਹਾਡੇ ਆਉਣ ਦਾ ਸਾਨੂੰ ਬਹੁਤ ਚਾਅ ਹੈ ਅਤੇ ਦੂਸਰੀ ਖੁਸ਼ੀ ਇਹ ਹੈ ਕਿ ਜਿਹੜਾ ਸੁਪਨਾ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਨਾਲ ਪੋਂਡੂ ਬੱਚਿਆਂ ਦੇ ਲਈ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਖੋਲ੍ਹਣ ਦਾ, ਮੁੱਖ ਮੰਤਰੀ ਨੇ ਆਪਣੇ ਕੈਬਨਿਟ ਵਿਚ ਇਸ ਨੂੰ ਮਨਜ਼ੂਰ ਕਰ ਲਿਆ ਹੈ ਤੇ ਤੁਹਾਡਾ ਇਥੇ ਆਉਣਾ ਸਾਡੇ ਲਈ ਬਹੁਤ ਹੀ ਚੰਗਾ ਰਿਹਾ। ਅਸੀਂ ਬੜੇ ਗਦ-ਗਦ ਹੋਏ। ਸੋ ਇਕ ਵਾਰ ਅਸੀਂ ਦਿਲੋਂ ਤੁਹਾਡਾ ਸਾਰੇ ਹਾਰਦਿਕ ਸਵਾਗਤ ਕਰਦੇ ਹਾਂ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

# ਕਾਨਫਰੰਸ ਬਾਰੇ

ਡਾ. ਧਨਵੰਤ ਕੌਰ*

ਉੱਤਰਾਂਚਲ ਦੇ ਮਾਨਯੋਗ ਗਵਰਨਰ ਹਿਜ਼ ਐਕਸੀਲੈਂਸੀ ਸ੍ਰੀ ਸੁਦਰਸ਼ਨ ਅਗਰਵਾਲ ਜੀ, ਪੰਜਾਬੀ ਯੂਨੀਵਰਸਿਟੀ ਦੇ ਫਖਰਯੋਗ ਵਾਈਸ-ਚਾਂਸਲਰ ਸਰਦਾਰ ਸਵਰਨ ਸਿੰਘ ਬੋਪਾਰਾਏ ਜੀ, ਅਰਥ-ਸਾਸ਼ਤਰ ਦੇ ਖੇਤਰ ਵਿਚ ਪੰਜਾਬੀ ਯੂਨੀਵਰਸਿਟੀ ਦਾ ਇਕ ਸਤਿਕਾਰਯੋਗ ਨਾਂ ਡਾ. ਸੁੱਚਾ ਸਿੰਘ ਗਿੱਲ ਡੀਨ, ਅਕਾਦਮਿਕ ਮਾਮਲੇ, ਧਰਮ ਅਧਿਐਨ ਦੇ ਖੇਤਰ ਵਿਚ ਇੱਕ ਸਿਰ-ਕੱਢ ਨਾਮ ਡਾ. ਜੋਧ ਸਿੰਘ, ਮੇਰੇ ਸਾਹਮਣੇ ਬੈਠੇ ਵਿਭਿੰਨ ਅਨੁਸਾਸ਼ਨਾਂ ਦੇ ਬਹੁਤ ਹੀ ਸਤਿਕਾਰਤ ਵਿਦਵਾਨ, ਦੇਸ਼ ਵਿਦੇਸ਼ ਤੋਂ ਆਏ ਡੈਲੀਗੇਟ ਸਾਹਿਬਾਨ ਤੁਹਾਡਾ ਸਭ ਦਾ ਇਸ ਕਾਨਫਰੰਸ ਦੇ ਵਿਦਾਇਗੀ ਸੈਸ਼ਨ ਵਿਚ ਹਾਰਦਿਕ ਅਭਿਨੰਦਨ ਹੈ।

ਤੁਹਾਡੇ ਸਹਿਯੋਗ ਨਾਲ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਚੌਥੀ ਸ਼ਤਾਬਦੀ ਨੂੰ ਸਮਰਪਿਤ ਇਹ ਕਾਨਫਰੰਸ ਸੰਪੰਨ ਹੋਣ ਜਾ ਰਹੀ ਹੈ। ਅਸੀਂ ਆਪਣੀਆਂ ਅਕਾਦਮਿਕ ਪੜਾਵਾਂ ਨੂੰ ਤਹਿ ਕਰਦੇ ਆਪਣੇ ਸਿਖਰਲੇ ਮੁਕਾਮ ਉੱਤੇ ਪਹੁੰਚੇ ਹਾਂ।

ਪੰਜਾਬੀ ਯੂਨੀਵਰਸਿਟੀ ਵੱਡੇ ਵਿਜ਼ਨ ਤੇ ਵੱਡੇ ਅਕੀਦਿਆਂ ਵਾਲੇ ਦੂਰ-ਅੰਦੇਸ਼ ਪੰਜਾਬੀਆਂ ਦਾ ਇਕ ਆਲ੍ਹਾ ਸੁਪਨਾ ਸੀ। ਅਜ਼ਾਦ ਹਿੰਦੁਸਤਾਨ ਦੀ ਹੋਂਦ ਅਤੇ ਹੋਣੀ ਦੇ ਨਿਰਮਾਣ ਵਿਚ ਜਦੋਂ ਇਹ ਪ੍ਰਸ਼ਨ ਸਾਹਮਣੇ ਆਇਆ ਕਿ ਅਜ਼ਾਦ ਭਾਰਤ ਦੇ ਨਾਗਰਿਕ ਸਿਰਜਣ ਲਈ ਤਾਂ ਸਵੈ-ਭਰੋਸੇ ਤੇ ਸਵੈ-ਮਾਣ ਵਾਲੀ ਕੌਮੀਅਤ ਉਸਾਰੀ ਲਈ ਸਾਡੀ ਵਿੱਦਿਅਕ ਨੀਤੀ ਕੀ ਹੋਣੀ ਚਾਹੀਦੀ ਹੈ ਤਾਂ ਡਾ. ਰਾਧਾ ਕ੍ਰਿਸ਼ਨ ਵਰਗੇ ਚਿੰਤਕ ਅਤੇ ਸਿੱਖਿਆ ਸ਼ਾਸਤਰੀਆਂ ਨੇ ਕਿਹਾ ਸੀ ਕਿ ਕਿਸੇ ਵੀ ਕੌਮ ਦੀ ਹੋਣੀ ਦਾ ਨਿਰਮਾਣ ਜਦੋਂ ਆਪਣੀ ਮਾਤ-ਭਾਸ਼ਾ ਵਿਚ ਹੋਵੇਗਾ ਤਾਂ ਉਸਦੇ ਜਿਹੜੇ ਦਾਈਏ ਹਨ ਉਹ ਵੱਡੇ ਹੋਣਗੇ। ਇਹ ਵਿਚਾਰ ਭਾਵੇਂ ਉਹਨਾਂ ਨੇ ਬਹੁ-ਭਾਸ਼ਾਈ ਹਿੰਦੁਸਤਾਨ ਲਈ ਦਿੱਤਾ ਸੀ ਪਰ ਇਸ ਮਸ਼ਵਰੇ ਨੂੰ ਹਕੀਕਤ ਵਿਚ ਤਬਦੀਲ ਕਰਨ ਦਾ ਖਿਆਲ ਸਿਰਫ ਪੰਜਾਬੀਆਂ ਨੂੰ ਆਇਆ। ਇਹ ਸਿਰਫ ਪੰਜਾਬੀ ਹੀ ਸਨ ਜਿਨ੍ਹਾਂ ਨੇ ਆਪਣੀ ਮਾਂ ਬੋਲੀ ਦੇ ਨਾਂ ਉੱਤੇ ਇਸ ਯੂਨੀਵਰਸਿਟੀ ਦੀ ਸਥਾਪਨਾ ਕਰ ਵਿਖਾਈ।

ਇਸ ਸਥਾਪਨਾ ਨੂੰ ਉਹਨਾਂ ਨੇ ਸਿਰਫ ਨਾਮਕਰਨ ਤੱਕ ਹੀ ਸੀਮਿਤ ਨਹੀਂ ਰੱਖਿਆ ਸਗੋਂ ਪੰਜਾਬੀ ਯੂਨੀਵਰਸਿਟੀ ਦੇ ਐਕਟ ਦੇ ਵਿਚ ਇਹ ਗੱਲ ਸ਼ਾਮਲ ਕਰ ਦਿੱਤੀ ਕਿ ਜਦੋਂ ਤੱਕ ਵੀ ਪੰਜਾਬੀ ਯੂਨੀਵਰਸਿਟੀ ਰਹੇਗੀ ਪੰਜਾਬੀ ਵਿਕਾਸ ਦਾ ਜ਼ੁੰਮਾ ਇਸ ਯੂਨੀਵਰਸਿਟੀ ਦੇ

---

* ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਸਿਰ ਲੱਗਾ ਰਹੇਗਾ ਅਤੇ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਇਸ ਜ਼ੁੰਮੇਵਾਰੀ ਨੂੰ ਅਸੀਂ ਪਵਿੱਤਰ ਪ੍ਰਣ ਵਜੋਂ ਨਿਭਾਇਆ ਹੈ ਤੇ ਅੱਜ ਅਸੀਂ ਸਾਰੇ ਵਿਸ਼ਵ ਵਿਚ ਇਕ ਵਿਲੱਖਣ ਹੋਂਦ ਰੱਖਦੇ ਹਾਂ। ਪੰਜਾਬੀ ਭਾਈਚਾਰਾ ਭਾਵੇਂ ਗਲੋਬਲ ਦੇ ਕਿਸੇ ਵੀ ਹਿੱਸੇ ਉਤੇ ਹੋਵੇ ਉਹ ਇਸ ਯੂਨੀਵਰਸਿਟੀ ਵੱਲ ਆਸ ਨਾਲ ਵੇਖਦਾ ਹੈ।

ਮੈਨੂੰ ਯਾਦ ਹੈ ਕਿ ਪਿਛਲੀ 22ਵੀਂ ਕਾਨਫਰੰਸ ਵਿਚ ਵੀ ਸੈਸ਼ਨ ਵਿਦਾਇਗੀ ਵਿਚ ਅਸੀਂ ਜਦੋਂ ਆਪਣੇ ਇਸ ਡੈਲੀਗੇਟਸ ਨੂੰ ਅਬਜ਼ਰਵੇਸ਼ਨ ਲਈ ਬੁਲਾਇਆ ਸੀ ਤਾਂ ਵਾਘਿਓਂ ਪਾਰੋਂ (ਪਾਕਿਸਤਾਨ) ਆਈ ਅਫ਼ਜ਼ਲ ਤੌਸੀਫ਼ ਨੇ ਕਿਹਾ ਸੀ ਕਿ ਅਸੀਂ ਪੰਜਾਬੀ ਭਾਵੇਂ ਦੁਨੀਆਂ ਦੇ ਕਿਸੇ ਵੀ ਖਿਤੇ ਵਿਚ ਬੈਠੇ ਹਾਂ ਪਰ ਪੰਜਾਬੀ ਲਈ ਸਾਡੀ ਇਕੋ-ਇਕ ਆਸ ਪੰਜਾਬੀ ਯੂਨੀਵਰਸਿਟੀ ਹੈ।

ਇਹ ਯੂਨੀਵਰਸਿਟੀ ਗਿਆਨ ਦੇ ਹੋਰ ਖੇਤਰਾਂ ਵਿਚ ਬਹੁਤ ਵੱਡੇ ਕਾਰਜ ਕਰ ਰਹੀ ਹੈ। 55 ਵਿਭਾਗ ਇਸ ਸਮੇਂ ਯੂਨੀਵਰਸਿਟੀ ਦੇ ਵਿਚ ਹਨ ਪਰ ਪੰਜਾਬੀ ਵਿਕਾਸ ਦੀ ਹਮੇਸ਼ਾਂ ਸਾਡੀ ਤਰਜੀਹ ਰਹੀ ਹੈ ਅਤੇ ਅਸੀਂ ਹਮੇਸ਼ਾਂ ਇਹ ਚਾਹਿਆ ਹੈ ਕਿ ਸਮੇਂ-ਸਮੇਂ ਸਿਰ ਆਪਣੇ ਵਿਦਵਾਨਾਂ ਨੂੰ, ਆਪਣੇ ਚਿੰਤਕਾਂ ਨੂੰ ਆਪਣੇ ਸਾਹਿਤਕਾਰਾਂ ਨੂੰ, ਇਕ ਇਹੋ ਜਿਹਾ ਮੰਚ ਪ੍ਰਦਾਨ ਕਰਦੇ ਰਹੀਏ ਜਿਥੇ ਉਹ ਆ ਕੇ ਆਪਣੇ ਸਾਡੇ ਜਿਹੜੇ ਡੂੰਘੀ ਮਹੱਤਵ ਦੇ ਵਿਸ਼ੇ ਹਨ, ਉਹਨਾਂ ਉਤੇ ਸਿਰ ਜੋੜ ਕੇ ਬੈਠ ਸਕਣ, ਉਹਨਾਂ ਦੇ ਮੰਥਨ ਵਿਚੋਂ ਜੋ ਕੁਝ ਨਿਕਲੇ ਉਹ ਸਮਾਜ ਨੂੰ ਸੇਧ ਦੇ ਸਕੇ।

ਇਹ ਕਾਨਫਰੰਸ ਇਕ ਅਜਿਹਾ ਉਪਰਾਲਾ ਹੈ। ਜਿਹੜਾ ਕਿ ਹੋਰ ਉਪਰਾਲਿਆਂ ਦੇ ਨਾਲ-ਨਾਲ ਯੂਨੀਵਰਸਿਟੀ ਸਰਗਰਮੀਆਂ ਦੇ ਵਿਚ ਇਕ ਅਖੰਡ ਹਿੱਸਾ ਬਣ ਚੁੱਕਿਆ ਹੈ ਅਤੇ 1982 ਤੋਂ ਲਗਾਤਾਰ ਅਸੀਂ ਇਹ ਕਾਨਫਰੰਸ ਆਯੋਜਿਤ ਕਰਦੇ ਆ ਰਹੇ ਹਾਂ।

ਪੰਜਾਬੀ ਯੂਨੀਵਰਸਿਟੀ ਜਦੋਂ ਵੀ ਕੋਈ ਇਹੋ ਜਿਹਾ ਅਵਸਰ ਜਾਂ ਮੌਕਾ ਆਉਂਦਾ ਹੈ ਉਸਨੂੰ ਠੋਸ ਅਕਾਦਮਿਕ ਸਰਗਰਮੀ ਵਿਚ ਤਬਦੀਲ ਕਰਦੀ ਹੈ। ਇਹ ਵਰ੍ਹਾ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਸ਼ਤਾਬਦੀ ਦਾ ਸਬੱਬ ਲੈ ਕੇ ਆਇਆ ਤਾਂ ਸਾਨੂੰ ਲੱਗਿਆ ਕਿ ਗੁਰੂ ਅਰਜਨ ਜਿਨ੍ਹਾਂ ਦੀ ਪ੍ਰਤਿਭਾ ਬਹੁ-ਪੱਖੀ ਹੈ; ਉਹਨਾਂ ਨੂੰ ਅਸੀਂ ਦਰਸ਼ਨਵੇਤਾ ਕਹੀਏ, ਉਹਨਾਂ ਨੂੰ ਭਵਨਾਂ, ਸ਼ਹਿਰਾਂ ਦਾ ਨਿਰਮਾਣ ਕਰਨ ਵਾਲੇ ਇਕ ਭਵਿੱਖ-ਹਿਤਕਾਰੀ ਵਜੋਂ ਲਈਏ, ਉਹਨਾਂ ਦਾ ਪਰ-ਉਪਕਾਰੀ ਸੁਭਾਅ ਜਿਹੜਾ ਕਿ ਬਉਲੀਆਂ, ਖੂਹਾਂ, ਹਸਪਤਾਲਾਂ ਦੇ ਵਿਚ ਕਾਰਜਰਤ ਰਿਹਾ, ਉਹ ਕਹੀਏ ਜਾਂ ਇਕੋ ਇਕ ਇਹੋ ਜਿਹੀ ਪ੍ਰਤਿਭਾ ਜਿਸ ਨੇ ਸ਼ਹਾਦਤ ਦੇ ਕੇ ਸਮੁੱਚੇ ਇਤਿਹਾਸ, ਧਰਮ ਤੇ ਦਰਸ਼ਨ ਦਾ ਤੇ ਪੰਜਾਬੀ ਕੌਮੀਅਤ ਦਾ ਸੁਭਾਅ ਹੀ ਬਦਲ ਦਿੱਤਾ। ਅਜਿਹੀ ਪ੍ਰਤਿਭਾ ਕਿਸ ਅਨੁਸ਼ਾਸਨ ਦੇ ਵਿਚ ਰੱਖ ਕੇ ਵਿਚਾਰੀਏ। ਕੱਲ੍ਹ ਵੀ ਇੱਥੇ ਬਹਿਸ ਚਲ ਰਹੀ ਸੀ ਕਿ ਜਦੋਂ ਅਸੀਂ ਕਿਸੇ ਇਕ ਅਨੁਸ਼ਾਸ਼ਨ ਦੀ ਗੱਲ ਕਰਦੇ ਹਾਂ ਤਾਂ ਉਸ ਮੁੱਦੇ ਦੇ ਬਿਖਰ ਜਾਣ ਦੇ ਜਾਂ ਉਹਦੇ ਪਥਰਾਣ ਬਣ ਜਾਣ ਦੇ ਬਹੁਤ ਜ਼ਿਆਦਾ ਸਵਾਲ ਬਣੇ ਰਹਿੰਦੇ ਹਨ। ਜਦੋਂ ਕਿਸੇ ਵੀ ਮੁੱਦੇ ਨੂੰ ਅਸੀਂ ਇਤਿਹਾਸ ਬੱਧ ਕਰਦੇ ਹਾਂ ਤਾਂ ਉਹ ਆਪਣੇ ਆਪ ਵਿਚ ਕਦੇ ਮਿਥ, ਕਦੇ ਫ਼ਾਸਿਲ ਬਣ ਜਾਂਦੀ ਹੈ। ਜਦੋਂ ਅਸੀਂ ਧਰਮ ਦੇ ਖੇਤਰ ਵਿਚ ਵੜਦੇ ਹਾਂ ਤਾਂ ਸਾਡੀ ਐਨੀ ਸ਼ਰਧਾ ਹੋ ਜਾਂਦੀ ਹੈ ਕਿ ਅਸੀਂ ਇਸ ਗੱਲ ਦੀ ਗੁੰਜਾਇਸ਼ ਹੀ ਨਹੀਂ ਰੱਖਦੇ ਕਿ

ਉਸ ਤੇ ਖੁੱਲ੍ਹ ਕੇ ਗੱਲ ਹੋ ਸਕੇ। ਕੱਲ੍ਹ ਅਸੀਂ ਦੇਖਿਆ ਹੈ ਕਿ ਇਤਿਹਾਸਕਾਰਾਂ, ਸਾਹਿਤ ਚਿੰਤਕਾਂ, ਦਰਸ਼ਨ ਸ਼ਾਸਤਰ ਦੇ ਨਾਲ ਸੰਬੰਧ ਰੱਖਣ ਵਾਲੇ ਸਾਰੇ ਵਿਦਵਾਨਾਂ ਦੇ ਇਸ ਇਕੱਠ ਨੇ ਇਸ ਨੂੰ ਇਕ ਅਕਾਦਮਿਕ ਵਿਸ਼ੇ ਵਜੋਂ ਵਿਚਾਰਿਆ। ਡਾ. ਬਲਕਾਰ ਸਿੰਘ ਜਿਨ੍ਹਾਂ ਦਾ ਧਰਮ ਅਧਿਐਨ ਦੇ ਖੇਤਰ ਵਿਚ ਕਾਫ਼ੀ ਨਾਂ ਹੈ, ਉਹਨਾਂ ਨੇ ਕਿਹਾ ਸੀ ਕਿ ਇਸ ਕਾਨਫਰੰਸ ਨੇ ਇਕ ਜ਼ਮੀਨ ਤੋੜੀ ਹੈ ਤੇ ਅਸੀਂ ਇਕ ਅਕਾਦਮਿਕ ਵਿਸ਼ੇ ਵਜੋਂ ਇਸ ਨੂੰ ਵਿਚਾਰਨ ਦੇ ਸਮਰੱਥ ਹੋਏ ਹਾਂ ਤੇ ਇਸ ਤੋਂ ਆਸ ਬੱਝਦੀ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਰੀ-ਰੀਡ ਕਰਾਂਗੇ। ਇਸ ਤਰ੍ਹਾਂ ਜਦੋਂ ਅਸੀਂ ਇਹ ਕਾਨਫਰੰਸ ਵਿਉਂਤ ਰਹੇ ਸੀ ਤਾਂ ਸਾਡਾ ਮਕਸਦ ਇਹੀ ਸੀ ਕਿ ਗੁਰੂ ਅਰਜਨ ਦੇਵ ਜੀ ਬਾਰੇ ਲਿਖਿਆ ਜੋ ਵੀ ਇਤਿਹਾਸ ਜੋ ਉਪਲਬੱਧ ਹੈ, ਭਾਵੇਂ ਗੁਰਮੁਖੀ ਵਿਚ ਲਿਖਿਆ ਹੈ, ਭਾਵੇਂ ਫ਼ਾਰਸੀ ਵਿਚ, ਭਾਵੇ ਪਾਰਸੀ ਵਿਚ, ਭਾਵੇਂ ਅੰਗਰੇਜ਼ੀ ਵਿਚ, ਉਹਨਾਂ ਸਾਰੇ ਸਰੋਤਾਂ ਦਾ ਹੀ ਪੁਨਰ-ਪਾਠ ਕਰੀਏ ਤੇ ਕੋਈ ਇਹੋ ਜਿਹੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਲੈ ਕੇ ਆਈਏ ਜਿਹੜੀਆਂ ਉਸ ਪ੍ਰਤਿਭਾ ਦਾ ਸਹੀ ਮੁੱਲ ਪਾ ਸਕਣ। ਇਸ ਮੰਤਵ ਦੇ ਲਈ ਅਸੀਂ ਪੱਚੀ ਪਰਚੇ ਆਮੰਤ੍ਰਿਤ ਕੀਤੇ ਸਨ ਤੇ ਉਹਨਾਂ ਵਿਚੋਂ ਇਕੀ ਖੋਜ ਪੱਤਰ ਪਿਛਲੇ ਪੰਜ ਅਕਾਦਮਿਕ ਸੈਸ਼ਨਾਂ ਵਿਚ ਪੜ੍ਹੇ ਗਏ ਹਨ ਅਤੇ ਖੁਸ਼ੀ ਹੈ ਕਿ ਹਰ ਖੇਤਰ ਨਾਲ ਸੰਬੰਧਿਤ ਜਿਹੜਾ ਵੀ ਵਿਦਵਾਨ ਅਸੀਂ ਚਾਹਿਆ ਉਹ ਸਾਡੇ ਕੋਲ ਨਿੱਜੀ ਮੁਸ਼ਕਲਾਂ ਨੂੰ ਭੁੱਲ ਕੇ ਸਾਡੇ ਕੋਲ ਪਹੁੰਚਿਆ ਅਤੇ ਡੈਲੀਗੇਟਸ ਦੇ ਰੂਪ ਵਿਚ ਚਾਰ ਸੌ ਤੋਂ ਵੱਧ ਆਏ ਲੋਕਾਂ ਨੇ ਇਸ ਕਾਨਫ਼ਰੰਸ ਵਿਚ ਸ਼ਿਰਕਤ ਕੀਤੀ।

ਗੁਰੂ ਅਰਜਨ ਦੀ ਪ੍ਰਤਿਭਾ ਦੇ ਇੰਨੇ ਪੱਖ ਸੀ ਕਿ ਅਸੀਂ ਇਕ ਪੱਖ ਉੱਤੇ ਸਿਰਫ਼ ਇਕ ਹੀ ਪੇਪਰ ਆਮੰਤ੍ਰਿਤ ਕੀਤਾ ਸੀ। ਜਿਵੇਂ ਕਿ ਹਮੇਸ਼ਾ ਹੁੰਦਾ ਹੈ ਸਾਡੇ ਗੈਸਟਸ ਨੂੰ ਇਸ ਗੱਲ ਦੀ ਗਿਲਾ ਰਹਿੰਦਾ ਹੈ ਕਿ ਉਨ੍ਹਾਂ ਨੂੰ ਪੂਰਾ ਸਮਾਂ ਨਹੀਂ ਮਿਲਿਆ। ਮੈਨੂੰ ਲੱਗਦਾ ਹੈ ਕਿ ਸਾਨੂੰ ਇਹ ਕਾਨਫਰੰਸ ਤਿੰਨ ਦਿਨ ਦੀ ਥਾਂ ਤੇ ਚਾਰ ਦਿਨ ਦੀ ਕਰਨੀ ਪਵੇਗੀ ਤਾਂ ਸ਼ਾਇਦ ਅਸੀਂ ਤੁਹਾਡੇ ਸ਼ੰਕੇ ਨਵਿਰਤ ਕਰ ਸਕੀਏ।

ਅਸੀਂ ਇਹ ਕਾਨਫ਼ਰੰਸ ਜਿਸ ਥੀਮ ਨੂੰ ਲੈ ਕੇ ਜਿਸ ਤਵੱਜੋਂ ਨਾਲ ਕੀਤੀ ਸੀ ਤੁਹਾਨੂੰ ਅਸੀਂ ਇਹ ਦੱਸ ਚੁੱਕੇ ਹਾਂ ਕਿ ਪਰੰਤੂ ਇਸ ਨੂੰ ਕਿੰਨੀ ਕੁ ਸ਼ਿੱਦਤ ਨਾਲ ਤੁਹਾਡੇ ਕੋਲ ਪੇਸ਼ ਕਰ ਸਕੇ ਹਾਂ ਤੁਸੀਂ ਕੀ ਤਵੱਕੋਂ ਲੈ ਕੇ ਇੱਥੇ ਆਏ ਸੀ, ਉਹ ਅਸੀਂ ਕਿੱਥੋਂ ਕੁ ਤੱਕ ਪੂਰੇ ਉਤਰੇ ਹਾਂ ਜਾਂ ਨਹੀਂ ਉਤਰੇ ਇਹ ਜਾਣਨ ਲਈ ਅਸੀਂ ਤੁਹਾਡੇ ਸਨਮੁਖ ਹਾਂ।

ਧੰਨਵਾਦ।

# ਕਾਨਫਰੰਸ ਬਾਰੇ ਰਿਪੋਰਟ

*ਡਾ. ਜੋਧ ਸਿੰਘ**

ਮਹਾ ਮਹਿਮ ਰਾਜਪਾਲ ਉਤਰਾਂਚਲ ਸ੍ਰੀ ਸੁਦਰਸ਼ਨ ਅਗਰਵਾਲ ਜੀ, ਮਾਨਯੋਗ ਵਾਈਸ-ਚਾਂਸਲਰ ਸਾਹਿਬ, ਡਾ. ਧਨਵੰਤ ਕੌਰ, ਡਾ. ਸੁੱਚਾ ਸਿੰਘ ਜੀ ਗਿੱਲ ਤੇ ਵਿਦਵਾਨ ਦੋਸਤੋ! ਮੇਰੀ ਇਹ ਡਿਊਟੀ ਲੱਗੀ ਸੀ ਕਿ ਮੈਂ ਸੰਖੇਪ ਵਿਚ ਜਿਹੜੇ ਸਾਰੇ ਸੈਸ਼ਨ ਹੋਏ ਹਨ ਇਸ ਸੈਮੀਨਾਰ ਦੇ ਇਸ ਅੰਤਰਰਾਸ਼ਟਰੀ ਕਾਨਫਰੰਸ ਵਿਚ, ਇਸਦੀ ਇਕ ਰਿਪੋਰਟ ਆਪ ਜੀ ਦੇ ਨਾਲ ਸਾਂਝੀ ਕਰਾਂ।

ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਪੰਜਾਬ ਦੇ ਵਿਰਸੇ, ਪੰਜਾਬੀ ਭਾਸ਼ਾ ਤੇ ਪੰਜਾਬੀ ਸਭਿਆਚਾਰ ਦੇ ਵਿਦਵਾਨਾਂ ਤੇ ਆਮ ਸਰੋਤਿਆਂ ਤਕ ਪਹੁੰਚਾਉਣ ਵਾਸਤੇ ਪੰਜਾਬੀ ਯੂਨੀਵਰਸਿਟੀ ਸਮੇਂ ਸਮੇਂ ਸਿਰ ਇਸ ਤਰ੍ਹਾਂ ਦੇ ਸਮਾਗਮਾਂ ਦਾ ਆਯੋਜਨ ਕਰਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਤੇ ਉਨ੍ਹਾਂ ਦੇ ਯੁੱਗ ਨਾਲ ਸੰਬੰਧਿਤ 23ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਦਾ ਆਯੋਜਨ ਮਿਤੀ 14 ਤੋਂ 16 ਦਸੰਬਰ 2006 ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਅਰੰਭ ਕੀਤਾ ਗਿਆ।

ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵੱਡਾ ਕੰਮ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਹਰਿਮੰਦਰ ਸਾਹਿਬ ਦੀ ਉਸਾਰੀ ਮੰਨਿਆ ਜਾਂਦਾ ਹੈ। ਇਨ੍ਹਾਂ ਦੋਨਾਂ ਕੰਮਾਂ ਨੇ ਸਿੱਖ ਧਰਮ ਨੂੰ ਹੋਰ ਸੁਨਿਯੋਜਿਤ (ਕੌਨਸੌਲੀਡੇਟ) ਕਰਨ ਵਿਚ ਮੀਲ ਪੱਥਰ ਦਾ ਕੰਮ ਕੀਤਾ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਦਾ ਤੱਤ-ਸਾਰ ਦੱਸਦੇ ਹੋਏ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਤੋਂ ਪਹਿਲੇ ਪੰਨੇ ਤੇ ਮੁੰਦਾਵਣੀ ਵਿਚ ਇਹ ਸਪਸ਼ਟ ਕਰਦੇ ਹਨ ਕਿ ਇਸ ਥਾਲ-ਰੂਪੀ ਮਹਾਨ ਗ੍ਰੰਥ ਵਿਚ ਤਿੰਨ ਪਦਾਰਥ ਪਰੋਸੇ ਗਏ ਹਨ ਇਨ੍ਹਾਂ ਤਿੰਨਾਂ ਨੂੰ ਕਿਸੇ ਸੂਰਤ ਵਿਚ ਛੱਡਿਆ ਨਹੀਂ ਜਾ ਸਕਦਾ ਅਤੇ ਧਾਰਮਿਕ ਜੀਵਨ ਦੇ ਪਾਂਧੀ ਲਈ ਇਨ੍ਹਾਂ ਤਿੰਨਾਂ ਨੂੰ ਮਨ ਵਿਚ ਵਸਾਈ ਰੱਖਣਾ ਅਤਿਅੰਤ ਜ਼ਰੂਰੀ ਹੈ। ਉਨ੍ਹਾਂ ਨੇ ਤਿੰਨ ਪਦਾਰਥਾਂ ਨੂੰ ਸਤ, ਸੰਤੋਖ ਅਤੇ ਵਿਚਾਰ ਕਿਹਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਕਿ 'ਜਬ ਲਗ ਦੁਨੀਆਂ ਰਹੀਏ ਨਾਨਕ ਕਿਛ ਸੁਣੀਏ ਕਿਛ ਕਹੀਏ' ਦੀ ਭਾਵਨਾ ਨੂੰ ਆਧਾਰ ਬਣਾ ਕੇ ਗੁਰੂ ਅਰਜਨ ਦੇਵ ਜੀ ਨੇ ਵਿਚਾਰ-ਚਰਚਾ ਦੇ ਪ੍ਰਸੰਗ ਨੂੰ ਆਪਣੀ ਇਸ ਮੁੰਦਾਵਣੀ ਵਿਚ ਉਜਾਗਰ ਕੀਤਾ ਹੈ। ਤਿੰਨਾਂ ਦਿਨਾਂ ਦੇ ਇਸ

* ਐਡੀਟਰ-ਇਨ-ਚੀਫ, ਇਨਸਾਈਕਲੋਪੀਡੀਆ ਆਫ ਸਿੱਖਿਜ਼ਮ, ਪੰਜਾਬੀ ਯੂਨੀਵਰਸਿਟੀ ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਸੈਮੀਨਾਰ ਵਿਚ ਗੁਰੂ ਅਰਜਨ ਦੇਵ ਜੀ ਤੇ ਉਨ੍ਹਾਂ ਦੀ ਵਿਚਾਰਧਾਰਾ ਉਤੇ ਭਾਰਤ ਭਰ ਵਿਚੋਂ ਆਏ ਅਤੇ ਭਾਰਤ ਤੋਂ ਬਾਹਰੋਂ ਵੀ ਆਏ ਵਿਦਵਾਨਾਂ ਵਿਚੋਂ ਕੁਝ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਕੁਝ ਨੇ ਆਪਣੇ ਸੁਝਾਅ ਵੀ ਦਿੱਤੇ ਅਤੇ ਭਾਸ਼ਾ ਵਿਕਾਸ ਵੱਲੋਂ ਕੀਤੇ ਉਦਮ ਨੂੰ ਸਾਰਥਕ ਬਣਾਇਆ ਹੈ।

ਇਸ ਵਿਚਾਰ ਚਰਚਾ ਦਾ ਕੁੰਜੀਵਤ ਭਾਸ਼ਨ ਡਾ. ਜੇ. ਐਸ. ਗਰੇਵਾਲ ਜੀ ਵੱਲੋਂ ਪੇਸ਼ ਕੀਤਾ ਗਿਆ ਜਿਸ ਵਿਚ ਉਨ੍ਹਾਂ (ਤੁਜ਼ਕੇ ਜਹਾਂਗੀਰੀ) ਪ੍ਰੋ. ਜੀ. ਪੀ. ਐਸ. ਉਬਰਾਇ, ਇੰਦੂ ਭੂਸ਼ਨ ਬੈਨਰਜੀ ਦੇ ਹਵਾਲੇ ਦਿੰਦੇ ਹੋਏ ਦੱਸਿਆ ਕਿ ਜਿੱਥੇ ਗੁਰੂ ਅਰਜਨ ਦੇਵ ਜੀ ਨੇ ਮਹਾਨ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਉਥੇ ਨਾਲ ਹੀ ਨਾਲ ਉਨ੍ਹਾਂ ਦਾ ਕਦਾਚਿਤ ਇਹ ਉਦੇਸ਼ ਨਹੀਂ ਸੀ ਕਿ ਕਿਸੇ ਵੀ ਧਰਮ ਜਾਂ ਮਤ ਦਾ ਹਿਰਦਾ ਦੁਖਾਇਆ ਜਾਵੇ। ਆਪਣੀ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਪ੍ਰੋ. ਗਰੇਵਾਲ ਜੀ ਨੇ ਸੁਖਮਨੀ ਅਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਹੋਰ ਵੀ ਕਈ ਹਵਾਲੇ ਪੇਸ਼ ਕੀਤੇ।

ਇਸ ਤੋਂ ਪਹਿਲਾਂ ਉਰਦੂ ਫ਼ਾਰਸੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਡੂੰਘੇ ਅਧਿਐਨ ਕਰਤਾ ਭਾਈ ਲਕਸ਼ਵੀਰ ਸਿੰਘ ਨੇ ਆਪਣੇ ਉਦਘਾਟਨੀ ਭਾਸ਼ਨ ਵਿਚ ਸੁਖਮਨੀ ਦੇ ਫ਼ਾਰਸੀ ਕਾਵਿ ਅਨੁਵਾਦ ਦੇ ਕੁਝ ਹਿੱਸੇ ਕਾਨਫਰੰਸ ਵਿਚ ਆਏ ਵਿਦਵਾਨਾਂ ਦੇ ਸਾਹਮਣੇ ਆਪਣੀ ਬਜ਼ੁਰਗ ਪਰ ਸਪਸ਼ਟ ਜ਼ਬਾਨ ਵਿਚ ਰੱਖੇ ਜਿਨ੍ਹਾਂ ਨੂੰ ਸਰੋਤਿਆਂ ਨੇ ਸੂਈ ਸੁੱਟ ਸੰਨਾਟੇ ਵਿਚ ਸੁਣਿਆ ਅਤੇ ਭਾਈ ਲਕਸ਼ਵੀਰ ਸਿੰਘ ਦੇ ਮਹਾਨ ਕਾਰਜਾਂ ਦੀ ਭਰਪੂਰ ਪ੍ਰਸੰਸਾ ਕੀਤੀ।

ਇਸ ਉਪਰੰਤ ਧਰਮ ਅਧਿਐਨ ਦੇ ਮੁਖੀ ਡਾ. ਹਰਪਾਲ ਸਿੰਘ ਪੰਨੂ ਨੇ ਭਾਈ ਲਕਸ਼ਵੀਰ ਸਿੰਘ ਦੇ ਜੀਵਨ ਪ੍ਰਸੰਗ ਨੂੰ ਰੌਚਕਤਾ ਭਰਪੂਰ ਸ਼ਬਦਾਵਲੀ ਵਿਚ ਸਰੋਤਿਆਂ ਦੇ ਸਾਹਮਣੇ ਰੱਖਿਆ ਅਤੇ ਮਾਣ ਪੱਤਰ ਪੜ੍ਹ ਕੇ ਸੁਣਾਇਆ। ਭਾਈ ਲਕਸ਼ਵੀਰ ਸਿੰਘ ਨੂੰ ਯੂਨੀਵਰਸਿਟੀ ਦ ਆਨਰੇਰੀ ਪ੍ਰੋਫ਼ੈਸਰਸ਼ਿਪ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਪੇਸ਼ ਕੀਤੀ ਗਈ ਤੇ ਜਿਸਨੂੰ ਭਾਈ ਸਾਹਿਬ ਨੇ ਹਰਸ਼ ਪੂਰਵਕ ਸਵੀਕਾਰ ਕੀਤਾ।

ਪ੍ਰਧਾਨਗੀ ਭਾਸ਼ਨ ਵਿਚ ਵਾਈਸ-ਚਾਂਸਲਰ ਸਾਹਿਬ ਨੇ ਯੂਨੀਵਰਸਿਟੀ ਦੇ ਵਿਕਾਸ ਕਾਰਜਾਂ ਦੀ ਗੱਲ ਕਰਦੇ ਹੋਏ ਇਹ ਵੀ ਦੱਸਿਆ ਕਿ ਕਿਵੇਂ ਜਿਨ੍ਹਾਂ ਕੰਮਾਂ ਨੂੰ ਵੱਡੀਆਂ-ਵੱਡੀਆਂ ਸੰਸਥਾਵਾਂ ਕਈ ਕਿਸਮਾਂ ਦੇ ਬਹਾਨੇ ਬਣਾ ਕੇ ਹੱਥ ਨਹੀਂ ਪਾਉਂਦੀਆਂ ਰਹੀਆਂ, ਪੰਜਾਬੀ ਯੂਨੀਵਰਸਿਟੀ ਨੇ ਲੋਕ ਹਿੱਤ ਅਤੇ ਧਰਮ ਦੀ ਆਤਮਾ ਦੇ ਅਨੁਰੂਪ ਕੰਮ ਕਰਦੇ ਹੋਏ ਉਹ ਕੰਮ ਵੀ ਆਪਣੇ ਹੱਥ ਵਿਚ ਲਏ ਹਨ ਅਤੇ ਸਫ਼ਲਤਾਪੂਰਵਕ ਯੂਨੀਵਰਸਿਟੀ ਅੱਗੇ ਵੱਲ ਵਧ ਰਹੀ ਹੈ। ਉਨ੍ਹਾਂ ਦੇ ਭਾਸ਼ਨ ਦਾ ਸਾਰ ਗੁਰੂ ਅਰਜਨ ਦੇਵ ਜੀ ਦਾ ਇਹ ਮਹਾਂਵਾਕ ਲੱਗਦਾ ਸੀ।

*ਆਗਾਹੂ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥*

(ਪੰਨਾ 1096)

Sri Satguru Jagjit Singh Ji Elibrary NamdhariElibrary@gmail.com

ਅਰਥਾਤ ਹੇ ਜੀਵ ਆਪਣੀ ਦ੍ਰਿਸ਼ਟੀ ਨੂੰ ਅੱਗੇ ਵੱਲ ਲਾਈ ਰੱਖ ਅਤੇ ਅਤੀਤ ਵੱਲ ਵੇਖ ਕੇ ਝੂਰਦਾ ਨਾ ਰਹਿ। ਹੇ ਨਾਨਕ ਅਜਿਹੇ ਕਰਮ ਕਰ ਕਿ ਫਿਰ ਜਨਮ ਨ ਲੈਣਾ ਪਵੇ। ਡਾ. ਕਰਨੈਲ ਸਿੰਘ ਥਿੰਦ ਨੇ ਬਾਰਹਮਾਹ ਵਿਚ ਲੋਕ-ਮਾਨਸਿਕਤਾ ਦਾ ਵਿਸ਼ਲੇਸ਼ਣ ਕੀਤਾ ਅਤੇ ਦੱਸਿਆ ਕਿ ਕਿਵੇਂ ਗੁਰੂ ਅਰਜਨ ਦੇਵ ਜੀ ਫੋਕਟ ਕਰਮ-ਕਾਂਡਾਂ ਵੱਲੋਂ ਵਰਜ ਕੇ ਘੜੀ ਮਹੂਰਤ ਅਤੇ ਤਿੱਥਾਂ ਆਦਿ ਦੇ ਚੰਗੇ-ਮਾੜੇ ਹੋਣ ਦੇ ਵਿਚਾਰ ਨੂੰ ਤਿਆਗ ਕੇ ਲੋਕਾਂ ਨੂੰ ਦੱਸਦੇ ਹਨ ਕਿ ਸਾਰਾ ਹੀ ਉਹ ਸਮਾਂ ਚੰਗਾ ਹੁੰਦਾ ਹੈ ਜਿਸ ਵਿਚ ਪ੍ਰਮਾਤਮਾ ਦੀ ਯਾਦ ਬਣੀ ਰਹਿੰਦੀ ਹੈ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਇਨ੍ਹਾਂ ਮਿੱਥਾਂ ਨੂੰ ਉਲਟਾਉਣ ਦਾ ਕੰਮ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਜਗ੍ਹਾ ਹੈ। ਗੁਰੂ ਅਰਜਨ ਦੇਵ ਜੀ ਨੇ ਹੀ ਕਿਹਾ ਹੈ ਕਿ :

*ਦੁਆਪੁਰੁ ਭਣੀਐ ਕਲਜੁਗੁ ਊਤਮੋ ਜੁਗਾਂ ਮਾਹਿ॥*
*ਕਰ ਕਰੇ ਸਮਾਹਿ ਗੁਰੁ ਪਾਏ*
*ਸਤਜੁਗ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥*
*ਅਹਿਕਰੁ ਕਰੇ ਸੁ ਮਾਹਿ ਗੁਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥* 406

ਸਤਜੁਗ ਨੂੰ ਆਮ ਤੇ ਚੰਗਾ ਸਮਝਿਆ ਜਾਂਦਾ ਹੈ ਪਰ ਦਰਅਸਲ ਕਲਿਜੁਗ ਸਭ ਤੋਂ ਵਧੀਆ ਹੈ ਕਿਉਂਕਿ ਇਸ ਵਿਚ ਜਿਹੜਾ ਕਰਦਾ ਹੈ, ਉਹੀ ਭਰਦਾ ਹੈ। ਇਸ ਲਈ ਉਨ੍ਹਾਂ ਨੇ ਇਸ ਮਿੱਥ ਨੂੰ ਉਲਟਾਇਆ ਹੈ। ਉਹ ਸਮੇਂ ਦੀ ਮਿੱਥ ਨੂੰ ਨਹੀਂ ਮੰਨਦੇ ਕਿ ਅਮੁਕ ਘੜੀ ਜਾਂ ਮਹੂਰਤ ਵਧੀਆ ਜਾਂ ਮਾੜਾ ਹੁੰਦਾ ਹੈ।

ਡਾ. ਮੁਥੂ ਮੋਹਨ ਨੇ ਬਾਣੀ ਨਾਲ ਸੰਬੰਧਿਤ ਅੰਗਰੇਜ਼ੀ ਭਾਸ਼ਾ ਵਿਚ ਅਧਿਐਨ ਪੇਸ਼ ਕੀਤਾ ਅਤੇ ਦੱਸਿਆ ਕਿ ਸੁਖਮਨੀ ਵਿਚ ਪਰਮਸੱਤਾ ਨੂੰ ਤੱਤ ਰੂਪ ਵਿਚ ਮਾਨਸਿਕ ਪੱਧਰ ਤੇ ਅਤੇ ਘਟ-ਘਟ ਵਿਚਰਨ ਵਾਲੀ ਪੱਧਰ ਤੇ ਪੇਸ਼ ਕੀਤਾ ਹੈ ਅਤੇ ਇਸ ਵਿਚ ਸਦਾਚਾਰਕ ਪੱਖ ਨੂੰ ਉਭਾਰਿਆ ਗਿਆ ਹੈ।

ਸ੍ਰ. ਹਰਕਿਸ਼ਨ ਸਿੰਘ ਮਹਿਤਾ ਨੇ ਆਪਣੇ ਸੰਖੇਪ ਪਰ ਮੁੱਦਿਆਂ ਨਾਲ ਭਰਪੂਰ ਪੇਪਰ ਵਿਚ ਮੁਗਲ ਸਲਤਨਤ ਅਤੇ ਗੁਰੂ ਅਰਜਨ ਦੇਵ ਜੀ ਦੇ ਸਿਧਾਂਤਾਂ ਵਿਚ ਸਹਿ-ਹੋਂਦ ਦੇ ਸਿਧਾਂਤ ਦਾ ਜ਼ਿਕਰ ਕੀਤਾ ਅਤੇ ਜਹਾਂਗੀਰ ਦੇ ਤੁਅਸਬੀ ਵਰਤਾਰੇ ਲਈ ਸ਼ੇਖ ਅਹਿਮਦ ਸਰਹੰਦੀ ਵਰਗੇ ਮਸੰਦਾਂ ਨੂੰ ਦੋਸ਼ੀ ਠਹਿਰਾਇਆ। ਹਾਲਾਂਕਿ ਪ੍ਰਿਥੀ ਚੰਦ ਤੇ ਚੰਦੂ ਸ਼ਾਹ ਦੀ ਰਾਜ ਦਰਬਾਰ ਵਿਚ ਰਸਾਈ ਨੂੰ ਵੀ ਮਹਿਤਾ ਜੀ ਨੇ ਨਜ਼ਰਅੰਦਾਜ਼ ਨਹੀਂ ਕੀਤਾ। ਕੁਝ ਹੋਰ ਖੋਜ ਪੱਤਰ ਅਤੇ ਵਿਦਵਾਨ ਵੀ ਇਸ ਸੈਮੀਨਾਰ ਦਾ ਹਿੱਸਾ ਬਣੇ ਜਿਨ੍ਹਾਂ ਨੇ ਬਾਣੀ ਦੇ ਇਸ ਸੰਦੇਸ਼ ਬਾਰੇ ਆਪਣੇ ਕਥਨ ਪੇਸ਼ ਕੀਤੇ ਕਿ ਕਿਵੇਂ ਬਾਣੀ ਮਨੁੱਖ ਨੂੰ ਦੱਸਦੀ ਹੈ ਕਿ ਹੇ ਮਨੁੱਖ! ਇਸ ਅਵਸਰ ਨੂੰ ਸਫਲ ਕਰ ਲੈ ਕਿਉਂਕਿ ਇਹ ਜਨਮ ਦੁਰਲਭ ਹੈ।

ਪਹਿਲੇ ਸੈਸ਼ਨ ਦੇ ਸਵਾਗਤੀ ਸ਼ਬਦ ਡੀਨ ਅਕਾਦਮਿਕ ਮਾਮਲੇ ਡਾ. ਸੁੱਚਾ ਸਿੰਘ ਗਿੱਲ ਹੋਰਾਂ ਕਹੇ ਅਤੇ ਧੰਨਵਾਦ ਦੇ ਸ਼ਬਦ ਪਰਮਬਖ਼ਸ਼ੀਸ਼ ਸਿੰਘ ਨੇ ਕਹੇ। ਸੈਮੀਨਾਰ ਵਿਚ ਪੇਸ਼ ਖੋਜ ਪੱਤਰਾਂ ਨੂੰ ਮੋਟੇ ਤੌਰ ਤੇ ਵੇਖਣ ਤੇ ਕਿਹਾ ਜਾ ਸਕਦਾ ਹੈ ਕਿ ਕੁਝ ਖੋਜ ਪੱਤਰ ਗੁਰੂ ਗ੍ਰੰਥ

Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੀ ਸੰਪਾਦਨ ਕਲਾ ਨਾਲ ਸੰਬੰਧਿਤ ਅਤੇ ਕੁਝ ਇਤਿਹਾਸਿਕਤਾ ਨਾਲ ਸੰਬੰਧਿਤ, ਕੁਝ ਸ਼ਹੀਦੀ ਦੀ ਪਿੱਠ-ਭੂਮੀ ਨਾਲ ਸੰਬੰਧਿਤ ਅਤੇ ਕੁਝ ਹੋਰ ਵਿਸ਼ਿਆਂ ਨਾਲ ਵੀ ਸੰਬੰਧਿਤ ਸਨ।

ਡਾ. ਧਰਮ ਸਿੰਘ ਅੰਮ੍ਰਿਤਸਰ ਅਤੇ ਡਾ. ਗੁਰਦੇਵ ਸਿੰਘ ਦੇ ਪੇਪਰ ਗੁਰੂ ਅਰਜਨ ਦੇਵ ਦੀ ਸੰਪਾਦਨਾ ਦ੍ਰਿਸ਼ਟੀ ਨਾਲ ਸੰਬੰਧਿਤ ਸਨ। ਦੋਹਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਮਾਜਿਕ ਅਤੇ ਧਾਰਮਿਕ ਦ੍ਰਿਸ਼ਟੀ ਦੀ ਗੱਲ ਬੜੇ ਤਰਕਪੂਰਨ ਢੰਗ ਨਾਲ ਪੇਸ਼ ਕੀਤੀ ਅਤੇ ਇਨ੍ਹਾਂ ਵਿਦਵਾਨਾਂ ਦਾ ਮਤ ਸੀ ਕਿ ਪਿਓ ਦਾਦੇ ਦੇ ਖਜ਼ਾਨੇ ਨੂੰ ਘੋਖ-ਪੜਤਾਲ ਕੇ ਉਸ ਖਜ਼ਾਨੇ ਤੇ ਮਾਣ ਕਰਨ ਦਾ ਵੱਲ ਸਿੱਖਣਾ ਚਾਹੀਦਾ ਹੈ। ਡਾ. ਸਤਿੰਦਰ ਸਿੰਘ ਨੂਰ ਨੇ ਆਪਣੇ ਖੋਜ ਪੱਤਰ ਵਿਚ ਗੁਰੂ ਅਰਜਨ ਦੇਵ ਜੀ ਦੇ ਕਾਰਜਾਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਦਿਆਂ ਹੋਇਆਂ ਯਾਸਾ ਦੇ ਸੰਕਲਪ ਦੀ ਗੱਲ ਕੀਤੀ ਹੈ। ਅਸੀਂ ਜਾਣਦੇ ਹਾਂ ਕਿ ਯਾਸਾ ਦੇ ਅਧੀਨ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਸੀ ਤੇ ਇਹ ਕਾਨੂੰਨ ਜਿਹੜਾ ਸੀ ਮੰਗੋਲ ਚੰਗੇਜ਼ ਖ਼ਾਂ ਦਾ ਬਣਾਇਆ ਹੋਇਆ ਕਾਨੂੰਨ ਸੀ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਇਹ ਸ਼ਹੀਦੀ ਸਾਰੀ ਇਤਿਹਾਸ ਵਿਚੋਂ ਪੈਦਾ ਹੋਈ ਸੀ।

ਪ੍ਰੋ. ਗੁਰਬਚਨ ਸਿੰਘ ਨਈਅਰ ਨੇ ਜਿਨ੍ਹਾਂ ਵਿਚ ਡਾ. ਕਿਰਪਾਲ ਸਿੰਘ, ਪ੍ਰੋ. ਇਜਾਜ਼ੁਦੀਨ ਦਿੱਲੀ, ਡਾ. ਸੁਰਜੀਤ ਹਾਂਸ, ਪ੍ਰੋ. ਜਿਗਰ ਮੁਹੰਮਦ, ਬਲਵੰਤ ਸਿੰਘ ਢਿੱਲੋਂ ਅੰਮ੍ਰਿਤਸਰ, ਡਾ. ਨਾਜਰ ਸਿੰਘ ਪੰਜਾਬੀ ਯੂਨੀਵਰਸਿਟੀ, ਡਾ. ਮਨਜੀਤ ਸਿੰਘ, ਡਾ. ਪਰਮਜੀਤ ਸਿੰਘ ਸਿੱਧੂ, ਡਾ. ਗੁਰਨਾਮ ਸਿੰਘ, ਡਾ. ਜਗਜੀਤ ਸਿੰਘ, ਡਾ. ਜਗਬੀਰ ਸਿੰਘ ਨੇ ਵੀ ਆਪਣੇ ਖੋਜ ਪਰਚੇ ਪੇਸ਼ ਕੀਤੇ। ਡਾ. ਐਸ. ਐਸ. ਭੱਟੀ ਨੇ ਬੜੇ ਸੁੰਦਰ ਤਰੀਕੇ ਨਾਲ ਦੱਸਿਆ ਕਿ ਕਿਵੇਂ ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਈਕਾਲੋਜੀ ਡਾਇਮੈਨਸ਼ਨਸ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਡਾ. ਗੁਰਦਰਸ਼ਨ ਸਿੰਘ ਢਿਲੋਂ ਅਤੇ ਡਾ. ਮਾਨ ਸਿੰਘ ਨਿਰੰਕਾਰੀ ਵੀ ਇਸ ਸੈਮੀਨਾਰ ਵਿਚ ਹਾਜ਼ਰ ਹੋਏ।

ਪਹਿਲੇ ਦਿਨ 14-12-06 ਨੂੰ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਗੁਰੂ ਅਰਜਨ ਦੇਵ ਦੀ ਸੰਗੀਤ ਵਰਗੀ ਲਲਿਤ ਕਲਾ ਵਿਚ ਪਾਏ ਯੋਗਦਾਨ ਨੂੰ ਵਿਦਿਆਰਥੀਆਂ ਅਤੇ ਵਿਦਵਾਨਾਂ ਸਾਹਮਣੇ ਲਿਆਉਣ ਲਈ ਗੁਰਮਤਿ ਸੰਗੀਤ ਦਾ ਇਕ ਸ਼ਾਸ਼ਤਰੀ ਪ੍ਰੋਗਰਾਮ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੇ ਵਿਭਿੰਨ ਪ੍ਰਕਾਰ ਦੇ ਵਾਦਨ ਅਤੇ ਵਿਸ਼ੇਸ਼ ਤੌਰ ਤੇ ਪੜਤਾਲ ਸ਼ੈਲੀ ਦੀ ਧੁਨ ਸਾਜ਼ਾਂ ਤੇ ਵਜਾ ਕੇ ਸਰੋਤਿਆਂ ਨੂੰ ਪ੍ਰਸੰਨ ਕੀਤਾ। ਬਾਅਦ ਵਿਚ ਦਿੱਲੀ ਤੋਂ ਬੁਲਾਏ ਗੁਰਬਾਣੀ ਪਰੰਪਰਾ ਨਾਲ ਜੁੜੇ ਭਾਈ ਕੁਲਤਾਰ ਸਿੰਘ ਜੀ ਨੇ ਆਪਣੀ ਗਾਇਨ ਕਲਾ ਦਾ ਪ੍ਰਦਰਸ਼ਨ ਗੁਰਬਾਣੀ ਦੇ ਵਖਰੇ-ਵਖਰੇ ਰਾਗਾਂ ਵਿਚ ਆਏ ਸ਼ਬਦਾਂ ਨੂੰ ਉਨ੍ਹਾਂ ਹੀ ਰਾਗਾਂ ਵਿਚ ਗਾਇਨ ਕਰਕੇ ਸਰੋਤਿਆਂ ਨੂੰ ਨਿਹਾਲ ਕੀਤਾ। ਧਰੁਪਦ ਸ਼ੈਲੀ ਦੇ ਗਾਇਨ ਅਤੇ ਪ੍ਰਸਿੱਧ ਗਾਇਨ ਕਰਤਾ ਭਾਈ ਬਲਦੀਪ ਸਿੰਘ ਨੂੰ ਵਿਭਾਗ ਨੇ ਵਿਸ਼ੇਸ਼ ਰੂਪ ਵਿਚ ਸੱਦਾ ਦਿੱਤਾ ਸੀ। ਉਨ੍ਹਾਂ ਜਿੱਥੇ ਪ੍ਰਾਚੀਨ ਸਾਜ਼ਾਂ ਦੀ ਬਣਤਰ ਅਤੇ ਕਾਰਜ ਸ਼ੈਲੀ ਦਾ ਵੇਰਵਾ ਦਿੱਤਾ

Sri Satguru Jagjit Singh Ji Elibrary NamdhariElibrary@gmail.com

ਉਥੇ ਨਾਲ ਹੀ ਨਾਲ ਸੰਗੀਤ ਦੀ ਵਿਆਕਰਨ ਲੈਅ-ਧੁਰ ਅਤੇ ਪੇਸ਼ਕਾਰੀ ਉਤੇ ਵੀ ਚਾਨਣਾ ਪਾਇਆ। ਦੇਸ਼ ਵਿਦੇਸ਼ ਵਿਚ ਆਪਣੇ ਪ੍ਰੋਗਰਾਮਾਂ ਨੂੰ ਪੇਸ਼ ਕਰ ਚੁੱਕੇ ਭਾਈ ਬਲਦੀਪ ਸਿੰਘ ਨੇ ਆਪਣੀ ਗਾਇਨ ਸ਼ੈਲੀ ਨਾਲ ਲਗਪਗ ਇਕ ਘੰਟੇ ਤਕ ਸਰੋਤਿਆਂ ਨੂੰ ਕੀਲੀ ਰੱਖਿਆ।

ਇਸੇ ਹੀ ਸ਼ਾਮ ਦੇ ਸੈਸ਼ਨ ਵਿਚ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਜਗਰੂਪ ਸਿੰਘ ਬਰਾੜ ਜਿਹੜੇ ਇਸ ਵੇਲੇ ਬ੍ਰਿਟਿਸ਼ ਕੋਲੰਬੀਆਂ ਵਿਖੇ ਐਮ. ਐਲ. ਏ. ਹਨ, ਨੇ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਅੰਤਰ-ਰਾਸ਼ਟਰੀ ਪੱਧਰ ਤੱਕ ਲਿਜਾਣ ਲਈ ਕੁਝ ਉਸਾਰੂ ਸੁਝਾਅ ਦਿੱਤੇ। ਇਨ੍ਹਾਂ ਦਾ ਹਾਜ਼ਰ ਸਰੋਤਿਆਂ ਨੇ ਭਰਪੂਰ ਇਸਤਕਬਾਲ ਕੀਤਾ। ਇਹ ਪੂਰਾ ਸੈਸ਼ਨ ਲਗਪਗ ਢਾਈ ਘੰਟੇ ਤੱਕ ਚੱਲਿਆ।

ਇਸ ਵਿਦਾਈ ਸੈਸ਼ਨ ਵਿਚ ਮਹਾ ਮਹਿਮਾ ਸੁਦਰਸ਼ਨ ਅਗਰਵਾਲ ਜੀ ਰਾਜਪਾਲ ਉਤਰਾਂਚਲ ਸਾਡੇ ਵਿਚ ਮੌਜੂਦ ਸਨ। ਇਹ ਸਾਡੇ ਲਈ ਬਹੁਤ ਹੀ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਸੀ।

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

# 23ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ : ਕੁਝ ਧਾਰਨਾਵਾਂ

*ਡਾ. ਹਰਕਿਸ਼ਨ ਸਿੰਘ ਮਹਿਤਾ**

ਸਤਿਕਾਰਯੋਗ ਗਵਰਨਰ ਸਾਹਿਬ, ਵਾਈਸ-ਚਾਂਸਲਰ ਸਾਹਿਬ, ਡੀਨ, ਅਕਾਦਮਿਕ ਮਾਮਲੇ ਡਾ. ਧਨਵੰਤ ਕੌਰ ਜੀ, ਡਾ. ਜੋਧ ਸਿੰਘ ਅਤੇ ਵਿਦਵਾਨ ਸਾਥੀਓ! ਮੈਂ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ ਇਸ ਵਿਭਾਗ ਦਾ ਜਿਨ੍ਹਾਂ ਨੇ ਮੈਨੂੰ ਮੌਕਾ ਦਿੱਤਾ ਕਿ ਤੁਹਾਡੇ ਨਾਲ ਆਪਣੇ ਇਨ੍ਹਾਂ ਤਿੰਨਾਂ ਦਿਨਾਂ ਦੇ ਤਜਰਬੇ ਸਾਂਝੇ ਕਰ ਸਕਾਂ ਪਰ ਮੈਂ ਇਹ ਗੱਲ ਇਨ੍ਹਾਂ ਨੂੰ ਮੁਬਾਰਕਬਾਦ ਦੇ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਭਾਗ ਦੀ ਮੁਖੀ ਅਤੇ ਇਸਦੇ ਹੋਰ ਸਾਥੀ, ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਇੰਨੀ ਚੰਗੀ ਤਰ੍ਹਾਂ ਵਿਉਂਤਿਆ ਅਤੇ ਇੰਨੀ ਚੰਗੀ ਤਰ੍ਹਾਂ ਉਸ ਨੂੰ ਨਿਭਾਇਆ, ਉਹ ਵਧਾਈ ਦੇ ਪਾਤਰ ਹਨ। ਸਾਡੇ ਵਲੋਂ ਕੁਝ ਕਸਰ ਭਾਵੇਂ ਰਹਿ ਗਈ ਹੋਵੇ ਪਰ ਇਨ੍ਹਾਂ ਨੇ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ।

ਇੱਕ ਸੁਝਾਅ ਛੋਟਾ ਜਿਹਾ ਮੈਂ ਹੋਰ ਦੇਣਾ ਚਾਹੁੰਦਾ ਹਾਂ ਕਿ ਪੰਜੀ ਪਰਚਿਆਂ ਨੂੰ ਲਿਖਵਾਉਣ ਦੀ ਬਜਾਏ ਪੰਦਰਾਂ ਪਰਚੇ ਹੀ ਲਿਖਵਾ ਲੈਂਦੇ ਤਾਂ ਸ਼ਾਇਦ ਅਸਾਂ ਸਾਰਿਆਂ ਨੂੰ ਜ਼ਿਆਦਾ ਫਾਇਦਾ ਹੁੰਦਾ, ਕਿਉਂਕਿ ਪੇਪਰ ਲਿਖਣ ਵਾਲੇ ਵਿਦਵਾਨਾਂ ਨੂੰ ਵੀ ਮੁਸ਼ਕਲ ਨਾ ਹੁੰਦੀ। ਜੋ ਕੁਝ ਵਿਦਵਾਨ ਲੋਕ ਖੋਜ-ਪਰਚਾ ਲਿਖ ਕੇ ਲਿਆਉਂਦੇ ਹਨ ਜੇ ਸੁਣਨ ਵਾਲਿਆਂ ਵਲੋਂ ਉਨ੍ਹਾਂ ਨੂੰ ਹੁੰਗਾਰਾ ਨਾ ਮਿਲੇ ਤਾਂ ਕੋਈ ਲਾਭ ਨਹੀਂ। ਕਾਨਫਰੰਸ ਵੈਸੇ ਕਾਨਫਰੰਸ ਹੀ ਹੁੰਦੀ ਹੈ ਪਰ ਕਾਨਫਰੰਸ ਦਾ ਇਕ ਪੱਖ ਵੀ ਹੁੰਦਾ ਹੈ, ਭਾਵ ਵਿਦਵਾਨ ਜੋ ਪੇਪਰ ਕੁਝ ਹੱਦ ਤੱਕ ਲਿਖ ਕੇ ਲਿਆਉਂਦਾ ਹੈ, ਕਾਫੀ ਹੱਦ ਤੱਕ ਉਹ ਕੱਚਾ ਹੁੰਦਾ ਹੈ ਅਤੇ ਵਿਦਵਾਨ ਦੀ ਕੋਸ਼ਿਸ਼ ਹੁੰਦੀ ਹੈ ਕਿ ਸੁਣਨ ਵਾਲੇ ਵਿਦਵਾਨਾਂ ਵਲੋਂ ਉਨ੍ਹਾਂ ਨੂੰ ਕੁਝ ਐਸੀ ਸੇਧ ਜਾਂ ਖੋਜ-ਭਰਪੂਰ ਵਿਚਾਰ ਮਿਲਣਗੇ ਜਿਸ ਨਾਲ ਉਹ ਆਪਣੇ ਪੇਪਰ ਨੂੰ ਖੋਜ-ਭਰਪੂਰ ਲਿਖ ਕੇ ਛਾਪ ਸਕਣ। ਇਸ ਕਰਕੇ ਮੈਂ ਇਹ ਸੁਝਾਅ ਦਿੰਦਾ ਰਿਹਾ ਹਾਂ ਜੋ ਸ਼ਾਇਦ ਲਾਹੇਵੰਦ ਹੋ ਸਕਦਾ। ਵੈਸੇ ਮੈਨੂੰ ਕਾਫੀ ਸਮੇਂ ਤੋਂ ਕਦੀ ਕਾਨਫਰੰਸਾਂ ਵਿਚ ਆਉਣ ਦਾ ਅੱਠ-ਸੱਤ ਸਾਲਾਂ ਤੋਂ ਮੌਕਾ ਮਿਲਿਆ। ਮੇਰੀ ਦਿਲਚਸਪੀ ਸਰੋਤਾ ਬਣੇ ਰਹਿਣ ਵਿਚ ਵਧੇਰੀ ਹੈ। ਅੰਗਰੇਜ਼ੀ ਦਾ ਇਮਤਿਹਾਨ ਦੇ ਰਿਹਾ ਸੀ ਤਾਂ ਮੈਂ ਆਈ.ਏ.ਐਸ. ਦਾ ਫਾਰਮ ਵੀ ਭਰਿਆ ਹੋਇਆ ਸੀ। ਮੇਰੇ ਇਕ ਹੋਰ ਸਾਥੀ ਸਨ, ਉਨ੍ਹਾਂ ਦੀ ਇੰਗਲਿਸ਼ ਵਿਚ ਥਰਡ ਡਵੀਜ਼ਨ ਸੀ ਪਰ ਉਹ ਲੈਕਚਰਾਰ ਸਨ। ਸਾਡੇ ਨਾਲ ਤੇ ਉਹ ਹਰ ਫਾਰਮ ਭਰ ਕੇ ਇਮਤਿਹਾਨ ਦਿੰਦਾ ਹੀ ਨਹੀਂ ਸੀ। ਇਸ ਵਾਰੀ ਉਸਨੇ ਇਮਤਿਹਾਨ ਦੇ ਦਿੱਤਾ ਸੀ ਤੇ ਮੇਰੀ ਇਹ ਸ਼ਰਤ ਸੀ ਕਿ ਜੇ ਮੇਰੀ ਸੈਕਿੰਡ ਡਵੀਜ਼ਨ ਆ ਗਈ ਫੇਰ ਮੈਂ ਆਈ.ਏ.ਐਸ. ਇਮਤਿਹਾਨ ਨਹੀਂ ਦਿਆਂਗਾ, ਨਹੀਂ ਦਿੱਤਾ। ਅਗਲੇ ਸਾਲ ਮੈਂ ਇਸ ਇਮਤਿਹਾਨ ਲਈ ਯੋਗ ਸੀ, ਮੈਂ ਫਾਰਮ ਵੀ ਨਹੀਂ ਭਰਿਆ ਕਿਉਂਕਿ ਇਕ ਵਾਰ ਟੀਚਰ ਸਦਾ ਲਈ ਟੀਚਰ। ਇਹ

Sri Satguru Jagjit Singh Ji Elibrary NamdhariElibrary@gmail.com

ਜਿਹੜਾ ਵਿਚਾਰ ਹੈ, ਪੰਜਾਬੀ ਯੂਨੀਵਰਸਿਟੀ ਬਣਾਉਣ ਦਾ ਹੈ, ਉਸ ਦੇ ਵਿਚ ਅਸੀਂ ਸਿਰਫ ਲਿਟਰੇਚਰ ਜਾਂ ਰਿਲੀਜ਼ਨ ਦੀ ਸਟੱਡੀ ਨਹੀਂ ਕਰਦੇ, ਵਿਸ਼ਿਆਂ ਦਾ ਅਧਿਐਨ ਵੀ ਕਰਦੇ ਹਾਂ ਤੇ ਤੁਹਾਡੀ ਜਿਹੜੀ ਕੋਸ਼ਿਸ਼ ਕਈ ਸਾਲਾਂ ਤੋਂ ਹੋ ਰਹੀ ਹੈ ਉਹ ਕਾਫੀ ਹੱਦ ਤੱਕ ਤਾਂ ਸੋਸ਼ਲ ਸਾਇੰਸਜ਼ ਵਿਚ ਕਾਮਯਾਬ ਹੋਈ ਹੈ। ਅਸੀ. ਪੰਜਾਬੀ ਵਿਚ ਸੋਸ਼ਲ ਸਾਇੰਸਜ਼ ਦੀ ਬਹੁਤ ਸਾਰੀ ਗੱਲ ਕਰਦੇ ਰਹੇ ਹਾਂ, ਹੁਣ ਇਕ ਦੋ ਸਾਲਾਂ ਤੋਂ ਨਹੀਂ ਹੋਈ।

ਭਿੰਨ-ਭਿੰਨ ਮਾਹਿਰਾਂ ਵੱਲੋਂ ਤਿਆਰ ਕੀਤੇ ਪਰਚੇ ਸੁਣ-ਵਿਚਾਰ ਕੇ ਤੁਲਨਾਤਮਕ ਸੋਝੀ ਪ੍ਰਾਪਤ ਹੁੰਦੀ ਹੈ।

(1999 ਤੋਂ ਲੈ ਕੇ 2000) ਤੱਕ ਇਸ ਦੌਰਾਨ ਬਹੁਤ ਸਾਰੀਆਂ ਸ਼ਤਾਬਦੀਆਂ ਮਨਾਈਆਂ ਗਈਆਂ ਹਨ ਤੇ ਮਨਾਈਆਂ ਵੀ ਜਾਣੀਆਂ ਹਨ। ਖਾਲਸਾ ਪੰਥ ਦੀ ਸਾਜਨਾ ਦਿਵਸ ਸ਼ਤਾਬਦੀ ਨੂੰ ਵੀ ਬੜੇ ਵੱਡੇ ਪੱਧਰ ਤੇ ਮਨਾਇਆ ਗਿਆ ਹੈ।

ਸੋ ਮੇਰੀ ਆਪਣੀ ਇਹ ਰਾਏ ਹੈ ਕਿ ਆਉਣ ਵਾਲੇ ਅਗਲੇ ਦੋ ਸਾਲ ਬੜੇ ਅਹਿਮ ਹੋਣਗੇ ਤੇ ਇਸ ਵਿਭਾਗ ਵਾਲੇ ਇਸ ਤੇ ਵਿਚਾਰ ਵੀ ਕਰਨਗੇ। ਜਿਹੜੀਆਂ ਅਗਲੀਆਂ ਸ਼ਤਾਬਦੀਆਂ ਆ ਰਹੀਆਂ ਹਨ ਉਨ੍ਹਾਂ ਨੂੰ ਵੀ ਵੱਡੇ ਪੱਧਰ ਤੇ ਮਨਾਉਣਗੇ।

2008 ਤਾਂ ਸਿਖਰ ਹੈ ਸਿੱਖ ਲਹਿਰ ਦੀਆਂ ਸ੍ਰਿਮਤੀਆਂ ਦਾ, ਕਿਉਂਕਿ ਦਸਵੇਂ ਗੁਰੂ ਸਾਹਿਬ 1708 ਵਿਚ ਜੋਤੀ-ਜੋਤ ਸਮਾ ਜਾਂਦੇ ਹਨ ਅਤੇ ਆਦਿ ਗ੍ਰੰਥ 'ਗੁਰੂ ਗ੍ਰੰਥ' ਬਣ ਜਾਂਦਾ ਹੈ। ਗੁਰੂ ਸ਼ਬਦ, ਸ਼ਬਦ ਗੁਰੂ ਕਹਾਉਂਦਾ ਹੈ। ਮੈਂ ਇਸ ਆਗਾਮੀ ਸਮੇਂ ਲਈ ਕੋਈ ਪੂਰਵ-ਪ੍ਰੋਗਰਾਮ ਨਹੀਂ ਉਲੀਕ ਰਿਹਾ, ਸਿਰਫ਼ ਇਕ ਸੁਝਾਅ ਦੇ ਰਿਹਾ ਹਾਂ ਕਿ ਪੰਜਾਬੀ ਵਿਕਾਸ ਵਿਭਾਗ ਜੇ ਇਸ ਨੂੰ ਸੋਚ ਲਵੇ ਸ਼ਾਇਦ ਮੈਨੂੰ ਵੀ ਸ਼ਮੂਲੀਅਤ ਦਾ ਮੌਕਾ ਮਿਲੇਗਾ।

ਬਹੁਤ ਬਹੁਤ ਸ਼ੁਕਰੀਆ।

## ਸ੍ਰੀ ਨਦੀਮ ਪਰਮਾਰ, ਕੈਨੇਡਾ

ਮੁਅਜ਼ਿਜ਼ ਗਵਰਨਰ ਸਾਹਿਬ! ਮੈਂ ਹੁਣੇ-ਹੁਣੇ ਸੁਣ ਰਿਹਾ ਸੀ ਡਾ. ਜੋਧ ਸਿੰਘ ਹੋਰਾਂ ਦਾ ਭਾਸ਼ਨ, ਤਾਂ ਮੈ ਸੋਚ ਰਿਹਾ ਸੀ ਕਿ ਇਨ੍ਹਾਂ ਨੇ ਜੋ ਕੁਝ ਕਾਨਫਰੰਸ ਬਾਰੇ ਕਿਹਾ, ਜੇ ਮੈਨੂੰ ਕੁਝ ਕਹਿਣਾ ਪਵੇ ਤਾਂ ਮੈਂ ਵੀ ਉਨ੍ਹਾਂ ਲਫ਼ਜ਼ਾਂ ਵਿਚ ਹੀ ਕੁਝ ਕਹਾਂਗਾ। ਕਿਉਂਕਿ ਮੇਰਾ ਵੀ ਵਿਚਾਰ ਇਸੇ ਤਰ੍ਹਾਂ ਦਾ ਸੀ। ਪਰ ਮੈਂ ਸੰਖੇਪ ਵਿਚ ਥੋੜ੍ਹੀ ਜਿਹੀ ਇਕ ਗੱਲ ਤੁਹਾਡੇ ਨਾਲ ਸਾਂਝੀ ਕਰਨੀ ਚਾਹਾਂਗਾ ਕਿ ਪਹਿਲੇ ਸ਼ੈਸਨ ਵਿਚ ਥੋਪਾਰਾਏ ਸਾਹਿਬ ਅਤੇ ਧਨਵੰਤ ਕੌਰ ਜੀ, ਨੇ ਇਕ ਵੱਡੇ ਆਦਮੀ ਭਾਈ ਲਕਸ਼ਵੀਰ ਸਿੰਘ ਨੂੰ ਇਥੇ ਬੁਲਾਇਆ ਹੈ, ਅਤੇ ਇਹ ਮੇਰੇ ਖਿਆਲ ਵਿਚ ਬਹੁਤ ਵੱਡਾ ਉੱਦਮ ਹੈ ਕਿ ਆਪਣੇ ਜ਼ਮਾਨੇ ਦੇ ਇਕ ਚੰਗੇ ਸ਼ਾਇਰ ਨੂੰ ਲਿਆ ਕੇ ਵਿਦਵਾਨਾਂ ਸਾਹਮਣੇ ਪੇਸ਼ ਕਰਨਾ ਤਾਂ ਕਿ ਉਸਦੀ ਜਿਹੜੀ ਕਵਿਤਾ ਹੈ ਜਾਂ ਸੁਨੇਹਾ ਹੈ ਜਿਸਨੂੰ ਬਾਣੀ ਕਹਿੰਦੇ ਹਾਂ ਆਪਾਂ ਉਹ ਉਸ ਹੱਦ ਤੱਕ ਜਿਊਂਦੇ ਰਖੀਏ ਜਦ ਤੱਕ ਇਹ ਧਰਤੀ ਹੈ। ਮੇਰਾ ਵਿਚਾਰ ਹੈ ਕਿ ਅਗਰ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਤੁਸੀਂ ਕਰਦੇ ਰਹੋਗੇ ਤੇ ਹੋ ਸਕਦਾ ਹੈ ਅਸੀਂ ਜਿਹੜੇ ਬਾਹਰ ਬੈਠੇ ਸੋਚਦੇ ਹਾਂ, ਉਸ ਨੂੰ ਅਸੀਂ ਵੀ ਕਿਸੇ ਨੇਪਰੇ ਚੜ੍ਹਾ ਸਕੀਏ ਅਤੇ ਬਾਹਰ ਐਮ.ਐਲ.ਏ. ਬਰਾੜ ਸਾਹਿਬ ਇਥੇ ਆਏ ਸੀ ਤੁਹਾਡੇ ਕੋਲ ਸਾਡੇ ਚੰਗੇ ਦੋਸਤ ਨੇ ਅਤੇ

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਦਾ ਜੋ ਕੁਝ ਅਸੀਂ ਕਰ ਰਹੇ ਹਨ ਅਤੇ ਅਜ-ਕੱਲ੍ਹ ਟਰਾਂਟੋ ਵਿਚ ਵੀ ਇਨਟੀਰੀਅਲ ਗੌਰਮਿੰਟ ਤੇ ਇਨ੍ਹਾਂ ਵਲੋਂ ਵੀ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਥੇ ਪੰਜਾਬੀ ਪੜ੍ਹਾਈ ਜਾਵੇ ਕਿਉਂਕਿ ਉਥੇ ਸਾਡੇ ਪੰਜਾਬੀ ਕਾਫੀ ਹਨ। ਸਾਡੇ ਪੰਜਾਬੀ ਸਿਰਫ ਇਸੇ ਮਸ਼ਰਕੀ ਪੰਜਾਬ ਦੇ ਹੀ ਨਹੀਂ ਬਲਕਿ ਦੂਸਰੇ ਪੰਜਾਬ ਦੀ ਵੀ ਹਨ ਜਿਹੜਾ ਕਿ ਪਾਕਿਸਤਾਨ ਵਿਚ ਹੈ। ਸਾਡੀ ਸਾਂਝੀ ਕੋਸ਼ਿਸ਼ ਤਾਂ ਇਹੀ ਹੈ ਕਿ ਅਸੀਂ ਪੰਜਾਬੀ ਨੂੰ ਪ੍ਰਫੁਲਿਤ ਕਰੀਏ।

ਬਾਕੀ ਦੋ-ਚਾਰ ਗੱਲਾਂ ਹਨ ਜੋ ਮੈਂ ਨਾ ਹੀ ਕਹਾਂ ਤਾਂ ਚੰਗੀ ਗੱਲ ਹੈ। ਕੁਝ ਗੱਲਾਂ ਇਉਂ ਨੇ ਕਿ ਅਸੀਂ ਬਾਹਰੋਂ ਆਉਂਦੇ ਹਾਂ ਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਪਰ ਮੈਂ ਉਹ ਕਹਿਣੀਆਂ ਨਹੀਂ ਤੁਹਾਨੂੰ, ਤੁਸੀਂ ਆਪਣੇ ਆਪ ਉਹਨਾਂ ਨੂੰ ਮਹਿਸੂਸ ਕਰ ਲੈਣਾ। ਵੱਡੀ ਗੱਲ ਜੋ ਮੈਂ ਇਥੇ ਦੇਖੀ ਹੈ ਤਾਂ ਮੇਰੇ ਲਈ ਇਕ ਬਹੁਤ ਦੁੱਖ ਵਾਲੀ ਗੱਲ ਇਹ ਹੈ; ਕੱਲ੍ਹ ਸ਼ਾਮ ਦੇ ਸੈਸ਼ਨ ਵਿਚ ਇਕ ਭੈਣ ਜੀ ਹੋਰੀਂ ਸਟੇਜ ਤੇ ਬੋਲ ਰਹੇ ਸੀ ਅਤੇ ਸਾਡੇ ਸੀਨੀਅਰ ਅਧਿਆਪਕ ਏਥੋਂ ਉਠ ਕੇ ਬਾਹਰ ਜਾ ਕੇ ਗੱਲਾਂ ਕਰਨ ਲੱਗ ਪਏ ਤੇ ਇਥੋਂ ਉਹਨਾਂ ਬਾਰੇ ਗੱਲ-ਬਾਤ ਕਰਦੇ ਬਾਹਰ ਨਿਕਲ ਰਹੇ ਸਨ। ਇਹ ਪਰੰਪਰਾ ਦੇ ਤੌਰ ਤੇ ਵੀ ਗਲਤ ਹੈ ਤੇ ਇਕ ਇਸਤਰੀ ਬੋਲ ਰਹੀ ਹੈ ਅਤੇ ਉਸਦੇ ਸਾਹਮਣੇ ਤੁਸੀਂ ਉਠ ਕੇ ਚਲੇ ਜਾਓ ਮੈਨੂੰ ਚੰਗਾ ਨਹੀਂ ਲੱਗਾ। ਮੈਂ ਕੈਨੇਡਾ ਦੀ ਲੇਖਕ ਸਭਾ ਦਾ ਪ੍ਰਧਾਨ ਹਾਂ, ਜਿਹਦੇ 2000 ਲੇਖਕ ਮੈਂਬਰ ਨੇ। ਉਥੇ ਜਦੋਂ ਇਕ ਇਸਤਰੀ ਬੋਲਦੀ ਹੈ ਮੁਮਕਿਨ ਨਹੀਂ ਤੁਸੀਂ ਉਠ ਕੇ ਚਲੇ ਜਾਓ। ਇਹ ਮੈ ਲੇਖਕਾਂ ਦੀ ਗੱਲ ਕਰ ਰਿਹਾ ਹਾਂ। ਤੁਸੀਂ ਵਿਦਵਾਨ ਹੋ। ਤੁਹਾਡੇ ਕੋਲ ਬਹੁਤ ਵੱਡੀਆਂ-ਵੱਡੀਆਂ ਡਿਗਰੀਆਂ ਹਨ। ਮੇਰੇ ਕੋਲ ਕੁਝ ਵੀ ਨਹੀਂ ਹੈ। ਮੈਂ ਸਿਰਫ਼ ਅਦੀਬ ਫ਼ਾਜ਼ਿਲ ਹਾਂ, ਉਰਦੂ-ਫ਼ਾਰਸੀ ਦਾ। ਮੇਰਾ ਇਸਦੇ ਵਿਚ ਇਕ ਵਿਚਾਰ ਇਹ ਆਇਆ ਹੈ ਕਿ ਜਿਸ ਵੇਲੇ ਕੋਈ ਬੋਲ ਰਿਹਾ ਹੈ ਉਸ ਵੇਲੇ ਗੱਲਾਂ ਬਹੁਤ ਹੁੰਦੀਆਂ ਹਨ। ਉਸਨੂੰ ਕੋਈ ਸੁਣ ਨਹੀਂ ਰਿਹਾ ਹੁੰਦਾ, ਜੇ ਉਸਨੂੰ ਸੁਣ ਨਹੀਂ ਰਿਹਾ ਤਾਂ ਕਿਉਂ ਨਹੀਂ ਸੁਣ ਰਿਹਾ? ਤੁਸੀਂ ਆਏ ਕਿਸ ਗੱਲ ਲਈ ਹੋ? ਸੁਣਨ ਆਏ ਹੋ, ਸੁਣੋ।

ਤੁਸੀਂ ਇਕ ਪਾਸੇ ਤਾਂ ਬਾਣੀ ਦਾ ਪ੍ਰਚਾਰ ਕਰ ਰਹੇ ਹੋ, 'ਸਾਡੇ ਗੁਰੂ ਸਾਹਿਬ ਇਹ ਕਹਿ ਗਏ, ਇਹ ਕਰ ਗਏ'। ਦੂਜੇ ਪਾਸੇ ਉਥੇ ਬੈਠੇ ਹੀ ਤੁਸੀਂ ਉਹਦੇ ਉਲਟ ਕਰ ਰਹੇ ਹੋ। ਇਹ ਮੇਰਾ ਆਪਣਾ ਪ੍ਰਭਾਵ ਹੈ। ਹੋ ਸਕਦਾ ਹੈ ਮੈਂ ਇਉਂ ਕਹਿਣ ਵਿਚ ਗਲਤ ਵੀ ਹੋਵਾਂ, ਤੇ ਇਕ ਵੱਡੀ ਗੱਲ ਜਿਹੜੀ ਮੇਰੇ ਧਿਆਨ ਵਿਚ ਹੋਰ ਆਈ ਹੈ ਕਿ ਜਿਸ ਵੇਲੇ ਤੁਸੀਂ ਕਿਸੇ ਦੀ ਜਾਣ-ਪਹਿਚਾਣ ਕਰਾਉਂਦੇ ਹੋ ਹਮੇਸ਼ਾਂ ਜਿਹੜਾ ਵੱਡਾ ਆਦਮੀ ਹੈ ਉਹ ਛੋਟੇ ਨੂੰ ਇੰਟਰੋਡਿਊਜ਼ ਕਰਾਉਂਦਾ ਹੈ, ਛੋਟੇ ਵੱਲੋਂ ਵੱਡੇ ਨੂੰ ਇੰਟਰੋਡਿਊਜ਼ ਨਹੀਂ ਕਰੀਦਾ। ਇਨ੍ਹਾਂ ਗੱਲਾਂ ਦਾ ਜ਼ਰਾ ਕੁ ਜ਼ਰੂਰ ਖਿਆਲ ਰੱਖਣ ਦੀ ਜ਼ਰੂਰਤ ਹੈ। ਇਹ ਦੋ-ਤਿੰਨ ਗੱਲਾਂ ਆਪਦੇ ਦਿਲ ਵਿਚ ਲੈ ਕੇ ਜਾਣ ਦੀ ਇਜਾਜ਼ਤ ਲੈਣਾ ਚਾਹੁੰਦਾ ਸੀ ਪਰ ਤੁਸੀਂ, ਬੋਧਾਰਾਇ ਜੀ, ਮਜਬੂਰ ਕਰ ਦਿੱਤਾ, ਤਾਂ ਮੈਂ ਕਹਿ ਦਿੱਤੀਆਂ।

ਸੋ ਇਨ੍ਹਾਂ ਲਫ਼ਜ਼ਾਂ ਨਾਲ ਮੈਂ ਤੁਹਾਡਾ ਬਹੁਤ ਬਹੁਤ ਸ਼ੁਕਰੀਆ ਕਰਦਾ ਹਾਂ।

Sri Satguru Jagjit Singh Ji Elibrary NamdhariElibrary@gmail.com

# ਪ੍ਰਧਾਨਗੀ ਸ਼ਬਦ

*ਸ੍ਰੀ ਸੁਦਰਸ਼ਨ ਅਗਰਵਾਲ**

ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਾਹਿਬ ਸ. ਸਵਰਨ ਸਿੰਘ ਬੋਪਾਰਾਏ, ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਧਨਵੰਤ ਕੌਰ, ਡਾ. ਜੋਧ ਸਿੰਘ, ਡੀਨ, ਅਕਾਦਮਿਕ ਮਾਮਲੇ, ਡਾ. ਸੁੱਚਾ ਸਿੰਘ ਗਿੱਲ ਦੇਸ਼-ਵਿਦੇਸ਼ ਤੋਂ ਆਏ ਵਿਦਵਾਨ ਸਾਥੀਓ, ਭਾਈਓ ਅਤੇ ਭੈਣੋਂ। ਮੇਰੇ ਲਈ ਸੱਚੀ-ਮੁੱਚੀ ਐਸਾ ਪਹਿਲਾ ਮੌਕਾ ਹੈ ਕਿ ਐਨੇ ਵਿਦਵਾਨਾਂ ਵਿਚ ਖੜ੍ਹਾ ਹੋ ਕੇ ਮੈਂ ਬੋਲਣ ਲੱਗਾ ਹਾਂ। ਇਸ ਲਈ ਮੈਨੂੰ ਤੁਹਾਡੇ ਵਿਦਵਾਨਾਂ ਵਿਚ ਬੋਲਣ ਵੇਲੇ ਘਬਰਾਹਟ ਹੋ ਰਹੀ ਹੈ। ਮੈਨੂੰ ਬੜਾ ਚੰਗਾ ਲੱਗਿਆ ਕਿ ਮੈਂ ਇਥੇ ਆਇਆ ਹਾਂ, ਮੇਰੀ ਵਾਈਸ-ਚਾਂਸਲਰ ਸਾਹਿਬ ਨਾਲ ਕੁਝ ਮਹੀਨੇ ਪਹਿਲਾਂ ਦੇਹਰਾਦੂਨ ਵਿਚ ਮੁਲਾਕਾਤ ਹੋਈ ਸੀ। ਵਾਈਸ-ਚਾਂਸਲਰ ਸਾਹਿਬ ਦਾ ਸ਼ੁਕਰ ਗੁਜ਼ਾਰ ਹਾਂ ਕਿ ਇਨ੍ਹਾਂ ਨੇ ਮੈਨੂੰ ਇਸ ਅਵਸਰ ਤੇ ਬੋਲਣ ਦਾ ਮੌਕਾ ਦਿੱਤਾ। ਵਾਈਸ-ਚਾਂਸਲਰ ਸਾਹਿਬ ਨੇ ਮੀਰੀ-ਪੀਰੀ ਬਾਰੇ ਜਾਣਕਾਰੀ ਦਿੰਦਿਆਂ ਕੁਰੱਪਸ਼ਨ ਦੇ ਬਾਰੇ ਵਿਚ, ਤੁਹਾਨੂੰ ਜਾਣੂ ਕਰਾਇਆ ਤੇ ਮੈਨੂੰ ਯਾਦ ਆਇਆ ਕਿ 1956 ਵਿਚ ਜਦ ਮੈਂ ਜੱਜ ਬਣਿਆ ਸੀ ਤਾਂ ਘਰੋਂ ਨੌਕਰੀ ਤੇ ਜਾਣ ਲੱਗਿਆਂ ਮੈਂ ਆਪਣੀ ਮਾਂ ਦੇ ਪੈਰ ਛੂਹੇ, ਕਿਹਾ, "ਮਾਂ! ਮੈਂ ਜਾ ਰਿਹਾ ਹਾਂ ਨੌਕਰੀ ਤੇ, ਕਰਨਾਲ ਜ਼ਿਲ੍ਹੇ ਵਿਚ"। ਮੇਰੀ ਪਹਿਲੀ ਨਿਯੁਕਤੀ ਤੇ ਮੇਰੀ ਮਾਂ ਨੇ ਮੈਨੂੰ ਕਿਹਾ, "ਬੇਟਾ! ਮੇਰੀਆਂ ਦੋ ਸਿੱਖਿਆਵਾਂ ਲੈ ਕੇ ਜਾਈਂ"। ਮੈਂ ਕਿਹਾ, "ਮਾਂ ਦੱਸੋ"। ਪਹਿਲੀ ਸਿੱਖਿਆ ਮਾਂ ਦੀ ਸੀ ਕਿ 'ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਦਾਨ ਵਿਚ ਦੇਣਾ' ਅਤੇ ਦੂਜੀ ਸਿੱਖਿਆ ਕਿ 'ਦੂਜੇ ਦੇ ਧਨ ਨੂੰ ਮਿੱਟੀ ਤੋਂ ਵੱਧ ਨਹੀਂ ਸਮਝਣਾ।' ਮੈਂ ਏਨੇ ਵੱਡੇ ਅਹੁਦਿਆਂ ਉੱਤੇ ਰਿਹਾ ਹਾਂ, ਕਦੇ ਇਕ ਮਿੰਟ ਲਈ ਪੈਸੇ ਦਾ ਲਾਲਚ ਨਹੀਂ ਹੋਇਆ, ਇਸ ਧਰਮ ਦੀ ਕਮਾਈ ਤੋਂ ਬਾਅਦ। ਮੈਨੂੰ ਯਾਦ ਹੈ ਕਿ ਪਹਿਲੇ ਮਹੀਨੇ ਦੀ ਤਨਖਾਹ ਵਿਚੋਂ ਮੇਰੀ ਬੀਵੀ ਨੇ ਚਾਰ ਸੌ ਰੁਪਏ ਕੱਢ ਕੇ ਰੱਖੇ ਕਿ 'ਬੀਜੀ ਨੇ ਕਿਹਾ ਸੀ ਕਿ ਕਮਾਈ ਦਾ ਦਸਵਾਂ ਹਿੱਸਾ ਦਾਨ ਵਿਚ ਦੇਣਾ' ਤੇ ਮੈਂ ਕਿਹਾ, 'ਚਾਰ ਸੌ ਨਾਲ ਕੀ ਬਣਨਾ ਹੈ? ਜਦੋਂ ਦੋ ਹਜ਼ਾਰ ਹੋ ਜਾਣਗੇ ਉਦੋਂ ਲੋੜਵੰਦ ਨੂੰ ਦਿਆਂਗੇ।' ਸੋ ਇਹ ਗੱਲਾਂ ਅੱਜ ਸਾਨੂੰ ਆਪਣੇ ਬੱਚਿਆਂ ਨੂੰ ਵੀ ਸਿਖਾਉਣੀਆਂ ਚਾਹੀਦੀਆਂ ਹਨ। ਮੈਨੂੰ ਅਕਸਰ ਜਦੋਂ ਵੀ ਉਤਰਾਂਚਲ ਦੇ ਸਕੂਲਾਂ ਵਿਚ ਜਾਣ ਦਾ ਮੌਕਾ ਮਿਲਦਾ ਹੈ ਤਾਂ ਮਾਪਿਆਂ ਨਾਲ ਗੱਲ ਕਰਦਾ ਹਾਂ ਕਿ ਬੱਚੇ ਨੂੰ ਚੰਗੀ ਸਿੱਖਿਆ ਦਿਓ। ਆਪਣੀ ਇਨਵੈਸਟਮੈਂਟ ਲੱਖਾਂ ਕਰੋੜਾਂ ਛੱਡ ਜਾਣਾ ਉਹਨਾਂ ਲਈ ਕੋਈ ਵੱਡੀ ਗੱਲ ਨਹੀਂ, ਅਸਲੀ ਸਿੱਖਿਆ ਦੇਣਾ ਜ਼ਰੂਰੀ ਹੈ। ਅਸੀਂ ਬੱਚਿਆਂ ਦੀ ਪ੍ਰਿਤਪਾਲਨਾ ਆਦਰਸ਼ ਪੂਰਵਕ

* ਗਵਰਨਰ, ਉਤਰਾਂਚਲ।

Sri Satguru Jagjit Singh Ji Elibrary NamdhariElibrary@gmail.com

ਕਰੀਏ ਫਜ਼ੂਲ ਦੇ ਨੁਮਾਇਸ਼ੀ ਜਨਮ ਦਿਨ ਮਨਾਉਣ ਦੇ ਢੌਂਗ ਨਾਲੋਂ ਗਰੀਬ ਦਾ ਭਲਾ ਕਰਨ ਦੀ ਬਿਰਤੀ ਅਮੀਰ ਸ਼੍ਰੇਣੀ ਦੇ ਬੱਚਿਆਂ ਵਿਚ ਆਉਣੀ ਜ਼ਰੂਰੀ ਹੈ। ਮੈਂ ਕਈ ਵਾਰ ਸੋਚਦਾ ਹਾਂ ਤੇ ਮਾਤਾ ਪਿਤਾ ਨੂੰ ਕਹਿੰਦਾ ਹਾਂ ਕਿ, ਐਸਾ ਦਿਨ ਨਾ ਆਏ, ਭਗਵਾਨ ਨਾ ਕਰੇ, ਆਪ ਦੇ ਪੋਤੇ-ਪੋਤੀ ਸਕੂਲ ਜਾਣ ਤੇ ਰਸਤੇ ਵਿਚ ਲੜ ਕੇ ਕਿਸੇ ਦੀ ਘੜੀ ਨ ਉਤਾਰ ਲੈਣ, ਕਮੀਜ਼ ਨ ਖਿੱਚ ਲੈਣ। ਇਉਂ ਹੋ ਸਕਦਾ ਹੈ ਜੇ ਅਸੀਂ ਬੱਚਿਆਂ ਨੂੰ ਸਿੱਖਿਆ ਨਹੀਂ ਦਿਆਂਗੇ ਤਾਂ ਉਹ ਇਹੀ ਕੰਮ ਕਰਨਗੇ। ਇਹ ਬਹੁਤ ਜ਼ਰੂਰੀ ਹੈ, ਸਾਨੂੰ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ। ਮੈਂ ਉਥੇ ਲੜਕੀਆਂ ਲਈ ਇਕ ਸਕੂਲ ਖੋਲ੍ਹ ਦਿੱਤਾ ਹੈ, ਫ਼ਰੀ ਸਕੂਲ ਹੈ। ਮੈਂ ਜਾਣ ਤੋਂ ਪਹਿਲਾਂ 5-4 ਕਰੋੜ ਰੁਪਇਆ ਉਥੇ ਬੈਂਕ ਵਿਚ ਛੱਡ ਕੇ ਜਾਵਾਂਗਾ। ਉਹਦੇ ਵਿਆਜ ਨਾਲ ਉੱਥੇ ਸਕੂਲ ਚੱਲੇਗਾ। ਕੋਈ ਧੋਬੀ ਦੀ ਲੜਕੀ ਹੈ, ਕੋਈ ਰਿਕਸ਼ਾ ਵਾਲੇ ਦੀ ਲੜਕੀ ਹੈ। ਇਕ ਹਫ਼ਤਾ ਪਹਿਲਾਂ 9 ਤਰੀਕ ਨੂੰ ਰਾਸ਼ਟਰਪਤੀ ਜੀ ਆਏ, ਮੈਂ ਉਹਨਾਂ ਲੜਕੀਆ ਨੂੰ ਬੁਲਾਇਆ, ਮੈਂ ਕਿਹਾ, "ਇਨ੍ਹਾਂ ਲੜਕੀਆਂ ਨੂੰ ਮਿਲੋ"। ਕਹਿੰਦੇ, "ਡਾਕਟਰ ਕੌਣ ਬਣੇਗੀ? ਹੱਥ ਖੜੇ ਹੋ ਗਏ। 52 ਲੜਕੀਆਂ ਸਨ, ਦੋ ਕਲਾਸਾਂ ਵਿਚ। ਉਹ ਕਹਿੰਦੇ, "ਵਕੀਲ ਕੌਣ ਬਣੇਗੀ"? ਮੈਂ ਵਕੀਲ ਬਣੂੰਗੀ, ਮੈਂ ਗਰੀਬਾਂ ਦੇ ਲਈ ਲੜਾਂਗੀ"। ਇਕ ਸਾਲ ਵਿਚ ਬੱਚੇ ਅੰਦਰ ਇੰਨਾ ਵਿਸ਼ਵਾਸ ਆਪਣੇ ਆਪ ਵਿਚ ਹੋ ਗਿਆ। ਰਾਸ਼ਟਰਪਤੀ ਜੀ ਨੇ ਕਿਹਾ, ਪੋਲੀਟੀਸ਼ਨ ਕੌਣ ਬਣੇਗਾ"? ਇਕ ਕੁੜੀ ਨੇ ਹੱਥ ਖੜ੍ਹਾ ਕੀਤਾ। ਮੈਂ ਕਿਹਾ, "ਇਕੋ ਕਾਫ਼ੀ ਹੈ, ਬਰਬਾਦ ਕਰਨ ਦੇ ਲਈ"। ਕੁਰਪੱਸ਼ਨ ਦੀ ਗੱਲ ਕਰਦਿਆਂ ਮੈਨੂੰ ਇਕ ਕਹਾਣੀ ਯਾਦ ਆ ਗਈ। ਗੁਰੂ ਅਰਜਨ ਦੇਵ ਜੀ ਦੇ ਮੈਂ ਦੋ-ਚਾਰ ਸ਼ਬਦ ਲਿਖ ਕੇ ਲਿਆਇਆ ਹਾਂ, ਕੁਰਪਸ਼ਨ ਉਪਰ। ਹਰੇਕ ਆਦਮੀ ਦੂਜਿਆਂ ਨੂੰ ਕਹਿੰਦਾ ਹੈ ਕਿ ਉਹ ਕੁਰੱਪਟ ਹੈ। ਬਿਜ਼ਨਸਮੈਨ ਕਹਿੰਦੇ ਹਨ, ਸਰਕਾਰੀ ਅਫ਼ਸਰ ਕੁਰੱਪਟ ਹੈ, ਸਰਕਾਰੀ ਅਫ਼ਸਰ ਕਹਿੰਦਾ ਹੈ, ਬਿਜਨਸਮੈਨ ਕੁਰੱਪਟ ਹੈ। ਜਿੱਦਾਂ ਵੀ ਹੋਵੇ ਆਪਣਾ ਕੰਮ ਕਢਵਾਉਣ ਲਈ ਪੈਸੇ ਇੱਧਰ-ਉੱਧਰ ਕਰ ਲੈਂਦੇ ਹਨ। ਡਾਕਟਰ ਕਿਸੇ ਨੂੰ ਗਲਾ ਦਿਖਾਉਣ ਜਾਉ ਉਹ ਕਹਿੰਦੇ ਹਨ ਕੀ 'ਇਹਦਾ ਟੈਸਟ ਕਰਾ ਕੇ ਲਿਆਓ'; ਉਹਦੇ ਵਿਚੋਂ 10% ਮਾਲ ਡਾਕਟਰ ਰੱਖ ਲੈਂਦਾ ਹੈ। ਲੋਕ ਕਹਿੰਦੇ ਹਨ ਕਿ ਇਸ ਕੁਰੱਪਸ਼ਨ ਦੀ ਜੜ੍ਹ ਸਿਆਸੀ ਕੁਰੱਪਸ਼ਨ ਹੈ। ਮੈਨੂੰ ਇਕ ਕਹਾਣੀ ਯਾਦ ਆਈ 'ਰਾਜਨੇਤਾ' ਦੀ। ਉਹਦੇ ਆਪਣੇ ਘਰ ਸ਼ਾਮ ਨੂੰ ਚਾਹ-ਪਾਣੀ ਸੀ ਤੇ ਉਹਦੀ ਧਰਮ ਪਤਨੀ ਮਹਿਮਾਨਾਂ ਦਾ ਸਵਾਗਤ ਕਰ ਰਹੀ ਸੀ। ਮਿਸਿਜ਼ ਜੈਨ ਮਿਸਿਜ਼ ਥਾਪਰ ਨੂੰ ਕਹਿਣ ਲੱਗੀ, "ਇਹਨਾਂ ਨੂੰ ਮਿਲੋ, ਇਹ ਯੂ.ਪੀ. ਵਿਚ ਫਲਾਣੀ ਸਟੇਟ ਵਿਚ ਬੜੇ ਵੱਡੇ ਪੋਲੀਟੀਸ਼ਨ ਨੇ, ਛੇ ਵਾਰੀ ਮੰਤਰੀ ਰਹੇ ਨੇ ਅਤੇ ਮਨਿਸਟਰ ਵੀ ਰਹੇ ਨੇ ਤੇ ਮੰਤਰੀ ਵੀ ਰਹੇ ਨੇ।" ਉਹ ਸਾਰੀ ਗੱਲ ਸੁਣ ਕੇ ਮਿਸਿਜ਼ ਮਾਥੁਰ ਕਹਿਣ ਲੱਗੀ, "ਮਿਸਿਜ਼ ਥਾਪਰ, ਤੁਸੀਂ ਮੈਨੂੰ ਇੰਨੇ ਵੀ ਮੂਰਖ ਨਾ ਸਮਝੋ ਕਿ ਮੈਨੂੰ ਇਹੋ ਜਿਹੇ ਸਿਆਸਤਦਾਨ ਨਾਲ ਮਿਲਾਉ। ਮੈਂ ਤਾਂ ਇਹਨਾਂ ਬਾਰੇ ਪਹਿਲਾਂ ਜਾਣਦੀ ਹਾਂ।" ਇਹ ਸੁਣਦੇ ਸਾਰ ਹੀ ਸਿਆਸਤਦਾਨ ਬਾਹਵਾਂ ਵਿੱਲੀਆਂ ਛੱਡ ਕੇ ਸੁਚੇਤ ਹੋ ਗਿਆ ਅਤੇ ਕਹਿਣ ਲੱਗਾ, "ਮਿਸਿਜ਼ ਥਾਪਰ ਤੁਸੀਂ ਸ਼ਾਇਦ ਮੈਨੂੰ ਨੇੜਿਓਂ ਜਾਣਦੇ ਹੋਵੋਗੇ ਪਰ ਤੁਸੀਂ ਮੇਰੇ ਬਾਰੇ ਇਹ ਗੱਲ ਸਾਬਤ ਨਹੀਂ ਕਰ ਸਕਦੇ।" ਅੱਜ ਪਟਵਾਰੀ, ਥਾਣੇਦਾਰ ਹਰ ਇਕ ਆਦਮੀ ਆਪਣੇ ਆਪ ਨੂੰ ਲਾਟ ਸਾਹਿਬ ਸਮਝਦਾ ਹੈ। ਮੈਂ ਇਹੋ ਜਿਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਲੋਕਾਂ ਦੇ ਨੌਕਰ-ਸੇਵਾਦਾਰ ਹੋ ਤੇ ਮੈਂ ਵੀ

Sri Satguru Jagjit Singh Ji Elibrary NamdhariElibrary@gmail.com

ਇਕ ਸੇਵਕ ਹਾਂ। ਮੈਂ ਜਦੋਂ ਕਾਰਜਭਾਗ ਸੰਭਾਲਿਆ ਤੇ 'ਸਹੁੰ' ਲਈ ਕਿ "ਰੱਬ ਨੂੰ ਸਾਹਮਣੇ ਰੱਖ ਕੇ ਮੈਂ ਸਹੁੰ ਲੈਂਦਾ ਹਾਂ ਕਿ ਮੈਂ ਆਪਣੇ ਪ੍ਰਦੇਸ਼ ਵਾਸੀਆਂ ਦੀ ਸੇਵਾ ਕਰਾਂਗਾ"। ਜੇ ਮੈਂ ਸਹੁੰ ਲੈ ਕੇ ਵੀ ਝੂਠਾ ਹੋਵਾਂ ਤਾਂ ਲਾਹਨਤ ਹੈ। ਮੈਨੂੰ ਖਿਆਲ ਆਇਆ ਕਿ ਉਤਰਾਂਚਲ ਜਾ ਰਿਹਾ ਹਾਂ, ਜਿਸ ਪ੍ਰਦੇਸ਼ ਨੇ ਮੈਨੂੰ ਐਨਾ ਮਾਣ ਦਿੱਤਾ ਮੈਂ ਉਥੋਂ ਦੇ ਲੋਕਾਂ ਦੇ ਬੱਚਿਆਂ ਲਈ ਕੁਝ ਕਰਾਂ। ਸੋ ਇਸ ਵੇਲੇ ਉਤਰਾਂਚਲ ਦੇ ਗਰੀਬ ਬੱਚੇ ਪ੍ਰੋਫੈਸ਼ਨਲ ਕੋਰਸਿਜ਼ ਵਿਚ ਪੜ੍ਹਾਈ ਕਰ ਰਹੇ ਹਨ, ਚਾਰ ਕੁੜੀਆਂ ਤਾਂ ਮੈਡੀਕਲ ਕਾਲਜ ਵਿਚ ਪੜ੍ਹ ਰਹੀਆਂ ਹਨ। ਕਾਨ੍ਹਪੁਰ, ਆਗਰਾ, ਦੇਹਰਾਦੂਨ ਬ੍ਰਾਂਚ ਵਿਚ ਤੇ ਇੰਜੀਨੀਅਰਿੰਗ ਕਾਲਜ ਵਿਚ ਪ੍ਰੋਫੈਸ਼ਨਲ ਕੋਰਸਿਜ਼ ਵਿਚ 100 ਬੱਚੇ ਹਨ, ਮੈਂ ਹਰ ਬੱਚੇ ਨੂੰ ਹਰ ਸਾਲ ਪੱਚੀ ਹਜ਼ਾਰ ਦਿੰਦਾ ਹਾਂ, ਸਾਲ ਦਾ ਪੱਚੀ ਲੱਖ ਰੁਪਿਆ ਮੈਂ ਉਹਨਾਂ ਨੂੰ ਦੇ ਰਿਹਾ ਹਾਂ। ਇਸ ਤਰ੍ਹਾਂ ਉਹ ਜਿਹੜਾ ਪੈਸਾ ਬੈਂਕ ਵਿਚ ਉਹਦੇ ਲਈ ਪਿਆ ਹੈ, ਉਹਦੇ ਵਿਆਜ ਨਾਲ ਇਹ ਚੱਲੇਗਾ, ਮੇਰੇ ਜਾਣ ਤੋਂ ਬਾਅਦ ਇਹ ਖਤਮ ਨਹੀਂ ਹੋਵੇਗਾ, ਉਥੇ ਫ਼ੇਰ ਬਾਕੀ ਲੋਕ ਇਸਨੂੰ ਸੰਭਾਲਣਗੇ ਤੇ ਉਹ ਬੱਚਿਆਂ ਨੂੰ ਦੇਣਗੇ। ਇਹ ਬੈਚ ਚਲਾ ਜਾਏਗਾ, ਫੇਰ ਪੱਚੀ ਹੋਰ ਆ ਜਾਣਗੇ ਤੇ 100 ਬੱਚੇ ਹਰ ਵਕਤ ਪੜ੍ਹਾਈ ਕਰਦੇ ਰਹਿਣਗੇ। ਹੁਸ਼ਿਆਰ ਬੱਚਿਆਂ ਨੂੰ, ਗਰੀਬ ਬੱਚਿਆਂ ਨੂੰ ਪੜ੍ਹਾਉਣਾ, ਮਦਦ ਕਰਨਾ ਇਹ ਤੁਹਾਡਾ ਸਾਡਾ ਸਭ ਦਾ ਫਰਜ਼ ਹੈ ਤੇ ਇਹ ਸਾਡੀ ਇਕ ਸਮਾਜਕ ਤੇ ਨੈਤਿਕ ਜ਼ੁੰਮੇਵਾਰੀ ਹੈ ਕਿ ਉਹਨਾਂ ਦੀ ਜ਼ਿੰਦਗੀ ਵਿਚ ਕੁਝ ਮੁਸਕਰਾਹਟ ਲਿਆਉਣ ਲਈ ਅਸੀਂ ਕੁਝ ਕਰੀਏ। ਈਸ਼ਵਰ ਦੀ ਕ੍ਰਿਪਾ ਸਾਡੇ ਤੇ ਬਹੁਤ ਜ਼ਿਆਦਾ ਹੈ। ਅਸੀਂ ਕਿਸੇ ਨੂੰ ਕੁਝ ਵੰਡ ਕੇ ਖਾਈਏ, ਇਹਦੇ ਵਿਚੋਂ ਥੋੜ੍ਹਾ ਜਿਹਾ ਕਿਸੇ ਨੂੰ ਕੁਝ ਦਈਏ, ਔਰ ਜੋ ਕੁਝ ਦਿੰਦੇ ਹਾਂ, ਜਿੰਨਾ ਕੁਝ ਸਾਡੇ ਕੋਲ ਹੈ, ਉਹਦੇ ਵਿਚੋਂ ਵੀ ਜੇ ਅਸੀਂ ਸੰਕੋਚ ਕਰੀਏ ਤਾਂ ਸਾਡੀ ਬਦਕਿਸਮਤੀ ਹੈ। ਇਹ ਮੈਂ ਸੋਚਦਾ ਹਾਂ ਤੇ ਮੇਰੇ ਸੋਚਣ ਦਾ ਇਹੀ ਢੰਗ ਹੈ। ਮੈਂ ਸਾਰਿਆਂ ਨੂੰ ਇਹੀ ਕਹਿੰਦਾ ਹਾਂ ਕਿ ਕੁਝ ਸੋਚੋ ਤੇ ਭ੍ਰਿਸ਼ਟ ਅਫ਼ਸਰਾਂ ਨੂੰ ਵੀ ਕਹਿੰਦਾ ਹਾਂ ਕਿ ਤੁਹਾਡਾ ਸਭ ਕੁਝ ਤੁਹਾਡੇ ਬੱਚਿਆਂ ਨੂੰ ਨਹੀਂ ਪਤਾ, ਤੁਸੀਂ ਉਨ੍ਹਾਂ ਸਾਹਮਣੇ ਰਿਸ਼ਵਤ ਦੇ ਪੈਸੇ ਲੈ ਕੇ ਆਉਂਦੇ ਹੋ, ਪਤਨੀ ਨੂੰ ਇਹ ਪੈਸੇ ਅਲਮਾਰੀ ਵਿਚ ਰੱਖਣ ਲਈ ਕਹਿੰਦੇ ਹੋ, ਤੁਹਾਡੇ ਬੱਚੇ ਤੁਹਾਨੂੰ ਕੀ ਕਹਿਣਗੇ? ਜਦੋਂ ਤੁਹਾਡੇ ਬੱਚੇ ਸਕੂਲ ਜਾਂਦੇ ਹਨ ਤਾਂ ਸਿੱਖਿਆ ਮਿਲਦੀ ਹੈ ਅਤੇ ਅਧਿਆਪਕ ਕਹਿੰਦੇ ਹਨ ਕਿ 'ਈਮਾਨਦਾਰ ਰਹੋ, ਈਮਾਨਦਾਰੀ ਵਿਚ ਜੀਵਨ ਬਤੀਤ ਕਰੋ'। ਇਸ ਤਰ੍ਹਾਂ ਦੀ ਸਿੱਖਿਆ ਲੈ ਕੇ ਬੱਚੇ ਘਰ ਆ ਕੇ ਕੁੱਝ ਹੋਰ ਹੀ ਦੇਖਦੇ ਹਨ। ਬੱਚਾ ਆਪ ਨੂੰ ਨਹੀਂ ਕਹੇਗਾ ਕਿ ਤੂੰ ਰਿਸ਼ਵਤਖੋਰ ਹੈਂ। ਪਰ ਬੱਚਾ ਸੋਚੇਗਾ ਕਿ ਮੇਰਾ ਬਾਪ ਕੀ ਕਰ ਰਿਹਾ ਹੈ। ਜੇ ਤੁਸੀਂ ਆਪਣੇ ਬੱਚਿਆਂ ਦੀ ਨਿਗਾਹ ਵਿਚ ਗਿਰ ਗਏ ਤਾਂ ਕੀ ਕਮਾਇਆ। ਦੱਸੋ ਜਿਨ੍ਹਾਂ ਲਈ ਤੁਸੀਂ ਕਰ ਰਹੇ ਹੋ ਉਨ੍ਹਾਂ ਦੀ ਨਿਗਾਹ ਵਿਚ ਤੁਸੀਂ ਗਿਰ ਗਏ ਤਾਂ ਕੀ ਕੀਤਾ। ਰੱਬ ਸਭ ਨੂੰ ਦਿੰਦਾ ਹੈ ਅਤੇ ਸਰਕਾਰੀ ਨੌਕਰੀ ਵਿਚ ਤਾਂ ਹੁਣ ਐਨੀ ਚੰਗੀ ਤਨਖਾਹ ਸਰਕਾਰ ਦਿੰਦੀ ਹੈ ਕਿ ਉਹਦੇ ਬਾਅਦ ਵੀ ਜੇ ਨੀਅਤ ਨਹੀਂ ਭਰਦੀ ਤਾਂ ਤੁਹਾਡੀ ਬਦਕਿਸਮਤੀ ਹੈ। ਗਵਰਨਰ ਦੇ ਰੋਲ ਬਾਰੇ ਲੋਕੀ ਜਾਨਣਾ ਚਾਹੁੰਦੇ ਹਨ। ਮੈਂ ਕਿਹਾ ਗਵਰਨਰ ਦੀ ਭੂਮਿਕਾ ਤਾਂ ਫੀਤੇ ਕਟਣਾ, ਰਿਬਨ ਕੱਟਣਾ, ਫੁੱਲ ਲੈਣਾ ਜਾਂ ਟਰੈਫਿਕ ਨੂੰ ਰੋਕਣਾ, ਇਹ ਨਹੀਂ ਹੈ, ਉਹਦਾ ਕੰਮ ਹੈ, ਸੇਵਾ ਕਰਨ ਦਾ, ਜਿਥੇ ਉਹਦੀ ਆਪਣੀ ਕਾਰਜਸ਼ਾਲਾ ਹੈ ਉਥੇ ਉਹ ਆਪਣੀ ਸਟੇਟ ਦੇ ਲੋਕਾਂ ਦੀ ਸੇਵਾ ਕਰਨ ਦੀ, ਗਵਰਨਰ ਸਰਕਾਰੀ ਧਿਰ ਦਾ, ਇਕ ਆਦਰਸ਼ ਮਨੁੱਖ ਹੁੰਦਾ ਹੈ, ਜੋ ਲੋਕਾਂ

Sri Satguru Jagjit Singh Ji Elibrary NamdhariElibrary@gmail.com

ਲਈ ਭਰੋਸੇਪੂਰਨ ਅਸੂਲਾਂ ਪ੍ਰਤਿ ਅਤੇ ਦ੍ਰਿੜ੍ਹਤਾ ਦੀ ਮਿਸਾਲ ਬਣਾ ਚੁੱਕਾ ਹੋਣਾ ਚਾਹੀਦਾ ਹੈ। ਮੈਂ ਕਈ ਵਾਰ ਅਫ਼ਸਰਾਂ ਨੂੰ ਕੀ ਕਹਿੰਦਾ ਹਾਂ ਕਿ ਇਕ ਗ਼ਰੀਬ ਆਦਮੀ ਲਈ ਇਕ ਡਿਪਟੀ ਸੈਕਟਰੀ ਨੂੰ ਵੀ ਮਿਲਣ ਲਈ ਚਾਰ ਦਿਨ ਲੱਗ ਜਾਣਗੇ। ਜੇ ਰਾਜ ਭਵਨ ਵਿਚ ਆ ਜਾਵੇ ਤੇ ਮੈਨੂੰ ਟੈਲੀਫੋਨ ਆਉਂਦਾ ਹੈ ਕਿ 'ਜੀ ਬਾਹਰ ਕੋਈ ਬਾਬਾ ਬੈਠਾ ਹੈ ਤੇ ਇਕ ਕੁੜੀ ਉਹਦੇ ਨਾਲ ਛੋਟੀ ਜਿਹੀ ਬੈਠੀ ਹੈ'। ਮੈਂ ਕਹਿੰਦਾ ਹਾਂ ਕਿ 'ਬਾਬੇ ਨੂੰ ਇਥੇ ਭੇਜ ਦਿਓ, ਮੇਰੇ ਕੋਲ'। ਸੋ ਸਾਨੂੰ ਸੇਵਾ ਕਰਨ ਦੀ ਲੋੜ ਹੈ। ਸਾਡਾ ਫਰਜ਼ ਲੋਕਾਂ ਪ੍ਰਤਿ ਹੈ। ਜਿਨ੍ਹਾਂ ਦੇ ਲਈ ਐਨੀਆਂ ਤਨਖਾਹਾਂ ਮਿਲਦੀਆਂ ਹਨ, ਗ਼ਰੀਬਾਂ ਪ੍ਰਤਿ ਧਿਆਨ ਹੋਣਾ ਚਾਹੀਦਾ ਹੈ। ਪਰ ਅਸਾਂ ਦੇ ਅੰਦਰ ਅਭਿਮਾਨ ਹੈ, ਕੁਰਸੀਆਂ ਦਾ, ਜਿਸ ਕਰਕੇ ਅਸੀਂ ਐਨੀਆਂ ਤਨਖਾਹਾਂ ਲੈਂਦੇ ਹਾਂ। ਲੋਕਾਂ ਦੀ ਬਦਕਿਸਮਤੀ ਹੈ ਕਿ ਸਾਡੇ ਵਰਗੇ ਅਫ਼ਸਰਾਂ ਨੂੰ ਤੁਹਾਡੇ ਵਰਗੇ ਲੋਕਾਂ ਨੇ ਉਸ ਕੁਰਸੀ ਤੇ ਬਿਠਾਇਆ। ਮੈਂ ਇਕ ਸਮੇਂ ਆਈ.ਏ.ਐਸ. ਦੇ ਅਫ਼ਸਰਾਂ ਨੂੰ ਮਸੂਰੀ ਵਿਖੇ ਸੰਬੋਧਨ ਕਰਨ ਗਿਆ। ਮੈਂ ਉਥੇ ਥੋੜ੍ਹਾ ਜਿਹਾ ਜ਼ਿਆਦਾ ਬੋਲ ਗਿਆ ਤੇ ਫੇਰ ਉਹਦੇ ਬਾਅਦ ਉਹਨਾਂ ਨੇ ਮੈਨੂੰ ਬੁਲਾਉਣਾ ਹੀ ਬੰਦ ਕਰ ਦਿੱਤਾ। ਸਾਡੀ ਸਾਰੀ ਕੌਮ ਦੀ ਜ਼ਮੀਰ ਨੂੰ ਰਿਸ਼ਵਤ ਲੈਣ ਦਾ ਧੱਬਾ ਲਗ ਚੁਕਾ ਹੈ। ਪਰ ਤੁਹਾਡੇ ਵਿਚੋਂ ਕੁਝ ਐਸੇ ਹਨ, ਜੋ ਕਿਸੇ ਵੀ ਹਾਲਤ ਵਿਚ ਆਪਣੀ ਜ਼ਮੀਰ ਨਹੀਂ ਵੇਚ ਸਕਣਗੇ ਅਤੇ ਇਹੋ ਜਿਹੇ ਲੋਕ ਹੀ ਕੌਮ ਦੀ ਪਕਿਆਈ ਜਾਂ ਤਕੜੇ ਪਨ ਦੀ ਜ਼ਮਾਨਤ ਹੁੰਦੇ ਹਨ। ਇਹੋ ਜਿਹੀ ਬਦਹਾਲੀ ਨੂੰ ਦੇਖ ਕੇ ਕਿੰਨਾ ਦੁਖ ਹੁੰਦਾ ਹੈ, ਬਿਆਨ ਤੋਂ ਬਾਹਰ ਹੈ। ਸਾਡਾ ਕਿੰਨੀਆਂ ਉਚੀਆਂ ਭਾਵਨਾਵਾਂ ਦਾ ਇਹ ਦੇਸ਼ ਹੈ ਅਤੇ ਵਿਕਾਸ ਕਰਕੇ ਵੀ ਅਸੀਂ ਕਿੰਨੇ ਅੱਗੇ ਵੱਧ ਗਏ ਹਾਂ ਕਿ ਕਿੰਨਾ ਅੱਗੇ ਹੋਰ ਜਾ ਸਕਦੇ ਸੀ, ਜੇ ਲੋਕਾਂ ਵਿਚ ਕੰਮ ਕਰਨ ਦੀ ਈਮਾਨਦਾਰੀ ਹੁੰਦੀ ਤਾਂ ਜੇਕਰ ਸਾਡੇ ਅੰਦਰ ਕੁਝ ਕਰ ਗੁਜ਼ਰਨ ਦੀ ਇੱਛਾ ਸ਼ਕਤੀ, ਦ੍ਰਿੜ੍ਹਤਾ ਅਤੇ ਈਮਾਨਦਾਰੀ ਹੁੰਦੀ ਤਾਂ ਪਤਾ ਨਹੀਂ ਅਸੀਂ ਕਿੱਥੋਂ ਦੇ ਕਿੱਥੇ ਪਹੁੰਚ ਜਾਂਦੇ। ਹਿੰਦੁਸਤਾਨੀ ਲੋਕ ਦੁਨੀਆਂ ਵਿਚ ਇੰਨੇ ਕਾਬਲ ਹਨ, ਸਾਡੇ ਲੋਕ ਐਸੇ ਹੁਸ਼ਿਆਰ ਹਨ ਕਿ ਛੋਟੇ-ਛੋਟੇ ਬੱਚੇ ਐਸੇ ਹੁਸ਼ਿਆਰ ਹਨ ਕਿ ਕਈ ਕਮਾਲ ਦੇ ਥੀਸਿਸ ਵੀ ਖੋਜ ਦੇ ਖੇਤਰ ਵਿਚ ਲਿਖੇ ਗਏ ਹਨ। ਮੇਰੇ ਮਨ ਵਿਚ ਖੋਜੀ ਅਧਿਆਤਮਕਤਾ ਪ੍ਰਤਿ ਬਹੁਤ ਸਨਮਾਨ ਹੈ ਅਤੇ ਕਿਉਂਕਿ ਮੇਰਾ ਧੀ-ਜਵਾਈ ਵੀ ਅਧਿਆਪਨ ਦੇ ਖੇਤਰ ਨਾਲ ਜੁੜੇ ਹੋਏ ਹਨ ਤੇ ਸਾਡੀ ਨੌਜਵਾਨ ਨਸਲ ਨੂੰ ਸੰਵਾਰਨ ਵਿਚ ਇਹਨਾਂ ਦਾ ਬਹੁਤ ਵੱਡਾ ਹੱਥ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਚੌਥੀ ਸ਼ਤਾਬਦੀ ਦੇ ਅਵਸਰ ਉਪਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 'ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦਾ ਯੁੱਗ' ਦੇ ਵਿਸ਼ੇਸ਼ ਸਮਾਗਮ ਵਿਚ ਭਾਗ ਲੈ ਕੇ ਸਚ-ਮੁਚ ਮੈਨੂੰ ਹਾਰਦਿਕ ਖ਼ੁਸ਼ੀ ਹੋ ਰਹੀ ਹੈ। ਮੈਂ ਸਭ ਤੋਂ ਪਹਿਲਾਂ ਇਸ ਸੰਮੇਲਨ ਦੇ ਪ੍ਰਬੰਧਕਾਂ, ਵਾਈਸ-ਚਾਂਸਲਰ ਸਾਹਿਬ ਅਤੇ ਬਾਕੀ ਸਾਥੀਆਂ ਨੂੰ ਵਧਾਈ ਦਿਆਂਗਾ ਅਤੇ ਇਸ ਕਾਨਫ਼ਰੰਸ ਦੇ ਆਯੋਜਨ ਦੀ ਸਫ਼ਲਤਾ ਤੇ ਆਪ ਸਭ ਨੂੰ ਸ਼ੁਭ ਕਾਮਨਾਵਾਂ ਦਿੰਦਾ ਹਾਂ। ਪੰਜਾਬੀ ਯੂਨੀਵਰਸਿਟੀ ਦੇ ਕੁਲਪਤੀ ਸ. ਸਵਰਨ ਸਿੰਘ ਬੋਪਾਰਾਏ ਦੇ ਨਿਮੰਤਰਨ ਦੇ ਲਈ ਮੈਂ ਦਿਲੋਂ ਧੰਨਵਾਦ ਦਿੰਦਾ ਹਾਂ ਕਿ ਅਜਿਹੇ ਵਿਦਵਾਨਾਂ ਦੇ ਵਿਚ ਮੈਨੂੰ ਬੋਲਣ ਦਾ ਮੌਕਾ ਦਿੱਤਾ, ਇਹ ਮੇਰੇ ਲਈ ਬੜੇ ਸੁਭਾਗ ਦੀ ਗੱਲ ਹੈ। ਮੈਂ ਪਹਿਲਾਂ ਹੀ ਕਿਹਾ ਸੀ ਕਿ ਮੈਂ ਖੁਦ ਪੰਜਾਬ ਵਿਚ ਪੈਦਾ ਹੋਇਆ ਹਾਂ ਅਤੇ ਪੰਜਾਬੀ ਹੋਣ ਦਾ ਮੈਨੂੰ ਮਾਣ ਹੈ। ਪੰਜਾਬ ਗੁਰੂਆਂ ਅਤੇ ਪੀਰਾਂ ਦੀ ਧਰਤੀ ਹੈ। ਜਿਥੇ ਗੁਰੂਆਂ ਤੇ ਪੀਰਾਂ ਨੇ ਲੋਕਾਂ ਨੂੰ ਨਵੀਂ ਸੋਚ ਦਿੱਤੀ।

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੇ ਸਭ ਜ਼ਰੂਰਤਮੰਦਾਂ ਵਿਸ਼ੇਸ਼ ਕਰ ਨਿਆਸਰਿਆਂ ਨੂੰ ਆਸਰਾ ਦਿੱਤਾ। ਇਹ ਸੱਚ ਹੈ ਕਿ ਜੋ ਕੰਮ ਹੋਰ ਕੋਈ ਨਹੀਂ ਕਰ ਸਕਦਾ ਉਹ ਕੰਮ ਪੰਜਾਬੀ ਹੀ ਕਰ ਸਕਦਾ ਹੈ। ਬੰਜਰ ਭੂਮੀ ਨੂੰ ਆਪਣੀ ਮਿਹਨਤ ਨਾਲ ਉਪਜਾਊ ਬਣਾ ਦਿੰਦਾ ਹੈ। ਰੇਤ ਦੇ ਟਿੱਲੇ ਨੂੰ ਹਰਾ ਭਰਾ ਕਰ ਦਿੰਦਾ ਹੈ ਇਹ ਗੱਲ ਸਹੀ ਹੈ ਕਿਉਂਕਿ ਉਤਰਾਂਚਲ ਵਿਚ ਹੀ ਤਰਾਈ ਖੇਤਰ ਖ਼ਾਸ ਤੌਰ ਤੇ ਊਧਮ ਸਿੰਘ ਨਗਰ ਅਤੇ ਆਸ ਪਾਸ ਦੇ ਖੇਤਰ ਵਿਚ ਸਾਡੇ ਸਿੱਖ ਭਾਈ ਜਦੋਂ ਪਹੁੰਚੇ ਤਾਂ ਪੂਰੇ ਨਗਰ ਅਤੇ ਉਥੋਂ ਦੀ ਅਣ-ਉਪਜਾਊ ਭੂਮੀ ਨੂੰ ਜਰਖੇਜ਼ ਬਣਾ ਦਿੱਤਾ। ਇਸ ਤਰ੍ਹਾਂ ਤਰਾਈ ਖੇਤਰ ਵਿਚ ਖੁਸ਼ਹਾਲੀ ਲਿਆਉਣ ਵਿਚ ਸਿੱਖ ਭਰਾਵਾਂ ਦਾ ਬੜਾ ਵੱਡਾ ਯੋਗਦਾਨ ਰਿਹਾ ਹੈ। ਗੁਰੂਆਂ ਅਤੇ ਪੀਰਾਂ ਦੇ ਪੰਜਾਬੀ ਸਮਾਜ ਦੇ ਪ੍ਰਤਿ ਸਾਰੇ ਹਿੰਦੁਸਤਾਨ ਵਿਚ ਦਿਲੀ ਤੌਰ ਤੇ ਸਨਮਾਨ ਹੈ। ਪੰਜਾਬੀਆਂ ਨੇ ਕਦੀ ਕਿਸੇ ਦੇ ਨਾਲ ਜਾਤ-ਪਾਤ ਜਾਂ ਭੇਦ-ਭਾਵ ਨਹੀਂ ਕੀਤਾ ਅਤੇ ਹਮੇਸ਼ਾ ਸੰਪਰਦਾਇਕਦਤਾ ਤੋਂ ਦੂਰ ਰਹੇ ਹਨ। ਆਪਣੀ ਕੌਮ, ਆਪਣੇ ਵੱਕਾਰ, ਆਪਣੇ ਸਨਮਾਨ ਅਤੇ ਮਰਿਯਾਦਾ ਨਾਲ ਲੜਨਾ ਪੰਜਾਬੀਆਂ ਦੀ ਇਕ ਆਪਣੀ ਹੀ ਵਿਸ਼ੇਸ਼ਤਾ ਹੈ। ਕੁਲਪਤੀ ਸਰਦਾਰ ਸਵਰਨ ਸਿੰਘ ਬੋਪਾਰਾਏ ਜੀ ਨੇ ਪਿਛਲੇ ਸੰਮੇਲਨ ਵਿਚ ਠੀਕ ਕਿਹਾ ਸੀ ਕਿ ਪੰਜਾਬੀਆਂ ਦੀ ਆਪਣੀ ਇਕ ਅਲੱਗ ਹੀ ਪਹਿਚਾਣ ਦਿਖਾਈ ਦਿੰਦੀ ਹੈ; ਪੰਜਾਬੀ ਜਿਥੇ ਵੀ ਗਏ ਉਥੇ ਲੋਕਾਂ ਨਾਲ ਰਲ-ਮਿਲ ਬੈਠੇ ਤੇ ਉਹ ਕਦੀ ਵੀ ਉਦਾਸ ਜਾਂ ਨਿਰਾਸ਼ ਨਹੀਂ ਹੋਏ, ਉਹ ਜਿਥੇ ਵੀ ਪਹੁੰਚੇ ਉਥੇ ਜਲਦ ਹੀ ਉਨ੍ਹਾਂ ਨੇ ਆਪਣੀ ਜਗ੍ਹਾ ਬਣਾ ਲਈ ਸੀ। ਵਿਸ਼ਵ ਵਿਚ ਇਨ੍ਹਾਂ ਦੀ ਪਹਿਚਾਣ ਅਤੇ ਸ਼ਾਨ ਹਮੇਸ਼ਾ ਨਿਆਰੀ ਰਹੀ ਹੈ। ਗਿਆਨ ਅਤੇ ਵਿਗਿਆਨ ਦੇ ਖੇਤਰ ਵਿਚ ਪੰਜਾਬੀਆਂ ਨੇ ਆਪਣੀ ਪ੍ਰਤਿਭਾ ਦੀ ਮੋਹਰ ਲਗਾਈ ਹੈ। ਪੰਜਾਬ ਵਾਸੀ ਹੱਸਦੇ, ਨੱਚਦੇ, ਗਾਉਂਦੇ ਹਮੇਸ਼ਾਂ ਖੁਸ਼ੀ ਦੇ ਨਾਲ ਜ਼ਿੰਦਗੀ ਬਸਰ ਕਰਦੇ ਹਨ। ਪੰਜਾਬੀਆਂ ਨੇ ਕੇਵਲ ਭਾਰਤ ਵਿਚ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਜੋ ਮਾਣ ਸਨਮਾਨ ਪ੍ਰਾਪਤ ਕੀਤਾ ਉਹ ਪੂਰੇ ਦੇਸ਼ ਲਈ ਗੌਰਵ ਦੀ ਗੱਲ ਹੈ। ਪੰਜਾਬੀ ਯੂਨੀਵਰਸਿਟੀ ਅਸਲ ਵਿਚ ਦੂਸਰੀਆਂ ਯੂਨੀਵਰਸਿਟੀਆਂ ਦੀ ਤਰ੍ਹਾਂ ਨਹੀਂ ਹੈ, ਇਸਦੀ ਆਪਣੀ ਇਕ ਅਲੱਗ ਪਛਾਣ ਹੈ। ਸਿੱਖਿਆ ਦੇ ਖੇਤਰ ਵਿਚ ਇਸਦਾ ਆਪਣਾ ਅਲੱਗ ਮਹੱਤਵ ਹੈ ਤੇ ਇਸ ਯੂਨੀਵਰਸਿਟੀ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਭਿਅਤਾ ਅਤੇ ਸੰਸਕ੍ਰਿਤੀ ਦਾ ਵਿਕਾਸ ਕਰਨਾ ਹੈ। ਇਸਦੀ ਸਥਾਪਨਾ 1962 ਵਿਚ ਹੋਈ ਸੀ, ਇਹ ਯੂਨੀਵਰਸਿਟੀ ਨਿਰੰਤਰ ਤਰੱਕੀ ਕਰ ਰਹੀ ਹੈ। ਪੰਜਾਬੀ ਯੂਨੀਵਰਸਿਟੀ ਦਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਚਾਰ-ਪ੍ਰਸਾਰ ਦੇ ਨਾਲ ਹੀ ਦੁਨੀਆਂ ਨੂੰ ਪੰਜਾਬ ਵੱਲ ਅਕਰਸ਼ਤ ਕਰਨ ਵਿਚ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ। ਜਿਵੇਂ ਕਿ ਆਪ ਸਾਰੇ ਜਾਣਦੇ ਹੋ ਕਿ ਸਿੱਖ ਧਰਮ ਦੇ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਧਰਮ ਦਾ ਅਰੰਭ ਕੀਤਾ ਤਾਂ ਆਪ ਨੇ ਮਾਨਵ ਜਾਤੀ ਨੂੰ ਕਾਮ, ਕ੍ਰੋਧ, ਹੰਕਾਰ, ਲੋਭ ਅਤੇ ਮੋਹ ਆਦਿ ਦਾ ਤਿਆਗ ਕਰਨ ਦੇ ਨਾਲ ਹੀ ਮਾਨਵਤਾ ਦਾ ਉਪਦੇਸ਼ ਦਿੱਤਾ। ਉਹ ਚਾਹੇ ਹਿੰਦੂ ਜਾਂ ਮੁਸਲਮਾਨ ਹੋਵੇ ਉਨ੍ਹਾਂ ਵਿਚੋਂ ਸਭ ਵਿਚ ਬਹੁਤ ਵੱਡਾ ਉਹ ਹੈ ਜੋ ਲੋਕਾਂ ਲਈ ਹੈ, ਭਲਾਈ ਕਰਦਾ ਹੈ ਅਤੇ ਪਰਮਾਤਮਾ ਦੇ ਹੁਕਮ ਵਿਚ ਰਹਿੰਦਾ ਹੈ, ਗੁਰੂ ਨਾਨਕ ਦੇਵ ਜੀ ਨਾਲ ਇਕ ਸਿੱਖ ਅਤੇ ਭਾਈ ਮਰਦਾਨਾ ਮੁਸਲਮਾਨ ਰਬਾਬੀ ਸੀ, ਜਿਨ੍ਹਾਂ ਨੂੰ ਨਾਲ ਲੈ ਕੇ ਆਪ ਨੇ ਆਪਣੀ ਸੱਚੀ ਬਾਣੀ ਦੇ ਪ੍ਰਚਾਰ, ਪਾਸਾਰ ਲਈ ਮੱਕਾ, ਬਗਦਾਦ, ਇਰਾਨ, ਕਾਬਲ, ਬਲੋਚਿਸਤਾਨ,

Sri Satguru Jagjit Singh Ji Elibrary NamdhariElibrary@gmail.com

ਸ੍ਰੀ ਲੰਕਾ, ਤਿੱਬਤ, ਭੂਟਾਨ ਆਦਿ ਦੀ ਯਾਤਰਾ ਕੀਤੀ ਅਤੇ ਸਭ ਨੂੰ ਨਾਮ ਬਾਣੀ ਦਾ ਅਤੇ ਮਾਨਵਤਾ ਦਾ ਸੰਦੇਸ਼ ਦਿੱਤਾ। ਅੰਮ੍ਰਿਤਸਰ ਵਿਚ ਗੁਰੂ ਅਰਜਨ ਦੇਵ ਜੀ ਨੇ ਜਦੋਂ ਗੋਲਡਨ ਟੈਂਪਲ ਸਥਾਪਿਤ ਕੀਤਾ ਤਾਂ ਮਹਾਨ ਸੂਫ਼ੀ ਸੰਤ ਸਾਈਂ ਮੀਆਂ ਮੀਰ ਨੂੰ ਲਾਹੌਰ ਤੋਂ ਸੱਦਾ ਭੇਜ ਕੇ ਉਨ੍ਹਾਂ ਦੇ ਕਰ ਕਮਲਾਂ ਦੁਆਰਾ ਦਰਬਾਰ ਸਾਹਿਬ ਦੀ ਆਧਾਰ ਸ਼ਿਲਾ ਰਖਾਈ। ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਅਤੇ ਉਥੇ ਕੁਸ਼ਟ ਰੋਗੀਆਂ ਦੇ ਉਪਚਾਰ ਦੇ ਲਈ ਇਕ ਦਵਾਖਾਨਾ ਸਥਾਪਿਤ ਕੀਤਾ। ਜਿਥੇ ਗੁਰੂ ਜੀ ਖ਼ੁਦ ਕੁਸ਼ਟ ਰੋਗੀਆਂ ਨੂੰ ਦਵਾ ਦਿੰਦੇ ਸਨ ਅਤੇ ਉਨ੍ਹਾਂ ਦੀ ਮਰਹਮ-ਪੱਟੀ ਕਰਦੇ ਸੀ, ਆਪ ਨੇ ਸਿੱਖ ਸੰਗਤ ਦੀ ਇਕ ਸੰਸਥਾ ਸਥਾਪਿਤ ਕੀਤੀ ਜਿਸ ਤੋਂ ਸੰਗਤ ਦੇ ਮਾਨ-ਸਨਮਾਨ ਵਿਚ ਕਾਫ਼ੀ ਬਹਿਸ ਹੋਈ। ਆਪ ਨੇ ਮੁਸਲਮਾਨਾਂ ਦੀ ਜ਼ਕਾਤ ਦੀ ਤਰ੍ਹਾਂ ਐਸੀ ਦਾਨ ਪਰੰਪਰਾ ਨੂੰ ਪ੍ਰਾਰੰਭ ਕੀਤਾ ਜਿਸ ਦੇ ਅਨੁਸਾਰ ਗੁਰੂ ਦੇ ਨਾਮ ਤੇ ਆਪਣੀ ਆਮਦਨ ਦਾ ਦਸਵਾਂ ਹਿੱਸਾ ਦਾਨ ਦੇਣਾ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਸਿੱਖਾਂ ਨੂੰ ਉਦਯੋਗ ਅਤੇ ਵਪਾਰ ਸ਼ੁਰੂ ਕਰਨ ਦੇ ਲਈ ਵੀ ਉਤਸ਼ਾਹਤ ਕੀਤਾ। ਪੰਚਮ ਗੁਰੂ ਅਰਜਨ ਦੇਵ ਜੀ ਨੇ ਸਾਲ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੇ ਲਈ ਆਪਣੇ ਪਹਿਲਾਂ ਤੋਂ ਚਾਰੋਂ ਸਿੱਖ ਗੁਰੂਆਂ ਦੀ ਬਾਣੀ ਨੂੰ ਪੂਰੀ ਲਗਨ, ਕਰੜੀ ਮਿਹਨਤ ਅਤੇ ਅਟੁੱਟ ਸ਼ਰਧਾ ਦੇ ਨਾਲ ਇਕੱਠੇ ਕਰਕੇ ਸੰਪਾਦਿਤ ਕੀਤਾ ਜੋ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਕਹਾਇਆ ਗੁਰੂ ਗ੍ਰੰਥ ਸਾਹਿਬ 1430 ਪੰਨਿਆਂ ਦਾ ਗ੍ਰੰਥ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਨਾਲ ਹੀ ਵਿਭਿੰਨ ਧਰਮਾਂ ਦੇ ਪੰਦਰਾਂ ਭਗਤਾਂ ਅਤੇ ਗਿਆਰਾਂ ਭੱਟਾਂ ਦੀ ਬਾਣੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਧਰਮਾਂ ਦੇ ਮੰਨਣ ਵਾਲਿਆਂ ਦੀ ਆਸਥਾ ਦਾ ਪੂਰਾ ਸਨਮਾਨ ਕਰਦੇ ਹੋਏ ਇਸ ਵਿਚ ਭਗਵਾਨ ਦੇ ਲਗਭਗ ਸਾਰੇ ਨਾਵਾਂ ਦਾ ਉਲੇਖ ਕੀਤਾ ਗਿਆ ਹੈ। ਇਸ ਵਿਚ ਨਰਾਇਣ, ਪਿਤਾਂਬਰ, ਹਰੀ, ਰਾਮ, ਮਾਧਵ ਅਤੇ ਅਲਾਹ ਆਦਿ ਨਾਮ ਪ੍ਰਮੁੱਖ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ ਗੁਰੂ ਗ੍ਰੰਥ ਸਾਹਿਬ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸਦੀ ਆਦਰਸ਼ ਮਿਕਸਾਊ ਕਰਕੇ ਸਮਾਜ ਤੋਂ ਅਮੀਰੀ-ਗਰੀਬੀ, ਜਾਤ-ਪਾਤ, ਉਚ-ਨੀਚ, ਛੂਤ-ਛਾਤ ਸਮਾਜਿਕ ਅਸਮਾਨਤਾ ਸਮਾਪਤ ਕਰਨ ਦਾ ਰਸਤਾ ਖੁਲ੍ਹ ਗਿਆ। ਮਾਨਵ ਨੂੰ ਆਦਰਸ਼, ਮਾਨਵ ਸਮਾਜ ਨੂੰ ਆਦਰਸ਼ ਸਮਾਜ ਬਣਾਉਣ ਦਾ ਇਕ ਨਵਾਂ ਦੌਰ ਸ਼ੁਰੂ ਹੋ ਗਿਆ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਗੁਰੂ ਜੀ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਅਤੇ ਦਸਵੇਂ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਚਨਾਤਮਕ ਅਤੇ ਜਨ ਕਲਿਆਣੀ ਦੀ ਜ਼ਰੂਰਤ ਮਹਿਸੂਸ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਵੀ ਸ਼ਬਦ ਗੁਰੂ ਮੰਨਣ ਦਾ ਸਦਉਪਦੇਸ਼ ਦਿੱਤਾ। ਇਸ ਤਰ੍ਹਾਂ ਸਾਡੇ ਸਿੱਖ ਭਰਾਵਾਂ ਨੂੰ ਦੇਹਧਾਰੀ ਗੁਰੂ ਦੇ ਸਥਾਨ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਗੌਰਵ ਪ੍ਰਾਪਤ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਦੇ ਨਾਲ ਹੀ ਕਈ ਗ੍ਰੰਥਾਂ ਦੀ ਰਚਨਾ ਕੀਤੀ ਜਿਸ ਵਿਚ ਦਸਮ ਗ੍ਰੰਥ ਅਤੇ ਫ਼ਾਰਸੀ ਵਿਚ ਔਰੰਗਜ਼ੇਬ ਦੇ ਨਾਮ ਜ਼ਫ਼ਰਨਾਮਾ ਬਹੁਤ ਪ੍ਰਸਿੱਧ ਹੈ। ਇਹ ਉਹੀ ਜ਼ਫ਼ਰਨਾਮਾ ਹੈ ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਕਾਫ਼ੀ ਪ੍ਰਭਾਵਿਤ ਹੋਇਆ ਅਤੇ ਉਸ ਦਾ ਦਿਲ ਕੁਝ ਬਦਲਿਆ। ਗੁਰੂ ਅਰਜਨ ਦੇਵ ਜੀ ਦਾ ਯੁੱਗ ਸੱਚਮੁੱਚ ਹੀ

Sri Satguru Jagjit Singh Ji Elibrary NamdhariElibrary@gmail.com

ਸਭ ਧਰਮਾਂ ਦਾ ਸਾਂਝਾ ਯੁੱਗ ਸੀ। ਸਮਰਾਟ ਅਕਬਰ ਦੇ ਸ਼ਾਸਨ ਕਾਲ ਵਿਚ ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੁਆਰਾ ਅਕਬਰ ਨੂੰ ਉਨ੍ਹਾਂ ਦੀ ਜਦੋਂ ਇਹ ਸ਼ਿਕਾਇਤ ਕੀਤੀ ਗਈ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਐਸੀ ਬਾਣੀ ਨੂੰ ਸ਼ਾਮਲ ਕੀਤਾ ਹੈ ਜਿਸ ਵਿਚ ਹਿੰਦੂ ਅਤੇ ਮੁਸਲਮਾਨ ਦੋਨਾਂ ਧਰਮਾਂ ਦੀ ਨਿੰਦਿਆ ਕੀਤੀ ਗਈ ਹੈ, ਇਸ ਤੋਂ ਜਨਤਾ ਵਿਚ ਜਲਦੀ ਹੀ ਅਸੰਤੋਸ਼ ਦੀ ਭਾਵਨਾ ਵੱਧ ਸਕਦੀ ਹੈ, ਇਸ ਲਈ ਆਪ ਇਸ ਮਾਮਲੇ ਵਿਚ ਨਿਆਂਏ-ਸੰਗਤ ਫੈਸਲਾ ਕਰੋ। ਅਕਬਰ ਨੇ ਗੁਰੂ ਜੀ ਨੂੰ ਇਹ ਸੰਦੇਸ਼ ਭੇਜਿਆ ਕਿ ਉਹ ਗੁਰੂ ਸਾਹਿਬ ਨੂੰ ਦੇਖਣਾ ਅਤੇ ਸੁਣਨਾ ਚਾਹੁੰਦਾ ਹੈ। ਇਸ ਤੇ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਅਕਬਰ ਦੇ ਦਰਬਾਰ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਭੇਜਿਆ, ਬਾਬਾ ਬੁੱਢਾ ਜੀ ਨੇ ਪਾਵਨ ਗ੍ਰੰਥ ਦੇ ਪੰਨੇ ਜਦੋਂ ਪਲਟ-ਪਲਟ ਕੇ ਗੁਰੂ ਸ਼ਬਦ ਦੇ ਅਰਥ ਸੁਣਾਏ ਤਾਂ ਇਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਇਸ ਧਰਮ ਗ੍ਰੰਥ ਵਿਚ ਅੱਲ੍ਹਾ, ਖੁਦਾ, ਰਾਮ ਅਤੇ ਗੋਸਾਈ ਆਦਿ ਦਾ ਆਦਰ ਪੂਰਵਕ ਉਲੇਖ ਕੀਤਾ ਗਿਆ ਹੈ। ਇਸ ਤੋਂ ਅਕਬਰ ਬਹੁਤ ਪ੍ਰਭਾਵਿਤ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਉਸਨੇ ਬਹੁਤ ਪ੍ਰਸ਼ੰਸਾ ਕੀਤੀ ਅਤੇ ਵਿਰੋਧੀਆਂ ਨੂੰ ਆਪਣੀ ਨਰਾਜ਼ਗੀ ਵਿਅਕਤ ਕੀਤੀ ਸੀ। ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈ ਆਦਿ ਪੈਰੋਕਾਰਾਂ ਤੇ ਗੁਰੂ ਅਰਜਨ ਦੇਵ ਜੀ ਦੀਆਂ ਸਾਰੀਆਂ ਬਾਣੀਆਂ ਦਾ ਇੰਨਾ ਜ਼ਿਆਦਾ ਪ੍ਰਭਾਵ ਪਿਆ ਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਸੱਚਾ ਪਾਤਸ਼ਾਹ ਮੰਨਣ ਲੱਗਿਆ। ਇਸ ਤੇ ਤਤਕਾਲੀਨ ਮੁਗਲ ਸਮਰਾਟ ਜਹਾਂਗੀਰ ਨੂੰ ਆਪਣੀ ਬਾਦਸ਼ਾਹਤ ਖ਼ਤਰੇ ਵਿਚ ਨਜ਼ਰ ਆਉਣ ਲੱਗੀ ਤਾਂ ਹੀ ਗੁਰੂ ਅਰਜਨ ਦੇਵ ਜੀ ਉਤੇ ਆਰੋਪ ਲਗਾ ਕੇ ਉਨ੍ਹਾਂ ਨੂੰ ਪੀੜਤ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗੁਰੂ ਅਰਜਨ ਦੇਵ ਜੀ ਨੂੰ ਜਦੋਂ ਤਪਦੀ ਤਵੀ ਤੇ ਬਿਠਾਇਆ ਗਿਆ ਤਾਂ ਉਹ ਮੌਤ ਤੋਂ ਬਿਲਕੁਲ ਨਹੀਂ ਡਰੇ ਅਤੇ ਉਨ੍ਹਾਂ ਦੇ ਮੂੰਹ ਤੋਂ ਇਹ ਬਾਣੀ ਨਿਕਲੀ, 'ਤੇਰਾ ਕੀਆ ਮੀਠਾ ਲਾਗੈ, ਹਰਿ ਨਾਮ ਪਦਾਰਥ ਨਾਨਕ ਮਾਂਗੈ'। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਬਾਅਦ ਉਨ੍ਹਾਂ ਦੇ ਪੁੱਤਰ ਹਰਿਗੋਬਿੰਦ ਜੀ ਨੂੰ ਗੁਰੂ ਬਣਾਇਆ ਗਿਆ। ਮੈਂ ਤਾਂ ਇੰਨਾ ਹੀ ਕਹਿਣਾ ਚਾਹਾਂਗਾ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਆਦਰਸ਼ ਜੀਵਨ ਦਰਸ਼ਨ ਅਤੇ ਅਦੁੱਤੀ ਅਨੁਭਵ ਨਾਲ ਆਪਣੀ ਪ੍ਰਤਿਸ਼ਠਤ ਪਹਿਚਾਣ ਬਣਾਈ। ਆਪ ਨੇ ਸਿੱਖ ਧਰਮ ਨੂੰ ਆਪਣੇ ਅਦੁੱਤੀ ਯੋਗਦਾਨ ਨਾਲ ਜੋ ਸਰੇਸ਼ਠ ਅਤੇ ਪ੍ਰੇਰਨਾਦਾਇਕ ਕੀਤਾ ਉਸਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਹ ਘੱਟ ਹੈ ਅਤੇ ਜ਼ਰੂਰਤ ਇਸ ਗੱਲ ਦੀ ਹੈ ਕਿ ਸਾਡੇ ਸਿੱਖ ਭਰਾਵਾਂ ਵਿਚ ਬਲਕਿ ਸਾਡੇ ਦੇਸ਼ ਦੀ ਸਾਰੀ ਨੌਜਵਾਨ ਪੀੜ੍ਹੀ ਉਨ੍ਹਾਂ ਦੀਆਂ ਆਦਰਸ਼ ਸਿੱਖਿਆਵਾਂ ਦੇ ਅਨੁਰੂਪ ਜੀਵਨ ਬਤੀਤ ਕਰੇ ਕਿਉਂਕਿ ਇਸੇ ਨਾਲ ਮਾਨਵ ਕਲਿਆਣ ਦਾ ਭਲਾ ਹੈ। ਮੈਂ ਤਾਂ ਇਹ ਦੋ ਪੰਕਤੀਆਂ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਤਰਫੋਂ ਉਨ੍ਹਾਂ ਨੂੰ ਸ਼ਰਧਾਂਜਲੀ ਰੂਪ ਵਿਚ ਅਰਪਿਤ ਕਰਦਾ ਹਾਂ। ਉਨ੍ਹਾਂ ਦੀ ਕੁਰਬਾਨੀ ਨੂੰ ਦੇਖ ਕੇ ਕਿਸੇ ਨੇ ਕਿਹਾ, 'ਦੇਖ ਕੁਰਬਾਨੀ, ਕੁਰਬਾਨੀ ਕੁਰਬਾਨ ਹੈ, ਕੁਰਬਾਨ ਜਾਈਏ, ਐਸੇ ਗੁਰੂ ਕੇ ਬਲ ਕੇ।'

ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

# ਧੰਨਵਾਦ

*ਡਾ. ਸੁੱਚਾ ਸਿੰਘ**

ਸਤਿਕਾਰਯੋਗ ਮੁੱਖ ਮਹਿਮਾਨ ਸ੍ਰੀ ਸੁਦਰਸ਼ਨ ਅਗਰਵਾਲ ਜੀ, ਮਾਣਯੋਗ ਵਾਈਸ-ਚਾਂਸਲਰ ਸ੍ਰੀ ਸਵਰਨ ਸਿੰਘ ਜੀ ਬੋਪਾਰਾਏ, ਡਾ. ਜੋਧ ਸਿੰਘ, ਡਾ. ਧਨਵੰਤ ਕੌਰ, ਦੇਸ਼-ਵਿਦੇਸ਼ ਤੋਂ ਆਏ ਵਿਦਵਾਨ, ਪ੍ਰਸਿੱਧ ਸ਼ਖ਼ਸੀਅਤਾਂ, ਡੈਲੀਗੇਟ ਸਾਥੀਓ, ਵਿਦਿਆਰਥੀਓ, ਰੇਡੀਓ, ਟੀ.ਵੀ., ਅਖ਼ਬਾਰ ਦੇ ਨੁਮਾਇੰਦੇ ਅਤੇ ਭੈਣੋ ਤੇ ਭਰਾਵੋ !

ਮੇਰੇ ਵਾਸਤੇ ਇਹ ਬਹੁਤ ਹੀ ਮਾਣ ਤੇ ਖੁਸ਼ੀ ਦੀ ਗੱਲ ਹੈ ਕਿ ਮੈਂ ਇਸ ਸਮਾਗਮ ਵਿਚ ਧੰਨਵਾਦੀ ਸ਼ਬਦ ਆਖਾਂ ਪਰ ਉਸ ਤੋਂ ਪਹਿਲਾਂ ਮੈਂ ਆਪ ਸਭ ਦੀ ਜਾਣਕਾਰੀ ਲਈ ਜੋ ਡਾ. ਜੋਧ ਸਿੰਘ ਨੇ ਦੱਸਿਆ ਹੈ ਕਿ ਪਿਛਲੇ ਢਾਈ-ਤਿੰਨ ਸਾਲਾਂ ਤੋਂ 2004 ਤੋਂ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੋਈ ਸਤਾਈ ਸਮਾਗਮ ਸ਼ਤਾਬਦੀਆਂ ਨਾਲ ਸੰਬੰਧਿਤ ਕੀਤੇ ਹਨ ਅਤੇ ਇਨ੍ਹਾਂ ਸਮਾਗਮਾਂ ਤੋਂ ਬਾਅਦ ਅਸੀਂ ਗੱਲ ਉਥੇ ਨਹੀਂ ਛੱਡੀ, ਇਹਨਾਂ ਦੀਆਂ ਪੁਸਤਕਾਂ ਛਾਪੀਆਂ ਗਈਆਂ ਹਨ। ਜੋ ਵਿਦਵਾਨ ਦੇਖ ਸਕਦੇ ਹਨ, ਪੜ੍ਹ ਸਕਦੇ ਹਨ ਤਾਂ ਇਨ੍ਹਾਂ ਸ਼ਤਾਬਦੀਆਂ ਦੀ ਪ੍ਰਾਸੰਗਕਿਤਾ ਤੇ, ਉਹਨਾਂ ਤੋਂ ਅਜੋਕੇ ਸਮੇਂ ਦੇ ਵਿਚ ਅਸੀਂ ਯੋਗ ਸਿੱਖਿਆਵਾਂ ਪ੍ਰਾਪਤ ਕਰ ਸਕੀਏ।

ਮੈਂ ਵਿਸ਼ੇਸ਼ ਤੌਰ ਤੇ ਧੰਨਵਾਦ ਕਰਨਾ ਚਾਹਾਂਗਾ ਸ੍ਰੀ ਸੁਦਰਸ਼ਨ ਅਗਰਵਾਲ ਜੀ ਦਾ ਜਿਹੜੇ ਕਿ ਪੰਜਾਬੀ ਹੋਣ ਦੇ ਨਾਲ-ਨਾਲ ਬਹੁਤ ਹੀ ਕੌਨਸੈਨਸੀਅਸ ਗਵਰਨਰ ਹਨ, ਇਸ ਤਰ੍ਹਾਂ ਦੇ ਇਨਸਾਨ ਦੂਜਿਆਂ ਸੂਬਿਆਂ ਦੇ ਵਿਚ ਵੀ ਹੋਣ ਜਿਨ੍ਹਾਂ ਦੇ ਮਨ ਵਿਚ ਆਮ ਵਿਅਕਤੀ ਦੇ ਵਾਸਤੇ ਦਰਦ ਹੈ ਅਤੇ ਆਮ ਵਿਅਕਤੀ ਨੂੰ ਦੇਸ਼ ਦੇ ਵਿਕਾਸ ਵਿਚ ਹਿੱਸੇਦਾਰ ਬਣਾਉਣ ਵਾਸਤੇ ਕਾਫ਼ੀ ਯਤਨਸ਼ੀਲ ਹਨ। ਉਹਨਾਂ ਨੇ ਗੁਰੂ ਅਰਜਨ ਜੀ ਦੀ ਸ਼ਹਾਦਤ ਦੇ ਸੰਬੰਧ ਵਿਚ ਜਿਹੜੀਆਂ ਗੱਲਾਂ ਸਾਡੇ ਨਾਲ ਸਾਂਝੀਆਂ ਕੀਤੀਆਂ, ਮੈਂ ਸਮਝਦਾ ਹਾਂ ਕਿ ਉਨ੍ਹਾਂ ਉਤੇ ਆਉਣ ਵਾਲੇ ਸਮੇਂ ਵਿਚ ਗੱਲਬਾਤ ਅਤੇ ਖੋਜ ਹੋਣੀ ਚਾਹੀਦੀ ਹੈ। ਮੈਂ ਵਾਈਸ-ਚਾਂਸਲਰ ਸਾਹਿਬ ਦਾ ਬਹੁਤ ਹੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪਿਛਲੇ ਸਮੇਂ ਦੇ ਵਿਚ ਸ਼ਤਾਬਦੀਆਂ ਦੇ ਦੌਰਾਨ ਜਿਵੇਂ ਉਨ੍ਹਾਂ ਨੇ ਇਹ ਸੈਮੀਨਾਰਾਂ ਤੇ ਕਾਨਫਰੰਸ ਦੀ ਲੜੀ ਨੂੰ ਅੱਗੇ ਤੋਰਿਆ, ਇਹ ਇਕ ਅਦੁੱਤੀ ਮਿਸਾਲ ਹੈ। ਪੰਜਾਬ ਵਿਚ ਬਹੁਤ ਵੱਡੇ ਅਦਾਰੇ ਹਨ ਜਿਨ੍ਹਾਂ ਕੋਲ ਸਾਧਨ ਵੀ ਸਾਡੇ ਨਾਲੋਂ ਕਈ ਗੁਣਾਂ ਜ਼ਿਆਦਾ ਹਨ, ਲੇਕਿਨ ਉਹਨਾਂ ਨੇ ਰੈਲੀਆਂ ਤੱਕ ਦੀ ਗੱਲ ਕਰਕੇ ਛੱਡ ਦਿੱਤੀ ਅਤੇ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਕਿ ਖੋਜ ਅਤੇ ਰੀਸਰਚ ਨਾਲ ਸੰਬੰਧਿਤ ਹਨ ਉਹ ਗੱਲ

* ਡੀਨ, ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Sri Satguru Jagjit Singh Ji Elibrary NamdhariElibrary@gmail.com

ਅੱਗੇ ਤੋਰ ਨਹੀਂ ਸਕੇ। ਬੇਸ਼ੱਕ ਸਾਡੇ ਕੋਲ ਸਾਧਨ ਘੱਟ ਹਨ ਲੇਕਿਨ ਸਾਡੇ ਕੋਲ ਕਮਿਟਮੈਂਟ ਬਹੁਤ ਹੈ ਸਾਡੇ ਇਨ੍ਹਟੈਕਚੁਅਲ ਇਹੋ ਜਿਹੇ ਕੋਮੀਟਿਡ ਇਨਟੇਕਚੂਅਲਜ਼ ਨੇ ਜਿਹੜੇ ਬਹੁਤ ਥੋੜ੍ਹੇ ਸਾਧਨਾਂ ਨਾਲ ਵੀ ਕੰਮ ਕਰਨ ਨੂੰ ਤਿਆਰ ਹਨ ਅਤੇ ਕੰਮ ਕਰ ਰਹੇ ਹਨ। ਗਵਰਨਰ ਸਾਹਿਬ, ਵਾਈਸ-ਚਾਂਸਲਰ ਸਾਹਿਬ ਨੇ ਜਿਹੜੀ ਇਕ ਦਿਸ਼ਾ ਐਜੂਕੇਸ਼ਨ ਨੂੰ ਇਸ ਇਲਾਕੇ ਵਿਚ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਹ ਇਕ ਐਸੀ ਚੀਜ਼ ਹੈ ਕਿ ਜਿਹੜੀ ਇਕ ਅਜੋਕੇ ਸਮੇਂ ਵਿਚ ਵਿਲੱਖਣ ਕਿਸਮ ਦਾ ਮਾਡਲ ਹੈ। ਉਹ ਲੋਕ ਜਿਹੜੇ ਵਿਦਿਆ ਤੋਂ ਪਛੜ ਗਏ ਹਨ ਤੇ ਜਿਹੜੇ ਅੱਜ ਦੇ ਸਮੇਂ ਵਿਚ ਆਰਥਿਕ ਵਿਕਾਸ ਦੀ ਕੜੀ ਹੈ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਜਿਹੜੀ ਇਕ ਗੱਲ ਨੂੰ ਮਾਨਤਾ ਪ੍ਰਾਪਤ ਹੈ ਕਿ ਆਉਣ ਵਾਲੀ ਜਿਹੜੀ ਇਕੀਵੀਂ ਸਦੀ ਹੈ ਉਹ ਨਾਲਜ ਸੈਂਚਰੀ ਹੋਣੀ ਹੈ ਅਤੇ ਨਾਲਜ ਦੇ ਬੇਸ ਉਤੇ ਜਿਹੜਾ ਵਿਕਾਸ ਹੋਵੇਗਾ ਉਹਦੀਆਂ ਕੋਈ ਸੀਮਾਵਾਂ ਨਹੀਂ ਹੁੰਦੀਆਂ, ਉਹ ਸੀਮਾ ਰਹਿਤ ਹੁੰਦਾ ਹੈ। ਜੇ ਅਸੀਂ ਕੇਪੀਟਲ ਦੇ ਉਤੇ ਬੇਸ ਕਰਕੇ ਕੋਈ ਵਿਕਾਸ ਕਰਦੇ ਹਾਂ ਤ੍ਹਾਂ ਕੁਝ ਦੇਰ ਬਾਅਦ ਉਹਦੇ ਤੇ ਡਮਨਨਿੰਗ ਰੀ-ਟਰਨ ਹੁੰਦੀਆਂ ਹਨ ਪਰ ਜੇ ਅਸੀਂ ਨਾਲਜ ਦੇ ਬੇਸ ਤੋਂ ਵਿਕਾਸ ਕਰਦੇ ਹਾਂ ਤਾਂ ਉਹਦੀਆਂ ਇਨਸੀਜ਼ਿੰਗ ਰੀਟਰਨ ਹੁੰਦੀਆਂ ਹਨ। ਜਿੰਨਾ ਅਸੀਂ ਸਰਮਾਇਆ ਲਾਉਂਦੇ ਹਾਂ ਉਹਦੇ ਤੋਂ ਵੱਧ ਦੂਣ-ਸਵਾਇਆ ਹੋ ਕੇ ਉਹ ਸਾਨੂੰ ਫਲ ਦਿੰਦਾ ਹੈ। ਇਸ ਸੰਦਰਭ ਵਿਚ ਜਿਹੜਾ ਇਨ੍ਹਾਂ ਉਪਰਾਲਾ ਕੀਤਾ ਹੈ, ਉਹ ਲੋਕ ਜਿਨ੍ਹਾਂ ਕੋਲ ਸਾਧਨ ਨਹੀਂ ਹਨ ਲੇਕਿਨ ਜਿਨ੍ਹਾਂ ਕੋਲ ਪੈਸਾ ਬਹੁਤ ਹੈ ਅਤੇ ਜਿੱਥੋ ਲਗਨ ਕਾਫ਼ੀ ਹੈ ਇਸ ਸੰਵੇਦਨਸ਼ੀਲ ਤੱਥ ਉਤੇ ਜਿਹੜੀ ਇਨ੍ਹਾਂ ਹੱਥ ਰੱਖ ਕੇ ਇਕ ਕੋਸ਼ਿਸ਼ ਕੀਤੀ ਹੈ ਅਤੇ ਉਸ ਕੋਸ਼ਿਸ਼ ਨੂੰ ਥੋੜ੍ਹਾ ਬਹੁਤ ਹੁੰਗਾਰਾ ਇਕ ਪੇਂਡੂ ਯੂਨੀਵਰਸਿਟੀ ਬਣਾਉਣ ਬਾਰੇ ਸਰਕਾਰ ਵਲੋਂ ਆਖਰਕਾਰ ਮਿਲ ਗਿਆ ਹੈ। ਮੈਂ ਚਾਹਾਂਗਾ ਕਿ ਇਹ ਸੁਪਨਾ ਸਾਕਾਰ ਹੋਵੇ ਪਰ ਬਹੁਤ ਵਾਰੀ ਐਸਾ ਹੁੰਦਾ ਹੈ ਜੇ ਯੋਗ ਅਗਵਾਈ ਐਸੇ ਅਦਾਰੇ ਦੀ ਨਾ ਹੋਵੇ ਤਾਂ ਚੰਗਾ ਮਾਡਲ ਵੀ ਕਈ ਵਾਰ ਫੇਲ੍ਹ ਹੋ ਜਾਂਦਾ ਹੈ। ਮੈਂ ਚਾਹਾਂਗਾ ਕਿ ਸਾਡੇ ਵਾਈਸ-ਚਾਂਸਲਰ ਸਾਹਿਬ ਇਸ ਸੰਦਰਭ ਵਿਚ ਲਗਾਤਾਰ ਯਤਨ ਜਾਰੀ ਰੱਖਣ ਤਾਂ ਕਿ ਉਹ ਲੋਕ ਜਿਹੜੇ ਪਛੜ ਗਏ ਹਨ ਉਹਨਾਂ ਨੂੰ ਆਪਣੇ ਨਾਲ ਲੈ ਕੇ ਚਲ ਸਕਣ ਦੀ ਸਮਰਥਾ ਅਸੀਂ ਪੈਦਾ ਕਰੀਏ। ਇਹ ਸੁਸਾਇਟੀ ਹੈ ਉਹਨੂੰ ਇੰਨਟੇਗਰਿਟਿਡ ਸੁਸਾਇਟੀ ਬਣਾ ਸਕੀਏ ਅਤੇ ਸਾਡਾ ਸੂਬਾ ਪਿਛਲੇ ਸਮਿਆਂ ਦੇ ਵਿਚ ਅਜ਼ਾਦੀ ਦੇ ਬਾਅਦ ਹਿੰਦੁਸਤਾਨ ਨੂੰ ਲੀਡ ਦਿੰਦਾ ਆਇਆ ਹੈ। ਆਰਥਿਕ ਮਾਮਲੇ ਦੇ ਵਿਚ ਅਸੀਂ ਕਈਆਂ ਗੱਲਾਂ ਕਰਕੇ ਪਛੜ ਗਏ ਲੇਕਿਨ ਜਿਹੜੀਆਂ ਮੈਂ ਕੁਝ ਨੈਸ਼ਨਲ ਔਰ ਇੰਟਰਨੈਸ਼ਨਲ ਪੱਧਰ ਉਤੇ ਮੀਟਿੰਗਾਂ ਵਿਚ ਹਿੱਸਾ ਲਿਆ ਹੈ ਜਦੋਂ ਪ੍ਰਸ਼ਨ ਅਪੋਜ਼ ਕੀਤਾ ਹੈ ਕਿ ਸਾਡਾ ਕੰਮ ਚਲ ਨਹੀਂ ਰਿਹਾ ਅਸੀਂ ਖੜ੍ਹ ਗਏ ਹਾਂ ਇਕ ਥਾਂ ਤੇ, ਫੇਰ ਉਹ ਕਹਿੰਦੇ ਨੇ, ਇਹ ਸਰਪ੍ਰਸਤੀ ਅਗਵਾਈ ਤੁਹਾਨੂੰ ਆਪ ਹੀ ਦੇਣੀ ਪਵੇਗੀ, ਲੱਭਣੀ ਪਵੇਗੀ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਵਿਚ ਸਮਰੱਥਾ ਹੈ ਤੇ ਇਸ ਸੰਬੰਧ ਵਿਚ ਬੋਪਾਰਾਏ ਸਾਹਿਬ ਸਾਨੂੰ ਸੇਧ ਦੇ ਰਹੇ ਹਨ।

ਮੈਂ ਬਹੁਤ ਹੀ ਧੰਨਵਾਦੀ ਹਾਂ ਡੈਲੀਗੇਟਸ ਦਾ ਜਿਨ੍ਹਾਂ ਨੇ ਪਰਚੇ ਪੜ੍ਹੇ ਅਤੇ ਪਰਚਿਆਂ ਦੇ ਵਿਚ ਬਹੁਤ ਅੱਛੇ ਸਵਾਲ ਉਠਾਏ। ਇਕ ਸੈਮੀਨਾਰ ਦੀ ਕਾਨਫਰੰਸ ਦੀ ਸਫ਼ਲਤਾ ਇਸ ਗੱਲ ਵਿਚ ਨਹੀਂ ਹੁੰਦੀ ਕਿ ਕਿੰਨੀ ਕੁ ਸ਼ਿੱਦਤ ਦੇ ਨਾਲ ਪਰਚੇ ਪੜ੍ਹੇ ਗਏ ਨੇ। ਇਸ ਤੋਂ ਵੱਧ

Sri Satguru Jagjit Singh Ji Elibrary NamdhariElibrary@gmail.com

ਉਸਦੀ ਸਫ਼ਲਤਾ ਹੁੰਦੀ ਹੈ ਕਿ ਕਿਹੋ ਜਿਹੇ ਪ੍ਰਸ਼ਨ ਉਠਾਏ ਗਏ ਹਨ ਬੇਸ਼ੱਕ ਉਨ੍ਹਾਂ ਸਵਾਲਾਂ ਦੇ ਜਵਾਬ ਇਸ ਕਾਨਫਰੰਸ ਦੇ ਵਿਚ ਨਾ ਲਏ ਗਏ ਹੋਣ ਲੇਕਿਨ ਆਉਣ ਵਾਲੇ ਸਮੇਂ ਦੇ ਵਿਚ ਉਹ ਰੀਸਰਚ ਨੂੰ ਗਾਇਡ ਕਰਦੇ ਰਹਿੰਦੇ ਹਨ। ਮੈਂ ਸਾਰਾ ਸਮਾਂ ਤਾਂ ਕਾਨਫਰੰਸ ਵਿਚ ਸ਼ਮੂਲੀਅਤ ਨਹੀਂ ਕਰ ਸਕਿਆ ਪਰ ਇਹਦੇ ਉਦਘਾਟਨੀ ਸੈਸ਼ਨ ਵਿਚ ਮੈਂ ਸ਼ਾਮਲ ਸੀ। ਹੁਣ ਇਸ ਸੈਸ਼ਨ ਵਿਚ ਵੀ ਸ਼ਾਮਲ ਹਾਂ ਲੇਕਿਨ ਜਿੰਨੀ ਕੁ ਮੈਨੂੰ ਜਾਣਕਾਰੀ ਹਾਸਲ ਹੋਈ ਹੈ ਮੈਨੂੰ ਲੱਗਿਆ ਹੈ ਬਹੁਤ ਸਾਰੇ ਪ੍ਰਸ਼ਨ ਇਹੋ ਜਿਹੇ ਉਠਾਏ ਗਏ ਹਨ ਅਤੇ ਖੁਸ਼ੀ ਦੀ ਗੱਲ ਹੈ ਕਿ ਜਿਹੜੇ ਸਾਡੇ ਬਾਹਰ ਦੇ ਡੈਲੀਗੇਟਸ ਹਨ ਉਨ੍ਹਾਂ ਸਾਨੂੰ ਕੁਝ ਵਡਮੁੱਲੇ ਸੁਝਾਅ ਵੀ ਦਿੱਤੇ ਹਨ ਜਿਵੇਂ ਇਕ ਨੇ ਕਿਹਾ ਕਿ ਬਹੁਤੇ ਪਰਚਿਆਂ ਦਾ ਗਾਹ ਇਕ ਸੈਸ਼ਨ ਵਿਚ ਨਾ ਪੈਦਾ ਕਰੀਏ।

ਮੈਂ ਪਿਛੇ ਜਿਹੇ ਇਕ ਵਰਕਸ਼ਾਪ ਪੰਜਾਬ ਹਿਊਮਨ ਡਿਵੈਲਮੈਂਟ ਰਿਪੋਰਟ ਉਤੇ ਕੀਤੀ ਸੀ। ਅਸੀਂ ਉਹਦੇ ਵਿਚ ਇਕ ਨਿਯਮ ਬਣਾਇਆ ਸੀ ਕਿ ਜਿਹੜਾ ਇਕ ਸੈਸ਼ਨ ਹੈ ਉਹ ਡੇਢ ਤੋਂ ਦੋ ਘੰਟੇ ਦਾ ਹੋਵੇਗਾ ਉਹਦੇ ਵਿਚ ਸਿਰਫ਼ ਦੋ ਪੇਪਰ ਹੀ ਰੱਖਾਂਗੇ ਅਤੇ ਉਹਦੇ ਉਤੇ ਭਰਪੂਰ ਬਹਿਸ ਕਰਾਈ ਜਾਵੇਗੀ ਤਾਂ ਕਿ ਜਿਹੜਾ ਲੇਖਕ ਪੇਪਰ ਲਿਖ ਕੇ ਲਿਆਉਂਦਾ ਹੈ ਉਹ ਚਾਹੁੰਦਾ ਵੀ ਹੈ ਕਿ ਉਸਨੂੰ ਕੋਈ ਫੀਡ ਬੈਕ ਮਿਲੇ।

ਜਿਹੜੇ ਪਰਚੇ ਪੇਸ਼ ਹੋਏ ਹਨ ਡਾ. ਧਨਵੰਤ ਕੌਰ ਹੋਰੀਂ ਵਿਭਾਗ ਵਲੋਂ ਪੁਸਤਕ ਰੂਪ ਵਿਚ ਛਾਪਣਗੇ ਪਰ ਮੈਂ ਚਾਹਾਂਗਾ ਕਿ ਇਹ ਲੇਖਕਾਂ ਨੂੰ ਸੁਝਾਅ ਦੇਣ ਕਿ ਇਥੇ ਜਿਹੜੀ ਡਿਸਕਸ਼ਨ ਹੋਈ ਹੈ ਉਹਦੀ ਲਾਈਟ ਵਿਚ ਪਰਚੇ ਰੀਵਾਈਜ਼ ਕਰਕੇ ਉਨ੍ਹਾਂ ਨੂੰ ਸੁਧਾਰ ਕੇ ਦੇਣ ਤਾਂ ਕਿ ਜਦੋਂ ਇਹ ਛਾਪਣ ਉਹਨਾਂ ਵਿਚੋਂ ਜਿਹੜੀ ਨਿੱਗਰ ਗੱਲ ਹੈ ਉਹ ਨਿਖੜ ਕੇ ਸਾਹਮਣੇ ਆਵੇ।

ਮੈਂ ਉਹਨਾਂ ਸਾਥੀਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਸੈਸ਼ਨ ਦੇ ਦੌਰਾਨ ਬਹਿਸ ਵਿਚ ਹਿੱਸਾ ਲਿਆ ਅਤੇ ਜਿਨ੍ਹਾਂ ਨੇ ਚੁੱਪ ਕਰਕੇ ਬਹਿਸ ਵੀ ਸੁਣੀ। ਇਸ ਤੋਂ ਇਲਾਵਾ ਮੈਂ ਮੀਡੀਆ ਦਾ ਬਹੁਤ ਹੀ ਧੰਨਵਾਦੀ ਹਾਂ ਕਿ ਮੀਡੀਆ ਨੇ ਕਾਫ਼ੀ ਇਸ ਕਾਨਫਰੰਸ ਨੂੰ ਕਵਰੇਜ ਦਿੱਤੀ ਤੇ ਹੁਣ ਵੀ ਮੈਂ ਦੇਖ ਰਿਹਾ ਹਾਂ ਕਿ ਅਖਬਾਰਾਂ ਦੇ ਨੁਮਾਇੰਦੇ, ਟੀ.ਵੀ. ਦੇ ਨੁਮਾਇੰਦੇ, ਰੇਡੀਓ ਤੇ ਨਾਮਾਨਿਗਾਰ ਸਾਡੇ ਵਿਚ ਬੈਠੇ ਹਨ ਅਤੇ ਇਸ ਵਿਚ ਮੈਂ ਉਨ੍ਹਾਂ ਸਾਰੇ ਕਰਮਚਾਰੀਆਂ ਦਾ ਤੇ ਵਿਭਾਗ ਦੇ ਸਾਰੇ ਅਧਿਆਪਕਾਂ ਦਾ ਜਿਨ੍ਹਾਂ ਨੇ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਵਿਚ ਵਡਮੁੱਲਾ ਹਿੱਸਾ ਪਾਇਆ, ਯੂਨੀਵਰਸਿਟੀ ਦੇ ਕਰਮਚਾਰੀ, ਰਜਿਸਟਰਾਰ ਸਾਹਿਬ ਤੋਂ ਲੈ ਕੇ ਐਕਸੀਅਨ ਸਾਹਿਬ, ਕਰਨਲ ਆਲਮਜੀਤ ਸਿੰਘ, ਜਿਨ੍ਹਾਂ ਨੇ ਵੀ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਵਿਚ ਹਿੱਸਾ ਪਾਇਆ ਹੈ। ਤੁਹਾਡੇ ਸਾਰਿਆਂ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਵਿਚ ਜੋ ਯੋਗਦਾਨ ਪਾਇਆ ਹੈ ਉਹ ਵੱਡਮੁੱਲਾ ਹੈ। ਇਕ ਵਾਰੀ ਫੇਰ ਤੁਹਾਡੇ ਸਾਰਿਆਂ ਦਾ ਧੰਨਵਾਦ।

Sri Satguru Jagjit Singh Ji Elibrary NamdhariElibrary@gmail.com

PUNJABI UNIVERSITY PATIALA

Sri Satguru Jagjit Singh Ji Elibrary NamdhariElibrary@gmail.com